# ਬਲਬੀਰ ਪਰਵਾਨਾ ਦੇ ਨਾਵਲਾਂ 'ਚ ਪ੍ਰਸਤੁਤ ਕਿਸਾਨੀ ਸੰਕਟ ਦਾ ਕਿਸਾਨੀ ਸਮਾਜ 'ਤੇ ਪ੍ਰਭਾਵ

# Balbir Parwana De Navlan ’Ch Perstut Kisani Sankat Da kisani Samaj ’Te Prabhav

A

Thesis

Submitted to

For the award of

**DOCTOR OF PHILOSOPHY (Ph.D)**

**in**

**(PUNJABI)**

**By**

**Ramandeep Kaur**

**(Regd. No. 11311957)**

**Supervised By:** **Dr Sandeep Kaur**

**LOVELY FACULTY OF BUSINESS AND ARTS**

**LOVELY PROFESSIONAL UNIVERSITY**

**PUNJAB**

**2018**

ਬਲਬੀਰ ਪਰਵਾਨਾ ਦੇ ਨਾਵਲਾਂ 'ਚ ਪ੍ਰਸਤੁਤ ਕਿਸਾਨੀ ਸੰਕਟ ਦਾ

ਕਿਸਾਨੀ ਸਮਾਜ 'ਤੇ ਪ੍ਰਭਾਵ

**Balbir Parwana De Navlan ’Ch Perstut Kisani Sankat Da kisani Samaj ’Te Prabhav**

ਰਮਨਦੀਪ ਕੌਰ

**ਰਜਿ. ਨੰ. 11311957**

**ਲਵਲੀ ਪ੍ਰੋਫ਼ੈਸ਼ਨਲ ਯੂਨੀਵਰਸਿਟੀ ਫਗਵਾੜਾ ਦੇ ਸਕੂਲ ਆਫ਼ ਆਰਟਸ ਐਂਡ ਲੈਂਗੁਏਜਿਜ਼ ਅਧੀਨ ਪੀਐੱਚ. ਡੀ. (ਪੰਜਾਬੀ) ਦੀ ਡਿਗਰੀ ਹਿਤ ਪ੍ਰਸਤੁਤ ਖੋਜ-ਪ੍ਰਬੰਧ**

**ਫ਼ੈਕਲਟੀ ਆਫ਼ ਬਿਜ਼ਨਸ ਐਂਡ ਆਰਟਸ**

**ਲਵਲੀ ਪ੍ਰੋਫ਼ੈਸ਼ਨਲ ਯੂਨੀਵਰਸਿਟੀ, ਫਗਵਾੜਾ**

**2018**

## ਘੋਸ਼ਣਾ-ਪੱਤਰ

ਮੈਂ ਰਮਨਦੀਪ ਕੌਰ ਬਿਆਨ ਕਰਦੀ ਹਾਂ ਕਿ ਮੇਰੇ ਵੱਲੋਂ ਬਲਬੀਰ ਪਰਵਾਨਾ ਦੇ ਨਾਵਲਾਂ 'ਚ ਪ੍ਰਸਤੁਤ ਕਿਸਾਨੀ ਸੰਕਟ ਦਾ ਕਿਸਾਨੀ ਸਮਾਜ 'ਤੇ ਪ੍ਰਭਾਵ ਵਿਸ਼ੇ ਉੱਪਰ ਪੀਐੱਚ.ਡੀ. (ਪੰਜਾਬੀ) ਦੀ ਡਿਗਰੀ ਲਈ ਪੇਸ਼ ਕੀਤਾ ਗਿਆ ਖੋਜ-ਪ੍ਰਬੰਧ ਮੇਰੇ ਦੁਆਰਾ ਕੀਤਾ ਹੋਇਆ ਮੌਲਿਕ ਕਾਰਜ ਹੈ ਅਤੇ ਇਸ ਖੋਜ-ਪ੍ਰਬੰਧ ਨੂੰ ਬਲਬੀਰ ਪਰਵਾਨਾ ਦੇ ਨਾਵਲਾਂ 'ਚ ਪ੍ਰਸਤੁਤ ਕਿਸਾਨੀ ਸੰਕਟ ਦਾ ਕਿਸਾਨੀ ਸਮਾਜ 'ਤੇ ਪ੍ਰਭਾਵ ਪਹਿਲਾ ਕਿਸੇ ਡਿਗਰੀ/ਡਿਪਲੋਮਾ ਲਈ ਕਿਸੇ ਹੋਰ ਯੂਨੀਵਰਸਿਟੀ/ਅਦਾਰੇ ਵਿੱਚ ਪੇਸ਼ ਨਹੀਂ ਕੀਤਾ ਗਿਆ।

ਪ੍ਰਤੀ ਹਸਤਾਖ਼ਰ

ਡਾ. ਸੰਦੀਪ ਕੌਰ
ਨਿਗਰਾਨ

ਰਮਨਦੀਪ ਕੌਰ
ਖੋਜਾਰਥੀ
ਰਜਿ. ਨੰਬਰ - 11311957
. . 2018

## ਪ੍ਰਮਾਣ-ਪੱਤਰ

ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਰਮਨਦੀਪ ਕੌਰ ਦੁਆਰਾ ਬਲਬੀਰ ਪਰਵਾਨਾ ਦੇ ਨਾਵਲਾਂ 'ਚ ਪ੍ਰਸਤੁਤ ਕਿਸਾਨੀ ਸੰਕਟ ਦਾ ਕਿਸਾਨੀ ਸਮਾਜ 'ਤੇ ਪ੍ਰਭਾਵ ਵਿਸ਼ੇ ਉੱਤੇ ਪੀਐੱਚ.ਡੀ. (ਪੰਜਾਬੀ) ਦੀ ਡਿਗਰੀ ਲਈ ਕੀਤਾ ਗਿਆ ਖੋਜ ਕਾਰਜ ਮੇਰੀ ਨਿਗਰਾਨੀ ਅਧੀਨ ਕੀਤਾ ਹੈ। ਇਹ ਖੋਜਾਰਥੀ ਦੀ ਮੌਲਿਕ ਖੋਜ ਹੈ। ਇਸ ਖੋਜ-ਪ੍ਰਬੰਧ ਨੂੰ ਪਹਿਲਾ ਕਿਸੇ ਡਿਗਰੀ/ਡਿਪਲੋਮਾ ਲਈ ਪੇਸ਼ ਨਹੀਂ ਕੀਤਾ ਗਿਆ। ਮੈਂ ਇਸ ਖੋਜ-ਪ੍ਰਬੰਧ ਨੂੰ ਮੁਲਾਂਕਣ ਹਿਤ ਪ੍ਰਸਤੁਤ ਕਰਨ ਦੀ ਸਿਫ਼ਾਰਸ਼ ਕਰਦੀ ਹਾਂ।

ਰਮਨਦੀਪ ਕੌਰ
ਖੋਜਾਰਥੀ
ਮਿਤੀ- . . 2018

ਡਾ. ਸੰਦੀਪ ਕੌਰ
ਨਿਗਰਾਨ
ਸਹਾਇਕ ਪ੍ਰੋਫ਼ੈਸਰ, ਪੰਜਾਬੀ ਵਿਭਾਗ
ਸਕੂਲ ਆਫ਼ ਆਰਟਸ ਐਂਡ ਲੈਂਗੁਏਜਿਜ਼,
ਲਵਲੀ ਪ੍ਰੋਫ਼ੈਸ਼ਨਲ ਯੂਨੀਵਰਸਿਟੀ, ਫਗਵਾੜਾ।

## ਤਤਕਰਾ

**ਭੂਮਿਕਾ** **i-xi**

**ਅਧਿਆਇ ਪਹਿਲਾ** **1-56**

**ਸਿਧਾਂਤਕ ਪਿੱਠ-ਭੂਮੀ**

1.1 **ਸਮੱਸਿਆ ਕਥਨ**

1.2 ਖੋਜ ਕਾਰਜ ਦੀ ਪ੍ਰਸੰਗਿਕਤਾ

**1.3 ਖੋਜ ਕਾਰਜ ਦਾ ਖੇਤਰ**

1.4 ਖੋਜ ਕਾਰਜ ਦੇ ਉਦੇਸ਼

**1.5 ਖੋਜ-ਵਿਧੀ:**

1.5.1 ਇਤਿਹਾਸਵਾਦੀ ਵਿਧੀ

1.5.2 ਤਰਕਵਾਦੀ ਵਿਧੀ

1.5.3 ਸਮਾਜ ਸ਼ਾਸਤਰੀ ਵਿਧੀ

1.5.4 ਮਾਰਕਸਵਾਦੀ ਪ੍ਰਣਾਲੀ

**1.6 ਖੋਜ ਦੇ ਸੰਦ:**

1.6.1 ਪੁਸਤਕਾਲਾ

1.6.2 ਖੇਤਰੀ ਕਾਰਜ

**1.7 ਪਰਿਕਲਪਨਾ**

**1.8 ਵਿਸ਼ੇ ਨਾਲ ਸਬੰਧਿਤ ਪਹਿਲਾ ਹੋ ਚੁੱਕਾ ਖੋਜ-ਕਾਰਜ**

**1.9 ਨਾਵਲ ਦਾ ਅਰਥ ਤੇ ਪਰਿਭਾਸ਼ਾ**

**1.10 ਕਿਸਾਨੀ ਜੀਵਨ ਦੀ ਪੇਸ਼ਕਾਰੀ ਕਰਦੇ ਪ੍ਰਮੁੱਖ ਪੰਜਾਬੀ ਨਾਵਲ**

**1.11 ਨਾਵਲਕਾਰ ਬਲਬੀਰ ਪਰਵਾਨਾ ਦਾ ਜੀਵਨ ਅਤੇ ਸਾਹਿਤਕ ਸਫ਼ਰ**

**ਅਧਿਆਇ ਦੂਜਾ 57-121**

**ਕਿਸਾਨੀ ਸਮਾਜ ਅਤੇ ਪੰਜਾਬੀ ਕਿਸਾਨੀ ਸਮਾਜ 'ਚ ਖੇਤੀ ਪ੍ਰਬੰਧ ਦਾ ਨਿਕਾਸ ਤੇ ਵਿਕਾਸ:**

2.1 ਪੰਜਾਬੀ ਜਨ-ਜੀਵਨ ਅਤੇ ਕਿਸਾਨੀ ਸਮਾਜ

2.2 ਪੰਜਾਬ ਵਿਚ ਖੇਤੀ ਪ੍ਰਬੰਧ ਦਾ ਵਿਕਾਸ

**ਅਧਿਆਇ ਤੀਜਾ** **122-185**

**ਸਰਕਾਰੀ ਨੀਤੀਆਂ ਅਤੇ ਭ੍ਰਿਸ਼ਟਾਚਾਰ ਦੇ ਪੰਜਾਬੀ ਕਿਸਾਨੀ 'ਤੇ ਪ੍ਰਭਾਵ:**

3.1 ਸਰਕਾਰੀ ਨੀਤੀਆਂ

3.2 ਸਰਵੇਖਣ ਅਤੇ ਐਲਾਨਨਾਮੇ

**ਅਧਿਆਇ ਚੌਥਾ** **186-260**

**ਬਲਬੀਰ ਪਰਵਾਨਾ ਦੇ ਨਾਵਲਾਂ ਵਿਚ ਪ੍ਰਸਤੁਤ ਕਿਸਾਨੀ ਜੀਵਨ ਉੱਪਰ ਪਏ ਹਰੀ ਕ੍ਰਾਂਤੀ ਦੇ ਪ੍ਰਭਾਵਾਂ ਦਾ ਮੁਲਾਂਕਣ:**

4.1 ਹਰੀ ਕ੍ਰਾਂਤੀ ਦੀ ਆਮਦ ਤੋਂ ਪਹਿਲਾ ਦਾ ਪੰਜਾਬ ਅਤੇ ਪੰਜਾਬੀ ਕਿਸਾਨੀ

4.2 ਹਰੀ ਕ੍ਰਾਂਤੀ ਦੀ ਆਮਦ ਤੋਂ ਬਾਅਦ ਦਾ ਪੰਜਾਬ ਅਤੇ ਪੰਜਾਬੀ ਕਿਸਾਨੀ

**ਅਧਿਆਇ ਪੰਜਵਾਂ** **261-310**

**ਬਲਬੀਰ ਪਰਵਾਨਾ ਦੇ ਨਾਵਲਾਂ ਵਿਚ ਪ੍ਰਸਤੁਤ ਕਿਸਾਨੀ ਜੀਵਨ ਉੱਪਰ ਆਰਥਿਕ, ਮਾਨਸਿਕ, ਸਮਾਜਿਕ, ਰਾਜਨੀਤਿਕ ਅਤੇ ਸਭਿਆਚਾਰਕ ਸ਼ੋਸ਼ਣ ਦੇ ਪ੍ਰਭਾਵ:**

5.1 ਆਰਥਿਕ ਸ਼ੋਸ਼ਣ ਦੇ ਪ੍ਰਭਾਵ

5.2 ਮਾਨਸਿਕ ਸ਼ੋਸ਼ਣ ਦੇ ਪ੍ਰਭਾਵ

5.3 ਸਮਾਜਿਕ ਸ਼ੋਸ਼ਣ ਦੇ ਪ੍ਰਭਾਵ

5.4 ਰਾਜਨੀਤਿਕ ਸ਼ੋਸ਼ਣ ਦੇ ਪ੍ਰਭਾਵ

5.5 ਸਭਿਆਚਾਰਕ ਸ਼ੋਸ਼ਣ ਦੇ ਪ੍ਰਭਾਵ

**ਅਧਿਆਇ ਛੇਵਾਂ** **311-367**

**ਬਲਬੀਰ ਪਰਵਾਨਾ ਦੇ ਨਾਵਲਾਂ ਵਿਚ ਪ੍ਰਸਤੁਤ ਕਿਸਾਨੀ ਜੀਵਨ ਉੱਪਰ ਪੈਂਦੇ ਪੂੰਜੀਵਾਦ ਅਤੇ ਕਾਰਪੋਰੇਟ ਮਾਡਲ ਦੇ ਪ੍ਰਭਾਵਾਂ ਦਾ ਮੁਲਾਂਕਣ:**

6.1 ਨਿਮਨ ਕਿਸਾਨੀ ਜੀਵਨ ਉੱਪਰ ਪੂੰਜੀਵਾਦ ਅਤੇ ਕਾਰਪੋਰੇਟ ਮਾਡਲ ਦਾ ਨੈਤਿਕ ਮੁੱਲਾਂ 'ਤੇ ਪ੍ਰਭਾਵ

**ਅਧਿਆਇ ਸੱਤਵਾਂ** **368-427**

**ਬਲਬੀਰ ਪਰਵਾਨਾ ਦੇ ਨਾਵਲਾਂ ਦਾ ਕਲਾਤਮਿਕ ਅਧਿਐਨ:**

7.1 ਬਲਬੀਰ ਪਰਵਾਨਾ ਦੇ ਨਾਵਲਾਂ ਦੀ ਭਾਸ਼ਾ ਸ਼ੈਲੀ

7.2 ਬਲਬੀਰ ਪਰਵਾਨਾ ਦੀਆਂ ਨਾਵਲੀ ਜੁਗਤਾਂ

**ਸਾਰ ਅੰਸ਼** **428-449**

ਸਿੱਟੇ ਅਤੇ ਸੰਭਾਵਨਾਵਾਂ

**ਪੁਸਤਕ ਸੂਚੀ** **450-464**

# ਭੂਮਿਕਾ

ਬਿਰਤਾਂਤਕ ਧਰਾਤਲ 'ਤੇ ਸਿਰਜਿਆ ਮਾਨਵੀ ਜੀਵਨ ਦਾ ਗਲਪੀ ਸੰਸਾਰ ਵਾਸਤਵਿਕ ਪਾਸਾਰ ਦਾ ਹੀ ਰੂਪਾਂਤ੍ਰਣ ਹੈ। ਨਿਰਸੰਦੇਹ ਕਲਮ ਦਾ ਜਾਦੂਗਰ ਇਸ ਨੂੰ ਸੰਜੀਵਤਾ ਦਾ ਰੂਪ ਬਹੁਤ ਹੀ ਸਹਿਜਤਾ ਨਾਲ ਦੇ ਜਾਂਦਾ ਹੈ। ਆਧੁਨਿਕ ਨਾਵਲੀ ਜਗਤ 'ਤੇ ਝਾਤ ਮਾਰੀਏ ਤਾਂ ਨਵੇਂ ਪੰਜਾਬੀ ਨਾਵਲਾਂ ਵਿੱਚ ਬਹੁਤ ਪ੍ਰਕਾਰ ਦੀਆਂ ਗੁਣਾਤਮਿਕ ਤਬਦੀਲੀਆਂ ਆ ਰਹੀਆਂ ਹਨ। ਤਕਨੀਕ ਅਤੇ ਵਿਗਿਆਨ ਦੇ ਨਿਰੰਤਰ ਵਿਕਾਸ ਕਾਰਨ ਸਭਿਆਚਾਰਕ ਰਵਾਇਤੀ ਜੀਵਨ ਜਾਂਚ ਵਿੱਚ ਪਦਾਰਥਕ ਪੱਖੋਂ ਇੰਨੀ ਤੇਜ਼ੀ ਨਾਲ ਪਰਿਵਰਤਨ ਆਏ ਜਿਸ ਦੇ ਨਤੀਜੇ ਵਜੋਂ ਰਵਾਇਤੀ/ਪ੍ਰੰਪਰਿਕ ਰੀਤੀ-ਰਿਵਾਜਾਂ, ਕਦਰਾਂ-ਕੀਮਤਾਂ, ਪੱਕੀਆਂ-ਪੀਡੀਆਂ ਸਭਿਆਚਾਰਕ ਮਾਨਤਾਵਾਂ, ਰਿਸ਼ਤੇ-ਨਾਤਿਆਂ ਅਤੇ ਪੁਰਾਤਨ ਸੰਸਕਾਰਾਂ ਦੀ ਟੁੱਟ ਭੱਜ ਆਦਿ ਨੂੰ ਜਨਮ ਦਿੱਤਾ। ਸਮਕਾਲੀ ਪੰਜਾਬੀ ਨਾਵਲ 'ਚ ਜ਼ਿੰਦਗੀ ਦੇ ਵਿਭਿੰਨ ਪਾਸਾਰਾਂ ਅਤੇ ਨਵੇਂ ਸਮਾਜਿਕ ਮੁੱਲਾਂ ਨੂੰ ਨਵੀਂ ਦ੍ਰਿਸ਼ਟੀ ਤੋਂ ਵੇਖਿਆ ਜਾ ਰਿਹਾ ਹੈ। ਨਵੀਆਂ ਪਸਰ ਰਹੀਆਂ ਮੰਡੀ ਕੀਮਤਾਂ, ਚਿੰਤਨ ਸ਼ੈਲੀ, ਏਕਾਧਿਕਾਰ ਪ੍ਰਵਿਰਤੀ ਅਤੇ ਉਦਯੋਗੀਕਰਨ ਨਵੇਂ ਸਮਾਜਿਕ ਜੀਵਨ ਜਾਂਚ ਦੀਆਂ ਪ੍ਰਮੁੱਖ ਤੰਦਾਂ ਹਨ। 21ਵੀਂ ਦੇ ਦੂਸਰੇ ਦਹਾਕੇ 'ਚ ਸਿਹਤ ਸਿੱਖਿਆ, ਖੇਤੀਬਾੜੀ ਅਤੇ ਸੁਰੱਖਿਆ ਵਿਵਸਥਾ ਵੀ ਉਦਯੋਗਿਕ ਧੰਦੇ ਵਿੱਚ ਪਰਿਵਰਤਨ ਹੋ ਚੁੱਕੇ ਹਨ। ਨਵੇਂ ਮਨੁੱਖ ਦੀ ਪ੍ਰਵਿਰਤੀ ਵਸਤੂ ਨੂੰ ਭੋਗਣ ਦੀ ਹੈ। ਪੂੰਜੀਵਾਦੀ ਦੌਰ, ਵਿਸ਼ੇਸ਼ ਕਰ ਕੇ ਸਰਮਾਏਦਾਰੀ ਦੌਰ ਵਜੋਂ ਉੱਭਰ ਕੇ ਸਾਹਮਣੇ ਆਉਂਦਾ ਹੈ। ਪੂੰਜੀਵਾਦੀ ਕਾਰਪੋਰੇਟ ਮਾਡਲ ਨੇ ਕਿਰਤ ਨੂੰ ਪਿੱਛੇ ਧੱਕ ਕੇ ਪੈਸੇ ਨੂੰ ਪ੍ਰਮੁੱਖ ਸਥਾਨ ਦਿੱਤਾ ਹੈ। ਮੰਡੀ ਵਾਦੀ ਕੀਮਤਾਂ ਵਿੱਚ ਕਿਰਤ, ਮਨੁੱਖੀ ਆਦਰਸ਼ਾਂ, ਰਵਾਇਤਾਂ ਅਤੇ ਮਨੁੱਖੀ ਸਰੀਰ ਭਾਵਨਾਵਾਂ ਸਭ ਵਿਕਾਊ ਹਨ।

ਸਾਮਰਾਜੀ ਸਿਸਟਮ ਅਧੀਨ ਨਿਮਨ ਕਿਸਾਨੀ ਦੀ ਲੁੱਟ ਦੀ ਪ੍ਰਕਿਰਿਆ ਵਧੇਰੇ ਤੇਜ਼ ਹੋਈ। ਅੰਗਰੇਜ਼ਾਂ ਦੇ ਸ਼ਾਸਨ ਕਾਲ ਸਮੇਂ ਇਹ ਪ੍ਰਬੰਧ ਆੜ੍ਹਤੀਆਂ ਅਤੇ ਜਾਗੀਰਦਾਰਾਂ ਦੇ ਹੱਥਾਂ ਵਿੱਚ ਆ ਗਿਆ। ਹਰੀ ਕ੍ਰਾਂਤੀ ਦੀ ਆਮਦ (1960 ਈ.) ਸਦਕਾ ਨਿਮਨ ਕਿਸਾਨੀ ਅਤੇ ਉੱਚ ਕਿਸਾਨੀ ਵਿਚਲਾ ਸ਼੍ਰੇਣਿਕ ਪਾੜਾ ਤਿੱਖਾ ਹੋਇਆ। ਨਿਮਨ ਕਿਸਾਨੀ ਦੀ ਸਥਿਤੀ ਵਿਵਾਦਪੂਰਨ ਹੋ ਗਈ। ਖੇਤੀ ਅਰਥਚਾਰੇ 'ਚ ਸਰਮਾਏਦਾਰੀ ਪ੍ਰਬੰਧ ਦੀਆਂ ਕੀਮਤਾਂ ਦੇ ਪ੍ਰਵੇਸ਼ ਕਾਰਨ ਰਵਾਇਤੀ ਪ੍ਰਤੀਮਾਨਾਂ ਦਾ ਵਿਗਠਨ, ਨਵੀਂ ਅਤੇ ਪੁਰਾਣੀ ਪੀੜ੍ਹੀ ਦੀ ਆਪਸੀ ਟੱਕਰ, ਆਰਥਿਕਤਾ ਦੇ ਕਾਰਨ ਰਿਸ਼ਤਿਆਂ ਵਿੱਚ ਟੁੱਟ ਭੱਜ, ਮਾਨਸਿਕ ਪ੍ਰੇਸ਼ਾਨੀ ਅਤੇ ਸਭਿਆਚਾਰਕ ਸੰਕਟ ਉਪਜੇ। ਰਾਜਨੀਤੀਵਾਨਾਂ ਦੇ ਖ਼ੁਦਗ਼ਰਜ਼ ਕਿਰਦਾਰ ਅਤੇ ਕੋਝੀਆਂ ਨੀਤੀਆਂ ਦੇ ਖ਼ਿਲਾਫ਼ ਬਹੁਤ ਸਾਰੀਆਂ ਗਰਮ ਖ਼ਿਆਲੀ ਖੱਬੇ ਪੱਖੀ ਲਹਿਰਾਂ ਹੋਂਦ ਵਿੱਚ ਆਈਆਂ। ਇਨ੍ਹਾਂ ਲਹਿਰਾਂ ਨੇ ਕਿਸਾਨੀ ਪ੍ਰਤੀ ਅਹਿਮ ਸ਼ਮੂਲੀਅਤ ਨਿਭਾਈ। ਨਿਮਨ ਕਿਸਾਨੀ ਨੇ ਸੰਕਟਮਈ ਪਰਿਸਥਿਤੀਆਂ ਵਿੱਚ ਗ੍ਰਸਤ ਹੋਣ ਕਾਰਨ ਆਤਮ ਹੱਤਿਆਵਾਂ ਦਾ ਰਾਹ ਅਖ਼ਤਿਆਰ ਕੀਤਾ। ਕਿਸਾਨਾਂ ਵੱਲੋਂ ਕੀਤੀਆਂ ਗਈਆਂ ਖ਼ੁਦਕੁਸ਼ੀਆਂ ਕਾਰਨ ਆਰਥਿਕ, ਰਾਜਸੀ, ਸਮਾਜਿਕ ਅਤੇ

ਮਾਨਸਿਕ ਅਤੇ ਸਭਿਆਚਾਰ ਕਿਸਮ ਦੇ ਪ੍ਰਭਾਵ ਉਨ੍ਹਾਂ ਦੇ ਪਰਿਵਾਰਾਂ ਉੱਪਰ ਪਏ। ਹੱਥਲਾ ਖੋਜ ਕਾਰਜ ਅਜਿਹੇ ਹੀ ਕਿਸਾਨੀ ਜੀਵਨ ਉੱਪਰ ਪਏ ਸੰਕਟ ਦੇ ਪ੍ਰਭਾਵਾਂ ਦੀ ਨਿਸ਼ਾਨਦੇਹੀ ਕਰਦਾ ਹੈ।

ਬਲਬੀਰ ਪਰਵਾਨਾ ਪੰਜਾਬੀ ਨਾਵਲ ਦੇ ਖੇਤਰ ਵਿੱਚ ਇੱਕ ਪ੍ਰਮੁੱਖ ਹਸਤਾਖ਼ਰ ਹੈ। ਇਸ ਖੋਜ ਕਾਰਜ ਦਾ ਸਿਰਲੇਖ ਬਲਬੀਰ ਪਰਵਾਨਾ ਦੇ ਨਾਵਲਾਂ 'ਚ ਪ੍ਰਸਤੁਤ ਕਿਸਾਨੀ ਸੰਕਟ ਦਾ ਕਿਸਾਨੀ ਸਮਾਜ 'ਤੇ ਪ੍ਰਭਾਵ ਹੈ। ਹੱਥਲਾ ਖੋਜ ਬਲਬੀਰ ਪਰਵਾਨਾ ਦੇ ਨਾਵਲ *'ਨਿੱਕੇ ਨਿੱਕੇ ਯੁੱਧ'* (2008), *'ਆਪਣੇ ਆਪਣੇ ਮੋਰਚੇ'* (2009), *'ਗਹਿਰ ਚੜ੍ਹੀ ਅਸਮਾਨ'* (2010), *'ਕਥਾ ਇਸ ਯੁੱਗ ਦੀ'* (2011), *'ਅੰਬਰ ਵੱਲ ਉਡਾਣ'* (2012), *'ਖੇਤਾਂ ਦਾ ਰੁਦਨ'* (2013) ਉੱਪਰ ਆਧਾਰਿਤ ਹੈ। ਪਰਵਾਨਾ ਨੇ ਆਪਣੇ ਨਾਵਲਾਂ ਵਿੱਚ ਦੁਆਬੇ ਦੇ ਕੰਡੀ ਖੇਤਰ ਦੀ ਨਿਮਨ ਕਿਸਾਨੀ ਦੀਆਂ ਸਮੱਸਿਆਵਾਂ ਨੂੰ ਮਾਰਕਸਵਾਦੀ ਦਰਸ਼ਨ ਰਾਹੀਂ ਪੇਸ਼ ਕੀਤਾ ਹੈ ਇਸ ਦਾ ਪੰਜਾਬ ਵਿਚਲੇ ਕਿਸਾਨੀ ਸੰਕਟ, ਕਿਸਾਨਾਂ ਦੁਆਰਾ ਖ਼ੁਦਕੁਸ਼ੀਆਂ ਕਰਨ ਨਾਲ ਕਿਸਾਨਾਂ ਦੇ ਪਰਿਵਾਰਾਂ 'ਤੇ ਪੈਂਦੇ ਮਾਰੂ ਪ੍ਰਭਾਵ, ਆਰਥਿਕ, ਰਾਜਸੀ, ਸਮਾਜਿਕ, ਮਾਨਸਿਕ ਅਤੇ ਸਭਿਆਚਾਰਕ ਸ਼ੋਸ਼ਣ, ਪ੍ਰੰਪਰਕ ਰਿਸ਼ਤੇ-ਨਾਤਿਆਂ ਦਾ ਵਿਖਰਨਾ, ਔਰਤ ਮਰਦ ਦਾ ਤਿੜਕ ਰਿਹਾ ਰਿਸ਼ਤਾ ਆਦਿ ਪਰਿਵਰਤਨਾਂ ਦਾ ਨਾਲ ਗਹਿਰਾ ਸੰਬੰਧ ਹੈ। ਖੋਜ ਕਾਰਜ ਦੇ ਉਦੇਸ਼ ਦੀ ਪੂਰਤੀ ਲਈ ਪੰਜਾਬ ਦੇ ਕਿਸਾਨੀ ਸਮਾਜ ਉੱਪਰ ਪਏ ਵਿਭਿੰਨ ਮਾਰੂ ਪ੍ਰਭਾਵਾਂ ਨੂੰ ਸਪਸ਼ੱਟ ਕਰਨ ਦਾ ਯਤਨ ਕੀਤਾ ਗਿਆ ਹੈ।

ਖੋਜ-ਕਾਰਜ ਨੂੰ ਸੁਚੱਜੇ ਢੰਗ ਨਾਲ ਸੰਪੂਰਨ ਕਰਨ ਲਈ ਇਸ ਨੂੰ ਸੱਤ ਅਧਿਆਇਆਂ ਵਿਚ ਵੰਡ ਕੇ ਵਿਚਾਰ ਪ੍ਰਸਤੁਤ ਕੀਤੇ ਗਏ ਹਨ। ਜਿਸ ਵਿਚ ਭੂਮਿਕਾ ਦੇ ਨਾਲ-ਨਾਲ ਸਿੱਟੇ ਅਤੇ ਸੰਭਾਵਨਾਵਾਂ ਨੂੰ ਵੀ ਸ਼ਾਮਿਲ ਕੀਤਾ ਗਿਆ ਹੈ। ਹੇਠਾਂ ਕ੍ਰਮਵਾਰ ਇਨ੍ਹਾਂ ਸੱਤ ਅਧਿਆਇਆਂ ਦਾ ਵਿਚਾਰ ਪੇਸ਼ ਹੈ:

ਅਧਿਆਇ ਪਹਿਲਾ, ਸਿਧਾਂਤਕ ਪਿੱਠ-ਭੂਮੀ ਵਿਚ ਸਮੱਸਿਆ ਕਥਨ, ਖੋਜ ਕਾਰਜ ਦੀ ਪ੍ਰਸੰਗਿਕਤਾ, ਖੋਜ ਕਾਰਜ ਦਾ ਖੇਤਰ, ਖੋਜ ਕਾਰਜ ਦੇ ਉਦੇਸ਼, ਖੋਜ-ਵਿਧੀ, ਖੋਜ ਦੇ ਸੰਦ, ਪਰਿਕਲਪਨਾ, ਵਿਸ਼ੇ ਨਾਲ ਸਬੰਧਿਤ ਪਹਿਲਾ ਹੋ ਚੁੱਕਾ ਖੋਜ-ਕਾਰਜ, ਨਾਵਲ ਦਾ ਅਰਥ ਤੇ ਪਰਿਭਾਸ਼ਾ, ਕਿਸਾਨੀ ਜੀਵਨ ਦੀ ਪੇਸ਼ਕਾਰੀ ਕਰਦੇ ਪ੍ਰਮੁੱਖ ਪੰਜਾਬੀ ਨਾਵਲ, ਨਾਵਲਕਾਰ ਬਲਬੀਰ ਪਰਵਾਨਾ ਦਾ ਜੀਵਨ ਅਤੇ ਸਾਹਿਤਕ ਸਫ਼ਰ ਬਾਰੇ ਵਿਸਥਾਰ ਪੂਰਵਕ ਚਰਚਾ ਕੀਤੀ ਗਈ ਹੈ।

ਅਧਿਆਇ ਦੂਜਾ, ਕਿਸਾਨੀ ਸਮਾਜ ਅਤੇ ਪੰਜਾਬੀ ਕਿਸਾਨੀ ਸਮਾਜ 'ਚ ਖੇਤੀ ਪ੍ਰਬੰਧ ਦਾ ਨਿਕਾਸ ਤੇ ਵਿਕਾਸ ਵਿਚ ਭਾਗ ਪਹਿਲਾ, ਪੰਜਾਬੀ ਜਨ-ਜੀਵਨ ਅਤੇ ਕਿਸਾਨੀ ਸਮਾਜ ਅਤੇ ਭਾਗ ਦੂਜਾ, ਪੰਜਾਬ ਵਿਚ ਖੇਤੀ ਪ੍ਰਬੰਧ ਦਾ ਵਿਕਾਸ ਬਾਰੇ ਵਿਚਾਰ ਚਰਚਾ ਕੀਤੀ ਗਈ ਹੈ।

ਅਧਿਆਇ ਤੀਜਾ, ਸਰਕਾਰੀ ਨੀਤੀਆਂ ਅਤੇ ਭ੍ਰਿਸ਼ਟਾਚਾਰ ਦੇ ਪੰਜਾਬੀ ਕਿਸਾਨੀ ’ਤੇ ਪ੍ਰਭਾਵ ਦੇ ਸਿਰਲੇਖ ਤਹਿਤ ਸਰਕਾਰ ਦੁਆਰਾ ਬਣਾਈਆਂ ਜਾਂਦੀਆਂ ਭਿੰਨ-ਭਿੰਨ ਪ੍ਰਕਾਰ ਦੀਆਂ ਨੀਤੀਆਂ ਜਿਵੇਂ ਭਾਗ ਪਹਿਲਾ, ਸਰਕਾਰੀ ਨੀਤੀਆਂ: ਹਰੀ ਕ੍ਰਾਂਤੀ, ਵਿਸ਼ਵ ਵਪਾਰ ਸੰਸਥਾ (W.T.O.), ਵਿਸ਼ਵੀਕਰਨ ਉਦਾਰੀਕਰਨ ਦਾ ਪ੍ਰਭਾਵ, ਨਿੱਜੀਕਰਨ ਦੀਆਂ ਨੀਤੀਆਂ, ਐੱਫ. ਡੀ. ਆਈ. ਵਿਦੇਸ਼ ਨੀਤੀ, ਖ਼ੁਰਾਕ ਸੁਰੱਖਿਆ ਕਾਨੂੰਨ, ਮਾਰਚ 2015 'ਚ 'ਭੌਂ-ਪ੍ਰਾਪਤੀ ਕਾਨੂੰਨ, 2015 ਅਤੇ 2016 ਦਾ ਬਜਟ ਅਤੇ ਭਾਗ ਦੂਜਾ, ਸਰਵੇਖਣ ਤੇ ਐਲਾਨਨਾਮੇ: ਨੈਸ਼ਨਲ ਅਪਰਾਧ ਰਿਕਾਰਡ ਬਿਊਰੋ, ਖੇਤਿ ਖੋਜ ਸੰਸਥਾ, 22 ਮਾਰਚ 2001 ਦਾ ਐਲਾਨਨਾਮਾ, ਸਾਲ 2003 ਦਾ ਸਰਵੇਖਣ ਅਤੇ ਗਰੀਨ ਬਾਕਸ, ਸਤਲੁਜ-ਯਮੁਨਾ ਲਿੰਕ ਨਹਿਰ, ਇੰਡੀਅਨ ਕੌਂਸਲ ਆਫ਼ ਸੋਸ਼ਲ ਸਾਇੰਸ ਰਿਸਰਚ, ਸਰਕਾਰੀ ਯੋਜਨਾਵਾਂ ਬਾਰੇ ਵਿਚਾਰ ਵਿਟਾਂਦਰਾ ਕੀਤਾ ਗਿਆ ਹੈ।

ਅਧਿਆਇ ਚੌਥਾ, ਬਲਬੀਰ ਪਰਵਾਨਾ ਦੇ ਨਾਵਲਾਂ ਵਿਚ ਪ੍ਰਸਤੁਤ ਕਿਸਾਨੀ ਜੀਵਨ ਉੱਪਰ ਪਏ ਹਰੀ ਕ੍ਰਾਂਤੀ ਦੇ ਪ੍ਰਭਾਵਾਂ ਦਾ ਮੁਲਾਂਕਣ ਦੋ ਭਾਗਾਂ ਵਿਚ ਵੰਡ ਕੇ ਕੀਤਾ ਗਿਆ ਹੈ। ਪਹਿਲਾ, ਹਰੀ ਕ੍ਰਾਂਤੀ ਦੀ ਆਮਦ ਤੋਂ ਪਹਿਲਾ ਦਾ ਪੰਜਾਬ ਅਤੇ ਪੰਜਾਬੀ ਕਿਸਾਨੀ ਵਿਚ ਹਰੀ ਕ੍ਰਾਂਤੀ ਤੋਂ ਪਹਿਲਾਂ ਦੀ ਜੀਵਨ ਜਾਂਚ, ਵਿਚਾਰਧਾਰਾ, ਕੰਮ ਧੰਦਿਆਂ, ਕਰਮ ਧਰਮ ਬਾਰੇ ਵਿਚਾਰ ਚਰਚਾ ਕੀਤੀ ਗਈ ਹੈ। ਦੂਸਰਾ ਭਾਗ ਵਿਚ ਹਰੀ ਕ੍ਰਾਂਤੀ ਤੋਂ ਬਾਅਦ ਦਾ ਪੰਜਾਬ ਅਤੇ ਪੰਜਾਬੀ ਕਿਸਾਨੀ ਵਿਚ ਹਰੀ ਕ੍ਰਾਂਤੀ ਦੀ ਆਮਦ ਨਾਲ ਕਿਸਾਨੀ ਜੀਵਨ ਵਿਚ ਆਏ ਵੱਖ-ਵੱਖ ਪਰਿਵਰਤਨਾਂ ਨੂੰ ਆਧਾਰ ਬਣਾ ਕੇ ਵਿਚਾਰ ਚਰਚਾ ਕੀਤੀ ਗਈ ਹੈ।

ਅਧਿਆਇ ਪੰਜਵਾਂ, ਬਲਬੀਰ ਪਰਵਾਨਾ ਦੇ ਨਾਵਲਾਂ ਵਿਚ ਪ੍ਰਸਤੁਤ ਕਿਸਾਨੀ ਜੀਵਨ ਉੱਪਰ ਆਰਥਿਕ, ਮਾਨਸਿਕ, ਸਮਾਜਿਕ, ਰਾਜਨੀਤਿਕ ਅਤੇ ਸਭਿਆਚਾਰਕ ਸ਼ੋਸ਼ਣ ਦੇ ਪ੍ਰਭਾਵ ਦਾ ਮੁਲਾਂਕਣ ਨੂੰ ਪੰਜ ਵਰਗਾਂ ’ਚ ਵੰਡ ਕੇ ਵਿਸਥਾਰ ਪੂਰਵਕ ਵਿਚਾਰ ਚਰਚਾ ਕੀਤੀ ਗਈ ਹੈ।

ਅਧਿਆਇ ਛੇਵਾਂ, ਬਲਬੀਰ ਪਰਵਾਨਾ ਦੇ ਨਾਵਲਾਂ ਵਿਚ ਪ੍ਰਸਤੁਤ ਕਿਸਾਨੀ ਜੀਵਨ ਉੱਪਰ ਪੈਂਦੇ ਪੂੰਜੀਵਾਦ ਅਤੇ ਕਾਰਪੋਰੇਟ ਮਾਡਲ ਦੇ ਪ੍ਰਭਾਵਾਂ ਦਾ ਮੁਲਾਂਕਣ ਕੀਤਾ ਗਿਆ ਹੈ। ਜਿਵੇਂ ਨਿਮਨ ਕਿਸਾਨੀ ਜੀਵਨ ਉੱਪਰ ਪੂੰਜੀਵਾਦ ਅਤੇ ਕਾਰਪੋਰੇਟ ਮਾਡਲ ਦਾ ਨੈਤਿਕ ਮੁੱਲਾਂ ’ਤੇ ਪ੍ਰਭਾਵ ਤਹਿਤ ਨਿਰਧਾਰਿਤ ਹੋ ਰਹੇ ਨਵੇਂ ਨੈਤਿਕ ਮੁੱਲਾਂ ਉੱਪਰ ਵਿਸਥਾਰ ਪੂਰਵਕ ਚਰਚਾ ਕੀਤੀ ਗਈ ਹੈ।

ਬਲਬੀਰ ਪਰਵਾਨਾ ਦੇ ਨਾਵਲਾਂ ਦਾ ਕਲਾਤਮਿਕ ਅਧਿਐਨ ਸਿਰਲੇਖ ਨੂੰ ਸੱਤਵਾਂ ਅਧਿਆਇ ਬਣਾ ਕੇ ਉਸ ਦੇ ਨਾਵਲਾਂ ਵਿਚ ਪੇਸ਼ ਭਾਸ਼ਾ ਸ਼ੈਲੀ ਅਤੇ ਨਾਵਲੀ ਜੁਗਤਾਂ ਨੂੰ ਆਧਾਰ ਬਣਾਇਆ ਗਿਆ ਹੈ।

ਖੋਜ ਕਾਰਜ ਦੇ ਸਮੁੱਚੇ ਅਧਿਐਨ ਉਪਰੰਤ ਕਿਸਾਨੀ ਜੀਵਨ ਉੱਪਰ ਪੈਂਦੇ ਸੰਕਟ ਦੇ ਪ੍ਰਭਾਵਾਂ, ਇਨ੍ਹਾਂ ਦੇ ਹੱਲ ਅਤੇ ਸੁਝਾਅ ਨੂੰ ਲੱਭਣ ਦਾ ਯਤਨ ਕੀਤਾ ਗਿਆ ਹੈ। ਕਿਸਾਨੀ ਸੰਕਟ ਨਾਲ ਸੰਬੰਧਿਤ ਲੇਖਕਾਂ, ਆਲੋਚਕਾਂ, ਵਿਦਵਾਨਾਂ ਅਤੇ ਸਨਮਾਨਿਤ ਹਸਤੀਆਂ ਨਾਲ ਮੁਲਾਕਾਤ ਸਮੇਂ ਵਿਚਾਰ ਚਰਚਾ ਕਰ ਕੇ ਨਿਚੋੜ ਦੇ ਰੂਪ ਵਿੱਚ ਸਿੱਟੇ ਅਤੇ ਸੰਭਾਵਨਾਵਾਂ ਨੂੰ ਅੰਕਿਤ ਕਰਨ ਦਾ ਯਤਨ ਕੀਤਾ ਗਿਆ ਹੈ। ਇਸ ਖੋਜ ਕਾਰਜ ਦੌਰਾਨ ਜਿਨ੍ਹਾਂ ਪੁਸਤਕਾਂ, ਸੰਦਰਭ ਕੋਸ਼, ਰਸਾਲਿਆਂ, ਅਖ਼ਬਾਰਾਂ, ਸ਼ੋਧ-ਨਿਬੰਧਾਂ ਤੋਂ ਸਿੱਧੇ ਅਤੇ ਅਸਿੱਧੇ ਰੂਪ ਵਿੱਚ ਸਹਾਇਤਾ ਲਈ ਗਈ ਹੈ ਇਨ੍ਹਾਂ ਸਭ ਨੂੰ ਅੰਤ ਵਿੱਚ ਪੁਸਤਕ ਸੂਚੀ ਦੇ ਰੂਪ ਵਿੱਚ ਤਰਤੀਬਵਾਰ ਅੰਕਿਤ ਕੀਤਾ ਗਿਆ ਹੈ। ਖੋਜ ਕਾਰਜ ਨਾਲ ਸੰਬੰਧਿਤ ਤਸਵੀਰਾਂ ਅੰਕਿਤ ਕੀਤੀਆਂ ਗਈਆਂ ਹਨ।

ਜ਼ਿੰਦਗੀ ਵਿੱਚ ਹਰ ਮਨੁੱਖ ਪ੍ਰਮਾਤਮਾ ਦੀ ਮਿਹਰ ਸਦਕਾ ਆਪਣੀ ਮੰਜ਼ਿਲ ਉੱਪਰ ਪਹੁੰਚਦਾ ਹੈ ਪਰ ਇਸ ਦੇ ਨਾਲ ਮਨੁੱਖ ਲਈ ਆਪਣਿਆਂ ਦੀ ਹੱਲਾ-ਸ਼ੇਰੀ ਅਤੇ ਸਾਥ ਬਹੁਤ ਮਹੱਤਵਪੂਰਨ ਹੁੰਦਾ ਹੈ। ਇਨ੍ਹਾਂ ਆਪਣਿਆਂ ਦਾ ਬਹੁਤ ਧੰਨਵਾਦ ਜਿਨ੍ਹਾਂ ਸਦਕਾ ਇਹ ਖੋਜ ਕਾਰਜ ਸੰਪੂਰਨ ਹੋ ਸਕਿਆ।

ਮੈਂ ਆਪਣੀ ਨਿਗਰਾਨ ਡਾ. ਸੰਦੀਪ ਕੋਰ ਜੀ ਦੀ ਤਹਿ-ਦਿਲੋਂ ਸ਼ੁਕਰਗੁਜ਼ਾਰ ਹਾਂ। ਜਿਨ੍ਹਾਂ ਦੀ ਨਿਰੰਤਰ ਪ੍ਰੇਰਣਾ ਅਤੇ ਯੋਗ ਅਗਵਾਈ ਸਦਕਾ ਇਸ ਖੋਜ-ਪ੍ਰਬੰਧ ਨੂੰ ਨੇਪਰੇ ਚਾੜ੍ਹ ਸਕੀ ਹਾਂ। ਮੈਂ ਰਿਣੀ ਹਾਂ ਬਲਬੀਰ ਪਰਵਾਨਾ ਜੀ ਦੀ ਜਿਨ੍ਹਾਂ ਨੇ ਮੈਨੂੰ ਆਪਣੀ ਬਹੁਤ ਹੀ ਰੁਝੇਵਿਆਂ ਭਰੀ ਜ਼ਿੰਦਗੀ ਵਿਚੋਂ ਕੀਮਤੀ ਸਮਾਂ ਕੱਢ ਕੇ ਖੋਜ ਕਾਰਜ ਸੰਬੰਧੀ ਮੇਰੀ ਸਿੱਧੇ ਅਤੇ ਅਸਿੱਧੇ ਰੂਪ ਵਿੱਚ ਸਹਾਇਤਾ ਕੀਤੀ। ਮੈਂ ਧੰਨਵਾਦੀ ਹਾਂ ਪੰਜਾਬੀ ਵਿਭਾਗ ਦੇ ਮੈਂਬਰ ਡਾ. ਅਵਤਾਰ ਸਿੰਘ ਜੀ ਜਿਨ੍ਹਾਂ ਖੋਜ ਕਾਰਜ ਦੌਰਾਨ ਹਮੇਸ਼ਾ ਉਸਾਰੂ ਕੰਮ ਲਈ ਮੈਨੂੰ ਹੱਲਾ ਸ਼ੇਰੀ ਦਿੱਤੀ। ਮੈਂ ਆਪਣੇ ਸਤਿਕਾਰਯੋਗ ਮਾਤਾ ਸਰਦਾਰਨੀ ਰਣਜੀਤ ਕੋਰ ਜੀ ਅਤੇ ਪਿਤਾ ਸਰਦਾਰ ਦਰਸ਼ਨ ਸਿੰਘ ਜੀ ਦੀ ਤਹਿ ਦਿਲੋਂ ਆਭਾਰੀ ਹਾਂ ਜਿਨ੍ਹਾਂ ਦੇ ਪਿਆਰ, ਆਸ਼ੀਰਵਾਦ ਅਤੇ ਦੁਆਵਾਂ ਦੀ ਬਦੌਲਤ ਵਿੱਦਿਆ ਪ੍ਰਾਪਤੀ ਦੇ ਇਸ ਮੁਕਾਮ 'ਤੇ ਪੁੱਜ ਸਕੀ ਹਾਂ। ਮੈਂ ਤਹਿ ਦਿਲੋਂ ਸ਼ੁਕਰੀਆ ਅਦਾ ਕਰਦੀ ਹਾਂ ਆਪਣੀ ਵੱਡੀ ਭੈਣ ਸੰਦੀਪ ਕੌਰ ਜੀ ਅਤੇ ਭਾਜੀ ਰੁਪਿੰਦਰਪਾਲ ਸਿੰਘ ਜੀ, ਭਰਾ ਹਰਦੀਪ ਸਿੰਘ ਜੀ ਅਤੇ ਭਾਬੀ ਜਸਪ੍ਰੀਤ ਕੌਰ ਜੀ ਜਿਨ੍ਹਾਂ ਮੇਰੇ ਖੋਜ ਕਾਰਜ ਸਮੇਂ ਆਈਆਂ ਅਨੇਕਾਂ ਮੁਸੀਬਤਾਂ ਵਿੱਚ ਮੇਰਾ ਹਰ ਸਮੇਂ ਸਾਥ ਦਿੱਤਾ ਅਤੇ ਉਚੇਰੇ ਕੰਮ ਲਈ ਹੌਸਲਾ ਅਫ਼ਜ਼ਾਈ ਕੀਤੀ। ਵਿਸ਼ੇਸ ਤੌਰ 'ਤੇ ਅਹਿਸਾਨਮੰਦ ਹਾਂ ਆਪਣੇ ਸਹੁਰਾ ਪਰਿਵਾਰ ਪਿਤਾ ਸਤਿਕਾਰਯੋਗ ਸਰਦਾਰ ਨਛੱਤਰ ਸਿੰਘ ਜੀ ਅਤੇ ਮਾਤਾ ਬਲਜੀਤ ਕੌਰ ਜੀ ਜਿਨ੍ਹਾਂ ਦੀ ਨਿਰੰਤਰ ਹੌਸਲਾ ਅਫਜ਼ਾਈ ਅਤੇ ਪੂਰਨ ਸਹਿਯੋਗ ਸਦਕਾ ਇਹ ਖੋਜ ਕਾਰਜ ਨੇਪਰੇ ਚੜ੍ਹ ਸਕਿਆ। ਮੈਂ ਧੰਨਵਾਦ ਕਰਦੀ ਹਾਂ ਆਪਣੇ ਜੀਵਨ ਸਾਥੀ ਸਰਦਾਰ ਗੁਰਤੇਜ ਸਿੰਘ ਜੀ ਦਾ ਜਿਨ੍ਹਾਂ ਨੇ ਖੋਜ ਕਾਰਜ ਦੌਰਾਨ ਮੇਰੀ ਹਰ ਕਦਮ ’ਤੇ ਸਹਾਇਤਾ ਕੀਤੀ। ਇਸ ਤੋਂ ਇਲਾਵਾ ਮੈਂ ਰਿਣੀ ਹਾਂ ਆਪਣੇ ਦੋਸਤਾਂ; ਕਰਨਬੀਰ, ਵਰਿੰਦਰ, ਸਰਬਜੀਤ, ਕੁਲਵੀਰ, ਹਰਵੀਰ, ਜਸਨ, ਮਨਜੋਤ, ਬਲਰਾਜ, ਬਲਪ੍ਰੀਤ, ਹਰਮਨ, ਮਨਦੀਪ ਅਤੇ ਰੁਪਿੰਦਰ ਦੀ

ਜਿਨ੍ਹਾਂ ਨੇ ਇਸ ਖੋਜ ਕਾਰਜ ਦੌਰਾਨ ਮੇਰੀ ਸਹਾਇਤਾ ਕੀਤੀ। ਮੈਂ ਆਪਣੇ ਖੋਜਾਰਥੀ ਸਾਥੀਆਂ ਅਤੇ ਸਹਿਪਾਠੀਆਂ ਦਾ ਵੀ ਧੰਨਵਾਦ ਕਰਦੀ ਹਾਂ ਜਿਨ੍ਹਾਂ ਨੇ ਸਿੱਧੇ ਅਤੇ ਅਸਿੱਧੇ ਰੂਪ ਵਿੱਚ ਮੇਰੇ ਖੋਜ ਕਾਰਜ ਸਮੇਂ ਹਰ ਸੰਭਵ ਸਹਾਇਤਾ ਕੀਤੀ। ਮੈਂ ਅਹਿਸਾਨਮੰਦ ਹਾਂ; ਉਨ੍ਹਾਂ ਵਿਦਵਾਨਾਂ, ਆਲੋਚਕਾਂ, ਲੇਖਕਾਂ ਦੀ ਜਿਨ੍ਹਾਂ ਨਾਲ ਖੋਜ ਕਾਰਜ ਦੌਰਾਨ ਮੁਲਾਕਾਤਾਂ ਕੀਤੀਆਂ ਗਈਆਂ ਅਤੇ ਲਾਇਬ੍ਰੇਰੀ ਪੁਸਤਕਾਂ ਜੋ ਮੇਰੇ ਖੋਜ ਕਾਰਜ ਵਿੱਚ ਸਹਾਇਕ ਹੋਈਆ।

ਰਮਨਦੀਪ ਕੌਰ

## ਸਿੱਟੇ ਅਤੇ ਸੰਭਾਵਨਾਵਾਂ

ਪ੍ਰਕਿਰਤੀ 'ਚ ਮਿਲਣ ਵਾਲੇ ਸਾਰੇ ਜੀਵਾਂ ਵਿਚੋਂ ਇੱਕ ਮਾਨਵ ਹੀ ਅਜਿਹਾ ਪ੍ਰਾਣੀ ਹੈ ਜੋ ਵਿਕਾਸ ਦਰ ਵਿਕਾਸ ਕਰਨ ਦੀ ਸ਼ਕਤੀ ਰੱਖਦਾ ਹੈ। ਮਾਨਵ ਆਰੰਭ ਤੋਂ ਹੀ ਪ੍ਰਕਿਰਤੀ/ਕੁਦਰਤ ਨਾਲ ਸੰਘਰਸ਼ ਕਰਦਾ ਆਇਆ ਹੈ। ਇਸੇ ਸੰਘਰਸ਼ ਕਾਰਨ ਹੀ ਮਾਨਵ ਨੇ ਕੁਦਰਤ ਦੇ ਕਾਨੂੰਨ ਬਾਰੇ ਡੂੰਘਾ ਗਿਆਨ ਪ੍ਰਾਪਤ ਕੀਤਾ ਹੈ। ਮਨੁੱਖ ਇਸ ਪ੍ਰਕਿਰਿਆ 'ਚ ਸਦੀਵੀ ਹੋਣ ਕਾਰਨ ਹੀ ਸਮਾਜ ਵਿਚ ਬੱਝਦਾ ਹੈ। ਮਾਨਵ ਜਾਤ ਦੀ ਸਾਂਝੀ ਕਿਰਤ ਇੱਕ ਸੰਪੂਰਨ ਸਭਿਅਤਾ ਸਥਾਪਿਤ ਕਰਦੀ ਹੈ। ਇਸ ਸਭਿਅਤਾ ਦਾ ਲੰਮੇਰਾ ਇਤਿਹਾਸਕ ਸਫ਼ਰ ਹੈ। ਸਮਕਾਲੀ ਦੌਰ ਤਕਨਾਲੋਜੀ, ਉਦਯੋਗਿਕ, ਵਿਸ਼ਵੀਕਰਨ, ਉਤਰ ਆਧੁਨਿਕੀਕਰਨ, ਪੂੰਜੀਵਾਦ, ਕੰਪਿਊਟਰੀਕਰਨ, ਬਹੁ ਰਾਸ਼ਟਰੀ ਕੰਪਨੀਆਂ, ਬਹੁ-ਤਕਨੀਕੀ ਮੀਡੀਆ ਅਤੇ ਅੰਤਰ ਸਭਿਆਚਾਰ ਹੋਣ ਕਾਰਨ ਕਲਾ, ਸਾਹਿਤ, ਜੀਵਨ ਸ਼ੈਲੀ, ਸਭਿਅਤਾ, ਨੈਤਿਕ ਮੁੱਲ, ਸਭਿਆਚਾਰ, ਪਹਿਰਾਵਾ ਅਤੇ ਪ੍ਰਤਿਮਾਨਾਂ ਨੂੰ ਪਰਿਵਰਤਿਤ ਕਰ ਰਿਹਾ ਹੈ। ਇਨ੍ਹਾਂ ਪਰਿਵਰਤਿਤ ਪਰਿਸਥਿਤੀਆਂ ਕਾਰਨ ਨਵੇਂ ਪੈਦਾ ਹੋਏ ਰੁਝਾਨਾਂ ਨੇ ਮਾਨਵੀ ਸਰੋਕਾਰਾਂ, ਆਰਥਿਕਤਾ, ਸਮਾਜਿਕਤਾ ਅਤੇ ਮਾਨਸਿਕਤਾ ਨੂੰ ਅੰਦਰੂਨੀ ਤੌਰ 'ਤੇ ਖੋਖਲਾ ਕਰ ਦਿੱਤਾ ਹੈ। ਪੂੰਜੀਵਾਦੀ ਦੌਰ ਨੇ ਮਨੁੱਖ ਨੂੰ ਇੱਕ ਉਪਜੀਵਿਕਾ ਕਮਾਉਣ ਵਾਲਾ ਪੁਰਜ਼ਾ ਬਣਾ ਦਿੱਤਾ ਹੈ।

### ਉਦੇਸ਼ ਪਹਿਲਾ, ਪੰਜਾਬ ਦੇ ਕਿਸਾਨੀ ਜੀਵਨ ਦਾ ਇਤਿਹਾਸਕ ਦ੍ਰਿਸ਼ਟੀਕੋਣ ਤੋਂ ਅਧਿਐਨ ਕਰਨਾ:

ਕਿਸਾਨੀ ਸੰਕਟ ਇੱਕ ਅਜਿਹਾ ਵਰਤਾਰਾ ਹੈ ਜੋ ਕਿਸਾਨੀ ਜੀਵਨ ਦੀਆਂ ਚਿੰਤਾਜਨਕ ਪਰਿਸਥਿਤੀਆਂ ਨਾਲ ਸੰਬੰਧਿਤ ਹੈ। ਅਠਾਰ੍ਹਵੀਂ ਸਦੀ ਤੋਂ ਪਹਿਲਾ ਸੰਕਟ ਸ਼ਬਦ ਦੀ ਵਰਤੋਂ ਰੋਗ ਵਿਗਿਆਨ ਤੱਕ ਹੀ ਸੀਮਿਤ ਸੀ ਪਰ ਅਠਾਰ੍ਹਵੀਂ ਸਦੀ ਤੋਂ ਬਾਅਦ ਇਸ ਦੀ ਵਰਤੋਂ ਵੱਖਰੇ-ਵੱਖਰੇ ਖੇਤਰਾਂ ਵਿੱਚ ਕੀਤੀ ਜਾਣ ਲੱਗੀ। ਰੋਗ ਵਿਗਿਆਨ ਅਨੁਸਾਰ ਸੰਕਟ ਇੱਕ ਅਜਿਹਾ ਰੋਗ ਹੈ ਜੋ ਮਾੜੀਆਂ ਅਤੇ ਚੰਗੀਆਂ ਪਰਿਸਥਿਤੀਆਂ ਬਾਰੇ ਜਾਣਕਾਰੀ ਦਿੰਦਾ ਹੈ। ਇਸ ਨਾਲ ਮਰੀਜ਼ ਤੰਦਰੁਸਤ ਵੀ ਹੋ ਸਕਦਾ ਹੈ ਅਤੇ ਮਰ ਵੀ ਸਕਦਾ ਹੈ। ਮਾਨਸਿਕ ਪਰਿਸਥਿਤੀਆਂ ਅਨੁਸਾਰ 'ਸੰਕਟ' ਬਹੁਤ ਹੀ ਦਬਾਉ/ਤਣਾਅ ਭਰਪੂਰ

ਪ੍ਰਕਿਰਿਆ ਹੈ। ਸਾਧਾਰਨ ਸ਼ਬਦਾਂ ਵਿੱਚ ਮਨੁੱਖੀ ਪਰਿਸਥਿਤੀਆਂ 'ਚ ਸੰਕਟ ਕਿਸੇ ਅਜਿਹੀ ਗਤੀਵਿਧੀ ਦੀ ਅਵਸਥਾ ਹੈ; ਜਦੋਂ ਯਕੀਨੀ ਤੌਰ 'ਤੇ ਕੋਈ ਫ਼ੈਸਲਾਕੁਨ ਪਰਿਵਰਤਨ ਹੋਣ ਵਾਲਾ ਹੁੰਦਾ ਹੈ। ਸਾਹਿਤ ਦੇ ਖੇਤਰ 'ਚ ਸੰਕਟ ਨਾਟਕੀ ਕਥਾ ਵਿਕਾਸ ਦਾ ਉਹ ਬਿੰਦੂ ਹੈ, ਜਦੋਂ ਨਾਟਕ ਜਾਂ ਕਥਾ ਵਿਚਕਾਰਲੇ ਵਿਰੋਧੀ ਤੱਤਾਂ ਦਾ ਆਪਸ 'ਚ ਟਕਰਾਉ/ਤਣਾਉ ਪੂਰੇ ਸਿਖਰ 'ਤੇ ਹੁੰਦਾ ਹੈ। ਕਾਰਲ ਮਾਰਕਸ ਅਤੇ ਫ੍ਰੈਂਡਰਿਕ ਏਗਲਜ਼ ਨੇ ਆਪਣੀਆਂ ਦਾਰਸ਼ਨਿਕ ਲਿਖਤਾਂ ਵਿੱਚ ਪਹਿਲੀ ਵਾਰ ਆਰਥਿਕ ਸੰਕਟ ਸ਼ਬਦ ਦੀ ਵਰਤੋਂ ਕੀਤੀ ਹੈ। ਸੰਕਟ ਨੂੰ ਬੁਰਜ਼ੂਆ ਸ੍ਰੇਣੀ ਦਾ ਸਥਾਈ ਲੱਛਣ ਮੰਨਦਿਆਂ ਕਿਸੇ ਸਮਾਜ/ਸ਼੍ਰੇਣੀ ਦੇ ਆਰਥਿਕ ਅਤੇ ਸਮਾਜਿਕ ਆਪਸੀ ਵਿਰੋਧਾਂ ਦੀ ਪੇਸ਼ਕਾਰੀ ਕਰਨ ਵਾਲਾ ਵਰਤਾਰਾ ਕਿਹਾ ਹੈ। ਸੰਕਟ; ਕੇਵਲ ਆਰਥਿਕ ਅਤੇ ਸਮਾਜਿਕ ਪਰਿਸਥਿਤੀਆਂ ਨੂੰ ਹੀ ਨਹੀਂ ਸਗੋਂ ਉਸ ਸਮੇਂ ਮਨੁੱਖ ਦੀਆਂ ਸਭਿਅਕ ਪ੍ਰਕਿਰਿਆਵਾਂ ਵਿਚਲੇ ਅਜਿਹੇ ਬਿੰਦੂਆਂ/ਦ੍ਰਿਸ਼ਟੀਕੋਣਾਂ ਨੂੰ ਅਭਿਵਿਅਕਤ ਕਰਦਾ ਹੈ, ਜਦੋਂ ਮਨੁੱਖ 'ਤੇ ਮਾਨਸਿਕ, ਆਰਥਿਕ ਅਤੇ ਸਮਾਜਿਕ ਦਬਾਉ ਪੂਰੇ ਸਿਖਰ ਉੱਪਰ ਹੁੰਦਾ ਹੈ। ਸੰਕਟ ਬਹੁ-ਦਿਸ਼ਾਵੀ, ਬਹੁ ਪਰਤੀ ਵਰਤਾਰੇ ਦੇ ਰੂਪ 'ਚ ਕਿਰਿਆਸ਼ੀਲ ਹੁੰਦਾ ਹੋਇਆ ਮਨੁੱਖੀ ਜ਼ਿੰਦਗੀ ਦੀਆਂ ਵਿਭਿੰਨ ਪਰਤਾਂ ਨੂੰ ਪ੍ਰਭਾਵਿਤ ਕਰਦਾ ਹੈ।

ਹੜੱਪਾ ਸਭਿਅਤਾ ਸਮੇਂ ਲੋਕ ਕਬੀਲਿਆਂ ਵਿੱਚ ਰਹਿੰਦੇ ਸਨ ਅਤੇ ਉਨ੍ਹਾਂ ਦਾ ਮੁੱਖ ਧੰਦਾ ਖੇਤੀਬਾੜੀ ਸੀ। ਹੜੱਪਾ ਸਭਿਅਤਾ ਦੇ ਪਤਨ ਤੋਂ ਬਾਅਦ ਆਰੀਆ ਸਭਿਅਤਾ (ਆਰੀਆ ਕਾਲ) ਵਿਕਸਿਤ ਹੁੰਦੀ ਹੈ। ਇਹ ਸਭਿਅਤਾ ਚਾਰ ਵਰਣਾਂ ਵਿੱਚ ਵੰਡੀ ਹੋਈ ਸੀ। ਚੌਥਾ ਵਰਣ ਕਾਸ਼ਤਕਾਰ ਦੇ ਰੂਪ ਵਜੋਂ ਉੱਭਰ ਕੇ ਸਾਡੇ ਸਾਹਮਣੇ ਆਉਂਦਾ ਹੈ। ਕ੍ਰਿਸ਼ੀਦਾਰ ਆਪਣੀ ਭੂਮੀ ਦਾ ਮਾਲਕ ਹੁੰਦਾ ਸੀ। ਇਸ ਨਾਤੇ ਉਹ ਆਪਣੇ ਮਾਲਕ ਨੂੰ ਕਰ (ਟੈਕਸ) ਦਿੰਦਾ ਅਤੇ ਖੇਤਾਂ ਵਿੱਚ ਫ਼ਸਲਾਂ ਪੈਦਾ ਕਰਦਾ ਸੀ। ਉਸ ਸਮੇਂ ਕਿਸਾਨ ਆਪਣੀ ਕਿਰਤ ਕਰ ਕੇ ਰੱਜਵੀਂ ਰੋਟੀ ਖਾਂਦਾ ਸੀ। ਪੰਜਾਬ ਉੱਪਰ ਸਭ ਤੋਂ ਪਹਿਲਾ ਹਮਲਾ ਸੁਬਕਤਮੀਨ ਨੇ 986-87 ਈ. ਵਿੱਚ ਕੀਤਾ। ਇਸ ਸਮੇਂ ਦੌਰਾਨ ਜੰਗਾਂ ਜਾਰੀ ਰਹੀਆਂ। ਮੁਹੰਮਦ ਗ਼ੌਰੀ ਨੇ 1170 ਈ. ਵਿੱਚ ਗ਼ਜ਼ਨੀ ਦੀ ਸਲਤਨਤ ਖੋਹ ਲਈ। 1526 ਈ. ਵਿੱਚ ਬਾਬਰ ਨੇ ਇਬਰਾਹੀਮ ਲੋਧੀ ਨੂੰ ਹਰਾ ਕੇ ਪੰਜਾਬ ਅਤੇ ਫਿਰ ਦਿੱਲੀ ਉੱਪਰ ਆਪਣੀ ਸੱਤਾ ਸਥਾਪਿਤ ਕੀਤੀ। ਮੁਗ਼ਲ ਸਾਮਰਾਜ 'ਚ ਜਾਗੀਰਦਾਰ ਭੂਮੀ ਦੇ ਮਾਲਕ ਹੁੰਦੇ ਸਨ। ਇਹ ਕਿਸਾਨਾਂ ਤੋਂ ਕਰ ਇਕੱਠਾ ਕਰਨ ਸਮੇਂ ਉਨ੍ਹਾਂ ਨੂੰ ਤੰਗ ਕਰਦੇ ਸਨ ਭਾਵੇਂ ਮੁਗ਼ਲ ਸਲਤਨਤ ਦੇ ਬਾਦਸ਼ਾਹ ਅਕਬਰ ਨੇ ਕਿਸਾਨਾਂ ਦੀਆਂ ਸਮੱਸਿਆਵਾਂ ਵੱਲ ਧਿਆਨ ਦਿੱਤਾ ਪਰ ਕਿਸਾਨਾਂ ਤੋਂ ਟੈਕਸ ਵੀ ਵਧੇਰੇ ਲਏ ਗਏ। ਫ਼ਸਲ ਦੀ ਖ਼ਰਾਬੀ ਹੋਣ ਸਮੇਂ ਉਹ ਸ਼ਾਹੂਕਾਰਾਂ ਤੋਂ ਕਰਜ਼ਾ ਲੈ ਕੇ ਭੂਮੀ ਕਰ ਦਿੰਦੇ ਸਨ। ਇਸ ਸਮੇਂ ਦੌਰਾਨ ਪੰਜਾਬ ਵਿੱਚ ਸਿੱਖ ਲਹਿਰ ਹੋਂਦ ਵਿੱਚ ਆਈ। ਗੁਰੂ ਨਾਨਕ ਦੇਵ ਜੀ ਨੇ ਸਵੈ ਮਾਨਵ ਦਾ ਸੰਕਲਪ ਪੈਦਾ ਕੀਤਾ। ਉੱਥੇ ਹੀ ਹਿੰਦੂ ਅਤੇ ਮੁਸਲਿਮ ਸਾਮੰਤੀ ਵਿਵਸਥਾ ਦੀ ਪਕੜ ਨੂੰ ਪੰਜਾਬੀ ਲੋਕਾਂ ਉੱਪਰੋਂ ਢਿੱਲਾ ਕੀਤਾ। ਇਹ ਸ਼ਕਤੀਸ਼ਾਲੀ ਲਹਿਰ ਮੁਗਲ ਸਾਮਰਾਜ ਦੇ ਪਤਨ ਦਾ ਕਾਰਨ ਬਣੀ। ਸਿੱਖਾਂ ਦੇ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਨੇ 1699 ਈ. ਨੂੰ ਖ਼ਾਲਸਾ ਪੰਥ ਦੀ ਸਥਾਪਨਾ ਕੀਤੀ ਅਤੇ ਸਿੱਖਾਂ ਨੂੰ ਵੱਖਰਾ ਰੂਪ ਦਿੱਤਾ। ਗੁਰੂ ਗੋਬਿੰਦ ਸਿੰਘ ਜੀ ਨੇ ਮੁਗ਼ਲਾਂ ਨਾਲ ਲੜਾਈਆਂ ਸਮੇਂ ਪੰਜਾਬ ਦੀ ਜਨਤਾ ਨੂੰ ਉਨ੍ਹਾਂ ਦੀ ਕਮਾਈ ਦਾ ਦਸਵਾਂ ਹਿੱਸਾ ਦੇਣ ਲਈ

ਕਿਹਾ। ਇਹ ਦਸਵਾਂ ਹਿੱਸਾ ਕਿਸਾਨਾਂ ਜਾਂ ਆਮ ਜਨਤਾ ਨੂੰ ਦੇਣਾ ਔਖਾ ਨਹੀਂ ਲੱਗਿਆ ਕਿਉਂਕਿ ਇਸ ਨੂੰ ਪ੍ਰਾਪਤ ਕਰਨ ਲਈ ਕੋਈ ਧੱਕੇਸ਼ਾਹੀ ਨਹੀਂ ਕੀਤੀ ਜਾਂਦੀ ਸੀ ਅਤੇ ਲੋੜ ਅਨੁਸਾਰ ਮੁਆਫ਼ ਵੀ ਕਰ ਦਿੱਤਾ ਜਾਂਦਾ ਸੀ। 1708 ਈ. ਵਿੱਚ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਉਨ੍ਹਾਂ ਨੇ ਮਾਧੋ ਦਾਸ ਬੈਰਾਗੀ ਨੂੰ ਗੁਰਬਖ਼ਸ਼ ਸਿੰਘ ਬਹਾਦਰ ਦੇ ਰੂਪ ਵਿੱਚ ਪੰਜਾਬ ਭੇਜਿਆ। ਪੰਜਾਬ ਵਿੱਚ ਜ਼ਿਮੀਂਦਾਰ ਢੰਗ ਹਟਾ ਦਿੱਤਾ ਅਤੇ ਭੂਮੀ ਦੀ ਵਾਹੀ ਕਰਨ ਵਾਲਿਆਂ ਨੂੰ ਭੂਮੀ ਦੇ ਮਾਲਕ ਥਾਪਿਆ ਅਤੇ ਉਨ੍ਹਾਂ ਤੋਂ ਕਰ ਲੈਣਾ ਆਰੰਭ ਕਰ ਦਿੱਤਾ। ਇਸ ਢੰਗ ਤਰੀਕੇ ਨੂੰ ਮਿਸਲਾਂ ਅਤੇ ਅੱਗੋਂ ਮਹਾਰਾਜਾ ਰਣਜੀਤ ਸਿੰਘ ਨੇ ਵੀ ਅਪਣਾਇਆ। ਇਸ ਦਾ ਲਾਭ ਸਮਕਾਲੀ ਦੌਰ ਵਿੱਚ ਪੰਜਾਬ ਅੰਦਰ ਹਰ ਜੱਟ ਕਿਸਾਨ ਮਾਣ ਰਿਹਾ ਹੈ ਕਿਉਂਕਿ ਉਹ ਹੁਣ ਭੂਮੀ ਦਾ ਮਾਲਕ ਹੈ। 1768 ਈ. ਤੋਂ 1798 ਈ. ਤੱਕ ਪੰਜਾਬ 'ਚ 12 ਮਿਸਲਾਂ ਸਥਾਪਿਤ ਹੋਈਆਂ। ਇਹ ਸਰਦਾਰ ਆਪਣੀ ਸਰਦਾਰੀ ਕਾਇਮ ਕਰਨ ਲਈ ਆਪਸੀ ਝਗੜੇ ਕਰਦੇ ਸਨ। ਮਹੱਤਵਪੂਰਨ ਗੱਲ ਇਹ ਹੈ ਕਿ ਅਠਾਰ੍ਹਵੀਂ ਸਦੀ ਦੇ ਆਰੰਭਲੇ ਦਹਾਕਿਆਂ 'ਚ ਮਹਾਰਾਜਾ ਰਣਜੀਤ ਸਿੰਘ ਨੇ ਵੱਖ-ਵੱਖ ਮਿਸਲਾਂ ਨੂੰ ਇਕੱਤਰ ਕਰ ਕੇ 1807 ਈ. ਵਿੱਚ ਸਾਂਝਾ ਸਿੱਖ ਰਾਜ ਪ੍ਰਬੰਧ ਕਾਇਮ ਕੀਤਾ। ਇਹ ਮੋੜ ਇੱਕ ਇਤਿਹਾਸਕ ਮੋੜ ਸੀ। ਮਹਾਰਾਜਾ ਰਣਜੀਤ ਸਿੰਘ ਦੇ ਕਾਲ ਵਿੱਚ ਜਾਗੀਰਦਾਰ ਕਰ ਇਕੱਠਾ ਕਰਨ ਸਮੇਂ ਕਿਸਾਨਾਂ ਨਾਲ ਬਹੁਤ ਸਖ਼ਤੀ ਨਹੀਂ ਕਰਦੇ ਸਨ। ਉਸ ਸਮੇਂ ਟੈਕਸ ਇਕੱਤਰ ਕਰਨ ਦੀਆਂ ਮੁੱਖ ਵਿਧੀਆਂ ਜਿਵੇਂ ਕਣਕੂਤ ਪ੍ਰਣਾਲੀ, ਬਟਾਲੀ ਪ੍ਰਣਾਲੀ, ਨਕਦੀ ਉਗਰਾਹੀ ਪ੍ਰਣਾਲੀ ਆਦਿ ਸਨ। ਮਹਾਰਾਜਾ ਰਣਜੀਤ ਸਿੰਘ ਦੀ ਮੌਤ ਬਾਅਦ 1849 ਈ. 'ਚ ਪੰਜਾਬ ਉੱਤੇ ਅੰਗਰੇਜ਼ਾਂ ਦਾ ਕਬਜ਼ਾ ਹੋ ਗਿਆ। ਅੰਗਰੇਜ਼ੀ ਸਾਮਰਾਜ ਨੇ ਪੰਜਾਬ ਉੱਪਰ ਆਪਣੀ ਸਥਿਤੀ ਮਜ਼ਬੂਤ ਕਰਨ ਲਈ ਧਨੀ ਜਾਗੀਰਦਾਰਾਂ ਨਾਲ ਸਾਂਝ ਪਾ ਲਈ। ਇਸੇ ਕਰ ਕੇ ਹੀ 1857 ਈ. ਦੇ ਵਿਦਰੋਹ 'ਚ ਜਾਗੀਰਦਾਰਾਂ ਨੇ ਅੰਗਰੇਜ਼ੀ ਸਰਕਾਰ ਦਾ ਸਾਥ ਦਿੱਤਾ। ਅੰਗਰੇਜ਼ਾਂ ਨੇ ਆਪਣੇ ਅਨੁਸਾਰ ਕਰ ਇਕੱਤਰ ਕਰਨ ਦੀਆਂ ਨੀਤੀਆਂ ਲਾਗੂ ਕੀਤੀਆਂ। ਕਰ ਇਕੱਤਰ ਕਰਨ ਦੀਆਂ ਨੀਤੀਆਂ ਬਹੁਤ ਸਖ਼ਤ ਹੋਣ ਕਾਰਨ ਨਿਮਨ ਕਿਸਾਨੀ ਵਰਗ ਨੂੰ ਬਹੁਤ ਨੁਕਸਾਨ ਝੱਲਣਾ ਪਿਆ। ਕਿਸਾਨ ਕਰ ਦੀ ਰਕਮ ਨੂੰ ਉਤਾਰਨ ਲਈ ਸ਼ਾਹੂਕਾਰਾਂ ਕੋਲ ਆਪਣੀ ਵਾਹੀ ਯੋਗ ਜ਼ਮੀਨ ਗਹਿਣੇ ਰੱਖ ਕੇ ਕਰਜ਼ਾ ਚੁੱਕਦੇ ਸਨ। ਸ਼ਾਹੂਕਾਰ ਵਧੇਰੇ ਮਾਤਰਾ ਵਿੱਚ ਵਿਆਜ ਲਗਾ ਕੇ ਨਿਮਨ ਕਿਸਾਨਾਂ ਦੀ ਆਰਥਿਕ ਲੁੱਟ ਕਰਦੇ ਸਨ। ਸ਼ਾਹੂਕਾਰਾਂ ਨੂੰ ਕੁਰਕੀ ਅਤੇ ਜ਼ਬਤ ਕਰਨ ਦੇ ਕਾਨੂੰਨੀ ਹੱਕ ਵੀ ਪ੍ਰਾਪਤ ਸਨ। ਇਸ ਤਰ੍ਹਾਂ ਕਿਸਾਨਾਂ ਦੀ ਭੂਮੀ ਉੱਪਰ ਸ਼ਾਹੂਕਾਰਾਂ ਦਾ ਕਬਜ਼ਾ ਹੋਣ ਲੱਗਾ। ਅੰਗਰੇਜ਼ਾਂ ਨੇ ਕਿਸਾਨਾਂ ਨੂੰ ਭੂਮੀਹੀਣ ਹੋਣ ਤੋਂ ਬਚਾਉਣ ਲਈ 'ਭੋਇੰ ਇੰਤਕਾਲ ਐਕਟ' ਨੂੰ ਲਾਗੂ ਕੀਤਾ। ਇਸ ਦੇ ਤਹਿਤ ਗ਼ੈਰ ਕਾਸ਼ਤਕਾਰ, ਜਾਤ ਕਾਸ਼ਤਕਾਰ ਦੀ ਭੂਮੀ ਨਹੀਂ ਖ਼ਰੀਦ ਸਕਦੇ ਸਨ ਪਰ ਕਿਸਾਨਾਂ ਦੀ ਆਰਥਿਕ ਸਥਿਤੀ ਪਹਿਲਾ ਵਰਗੀ ਹੀ ਰਹੀ। ਕਿਉਂਕਿ ਨਿਮਨ ਕਿਸਾਨਾਂ ਨੂੰ ਆਪਣੀਆਂ ਆਰਥਿਕ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਸ਼ਾਹੂਕਾਰਾਂ ਤੋਂ ਕਰਜ਼ਾ ਲੈਣਾ ਪੈਂਦਾ ਸੀ। ਜਾਗੀਰਦਾਰ ਅਤੇ ਸ਼ਾਹੂਕਾਰ ਮਿਲ ਕੇ ਕਿਸਾਨਾਂ ਦੀ ਆਰਥਿਕ ਪੱਖੋਂ ਲੁੱਟ ਕਰਦੇ ਸਨ। ਅੰਗਰੇਜ਼ਾਂ ਨੇ ਭਾਰਤ ਸਥਿਤ ਪੰਜਾਬ ਦੀ ਖੇਤੀਬਾੜੀ ਨੂੰ ਵਿਸ਼ਵ ਮੰਡੀ ਨਾਲ ਜੋੜਨ ਦੇ ਯਤਨ ਕੀਤੇ। ਅੰਗਰੇਜ਼ਾਂ ਨੇ ਕਿਸਾਨਾਂ ਨੂੰ ਅਜਿਹੀਆਂ ਫ਼ਸਲਾਂ ਬੀਜਣ ਲਈ ਪ੍ਰੇਰਿਤ ਕੀਤਾ ਜੋ ਵਪਾਰਕ ਪੱਧਰ

'ਤੇ ਮੰਡੀ ਵਿੱਚ ਵੇਚੀਆਂ ਜਾ ਸਕਣ। ਤਜਾਰਤੀ ਫ਼ਸਲਾਂ ਬੀਜਣ ਉਪਰੰਤ (ਜਿਸ ਨਾਲ ਫ਼ਸਲ ਦਾ ਨੁਕਸਾਨ ਹੁੰਦਾ ਹੈ) ਕਿਸਾਨ ਕਾਲ ਅਤੇ ਭੁੱਖਮਰੀ ਦਾ ਸ਼ਿਕਾਰ ਹੋਏ। ਉਨ੍ਹਾਂ ਸਿਰ ਕਰਜ਼ੇ ਦੀ ਪੰਡ ਹੋਰ ਭਾਰੀ ਹੋ ਗਈ। ਅੰਗਰੇਜ਼ਾਂ ਦੀਆਂ ਨੀਤੀਆਂ ਨੇ ਪੇਂਡੂ ਅਰਥਚਾਰੇ ਨੂੰ ਬੁਰੀ ਤਰ੍ਹਾਂ ਨਾਲ ਨੁਕਸਾਨ ਪਹੁੰਚਾਇਆ। ਪੰਜਾਬ ਵਿਚਲੇ ਜੱਦੀ ਪੁਸ਼ਤੀ ਕਿੱਤੇ ਤਬਾਹ ਹੋ ਗਏ। ਇਸ ਆਰਥਿਕ ਮੰਦਹਾਲੀ ਕਾਰਨ ਬਹੁਤ ਸਾਰੀਆਂ ਕਿਸਾਨ ਲਹਿਰਾਂ ਵੀ ਹੋਂਦ ਵਿੱਚ ਆਈਆਂ। 1947 ਈ. ਵਿੱਚ ਦੇਸ਼ ਦੀ ਵੰਡ ਹੋਣ ਕਾਰਨ ਪੰਜਾਬ ਦੀ ਉਪਜਾਊ ਭੂਮੀ ਦਾ ਵਧੇਰੇ ਹਿੱਸਾ ਪਾਕਿਸਤਾਨ ਵਿੱਚ ਚਲਾ ਗਿਆ। ਇਸ ਉਪਰੰਤ ਕਹਿ ਸਕਦੇ ਹਾਂ ਕਿ ਕਿਸਾਨੀ ਜੀਵਨ ਇਤਿਹਾਸਿਕ ਸਮੇਂ ਤੋਂ ਹੀ ਜ਼ੋਖਮ ਭਰੀਆਂ ਪਰਸਥਿਤੀਆਂ ਵਿਚੋਂ ਗੁਜ਼ਰਦਾ ਹੋਇਆ ਅਜੋਕੇ ਦੌਰ ਵਿਚ ਪਹੁੰਚਿਆ ਹੈ।

## ਉਦੇਸ਼ ਦੂਜਾ, ਕਿਸਾਨ ਖੁਦਕੁਸ਼ੀਆਂ ਦੇ ਕਾਰਨਾਂ ਅਤੇ ਪ੍ਰਭਾਵਾਂ ਨੂੰ ਤਲਾਸ਼ਣਾ:

ਦੇਸ਼ ਦੇ ਆਜ਼ਾਦ ਹੋਣ ਉਪਰੰਤ ਖੇਤੀਬਾੜੀ ਸੰਬੰਧੀ ਸਮੱਸਿਆਵਾਂ ਦਾ ਹੱਲ ਅਮਰੀਕੀ ਸਾਮਰਾਜ ਦੀ ਸਹਾਇਤਾ ਨਾਲ ਉਤਪੰਨ ਹੋਏ ਹਰੇ ਇਨਕਲਾਬ ਰਾਹੀਂ ਲੱਭਣ ਦੇ ਯਤਨ ਕੀਤੇ ਗਏ। ਹਰੇ ਇਨਕਲਾਬ ਰਾਹੀਂ ਉਤਪੰਨ ਬੀਜਾਂ, ਮੰਡੀਕਰਨ, ਨਵੀਂ ਤਕਨਾਲੋਜੀ, ਰਸਾਇਣਿਕ ਖਾਦਾਂ, ਖੋਜ ਕੇਂਦਰ ਆਦਿ ਸਹੂਲਤਾਂ ਨਾਲ ਖੇਤੀਬਾੜੀ ਉਤਪਾਦਨ ਵਿੱਚ ਵਾਧਾ ਕੀਤਾ ਗਿਆ ਪਰ ਇਸ ਦਾ ਲਾਭ ਕੇਵਲ ਧਨੀ ਕਿਸਾਨੀ ਨੂੰ ਹੀ ਵਧੇਰੇ ਮਿਲਿਆ। ਨਿਮਨ ਕਿਸਾਨੀ ਨੂੰ ਇਸ ਦੇ ਨੁਕਸਾਨ ਉਠਾਉਣੇ ਪਏ। ਹਰੇ ਇਨਕਲਾਬ ਦੇ ਅਸੰਤੁਲਿਤ ਵਿਕਾਸ ਦੇ ਅਸਾਂਵੇਪਣ ਸਦਕਾ ਕਿਸਾਨੀ ਅੰਤਰ ਵਿਰੋਧਾਂ ਦਾ ਸ਼ਿਕਾਰ ਰਹੀ। ਖੇਤੀ ਅਰਥਚਾਰੇ 'ਚ ਨਵੇਂ ਪੈਦਾਵਾਰੀ ਰਿਸ਼ਤੇ ਨਾਤੇ ਕਾਇਮ ਕੀਤੇ ਗਏ। ਇਸ ਨਵੇਂ ਅਰਥਚਾਰੇ ਦੇ ਪ੍ਰਭਾਵ ਕਾਰਨ ਦਰਮਿਆਨੀ ਭੂਮੀ ਵਾਲੇ ਕਿਸਾਨ ਜੋ ਕਈ ਵਾਰ ਅਮੀਰ ਕਿਸਾਨੀ ਨਾਲ ਆਪਣਾ ਦਰਜਾ ਮੇਚਣ ਕਾਰਨ ਹੀ ਸੰਕਟਮਈ ਸਥਿਤੀਆਂ ਵਿੱਚ ਫਸੇ ਹਨ। ਆਪਣੀ ਆਰਥਿਕ ਸਥਿਤੀ ਨੂੰ ਚੰਗਾ ਕਰਨ ਲਈ ਇਹ ਸ਼੍ਰੇਣੀ ਭੂਮੀ ਠੇਕੇ ਉੱਪਰ ਵੀ ਲੈਂਦੀ ਹੈ ਅਤੇ ਖੇਤੀ ਦੇ ਨਾਲ-ਨਾਲ ਹੋਰ ਸਹਾਇਕ ਕਿੱਤਿਆਂ ਨੂੰ ਵੀ ਅਪਣਾਇਆ ਹੈ। ਨਿਮਨ ਕਿਸਾਨੀ ਵਰਗ ਅਮੀਰ ਕਿਸਾਨਾਂ, ਆੜ੍ਹਤੀਆਂ, ਸ਼ਾਹੂਕਾਰਾਂ ਦੀ ਲੁੱਟ-ਖਸੁੱਟ ਦਾ ਵੀ ਸ਼ਿਕਾਰ ਹੈ। ਇਸ ਖੋਜ ਕਾਰਜ ਦੌਰਾਨ ਕਈ ਪ੍ਰਕਾਰ ਦੀਆਂ ਸਰਕਾਰੀ ਨੀਤੀਆਂ ਨੂੰ ਵਾਚਣ ਦਾ ਉਪਰਾਲਾ ਵੀ ਕੀਤਾ ਗਿਆ ਜਿਵੇ ਹਰੀ ਕ੍ਰਾਂਤੀ, ਵਿਸ਼ਵ ਵਪਾਰ ਸੰਸਥਾ (W.T.O.), ਵਿਸ਼ਵੀਕਰਨ ਉਦਾਰੀਕਰਨ, ਨਿੱਜੀਕਰਨ ਦੀਆਂ ਨੀਤੀਆਂ, ਐੱਫ. ਡੀ. ਆਈ. ਵਿਦੇਸ਼ ਨੀਤੀ, ਖ਼ੁਰਾਕ ਸੁਰੱਖਿਆ ਕਾਨੂੰਨ, ਮਾਰਚ 2015 'ਚ ਭੋਂ-ਪ੍ਰਾਪਤੀ ਕਾਨੂੰਨ, 2015 ਅਤੇ 2016 ਦਾ ਬਜਟ। ਨਿਘਾਰ ਵੱਲ ਜਾ ਰਹੀ ਨਿਮਨ ਕਿਸਾਨੀ ਜੀਵਨ ਨੂੰ ਦੇਖਦਿਆਂ ਖੇਤੀ ਬਾੜੀ ਮਹਿਰਾਂ ਵੱਲੋਂ ਕੀਤੇ ਸਰਵੇਖਣ ਅਤੇ ਐਲਾਨਨਾਮੇ ਦਾ ਅਧਿਐਨ ਕੀਤਾ ਗਿਆ। ਜਿਵੇਂ ਨੈਸ਼ਨਲ ਅਪਰਾਧ ਰਿਕਾਰਡ ਬਿਊਰੋ, ਖੇਤਿ ਖੋਜ ਸੰਸਥਾ, 22 ਮਾਰਚ 2001 ਦਾ ਐਲਾਨਨਾਮਾ, ਸਾਲ 2003 ਦਾ ਸਰਵੇਖਣ ਅਤੇ ਗਰੀਨ ਬਾਕਸ, ਸਤਲੁਜ-ਯਮੁਨਾ ਲਿੰਕ ਨਹਿਰ, ਇੰਡੀਅਨ ਕੌਂਸਲ ਆਫ਼ ਸੋਸ਼ਲ ਸਾਇੰਸ ਰਿਸਰਚ,

ਸਰਕਾਰੀ ਯੋਜਨਾਵਾਂ ਦਾ ਸਾਂਝਾ ਸੂਤਰ ਇਹ ਹੈ ਕਿ ਵਿਕਸਿਤ ਅਮੀਰ ਅਤੇ ਸਨਅਤੀ ਦੇਸ਼ ਬਹੁਤ ਘੱਟ ਖ਼ਰਚ ਨਾਲ ਵਧੇਰੇ ਮੁਨਾਫ਼ਾ ਕਮਾਉਣਾ ਚਾਹੁੰਦੇ ਸਨ। ਸਾਡੀ ਸਰਕਾਰ ਕੋਲ ਵਸਤੂ ਉਤਪਾਦਨ ਦੀਆਂ ਤਕਨੀਕਾਂ ਵੀ ਰਵਾਇਤੀ ਹਨ। ਪੰਜਾਬ ਅੰਦਰ ਖੇਤੀ ਵਿਭਿੰਨਤਾ ਦੀ ਵੀ ਕਮੀ, ਵਧੇਰੇ ਖ਼ਰਚ, ਪਾਣੀ ਦਾ ਪੱਧਰ ਨੀਵਾਂ ਹੋਣਾ, ਬਿਜਲੀ ਦੀ ਘਾਟ ਅਤੇ ਕਿਸਾਨਾਂ ਨੂੰ ਯੋਗ ਅਗਵਾਈ ਦੀ ਘਾਟ ਹੈ। ਸਰਕਾਰ ਦੁਆਰਾ ਜੋ ਯੋਜਨਾਵਾਂ ਖੇਤੀ ਬਾੜੀ ਸੰਬੰਧਿਤ ਬਣਾਈਆਂ ਜਾਂਦੀਆਂ ਹਨ ਉਨ੍ਹਾਂ ਨੂੰ ਨਾ ਹੀ ਸਹੀ ਢੰਗ ਨਾਲ ਲਾਗੂ ਕੀਤਾ ਜਾਂਦਾ ਹੈ ਅਤੇ ਨਾ ਹੀ ਉਨ੍ਹਾਂ ਯੋਜਨਾਵਾਂ ਉੱਪਰ ਮੁੜ ਵਿਚਾਰ ਚਰਚਾ ਕੀਤੀ ਜਾਂਦੀ ਹੈ। ਕਿਸਾਨਾਂ ਦੀਆਂ ਫ਼ਸਲਾਂ ਨੂੰ ਮੰਡੀਆਂ ਵਿਚ ਮੀਂਹ ਹਨੇਰੀ ਤੋਂ ਬਚਾਉਣ ਲਈ ਕੋਈ ਪੁਖਤਾ ਇੰਤਜ਼ਾਮ ਨਹੀਂ ਕੀਤੇ ਜਾਂਦੇ। ਇਨ੍ਹਾਂ ਕਾਰਨਾਂ ਕਰ ਕੇ ਹੀ ਭਾਰਤ ਸਥਿਤ ਪੰਜਾਬ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਮੰਡੀ ਦੇ ਮਿਆਰਾਂ ਅਨੁਸਾਰ ਖੇਤੀ ਫ਼ਸਲਾਂ ਨੂੰ ਢਾਲਣ ਤੋਂ ਅਸਮਰੱਥ ਹੈ। ਕਿਸਾਨੀ ਸੰਕਟ ਦੇ ਚੱਲਦਿਆਂ ਮਾੜੀਆਂ ਆਰਥਿਕ, ਸਮਾਜਿਕ ਸਥਿਤੀਆਂ ਕਾਰਨ ਪੰਜਾਬ ਵਿੱਚ ਬਹੁਤ ਸਾਰੇ ਕਿਸਾਨਾਂ ਨੇ ਆਤਮ ਹੱਤਿਆਵਾਂ ਦਾ ਰਾਹ ਅਪਣਾਇਆ। ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ ਦੇ ਅੰਕੜਿਆਂ ਮੁਤਾਬਿਕ ਸਾਲ 1995 ਤੋਂ 2014 ਤੱਕ ਕਰਜ਼ੇ ਦੇ ਭਾਰ ਕਾਰਨ ਦੇਸ਼ 'ਚ 301,116 ਕਿਸਾਨਾਂ ਨੇ ਆਤਮ ਹੱਤਿਆਵਾਂ ਕੀਤੀਆਂ ਹਨ। ਸਾਡਾ ਦੇਸ਼ ਬਾਹਰਲੇ ਮੁਲਕਾਂ ਵਾਂਗ ਵਿਸ਼ਵੀਕਰਨ ਉਦਾਰੀਕਰਨ ਦੀਆਂ ਨੀਤੀਆਂ ਨੂੰ ਆਪਣਾ ਕੇ ਤੱਰਕੀ ਕਰਨ ਦੀ ਗੱਲ ਕਰਦਾ ਹੈ। ਫਿਰ ਸਾਡੀਆਂ ਸਰਕਾਰਾਂ ਖੇਤੀ ਬਾੜੀ ਖੇਤਰ ’ਚ ਵਿਦੇਸ਼ਾਂ ਵਾਂਗ ਉੱਚ ਨੀਤੀਆਂ ਕਿਉ ਨਹੀਂ ਲਾਗੂ ਕਰ ਰਹੀਆਂ। ਜਦੋਂ ਕਿ ਸਾਲ 2017 ਦੇ ਅਨੁਸਾਰ ਦੁਨੀਆਂ ਦੇ ਦਸ ਵਿਕਸਿਤ ਦੇਸ਼ ਚੀਨ, ਭਾਰਤ, ਅਮਰੀਕਾ, ਇੰਡੋਨੇਸ਼ੀਆਂ, ਬਰਾਜ਼ਿਲ, ਨਾਜੀਰੀਆ, ਤੁਰਕੀ, ਜਪਾਨ, ਅਰਜਨਟੀਨਾ, ਥਾਈਲੈਂਡ ਜੋ ਖੇਤੀ ਬਾੜੀ ਖੇਤਰ ’ਚ ਵੀ ਬਹੁਤ ਤੱਰਕੀ ਕਰ ਰਹੇ ਹਨ। ਇਥੋਂ ਤੱਕ ਕਿ ਪੰਜਾਬ ਦੇ ਗੁਆਂਢੀ ਰਾਜ ਜਿਵੇਂ ਪੰਜਾਬ, ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼, ਹਰਿਆਣਾ, ਬਿਹਾਰ, ਆਂਧਰਾ ਪ੍ਰਦੇਸ਼ ਮਹਾਂ ਰਾਸ਼ਟਰ ਅਤੇ ਗੁਜਰਾਤ ਵੀ ਖੇਤੀ ਬਾੜੀ ਖੇਤਰ ਵਿਚ ਪੰਜਾਬ ਵਾਂਗ ਵਿਕਸਿਤ ਹੋ ਰਹੇ ਹਨ। ਘੋਖ ਨਾਲ ਦੇਖਿਆ ਜਾਵੇ ਤਾਂ ਭਾਰਤ ਅਤੇ ਪੰਜਾਬ ਵਿਚ ਬਾਕੀ ਦੇਸ਼ਾਂ ਅਤੇ ਰਾਜਾਂ ਨਾਲੋਂ ਫ਼ਸਲਾਂ ਦੀ ਪੈਦਾਵਾਰ ਵਧੇਰੇ ਹੋ ਰਹੀ ਹੈ, ਫਿਰ ਪੰਜਾਬ ਦਾ ਕਿਸਾਨ ਆਤਮਹੱਤਿਆ ਕਿਉਂ ਕਰ ਰਿਹਾ ਹੈ। ਇਸ ਖੋਜ ਕਾਰਜ ਦੌਰਾਨ ਇਹ ਪਤਾ ਚੱਲਦਾ ਹੈ ਕਿ ਪੰਜਾਬ ਦਾ ਕਿਸਾਨ ਹੱਡ ਤੋੜਵੀਂ ਮਿਹਨਤ ਤਾਂ ਕਰਦਾ ਹੈ ਪਰ ਸਾਡੀਆਂ ਸਰਕਾਰਾਂ ਦੀਆਂ ਗਲਤ ਨੀਤੀਆਂ ਕਿਸਾਨੀ ਜੀਵਨ ਨੂੰ ਬਰਬਾਦ ਕਰ ਰਹੀਆਂ ਹਨ। ਕਿਸਾਨ ਜੱਥੇਬੰਦੀਆਂ ਸਵਾਮੀਨਾਥਨ ਦੀ ਰਿਪੋਰਟ ਨੂੰ ਲਾਗੂ ਕਰਨ ਉਪਰ ਜ਼ੋਰ ਪਾ ਰਹੀਆਂ ਹਨ ਪਰ ਵਿਚਾਰਨ ਯੋਗ ਮੁੱਦਾ ਇਹ ਹੈ ਕਿ ਸਵਾਮੀਨਾਥਨ ਦੀ ਰਿਪੋਰਟ ਅਨੁਸਾਰ ਜੋ ਮੁੱਲ ਫ਼ਸਲਾਂ ਦੇ ਤਹਿ ਕਰਨ ਲਈ ਕਿਹਾ ਜਾ ਰਿਹਾ ਹੈ ਉਹ ਸਮਕਾਲੀ ਦੌਰ ’ਚ ਵਾਜਬ ਮੁੱਲ ਨਹੀਂ ਹਨ। ਕਿਉਂਕਿ ਫ਼ਸਲ ਉੱਪਰ ਪ੍ਰਾਪਤ ਮੁੱਲ ਨਾਲੋਂ ਲਾਗਤ ਵਧੇਰੇ ਆਉਂਦੀ ਹੈ। ਸਰਕਾਰ ਨੂੰ ਫ਼ਸਲਾਂ ਦੇ ਮੁੱਲ ਸੂਚਕ ਅੰਕ ਨਾਲ ਜੋੜ ਕੇ ਦੇਣੇ ਅਤਿ ਜ਼ਰੂਰੀ ਹਨ। ਪੰਜਾਬ ਸਰਕਾਰ ਟਰੈਕਟਰ ਉੱਪਰ 28 ਫੀਸਦੀ, ਖੇਤੀ ਸੰਦਾਂ ਉੱਪਰ 28 ਫੀਸਦੀ, ਖੇਤੀ ਬਾੜੀ ਲਈ ਵਰਤੀਆਂ ਜਾਂਦੀਆਂ ਦਵਾਈਆਂ ਉੱਪਰ 18 ਫੀਸਦੀ, ਖੇਤੀ ਬੀਜਾਂ ਉੱਪਰ 12 ਫੀਸਦੀ GST ਲੱਗਾ ਰਹੀ ਹੈ। ਜੇਕਰ ਕਣਕ ਦੇ ਮੁੱਲ 1735

ਰੁਪਏ ਨਾਲ 28 ਫੀਸਦੀ GST ਜੋੜੀਏ ਤਾਂ ਕਣਕ ਦਾ ਮੁੱਲ 2215 ਰੁਪਏ ਬਣਦਾ ਹੈ। ਇਹ ਬਣਦਾ ਹੱਕ ਸਾਡੀ ਸਰਕਾਰ ਕਿਸਾਨਾਂ ਨੂੰ ਨਾ ਦੇ ਕੇ ਕਿਸਾਨਾਂ ਦੀ ਲੁੱਟ ਕਰ ਰਹੀ ਹੈ। ਸਰਕਾਰ W..T.O ਦੇ ਪ੍ਰਭਾਵ ਨੂੰ ਘੱਟ ਕਰੇ ਅਤੇ ਖੇਤੀ ਬਾੜੀ, ਸਿਹਤ ਸਬੰਧੀ ਨਵੀਆਂ ਯੋਜਨਾਵਾਂ ਤਿਆਰ ਕਰੇ। ਚੋਣਾਂ ਸਮੇਂ ਕੀਤੇ ਵੱਡੇ-ਵੱਡੇ ਵਾਧਿਆਂ ਨੂੰ ਪੂਰਾ ਕਰੇ। ਸਰਕਾਰ ਕਰਜ਼ੇ ਦੇ ਭਾਰ ਹੇਠ ਦੱਬੇ ਕਿਸਾਨਾਂ ਲਈ ਵਿਸ਼ੇਸ਼ ਆਰਥਿਕ ਪੈਕੇਜ ਤਿਆਰ ਕਰੇ। ਪੈੱਨ ਕਾਰਡ ਸਖ਼ਤੀ ਨਾਲ ਲਾਗੂ ਕਰੇ। ਜਪਾਨ ਅਤੇ ਚੀਨ ਵਾਂਗ ਕੁਦਰਤੀ ਆਫ਼ਤਾਂ ਤੋਂ ਬਚਣ ਲਈ ਫ਼ਸਲਾਂ ਦਾ ਬੀਮਾ ਕਰੇ। ਸੰਯੁਕਤ ਰਾਸ਼ਟਰ ਅਮਰੀਕਾ ਵਾਂਗ ਨਿਮਨ ਕਿਸਾਨਾਂ ਲਈ ਵਿਸ਼ੇਸ਼ ਸਬਸਿਡੀਆਂ (ਗਰੀਨ ਬਾਕਸ ਤਹਿਤ) ਵਾਲੇ ਪੈਕੇਜ ਤਿਆਰ ਕਰੇ। ਪੇਂਡੂ ਅਤੇ ਕਿਸਾਨੀ ਖੇਤੀ ਖੇਤਰ ਲਈ ਉਚੇਰਾ ਵਿੱਦਿਅਕ ਢਾਂਚਾ ਅਪਣਾਵੇ। ਸੁਸਾਇਟੀ ਅਤੇ ਸਹਿਕਾਰੀ ਬੈਂਕਾਂ 'ਚ ਖੇਤੀ ਬਾੜੀ ਸਬੰਧਿਤ ਸੰਦ ਮੁਹੱਈਆਂ ਕਰਵਾਏ ਜਾਣ ਤਾਂ ਕਿ ਕਿਸਾਨ ਵੱਡੇ-ਵੱਡੇ ਖ਼ਰਚਿਆਂ ਤੋਂ ਬਚ ਸਕਣ। ਕਿਸਾਨੀ ਜੀਵਨ ਨੂੰ ਇਸ ਤ੍ਰਾਸਦੀ ਤੋਂ ਬਚਾਉਣ ਲਈ ਆੜ੍ਹਤੀਆਂ ਪ੍ਰਬੰਧ ਨੂੰ ਨੱਥ ਪਾਵੇ ਅਤੇ ਇਸ ਦੁਖਾਂਤ ਤੋਂ ਗ੍ਰਸਤ ਪਰਿਵਾਰਾਂ ਦੇ ਬੱਚਿਆਂ ਨੂੰ ਸਰਕਾਰੀ ਨੌਕਰੀ ਦਾ ਪ੍ਰਬੰਧ ਕਰੇ। ਕਿਸਾਨੀ ਸੰਕਟ ਦਾ ਦੁਖਾਂਤ ਕੇਵਲ ਕਿਸਾਨ ਹੀ ਨਹੀਂ ਹੰਢਾ ਰਿਹਾ ਸਗੋਂ ਉਸ ਦਾ ਪਰਿਵਾਰ ਵੀ ਇਸ ਅੱਤ ਦਰਜੇ ਦੀਆਂ ਦੁਖਾਂਤਕ ਪਰਸਥਿਤੀਆਂ ਦਾ ਸਾਹਮਣਾ ਕਰ ਰਿਹਾ ਹੈ। ਇਸ ਦੌਰਾਨ ਇਸ ਸੰਕਟ ਦੀ ਤ੍ਰਾਸਦੀ ਕਿਸਾਨ ਔਰਤਾਂ ਵੀ ਹੰਢਾ ਰਹੀਆਂ ਹਨ। ਕਿਸਾਨ ਔਰਤਾਂ ਆਪਣੇ ਪਤੀ ਦੇ ਆਤਮਹੱਤਿਆਂ ਕਰਨ ਉਪਰੰਤ ਆਰਥਿਕ ਮਾਨਸਿਕ ਸੰਤਾਪ ਹੀ ਨਹੀਂ ਸਗੋਂ ਸਮਾਜਿਕ ਹੀਣਤਾ ਦਾ ਵੀ ਸ਼ਿਕਾਰ ਹੋ ਰਹੀਆਂ ਹਨ। ਆਰਥਿਕ ਹੀਣਤਾ ਦੇ ਚੱਲਦਿਆਂ ਕਿਸਾਨਾਂ ਦੇ ਬੱਚੇ ਉੱਚ ਦਰਜੇ ਦੀ ਪੜ੍ਹਾਈ ਪ੍ਰਾਪਤ ਨਹੀਂ ਕਰ ਪਾਉਂਦੇ। ਆਮਦਨ ਦਾ ਕਈ ਹੋਰ ਸਾਧਨ ਨਾ ਹੋਣ ਕਾਰਨ ਜਾਂ ਸਮਾਜਿਕ ਹੀਣਤਾ ਦੇ ਚੱਲਦਿਆਂ ਨਸ਼ਿਆਂ ਵਰਗੀ ਲਾਹਣਤ ਦਾ ਸ਼ਿਕਾਰ ਵੀ ਹੁੰਦੇ ਹਨ। ਸਰਕਾਰ ਦੁਆਰਾ ਕੀਤੀਆਂ ਗਈਆਂ ਅਨੇਕਾਂ ਪ੍ਰਕਾਰ ਦੀਆਂ ਤਬਦੀਲੀਆਂ, ਆਪਣਾਈਆਂ ਗਈਆਂ ਨੀਤੀਆਂ ਕਿਸਾਨੀ ਸੰਕਟ ਨੂੰ ਹੋ ਡੂੰਘਾ/ਵਿਕਰਾਲ ਕਰ ਰਹੀਆਂ ਹਨ।

## ਉਦੇਸ਼ ਤੀਜਾ, ਬਲਬੀਰ ਪਰਵਾਨਾ ਦੇ ਨਾਵਲਾਂ 'ਚ ਪ੍ਰਸਤੁਤ ਕਿਸਾਨੀ ਸੰਕਟ ਦੇ ਪ੍ਰਭਾਵਾਂ ਦਾ ਅਧਿਐਨ ਕਰਨਾ:

ਸੰਕਟਮਈ ਪਰਿਸਥਿਤੀਆਂ ਨੂੰ ਪ੍ਰਗਟਾਉਣ ਲਈ ਨਾਵਲ ਇੱਕ ਮਹੱਤਵਪੂਰਨ ਸਾਹਿਤਕ ਵਿਧਾ ਹੈ। ਲੰਮੀ ਗੱਦ ਕਥਾ ਦੇ ਰੂਪ 'ਚ ਵਿਸ਼ਾਲਤਾ ਅਤੇ ਵਿਲੱਖਣ ਅਸਤਿਤਵ ਦਾ ਧਾਰਨੀ ਅਜਿਹਾ ਬਿਰਤਾਂਤਕ ਮਾਡਲ ਰੂਪ ਹੈ ਜਿਸ ਨੂੰ ਸਮਕਾਲੀ ਦੌਰ ਦੇ ਸੰਕ੍ਰਾਂਤੀ ਕਾਲ ਦੀ ਪੈਦਾਵਾਰ ਮੰਨਿਆ ਗਿਆ। ਪੰਜਾਬੀ ਨਾਵਲ ਦੀ ਸੰਭਾਵਨਾ ਜਾਗੀਰਦਾਰੀ ਯੁੱਗ ਦੇ ਪਤਨ ਅਤੇ ਪੂੰਜੀਵਾਦੀ ਦੌਰ ਦੇ ਉਥਾਨ ਨਾਲ ਹੁੰਦੀ ਹੈ। ਨਾਵਲ ਆਧੁਨਿਕ ਦੌਰ ਦੀ ਮਹੱਤਵਪੂਰਨ ਸਾਹਿਤ ਵਿਧਾ ਹੈ। ਭਾਵੇਂ ਨਾਵਲ ਦਾ ਜਨਮ ਪੂੰਜੀਵਾਦੀ ਮੁੱਲ ਪ੍ਰਬੰਧ ਦੇ ਵਿਗਸਣ ਨਾਲ ਮੰਨਦੇ ਹਾਂ, ਪਰ ਨਾਵਲ ਸੰਰਚਨਾਤਮਕ ਢਾਂਚੇ ਵਜੋਂ ਨਵਾਂ ਨਹੀਂ, ਇਹ ਪੂਰਵ ਪ੍ਰਚਲਿਤ ਬਿਰਤਾਂਤਕ ਰੂਪਾਂ ਨਾਲ ਸੰਬੰਧ ਰੱਖਦਾ ਹੈ ਅਤੇ ਉਨ੍ਹਾਂ ਦੇ ਅਨੁਰੂਪੀ ਹੀ ਸੰਗਠਿਤ ਰੂਪਾਕਾਰ ਹੈ।

ਨਾਵਲ ਦੇ ਬੀਜ ਬਸਤੀਵਾਦੀ ਦੌਰ ਵਿੱਚ ਪੁੰਗਰਨੇ ਅਤੇ ਪ੍ਰਫੁੱਲਿਤ ਹੋਣੇ ਆਰੰਭ ਹੋਏ। ਸਾਮੰਤਵਾਦੀ ਯੁੱਗ ਦੇ ਅੰਤਲੇ ਦਹਾਕਿਆਂ ਵਿੱਚ ਸਨਅਤੀ ਵਿਕਾਸ ਦੇ ਨਾਲ ਸਮਾਜ 'ਚ ਅਨੇਕਾਂ ਪ੍ਰਕਾਰ ਦੇ ਕ੍ਰਾਂਤੀਕਾਰੀ ਪਰਿਵਰਤਨ ਵੀ ਆਏ। 20 ਵੀਂ ਸਦੀ ਦੇ ਅਖੀਰਲੇ ਦਹਾਕਿਆਂ ਅਤੇ 21 ਵੀਂ ਸਦੀ ਦੇ ਆਰੰਭਲੇ ਦਹਾਕਿਆਂ 'ਚ ਪੰਜਾਬੀ ਵਿੱਚ ਕੁੱਝ ਅਜਿਹੇ ਨਾਵਲਾਂ ਦੀ ਸਿਰਜਣਾ ਵੀ ਹੋਈ ਜੋ ਪ੍ਰਮੁੱਖ ਤੌਰ 'ਤੇ ਕਿਸਾਨੀ, ਕਿਸਾਨੀ ਸੰਕਟ, ਪੂੰਜੀਵਾਦ ਦੇ ਕਠੋਰ ਯਥਾਰਥ ਦਾ ਸਿੱਧਾ ਵਰਣਨ ਕਰਦੇ ਹਨ। ਪੰਜਾਬੀ ਨਾਵਲ ਇਨ੍ਹਾਂ ਪਰਿਸਥਿਤੀਆਂ ਨੂੰ ਵਿਅੰਗਮਈ ਅਤੇ ਵਿਡੰਬਣਾ ਦੀ ਦ੍ਰਿਸ਼ਟੀ ਤੋਂ ਪੇਸ਼ ਕਰਦਾ ਹੈ। ਜਿਸ 'ਚ ਪੂੰਜੀਵਾਦੀ ਵਰਤਾਰਾ ਬਹੁਤ ਹੀ ਮਹੱਤਵਪੂਰਨ ਰੂਪ ਵਿੱਚ ਪੇਸ਼ ਹੁੰਦਾ ਹੈ। ਬਲਬੀਰ ਪਰਵਾਨਾ ਕਿਸਾਨੀ ਜੀਵਨ ਦੀਆਂ ਰਾਜਸੀ, ਸਮਾਜਿਕ, ਮਾਨਸਿਕ, ਆਰਥਿਕ ਅਤੇ ਸਭਿਆਚਾਰਕ ਸੰਕਟਮਈ ਪਰਿਸਥਿਤੀਆਂ ਨੂੰ ਆਪਣੇ ਨਾਵਲਾਂ ਵਿੱਚ ਰੂਪਮਾਨ ਕਰਦਾ ਹੈ। ਬਲਬੀਰ ਪਰਵਾਨਾ ਦੀ ਰਚਨਾਤਮਕ ਦ੍ਰਿਸ਼ਟੀ ਤੋਂ ਇਸ ਰਹੱਸ ਦੀ ਪ੍ਰਾਪਤੀ ਹੁੰਦੀ ਹੈ ਕਿ ਉਸ ਦੀ ਸਿਰਜਣ ਯਾਤਰਾ ਇੱਕ ਲੰਬੇ ਕਾਲ ਖੰਡ 'ਚ ਫੈਲੀ ਹੋਈ ਹੈ। ਪਰਵਾਨਾ ਨੇ ਨਾਵਲ ਸਿਰਜਣਾ ਤੋਂ ਪਹਿਲਾ ਨਾਵਲੈਟ, ਕਵਿਤਾ, ਕਹਾਣੀ, ਮਿੰਨੀ ਕਹਾਣੀ ਆਦਿ ਖੇਤਰਾਂ ਵਿੱਚ ਆਪਣੀ ਪਹਿਚਾਣ ਬਣਾਈ ਹੈ। ਉਹ ਲਗਾਤਾਰ ਵਿਕਾਸ ਕਰ ਰਿਹਾ ਗਤੀਸ਼ੀਲ ਨਾਵਲਕਾਰ ਹੈ। ਜਿਸ ਨੇ ਪਰਿਸਥਿਤੀਆਂ ਦੇ ਪਰਿਵਰਤਨ ਨਾਲ ਯਥਾਰਥਬੋਧ ਦੇ ਨਵੇਂ ਪਾਸਾਰਾਂ ਨੂੰ ਦ੍ਰਿਸ਼ਟੀਮਾਨ ਕੀਤਾ ਹੈ। ਆਰਥਿਕ, ਸਮਾਜਿਕ ਅਤੇ ਰਾਜਸੀ ਤਬਦੀਲੀਆਂ ਵਾਪਰਨ ਕਾਰਨ ਜਿੱਥੇ ਹਰੇ ਇਨਕਲਾਬ ਨਾਲ ਕਿਸਾਨੀ ਜੀਵਨ ਵਿੱਚ ਅਨੇਕਾਂ ਪ੍ਰਕਾਰ ਦੇ ਬਦਲਾਓ ਆਉਂਦੇ ਹਨ, ਉੱਥੇ ਪਿੰਡਾਂ 'ਚ ਨਵੀਆਂ-ਨਵੀਆਂ ਸਕੀਮਾਂ, ਆਵਾਜਾਈ ਦੇ ਸਾਧਨ, ਸਕੂਲ ਖੁੱਲ੍ਹਣੇ, ਰਵਾਇਤੀ ਖੇਤੀ ਦੀ ਪ੍ਰਕਿਰਿਆ ਨੂੰ ਪਿੱਛੇ ਧੱਕਣ ਕਾਰਨ ਖੇਤੀ ਦੇ ਧੰਦੇ ਵਿੱਚ ਨਵੀਆਂ ਤਕਨੀਕਾਂ ਦੀ ਵਰਤੋਂ ਹੋਣ ਲੱਗੀ ਹੈ। ਜਿੱਥੇ ਪਿੰਡਾਂ ਦਾ ਸ਼ਹਿਰੀਕਰਨ ਹੁੰਦਾ ਹੈ ਉੱਥੇ ਆਮ ਜਨਤਾ 'ਚ ਵਿਗਿਆਨਕ ਸੂਝ ਵੀ ਪੈਦਾ ਹੁੰਦੀ ਹੈ। ਜਿਵੇਂ ਨਾਵਲ *'ਨਿੱਕੇ ਨਿੱਕੇ ਯੁੱਧ'* ਦਾ ਪਾਤਰ ਗਿੰਦਰ ਅਤੇ ਉਸ ਦੇ ਸਾਥੀ ਵਿਗਿਆਨਕ ਸੂਝ ਕਾਰਨ ਹੀ ਸੋਢੀ ਸਰਦਾਰ ਵੱਲੋਂ ਧਰਮ-ਕਰਮ ਦੇ ਨਾਮ ਉੱਪਰ ਕੀਤੀ ਜਾਂਦੀ ਲੁੱਟ ਦਾ ਵਿਰੋਧ ਕਰਦੇ ਹਨ। ਲੋਕਾਂ ਦੀ ਮਾਨਸਿਕਤਾ ਧਰਮ-ਕਰਮ, ਜਾਦੂ-ਟੂਣਿਆਂ, ਸਾਧਾਂ ਅਤੇ ਡੇਰਿਆਂ ਦੁਆਲਿਓਂ ਢਿੱਲੀ ਹੁੰਦੀ ਹੈ। ਹਰੇ ਇਨਕਲਾਬ ਦੀ ਆਮਦ ਨਾਲ ਖੇਤੀਬਾੜੀ ਦੇ ਧੰਦੇ ਵਿੱਚ ਤਬਦੀਲੀ ਆਉਂਦੀ ਹੈ ਉੱਥੇ ਹੀ ਪੁਰਾਤਨ ਪ੍ਰੰਪਾਰਿਕ ਪ੍ਰਬੰਧ, ਸਮਾਜਿਕ ਕੀਮਤਾਂ ਢਹਿ-ਢੇਰੀ ਹੁੰਦੀਆਂ ਹਨ। ਇਨ੍ਹਾਂ ਨਵੀਆਂ ਪੁੰਗਰ ਰਹੀਆਂ ਸੰਭਾਵਨਾਵਾਂ ਕਾਰਨ ਹੀ ਪੇਂਡੂ ਲੋਕਾਂ ਦੀ ਮਾਨਸਿਕਤਾ, ਪਿੰਡਾਂ, ਸ਼ਹਿਰਾਂ, ਸਭਿਆਚਾਰਕ ਸੋਚ, ਪਿੰਡ ਦੀ ਸੱਥ 'ਚ ਪੰਜਾਬ ਦੀ ਰਾਜਨੀਤੀ ਬਾਰੇ ਡੂੰਘੀ ਵਿਚਾਰ ਚਰਚਾ ਹੁੰਦੀ ਹੈ। ਇਹ ਨਵੀਆਂ ਸੰਭਾਵਨਾਵਾਂ, ਨਵੀਂ ਪੀੜ੍ਹੀ ਦੀ ਆਜ਼ਾਦੀ ਵੱਲ ਕਦਮ ਪੁੱਟ ਰਹੀਆਂ ਹਨ। ਪਰਵਾਨਾ ਨੇ ਪੂੰਜੀਵਾਦ ਪਦਾਰਥਵਾਦੀ ਸੋਚ ਵਿਚ ਪਿਸ ਰਹੀ ਨਿਮਨ ਕਿਸਾਨੀ ਜੀਵਨ ਵਿਚਲੀਆਂ ਤੰਗੀਆਂ ਤਰੁੱਸ਼ੀਆਂ, ਮਾੜੀ ਆਰਥਿਕਤਾ, ਨਿਮਨ ਸਮਾਜਿਕ ਪੱਧਰ, ਰਾਜਨੀਤੀਵਾਨਾਂ ਦੀਆਂ ਕੋਝੀਆਂ ਚਾਲਾਂ, ਦਿਨ ਪ੍ਰਤੀ ਦਿਨ ਕਰਜ਼ੇ ਦੀ ਪ੍ਰਕਿਰਿਆ ਵਿਚ ਫਸਣਾ, ਆਤਮਹੱਤਿਆ ਵਰਗੇ ਰਾਹ ਅਪਣਾਉਣਾ ਅਤੇ ਤ੍ਰਾਸਦੀ ਭਰਿਆ ਜੀਵਨ ਜੀਉਣ, ਉਨ੍ਹਾਂ ਦੇ ਦੁੱਖਾਂ ਦੀ ਪੇਸ਼ਕਾਰੀ ਸਫਲਤਾ ਸਹਿਤ ਕੀਤੀ ਹੈ। ਫ਼ਸਲ ਉੱਪਰ ਅੱਤ ਦਰਜ਼ੇ ਦੀਆਂ ਮਹਿੰਗੀਆਂ

ਦਵਾਈਆਂ, ਖਾਦਾਂ ਦੀ ਵਰਤੋਂ ਉਪਰੰਤ ਵੀ ਕਿਸਾਨਾਂ ਨੂੰ ਆਪਣੀਆਂ ਫ਼ਸਲਾਂ ਦਾ ਵਾਜਬ ਮੁੱਲ ਪ੍ਰਾਪਤ ਨਹੀਂ ਹੁੰਦਾ। ਸਰਕਾਰ ਦੀ ਅਣਦੇਖੀ ਅਤੇ ਵਿਰੋਧੀ ਨੀਤੀਆਂ ਕਾਰਨ ਕਿਸਾਨਾਂ ਦੀਆਂ ਫ਼ਸਲਾਂ ਮੰਡੀਆਂ ਵਿਚ ਰੁਲਦੀਆਂ ਹਨ। ਬਲਬੀਰ ਪਰਵਾਨਾ ਨੇ ਕਿਸਾਨੀ ਸੰਕਟ ਅਤੇ ਸੰਕਟ ਦੇ ਕਿਸਾਨਾਂ ਅਤੇ ਕਿਸਾਨਾਂ ਦੇ ਪਰਿਵਾਰਾਂ ਉੱਪਰ ਪੈਂਦੇ ਪ੍ਰਭਾਵਾਂ ਨੂੰ ਅਭਿਵਿਅਕਤ ਕੀਤਾ ਹੈ। ਉਹ ਹੱਡ ਤੋੜਵੀਂ ਮਿਹਨਤ ਮੁਸ਼ੱਕਤ ਤੋਂ ਬਾਅਦ ਵੀ ਆਪਣੇ ਆਰਥਿਕ ਅਤੇ ਸਮਾਜਿਕ ਪੱਖ ਨੂੰ ਉਚੇਰਾ ਨਹੀਂ ਕਰ ਸਕਦੇ। ਪੰਜਾਬ ਦਾ ਹਰ ਨਿਮਨ/ਮੱਧਲਾ ਕਿਸਾਨ ਆੜ੍ਹਤੀਆਂ, ਬੈਂਕ, ਬਾਣੀਆਂ, ਸ਼ਾਹੂਕਾਰਾਂ ਦੇ ਕਰਜ਼ੇ ਦੇ ਭਾਰ ਕਾਰਨ ਗ਼ੁਲਾਮ ਬਣਿਆ ਹੋਇਆ ਹੈ। ਬਲਬੀਰ ਪਰਵਾਨਾ ਆਪਣੇ ਨਾਵਲਾਂ ਵਿਚ ਨਵੇਂ ਪ੍ਰਤਿਮਾਨ ਸਿਰਜਦਾ ਹੋਇਆ ਕਿਸਾਨੀ ਜੀਵਨ ਨਾਲ ਸੰਬੰਧਤ ਅਨੇਕਾਂ ਪ੍ਰਕਾਰ ਦੀਆਂ ਪਰਿਸਥਿਤੀਆਂ ਨੂੰ ਨਾਵਲੀ ਬਿਰਤਾਂਤ ਵਿਚ ਸੰਗਠਿਤ ਕਰਦਾ ਹੈ। ਪਰਵਾਨਾ ਦੇ ਨਾਵਲ *ਗਹਿਰ ਚੜ੍ਹੀ ਅਸਮਾਨ, ਨਿੱਕੇ ਨਿੱਕੇ ਯੁੱਧ, ਆਪਣੇ ਆਪਣੇ ਮੋਰਚੇ, ਅੰਬਰ ਵੱਲ ਉਡਾਣ,* ਵਿਚ ਕੇਵਲ ਨਿਮਨ ਕਿਸਾਨੀ ਜੀਵਨ ਦੀਆਂ ਪਰਿਸਥਿਤੀਆਂ ਨੂੰ ਹੀ ਰੂਪਮਾਨ ਨਹੀਂ ਕੀਤਾ ਸਗੋਂ ਨਾਵਲ *ਕਥਾ ਇਸ ਯੁੱਗ ਦੀ, ਖੇਤਾਂ ਦਾ ਰੁਦਨ* 'ਚ ਇਸ ਵਿਚਲੇ ਤਣਾਓ, ਟੱਕਰ, ਸੰਘਰਸ਼ ਨੂੰ ਵੀ ਬਿਆਨ ਕੀਤਾ ਹੈ।

## ਉਦੇਸ਼ ਚੌਥਾ, ਕਿਸਾਨੀ ਜੀਵਨ ਵਿਚ ਨਿਰਧਾਰਿਤ ਹੋ ਰਹੇ ਨਵੇਂ ਨੈਤਿਕ ਮੁੱਲਾਂ ਦਾ ਮੁਲਾਂਕਣ ਕਰਨਾ:

ਨਾਵਲਕਾਰ ਦੀ ਰਚਨਾ ਉੱਪਰ ਉਸ ਦੇ ਬਚਪਨ, ਜੀਵਨ, ਇਲਾਕੇ, ਰਹਿਣ-ਸਹਿਣ ਦਾ ਵਧੇਰੇ ਪ੍ਰਭਾਵ ਹੁੰਦਾ ਹੈ। ਪਰਵਾਨਾ ਨੇ ਆਪਣਾ ਬਚਪਨ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਚਨੌਰ 'ਚ ਨਿਮਨ ਕਿਸਾਨੀ ਪਰਿਵਾਰ 'ਚ ਗੁਜ਼ਾਰਿਆ ਹੈ। ਪਰਵਾਨਾ ਖ਼ੁਦ ਪੇਂਡੂ ਕਿਸਾਨੀ ਜੀਵਨ ਨਾਲ ਸੰਬੰਧਿਤ ਹੋਣ ਕਾਰਨ ਨਾਵਲਾਂ ਦੇ ਵਿਸ਼ੇ ਪੇਂਡੂ ਕਿਸਾਨੀ ਜੀਵਨ ਵਿੱਚੋਂ ਹੀ ਲਏ ਹਨ। ਕਿਸਾਨੀ ਜੀਵਨ ਦਾ ਡੂੰਘਾ ਅਨੁਭਵ ਹੋਣ, ਪੇਂਡੂ ਲੋਕਾਂ ਦੀਆਂ ਸਮੱਸਿਆਵਾਂ, ਤਕਲੀਫ਼ਾਂ, ਦੁੱਖਾਂ ਤੋਂ ਜਾਣੂ ਹੋਣ ਕਰ ਕੇ ਉਨ੍ਹਾਂ ਦੀਆ ਸਮੱਸਿਆਵਾਂ ਨੂੰ ਨਾਵਲਾਂ ਵਿੱਚ ਪੇਸ਼ ਕਰਦਾ ਹੈ। ਪਰਵਾਨਾ ਨੇ ਨਾਵਲਾਂ ਵਿੱਚ ਔਰਤ-ਮਰਦ ਦੇ ਨਾਜਾਇਜ਼ ਸੰਬੰਧ, ਪਤੀ-ਪਤਨੀ ਦਾ ਰਿਸ਼ਤਾ, ਪੂੰਜੀਵਾਦੀ ਪ੍ਰਬੰਧ ਕਾਰਨ ਰਿਸ਼ਤੇ-ਨਾਤਿਆਂ ਵਿੱਚ ਪੈਦਾ ਹੋ ਰਿਹਾ ਸਵਾਰਥੀਪਣ, ਰਿਵਾਇਤੀ ਅਤੇ ਸਮਕਾਲੀ ਔਰਤ ਦੀ ਸਥਿਤੀ, ਨਿਮਨ ਕਿਸਾਨੀ ਜੀਵਨ ਵਿੱਚ ਪੈਦਾ ਹੋਣ ਵਾਲੀਆਂ ਸਮੱਸਿਆਵਾਂ, ਨਵੀਂ ਪੀੜ੍ਹੀ ਦੀ ਉਦਾਸ ਮਾਨਸਿਕਤਾ, ਉਲਾਰੂ ਸੋਚ ਅਤੇ ਪਿੰਡਾਂ ਦੀ ਬਦਲਦੀ ਨੁਹਾਰ ਆਦਿ ਨੂੰ ਨਾਵਲਾਂ ਦਾ ਵਿਸ਼ਾ ਬਣਾਇਆ ਹੈ। ਨਿਰਸੰਦੇਹ ਪਰਵਾਨਾ ਦਾ ਰਚਨਾਤਮਕ ਵਿਕਾਸ ਬਹੁਤ ਹੀ ਭਵਿੱਖ ਮੁਖੀ ਹੈ। ਸਮਕਾਲੀ ਦੌਰ ਵਿੱਚ ਵਿਕਸਿਤ ਪੂੰਜੀਵਾਦੀ ਪ੍ਰਬੰਧ ਨੇ ਪੂਰੇ ਸੰਸਾਰ ਨੂੰ ਇੱਕ ਵਿਸ਼ਵੀ ਪ੍ਰਸੰਗ ਦੇ ਸਮੁੱਚੇ ਰਾਜਸੀ, ਸਮਾਜਿਕ, ਆਰਥਿਕ ਅਤੇ ਸਭਿਆਚਾਰਕ ਪ੍ਰਤੀਮਾਨਾਂ ਨੂੰ ਨਵੇਂ ਸਿਰਿਓਂ ਵਾਚਿਆ ਹੈ। ਪਰਵਾਨਾ ਦੇ ਨਾਵਲ ਸਮਕਾਲੀ ਸਮਾਜ ਦੇ ਇਨ੍ਹਾਂ ਕੋਝੇ ਵਰਤਾਰਿਆਂ ਦੁਆਲੇ ਉੱਸਰੇ ਹੋਏ ਹਨ। ਜਿਵੇਂ ਪ੍ਰੰਪਰਿਕ ਕਿਸਾਨੀ, ਕਿਸਾਨੀ ਸੰਕਟ, ਕਿਸਾਨੀ ਕਿੱਤੇ ਵਿੱਚ ਘੁਸਪੈਠ, ਆਧੁਨਿਕਤਾ ਦਾ ਆਉਣਾ, ਨਵੀਂ ਜੀਵਨ ਜਾਚ ਦੇ ਨਾਂ ਉੱਪਰ ਰਵਾਇਤੀ ਜੜ੍ਹਾਂ ਨਾਲੋਂ ਟੁੱਟਣਾ, ਨਵਾਂਪਣ, ਸਭਿਆਚਾਰਕ

ਕਦਰਾਂ-ਕੀਮਤਾਂ, ਰਵਾਇਤਾਂ, ਪ੍ਰੰਪਰਾਵਾਂ ਨੂੰ ਤਬਾਹੀ ਵੱਲ ਧੱਕ ਰਹੇ ਹਨ। ਖੇਤੀਬਾੜੀ ਵਿੱਚ ਆਧੁਨਿਕ ਸੰਦਾਂ, ਖਾਦਾਂ, ਕੀਟਨਾਸ਼ਕ ਦਵਾਈਆਂ, ਸਪਰੇਅ ਦੀ ਆਮਦ ਨਾਲ ਖੇਤੀ ਕਿਰਤ ਭਰਪੂਰ ਹੋਣ ਦੀ ਥਾਂ ਪੈਸਾ ਕੇਂਦਰਿਤ ਹੋ ਗਈ। ਹਰੇ ਇਨਕਲਾਬ ਨੇ ਕੇਵਲ ਖੇਤੀਬਾੜੀ ਨੂੰ ਹੀ ਪ੍ਰਭਾਵਿਤ ਨਹੀਂ ਕੀਤਾ ਸਗੋਂ ਰਿਸ਼ਤੇ ਨਾਤਿਆਂ, ਸਲੀਕੇ, ਹਰ ਵਰਤਾਰੇ, ਯੋਗਤਾ, ਸੁਹੱਪਣ ਇੱਥੋਂ ਤੱਕ ਕਿ ਮਨੁੱਖੀ ਪਿਆਰ ਦਾ ਆਧਾਰ ਵੀ ਪੈਸਾ ਬਣ ਗਿਆ ਹੈ। ਇਸੇ ਪ੍ਰਭਾਵ ਅਧੀਨ ਕੇਵਲ ਮਨੁੱਖ ਹੀ ਨਹੀਂ ਸਗੋਂ ਪ੍ਰਕਿਰਤੀ ਅਤੇ ਵਾਤਾਵਰਨ ਵੀ ਪ੍ਰਭਾਵਿਤ ਹੋਏ ਹਨ। ਸਮਾਜਿਕ ਸਥਿਤੀ ਨੂੰ ਨਿਰਧਾਰਿਤ ਕਰਨ ਵਾਲਾ ਮੁੱਖ ਤੱਤ ਆਰਥਿਕਤਾ ਹੈ। ਨਿਮਨ ਕਿਸਾਨੀ ਦੀ ਉਤਪਾਦਨ ਵਿਧੀ ਵਧੇਰੇ ਕਰ ਕੇ ਖੇਤੀਬਾੜੀ ਉੱਪਰ ਨਿਰਭਰ ਹੈ। ਪੂੰਜੀਵਾਦੀ ਦੌਰ ਵਿੱਚ ਦਰਮਿਆਨੀ ਕਿਸਾਨੀ ਆਪਣੀਆਂ ਆਰਥਿਕ ਸਮੱਸਿਆਵਾਂ ਅਤੇ ਮਨਚਾਹੀ ਜ਼ਿੰਦਗੀ ਜਿਊਣ ਲਈ ਖੇਤੀਬਾੜੀ ਦਾ ਧੰਦਾ ਛੱਡ ਕੇ ਹੋਰ ਕਿੱਤਿਆਂ ਵੱਲ ਰੁਚਿਤ ਹੋ ਰਹੀ ਹੈ। ਅਜੋਕੀ ਨੌਜਵਾਨ ਪੀੜ੍ਹੀ ਘਾਟੇ ਦਾ ਧੰਦਾ ਖੇਤੀ ਛੱਡ ਕੇ ਵਿਦੇਸ਼ ਜਾਣ ਵੱਲ ਵਧੇਰੇ ਰੁਚਿਤ ਹੈ। ਪੂੰਜੀ ਦਾ ਸੰਚਾਲਨ ਕਰਨ ਵਾਲੀਆਂ ਵੱਡੀਆਂ ਕੰਪਨੀਆਂ ਕਿਸਾਨਾਂ ਦੀ ਜ਼ਮੀਨ ਘੱਟ ਰੇਟ ਉੱਪਰ ਖ਼ਰੀਦ ਕੇ ਵੱਡੇ ਸਟੋਰ ਖੋਲ੍ਹ ਰਹੀਆਂ ਹਨ। ਵਿਕਾਸਸ਼ੀਲ ਦੇਸ਼ਾਂ ਵੱਲੋਂ ਨਿਮਨ ਵਰਗ ਦੇ ਲੋਕਾਂ ਨੂੰ ਇੱਕ ਨਵੀਂ ਕਿਸਮ ਦੀ ਗ਼ੁਲਾਮੀ ਦਾ ਸ਼ਿਕਾਰ ਬਣਾਇਆ ਜਾ ਰਿਹਾ ਹੈ। ਜਿਸ ਦਾ ਮੁੱਖ ਆਧਾਰ ਪੂੰਜੀ ਹੈ। ਵਿਸ਼ਵੀਕਰਨ ਦੇ ਘਾਤਕ ਵਰਤਾਰੇ ਵਿੱਚ ਮਨੁੱਖ ਘਰ, ਪਰਿਵਾਰ ਨਹੀਂ ਸਗੋਂ ਬਾਜ਼ਾਰੀ-ਵਸਤੂ ਲਈ ਜੀਅ ਰਿਹਾ ਹੈ। ਇਸ ਖੋਜ ਕਾਰਜ ਦੇ ਅਧਿਐਨ ਤਹਿਤ ਲਏ ਗਏ ਪਰਵਾਨਾ ਦੇ ਛੇ ਨਾਵਲਾਂ *ਗਹਿਰ ਚੜ੍ਹੀ ਅਸਮਾਨ, ਨਿੱਕੇ ਨਿੱਕੇ ਯੁੱਧ, ਆਪਣੇ ਆਪਣੇ ਮੋਰਚੇ, ਕਥਾ ਇਸ ਯੁੱਗ ਦੀ, ਅੰਬਰ ਵੱਲ ਉਡਾਣ, ਖੇਤਾਂ ਦਾ ਰੁਦਨ* ਵਿਚ ਵਿੱਚ ਹਰੇ ਇਨਕਲਾਬ, ਪੂੰਜੀਵਾਦੀ ਕਾਰਪੋਰੇਟ ਮਾਡਲ ਦੇ ਕਿਸਾਨੀ ਧੰਦੇ ਅਤੇ ਕਿਸਾਨੀ ਜੀਵਨ ਉੱਪਰ ਪਏ ਘਾਤਕ ਬਦਲਾਵਾਂ ਅਤੇ ਪ੍ਰਭਾਵਾਂ ਦੀ ਪੇਸ਼ਕਾਰੀ ਕੀਤੀ ਹੈ। ਇਸ ਲੜੀ ਦਾ ਪਹਿਲਾ ਨਾਵਲ *'ਗਹਿਰ ਚੜ੍ਹੀ ਅਸਮਾਨ'* ਵਿੱਚ ਹਰੇ ਇਨਕਲਾਬ ਤੋਂ ਪਹਿਲਾ ਦੇ ਕਿਸਾਨੀ ਜੀਵਨ ਵਿਚਲੀ ਵਿਚਾਰਧਾਰਾ ਨੂੰ ਮੂਰਤੀਮਾਨ ਕੀਤਾ ਹੈ। *'ਨਿੱਕੇ ਨਿੱਕੇ ਯੁੱਧ'* ਨਾਵਲ ਵਿੱਚ ਹਰੇ ਇਨਕਲਾਬ ਦੀ ਆਮਦ ਨਾਲ ਕਿਵੇਂ ਕਿਸਾਨ ਆਪਣੇ ਪ੍ਰੰਪਰਿਕ/ਰਵਾਇਤੀ ਢੰਗ ਨਾਲੋਂ ਟੁੱਟਣਾ ਆਰੰਭ ਹੁੰਦੇ ਹਨ ਅਤੇ ਲੋਕਾਂ ਦੀ ਵਿਚਾਰਧਾਰਾ ਕਰਮ ਧਰਮ ਨਾਲੋਂ ਟੁੱਟ ਕੇ ਵਿਗਿਆਨਕ ਸੋਚ ਉਤਪੰਨ ਹੁੰਦੀ ਹੈ। *'ਆਪਣੇ ਆਪਣੇ ਮੋਰਚੇ'* ਨਾਵਲ ਵਿੱਚ ਪਰਵਾਨਾ ਨੇ ਖੇਤੀ ਦੇ ਧੰਦੇ ਵਿੱਚੋਂ ਬਾਹਰ ਹੁੰਦੀ ਨਿਮਨ ਕਿਸਾਨੀ ਦਾ ਚਿਤਰਨ ਪੇਸ਼ ਕੀਤਾ ਹੈ। *'ਕਥਾ ਇਸ ਯੁੱਗ ਦੀ'* ਨਾਵਲ ਵਿੱਚ ਪੂੰਜੀਵਾਦੀ ਕਾਰਪੋਰੇਟ ਮਾਡਲ ਦੇ ਪ੍ਰਭਾਵ ਕਾਰਨ ਕਿਸਾਨੀ ਜੀਵਨ, ਕੁਦਰਤੀ ਸ੍ਰੋਤ, ਵਾਤਾਵਰਨ ਉੱਤੇ ਪੈਂਦੇ ਮਾੜੇ ਪ੍ਰਭਾਵਾਂ ਨੂੰ ਬਿਆਨ ਕੀਤਾ ਹੈ। ਇਨ੍ਹਾਂ ਚਾਰੇ ਨਾਵਲਾਂ ਨਾਲ ਚੌ-ਲੜੀ ਸੰਪੂਰਨ ਹੋ ਜਾਂਦੀ ਹੈ। *'ਅੰਬਰ ਵੱਲ ਉਡਾਣ'* ਨਾਵਲ 'ਚ ਨਿਮਨ ਕਿਸਾਨੀ ਦਾ ਜ਼ਮੀਨ ਵੇਚ ਕੇ ਖੇਤੀ ਦੀ ਪ੍ਰਕਿਰਿਆ 'ਚੋਂ ਬਾਹਰ ਹੋਣਾ ਅਤੇ ਪੂੰਜੀਵਾਦੀ ਪ੍ਰਬੰਧ ਦਾ ਹਿੱਸਾ ਬਣਦੇ ਪਰਿਵਾਰ ਦੀਆਂ ਪਰਿਸਥਿਤੀਆਂ ਨੂੰ ਬਿਆਨ ਕੀਤਾ ਹੈ। *'ਖੇਤਾਂ ਦਾ ਰੁਦਨ'* ਨਾਵਲ ਪੂੰਜੀਵਾਦੀ ਕਾਰਪੋਰੇਟ ਮਾਡਲ ਵਿੱਚ ਧੱਕੇਸ਼ਾਹੀ ਅਤੇ ਕਿਸਾਨਾਂ ਦੁਆਰਾ ਕੀਤੀਆਂ ਜਾਂਦੀਆਂ ਖ਼ੁਦਕੁਸ਼ੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ 'ਤੇ ਪੈਂਦੇ ਪ੍ਰਭਾਵਾਂ ਨੂੰ ਵਿਅਕਤ ਕੀਤਾ ਹੈ। ਪਰਵਾਨਾ ਨੇ ਪ੍ਰੇਮ ਦੇ ਪ੍ਰਸੰਗ 'ਚ ਮਨੁੱਖੀ ਰਿਸ਼ਤੇ-ਨਾਤਿਆਂ

ਦੀ ਸਭਿਆਚਾਰਕ ਸਥਿਤੀ ਅਤੇ ਜਾਗੀਰਦਾਰ/ਸ਼ਾਹੂਕਾਰਾਂ ਦੁਆਰਾ ਲੁੱਟ-ਖਸੁੱਟ ਦੀ ਸ਼ਿਕਾਰ ਹੁੰਦੀ ਛੋਟੀ ਕਿਸਾਨੀ ਦੀਆਂ ਪਰਿਸਥਿਤੀਆਂ ਨੂੰ ਪ੍ਰਗਟਾਇਆ ਹੈ। ਕਿਸਾਨੀ ਜੀਵਨ ਵਿਚ ਜੋ ਵਾਪਰ ਚੁੱਕਾ ਹੈ, ਜੋ ਵਾਪਰ ਰਿਹਾ ਹੈ, ਕਿਸਾਨੀ ਜੀਵਨ ਦੇ ਨਿਘਾਰ ਵੱਲ ਜਾਣ ਦੇ ਕਾਰਨ ਅਤੇ ਆਤਮ ਹੱਤਿਆਵਾਂ ਦੇ ਕਿਸਾਨੀ ਜੀਵਨ ਉੱਪਰ ਪੈਂਦੇ ਪ੍ਰਭਾਵਾਂ ਨੂੰ ਨਾਵਲੀ ਬਿਰਤਾਂਤ ਨਾਲ ਜੋੜਿਆ ਹੈ। ਸਮਕਾਲੀ ਦੌਰ ਦਾ ਸਭ ਤੋਂ ਵੱਡਾ ਯਥਾਰਥ ਨਿਮਨ ਕਿਸਾਨੀ ਹੱਥੋਂ ਜ਼ਮੀਨ ਦਾ ਖੁੱਸਣਾ ਹੈ। ਨਾਵਲ *ਨਿੱਕੇ ਨਿੱਕੇ ਯੁੱਧ'* ਦਾ ਕੇਂਦਰੀ ਪਾਤਰ ਗਿੰਦਰ ਨਿਮਨ ਕਿਸਾਨੀ ਜੀਵਨ ਦੇ ਨਿਘਾਰ ਵੱਲ ਜਾਣ, ਜ਼ਮੀਨ ਦਾ ਵਿਕਣਾ, ਆਰਥਿਕ, ਸਮਾਜਿਕ, ਸਭਿਆਚਾਰਕ, ਰਾਜਨੀਤਿਕ, ਮਾਨਸਿਕ, ਰੀਤੀ-ਰਿਵਾਜ, ਨੈਤਿਕ ਮੁੱਲਾਂ, ਰਵਾਇਤਾਂ, ਕਦਰਾਂ-ਕੀਮਤਾਂ, ਔਰਤ ਦੀ ਚਿੰਤਾ ਜਨਕ ਸਥਿਤੀ ਵਿਚ ਜੋ ਤਬਦੀਲੀ ਆਉਂਦੀ ਹੈ ਉਸ ਦਾ ਪ੍ਰਤੀਕ ਬਣਦਾ ਹੈ। ਪਰ ਗਿੰਦਰ ਲੱਖਾਂ ਮੁਸੀਬਤਾਂ ਵਿਚ ਘਿਰਿਆ ਹੋਣ ਕਾਰਨ ਆਪਣੇ ਆਪ ਨੂੰ ਧੁਰ ਅੰਦਰੋਂ ਸੰਯੁਕਤ ਰੱਖਣ ਵਿਚ ਸਫਲ ਹੁੰਦਾ ਹੈ। ਪਰਵਾਨਾ ਕਿਸਾਨੀ ਦੇ ਵਿਦਰੋਹ ਵਜੋਂ ਕਮਿਊਨਿਸਟ, ਨਕਸਲਵਾੜੀ ਲਹਿਰਾਂ ਅਤੇ ਸਾਕਾ ਨੀਲਾ ਸਾਕਾ ਤਾਰਾ ਦੀਆਂ ਦੁਖਾਂਤਕ ਪਰਿਸਥਿਤੀਆਂ ਨੂੰ ਵੀ ਬਿਆਨ ਕਰਦਾ ਹੈ। ਉਹ ਪੇਂਡੂ ਕਿਸਾਨੀ ਦੀ ਖਹਿਬਾਜ਼ੀ, ਕਤਲ, ਮੁਕੱਦਮੇਬਾਜ਼ੀ, ਪੁਲਿਸ ਵਧੀਕੀਆਂ, ਕਰਜ਼ੇ ਦੀ ਪੰਡ ਹੇਠ ਦੱਬੇ ਕਿਸਾਨਾਂ ਦੀ ਤ੍ਰਾਸਦਿਕ ਸਥਿਤੀ ਨੂੰ ਬਿਆਨ ਕਰਦਾ ਹੈ। ਇਸ ਦੇ ਨਾਲ ਹੀ ਸਰਮਾਏਦਾਰੀ ਪ੍ਰਬੰਧ ਵੱਲੋਂ ਕਿਸਾਨਾਂ ਨਾਲ ਕੀਤੇ ਜਾਂਦੇ ਸ਼ੋਸ਼ਣ ਨੂੰ ਪੇਸ਼ ਕੀਤਾ ਹੈ। ਵਿਸ਼ਵੀਕਰਨ ਉਦਯੋਗੀਕਰਨ ਦੀ ਆਮਦ ਕਾਰਨ ਪਿੰਡਾਂ ਦੇ ਸਵੈ-ਨਿਰਭਰਤਾ ਵਾਲੇ ਅਰਥਚਾਰੇ ਨੂੰ ਢਾਹ ਲੱਗੀ ਹੈ। ਹਰੇ ਇਨਕਲਾਬ ਦੀ ਆਮਦ ਨਾਲ ਜਿੱਥੇ ਫ਼ਸਲਾਂ ਦਾ ਉਤਪਾਦਨ ਵਧਿਆ, ਉੱਥੇ ਹੀ ਨਿਮਨ ਕਿਸਾਨੀ ਜੀਵਨ ਆਖ਼ਰੀ ਸਾਹਾਂ 'ਤੇ ਆ ਗਿਆ ਹੈ। ਇਸ ਦੇ ਨਾਲ ਹੀ ਡੇਰਿਆਂ, ਅਖੌਤੀ ਸਾਧਾਂ ਦੁਆਰਾ ਕੀਤੇ ਜਾਂਦੇ ਸ਼ੋਸ਼ਣ ਬਾਰੇ ਵੀ ਪਤਾ ਚੱਲਦਾ ਹੈ। ਕਿਸਾਨੀ ਧੰਦੇ ਨਾਲ ਸੰਬੰਧਿਤ ਵਿਅਕਤੀਆਂ ਨੇ ਬਹੁਤ ਸਾਰੇ ਸਹਾਇਕ ਧੰਦੇ ਵੀ ਅਪਣਾਏ ਪਰ ਉਨ੍ਹਾਂ ਵਿੱਚ ਵੀ ਸਫਲਤਾ ਨਹੀਂ ਮਿਲਦੀ। ਸਮਕਾਲੀ ਦੌਰ ਵਿੱਚ ਆਈਆਂ ਪਦਾਰਥਵਾਦੀ ਕਦਰਾਂ-ਕੀਮਤਾਂ ਦੇ ਪ੍ਰਭਾਵ ਨਾਲ ਆਰਥਿਕਤਾ ਨੇ ਨਿੱਜੀ ਰਿਸ਼ਤਿਆਂ ਨੂੰ ਵੀ ਪ੍ਰਭਾਵਿਤ ਕੀਤਾ ਹੈ। ਨਿਮਨ ਕਿਸਾਨਾਂ ਕੋਲ ਜ਼ਮੀਨ ਨਾ ਹੋਣ ਕਾਰਨ ਵਿਆਹ ਨਾ ਹੋਣਾ, ਆਰਥਿਕ ਮੰਦਹਾਲੀ, ਘਰ ਵਿੱਚ ਬਿਮਾਰੀ, ਕਲੇਸ਼ ਅਤੇ ਜਾਗੀਰੂ ਸਭਿਆਚਾਰਕ ਪਰਿਪੇਖ ਵਿੱਚ ਨਾਵਲੀ ਬਿਰਤਾਂਤ ਦੀ ਸਿਰਜਣਾ ਕੀਤੀ ਹੈ। ਵਿਸ਼ਵੀਕਰਨ ਪੂੰਜੀਵਾਦੀ ਪ੍ਰਬੰਧ ਨੇ ਸਾਡੀ ਜੀਵਨ-ਜਾਂਚ ਨੂੰ ਹਰ ਪੱਖੋਂ ਖਾਣ-ਪੀਣ, ਮਨੋਰੰਜਨ, ਸੋਚ, ਪਹਿਰਾਵੇ, ਸਿੱਖਿਆ ਆਦਿ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਇਹ ਵਿਦੇਸ਼ੀ ਜੀਵਨ-ਜਾਂਚ ਪੇਂਡੂ ਸਮਾਜ ਦੀਆਂ ਰਵਾਇਤੀ ਸਭਿਆਚਾਰਕ ਕਦਰਾਂ-ਕੀਮਤਾਂ ਨੂੰ ਢਾਹ ਲਾ ਰਹੀ ਹੈ। ਮਨੁੱਖ ਅਤੇ ਸਮਾਜ ਦੋਵਾਂ ਦਾ ਆਪਸ 'ਚ ਦਵੰਦਾਤਮਕ ਰਿਸ਼ਤਾ ਹੈ। ਮਨੁੱਖੀ ਸੋਚ ਪਦਾਰਥਕ ਰੂਪ ਧਾਰਨ ਕਰ ਚੁੱਕੀ ਹੈ। ਇਸ ਪਦਾਰਥਕ ਵਿਕਾਸ ਕਾਰਨ ਹੀ ਮਨੁੱਖੀ ਰਿਸ਼ਤਿਆਂ ਦਾ ਮੁਹਾਂਦਰਾ ਵੀ ਤਬਦੀਲ ਹੋ ਗਿਆ ਹੈ। ਸਮਾਜਿਕ, ਆਰਥਿਕ ਤਬਦੀਲੀਆਂ ਕਾਰਨ ਸਾਡੇ ਰਿਸ਼ਤੇ-ਨਾਤਿਆਂ ਵਿਚਲੀ ਪ੍ਰੰਪਾਰਿਕ ਸਾਂਝ ਵੀ ਨਾ ਮਾਤਰ ਹੀ ਰਹਿ ਗਈ ਹੈ। *'ਨਿੱਕੇ ਨਿੱਕੇ ਯੁੱਧ'* ਨਾਵਲ ਦਾ ਪਾਤਰ ਗਿੰਦਰ ਨੂੰ ਪਾਰਟੀ ਦਾ ਮੈਂਬਰ ਬਣਾਉਣਾ ਜੋ ਪਾਰਟੀ ਲਈ ਇੱਕ ਵਫ਼ਾਦਾਰ ਕਾਮਾ ਹੈ ਨਾ ਕਿ ਆਰਥਿਕ ਰਾਜਸੀ ਪ੍ਰਮੁੱਖਤਾ ਰੱਖਣ ਵਾਲਾ ਵਿਅਕਤੀ

ਹੈ। ਉੱਥੇ ਹੀ ਨਾਵਲ *'ਖੇਤਾਂ ਦਾ ਰੁਦਨ'* ਦੀ ਪਾਤਰ ਮਾਲਤੀ ਰਵੀ ਨੂੰ ਕੇਵਲ ਦੇਹੀ ਸੁੱਖ ਲਈ ਵਰਤਦੀ ਹੈ। ਪੂੰਜੀ ਨੂੰ ਅਹਿਮੀਅਤ ਦਿੰਦੀ ਰਵੀ ਨੂੰ ਪਿੱਛੇ ਧੱਕ ਕੇ ਐਨ. ਆਰ. ਆਈ. ਅਵਿਨਾਸ਼ ਨਾਲ ਵਿਆਹ ਕਰਵਾਉਂਦੀ ਹੈ। ਇਸੇ ਤਰ੍ਹਾਂ ਹੀ ਪਾਲੀ, ਕਾਂਤਾ, ਆਂਚਲਾ, ਪ੍ਰਿਯੰਕਾ ਰਿਸ਼ਤੇ-ਨਾਤਿਆਂ ਨੂੰ ਪਿੱਛੇ ਧੱਕਦੀਆਂ ਪੂੰਜੀ ਨੂੰ ਅਹਿਮੀਅਤ ਦਿੰਦੀਆਂ ਹਨ। ਇਨ੍ਹਾਂ ਨਾਵਲਾਂ ਵਿਚਲੇ ਹਰ ਰਿਸ਼ਤੇ ਨਾਤੇ ਗਰਜ਼ ਉੱਪਰ ਆਧਾਰਿਤ ਹੋ ਰਹੇ ਹਨ। ਮਨੁੱਖ ਨੇ ਵਿਸ਼ਵੀਕਰਨ ਪੂੰਜੀਵਾਦੀ ਪ੍ਰਭਾਵ ਤਹਿਤ ਆਪਣੀਆਂ ਜ਼ਰੂਰਤਾਂ ਇੰਨੀਆਂ ਵਧਾ ਲਈਆਂ ਹਨ ਕਿ ਮਨੁੱਖ ਖ਼ੁਦ ਹੀ ਸਮੱਸਿਆ ਦਾ ਕਰਤਾ ਕੇਂਦਰ ਬਣ ਗਿਆ ਹੈ। ਪਰਵਾਨਾ ਦੇ ਨਾਵਲਾਂ 'ਚੋਂ ਔਰਤ ਦਾ ਇੱਕ ਨਵਾਂ/ਵੱਖਰਾ ਰੂਪ ਸਾਹਮਣੇ ਆਉਂਦਾ ਦਿਸਦਾ ਹੈ। ਨਾਵਲਾਂ ਵਿਚਲੀਆਂ ਔਰਤਾਂ ਸਵੈ-ਚੇਤੰਨ ਤਾਂ ਹੋਈਆਂ ਦਿਸਦੀਆਂ ਹਨ ਪਰ ਉਨ੍ਹਾਂ ਦੇ ਦਿਮਾਗ਼ 'ਚ ਪੂੰਜੀ ਘਰ ਕਰ ਚੁੱਕੀ ਹੈ। ਸਮਕਾਲੀ ਦੌਰ ਦੀ ਔਰਤ ਕੋਲ ਜ਼ਿੰਦਗੀ ਜਿਊਣ ਲਈ ਕੋਈ ਵਿਕਸਿਤ ਮਾਡਲ ਨਹੀਂ। ਗਲੈਮਰੀ ਦੁਨੀਆ ਵਿੱਚ ਵਿਚਰਦੀ ਔਰਤ ਰਾਤੋਂ-ਰਾਤ ਗ਼ਰੀਬੀ ਦੀਆਂ ਕੰਧਾਂ ਟੱਪ ਕੇ ਅਮੀਰ ਬਣਨਾ ਚਾਹੁੰਦੀ ਹੈ। ਅਮੀਰ ਬਣਨ ਲਈ ਉਹ ਨੀਚ ਕਦਮ ਚੁੱਕਣ ਤੋਂ ਗੁਰੇਜ਼ ਨਹੀਂ ਕਰਦੀ। ਇਸੇ ਕਰ ਕੇ ਆਧੁਨਿਕ ਦੌਰ ਦੀ ਔਰਤ ਵਿਆਹ ਵਰਗੀ ਸੰਸਥਾ ਤੋਂ ਇਨਕਾਰੀ ਸੁਤੰਤਰ ਜੀਵਨ ਜੀਉਣ ਨੂੰ ਪਹਿਲ ਦੇ ਰਹੀ ਹੈ। ਪਰਵਾਨਾ ਨੇ ਚੋ-ਲੜੀ ਨਾਵਲਾਂ ਵਿੱਚ ਜਗਵਿੰਦਰ ਉਰਫ਼ ਗਿੰਦਰ ਪਾਤਰ ਰਾਹੀਂ ਅਜੋਕੀਆਂ ਪਦਾਰਥਵਾਦੀ ਯੁੱਗ ਦੀਆਂ ਫੋਕੀਆਂ ਕੀਮਤਾਂ ਨੂੰ ਅਪਣਾਉਣ ਦੇ ਢੰਗ ਤੋਂ ਜਾਣੂ ਕਰਵਾਇਆ ਹੈ। ਉੱਥੇ ਹੀ ਨਾਵਲਾਂ ਵਿਚਲੀਆਂ ਔਰਤ ਪਾਤਰਾਂ ਪਾਲੀ, ਪ੍ਰਿਯੰਕਾ, ਮਾਲਤੀ ਰਾਹੀਂ ਪੂੰਜੀਵਾਦੀ ਰਿਸ਼ਤੇ-ਨਾਤਿਆਂ, ਰਵਾਇਤੀ ਕਦਰਾਂ-ਕੀਮਤਾਂ, ਨੈਤਿਕ ਸੰਬੰਧਾਂ ਨੂੰ ਤੋੜਦਿਆਂ ਵੀ ਦਿਖਾਇਆ ਹਨ। ਜਿਸ ਕਾਰਨ ਮਨੁੱਖੀ ਜੀਵਨ ਪੂੰਜੀ ਇਕੱਤਰ ਕਰਨ ਦੀ ਦੌੜ 'ਚ ਆਈਲੈਟਸ ਦੀ ਪੜ੍ਹਾਈ ਰਾਹੀਂ ਵਿਦੇਸ਼ ਜਾਣਾ, ਮਾਨਸਿਕ-ਸਮਾਜਿਕ ਨਮੋਸ਼ੀ ਕਾਰਨ ਨਸ਼ਿਆਂ ਦਾ ਸੇਵਨ ਕਰਨਾ, ਨੌਜਵਾਨ ਮੁੰਡੇ ਕੁੜੀਆਂ ਦਾ ਏਜੰਟਾਂ ਦੁਆਰਾ ਨਾਜਾਇਜ਼ ਢੰਗ ਨਾਲ ਵਿਦੇਸ਼ ਜਾਣਾ, ਪੂੰਜੀ ਦਰ ਨੂੰ ਉੱਚਾ ਚੁੱਕਣ ਲਈ ਕੁਦਰਤੀ ਵਾਤਾਵਰਨ ਨਾਲ ਖਿਲਵਾੜ, ਐਨ. ਆਰ. ਆਈ ਪੂੰਜੀ ਦੁਆਰਾ ਖੇਤੀ ਵਿੱਚ ਘੁਸਪੈਠ, ਉਦਾਸੀਨ, ਬੇਗਾਨਗੀ, ਇਕੱਲਤਾ, ਉਪਰਾਮਤਾ ਵਰਗੀਆਂ ਅਲਾਮਤਾਂ ਦਾ ਸ਼ਿਕਾਰ ਹੋ ਰਿਹਾ ਹੈ। ਸਮਕਾਲੀ ਦੌਰ ਵਿਚ ਨਿਮਨ ਕਿਸਾਨੀ ਦੀ ਤ੍ਰਾਸਦੀ ਜ਼ਮੀਨ ਦਾ ਘੱਟ ਜਾਣਾ ਹੈ। ਉਹ ਜ਼ਮੀਨ ਪੀੜ੍ਹੀ ਦਰ ਪੀੜ੍ਹੀ ਵੰਡੀ ਜਾਣ ਕਾਰਨ ਖ਼ਤਮ ਹੋਣ ਤੱਕ ਦੀ ਤ੍ਰਾਸਦੀ ਨੂੰ ਸਿਰਜਦਾ ਹੈ। ਨਿਮਨ ਕਿਸਾਨੀ ਲਈ ਜ਼ਮੀਨ ਮਾਂ ਨਹੀਂ ਰਹੀ ਸਗੋਂ ਪੂੰਜੀ ਇਕੱਤਰ ਕਰਨ ਵਾਲਾ ਸਾਧਨ ਬਣ ਚੁੱਕੀ ਹੈ। ਮਨੁੱਖ ਜ਼ਿੰਦਗੀ ਬਤੀਤ ਕਰਨ ਦਾ ਢੰਗ ਆਪਣੀ ਰਵਾਇਤ ਤੋਂ ਨਹੀਂ ਮੀਡੀਆ ਤੋਂ ਲੈ ਰਿਹਾ ਹੈ। ਕਿਸਾਨੀ ਵਰਗ ਹੱਥੀ ਮਿਹਨਤ ਕਰਨ ਤੋਂ ਪਾਸਾ ਵੱਟਦਾ ਹੈ। ਸਰਕਾਰ ਵੱਲੋਂ ਇਹ ਕਹਿਣਾ ਕਿ ਕਿਸਾਨ ਆਪਣੇ ਘਰ ਪਰਿਵਾਰ ਉੱਪਰ ਬੇਲੋੜਾ ਖ਼ਰਚ ਕਰਦੇ ਹਨ ਅਜਿਹਾ ਕਹਿਣਾ ਸਰਕਾਰ ਦੁਆਰਾ ਆਪਣੀਆਂ ਗ਼ਲਤੀਆਂ ਉੱਪਰ ਪਰਦਾ ਪਾਉਣਾ ਹੈ। ਆਧੁਨਿਕੀਕਰਨ ਦੇ ਪ੍ਰਭਾਵ ਕਾਰਨ ਰੱਬ ਸਮਾਨ ਵਾਤਾਵਰਨ ਦੂਸ਼ਿਤ ਹੋ ਚੁੱਕਾ ਹੈ। ਪਰਵਾਨਾ ਨੇ ਦੁਆਬੇ ਦੇ ਇੱਕ ਖ਼ਿੱਤੇ ਮੁਕੇਰੀਆਂ ਤਹਿਸੀਲ ਦੇ ਬਚਵਾਈ ਇਲਾਕੇ ਵਿਚ ਪੂੰਜੀਵਾਦੀ ਵਿਕਾਸ ਦੇ ਵਹਿਣ ਵਿਚ ਆ ਕੇ ਹੋਏ ਵਾਤਾਵਰਨ ਦੇ ਵਿਨਾਸ਼ ਨੂੰ ਚਿਤਰਿਆ ਹੈ। ਪਰਵਾਨਾ ਨੇ ਬਚਵਾਈ ਖੇਤਰ ਵਿਚਲੀਆਂ ਵਾਪਰੀਆਂ

ਤਬਦੀਲੀਆਂ ਨੂੰ ਕੇਵਲ ਦੇਖਿਆ ਹੀ ਨਹੀਂ ਸਗੋਂ ਭੁਗਤਿਆ ਵੀ ਹੈ, ਇਸੇ ਕਾਰਨ ਪਰਵਾਨਾ ਨੇ ਬਹੁਤ ਹੀ ਸੁਹਿਰਦਤਾ ਨਾਲ ਇਸ ਖ਼ਿੱਤੇ ਵਿਚਲੀ ਜੀਵਨ ਜਾਂਚ ਵਿਚਲੇ ਰੁਝਾਨਾਂ ਵਿਚ ਆਈਆਂ ਤਬਦੀਲੀਆਂ ਨੂੰ ਫੜਨ ਦਾ ਯਤਨ ਕੀਤਾ ਹੈ। ਪਰਵਾਨਾ ਦੀ ਬਾਕੀ ਪੰਜਾਬੀ ਨਾਵਲਕਾਰਾਂ ਨਾਲੋਂ ਇਹ ਖ਼ਾਸੀਅਤ ਹੈ ਕਿ ਉਹ ਕੇਵਲ ਇੱਕ ਧਰਾਤਲ ਨੂੰ ਨਹੀਂ ਸਗੋਂ ਪੇਂਡੂ ਅਤੇ ਸ਼ਹਿਰੀ ਦੋਹਾਂ ਧਰਾਤਲਾਂ ਨੂੰ ਨਾਵਲੀ ਸਿਰਜਣਾ ਦਾ ਆਧਾਰ ਬਣਾਉਂਦਾ ਹੋਇਆ ਬੜੀ ਸ਼ਿੱਦਤ ਨਾਲ ਪੇਸ਼ ਕਰਦਾ ਹੈ। ਨਿਮਨ ਕਿਸਾਨੀ ਵਰਗ ਜ਼ਮੀਨੀ ਪ੍ਰਕਿਰਿਆ ਤੋਂ ਵਾਂਝੇ ਹੋ ਕੇ ਜਾਇਜ਼-ਨਾਜਾਇਜ਼ ਢੰਗ ਨਾਲ ਵਿਦੇਸ਼ ਜਾਣ ਵੱਲ ਰੁਚੀ ਦਿਖਾ ਰਿਹਾ ਹੈ। ਪਰਵਾਨਾ ਆਪਣੇ ਨਾਵਲੀ ਬਿਰਤਾਂਤ ਰਾਹੀਂ ਸਮਕਾਲੀ ਦੌਰ ਦੀ ਨੌਜੁਆਨ ਪੀੜ੍ਹੀ ਨੂੰ ਨਵੇਂ ਕਦਮ ਚੁੱਕਣ ਲਈ ਪ੍ਰੇਰਦਾ ਹੈ। ਪਰਵਾਨਾ ਪੂੰਜੀਵਾਦੀ ਦੌਰ ਵਿਚ ਬਦਲ ਰਹੀ ਔਰਤ ਦੀ ਸੋਚ, ਰਹਿਣ-ਸਹਿਣ, ਕਦਰਾਂ-ਕੀਮਤਾਂ, ਰਵਾਇਤੀ ਜੀਵਨ-ਜਾਂਚ, ਵਿਆਹ ਰਹਿਤ ਜ਼ਿੰਦਗੀ, ਟੈਬੂ ਸਮਾਜਿਕ ਮਰਿਆਦਾ ਨੂੰ ਪਿੱਛੇ ਧੱਕ ਆਧੁਨਿਕਤਾ ਦੇ ਚਿੰਨ੍ਹ ਨੂੰ ਅਪਣਾਉਣ ਦੀ ਤਰਜਮਾਨੀ ਨਾਵਲੀ ਬਿਰਤਾਂਤ ਵਿਚ ਕਰਦਾ ਹੈ। ਸਮਕਾਲੀ ਦੌਰ ਦੀ ਔਰਤ ਭਾਵੇਂ ਪੜ੍ਹ ਲਿਖ ਕੇ ਨੌਕਰੀ ਕਰਨ ਲੱਗੀ ਹੈ ਪਰ ਪੂੰਜੀ ਕਮਾਉਣ ਲਈ ਸਮਾਜਿਕ ਮਰਿਆਦਾ ਵਿਰੋਧੀ ਕਦਰਾਂ ਕੀਮਤਾਂ ਨੂੰ ਅਪਣਾ ਰਹੀ ਹੈ। ਬਲਬੀਰ ਪਰਵਾਨਾ ਆਪਣੇ ਨਾਵਲਾਂ ਵਿਚ ਪੂੰਜੀਵਾਦੀ ਕਾਰਪੋਰੇਟ ਮਾਡਲ ਅਤੇ ਖਪਤ ਸਭਿਆਚਾਰ ਦੇ ਕੋਝੇ ਵਰਤਾਰੇ ਨਾਲ ਸੁਚੇਤ ਤੌਰ 'ਤੇ ਸੰਵਾਦ ਰਚਾਉਂਦਾ ਹੈ। ਉਹ ਪੂੰਜੀਵਾਦੀ ਕਾਰਪੋਰੇਟ ਮਾਡਲ ਅਤੇ ਖਪਤ ਸਭਿਆਚਾਰ ਦੇ ਪ੍ਰਭਾਵ ਕਾਰਨ ਸਾਡੇ ਨੈਤਿਕ ਮੁੱਲਾਂ ਵਿਚਲੇ ਪਰਿਵਰਤਨਾਂ ਨੂੰ ਚਿਤਰਨ ਵਿਚ ਕਿਤੇ ਵੀ ਕੁਤਾਹੀ ਨਹੀਂ ਕਰਦਾ। ਇਨ੍ਹਾਂ ਪਰਿਵਰਤਨਾਂ ਨੂੰ ਪਰਵਾਨਾ ਕਾਂਤਾ, ਆਂਚਲਾ, ਪ੍ਰਿਯੰਕਾ, ਰਾਣਾ, ਮਾਲਤੀ, ਪਰਮਪਾਲ ਪਾਤਰਾਂ ਰਾਹੀਂ ਰੂਪਾਂਤਰਨ ਕਰਦਾ ਹੈ। ਪੂੰਜੀ ਇਕੱਤਰ ਕਰਨ ਦੀ ਦੌੜ ਵਿਚ ਮਨੁੱਖ ਨਿਰਾਸ਼ਾ ਬੇਗਾਨਗੀ ਵਾਲਾ ਜੀਵਨ ਜਿਉਂ ਰਿਹਾ ਹੈ। ਇਸੇ ਦੀ ਤਰਜ਼ਮਾਨੀ ਕਰਦੇ ਪਾਤਰ ਹਨ ਪ੍ਰਿਯੰਕਾ, ਪਰਮਪਾਲ, ਆਂਚਲਾ, ਕਾਂਤਾ, ਮਾਲਤੀ ਸ਼ਰਮਾ, ਪਾਲੀ, ਦੀਪੀ, ਰਾਣਾ ਆਦਿ। ਮਨੁੱਖ ਮਾਨਸਿਕ ਅਤੇ ਆਰਥਿਕ ਸੰਤਾਪ ਕਾਰਨ ਨਸ਼ਿਆਂ ਦਾ ਸੇਵਨ ਕਰਨ ਵੱਲ ਰੁਚਿਤ ਹੋ ਰਿਹਾ ਹੈ। ਇੱਕੀਵੀ ਸਦੀ ਦਾ ਮਨੁੱਖ ਵਧੇਰੇ ਪੂੰਜੀ ਕਮਾਉਣ ਦੇ ਚੱਕਰ ਵਿਚ ਫਸਕੇ ਰੱਬ ਵਰਗੇ ਰਿਸ਼ਤੇ ਨਾਤਿਆਂ ਨੂੰ ਵੀ ਭੁੱਲ ਚੁੱਕੇ ਹਨ। ਆਂਚਲਾ ਅਤੇ ਕਾਂਤਾ ਆਪਣੀਆਂ ਭਾਣਜੀਆਂ ਨੂੰ ਉਚੇਰੀ ਪੜ੍ਹਾਈ ਲਈ ਆਪਣੇ ਘਰ ਰੱਖਣ ਤੋਂ ਇਨਕਾਰ ਕਰ ਦਿੰਦੀਆਂ ਹਨ। ਹਰੀ ਕ੍ਰਾਂਤੀ ਦੇ ਪ੍ਰਭਾਵ ਕਾਰਨ ਕਿਸਾਨੀ ਜੀਵਨ ਪੈਸੇ ਦੀ ਦੌੜ ਅਤੇ ਬੇਲੋੜੇ ਮਸ਼ੀਨੀਕਰਨ ਦੀ ਪ੍ਰਕਿਰਿਆ ਵਿਚ ਸ਼ਾਮਿਲ ਹੋਇਆ। ਹਰੀ ਕ੍ਰਾਂਤੀ ਦੇ ਪ੍ਰਭਾਵ ਕਾਰਨ ਪਿੰਡਾਂ ਵਿਚ ਵੀ ਅਨੇਕਾਂ ਪ੍ਰਕਾਰ ਦੀਆਂ ਤਬਦੀਲੀਆਂ ਦੇ ਨਾਲ ਨਾਲ ਕਰਮ–ਧਰਮ ਦਾ ਟੁੱਟਣਾ ਅਤੇ ਰਵਾਇਤੀ ਰਸਮਾਂ–ਰਿਵਾਜਾਂ ਵਿਚ ਵੀ ਪਰਿਵਰਤਨ ਆਏ ਹਨ।

## ਉਦੇਸ਼ ਪੰਜਵਾਂ, ਬਲਬੀਰ ਪਰਵਾਨਾ ਦੀ ਨਾਵਲ ਸਾਹਿਤਕ ਵਿਧਾ ਪ੍ਰਤੀ ਪਹੁੰਚ ਦ੍ਰਿਸ਼ਟੀ ਦਾ ਅਧਿਐਨ ਕਰਨਾ:

ਚੋ-ਲੜੀ ਨਾਵਲ ਪੰਜਾਬ ਦੇ ਲੋਕਾਂ ਦੀ ਨੁਮਾਇੰਦਗੀ ਕਰਦੇ ਹਨ। ਇਹ ਪਰਵਾਨਾ ਦੀ ਕਲਾਤਮਿਕ ਪ੍ਰਤਿਭਾ ਦਾ ਕਮਾਲ ਹੈ। ਇਹ ਹੀ ਚੋ-ਲੜੀ ਨਾਵਲਾਂ ਦੀ ਵੱਡੀ ਅਤੇ ਵਰਨਣਯੋਗ ਪ੍ਰਾਪਤੀ ਹੈ। ਹਰੇ ਇਨਕਲਾਬ ਦੀ ਆਮਦ ਨਾਲ ਕਿਸਾਨੀ ਧੰਦੇ ਅਤੇ ਜੀਵਨ ਦੀ ਮਾਨਸਿਕ, ਸਮਾਜਿਕ, ਆਰਥਿਕ, ਸਭਿਆਚਾਰਕ ਪਰਿਵਰਤਨਾਂ ਨੂੰ ਚਿਤਰਨ ਦੇ ਨਾਲ-ਨਾਲ ਪਰਵਾਨਾ ਆਪਣੇ ਨਾਵਲਾਂ ਵਿੱਚ ਭਾਸ਼ਣੀ, ਬੂਮਰਿੰਗ ਵਿਧੀ, ਸਹਾਨੁਭੂਤੀ, ਪਿਛਲ-ਝਾਤ ਵਿਧੀ, ਮੌਕਾ ਮੇਲ ਦੀ ਜੁਗਤ ਦੀ ਸਫਲਤਾ ਪੂਰਵਕ ਵਰਤੋਂ ਕਰਦਾ ਹੈ। ਇਸ ਦੇ ਨਾਲ ਹੀ ਪਰਵਾਨਾ ਸਮੱਸਿਆ ਦੀ ਪੇਸ਼ਕਾਰੀ ਦੇ ਨਾਲ-ਨਾਲ ਸਮੱਸਿਆ ਦੇ ਹੱਲ ਵੀ ਪੇਸ਼ ਕਰਦਾ ਹੈ। ਪਰਵਾਨਾ ਦੇ ਨਾਵਲਾਂ ਵਿੱਚ ਮੌਲਿਕਤਾ, ਸੰਭਾਵਿਕਤਾ ਅਤੇ ਰੋਚਿਕਤਾ ਦੇ ਗੁਣ ਕੁੱਟ-ਕੁੱਟ ਕੇ ਭਰੇ ਹੋਏ ਦਿਖਾਈ ਦਿੰਦੇ ਹਨ। ਪਰਵਾਨਾ ਦੇ ਇਸਤਰੀ-ਮਰਦ ਪਾਤਰ ਪ੍ਰੰਪਰਿਕ ਪਰਿਵਾਰਕ ਸੰਬੰਧਾਂ ਵਿਚ ਬੱਝੇ ਰਹਿਣ ਅਤੇ ਕਿਤੇ ਨਾ ਕਿਤੇ ਪ੍ਰੰਪਰਾਵਾਂ ਨੂੰ ਤੋੜਦੇ ਪੂੰਜੀਵਾਦੀ ਸੋਚ ਦੀ ਵਕਾਲਤ ਕਰਦੇ ਨਜ਼ਰ ਆਉਂਦੇ ਹਨ। ਪਰਵਾਨਾ ਪਾਤਰਾਂ ਦੀ ਲਕੀਰੀ ਵੰਡ ਨਹੀਂ ਕਰਦਾ ਸਗੋਂ ਨਾਵਲਾਂ ਵਿਚਲੇ ਪਾਤਰ ਚੰਗਿਆਈਆਂ ਦਾ ਮਿਲਗੋਭਾ ਹਨ। ਗਿੰਦਰ ਅਤੇ ਰਵੀ ਵਰਗੇ ਪਾਤਰ ਆਪਣੀਆਂ ਜ਼ਿੰਮੇਵਾਰੀਆਂ ਪ੍ਰਤੀ ਸੁਚੇਤ ਹਨ ਜਦੋਂ ਕਿ ਮਾਲਤੀ, ਕਾਂਤਾ, ਪ੍ਰਿਯੰਕਾ ਗ਼ੈਰ ਜ਼ਿੰਮੇਵਾਰ ਰੁਚੀਆਂ ਨੂੰ ਪਹਿਲ ਦਿੰਦੀਆਂ ਹਨ। ਉਹ ਵਾਰਤਾਲਾਪਾਂ ਰਾਹੀਂ ਵਿਸ਼ੇ ਦੀ ਉਸਾਰੀ ਇਸ ਤਰ੍ਹਾਂ ਕਰਦਾ ਹੈ ਜਿਵੇਂ ਘਰ ਬਣਾਉਣ ਵਾਲਾ ਮਿਸਤਰੀ ਇੱਕ ਇੱਕ ਇੱਟ ਕਰ ਕੇ ਕੰਧ ਦੀ ਉਸਾਰੀ ਕਰਦਾ ਹੈ ਉਸੇ ਤਰ੍ਹਾਂ ਪਰਵਾਨਾ ਇਕੱਲੇ-ਇਕੱਲੇ ਸ਼ਬਦਾਂ ਰਾਹੀਂ ਨਾਵਲ ਵਿਚਲੇ ਵਾਰਤਾਲਾਪਾਂ ਦੀ ਉਸਾਰੀ ਕਰਦਾ ਹੈ। ਪਰਵਾਨਾ ਨਾਵਲੀ ਬਿਰਤਾਂਤ ਦੀ ਉਸਾਰੀ ਕਰਦਾ ਕੁੱਝ 'ਅਣਕਿਹਾ' ਛੱਡ ਜਾਂਦਾ ਹੈ ਤਾਂ ਜੋ ਪਾਠਕ ਆਪਣੇ ਅਨੁਭਵਾਂ, ਸਮਕਾਲੀ ਸਰੋਕਾਰਾਂ ਨੂੰ ਇਸ 'ਅਣਕਿਹੇ' ਨੂੰ ਪੂਰਦਾ ਰਹੇ। ਇਸ ਤਰ੍ਹਾਂ ਸਾਹਿਤ ਕਾਲ ਤੋਂ ਪਾਰ ਅਰਥਸ਼ੀਲ ਬਣਿਆਂ ਰਹਿੰਦਾ ਹੈ। ਔਰਤ ਮਰਦ ਦੇ ਦਵੰਦਾਤਮਕ ਰਿਸ਼ਤੇ ਦੀ ਅਭਿਵਿਅਕਤੀ ਨੂੰ ਸਿਰਜਣਾ 'ਪਰਵਾਨਾ' ਦਾ ਮੋਟਿਫ਼ ਹੈ। ਪਰ ਲੋਕ ਪੱਖੀ ਦ੍ਰਿਸ਼ਟੀ ਨੂੰ ਤਿਲਾਂਜਲੀ ਨਹੀਂ ਦਿੰਦਾ। ਪਰਵਾਨਾ ਕਿਸਾਨੀ ਵਰਗ ਨਾਲ ਸਿੱਧਾ ਜਾਂ ਅਸਿੱਧਾ ਨਹੀਂ ਸਗੋਂ ਪੇਂਡੂ ਜੀਵਨ ਅਤੇ ਧਰਾਤਲ ਨਾਲ ਵੀ ਸੰਬੰਧ ਰੱਖਦਾ ਹੈ। ਪਰਵਾਨਾ ਨੂੰ ਸ਼ਹਿਰੀ ਅਤੇ ਪੇਂਡੂ ਜਨ-ਜੀਵਨ ਦਾ ਦੀਰਘ ਅਤੇ ਵਿਸ਼ਾਲ ਅਨੁਭਵ ਹੈ। ਇਨ੍ਹਾਂ ਪਰਿਸਥਿਤੀਆਂ ਨੂੰ ਅਲੰਕਾਰਾਂ ਅਤੇ ਚਿੰਨ੍ਹਾਂ ਰਾਹੀਂ ਪੇਸ਼ ਕਰਦਾ ਹੈ। ਪਰਵਾਨਾ ਦੇ ਨਾਵਲਾਂ 'ਚ ਨਾਟਕੀ ਮੋੜ ਵੇਖਣ ਨੂੰ ਮਿਲਦੇ ਹਨ। ਇਸੇ ਕਾਰਨ ਨਾਵਲ ਸਰਲਤਾ ਦੀ ਥਾਂ ਨਾਵਲੀ ਪਰਿਸਥਿਤੀਆਂ ਪੇਚੀਦਾਰ ਬਣਦੀਆਂ ਹਨ। ਪੇਚੀਦਗੀ ਨਾਲ ਨਾਵਲ ਦੀ ਸੁਹਜਤਾ ਵਿੱਚ ਭਰਪੂਰ ਵਾਧਾ ਹੁੰਦਾ ਹੈ। ਪਰਵਾਨਾ ਦੀ ਨਾਵਲੀ ਸਿਰਜਣਾ ਦੀ ਇਹ ਵਿਲੱਖਣਤਾ ਹੈ ਕਿ ਨਾਵਲਾਂ ਵਿੱਚ ਨੈਤਿਕ ਫ਼ਤਵਾ ਲਾਗੂ ਕਰਨ ਦੀ ਥਾਂ ਉਹ ਕਿਸਾਨੀ ਮੱਧ-ਸ਼੍ਰੇਣੀ ਦੇ ਮਾਨਸਿਕ, ਆਰਥਿਕ ਯਥਾਰਥ ਦਾ ਇੱਕ ਪ੍ਰਮਾਣ ਬਣਾ ਕੇ ਪੇਸ਼ ਕਰਦਾ ਹੈ। ਪਰਵਾਨਾ ਆਪਣੇ ਨਾਵਲਾਂ 'ਚ ਮਾਰਕਸਵਾਦੀ/ਮਨੋਵਿਗਿਆਨਕ ਯਥਾਰਥਵਾਦ ਦਾ ਸਹਾਰਾ ਲੈਂਦਾ ਹੋਇਆ ਸਮਕਾਲੀ ਪ੍ਰਬੰਧ ਦੇ ਕੋਝੇ ਵਰਤਾਰਿਆਂ, ਉਲਾਰੂ ਮਨੁੱਖੀ ਸੋਚ, ਹਰ ਰਿਸ਼ਤਾ ਜੋ ਪੂੰਜੀ ਕੀਮਤਾਂ ਉੱਪਰ ਆਧਾਰਿਤ, ਤਿੜਕ ਰਿਹਾ ਪਤੀ ਪਤਨੀ ਦਾ ਰਿਸ਼ਤਾ, ਕਿਸਾਨੀ ਜੀਵਨ ਦੇ ਨਿਘਾਰ ਵੱਲ ਜਾਣ ਦੇ ਕਾਰਨਾਂ ਦੀ ਜੜ੍ਹ ਤੱਕ ਜਾਣ ਦੀ ਸਮਰੱਥਾ ਰੱਖਦਾ ਹੈ। ਪਰਵਾਨਾ ਦੁਆਰਾ ਨਾਵਲਾਂ ਵਿਚ ਬੂਮਰਿੰਗ

ਵਿਧੀ, ਮੌਕਾ ਮੇਲ ਦੀ ਜੁਗਤ, ਦੁਮੇਲਮੁਖਤਾ, ਪਿਛਲ-ਝਾਤ, ਵਿਡੰਬਣਾ, ਦੁਆਬੇ ਖ਼ਿੱਤੇ ਨਾਲ ਸਬੰਧੰਤ ਮੁਹਾਵਰੇ, ਅਖਾਣਾਂ, ਭਾਸ਼ਾ, ਸ਼ੈਲੀ, ਚਿਹਨ, ਪ੍ਰਤੀਕ, ਕਾਵਿਕ ਅੰਸ਼ ਆਦਿ ਵਿਧੀਆਂ ਦੀ ਵਰਤੋਂ ਨਾਵਲੀ ਬਿਰਤਾਂਤ ਨੂੰ ਵਧੇਰੇ ਰੋਚਿਕ ਬਣਾਉਂਦਾ ਹੋਇਆ ਦੁਆਬੇ ਦੇ ਕੰਡੀ ਖੇਤਰ ਦੀ ਆਂਚਲਿਕਤਾ ਤੋਂ ਪਾਠਕਾਂ ਨੂੰ ਜਾਣੂ ਕਰਵਾਉਂਦਾ ਹੈ।

ਸੋ ਸਮੁੱਚੇ ਅਧਿਐਨ ਉਪਰੰਤ ਕਹਿ ਸਕਦੇ ਹਾਂ ਕਿ ਬਲਬੀਰ ਪਰਵਾਨਾ ਦੇ ਨਾਵਲਾਂ 'ਚੋਂ ਹਰੀ ਕ੍ਰਾਂਤੀ, ਪੂੰਜੀਵਾਦੀ ਕਾਰਪੋਰੇਟ ਮਾਡਲ ਦੇ ਪ੍ਰਭਾਵ ਕਾਰਨ ਡਾਵਾਂਡੋਲ ਹੋਈ ਨਿਮਨ ਕਿਸਾਨੀ, ਸਭਿਆਚਾਰਕ ਜੀਵਨ ਜਾਂਚ ਵਿੱਚ ਪਰਿਵਰਤਨ, ਰਿਸ਼ਤੇ-ਨਾਤਿਆਂ ਦਾ ਤਿੜਕਣਾ, ਨੌਜਵਾਨ ਪੀੜੀ ਦੀ ਦਿਸ਼ਾਹੀਣਤਾ, ਪੈਸਾ ਕੇਂਦਰਿਤ ਰੁਚੀਆਂ, ਸਵੈ ਕੇਂਦਰਿਤ, ਜਾਇਜ਼-ਨਾਜਾਇਜ਼ ਢੰਗ ਅਤੇ ਔਰਤ ਨਾਲ ਸੰਬੰਧਿਤ ਮਸਲਿਆਂ ਰਾਹੀਂ ਨਵੇਂ ਯਥਾਰਥ ਨੂੰ ਪਾਠਕਾਂ ਸਾਹਮਣੇ ਖੋਲ੍ਹਿਆ ਹੈ। ਇਹ ਯਥਾਰਥ ਕਿਸਾਨੀ ਪੇਂਡੂ ਸਮਾਜ ਦੇ ਸੰਕਟਮਈ ਵਰਤਾਰਿਆਂ ਦੀ ਥਾਹ ਪਾਉਂਦਾ ਹੈ। ਇਨ੍ਹਾਂ ਨਾਵਲਾਂ ਰਾਹੀਂ ਪੰਜਾਬ ਦੀ ਨਿਮਨ ਕਿਸਾਨੀ ਦੀ ਤ੍ਰਾਸਦਿਕ ਪੇਸ਼ਕਾਰੀ ਆਰਥਿਕ, ਮਾਨਸਿਕ, ਸਮਾਜਿਕ, ਸਭਿਆਚਾਰਕ ਅਤੇ ਰਾਜਸੀ ਆਦਿ ਪਰਿਪੇਖ ਨੂੰ ਵਾਸਤਵਿਕ ਢੰਗ ਰਾਹੀਂ ਚਿਤਰਿਆ ਹੈ। ਕਿਸੇ ਵੀ ਸੰਕਟ ਦੀਆਂ ਕਈ ਤਰ੍ਹਾਂ ਪੇਸ਼ਕਾਰੀਆਂ ਹੁੰਦੀਆਂ ਹਨ ਇਹ ਪੇਸ਼ਕਾਰੀਆਂ ਜਾਣਕਾਰੀ ਵਜੋਂ ਪੱਤਰਕਾਰਤਾਂ ਰਾਹੀਂ ਪੇਸ਼ ਹੁੰਦੀਆਂ ਹਨ। ਤੱਥਾਂ ਵਜੋਂ ਇਤਿਹਾਸ ਰਾਹੀਂ ਪੇਸ਼ ਹੁੰਦੀਆਂ ਹਨ। ਜਾਣਕਾਰੀਆਂ ਅਤੇ ਤੱਥਾਂ ਦੀ ਆਪਣੀ ਮੱਹਤਤਾ ਹੋਣ ਦੇ ਵਾਬਜੂਦ ਵਿਸਥਾਰ ਅਤੇ ਅਨੁਭਵ ਦੀ ਸੀਮਾ ਵੀ ਹੁੰਦੀ ਹੈ। ਜਦੋਂ ਕਿ ਇਹ ਸੀਮਾਵਾਂ ਸਾਹਿਤ ਦੀ ਸੰਭਾਵਨਾ ਬਣ ਜਾਂਦੀਆਂ ਹਨ ਤੇ ਬਲਬੀਰ ਪਰਵਾਨਾ ਦੇ ਨਾਵਲਾਂ ਵਿਚ ਕਿਸਾਨੀ ਸੰਕਟ ਦਾ ਵਿਸਥਾਰ ਵੀ ਹੈ ਤੇ ਅਨੁਭਵ ਵੀ। ਪੱਤਰਕਾਰਾ ਜਾਂ ਇਤਿਹਾਸ ਦੇ ਹਵਾਲੇ ਨਾਲ ਕਿਸਾਨੀ ਸੰਕਟ ਨੂੰ ਆਰਥਿਕ ਕਾਰਣਾਂ ਨਾਲ ਮਹਿਦੂਦ ਰੱਖਿਆਂ ਜਾਂਦਾ ਹੈ। ਜਦੋਂ ਕਿ ਨਾਵਲਾਂ ਰਾਹੀਂ ਇਸ ਸੰਕਟ ਦੀਆਂ ਸਭਿਆਚਾਰਕ, ਸਮਾਜਿਕ, ਰਾਜਸੀ, ਮਾਨਸਿਕ ਪਰਤਾਂ ਵੀ ਸਾਹਮਣੇ ਆਈਆਂ ਹਨ। ਇਸ ਨਾਲ ਅਸੀ ਕਹਿ ਸਕਦੇ ਹਾਂ ਕਿ ਕਿਸਾਨੀ ਸੰਕਟ ਦੀਆਂ ਇਨ੍ਹਾਂ ਤਮਾਮ ਪਰਤਾਂ ਨੂੰ ਸਮਝਣਾ ਪਵੇਗਾ ਅਤੇ ਕਿਸਾਨੀ ਸੰਕਟ ਦਾ ਹੱਲ ਇਨ੍ਹਾਂ ਸਾਰੀਆਂ ਪਰਤਾਂ ਦੇ ਨਾਲ ਵੀ ਜੁੜਿਆ ਹੈ। ਕੇਵਲ ਆਰਥਿਕ ਸੰਕਟ ਨਾਲ ਹੀ ਨਹੀਂ।

, , , , ,

## ਅਧਿਆਇ ਪਹਿਲਾ

## ਸਿਧਾਂਤਕ ਪਿੱਠ-ਭੂਮੀ

ਹੱਥਲਾ ਖੋਜ ਕਾਰਜ 21ਵੀਂ ਸਦੀ ਦੇ ਬਹੁ ਚਰਚਿਤ ਨਾਵਲਕਾਰ ਬਲਬੀਰ ਪਰਵਾਨਾ ਦੁਆਰਾ ਰਚਿਤ ਨਾਵਲਾਂ ਉੱਪਰ ਆਧਾਰਿਤ ਹੈ। ਬਲਬੀਰ ਪਰਵਾਨਾ ਦੇ ਨਾਵਲ ਹਨ: *'ਗਹਿਰ ਚੜ੍ਹੀ ਅਸਮਾਨ', 'ਨਿੱਕੇ ਨਿੱਕੇ ਯੁੱਧ', 'ਆਪਣੇ ਆਪਣੇ ਮੋਰਚੇ', 'ਕਥਾ ਇਸ ਯੁੱਗ ਦੀ', 'ਅੰਬਰ ਵੱਲ ਉਡਾਣ', 'ਖੇਤਾਂ ਦਾ ਰੁਦਨ'*। ਬਲਬੀਰ ਪਰਵਾਨਾ ਸਮਕਾਲੀ ਦੌਰ ਦੇ ਕੋਝੇ ਵਰਤਾਰਿਆਂ ਨੂੰ ਨਾਵਲੀ ਬਿਰਤਾਂਤ ਦਾ ਹਿੱਸਾ ਬਣਾਉਂਦਾ ਹੈ। ਪਰਵਾਨਾ ਆਪਣੇ ਨਾਵਲੀ ਥੀਮ ਵਿਚ ਨਿਘਾਰ ਵੱਲ ਜਾ ਰਹੇ ਕਿਸਾਨੀ ਜੀਵਨ ਦੀਆਂ ਨਿਰਾਸ਼ਾ ਜਨਕ ਪਰਿਸਥਿਤੀਆਂ ਨੂੰ ਆਧਾਰ ਬਣਾਉਂਦਾ ਹੋਇਆ ਪੂੰਜੀਵਾਦ ਕਾਰਪੋਰੇਟ ਮਾਡਲ ਦੇ ਕੋਝੇ ਵਰਤਾਰਿਆਂ ਉੱਪਰ ਵਿਅੰਗ ਕੱਸਦਾ ਹੈ। ਪਰਵਾਨਾ ਨਾਵਲੀ ਬਿਰਤਾਂਤ 'ਚ ਦੁਆਬੇ ਦੇ ਕੰਡੀ ਖੇਤਰ ਦੇ ਕਿਸਾਨੀ ਜੀਵਨ ਦੀ ਮਾੜੀ ਆਰਥਿਕਤਾ, ਮਾੜੀ ਆਰਥਿਕਤਾ ਕਾਰਨ ਨਿਘਾਰ ਵੱਲ ਜਾ ਰਿਹਾ ਸਮਾਜਿਕ ਪੱਧਰ, ਸਰਕਾਰ ਦੀਆਂ ਕੋਝੀਆਂ ਚਾਲਾਂ, ਆੜ੍ਹਤੀਆ ਸਿਸਟਮ, ਚਿੰਤਾ ਜਨਕ ਪਰਿਵਾਰਕ ਪਰਿਸਥਿਤੀਆਂ, ਨੌਕਰੀ ਦੀ ਸਮੱਸਿਆ, ਫ਼ਸਲਾਂ ਦੇ ਉਚਿੱਤ ਭਾਅ ਨਾ ਮਿਲਣੇ, ਹਰੀ ਕ੍ਰਾਂਤੀ ਦੇ ਪ੍ਰਭਾਵ, ਰਵਾਇਤੀ ਰਿਸ਼ਤੇ-ਨਾਤਿਆਂ ਦਾ ਤਿੜਕਣਾ, ਨਵੇਂ ਸਥਾਪਿਤ ਹੋ ਰਹੇ ਨੈਤਿਕ ਮੁੱਲ, ਵਿਦੇਸ਼ੀ ਜੀਵਨ ਜਾਂਚ ਵੱਲ ਕੇਂਦਰਿਤ ਜ਼ਿੰਦਗੀ ਵਰਗੇ ਵਰਤਾਰੇ ਨੂੰ ਆਧਾਰ ਬਣਾਉਂਦਾ ਹੈ। ਪਰਵਾਨਾ ਦੇ ਨਾਵਲ ਆਦਿ ਤੋਂ ਅੰਤ ਤੱਕ ਨਿਮਨ ਕਿਸਾਨੀ ਜੀਵਨ ਦੀਆਂ ਤ੍ਰਾਸਦਿਕ ਪਰਿਸਥਿਤੀਆਂ ਨੂੰ ਰੂਪਮਾਨ ਕਰਦੇ ਹਨ। ਸਮਕਾਲੀ ਦੌਰ 'ਚ ਨਿਮਨ ਕਿਸਾਨੀ ਜੀਵਨ ਦਾ ਨਿਘਾਰ ਵੱਲ ਜਾਣਾ ਅਤੇ ਆਤਮਹੱਤਿਆ ਵਰਗੇ ਰਸਤੇ ਦੀ ਚੋਣ ਚਿੰਤਾ ਜਨਕ ਪਰਿਸਥਿਤੀਆਂ ਹਨ। ਸੋ ਜ਼ਰੂਰਤ ਹੈ ਇਨ੍ਹਾਂ ਚਿੰਤਾ-ਜਨਕ ਪਰਿਸਥਿਤੀਆਂ ਬਾਰੇ ਵਿਚਾਰ ਚਰਚਾ ਕਰਨ ਦੀ।

## 1.1 ਸਮੱਸਿਆ ਕਥਨ

ਮਿੱਟੀ ਨਾਲ ਮਿੱਟੀ ਹੋ ਕੇ ਧਰਤੀ ਵਿਚੋਂ ਸੋਨਾ ਉਗਾਉਣ ਵਾਲਾ ਕਿਸਾਨ ਪੰਜਾਬ ਭਾਰਤ ਦਾ ਹੀ ਨਹੀਂ ਸਗੋਂ ਵਿਦੇਸ਼ਾਂ ਦਾ ਵੀ ਢਿੱਡ ਭਰਦਾ ਹੈ। ਇਸੇ ਕਰ ਕੇ ਪੰਜਾਬ ਦੇ ਕਿਸਾਨ ਨੂੰ 'ਅੰਨਦਾਤਾ' ਦਾ ਖ਼ਿਤਾਬ ਮਿਲਿਆ ਹੈ। ਪਰ ਕਿਸਾਨੀ ਜੀਵਨ ਦੀ ਸਮਕਾਲੀ ਸਥਿਤੀ ਬਹੁਤ ਹੀ ਚਿੰਤਾ ਜਨਕ ਹੈ। 1970 ਈ. 'ਚ ਜਦੋਂ ਦੇਸ਼ ਅੰਦਰ ਭੁੱਖਮਰੀ ਫੈਲ ਗਈ ਸੀ ਉਸ ਸਮੇਂ ਪੰਜਾਬ ਦੇ ਕਿਸਾਨਾਂ ਨੇ ਆਪਣੀ ਦਿਨ ਰਾਤ ਦੀ ਮਿਹਨਤ ਮੁਸ਼ੱਕਤ ਨਾਲ ਇੰਨਾ ਅੰਨ ਪੈਦਾ ਕੀਤਾ ਕਿ ਪੰਜਾਬ ਹੀ ਨਹੀਂ ਸਗੋਂ ਭਾਰਤ ਵੀ ਭੁੱਖਮਰੀ ਵਰਗੀ ਸਮੱਸਿਆ ਤੋਂ ਮੁਕਤ ਹੋ ਗਿਆ। ਉਸ ਸਮੇਂ ਕੀਤੀ ਮਿਹਨਤ ਦੇ ਨਤੀਜਿਆਂ ਕਾਰਨ ਹੀ ਪੰਜਾਬ ਦੇ ਕਿਸਾਨ ਨੂੰ 'ਅੰਨਦਾਤਾ' ਦਾ ਖ਼ਿਤਾਬ ਮਿਲਿਆ ਸੀ। ਪਰ ਸਮਕਾਲੀ ਦੌਰ ਵਿਚ ਕਿਸਾਨ ਖ਼ੁਦਕੁਸ਼ੀਆਂ ਕਿਉਂ ਕਰ ਰਹੇ ਹਨ ਦੂਸਰਾ ਹਰ ਸਮੇਂ ਸਰਕਾਰ ਇਹ ਘੋਸ਼ਣਾ ਕਿਉਂ ਕਰਦੀ ਹੈ ਕਿ ਸਰਕਾਰ ਕਿਸਾਨਾਂ ਨੂੰ ਬਿਜਲੀ ਮੁਫ਼ਤ ਦੇਵੇਗੀ, ਬਿੱਲ ਮਾਫ਼ ਕੀਤੇ ਜਾਣਗੇ, ਘੱਟ ਭਾਅ ਉੱਪਰ ਬੀਜ, ਖਾਂਦ, ਕੀਟ ਨਾਸ਼ਕ ਦਵਾਈਆਂ ਦਿੱਤੀਆਂ ਜਾਣਗੀਆਂ? ਕਿਸਾਨਾਂ ਨੂੰ ਹਰ ਪੱਖੋਂ ਆਰਥਿਕ ਸਹਾਇਤਾ ਦਿੱਤੀ ਜਾਵੇਗੀ। ਕਿਉਂ ਨਿੱਤ ਨਵੇਂ ਬਿੱਲ/ਕਾਨੂੰਨ ਪਾਸ ਕੀਤੇ ਜਾਂਦੇ ਹਨ। ਤੀਸਰਾ 22 ਮਾਰਚ 2001

ਨੂੰ ਸਰਕਾਰ ਨੇ ਇਹ ਘੋਸ਼ਣਾ ਕੀਤੀ ਕਿ ਕਿਸਾਨ ਖੁਦਕੁਸ਼ੀ ਕਰਨ ਵਾਲੇ ਪਰਿਵਾਰਾਂ ਨੂੰ 2 ਲੱਖ ਰੁਪਏ ਦਾ ਮੁਆਵਜ਼ਾ ਦਿੱਤਾ ਜਾਵੇਗਾ। ਇਹ ਮੁਆਵਜ਼ਾ ਕਿਸਾਨਾਂ ਨੂੰ ਹੀ ਕਿਉਂ? ਚੌਥਾ ਹਰ ਦਿਨ ਕਿਸਾਨ ਜਥੇਬੰਦੀਆਂ ਸਰਕਾਰ ਅੱਗੇ ਕਿਸਾਨਾਂ ਲਈ ਧਰਨੇ ਦਿੰਦੀਆਂ, ਰੋਸ ਮੁਜ਼ਾਰਾ ਕਰਦੀਆਂ ਹਨ ਕਿਉਂ? ਕਿਉਂ ਸਵਾਮੀਨਾਥਨ ਦੀ ਰਿਪੋਰਟ ਨੂੰ ਲਾਗੂ ਕਰਨ ਉੱਪਰ ਜ਼ੋਰ ਦਿੱਤਾ ਜਾ ਰਿਹਾ ਹੈ। ਇਨ੍ਹਾਂ ਕਰਨਾ ਦੇ ਘੋਖ 'ਚ ਜਾਣ ਉਪਰੰਤ ਪਤਾ ਚੱਲਦਾ ਹੈ ਕਿ ਦਿਨ ਪ੍ਰਤੀ ਦਿਨ ਨਿਮਨ ਕਿਸਾਨੀ ਜੀਵਨ ਨਿਘਾਰ ਵੱਲ ਜਾ ਰਿਹਾ ਹੈ। ਉਸ ਦਾ ਜੀਵਨ ਅੱਤ ਦੀਆਂ ਤੰਗੀਆਂ ਤਰੁੱਟੀਆਂ ਨਾਲ ਜੂਝ ਰਿਹਾ ਹੈ। ਨਿਮਨ ਕਿਸਾਨੀ ਜੀਵਨ ਨਿਰਾਸ਼ਾ ਨਾਲ ਭਰਿਆ ਹੋਣ ਕਾਰਨ ਤ੍ਰਾਸਦੀ ਵਾਲਾ ਜੀਵਨ ਬਿਤਾ ਰਿਹਾ ਹੈ। ਹਰੀ ਕ੍ਰਾਂਤੀ ਦੇ ਮਾਰੂ ਪ੍ਰਭਾਵ, ਸਮਕਾਲੀ ਸਰਕਾਰ ਦੀਆਂ ਕੋਝੀਆਂ ਨੀਤੀਆਂ, ਪੂੰਜੀਵਾਦੀ ਕਾਰਪੋਰੇਟ ਮਾਡਲ ਦੇ ਅੰਨ੍ਹੇ ਵਿਕਾਸ ਕਾਰਨ ਕਿਸਾਨ ਖ਼ੁਦਕੁਸ਼ੀਆਂ ਕਰ ਰਹੇ ਹਨ। ਲੋੜ ਹੈ ਕਿਸਾਨੀ ਦੀਆਂ ਦੁਖਾਂਤਕ ਪਰਿਸਥਿਤੀਆਂ ਨੂੰ ਸਮਝਣ ਦੀ ਅਤੇ ਉਨ੍ਹਾਂ ਕਾਰਨਾਂ ਦੀ ਨਿਸ਼ਾਨਦੇਹੀ ਕਰਨ ਦੀ ਜਿਸ ਕਾਰਨ ਪੰਜਾਬ ਦਾ ਨਿਮਨ ਕਿਸਾਨ ਨਿਘਾਰ ਵੱਲ ਜਾ ਰਿਹਾ ਹੈ।

## 1.2 ਖੋਜ ਕਾਰਜ ਦੀ ਪ੍ਰਸੰਗਿਕਤਾ

ਇਹ ਖੋਜ ਕਾਰਜ ਬਲਬੀਰ ਪਰਵਾਨਾ ਦੇ ਨਾਵਲਾਂ ਦੇ ਅਧਿਐਨ ਰਾਹੀਂ ਕਿਸਾਨੀ ਸੰਕਟ ਦੀ ਸਮਕਾਲੀ ਸਥਿਤੀ ਬਾਰੇ ਗਿਆਨ ਦੇਣ ਅਤੇ ਸੰਭਾਵਿਤ ਸੁਧਾਰ ਕਰਨ ਸੰਬੰਧੀ ਵਿਚਾਰ ਦੇਣ ਵਿਚ ਸਹਾਇਕ ਹੋਵੇਗਾ ਜੋ ਕਿ ਇਹ ਖੋਜ ਕਾਰਜ ਦਾ ਮੁੱਖ ਉਦੇਸ਼ ਵੀ ਹੈ ਅਤੇ ਅਜਿਹਾ ਹੀ ਨਤੀਜਾ ਰਹਿਣ ਦੀ ਸੰਭਾਵਨਾ ਹੈ। ਖੋਜ-ਕਰਤਾ ਨੂੰ ਇਹ ਦ੍ਰਿੜ੍ਹ ਵਿਸ਼ਵਾਸ ਹੈ ਕਿ ਨਿਮਨ ਕਿਸਾਨੀ ਜੀਵਨ ਦੀਆਂ ਸਥਿਤੀਆਂ ਵਿਚ ਸੁਧਾਰ ਕੀਤਾ ਜਾ ਸਕਦਾ ਹੈ। ਇਸ ਲਈ ਇਹ ਖੋਜ ਕਾਰਜ ਕਿਸਾਨੀ ਸੰਕਟ ਦੇ ਸੁਧਾਰਾਂ ਵਿਚ ਅਹਿਮ ਯੋਗਦਾਨ ਦੇਵੇਗਾ। ਕਿਸਾਨ ਪੰਜਾਬ, ਭਾਰਤ ਦਾ ਹੀ ਨਹੀਂ ਸਗੋਂ ਵਿਦੇਸ਼ਾਂ ਦਾ ਵੀ ਅੰਨਦਾਤਾ ਹੈ। ਇਸ ਖੋਜ ਕਾਰਜ ਦਾ ਮੰਤਵ ਉਨ੍ਹਾਂ ਸੁਧਾਰਾਂ ਦੀ ਨਿਸ਼ਾਨਦੇਹੀ ਕਰਨਾ ਹੈ, ਜਿਨ੍ਹਾਂ ਨੂੰ ਲਾਗੂ ਕਰ ਕੇ ਸਰਕਾਰ ਇਨ੍ਹਾਂ ਕਿਸਾਨਾਂ ਦੀ ਸਥਿਤੀ 'ਚ ਸੁਧਾਰ ਕਰਨ ਲਈ ਬਣਦੇ ਕਦਮ ਚੁੱਕ ਸਕਦੀ ਹੈ। ਇਸ ਨਾਲ ਕਿਸਾਨਾਂ ਦੀਆਂ ਮਾਨਸਿਕ ਅਤੇ ਆਰਥਿਕ ਪ੍ਰੇਸ਼ਾਨੀਆਂ ਨੂੰ ਦੂਰ ਕੀਤਾ ਜਾ ਸਕਦਾ ਹੈ ਅਤੇ ਅਜਿਹਾ ਕਰਨ ਨਾਲ ਹੀ ਕਿਸਾਨਾਂ 'ਚ ਆਤਮ ਹੱਤਿਆ ਕਰਨ ਵੱਲ ਰੁਝਾਨ ਘਟੇਗਾ। ਨਿਘਾਰ ਵੱਲ ਜਾ ਰਹੇ ਕਿਸਾਨੀ ਜੀਵਨ ਨੂੰ ਬਚਾਇਆ ਜਾ ਸਕੇ। ਤਤਕਾਲੀ ਸਮੇਂ ਦੀ ਲੋੜ ਹੈ ਕਿ ਕਿਸਾਨੀ ਜੀਵਨ ਨੂੰ ਸੰਕਟ ਮੁਕਤ ਕੀਤਾ ਜਾਵੇ ਅਤੇ ਨਿਘਾਰ ਵੱਲ ਜਾਣ ਤੋਂ ਬਚਾਇਆ ਜਾਵੇ।

## 1.3 ਖੋਜ ਕਾਰਜ ਦਾ ਖੇਤਰ

ਇਸ ਖੋਜ ਕਾਰਜ ਦਾ ਸਿਰਲੇਖ ਬਲਬੀਰ ਪਰਵਾਨਾ ਦੇ ਨਾਵਲਾਂ 'ਚ ਪ੍ਰਸਤੁਤ ਕਿਸਾਨੀ ਸੰਕਟ ਦਾ ਕਿਸਾਨੀ ਸਮਾਜ 'ਤੇ ਪ੍ਰਭਾਵ ਹੈ। ਹੱਥਲਾ ਖੋਜ ਬਲਬੀਰ ਪਰਵਾਨਾ ਦੇ ਨਾਵਲ *'ਨਿੱਕੇ ਨਿੱਕੇ ਯੁੱਧ'* (2008), *'ਆਪਣੇ ਆਪਣੇ ਮੋਰਚੇ'*

(2009), *'ਗਹਿਰ ਚੜ੍ਹੀ ਅਸਮਾਨ'* (2010), *'ਕਥਾ ਇਸ ਯੁੱਗ ਦੀ'* (2011), *'ਅੰਬਰ ਵੱਲ ਉਡਾਣ'* (2012), ਅਤੇ *'ਖੇਤਾਂ ਦਾ ਰੁਦਨ'* (2013) ਤੱਕ ਹੀ ਸੀਮਿਤ ਹੈ।

## 1.4 ਖੋਜ ਕਾਰਜ ਦੇ ਉਦੇਸ਼:

ਹਰ ਕੰਮ ਪਿੱਛੇ ਕੋਈ ਨਾ ਕੋਈ ਉਦੇਸ਼ ਜ਼ਰੂਰ ਹੁੰਦਾ ਹੈ। ਉਦੇਸ਼ ਤੋਂ ਬਿਨਾਂ ਕੋਈ ਵੀ ਕੰਮ ਸੁਚਾਰੂ ਰੂਪ ਵਿੱਚ ਨੇਪਰੇ ਨਹੀਂ ਚੜ੍ਹ ਸਕਦਾ। ਇਸੇ ਲਈ ਹਥਲੇ ਖੋਜ ਕਾਰਜ ਪਿੱਛੇ ਵੀ ਕੁੱਝ ਉਦੇਸ਼ ਕਾਰਜਸ਼ੀਲ ਹਨ, ਜਿਨ੍ਹਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਕੀਤਾ ਗਿਆ ਹੈ।

1.4.1 ਪੰਜਾਬ ਦੇ ਕਿਸਾਨੀ ਜੀਵਨ ਦਾ ਇਤਿਹਾਸਕ ਦ੍ਰਿਸ਼ਟੀਕੋਣ ਤੋਂ ਅਧਿਐਨ ਕਰਨਾ।

1.4.2 ਕਿਸਾਨ ਖੁਦਕੁਸ਼ੀਆਂ ਦੇ ਕਾਰਨਾਂ ਅਤੇ ਪ੍ਰਭਾਵਾਂ ਨੂੰ ਤਲਾਸ਼ਣਾ।

1.4.3 ਬਲਬੀਰ ਪਰਵਾਨਾ ਦੇ ਨਾਵਲਾਂ 'ਚ ਪ੍ਰਸਤੁਤ ਕਿਸਾਨੀ ਸੰਕਟ ਦੇ ਪ੍ਰਭਾਵਾਂ ਦਾ ਅਧਿਐਨ ਕਰਨਾ।

1.4.4 ਕਿਸਾਨੀ ਜੀਵਨ ਵਿਚ ਨਿਰਧਾਰਿਤ ਹੋ ਰਹੇ ਨਵੇਂ ਨੈਤਿਕ ਮੁੱਲਾਂ ਦਾ ਮੁਲਾਂਕਣ ਕਰਨਾ।

1.4.5 ਬਲਬੀਰ ਪਰਵਾਨਾ ਦੀ ਨਾਵਲ ਸਾਹਿਤਕ ਵਿਧਾ ਪ੍ਰਤੀ ਪਹੁੰਚ ਦ੍ਰਿਸ਼ਟੀ ਦਾ ਅਧਿਐਨ ਕਰਨਾ।

## 1.5 ਖੋਜ-ਵਿਧੀ:

ਇਸ ਖੋਜ ਕਾਰਜ ਦੌਰਾਨ ਹੇਠ ਲਿਖੀ ਖੋਜ ਵਿਧੀ ਦੀ ਵਰਤੋਂ ਕਰਾਂਗੀ ਜਿਵੇਂ:

### 1.5.1 ਇਤਿਹਾਸਵਾਦੀ ਵਿਧੀ:

ਕਿਸੇ ਸਾਹਿਤਕ ਰਚਨਾ ਦੀ ਪਰਖ ਪੜਚੋਲ ਕਰਨੀ ਜਿਸ ਦਾ ਮੁੱਖ ਆਧਾਰ ਘਟਨਾਵਾਂ, ਤੱਥਾਂ, ਸੰਕੇਤਾਂ, ਜਨਮ ਤਾਰੀਖ, ਵਸਤੂਆਂ ਨੂੰ ਬਣਾਇਆ ਜਾਵੇ ਉਸ ਨੂੰ ਇਤਿਹਾਸਵਾਦੀ ਵਿਧੀ ਕਿਹਾ ਜਾਂਦਾ ਹੈ। ਸਮਕਾਲੀ ਦੌਰ ਵਿਚ ਇਹ ਵਿਧੀ ਵਧੇਰੇ ਲੋਕ ਪ੍ਰਿਯ ਹੈ। ਇਤਿਹਾਸ ਦੇ ਵਿਦਿਆਰਥੀ ਇਸ ਵਿਧੀ ਦੀ ਵਧੇਰੇ ਵਰਤੋਂ ਕਰਦੇ ਹਨ। ਇਸ ਦੀ ਵਿਸ਼ੇਸ਼ਤਾ ਇਹ ਹੈ ਕਿ ਇਹ ਵਿਧੀ ਮਾਰਕਸਵਾਦੀ ਵਿਧੀ ਦੇ ਸੁਭਾਅ ਨਾਲ ਮੇਲ ਖਾਂਦੀ ਹੈ।

ਇਹ ਖੋਜ ਵਿਧੀ ਹੱਥਲੇ ਖੋਜ ਕਾਰਜ ਦੇ ਉਦੇਸ਼ 1.4.1 ਪੰਜਾਬ ਦੇ ਕਿਸਾਨੀ ਜੀਵਨ ਦਾ ਇਤਿਹਾਸਕ ਦ੍ਰਿਸ਼ਟੀਕੋਣ ਤੋਂ ਅਧਿਐਨ ਕਰਨਾ, 1.4.2 ਕਿਸਾਨ ਖੁਦਕੁਸ਼ੀਆਂ ਦੇ ਕਾਰਨਾਂ ਅਤੇ ਪ੍ਰਭਾਵਾਂ ਨੂੰ ਤਲਾਸ਼ਣਾ ਦੀ ਪੂਰਤੀ ਕਰਦੇ ਅਧਿਆਇ ਪਹਿਲਾ, ਦੂਜਾ ਅਤੇ ਤੀਜਾ ਉੱਪਰ ਲਾਗੂ ਹੁੰਦੀ ਹੈ।

## 1.5.2 ਤਰਕਵਾਦੀ ਵਿਧੀ:

ਤਰਕਵਾਦੀ ਵਿਧੀ ਤਰਕ ਵਿਤਰਕ ਨਾਲ ਚੱਲਦੀ ਹੈ। ਜਦੋਂ ਮਨੁੱਖ ਨੇ ਵਿਗਿਆਨਕ ਦ੍ਰਿਸ਼ਟੀ ਨਾਲ ਸੋਚਣਾ ਆਰੰਭ ਕੀਤਾ ਤਾਂ ਤਰਕਵਾਦ ਦਾ ਜਨਮ ਹੋਇਆ। ਇਸ ਵਿਧੀ ਦੇ ਅੱਗੇ ਦੋ ਭਾਗ ਹਨ: ਇੱਕ ਨਿਗਮਨਾਤਮਕ ਵਿਧੀ ਅਤੇ ਦੂਸਰੀ ਆਗਮਨਾਤਮਕ ਵਿਧੀ। ਇਸ ਖੋਜ ਕਾਰਜ ਦੌਰਾਨ ਨਿਗਮਨਾਤਮਕ ਵਿਧੀ ਅਤੇ ਦੂਸਰੀ ਆਗਮਨਾਤਮਕ ਵਿਧੀ ਦੀ ਵਰਤੋਂ ਕੀਤੀ ਜਾਵੇਗੀ। ਨਿਗਮਨਾਤਮਕ ਵਿਧੀ ਸਾਧਾਰਨ ਸਥਿਤੀ ਤੋਂ ਵਿਸ਼ੇਸ਼ ਸਥਿਤੀ ਤੱਕ ਪਹੁੰਚਣ ਦਾ ਵਿਧਾਨ ਸਿਰਜਦੀ ਹੈ। ਆਗਮਨਾਤਮਕ ਵਿਧੀ ਤਰਕਵਾਦ ਦੀ ਪਹਿਲੀ ਵਿਧੀ ਦੇ ਵਿਪਰੀਤ ਚੱਲਦੀ ਹੈ।

ਇਹ ਖੋਜ ਵਿਧੀ ਹੱਥਲੇ ਖੋਜ ਕਾਰਜ ਦੇ ਉਦੇਸ਼ 1.4.3 ਬਲਬੀਰ ਪਰਵਾਨਾ ਦੇ ਨਾਵਲਾਂ 'ਚ ਪ੍ਰਸਤੁਤ ਕਿਸਾਨੀ ਸੰਕਟ ਦੇ ਪ੍ਰਭਾਵਾਂ ਦਾ ਅਧਿਐਨ ਕਰਨਾ, 1.4.4 ਕਿਸਾਨੀ ਜੀਵਨ ਵਿਚ ਨਿਰਧਾਰਿਤ ਹੋ ਰਹੇ ਨਵੇਂ ਨੈਤਿਕ ਮੁੱਲਾਂ ਦਾ ਮੁਲਾਂਕਣ ਕਰਨਾ ਦੀ ਪੂਰਤੀ ਕਰਦੇ ਨਾਵਲ '*ਗਹਿਰ ਚੜ੍ਹੀ ਅਸਮਾਨ*', '*ਨਿੱਕੇ ਨਿੱਕੇ ਯੁੱਧ*', '*ਆਪਣੇ ਆਪਣੇ ਮੋਰਚੇ*', '*ਕਥਾ ਇਸ ਯੁੱਗ ਦੀ*', '*ਅੰਬਰ ਵੱਲ ਉਡਾਣ*', '*ਖੇਤਾਂ ਦਾ ਰੁਦਨ*' ਅਧਿਆਇ ਚੌਥਾ, ਪੰਜਵਾਂ ਅਤੇ ਛੇਵਾਂ ਉੱਪਰ ਲਾਗੂ ਹੁੰਦੀ ਹੈ।

## 1.5.3 ਸਮਾਜ ਸ਼ਾਸਤਰੀ ਵਿਧੀ:

ਸਮਾਜ ਸ਼ਾਸਤਰੀ ਵਿਧੀ ਸਮਾਜ ਸ਼ਾਸਤਰ ਦੇ ਸੂਤਰਾਂ ਉੱਪਰ ਉੱਸਰੀ ਹੁੰਦੀ ਹੈ। ਸਾਹਿਤ ਸਮਾਜਿਕ ਜੀਵਨ ਵਿਚਲੇ ਅਨੇਕਾਂ ਪੱਖਾਂ ਨਾਲ ਸੰਬੰਧ ਹੈ। ਸਾਹਿਤ ਦੀ ਸਿਰਜਣਾ ਅਤੇ ਇਸ ਦੇ ਭਿੰਨ-ਭਿੰਨ ਤੱਤ, ਪ੍ਰਯੋਜਨ ਅਤੇ ਪ੍ਰਕਿਰਤੀ ਸਾਰੇ ਲਕਸ਼ ਸਮਾਜਿਕ ਹਾਲਤਾਂ ਨਾਲ ਜੁੜੇ ਹੋਏ ਹਨ। ਸਮਾਜ ਸ਼ਾਸਤਰੀ ਵਿਧੀ ਸਾਹਿਤ ਨੂੰ ਉਸ ਦੇ ਸਮਾਜਿਕ ਪਰਿਪੇਖ ਵਿਚ ਸਮਝਣ ਲਈ ਉੱਤਮ ਵਿਧੀ ਹੈ, ਜਿਹੜੀ ਇੱਕੋ ਸਮੇਂ ਸਮਾਜ ਅਤੇ ਸਾਹਿਤ ਦੇ ਆਪਸੀ ਸੰਬੰਧਾਂ ਨੂੰ ਦੇਖਦੀ, ਪਰਖਦੀ ਅਤੇ ਉਨ੍ਹਾਂ ਸੰਬੰਧਾਂ ਦੀ ਨਿਸ਼ਾਨਦੇਹੀ ਕਰਦੀ ਹੈ।

ਇਹ ਖੋਜ ਵਿਧੀ ਹੱਥਲੇ ਖੋਜ ਕਾਰਜ ਦੇ ਉਦੇਸ਼ 1.4.3 ਬਲਬੀਰ ਪਰਵਾਨਾ ਦੇ ਨਾਵਲਾਂ 'ਚ ਪ੍ਰਸਤੁਤ ਕਿਸਾਨੀ ਸੰਕਟ ਦੇ ਪ੍ਰਭਾਵਾਂ ਦਾ ਅਧਿਐਨ ਕਰਨਾ, 1.4.4 ਕਿਸਾਨੀ ਜੀਵਨ ਵਿਚ ਨਿਰਧਾਰਿਤ ਹੋ ਰਹੇ ਨਵੇਂ ਨੈਤਿਕ ਮੁੱਲਾਂ ਦਾ ਮੁਲਾਂਕਣ ਕਰਨਾ ਦੀ ਪੂਰਤੀ ਕਰਦੇ ਨਾਵਲ '*ਗਹਿਰ ਚੜ੍ਹੀ ਅਸਮਾਨ*', '*ਨਿੱਕੇ ਨਿੱਕੇ ਯੁੱਧ*', '*ਆਪਣੇ ਆਪਣੇ ਮੋਰਚੇ*', '*ਕਥਾ ਇਸ ਯੁੱਗ ਦੀ*', '*ਅੰਬਰ ਵੱਲ ਉਡਾਣ*', '*ਖੇਤਾਂ ਦਾ ਰੁਦਨ*' ਤਹਿਤ ਅਧਿਆਇ ਤੀਜਾ, ਚੌਥਾ, ਪੰਜਵਾਂ ਅਤੇ ਛੇਵਾਂ ਉੱਪਰ ਲਾਗੂ ਹੁੰਦੀ ਹੈ।

## 1.5.4 ਮਾਰਕਸਵਾਦੀ ਵਿਧੀ:

ਕਾਰਲ ਮਾਰਕਸ ਦੇ ਭੌਤਿਕਵਾਦੀ ਦਵੰਦ ਵਾਦੀ ਫ਼ਲਸਫ਼ੇ ਉੱਪਰ ਆਧਾਰਿਤ ਪ੍ਰਣਾਲੀ ਨੂੰ ਮਾਰਕਸਵਾਦੀ ਵਿਧੀ ਕਿਹਾ ਜਾਂਦਾ ਹੈ। ਇਹ ਵਿਧੀ ਪ੍ਰਗਤੀਵਾਦੀ ਸਾਹਿਤ ਆਲੋਚਨਾ ਦਾ ਮਾਰਗ ਦਰਸ਼ਨ ਹੈ। ਇਹ ਵਿਧੀ ਸਾਹਿਤ ਦੇ ਦੋਵਾਂ ਪੱਖਾਂ ਰੂਪ ਅਤੇ ਵਸਤੂ ਨੂੰ ਦਵੰਦਾਤਮਿਕ ਸੰਬੰਧਾਂ ਵਿਚ ਬੱਝੇ ਸਵੀਕਾਰ ਕਰਦੀ ਹੈ।

ਇਹ ਖੋਜ ਵਿਧੀ ਹੱਥਲੇ ਖੋਜ ਕਾਰਜ ਦੇ ਉਦੇਸ਼ 1.4.3 ਬਲਬੀਰ ਪਰਵਾਨਾ ਦੇ ਨਾਵਲਾਂ 'ਚ ਪ੍ਰਸਤੁਤ ਕਿਸਾਨੀ ਸੰਕਟ ਦੇ ਪ੍ਰਭਾਵਾਂ ਦਾ ਅਧਿਐਨ ਕਰਨਾ, 1.4.4 ਕਿਸਾਨੀ ਜੀਵਨ ਵਿਚ ਨਿਰਧਾਰਿਤ ਹੋ ਰਹੇ ਨਵੇਂ ਨੈਤਿਕ ਮੁੱਲਾਂ ਦਾ ਮੁਲਾਂਕਣ ਕਰਨਾ, 1.4.5 ਬਲਬੀਰ ਪਰਵਾਨਾ ਦੀ ਨਾਵਲ ਸਾਹਿਤਕ ਵਿਧਾ ਪ੍ਰਤੀ ਪਹੁੰਚ ਦ੍ਰਿਸ਼ਟੀ ਦਾ ਅਧਿਐਨ ਕਰਨਾ ਉੱਪਰ ਲਾਗੂ ਹੁੰਦੀ ਹੈ। ਇਸ ਵਿਧੀ ਤਹਿਤ ਅਧਿਆਇ ਤੀਜਾ, ਚੌਥਾ, ਪੰਜਵਾਂ, ਛੇਵਾਂ ਅਤੇ ਸੱਤਵਾਂ ਦਾ ਮੁਲਾਂਕਣ ਕੀਤਾ ਗਿਆ ਹੈ।

ਇਨ੍ਹਾਂ ਖੋਜ ਵਿਧੀਆਂ ਨੂੰ ਮੁੱਖ ਰੱਖਦੇ ਹੋਏ ਇਸ ਖੋਜ ਕਾਰਜ ਦੇ ਅਧਿਆਇ ਚੌਥਾ ਦੇ ਪੈਰਾਮੀਟਰ ਹਨ:

- ਹਰੀ ਕ੍ਰਾਂਤੀ ਤੋਂ ਪਹਿਲਾ ਦਾ ਕਿਸਾਨੀ ਜੀਵਨ।
- ਕਿਸਾਨੀ ਜੀਵਨ ਦੀ ਆਰਥਿਕ, ਸਮਾਜਿਕ ਅਤੇ ਮਾਨਸਿਕ ਅਤੇ ਰਾਜਸੀ ਸਥਿਤੀ।
- ਹਰੀ ਕ੍ਰਾਂਤੀ ਤੋਂ ਪਹਿਲਾ ਪੇਂਡੂ ਜੀਵਨ ਜਾਂਚ ਅਤੇ ਸੱਥ ਸਭਿਆਚਾਰ।
- ਔਰਤ ਦੀ ਸਮਾਜਿਕ ਅਤੇ ਆਰਥਿਕ ਸਥਿਤੀ।
- ਹਰੀ ਕ੍ਰਾਂਤੀ ਤੋਂ ਪਹਿਲਾ ਦੇ ਰਿਸ਼ਤੇ-ਨਾਤੇ, ਕਦਰਾਂ-ਕੀਮਤਾਂ, ਰਹਿਣ-ਸਹਿਣ, ਧਰਮ-ਕਰਮ ਆਦਿ।

ਅਧਿਆਇ ਪੰਜਵਾਂ ਦੇ ਪੈਰਾਮੀਟਰ ਹਨ:

- ਆਰਥਿਕ ਸ਼ੋਸ਼ਣ ਦੇ ਪ੍ਰਭਾਵ
- ਮਾਨਸਿਕ ਸ਼ੋਸ਼ਣ ਦੇ ਪ੍ਰਭਾਵ
- ਸਮਾਜਿਕ ਸ਼ੋਸ਼ਣ ਦੇ ਪ੍ਰਭਾਵ

- ਰਾਜਨੀਤਿਕ ਸ਼ੋਸ਼ਣ ਦੇ ਪ੍ਰਭਾਵ
- ਸਭਿਆਚਾਰਕ ਸ਼ੋਸ਼ਣ ਦੇ ਪ੍ਰਭਾਵ

ਅਧਿਆਇ ਛੇਵਾਂ ਦੇ ਪੈਰਾਮੀਟਰ ਹਨ:

- ਕਿਸਾਨੀ ਜੀਵਨ ਉੱਪਰ ਹਰੀ ਕ੍ਰਾਂਤੀ ਕਾਰਨ ਉਪਜੇ ਸੰਕਟ ਦਾ ਪ੍ਰਭਾਵ।
- ਨਿਘਾਰ ਵੱਲ ਜਾ ਰਿਹਾ ਨਿਮਨ ਕਿਸਾਨੀ ਜੀਵਨ।
- ਸਰਕਾਰ ਅਤੇ ਆੜ੍ਹਤੀਆਂ ਦੀਆਂ ਨਿਮਨ ਕਿਸਾਨੀ ਜੀਵਨ ਪ੍ਰਤੀ ਕੋਝੀਆਂ ਨੀਤੀਆਂ।
- ਪੂੰਜੀਵਾਦੀ ਕਾਰਪੋਰੇਟ ਮਾਡਲ ਦੇ ਪ੍ਰਭਾਵ ਕਾਰਨ ਨਿਰਧਾਰਿਤ ਹੋ ਨਵੇਂ ਨੈਤਿਕ ਮੁੱਲ।
- ਖਾਦ, ਕੀਟਨਾਸ਼ਕ ਦਵਾਈਆਂ ਦੀ ਵਰਤੋਂ ਕਾਰਨ ਦੂਸ਼ਿਤ ਹੋ ਰਿਹਾ ਵਾਤਾਵਰਨ।

## 1.6 ਖੋਜ ਦੇ ਸੰਦ:

ਇਸ ਖੋਜ ਕਾਰਜ ਦੌਰਾਨ ਦੋ ਪ੍ਰਕਾਰ ਦੇ ਸੰਦਾਂ ਦੀ ਵਰਤੋਂ ਕੀਤੀ ਜਾਵੇਗੀ।

### 1.6.1 ਪੁਸਤਕਾਲਾ

### 1.6.2 ਖੇਤਰੀ ਕਾਰਜ

### 1.6.1 ਪੁਸਤਕਾਲਾ

ਵਿਸ਼ੇ ਦੀ ਲੋੜ ਨੂੰ ਮੁੱਖ ਰੱਖਦੇ ਹੋਏ ਸਮੇਂ-ਸਮੇਂ ਉੱਤੇ ਪੁਸਤਕਾਲੇ ਦੀ ਵਰਤੋਂ ਕੀਤੀ ਜਾਵੇਗੀ। ਇਸ ਖੋਜ ਕਾਰਜ ਦੌਰਾਨ ਵਿਸ਼ੇ ਨਾਲ ਸੰਬੰਧਿਤ ਸਿੱਧੇ ਜਾਂ ਅਸਿੱਧੇ ਤੌਰ 'ਤੇ ਹੇਠ ਲਿਖੀਆਂ ਪੁਸਤਕਾਂ ਦੀ ਸਹਾਇਤਾ ਲਈ ਜਾਵੇਗੀ।

- ਆਲੋਚਨਾਤਮਿਕ ਪੁਸਤਕਾਂ
- ਵਿਸ਼ੇ ਨਾਲ ਸੰਬੰਧਿਤ ਪੁਸਤਕਾਂ
- ਸੰਦਰਭ ਪੁਸਤਕਾਂ

- ਕੋਸ਼ਗਤ ਪੁਸਤਕਾਂ
- ਵੈੱਬਸਾਈਟ
- ਅਖ਼ਬਾਰ
- ਮੈਗਜ਼ੀਨ

### 1.6.2 ਖੇਤਰੀ ਕਾਰਜ

ਹਰ ਖੋਜ ਦੇ ਵਿਦਿਆਰਥੀ ਨੂੰ ਆਪਣੀ ਖੋਜ ਕਾਰਜ ਦੌਰਾਨ ਖੇਤਰੀ ਕਾਰਜ ਕਰਨਾ ਪੈਂਦਾ ਹੈ। ਇਸ ਤੋਂ ਬਿਨਾਂ ਖੋਜ ਕਾਰਜ ਅਧੂਰਾ ਮੰਨਿਆ ਜਾਂਦਾ ਹੈ। ਖੋਜ ਕਾਰਜ ਦੌਰਾਨ ਖੇਤਰੀ ਕਾਰਜ ਦੀ ਵਰਤੋਂ ਹੇਠ ਲਿਖੇ ਤਰੀਕਿਆਂ ਅਨੁਸਾਰ ਕਰਾਂਗੀ। ਹੱਥਲੇ ਖੋਜ ਕਾਰਜ ਨੂੰ ਪੰਜਾਬ ਦੇ ਜ਼ਿਲ੍ਹਾ ਲੁਧਿਆਣਾ ਦੀ ਤਹਿਸੀਲ ਖੰਨਾ, ਸਮਰਾਲਾ, ਪਾਇਲ ਅਤੇ ਜਗਰਾਓ (ਖੇਤਰੀ ਕਾਰਜ) ਦੇ ਪਿੰਡਾਂ ਤੱਕ ਸੀਮਤ ਕੀਤਾ ਗਿਆ ਹੈ।

- **ਕੇਸ ਸਟੱਡੀ**

ਕਰਜ਼ੇ ਕਾਰਨ ਖ਼ੁਦਕੁਸ਼ੀਆਂ ਕੀਤੇ ਕਿਸਾਨਾਂ ਦੇ ਪਰਿਵਾਰਾਂ ਨਾਲ ਪੰਜਾਬ ਦੇ ਜ਼ਿਲ੍ਹਾ ਲੁਧਿਆਣਾ ਦੀ ਤਹਿਸੀਲ ਖੰਨਾ, ਸਮਰਾਲਾ, ਪਾਇਲ ਅਤੇ ਜਗਰਾਓ ਦੇ ਪਿੰਡਾਂ ਨੂੰ ਮੁੱਖ ਰੱਖਦੇ ਹੋਏ 15 ਕੇਸ ਸਟੱਡੀ ਕਰਾਂਗੀ।

- **ਮੁਲਾਕਾਤਾਂ**

**ਸਾਹਿਤਕਾਰਾਂ ਨਾਲ ਮੁਲਾਕਾਤ:**

- ਬਲਬੀਰ ਪਰਵਾਨਾ ਨਾਲ ਮੁਲਾਕਾਤ।
- ਅਵਤਾਰ ਬਿਲਿੰਗ ਨਾਲ ਮੁਲਾਕਾਤ।

## ਪੰਜਾਬੀ ਆਲੋਚਕਾਂ ਨਾਲ ਮੁਲਾਕਾਤ:

- ਡਾ. ਸੁਰਿੰਦਰ ਕੁਮਾਰ ਦਵੇਸ਼ਵਰ।
- ਡਾ. ਰਜਨੀਸ਼ ਬਹਾਦਰ ਸਿੰਘ।
- ਵੀਨਾ ਅਰੋੜਾ ।

## ਕਿਸਾਨ ਯੂਨੀਅਨ ਨਾਲ ਮੁਲਾਕਾਤ

- ਬਲਦੇਵ ਸਿੰਘ ਮੀਆਂਪੁਰ, ਪ੍ਰਧਾਨ, ਭਾਰਤੀ ਕਿਸਾਨ ਯੂਨੀਅਨ।
- ਨੇਤਰ ਸਿੰਘ ਇਕੋਲਾਹੀ, ਭਾਰਤੀ ਕਿਸਾਨ ਯੂਨੀਅਨ।
- ਪਾਲਾ ਰਾਜੇਵਾਲ, ਭਾਰਤੀ ਕਿਸਾਨ ਯੂਨੀਅਨ।

## ਖੇਤੀ ਬਾੜੀ ਯੂਨੀਵਰਸਿਟੀ, ਲੁਧਿਆਣਾ

- ਡਾ. ਰਣਜੀਤ ਸਿੰਘ ਚੌਹਾਨ, ਖੇਤੀ ਬਾੜੀ ਯੂਨੀਵਰਸਿਟੀ, ਲੁਧਿਆਣਾ।
- ਡਾ. ਸਿਮਰਨ ਕੰਗ ਸਿੱਧੂ, ਅਰਥ-ਸ਼ਾਸਤਰ ਵਿਭਾਗ, ਖੇਤੀ ਬਾੜੀ ਯੂਨੀਵਰਸਿਟੀ, ਲੁਧਿਆਣਾ।
- ਡਾ. ਸੁਖਪਾਲ ਸਿੰਘ, ਅਰਥ-ਸ਼ਾਸਤਰ ਵਿਭਾਗ, ਖੇਤੀ ਬਾੜੀ ਯੂਨੀਵਰਸਿਟੀ, ਲੁਧਿਆਣਾ।
- ਡਾ. ਸੁਖਦੇਵ ਸਿੰਘ, ਅਰਥ-ਸ਼ਾਸਤਰ ਵਿਭਾਗ, ਖੇਤੀ ਬਾੜੀ ਯੂਨੀਵਰਸਿਟੀ, ਲੁਧਿਆਣਾ।
- ਡਾ. ਬਲਬੀਰ ਸਿੰਘ, ਸੀਨੀਅਰ ਅਨਾਲਿਸਟ ਕੀਟਨਾਸ਼ਕ ਪਰਖ ਪ੍ਰਯੋਗਸ਼ਾਲਾ, ਖੇਤੀ ਬਾੜੀ ਯੂਨੀਵਰਸਿਟੀ, ਲੁਧਿਆਣਾ।

## ਪੰਜਾਬੀ ਯੂਨੀਵਰਸਿਟੀ, ਪਟਿਆਲਾ

- ਡਾ. ਗਿਆਨ ਸਿੰਘ, ਅਰਥ-ਸ਼ਾਸਤਰ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

- ਕਿਸਾਨਾਂ ਅਤੇ ਕਿਸਾਨ ਪਰਿਵਾਰਾਂ ਨਾਲ ਮੁਲਾਕਾਤ।
- ਖੋਜ ਕਾਰਜ ਦੌਰਾਨ ਵਿਸ਼ੇ ਨਾਲ ਸਬੰਧਿਤ ਵਿਅਕਤੀਆਂ, ਲੇਖਕਾਂ, ਆਲੋਚਕਾਂ, ਵਿੱਦਿਅਕ ਸੰਸਥਾਵਾਂ ਦੇ ਮੁਖੀਆਂ ਨਾਲ ਮੁਲਾਕਾਤਾਂ ਕਰ ਕੇ ਉਨ੍ਹਾਂ ਨਾਲ ਵਿਸ਼ੇ ਸੰਬੰਧੀ ਵਿਚਾਰ ਵਟਾਂਦਰਾ ਕੀਤਾ ਜਾਵੇਗਾ।

## 1.7 ਪਰਿਕਲਪਨਾ:

ਕਿਸਾਨੀ ਜੀਵਨ ਸਮਾਜਿਕ ਪੱਧਰ ਉੱਪਰ ਬਹੁਤ ਹੀ ਸਤਿਕਾਰ ਯੋਗ ਸਥਾਨ ਰੱਖਦਾ ਹੈ। ਅਜੋਕੇ ਦੌਰ ਦਾ ਨਿਮਨ ਕਿਸਾਨੀ ਜੀਵਨ ਸਮੱਸਿਆਵਾਂ ਵਿਚ ਗ੍ਰਸਤ ਹੋਣ ਕਾਰਨ ਨਿਰਾਸ਼ਾ ਵਾਲੀ ਜ਼ਿੰਦਗੀ ਬਿਤਾ ਰਿਹਾ ਹੈ। ਕਿਸਾਨੀ ਜੀਵਨ ਦੀ ਸਮਾਜਿਕ, ਆਰਥਿਕ, ਮਾਨਸਿਕ, ਰਾਜਨੀਤਿਕ ਅਤੇ ਸਭਿਆਚਾਰਕ ਪਰਿਸਥਿਤੀਆਂ ਚਿੰਤਾ ਜਨਕ ਹਨ। ਨੈਤਿਕ ਮੁੱਲਾਂ ਵਿਚ ਬਹੁਤ ਸਾਰੇ ਪਰਿਵਰਤਨ ਆ ਰਹੇ ਹਨ। ਕਿਸਾਨ ਖ਼ੁਦਕੁਸ਼ੀਆਂ ਦੇ ਬਹੁਤ ਸਾਰੇ ਕਾਰਨ ਨਜ਼ਰ ਆ ਰਹੇ ਹਨ।

## 1.8 ਵਿਸ਼ੇ ਨਾਲ ਸਬੰਧਿਤ ਪਹਿਲਾ ਹੋ ਚੁੱਕਾ ਖੋਜ-ਕਾਰਜ:

ਬਲਬੀਰ ਪਰਵਾਨਾ ਦੇ ਨਾਵਲਾਂ 'ਚ ਪ੍ਰਸਤੁਤ ਕਿਸਾਨੀ ਸੰਕਟ ਦਾ ਕਿਸਾਨੀ ਸਮਾਜ 'ਤੇ ਪ੍ਰਭਾਵ ਉੱਪਰ ਪ੍ਰਸਤਾਵਿਤ ਵਿਸ਼ੇ ਤੇ ਕੋਈ ਵੀ ਖੋਜ-ਕਾਰਜ ਨਹੀਂ ਹੋਇਆ। ਕਿਸਾਨੀ ਸੰਕਟ ਦਾ ਕਿਸਾਨੀ ਸਮਾਜ 'ਤੇ ਪ੍ਰਭਾਵ ਨੂੰ ਮੁੱਖ ਰੱਖਦੇ ਹੋਏ ਪੰਜਾਬੀ ਖੋਜ ਜਗਤ ਵਿੱਚ ਪ੍ਰਾਪਤ ਖੋਜ ਕਾਰਜਾਂ ਦਾ ਬਿਉਰਾ ਡਾ. ਧਰਮ ਸਿੰਘ, ਸਾਬਕਾ ਪ੍ਰੋਫ਼ੈਸਰ ਤੇ ਮੁਖੀ, ਪੰਜਾਬੀ ਅਧਿਐਨ ਸਕੂਲ (ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ) ਕਿਰਤ ਖੋਜ-ਕਾਰਜ ਸੰਦਰਭ ਗ੍ਰੰਥ, *'ਪੰਜਾਬੀ ਖੋਜ ਸੰਦਰਭ'* (ਪ੍ਰਕਾਸ਼ਿਤ 2008) ਵਿੱਚ ਵਿਭਿੰਨ ਮੁੱਖ ਯੂਨੀਵਰਸਿਟੀਆਂ ਵਿੱਚ ਪੰਜਾਬੀ ਸਾਹਿਤ ਨਾਲ ਸੰਬੰਧਿਤ, ਪੰਜਾਬੀ ਭਾਸ਼ਾ ਵਿੱਚ ਹੋਏ ਖੋਜ-ਕਾਰਜਾਂ ਦਾ ਉੱਲੇਖ ਹੈ (ਸੰਨ 2008 ਤੱਕ) ਅਤੇ ਸੂਚਨਾ ਦੇ ਅਧਿਕਾਰ ਐਕਟ, 2005 ਅਧੀਨ ਮੁੱਖ ਯੂਨੀਵਰਸਿਟੀਆਂ, ਜੋ ਪੰਜਾਬੀ ਸਾਹਿਤ ਉੱਪਰ ਖੋਜ-ਕਾਰਜ ਕਰਵਾਉਂਦੀਆਂ ਹਨ ਤੋਂ ਪ੍ਰਾਪਤ ਲਿਖਤੀ ਜਾਣਕਾਰੀ ਨੂੰ ਧਿਆਨ ਹੇਠ ਰੱਖਦੇ ਹੋਏ ਕਿਸਾਨੀ ਸੰਕਟ ਦਾ ਕਿਸਾਨੀ ਸਮਾਜ 'ਤੇ ਪ੍ਰਭਾਵ ਨਾਲ ਸੰਬੰਧਿਤ ਵਿਸ਼ਿਆਂ ਦੀ ਸੂਚੀ ਦਾ ਵੇਰਵਾ ਇਸ ਪ੍ਰਕਾਰ ਹੈ:

### 1.8.1 ਕਿਸਾਨੀ ਸੰਕਟ ਨਾਲ ਸਬੰਧਿਤ ਹੋਏ ਖੋਜ ਕਾਰਜ ਦੀ ਸੂਚੀ:

- ਹਰਜੀਤ ਕੌਰ, *ਪੰਜਾਬੀ ਨਾਵਲ ਵਿਚ ਕਿਸਾਨੀ ਸੰਕਟ ਦਾ ਪ੍ਰਗਟਾਅ (1960-1999),* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2005.

ਇਹ ਖੋਜ ਕਾਰਜ ਕਿਸਾਨੀ ਜੀਵਨ ਦੀਆਂ ਸਮੱਸਿਆਵਾਂ ਨਾਲ ਸਬੰਧਿਤ ਹੈ। ਇਸ ਦਾ ਪਹਿਲਾ ਅਧਿਆਇ ਕਿਸਾਨੀ ਜੀਵਨ ਦੀਆਂ ਸਮੱਸਿਆਵਾਂ ਅਤੇ ਸੰਕਟ ਨਾਲ ਸਬੰਧਿਤ ਹੈ। ਦੂਸਰਾ ਅਧਿਆਇ ਵਿਚ ਸੋਹਣ ਸਿੰਘ ਸ਼ੀਤਲ ਦੇ ਨਾਵਲਾਂ, ਤੀਸਰੇ ਅਧਿਆਇ ਵਿਚ ਗੁਰਦਿਆਲ ਸਿੰਘ ਦੇ ਨਾਵਲਾਂ, ਚੌਥੇ ਅਧਿਆਇ 'ਚ ਰਾਮ ਸਰੂਪ ਅਣਖੀ ਦੇ ਨਾਵਲਾਂ ਤੇ ਆਧਾਰਿਤ, ਪੰਜਵਾਂ ਅਧਿਆਇ ਵਿਚ ਕਰਮਜੀਤ ਸਿੰਘ ਕੁੱਸਾ ਦੇ ਨਾਵਲਾਂ ਨੂੰ ਆਧਾਰ ਬਣਾ ਕੇ ਆਲੋਚਨਾਤਮਿਕ ਕਾਰਜ ਕੀਤਾ ਗਿਆ ਹੈ। ਛੇਵਾਂ ਅਧਿਆਇ ਵਿਚ 1960-1999 ਤੱਕ ਦੇ ਹੋਰ ਨਾਵਲਕਾਰਾਂ ਨੂੰ ਆਧਾਰ ਬਣਾ ਕੇ ਕਿਸਾਨੀ ਸੰਕਟ ਬਾਰੇ ਵਿਚਾਰ ਚਰਚਾ ਕੀਤੀ ਗਈ ਹੈ।

- ਕੁਲਵੰਤ ਸਿੰਘ, *ਪੰਜਾਬੀ ਨਾਵਲ ਵਿਚ ਕਿਸਾਨੀ ਜੀਵਨ,* ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1990.

ਇਸ ਖੋਜ ਕਾਰਜ ਦੇ ਪਹਿਲਾ ਅਧਿਆਇ ਵਿਚ ਪੰਜਾਬੀ ਨਾਵਲ ਦੇ ਨਿਕਾਸ ਵਿਕਾਸ ਬਾਰੇ ਦੱਸਦਿਆਂ ਅਗਲੇ ਅਧਿਆਇ 'ਚ ਇਹ ਦੱਸਿਆ ਗਿਆ ਹੈ ਕਿ ਪੰਜਾਬੀ ਕਿਸਾਨ ਕਿਸ ਤਰ੍ਹਾਂ ਦਾ ਜੀਵਨ ਬਤੀਤ ਕਰਦਾ ਹੈ। ਗੁਰਦਿਆਲ ਸਿੰਘ ਅਤੇ ਰਾਮ ਸਰੂਪ ਅਣਖੀ ਦੇ ਨਾਵਲਾਂ ਤੇ ਆਧਾਰਿਤ ਕਿਸਾਨੀ ਜੀਵਨ ਨਾਲ ਸਬੰਧਿਤ ਕੰਮ ਧੰਦਿਆਂ ਦਾ ਇੱਕ ਅਧਿਆਇ ਜਿਸ ਵਿਚ ਕਿਸਾਨਾਂ ਦੇ ਕੰਮ ਧੰਦੇ ਕਿਹੜੇ ਕਿਹੜੇ ਹਨ ਅਤੇ ਫ਼ਸਲਾਂ ਦੀ ਬਿਜਾਈ ਕਟਾਈ ਕਿਸ ਤਰ੍ਹਾਂ ਕਰਦੇ, ਕਿਵੇਂ ਸਾਰਾ ਪਰਿਵਾਰ ਖੇਤੀ ਬਾੜੀ ਦੇ ਕੰਮ ਵਿਚ ਸਹਾਇਤਾ ਕਰਦਾ ਹੈ। ਇਸ ਤੋਂ ਇਲਾਵਾ ਕਿਸਾਨੀ ਜੀਵਨ ਦੀਆਂ ਸਮੱਸਿਆਵਾਂ ਬਾਰੇ ਵਿਸਥਾਰ ਪੂਰਵਕ ਚਰਚਾ ਕੀਤੀ ਮਿਲਦੀ ਹੈ। ਅਗਲੇ ਅਧਿਆਇ 'ਚ ਗੁਰਦਿਆਲ ਸਿੰਘ ਅਤੇ ਰਾਮ ਸਰੂਪ ਅਣਖੀ ਦੇ ਨਾਵਲਾਂ ਦੀ ਕਲਾਂ ਪੱਖੋਂ ਪਰਖ ਕੀਤੀ ਗਈ ਹੈ।

- ਗੁਰਦੀਪ ਕੌਰ, *ਪੰਜਾਬੀ ਨਾਵਲ ਵਿਚ ਕਿਰਸਾਨੀ ਸਮਾਜ (ਗੁਰਦਿਆਲ ਸਿੰਘ ਤੇ ਕਰਮਜੀਤ ਸਿੰਘ ਕੁੱਸਾ ਦੇ ਨਾਵਲਾਂ ਦੇ ਸੰਦਰਭ ਵਿਚ),* ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 2005.

ਇਸ ਖੋਜ ਕਾਰਜ ਦਾ ਪਹਿਲਾ ਅਧਿਆਇ ਕਿਸਾਨੀ ਸਮਾਜ ਕਿਸ ਤਰ੍ਹਾਂ ਦਾ ਜੀਵਨ ਬਤੀਤ ਕਰਦਾ ਹੈ ਅਤੇ ਕਿਸਾਨੀ ਜੀਵਨ ਦੀਆਂ ਕਿਹੜੀਆਂ ਕਿਹੜੀਆਂ ਸਮੱਸਿਆਵਾਂ ਹਨ। ਇਸ 'ਚ ਇੱਕ ਅਧਿਆਇ ਕਿਸਾਨੀ ਜੀਵਨ ਦੀ ਪੇਸ਼ਕਾਰੀ ਕਰਦੇ ਨਾਵਲਾਂ ਦਾ ਬਣਾਇਆ ਗਿਆ ਹੈ। ਇਸ ਤੋਂ ਇਲਾਵਾ ਕਿਸਾਨੀ ਜੀਵਨ ਦੀਆਂ ਸਮੱਸਿਆਵਾਂ ਦੀ ਚਰਚਾ ਕਰਦੇ ਹੋਏ ਇਹ ਖੋਜ ਕਾਰਜ ਨਾਵਲਕਾਰ ਗੁਰਦਿਆਲ ਸਿੰਘ *('ਮੜ੍ਹੀ ਦਾ ਦੀਵਾ', 'ਆਥਣ ਉੱਗਣ', 'ਅੱਧ ਚਾਨਣੀ ਰਾਤ', 'ਅੰਨ੍ਹੇ ਘੋੜੇ ਦਾ ਦਾਨ', 'ਪਰਸਾ')* ਅਤੇ ਕਰਮਜੀਤ ਕੁੱਸਾ *('ਬੁਰਕੇ ਵਾਲੇ ਲੁਟੇਰੇ', 'ਰਾਤ ਦੇ ਰਾਹੀਂ', 'ਰੋਹੀ ਬੀਆਬਾਨ', 'ਅੱਗ ਦਾ ਗੀਤ', 'ਜ਼ਖ਼ਮੀ ਦਰਿਆ', 'ਅਕਾਲ ਪੁਰਖੀ')* ਦੇ ਸੰਦਰਭ 'ਚ ਕਿਸਾਨੀ ਦਾ ਯਥਾਰਥਕ ਚਿਤਰਨ ਪੇਸ਼ ਕੀਤਾ ਗਿਆ ਹੈ।

- ਇੰਦਰਜੀਤ ਸਿੰਘ, *ਪੰਜਾਬੀ ਕਿਰਸਾਨੀ ਨਾਲ ਸੰਬੰਧਿਤ ਤਿਉਹਾਰਾਂ ਦਾ ਮਾਨਵ ਵਿਗਿਆਨਕ ਅਧਿਐਨ,* ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1988.

  ਇਸ ਖੋਜ ਕਾਰਜ 'ਚ ਪੰਜਾਬ ਦੇ ਤਿਉਹਾਰ ਕਿਹੜੇ ਕਿਹੜੇ ਹਨ ਇਨ੍ਹਾਂ ਤਿਉਹਾਰ ਦਾ ਕਿਸਾਨੀ ਜੀਵਨ ਨਾਲ ਕੀ ਸੰਬੰਧ ਹੈ ਬਾਰੇ ਵਿਚਾਰ ਚਰਚਾ ਕੀਤੀ ਗਈ ਹੈ। ਪੰਜਾਬ ਦੇ ਕਿਰਸਾਨ ਕਿਸ ਤਰ੍ਹਾਂ ਫ਼ਸਲ ਪੱਕਣ ਦੀ ਖ਼ੁਸ਼ੀ ਵਿਚ ਵਿਸਾਖੀ ਦਾ ਤਿਉਹਾਰ ਮਨਾਉਂਦੇ ਹਨ, ਜਿਵੇਂ ਵਿਸਾਖੀ, ਲੋਹੜੀ, ਤੀਆਂ, ਹੋਲਾ ਮਹੱਲਾ, ਦੀਵਾਲੀ, ਰੱਖੜੀ, ਮੱਸਿਆ, ਪੁੰਨਿਆ ਸੰਗਰਾਂਦ, ਮਾਘੀ ਆਦਿ। ਪੰਜਾਬ ਦੇ ਸਾਰੇ ਤਿਉਹਾਰਾਂ ਪਿੱਛੇ ਕਿਹੜਾ ਜੀਵਨ ਵਿਚਲਾ ਮਾਨਵੀ ਫ਼ਲਸਫ਼ਾ ਸੰਕਲਪ ਦੇ ਰੂਪ ਵਿਚ ਕੰਮ ਕਰ ਰਿਹਾ ਹੈ ਬਾਰੇ ਜਾਣਕਾਰੀ ਮਿਲਦੀ ਹੈ।

- ਪ੍ਰਭਜੀਤ ਕੌਰ, *ਰਾਮ ਸਰੂਪ ਅਣਖੀ ਦੇ ਨਾਵਲਾਂ ਵਿਚ ਪੇਸ਼ ਕਿਸਾਨੀ ਦਾ ਸਮਾਜ-ਇਤਿਹਾਸਮੂਲਕ ਅਧਿਐਨ,* ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1992.

  ਇਸ ਖੋਜ ਕਾਰਜ ਵਿਚ ਪਹਿਲਾ ਅਧਿਆਇ 'ਚ ਕਿਸਾਨੀ ਸਮਾਜ ਦੀ ਇਤਿਹਾਸਿਕ ਸਥਿਤੀ ਨੂੰ ਆਧਾਰ ਬਣਾ ਕੇ ਵਿਚਾਰ ਚਰਚਾ ਕੀਤੀ ਗਈ ਹੈ। ਦੂਜੇ ਅਧਿਆਇ 'ਚ ਰਾਮ ਸਰੂਪ ਅਣਖੀ ਦਾ ਜਨਮ ਤੇ ਜੀਵਨ, ਤੀਜੇ ਅਧਿਆਇ ਵਿਚ ਰਾਮ ਸਰੂਪ ਅਣਖੀ ਦੇ ਨਾਵਲਾਂ ਦਾ ਵਿਸ਼ੇਗਤ ਅਧਿਐਨ ਪ੍ਰਾਪਤ ਹੁੰਦਾ ਹੈ। ਇਸ ਖੋਜ ਕਾਰਜ ਵਿਚ ਰਾਮ ਸਰੂਪ ਅਣਖੀ ਦੁਆਰਾ ਰਚਿਤ ਨਾਵਲਾਂ ਵਿਚ ਕਿਰਸਾਨੀ ਜੀਵਨ, ਕਾਰ ਵਿਹਾਰ, ਕਿਸਾਨੀ ਜੀਵਨ ਦੀਆਂ ਆਰਥਿਕ ਅਤੇ ਸਮਾਜਿਕ ਸਮੱਸਿਆਵਾਂ ਬਾਰੇ ਜ਼ਿਕਰ ਮਿਲਦਾ ਹੈ।

### 1.8.2 ਅੰਗਰੇਜ਼ੀ ਭਾਸ਼ਾ ਵਿੱਚ ਹੋ ਚੁੱਕਾ ਖੋਜ-ਕਾਰਜ:

- Amarjeet Kaur Sidhu, *A Critical Study Of Rural Culture Depicted In the Novels Of sohan Singh Seetal,* Punjab University, Chandigarh, 1999.
- Harjeet Singh, *The Recurring Images Of Heroism In Gurdial Singh's Seleeted Novels,* Guru Nanak Dev University, Amritsar, 2009.
- Mr. krishan Kumar Kanwal, *The Concept Of Hero In Punjabi Novel,* Punjab University, Chandigarh, 1990.
- Mr. Ram Swaroop, *Village Life As Depicted in Punjabi Short Story (from 1947-1972),* Punjab University, Chandigarh,1986.
- Ms. Ravinder Kaur, *Contemporary Punjabi Novel (1991-2010): A New Historical perspective,* University Of Delhi, New Delhi, 2010.

### 1.8.3 ਕਿਸਾਨੀ ਨਾਲ ਸੰਬੰਧਿਤ ਪ੍ਰਕਾਸ਼ਿਤ ਹੋਏ ਪੇਪਰ:

- ਐਫ ਡੀ ਆਈ ਅਤੇ ਪੰਜਾਬ ਦੀਆਂ ਅੰਕੜਾਂ, *ਮਾਡਰਨ ਖੇਤੀ,* Vol. 27, No. 24, 31 ਅਕਤੂਬਰ 2012.
- ਕਿਸਾਨੀ-ਸੰਕਟ ਦੇ ਕੁੱਝ ਵਿਚਾਰਨ ਯੋਗ ਮੁੱਦੇ, ਡਾ. ਸੁਰਜੀਤ ਬਰਾੜ, *ਖੇਤੀ ਦੁਨੀਆ,* ਪਟਿਆਲਾ, ਵਿਸ਼ੇਸ਼ ਕਿਸਾਨ ਮੇਲਾ ਅੰਕ, Vol. 31, No. 37, 14.9.2013.
- ਕਿਸਾਨਾਂ ਦੀਆਂ ਖੁਦਕੁਸ਼ੀਆਂ ਦੇ ਕੁੱਝ ਲੁਕੇ ਪਹਿਲੂ, *ਖੇਤੀ ਦੁਨੀਆ,* ਪਟਿਆਲਾ, Vol. 31, No. 48, 30.11.2013.
- ਖੁੱਲ੍ਹੇ ਆਸਮਾਨ ਹੇਠ ਸੜ ਰਿਹਾ ਅਨਾਜ, *ਮਾਡਰਨ ਖੇਤੀ,* Vol. 27, No.15, 14 ਜੂਨ 2012.
- ਢੁਕਵੇਂ ਖ਼ਰੀਦ ਪ੍ਰਬੰਧਾਂ ਦੀ ਘਾਟ, *ਮਾਡਰਨ ਖੇਤੀ,* Vol. 27, No.14, 31 ਮਈ 2012.
- ਪਿੰਡਾਂ ਵਿਚ ਨੌਜਵਾਨਾਂ 'ਚ ਵਧ ਰਹੀ ਬੇਰੁਜ਼ਗਾਰੀ, *ਮਾਡਰਨ ਖੇਤੀ,* Vol. 25, No. 20, 30 ਸਤੰਬਰ 2011.
- ਪੰਜਾਬ ਦਾ ਕਿਸਾਨ ਇਉਂ ਹੋਇਆ ਬਰਬਾਦ ਤੇ ਕਰਜ਼ਾਈ, ਗੁਰਚਰਨ ਪੱਖੋਂ ਕਲਾਂ, *ਖੇਤੀ ਦੁਨੀਆ,* ਪਟਿਆਲਾ, Vol. 31, No. 36, 10.08.2013.
- ਭਾਰਤ ਵਿਚ ਖੇਤੀ ਬਾੜੀ ਸਬਸਿਡੀਆਂ ਜਾਰੀ ਰੱਖਣ ਦੀ ਲੋੜ, ਡਾ. ਗਿਆਨ ਸਿੰਘ, *ਖੇਤੀ ਦੁਨੀਆ,* Vol. 31, No.52, 28.12.2013.
- ਮਜ਼ਦੂਰਾਂ ਦੀ ਘਾਟ ਕਾਰਨ ਵੱਧ ਰਹੀਆਂ ਕਿਰਸਾਣੀ ਪ੍ਰੇਸ਼ਾਨੀਆਂ, *ਮਾਡਰਨ ਖੇਤੀ,* Vol. 27, No.11, 30 ਅਪ੍ਰੈਲ 2011.
- ਵਿਸ਼ਵ ਦਾ ਅੰਨਦਾਤਾ: ਡਾ. ਨੌਰਮਨ-ਈ-ਬੋਰਲਾਗ, ਡਾ. ਮਨਜੀਤ ਸਿੰਘ ਕੰਗ, *ਚੰਗੀ ਖੇਤੀ,* Vol. 45, No.10, ਅਕਤੂਬਰ 2009.

### 1.8.4 ਅੰਗਰੇਜ਼ੀ ਭਾਸ਼ਾ ਵਿੱਚ ਪ੍ਰਕਾਸ਼ਿਤ ਹੋਏ ਪੇਪਰ:

- Agriculture in Indian, *Agriculture Today,* Volume-XIV, No. 11.
- Economic Distress and Farmer Suicides in Rural Punjab, Sucha S. gill. *(Online)*

- Indian agriculture: Hopes and Disappointments, Anna Hazare, *Agriculture Today,* Volume-XIV, No. 9
- Punjab government yet to compensate families in cases of farmer suicides, Manjeet Sehgal, *India Today,* 19 Oct 2014.

### 1.8.5 ਬਲਬੀਰ ਪਰਵਾਨਾ ਦੀਆਂ ਰਚਨਾਵਾਂ ਉੱਪਰ ਹੋਏ ਖੋਜ ਕਾਰਜ ਦੀ ਸੂਚੀ:

- ਇੰਦੂ ਠਾਕੁਰ, *ਬਲਬੀਰ ਪਰਵਾਨਾ ਦੇ ਕਾਵਿ ਸੰਗ੍ਰਹਿ 'ਵਰਜਣਾ ਤੋਂ ਪਾਰ' ਦਾ ਆਲੋਚਨਾਤਮਿਕ ਅਧਿਐਨ,* ਦਿੱਲੀ ਯੂਨੀਵਰਸਿਟੀ, ਦਿੱਲੀ, 2003. (ਐਮ.ਫ਼ਿਲ.)

  ਇਹ ਖੋਜ ਕਾਰਜ ਦਿੱਲੀ ਯੂਨੀਵਰਸਿਟੀ ਵਿਖੇ ਸੁਰਿੰਦਰ ਸਿੰਘ ਨੂਰ ਦੀ ਅਗਵਾਈ ਹੇਠ ਹੋ ਚੁੱਕਾ ਹੈ। ਇਸ ਕਾਰਜ ਵਿਚ ਪਹਿਲਾ ਅਧਿਆਇ 'ਚ ਪਰਵਾਨਾ ਦੇ ਜੀਵਨ ਬਾਰੇ ਦੂਜਾ ਅਤੇ ਤੀਜਾ ਅਧਿਆਇ ਵਿਚ ਕਾਵਿ ਸੰਗ੍ਰਹਿ ਦੀ ਵਿਆਖਿਆ ਕੀਤੀ ਮਿਲਦੀ ਹੈ। ਚੌਥੇ ਅਧਿਆਇ ਵਿਚ ਆਲੋਚਨਾਤਮਿਕ ਅਧਿਐਨ ਪ੍ਰਾਪਤ ਹੁੰਦਾ ਹੈ। ਇਸ ਦੇ ਅੰਤ ਵਿਚ ਬਲਬੀਰ ਪਰਵਾਨਾ ਨਾਲ ਮੁਲਾਕਾਤ ਦੇ ਅੰਸ਼ ਵੀ ਪ੍ਰਾਪਤ ਹੁੰਦੇ ਹਨ।

- ਕਿਰਨਜੀਤ ਕੌਰ, *ਬਲਬੀਰ ਪਰਵਾਨਾ ਦਾ ਗਲਪ ਸੰਸਾਰ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2014. (ਐਮ.ਫ਼ਿਲ.)

  ਇਸ ਖੋਜ ਕਾਰਜ ’ਚ ਅਧਿਆਇ ਪਹਿਲਾ ਬਲਬੀਰ ਪਰਵਾਨਾ: ਜੀਵਨ, ਸ਼ਖ਼ਸੀਅਤ ਤੇ ਰਚਨਾ, ਅਧਿਆਇ ਦੂਜਾ ਬਲਬੀਰ ਪਰਵਾਨਾ ਦੀ ਗਲਪ ਰਚਨਾ: ਵਿਸ਼ਾ ਪੱਖ, ਅਧਿਆਇ ਤੀਜਾ ਬਲਬੀਰ ਪਰਵਾਨਾ ਦੀ ਗਲਪ ਰਚਨਾ: ਕਲਾ ਪੱਖ ਦਾ ਵਿਸਥਾਰ ’ਚ ਅਧਿਐਨ ਕਰਨ ਉਪਰੰਤ ਸਾਰ ਰੂਪ ਵਿਚ ਸਿੱਟਾ ਪੇਸ਼ ਕੀਤਾ ਗਿਆ ਹੈ।

- ਮਨਪ੍ਰੀਤ ਕੌਰ, *ਬਲਬੀਰ ਪਰਵਾਨਾ ਦੇ ਨਾਵਲ ‘ਅੰਬਰ ਵੱਲ ਉਡਾਣ’ ਦੇ ਮੂਲ ਸਰੋਕਾਰ,* ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 2014. (ਐਮ.ਫ਼ਿਲ.)

  ਇਸ ਖੋਜ ਕਾਰਜ ਬਲਬੀਰ ਪਰਵਾਨਾ ਦੇ ਨਾਵਲ *‘ਅੰਬਰ ਵੱਲ ਉਡਾਣ’* ਦੇ ਸਰੋਕਾਰ ਤੇ ਆਧਾਰਿਤ ਹੈ। ਇਸ ਖੋਜ ਕਾਰਜ ਦਾ ਪਹਿਲਾ ਅਧਿਆਇ ਬਲਬੀਰ ਪਰਵਾਨਾ: ਜੀਵਨ ਤੇ ਰਚਨਾਤਮਿਕ ਸਫ਼ਰ, ਅਧਿਆਇ ਦੂਜਾ *‘ਅੰਬਰ ਵੱਲ ਉਡਾਣ’*: ਸਮਾਜ ਸਭਿਆਚਾਰਕ ਸਰੋਕਾਰ, ਅਧਿਆਇ ਤੀਜਾ *‘ਅੰਬਰ ਵੱਲ ਉਡਾਣ’*: ਬਦਲਦੀ ਆਰਥਿਕ ਵਿਵਸਥਾ ਅਤੇ ਦਰਪੇਸ਼ ਸੰਕਟਾਂ ਦੀ ਚੇਤਨਾ, ਅਧਿਆਇ ਚੌਥਾ *‘ਅੰਬਰ ਵੱਲ ਉਡਾਣ’*:

ਔਰਤ ਦੀ ਸਥਿਤੀ ਅਤੇ ਸ਼ਕਤੀਕਰਨ ਦੀ ਚੇਤਨਾ ਵਿਚ ਅਧਿਆਇ ਦੀ ਵੰਡ ਕੀਤੀ ਗਈ ਹੈ। ਜਿਵੇਂ ਪੂੰਜੀਵਾਦੀ ਦੌਰ ਦੇ ਪ੍ਰਭਾਵ, ਵਿਦੇਸ਼ ਜਾਣ ਦੀ ਪ੍ਰਕਿਰਿਆ, ਸਰਕਾਰਾਂ ਵੱਲੋਂ ਕੀਤੀ ਜਾਂਦੀ ਲੁੱਟ ਖਸੁੱਟ, ਨਵੀਆਂ ਰਾਹਾਂ ਦੀ ਤਲਾਸ਼ ਕਰ ਰਹੀਂ ਔਰਤ ਆਦਿ ਸਰੋਕਾਰਾਂ ਨੂੰ ਆਧਾਰ ਬਣਾ ਕੇ ਖੋਜ ਕਾਰਜ ਕੀਤਾ ਗਿਆ ਹੈ।

- ਰਮਨਦੀਪ ਕੌਰ, *ਬਲਬੀਰ ਪਰਵਾਨਾ ਦੀ ਗਲਪ ਚੇਤਨਾ: ਖੇਤਾਂ ਦਾ ਰੁਦਨ ਨਾਵਲ ਦੇ ਸੰਦਰਭ 'ਚ,* ਲਵਲੀ ਪ੍ਰੋਫ਼ੈਸ਼ਨਲ ਯੂਨੀਵਰਸਿਟੀ, ਫਗਵਾੜਾ, 2014. (ਐਮ.ਫ਼ਿਲ.)

ਇਸ ਖੋਜ ਕਾਰਜ ਪਹਿਲਾ ਅਧਿਆਇ ਬਲਬੀਰ ਪਰਵਾਨਾ ਦੇ ਜੀਵਨ ਤੇ ਰਚਨਾ ਸੰਸਾਰ ਬਾਰੇ ਹੈ। ਦੂਜਾ ਅਧਿਆਇ *'ਖੇਤਾਂ ਦਾ ਰੁਦਨ'* ਨਾਵਲ ਦੇ ਰਚਨਾ ਵਸਤੂ ਦੇ ਪ੍ਰਸੰਗ 'ਚ, ਤੀਜਾ ਅਧਿਆਇ ਰਚਨਾ ਦ੍ਰਿਸ਼ਟੀ ਦੇ ਪ੍ਰਸੰਗ ਵਿਚ ਰੱਖ ਕੇ ਖੋਜ ਕਾਰਜ ਕੀਤਾ ਗਿਆ ਹੈ। ਇਸ ਖੋਜ ਕਾਰਜ ਵਿਚ ਮੂਲ ਰੂਪ 'ਚ ਨਿਘਾਰ ਵੱਲ ਜਾ ਰਹੇ ਕਿਸਾਨੀ ਜੀਵਨ, ਪੂੰਜੀਵਾਦੀ ਦੌਰ ਦਾ ਅੰਨ੍ਹਾ ਵਿਕਾਸ, ਆੜ੍ਹਤੀਆਂ ਵੱਲੋਂ ਕੀਤੀ ਜਾਂਦੀ ਲੁੱਟ, ਔਰਤ ਦੀ ਪੁਰਾਤਨ ਅਤੇ ਆਧੁਨਿਕ ਸਥਿਤੀ, ਰਵਾਇਤੀ ਜੀਵਨ ਜਾਂਚ ਉੱਪਰ ਆਧੁਨਿਕ ਦੇ ਪ੍ਰਭਾਵ ਅਤੇ ਕਿਸਾਨੀ ਜੀਵਨ ਸਿਰ ਤੇਜ਼ ਹੋ ਰਹੀਂ ਕਰਜ਼ੇ ਦੀ ਪ੍ਰਕਿਰਿਆ ਨੂੰ ਮੁੱਖ ਆਧਾਰ ਬਣਾਇਆ ਗਿਆ ਹੈ।

- ਰਮਨਦੀਪ ਕੌਰ, *ਬਲਬੀਰ ਪਰਵਾਨਾ ਦਾ ਨਾਵਲ 'ਬਹੁਤ ਸਾਰੇ ਚੁਰੱਸਤੇ': ਬਦਲ ਰਹੇ ਪੰਜਾਬ ਦੀ ਪੇਸ਼ਕਾਰੀ,* ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2016. (ਐਮ.ਫ਼ਿਲ.)

ਇਸ ਖੋਜ ਕਾਰਜ ਵਿਚ ਅਧਿਆਇ ੳ. ਪਹਿਲਾ ਪੰਜਾਬ ਦੀ ਸਥਿਤੀ ਇਤਿਹਾਸਿਕ ਪਰਿਪੇਖ ਅ. ਪੰਜਾਬ ਦੀ ਕਿਸਾਨੀ ਇਤਿਹਾਸਿਕ ਪਰਿਪੇਖ, ਅਧਿਆਇ ਦੂਜਾ ਬਲਬੀਰ ਪਰਵਾਨਾ ਜੀਵਨ ਤੇ ਰਚਨਾ ਅਤੇ ਪ੍ਰਾਪਤ ਖੋਜ ਕਾਰਜ ਦਾ ਸਰਵੇਖਣ ਤੇ ਮੁਲਾਂਕਣ, ਅਧਿਆਇ ਤੀਜਾ *'ਬਹੁਤ ਸਾਰੇ ਚੁਰੱਸਤੇ'*: ਸਭਿਆਚਾਰਕ ਤਬਦੀਲੀ, ਅਧਿਆਇ ਚੌਥਾ *'ਬਹੁਤ ਸਾਰੇ ਚੁਰੱਸਤੇ'*: ਕਿੱਤਾਗਤ ਤਬਦੀਲੀ, ਅਧਿਆਇ ਪੰਜਵਾਂ *'ਬਹੁਤ ਸਾਰੇ ਚੁਰੱਸਤੇ'*: ਵਿਸ਼ਵੀਕਰਨ ਦੇ ਪ੍ਰਭਾਵ ਹੇਠ ਔਰਤ ਦੀ ਬਦਲਦੀ ਸਥਿਤੀ, ਅਧਿਆਇ ਛੇਵਾਂ *'ਬਹੁਤ ਸਾਰੇ ਚੁਰੱਸਤੇ'*: ਰਾਜਨੀਤਿਕ ਸਰੋਕਾਰ ਨੂੰ ਆਧਾਰ ਬਣਾ ਕੇ ਖੋਜ ਕਾਰਜ ਕੀਤਾ ਗਿਆ ਹੈ।

### 1.8.6 ਬਲਬੀਰ ਪਰਵਾਨਾ ਦੀਆਂ ਰਚਨਾਵਾਂ ਉੱਪਰ ਪ੍ਰਕਾਸ਼ਿਤ ਹੋਏ ਪਰਚੇ:

- ਕਮਿਊਨਿਸਟ ਲਹਿਰ ਬਾਰੇ ਮੇਰੀ ਨਾਵਲ ਚੌਲੜੀ, ਬਲਬੀਰ ਪਰਵਾਨਾ, *ਸਿਰਜਣਾ-175*, ਜਨਵਰੀ-ਮਾਰਚ 2015.

- ਖੇਤਾਂ ਦਾ ਰੁਦਨ (ਨਾਵਲ), ਬਲਬੀਰ ਪਰਵਾਨਾ, *ਸਿਰਜਣਾ-171,* ਜਨਵਰੀ-ਮਾਰਚ 2014.
- ਦੌਲਤਪੁਰ ਤੋਂ ਸਿੱਧੂਪੁਰ ਵਾਇਆ ਜਲੰਧਰ: *ਬਹੁਤ ਸਾਰੇ ਚੁਰੱਸਤੇ,* ਰਜਨੀਸ਼ ਬਹਾਦਰ ਸਿੰਘ, *ਪ੍ਰਵਚਨ-59,* ਅਪ੍ਰੈਲ-ਜੂਨ, 2015.
- ਪੂੰਜੀਵਾਦੀ ਦੌਰ 'ਚ *'ਖੇਤਾਂ ਦਾ ਰੁਦਨ',* ਡਾ. ਅੰਮ੍ਰਿਤਪਾਲ ਕੌਰ, *ਕਹਾਣੀ ਧਾਰਾ-64*, ਅਕਤੂਬਰ-ਦਸੰਬਰ, 2013.
- ਬਲਬੀਰ ਪਰਵਾਨਾ ਦਾ ਨਾਵਲ *'ਬਹੁਤ ਸਾਰੇ ਚੁਰੱਸਤੇ'*: ਪ੍ਰਸੰਗ ਅਤੇ ਆਧਾਰ, ਸੁਰਜੀਤ ਸਿੰਘ, *ਪ੍ਰਵਚਨ-62,* ਜਨਵਰੀ-ਮਾਰਚ 2015.
- ਬਲਬੀਰ ਪਰਵਾਨਾ ਨਾਲ ਮੁਲਾਕਾਤ, ਰਜਨੀਸ਼ ਬਹਾਦਰ ਸਿੰਘ, *ਕਹਾਣੀ ਧਾਰਾ 44-45,* ਜਨਵਰੀ-ਜੂਨ 2017.
- ਮੇਰੇ ਨਾਵਲਾਂ ਦੇ ਸਿਰਜਨਾਤਮਕ ਆਧਾਰ ਤੇ ਵਿਚਾਰਧਾਰਕ ਪਿੱਠਭੂਮੀ, ਬਲਬੀਰ ਪਰਵਾਨਾ, *ਪ੍ਰਤਿਮਾਨ,* ਅਕਤੂਬਰ-ਦਸੰਬਰ 2013.
- ਮੈਨੂੰ ਇਤਿਹਾਸਕ ਨਾਵਲ ਨੇ ਬਹੁਤਾ ਪ੍ਰਭਾਵਿਤ ਨਹੀਂ ਕੀਤਾ, ਬਲਬੀਰ ਪਰਵਾਨਾ, *ਕਹਾਣੀ ਧਾਰਾ-66,* ਅਪ੍ਰੈਲ-ਜੂਨ, 2013.
- ਲੇਖਕ ਦਾ ਪਾਤਰਾਂ ਨਾਲ ਰਿਸ਼ਤਾ: ਸਵੈ ਕਥਨ, ਬਲਬੀਰ ਪਰਵਾਨਾ, *ਸਿਰਜਣਾ-177,* ਜੁਲਾਈ-ਸਤੰਬਰ 2015.


## 1.8.7 ਬਲਬੀਰ ਪਰਵਾਨਾ ਦੇ ਨਾਵਲਾਂ ਨਾਲ ਸਬੰਧਿਤ ਰਜਿਸਟਰ ਵਿਸ਼ਿਆਂ ਦੀ ਸੂਚੀ:


- ਅਵਿਨਾਸ਼, *ਬਲਬੀਰ ਪਰਵਾਨਾ ਦਾ ਗਲਪ: ਰਿਸ਼ਤਿਆਂ ਦੇ ਬਦਲਦੇ ਪਰਿਪੇਖ*, ਕੁਰੂਕਸ਼ੇਤਰ ਯੂਨੀਵਰਸਿਟੀ, ਕੁਰੂਕਸ਼ੇਤਰ, 2012. (ਪੀ.ਐੱਚ.ਡੀ)
- ਮਨਜਿੰਦਰ ਕੌਰ, *ਬਲਬੀਰ ਪਰਵਾਨਾ ਦੇ ਨਾਵਲਾਂ 'ਚ ਸਭਿਆਚਾਰਕ ਰੂਪਾਂਤਰਨ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2014. (ਪੀ.ਐੱਚ.ਡੀ)

- ਮਨਪ੍ਰੀਤ ਕੌਰ, *ਬਹੁਤ ਸਾਰੇ ਚੁਰੱਸਤੇ: ਪੰਜਾਬ ਦੀ ਬਦਲਦੀ ਸਥਿਤੀ ਦਾ ਯਥਾਰਥ,* ਖ਼ਾਲਸਾ ਕਾਲਜ, ਅੰਮ੍ਰਿਤਸਰ, 2017. (ਐਮ.ਫ਼ਿਲ.)

ਪੰਜਾਬੀ ਵਿੱਚ ਨਾਵਲ ਦੇ ਖੇਤਰ ਵਿੱਚ ਜਿੰਨੀ ਵੀ ਖੋਜ ਹੋਈ ਹੈ ਉਹ ਹਥਲੇ ਖੋਜ ਕਾਰਜ ਦੇ ਵਿਸ਼ੇ ਨਾਲੋਂ ਬਿਲਕੁਲ ਵੱਖਰੀ ਅਤੇ ਨਿਵੇਕਲੀ ਹੈ। ਕਿਸੇ ਵੀ ਖੋਜ ਕਰਤਾ ਨੇ ਬਲਬੀਰ ਪਰਵਾਨਾ ਦੇ ਨਾਵਲਾਂ 'ਚ ਪ੍ਰਸਤੁਤ ਕਿਸਾਨੀ ਸੰਕਟ ਦਾ ਕਿਸਾਨੀ ਸਮਾਜ 'ਤੇ ਪ੍ਰਭਾਵ ਦੀ ਦ੍ਰਿਸ਼ਟੀ ਤੋਂ ਗਹਿਨ ਅਧਿਐਨ ਕਰਨ ਵੱਲ ਧਿਆਨ ਹੀ ਨਹੀਂ ਦਿੱਤਾ ਕਿਉਂਕਿ ਕਿਸਾਨੀ ਸੰਕਟ ਕਾਰਨ ਉਨ੍ਹਾਂ ਦੇ ਜੀਵਨ ਪੱਧਰ ਅਤੇ ਮੁੱਲਾਂ ਵਿਚ ਬਹੁਤ ਕਿਸਮ ਦੀਆਂ ਤਬਦੀਲੀਆਂ ਆਈਆਂ। ਇਸ ਲਈ ਇਸ ਭਖਦੇ ਮਸਲੇ ਨੂੰ ਖੋਜ ਕਾਰਜ ਦਾ ਵਿਸ਼ਾ ਬਣਾਇਆ ਗਿਆ ਹੈ। ਹੱਥਲੇ ਖੋਜ ਕਾਰਜ ਲਈ ਚੁਣਿਆ ਵਿਸ਼ਾ ਬਿਲਕੁਲ ਨਵਾਂ ਅਤੇ ਨਿਵੇਕਲਾ ਹੈ ਅਤੇ ਭਵਿੱਖ ਵਿੱਚ ਖੋਜ ਦੇ ਖੇਤਰ ਵਿੱਚ ਵਡਮੁੱਲਾ ਯੋਗਦਾਨ ਪਾਵੇਗਾ।

## 1.9 ਨਾਵਲ ਦਾ ਅਰਥ ਤੇ ਪਰਿਭਾਸ਼ਾ

ਪ੍ਰਸਿੱਧ ਆਲੋਚਕ ਅਰਸਤੂ ਦੀ ਰਾਇ ਹੈ ਕਿ 'ਮਨੁੱਖ ਇੱਕ ਸਮਾਜਿਕ ਪ੍ਰਾਣੀ ਹੈ' ਜਿਸ ਤੋਂ ਇਹ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਮੁੱਢਲੇ ਸਮੇਂ ਤੋਂ ਹੀ ਮਨੁੱਖ ਭੋਜਨ, ਕੱਪੜਾ, ਆਰਾਮ, ਮਨੋਰੰਜਨ, ਜੰਗਲੀ ਜੀਵਾਂ ਤੋਂ ਸੁਰੱਖਿਆ, ਗਿਆਨ ਦੀ ਪ੍ਰਾਪਤੀ ਆਦਿ ਲਈ ਸਮਾਜ ਉੱਪਰ ਹੀ ਨਿਰਭਰ ਕਰਦਾ ਸੀ। ਇਤਿਹਾਸ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਮਨੁੱਖ ਦੁਆਰਾ ਪ੍ਰਾਪਤ ਕੀਤੀਆਂ ਅਨੇਕਾਂ ਪ੍ਰਾਪਤੀਆਂ ਸਮਾਜ ਦੀ ਦੇਣ ਹਨ ਪਰ ਵਿਚਾਰਨ ਵਾਲੀ ਗੱਲ ਇਹ ਹੈ ਕਿ ਭਾਸ਼ਾ ਦਾ ਨਿਰਮਾਣ ਸਮਾਜ ਦੀ ਸਭ ਤੋਂ ਉੱਤਮ ਪ੍ਰਾਪਤੀ ਮੰਨੀ ਜਾਂਦੀ ਹੈ ਕਿਉਂਕਿ ਮਨੁੱਖ ਦੇ ਜਨਮ ਸਮੇਂ ਭਾਸ਼ਾ ਕੰਠ ਵਿੱਚ ਬਿਰਾਜਮਾਨ ਹੁੰਦੀ ਹੈ ਪਰ ਇਸ ਨੂੰ ਬੋਲਣ ਦੇ ਢੰਗ, ਤੌਰ ਤਰੀਕੇ ਮਨੁੱਖ ਸਮਾਜ ਵਿਚੋਂ ਹੀ ਸਿੱਖਦਾ ਹੈ। ਸਮਾਜ ਇੱਕ ਅਜਿਹਾ ਪ੍ਰਬੰਧ ਹੈ ਜੋ ਮਨੁੱਖ ਨੂੰ ਸੁਤੰਤਰਤਾ ਦੇ ਨਾਲ-ਨਾਲ ਨਿਯੰਤਰਿਤ ਵੀ ਕਰਦਾ ਹੈ। ਸਮਾਜਿਕ ਪ੍ਰਬੰਧ ਕੇਵਲ ਮਨੁੱਖੀ ਜੀਵਾਂ 'ਚ ਹੀ ਨਹੀਂ ਸਗੋਂ ਜਾਨਵਰਾਂ, ਪੰਛੀਆਂ ਆਦਿ ਵਿਚਕਾਰ ਵੀ ਸਮਾਜ ਦੀ ਹੋਂਦ ਪ੍ਰਕਿਰਿਆ ਮੌਜੂਦ ਹੈ।

> ਇਸ ਵਿਚਾਰ ਦੀ ਪੁਸ਼ਟੀ ਕਰਦੇ ਟੀ. ਆਰ. ਵਿਨੋਦ ਲਿਖਦੇ ਹਨ ਕਿ, "ਮਨੁੱਖ ਜਾਤੀ ਦੀ ਇਹ ਵਿਲੱਖਣਤਾ ਹੈ ਕਿ ਨਸਲ ਦੇ ਹਰੇਕ ਪ੍ਰਾਣੀ ਦੀਆਂ ਜਨਮਜਾਤ ਸ਼ਕਤੀਆਂ ਉਤਪਾਦਨ ਕਰਨ ਅਤੇ ਉਤਪਾਦਨ ਪ੍ਰਕਿਰਿਆ ਸਬੰਧੀ ਚੇਤਨ ਹੋਣ ਦੇ ਪੱਧਰ ਤੱਕ ਵਿਕਾਸ ਕਰਨ ਦੀ ਯੋਗਤਾ ਰੱਖਦੀਆਂ ਹਨ। ਪਰ ਇਹਨਾਂ ਸ਼ਕਤੀਆਂ ਦੇ ਵਿਕਾਸ ਦੀ ਸਿਖਲਾਈ ਲਈ ਵਧੇਰੇ ਲੰਮੇ ਅਤੇ ਨਿਰੰਤਰ ਅਭਿਆਸ ਦੀ ਲੋੜ ਹੈ। ਇਹ ਅਭਿਆਸ ਪ੍ਰਵਿਰਤੀ ਮੂਲਕ ਪ੍ਰੇਰਣਾ ਨਾਲ ਹੀ ਨੇਪਰੇ ਨਹੀਂ ਚੜ੍ਹ ਸਕਦਾ ਜਿਸ ਕਰ ਕੇ ਮਨੁੱਖ ਨੇ ਆਪਣੀ ਲੰਮੀ ਜੀਵਨ ਪ੍ਰਕਿਰਿਆ ਦੇ ਦੌਰਾਨ ਅਜਿਹੇ

ਪ੍ਰਬੰਧ ਦੀ ਸੰਰਚਨਾ ਕੀਤੀ ਹੈ, ਜੋ ਇਸ ਲੋੜ ਦਾ ਪੂਰਕ ਬਣ ਨਿੱਬੜਿਆ ਹੈ। ਸਮਾਜ ਇਸ ਪ੍ਰਬੰਧ ਦਾ ਨਾਮ ਹੈ।" ("ਸੰਸਕ੍ਰਿਤੀ ਸਿਧਾਂਤ ਅਤੇ ਵਿਹਾਰ" 26)

ਨਾਵਲ, ਗਲਪ ਦੇ ਅੰਤਰਗਤ ਆਉਣ ਵਾਲੀ ਲੰਬੀ ਵਿਧਾ ਹੈ। ਨਾਵਲ 'ਚ ਲਿਖਤੀ ਕਹਾਣੀ ਤਾਂ ਜ਼ਰੂਰ ਹੁੰਦੀ ਹੈ ਪਰ ਕਿੰਨੀ ਲੰਬੀ, ਕਿੰਨੀਆਂ ਧਾਰਾਵਾਂ 'ਚ ਫੈਲੀ ਹੋਵੇਗੀ ਉਸ ਬਾਰੇ ਕੁੱਝ ਦਾਅਵੇ ਨਾਲ ਨਹੀਂ ਕਿਹਾ ਜਾ ਸਕਦਾ। ਨਾਵਲ ਇੱਕ ਗਲਪੀ ਵਿਧਾ ਹੋਣ ਦੇ ਨਾਲ-ਨਾਲ ਵਿਲੱਖਣ ਵਿਚਾਰ, ਰਾਇ ਦੀ ਪੇਸ਼ਕਾਰੀ ਕਰਦਾ ਹੈ। ਜਿਸ ਦਾ ਮੁੱਖ ਪਹਿਲੂ ਮਨੁੱਖ ਦੇ ਸਮਾਜਿਕ ਯਥਾਰਥ ਦੀ ਪੇਸ਼ਕਾਰੀ ਕਰਨਾ ਹੈ ਅਤੇ ਪਰਤਵੇਂ ਰੂਪ ਵਿਚ ਨਿਵੇਕਲੇ ਸੰਸਾਰ ਨੂੰ ਕੋਈ ਸਾਰਥਕ ਸੇਧ ਦੇਣਾ ਹੈ।

## ਨਾਵਲ ਦਾ ਅਰਥ:

ਨਾਵਲ ਸਮਾਜਿਕ ਆਰਥਿਕ ਵਿਵਸਥਾ ਦੇ ਇੱਕ ਖ਼ਾਸ ਪੜਾਅ, ਸਮਾਜਿਕ ਸੰਬੰਧਾਂ ਅਤੇ ਇਤਿਹਾਸਕ ਪੜਾਵਾਂ ਦੇ ਵਿਸ਼ੇਸ਼ ਦੌਰ ਸਮੇਂ ਸਾਹਮਣੇ ਆਉਂਦਾ ਹੈ। ਜਦੋਂ ਸਾਹਿਤ ਦੀਆਂ ਪ੍ਰਚਲਿਤ ਧਾਰਾਵਾਂ ਸਮਾਜਿਕ ਢਾਂਚੇ ਵਿਚੋਂ ਉਤਪੰਨ ਹੋਏ ਮਾਨਵੀ ਮੁੱਲਾਂ ਅਤੇ ਅੰਤਰ ਵਿਰੋਧਾਂ ਨੂੰ ਪੇਸ਼ ਕਰਨ ਤੋਂ ਅਸਮਰੱਥ ਹੋ ਜਾਂਦੀਆਂ ਹਨ ਤਾਂ ਬਦਲ ਰਹੀਆਂ ਜੀਵਨ ਕੀਮਤਾਂ ਅਤੇ ਅੰਤਰ ਵਿਰੋਧਾਂ ਦੀ ਪੇਸ਼ਕਾਰੀ ਕਰਨ ਲਈ ਨਵੀਆਂ ਸਾਹਿਤਕ ਵਿਧਾਵਾਂ ਹੋਂਦ ਵਿੱਚ ਆਉਂਦੀਆਂ ਹਨ।

> ਨਾਵਲ ਦੇ ਸ਼ਬਦੀ ਅਰਥ ਬਾਰੇ ਗੁਰਚਰਨ ਸਿੰਘ ਲਿਖਦੇ ਹਨ, "ਨਾਵਲ ਲੰਬੀ, ਲਿਖਤੀ, ਕਲਪਿਤ, ਆਪਣੇ ਕਿਸੇ ਅੰਦਰਲੇ ਨੇਮਾਂ ਅਨੁਸਾਰ ਰਚੀ ਕਹਾਣੀ ਨੂੰ ਕਿਹਾ ਜਾਂਦਾ ਹੈ। ਨਾਵਲ ਸ਼ਬਦ ਅੰਗਰੇਜ਼ੀ ਦਾ ਹੈ ਜਿਸ ਦਾ ਅਰਥ 'ਨਵੀਨ' ਹੈ। ਕਲਪਿਤ ਕਹਾਣੀ ਦਾ ਮੌਲਿਕ ਹੋਣਾ ਕੁਦਰਤੀ ਸਮਝਿਆ ਗਿਆ ਹੈ ਅਤੇ ਕਹਾਣੀ ਦੀ ਨਵੀਨਤਾ ਦੇ ਗੁਣਾਂ ਕਾਰਨ ਇਸ ਨੂੰ 'ਨਾਵਲ' ਦਾ ਨਾਂ ਦਿੱਤਾ ਗਿਆ ਹੈ।"( "ਪੰਜਾਬੀ ਗਲਪ ਦਾ ਇਤਿਹਾਸ" 1)

> ਸੰਤ ਸਿੰਘ ਸੇਖੋਂ ਦੀ ਧਾਰਨਾ ਹੈ ਕਿ, "ਇਹ ਗਲਪ ਰੂਪ ਯੂਰਪ ਵਿੱਚ ਅਠਾਰ੍ਹਵੀਂ ਸਦੀ ਤੋਂ ਬਹੁ ਪ੍ਰਚਲਿਤ ਹੋਇਆ ਹੈ ਪਰ ਇਸ ਦਾ ਅੰਗਰੇਜ਼ੀ ਸਮਾਨਾਰਥ 'ਨਾਵਲ' (Novel) ਸੋਲ੍ਹਵੀਂ ਸਦੀ ਦੇ ਇੱਕ ਅਤਾਲਵੀ ਲੇਖਕ (Bacaccio) ਦੀ ਇੱਕ ਬਿਰਤਾਂਤਿਕ ਪੁਸਤਕ ਦੇ ਸਿਰਲੇਖ ਤੋਂ ਲਿਆ ਗਿਆ, ਜਿਸ ਦੇ ਅਰਥ ਸਨ 'ਨਵੀਆਂ ਕਥਾਵਾਂ। ਇਹ ਬਹੁਤ ਕਰ ਕੇ ਇਸਤ੍ਰੀ ਪੁਰਖ ਦੇ ਲਿੰਗ ਸੰਬੰਧਾਂ ਦੀਆਂ ਅਜਿਹੀਆਂ ਕਹਾਣੀਆਂ ਸਨ, ਜਿਹੜੀਆਂ ਭਾਵੇਂ ਕਿਧਰੇ ਵਰਤੀਆਂ ਵੀ ਹੋਣ, ਪਰ ਆਪਣੇ ਰੂਪ ਵਿੱਚ ਜੋ ਕੁੱਝ ਸਾਧਾਰਨ ਜਗਤ ਵਿੱਚ ਵਰਤਦਾ ਹੈ, ਉਸ ਤੋਂ ਬਿਲਕੁਲ ਵੱਖਰੀਆਂ, ਅਨੋਖੀਆਂ ਤੇ ਵਿਚਿਤ੍ਰ ਹੋਣ। ਅਜਿਹੀਆਂ ਕਥਾਵਾਂ ਦਸਮ ਗ੍ਰੰਥ ਵਿੱਚ 'ਹਦਾਇਤਾਂ' ਤੇ ਤ੍ਰੀਆਂ

ਚਰਿਤ੍ਰ ਵਿੱਚ ਵੀ ਉਪਲਬਧ ਹਨ। ਦਸਮ ਗ੍ਰੰਥ ਵਿੱਚ ਇਹਨਾਂ ਦਾ ਰੂਪ ਛੰਦ-ਬੱਧ ਹੈ, ਜਦੋਂ ਕਿ fiction ਅਥਵਾ ਨਾਵਲ ਵਿੱਚ ਹੁਣ ਤਕ ਗੱਦ ਰੂਪ ਦੀ ਵੰਨਗੀ ਹੀ ਚੱਲਦੀ ਆਈ ਹੈ। ਕੇਵਲ ਪਿੱਛੇ ਅਜਿਹੇ ਇੱਕ ਰੂਸੀ ਨੋਬਾਕੋਫ਼ ਨੇ ਜੋ ਅਮਰੀਕੀ ਰਾਜਾਂ ਸੰਘ ਵਸਿਆ ਹੋਇਆ ਹੈ, ਇੱਕ ਛੰਦ-ਬੱਧ ਬਿਰਤਾਂਤ ਰਚਿਆ ਹੈ, ਜਿਸ ਨੂੰ ਉਸ ਨੇ 'ਨਾਵਲ' ਕਿਹਾ ਹੈ।" (ਦਵੇਸ਼ਵਰ, "ਨਾਵਲ ਸ਼ਾਸਤਰ ਤੇ ਪੰਜਾਬੀ ਨਾਵਲ" 40)

ਉਪਰੋਕਤ ਵਿਚਾਰਾਂ ਤੋਂ ਪਤਾ ਲੱਗਦਾ ਹੈ ਕਿ ਨਾਵਲ ਨੂੰ ਲੰਬੀ ਬਿਰਤਾਂਤ ਰਚਨਾ ਕਿਹਾ ਜਾਂਦਾ ਹੈ। ਨਾਵਲ ਅੰਗਰੇਜ਼ੀ ਸਮਾਨਾਰਥੀ ਸ਼ਬਦ 'ਨਵੀਨ' ਤੋਂ ਲਿਆ ਗਿਆ ਹੈ। ਜਿਸ ਦਾ ਅਰਥ ਨਵੀਆਂ ਕਥਾਵਾਂ, ਲੰਬੀ ਬਿਰਤਾਂਤਿਕ ਰਚਨਾ ਜਿਸ ਵਿੱਚ ਜ਼ਿੰਦਗੀ ਦੇ ਕਈ ਦ੍ਰਿਸ਼ਾਂ ਦੀ ਪੇਸ਼ਕਾਰੀ ਕੀਤੀ ਜਾਵੇ। ਅਜਿਹੀਆਂ ਹੀ ਕਹਾਣੀਆਂ/ਕਥਾਵਾਂ ਦਸਮ ਗ੍ਰੰਥ ਵਿੱਚ ਵੀ ਪ੍ਰਾਪਤ ਹੁੰਦੀਆਂ ਹਨ ਜਿਵੇਂ ਹਦਾਇਤਾਂ ਅਤੇ ਤ੍ਰੀਆ ਚਰਿਤ੍ਰ ਆਦਿ। ਦਸਮ ਗ੍ਰੰਥ ਇੱਕ ਨਾਵਲ ਛੰਦ-ਬੱਧ ਰੂਪ ਜੋ ਕਿ ਹੁਣ ਗਲਪ ਰੂਪ ਦਾ ਹਿੱਸਾ ਬਣ ਗਿਆ ਹੈ।

ਗੁਰਪਾਲ ਸਿੰਘ ਸੰਧੂ ਦੇ ਲਫ਼ਜ਼ਾਂ 'ਚ, "Novel ਪ੍ਰਾਇਵਾਚੀ ਹਿੰਦੀ ਭਾਸ਼ਾ ਦਾ ਸ਼ਬਦ 'ਉਪਨਿਆਸ' ਹੈ। 'ਉਪਨਿਆਸ' ਸ਼ਬਦ ਦਾ ਮੂਲ ਸੰਸਕ੍ਰਿਤ ਭਾਸ਼ਾ ਵਿੱਚ ਹੈ। ਇਸ ਦਾ ਭਾਵ ਵੀ 'ਕਲਪਿਤ ਕਥਾ' ਹੈ।" ("ਪੰਜਾਬੀ ਨਾਵਲ ਦਾ ਇਤਿਹਾਸ" 12)

ਉਪਰੋਕਤ ਵਿਚਾਰ ਚਰਚਾ ਦੇ ਆਧਾਰ 'ਤੇ ਕਹਿ ਸਕਦੇ ਹਾਂ ਕਿ ਨਾਵਲ ਅੰਗਰੇਜ਼ੀ ਭਾਸ਼ਾ ਦਾ ਸ਼ਬਦ ਹੈ ਜੋ ਕਿ ਮੂਲ ਲਾਤੀਨੀ ਭਾਸ਼ਾ ਦੇ ਸ਼ਬਦ Novella ਦਾ ਸਮਾਨਾਰਥੀ ਹੈ। Novel ਸ਼ਬਦ ਦੇ ਅਰਥ ਨਵੇਂ/ਨਵੀਨ ਨਾਲ ਜੁੜੇ ਹੋਏ ਹਨ। ਅੰਗਰੇਜ਼ੀ ਵਿੱਚ ਨਾਵਲ ਨੂੰ ਨਿੱਕੀ ਕਹਾਣੀ ਲਈ ਵੀ ਵਰਤਿਆ ਗਿਆ ਹੈ। ਹਿੰਦੀ ਭਾਸ਼ਾ ਵਿੱਚ ਨਾਵਲ ਨੂੰ ਉਪਨਿਆਸ ਕਿਹਾ ਜਾਂਦਾ ਹੈ। ਉਪਨਿਆਸ ਦਾ ਅਰਥ ਹੈ 'ਕਲਪਿਤ ਕਥਾ' ਭਾਵ ਕਿ ਇਸ ਵਿੱਚ ਜੀਵਨ ਦੀਆਂ ਲੰਮੀਆਂ ਘਟਨਾਵਾਂ ਨੂੰ ਥਾਂਵਾਂ, ਪਾਤਰਾਂ, ਵਾਰਤਾਲਾਪ ਅਤੇ ਯੋਗ ਭਾਸ਼ਾ ਦੀ ਸਹਾਇਤਾ ਨਾਲ ਸਮਾਜਿਕ ਦੀ ਸਥਿਤੀ ਦਾ ਬਿਆਨ ਕੀਤਾ ਜਾਂਦਾ ਹੈ।

ਇਸ ਤਰ੍ਹਾਂ ਨਾਵਲ ਗਲਪ ਦਾ ਪ੍ਰਸਿੱਧ ਰੂਪਾਕਾਰ ਹੈ ਜੋ ਬਿਰਤਾਂਤ ਦੇ ਮਾਧਿਅਮ ਰਾਹੀਂ ਸਮਕਾਲੀ ਸਮਾਜ ਦੀ ਤ੍ਰਾਸਦੀ ਨੂੰ ਕਲਪਿਤ ਢੰਗ ਨਾਲ ਬਿਆਨ ਕਰਦਾ ਹੈ। ਪੁਰਾਣ ਕਥਾ 'ਚ ਨਾ ਹੀ ਪਰਾ-ਅੰਸ਼ਾਂ ਨੂੰ ਅਲੌਕਿਕ ਕਥਾਵਾਂ 'ਚ ਬਿਆਨ ਕੀਤਾ ਜਾਂਦਾ ਸੀ। ਨਾ ਕਿਸੇ ਨਾਇਕ ਮਹਾਂ-ਨਾਇਕ ਦੀਆਂ ਆਦਰਸ਼ ਪ੍ਰੇਰਿਤ ਕਥਾਵਾਂ ਨੂੰ ਬਿਆਨਿਆਂ ਜਾਂਦਾ ਹੈ। ਸਗੋਂ ਨਾਵਲ ਵਿੱਚ ਆਮ ਮਨੁੱਖ ਦੀ ਜ਼ਿੰਦਗੀ ਨੂੰ ਆਧਾਰ ਬਣਾ ਕੇ ਸਮਾਜਿਕ ਅਤੇ ਸਭਿਆਚਾਰਕ ਰੀਤੀ-ਰਿਵਾਜ, ਕਦਰਾਂ-ਕੀਮਤਾਂ ਦੀ ਯਥਾਰਥਕ ਸਥਿਤੀ ਨੂੰ ਪੇਸ਼ ਕੀਤਾ ਜਾਂਦਾ ਹੈ।

## ਨਾਵਲ ਦੀ ਪਰਿਭਾਸ਼ਾ:

ਨਾਵਲ ਇੱਕ ਅਜਿਹੀ ਵਿਧਾ ਹੈ ਜੋ ਜੀਵਨ ਦੀ ਵਾਸਤਵਿਕਤਾ ਨੂੰ ਸਮਝਣ ਯੋਗ ਬਣਾਉਂਦੀ ਹੈ ਕਿਉਂਕਿ ਨਾਵਲ ਅਜਿਹਾ ਮਾਨਵ ਸਿਰਜਿਤ ਪ੍ਰਬੰਧ ਹੈ ਜੋ ਸਵੈ ਸੰਪੂਰਨ ਜ਼ਿੰਦਗੀ ਦੀ ਝਲਕ ਪੇਸ਼ ਕਰਦਾ ਹੈ। ਪਰ ਵਿਚਾਰਨਯੋਗ ਵਿਚਾਰ ਇਹ ਹੈ ਕਿ ਰੂਪਵਾਦੀ ਦੇ ਇਸ ਦਾਅਵੇ ਨੂੰ ਰੱਦ ਕਰ ਕੇ ਅੱਗੇ ਵੱਧਦੇ ਹਨ ਜੋ ਨਾਵਲ ਦੇ ਸੁਹਜ ਸੁਆਦ 'ਚੋਂ ਪ੍ਰਾਪਤ ਹੁੰਦੀ ਸੋਝੀ ਨੂੰ ਨਹੀਂ ਸਗੋਂ ਨਾਵਲ ਦੀ ਤਕਨੀਕੀ ਯੋਗਤਾ ਨੂੰ ਵਧੇਰੇ ਮਹੱਤਵ ਦਿੰਦੇ ਹਨ। ਇਹ ਵਿਚਾਰ ਨਾਵਲ ਦੇ ਯਥਾਰਥਵਾਦ, ਕਿਸੇ ਸਮਗਰੀ ਵਿਸ਼ੇਸ਼ ਵੱਲ ਇਸ਼ਾਰਾ ਨਹੀਂ ਕਰਦਾ ਬਲਕਿ ਇਹ ਯਥਾਰਥ ਵੇਖਣ ਜਾਣਨ ਦਾ ਇੱਕ ਨਜ਼ਰੀਆ ਹੈ।

> ਜੋਗਿੰਦਰ ਸਿੰਘ ਨਹਿਰੂ ਦਾ ਵਿਚਾਰ ਹੈ ਕਿ, "ਨਾਵਲ ਵਿਧਾ ਦਾ ਇਹ ਵਿਸ਼ੇਸ਼ ਦ੍ਰਿਸ਼ਟੀਕੋਣ ਅਥਵਾ ਵਿਧੀ ਦੀ ਸਥਾਪਿਤ ਸਾਂਸਕ੍ਰਿਤਿਕ ਕਦਰਾਂ-ਕੀਮਤਾਂ ਤੇ ਵਿਚਾਰਧਾਰਾ ਦੀ ਆਧਾਰਾਂ ਪ੍ਰਤਿ ਇੱਕ ਚੁਨੌਤੀ ਵਜੋਂ ਸਾਹਮਣੇ ਆਉਂਦੀ ਹੈ, ਜੋ ਪਾਠਕਾਂ ਨੂੰ ਸਮਕਾਲੀਨ ਯਥਾਰਥ ਦਾ ਬੋਧ ਕਰਾਉਂਦੀ ਹੋਈ ਉਸ ਦੇ ਭਵਿੱਖਾਰਥੀ ਸੁਪਨਿਆਂ ਦਾ ਮਾਰਗ-ਦਰਸ਼ਨ ਕਰਦੀ ਹੈ। ਇਸ ਤਰ੍ਹਾਂ ਨਾਵਲ ਵਾਸਤਵਿਕਤਾ ਦਾ ਸੁਹਜਾਤਮਿਕ ਤੇ ਸਾਰਥਕ ਰੂਪਾਂਤਰਨ ਕਰਦਾ ਹੋਇਆ ਅੱਗੇ ਵੱਧਦਾ ਹੈ। ਜਿਸ ਨਾਲ ਜੀਵਨ ਦੇ ਯਥਾਰਥ ਨੂੰ ਇਸ ਦੇ ਤਰਲਤਾ, ਸੁਖਤਮ ਤੇ ਜਟਿਲਤਮ ਰੂਪ ਵਿੱਚ ਪਕੜਨ ਦੀ ਸੰਭਾਵਨਾ ਉਜਾਗਰ ਹੁੰਦੀ ਹੈ।"("ਨਾਵਲ ਦੀ ਵਿਧਾ" 15)

ਨਾਵਲ ਮਨੁੱਖੀ ਜੀਵਨ ਦੀ ਤਰਜ਼ਮਾਨੀ ਕਰਦਾ ਹੈ। ਕਿਉਂਕਿ ਨਾਵਲ ਦਾ ਮੁੱਖ ਮਕਸਦ ਮਾਨਵ ਮਨ ਦੀ ਪੇਸ਼ਕਾਰੀ ਕਰਨਾ ਹੈ। ਪਰ ਵਿਚਾਰਨਯੋਗ ਵਿਚਾਰ ਇਹ ਹੈ ਕਿ ਰੂਪਵਾਦੀ ਨਾਵਲ ਵਿਚਲੇ ਸੁਹਜ ਸੁਆਦ ਨੂੰ ਨਕਾਰਦੇ ਹੋਏ ਕੇਵਲ ਜੁਗਤਾਂ (ਬਣਤਰ) ਪੱਖੋਂ ਚਰਚਾ ਕਰਨੀ ਉੱਤਮ ਸਮਝਦੇ ਹਨ। ਨਾਵਲ ਵਿਧਾ ਦਾ ਮੁੱਖ ਮਕਸਦ ਮਨੁੱਖੀ ਜੀਵਨ ਦੇ ਯਥਾਰਥ ਨੂੰ ਪੇਸ਼ ਕਰਨਾ ਹੈ। ਨਾਵਲ ਦੇ ਯਥਾਰਥ ਚਿਤਰਨ ਬਾਰੇ ਵਿਸਥਾਰ ਪੂਰਵਕ ਚਰਚਾ ਕਰਨ ਤੋਂ ਪਹਿਲਾ ਨਾਵਲ ਦੀ ਪਰਿਭਾਸ਼ਾ ਬਾਰੇ ਚਰਚਾ ਕਰਨੀ ਬਣਦੀ ਹੈ। ਸਮਾਜ ਦੇ ਕਿਸੇ ਵੀ ਖੇਤਰ 'ਚ ਕੰਮ ਕਰਨ ਵਾਲੇ ਵਿਅਕਤੀ ਜਦੋਂ ਆਪਣੇ ਖ਼ਿੱਤੇ ਨਾਲ ਸੰਬੰਧਿਤ ਸੰਕਲਪਾਂ ਨੂੰ ਪਰਿਭਾਸ਼ਿਤ ਕਰਦੇ ਹਨ ਤਾਂ ਪਰਿਭਾਸ਼ਾ ਕੇਵਲ ਨਾਵਲ ਦੀ ਵਾਸਤਵਿਕਤਾ ਦੀ ਸਮਝ ਤੱਕ ਹੀ ਨਹੀਂ ਰਹਿੰਦੀ ਸਗੋਂ ਵੱਖ-ਵੱਖ ਆਲੋਚਕ ਵੀ ਆਪਣਾ ਹਿੱਤ ਰੱਖਦੇ ਹੋਏ ਵੱਖਰੀਆਂ-ਵੱਖਰੀਆਂ ਪਰਿਭਾਸ਼ਾਵਾਂ ਦਿੰਦੇ ਹਨ। ਨਾਵਲ ਦੀਆਂ ਪਰਿਭਾਸ਼ਾਵਾਂ ਹੇਠ ਲਿਖੇ ਅਨੁਸਾਰ ਹਨ ਜਿਵੇਂ:

> ਡਾ. ਟੀ. ਆਰ. ਵਿਨੋਦ ਦੇ ਸ਼ਬਦਾਂ 'ਚ, "ਨਾਵਲ ਸਮੁੱਚੇ ਮਨੁੱਖ ਦਾ ਚਿੱਤਰ ਹੈ। ਮਨੁੱਖ ਦੀ ਸਮੁੱਚਤਾ ਦਾ ਭਾਵ ਇਹ ਨਹੀਂ ਕਿ ਨਾਵਲ ਵਿੱਚ ਪੇਸ਼ ਪਾਤਰ ਦੇ ਜਨਮ ਤੋਂ ਲੈ ਕੇ ਮਰਨ ਤੱਕ ਦਾ ਜੀਵਨ ਕ੍ਰਮ-ਬੱਧ ਰੂਪ ਵਿੱਚ ਚਿਤਰਿਆ ਹੋਵੇ...ਸਗੋਂ ਇਸ ਦਾ ਭਾਵ ਇਹ ਹੈ ਕਿ ਨਾਵਲ ਵਿੱਚ ਪੇਸ਼ ਮਨੁੱਖਾਂ ਦੀ ਸ਼ਖ਼ਸੀਅਤ ਦੇ ਤਿੰਨ ਪੱਖ-ਬੌਧਿਕ, ਭਾਵੁਕ ਤੇ ਅਮਲੀ ਉਜਾਗਰ ਹੁੰਦੇ ਹਨ। ਮਨੁੱਖ ਦਾ ਕੋਈ ਵੀ ਪ੍ਰਤਿਕਰਮ ਉਪਰੋਕਤ ਤਿੰਨੋ ਪੱਖਾਂ 'ਤੇ ਆਧਾਰਤ ਹੁੰਦਾ ਹੈ। ਇਹ ਤਿੰਨੋ ਪੱਖ ਮਿਲ ਕੇ ਹੀ ਮਨੁੱਖ ਨੂੰ ਮਨੋਵਿਗਿਆਨਕ ਇਕਾਈ ਬਣਾਉਂਦੇ ਹਨ। ਇਸ

ਲਈ ਕਿਸੇ ਨਾਵਲ ਵਿੱਚ ਇਹ ਤਿੰਨੇ ਪੱਖਾਂ ਦਾ ਸੰਤੁਲਿਤ ਚਿਤਰਨ ਹੀ ਨਾਵਲ ਦੇ ਪਾਤਰ ਦੀ ਪੂਰਨ ਸ਼ਖ਼ਸੀਅਤ ਨੂੰ ਉਘਾੜ ਸਕਦਾ ਹੈ।" (ਦਵੇਸ਼ਵਰ, "ਨਾਵਲ ਸ਼ਾਸਤਰ ਤੇ ਪੰਜਾਬੀ ਨਾਵਲ" 152)

ਲਿਉਨਲ ਸਟੀਵਨਸਨ ਅਨੁਸਾਰ, "ਨਾਵਲ ਮੁੱਖ ਰੂਪ ਵਿੱਚ ਮੱਧ ਸ਼੍ਰੇਣਿਕ ਸਭਿਆਚਾਰ ਦਾ ਸਾਹਿਤਕ ਮਾਧਿਅਮ ਹੈ ਅਤੇ ਇਸ ਦਾ ਮੁੱਖ ਗੁਣ ਸੱਚ ਦਾ ਭੁਲੇਖਾ ਦੇਣਾ ਹੈ।" (ਦੁਸਾਂਝ, "ਪੰਜਾਬੀ ਇਤਿਹਾਸਕ ਨਾਵਲ" 12)

ਰਬਰਟ ਇਡਾਲ ਦਾ ਵਿਚਾਰ ਹੈ ਕਿ, "ਨਾਵਲ ਦਾ ਮੁੱਖ ਮੰਤਵ ਲੋਕਾਂ ਨੂੰ ਵੱਖੋ-ਵੱਖਰੇ ਪੱਖਾਂ ਤੋਂ ਮਨੁੱਖੀ ਸੁਭਾ ਬਾਰੇ ਵਧੀਆ ਚੁਣਵੀਂ ਬੋਲੀ ਵਿੱਚ ਜਾਣਕਾਰੀ ਕਰਵਾਉਣਾ ਹੈ।" (ਦੁਸਾਂਝ, "ਪੰਜਾਬੀ ਇਤਿਹਾਸਕ ਨਾਵਲ" 12)

*'ਆਕਸਫੋਰਡ ਇੰਗਲਿਸ਼ ਡਿਕਸ਼ਨਰੀ'* ਅਨੁਸਾਰ, "ਨਾਵਲ ਗੱਦ ਵਿੱਚ ਲਿਖੀ ਹੋਈ ਕਾਫ਼ੀ (ਅੱਜ ਕੱਲ੍ਹ ਇੰਨੀ ਕੁ ਲੰਬੀ ਕਿ ਦੋ ਜਿਲਦਾਂ ਬਣ ਸਕਣ) ਗਲਪਾਤਮਿਕ ਕਥਾ ਜਾਂ ਕਹਾਣੀ ਹੈ ਜਿਸ ਵਿੱਚ ਵੱਧ ਜਾਂ ਘੱਟ ਕਥਾਨਕ ਰਾਹੀਂ ਅਤੀਤ ਜਾਂ ਵਰਤਮਾਨ ਸਮੇਂ ਦੇ ਵਾਸਤਵਿਕ ਜੀਵਨ ਦੇ ਪ੍ਰਤਿਨਿਧ ਪਾਤਰ ਅਤੇ ਕਾਰਜ ਪੇਸ਼ ਕੀਤੇ ਜਾਂਦੇ ਹਨ।" (ਵਿਨੋਦ, "ਆਓ ਨਾਵਲ ਪੜ੍ਹੀਏ" 8)

ਨਾਵਲ ਅਜਿਹੀ ਵਿਧਾ ਹੈ ਜਿਸ ਦਾ ਮੁੱਖ ਉਦੇਸ਼ ਯਥਾਰਥਕ ਜੀਵਨ ਦਾ ਤਰਕਵਾਦੀ ਢੰਗ ਨਾਲ ਪ੍ਰਗਟਾਅ ਕਰਨਾ ਹੈ। ਨਾਵਲ ਜ਼ਿੰਦਗੀ ਵਿਚਲਾ ਸੱਚ ਹੁੰਦਾ ਹੈ। ਪਰ ਹੂ-ਬ-ਹੂ ਪ੍ਰਗਟਾਵਾ ਨਹੀਂ ਅਸਲ 'ਚ ਜ਼ਿੰਦਗੀ ਦਾ ਕਾਲਪਨਿਕ ਪ੍ਰਗਟਾਅ ਹੈ। ਜ਼ਿੰਦਗੀ ਵਿਚਲੀ ਵਾਸਤਵਿਕਤਾ ਨੂੰ ਨਾਵਲ 'ਚ ਰੂਪਾਂਤਰਨ ਸਮੇਂ ਆਦਰਸ਼ ਅਤੇ ਰੋਮਾਂਸ ਨੂੰ ਯਥਾਰਥਕ ਵਿਧੀਆਂ ਰਾਹੀਂ ਪੇਸ਼ ਕੀਤਾ ਜਾਂਦਾ ਹੈ। ਨਾਵਲ ਦਾ ਕਲੇਵਰ ਵਧੇਰੇ ਵਿਸ਼ਾਲ ਹੋਣ ਕਰ ਕੇ ਇਸ ਵਿੱਚ ਜ਼ਿੰਦਗੀ ਦੇ ਬਹੁ ਪਾਸਾਰਾਂ ਨੂੰ ਆਧਾਰ ਬਣਾਇਆ ਜਾਂਦਾ ਹੈ। ਨਾਵਲ ਨੂੰ ਪੜ੍ਹ ਕੇ ਹਰ ਮਨੁੱਖ ਕਿਸੇ ਖ਼ਾਸ ਖ਼ਿੱਤੇ, ਭਾਸ਼ਾ, ਬੋਲੀ ਬਾਰੇ ਜਾਣਕਾਰੀ ਪ੍ਰਾਪਤ ਕਰਦਾ ਹੈ। ਨਾਵਲ 'ਚ ਕਥਾਨਕ ਸਿਰਜਣਾ ਰਾਹੀਂ ਜ਼ਿੰਦਗੀ ਦੇ ਭਵਿੱਖ ਅਤੇ ਅਤੀਤ ਬਾਰੇ ਡੂੰਘੀ ਜਾਣਕਾਰੀ ਮਿਲਦੀ ਹੈ।

ਆਰਨਲਡ ਕੈਟਲ ਦੀ ਧਾਰਨਾ ਹੈ ਕਿ, "ਨਾਵਲ ਜਿਨ੍ਹਾਂ ਨੂੰ ਕਿ ਸਫਲ ਕਲਾਤਮਕ ਰਚਨਾਵਾਂ ਕਿਹਾ ਜਾ ਸਕਦਾ ਹੈ, ਵਿੱਚ ਦੋ ਤੱਤ ਹੁੰਦੇ ਹਨ-ਜੀਵਨ ਅਤੇ ਢਾਂਚਾ।" (ਵਿਨੋਦ, "ਆਓ ਨਾਵਲ ਪੜ੍ਹੀਏ" 8)

ਵਿਲੀਅਮ ਫ਼ੈਲਪਸ ਅਨੁਸਾਰ, "ਨਾਵਲ ਆਪਣੇ ਸਮੇਂ, ਰਸਮ, ਰਿਵਾਜ ਅਤੇ ਜੀਵਨ ਦੀ ਯਥਾਰਥਕ ਤਸਵੀਰ ਹੈ।" (ਦੁਸਾਂਝ, "ਪੰਜਾਬੀ ਇਤਿਹਾਸਕ ਨਾਵਲ" 12)

ਨਾਵਲ ਜਿਸ ਦਾ ਕਥਾਨਕ ਮੋਤੀਆਂ ਦੀ ਮਾਲਾ ਵਾਂਗ ਪਰੋ ਕੇ ਪਾਤਰਾਂ ਦੀ ਸਹਾਇਤਾ ਨਾਲ ਲੜੀ ਵਿੱਚ ਪੇਸ਼ ਕੀਤਾ ਜਾਂਦਾ ਹੈ। ਨਾਵਲਕਾਰ ਨਾਵਲ 'ਚ ਕੇਵਲ ਪੈਟਰਨ ਦੀ ਸਿਰਜਣਾ ਹੀ ਨਹੀਂ ਕਰਦਾ ਸਗੋਂ ਪੈਟਰਨ ਦੇ ਅਨੁਭਵ 'ਚੋਂ ਆਪਣੀ ਰਾਇ/ਵਿਚਾਰ ਵੀ ਪੇਸ਼ ਕਰਦਾ ਹੈ। ਨਾਵਲ ਇੱਕ ਅਜਿਹੀ ਰਚਨਾ ਹੈ ਜਿਸ ਨੂੰ ਪੜ੍ਹ ਕੇ ਕਿਸੇ ਖ਼ਾਸ ਖ਼ਿੱਤੇ, ਲੋਕਾਂ, ਭਾਸ਼ਾ, ਬੋਲੀ, ਰਸਮ-ਰਿਵਾਜ, ਕਦਰਾਂ-ਕੀਮਤਾਂ ਦੇ ਨਾਲ-ਨਾਲ ਜ਼ਿੰਦਗੀ ਦੇ ਯਥਾਰਥ ਬਾਰੇ ਜਾਣਕਾਰੀ ਮਿਲਦੀ ਹੈ। ਨਾਵਲ ਦਾ ਮੁੱਖ ਫੋਕਸ ਯਥਾਰਥ ਨੂੰ ਮੰਨਿਆ ਜਾਂਦਾ ਹੈ ਚਾਹੇ ਉਹ ਵਿਸ਼ੇ ਪੱਖੋਂ ਹੋਵੇ ਚਾਹੇ ਕਲਾ ਪੱਖੋਂ। ਨਾਵਲ ਦੀ ਬਣਤਰ ਨਾਲ ਸੰਬੰਧਿਤ ਬਾਕੀ ਤੱਤ ਇਸੇ ਰੂਪ ਵਿੱਚ ਵਿਕਾਸ ਕਰਦੇ ਅੱਗੇ ਵਧਦੇ ਹਨ ਅਤੇ ਨਾਵਲ ਦੀ ਬਿਰਤਾਂਤਕਾਰੀ ਸਮੇਂ ਤੱਤ ਨਾਵਲੀ ਸੰਗਠਨ ਦਾ ਹਿੱਸਾ ਬਣਦੇ ਹਨ ਜਿਸ ਨਾਲ ਨਾਵਲ ਦੀ ਰੂਪ ਰੇਖਾ ਤਿਆਰੀ ਹੁੰਦੀ ਹੈ।

> ਗੁਰਚਰਨ ਸਿੰਘ ਦਾ ਵਿਚਾਰ ਹੈ ਕਿ, "ਨਾਵਲ ਇੱਕ ਲੰਬੀ ਕਹਾਣੀ ਹੈ। ਇਹ ਕਹਾਣੀ ਕਈ ਕਹਾਣੀਆਂ ਦੇ ਤਾਣੇ-ਬਾਣੇ ਜਾਂ ਦੋ ਤਿੰਨ ਮੋਟੀਆਂ ਕਹਾਣੀਆਂ ਤੇ ਨਿੱਕੇ ਜੋੜਾਂ ਤੋੜਾਂ ਦੀ ਸਿਆਣੀ ਇਕੱਤਰਤਾ ਤੋਂ ਬਣਦੀ ਹੈ ਜਾਂ ਇੱਕੋ ਸ਼ਕਤੀਸ਼ਾਲੀ ਤੇ ਪ੍ਰਬਲ ਕਹਾਣੀ ਵੀ ਹੋ ਸਕਦੀ ਹੈ।"("ਪੰਜਾਬੀ ਗਲਪ ਦਾ ਇਤਿਹਾਸ" 4)

> ਹਾਈਮਨ ਲੇਵੀ ਅਤੇ ਸਪਾਲਡਿੰਗ ਲਿਖਦਾ ਹੈ ਕਿ, "ਨਾਵਲਕਾਰ ਬੇਤਰਤੀਬੇ ਜੀਵਨ ਨੂੰ ਇੱਕ ਤਰਤੀਬ ਦਿੰਦਾ ਹੈ। ਉਹ ਪਾਤਰਾਂ, ਘਟਨਾਵਾਂ, ਸਥਿਤੀਆਂ ਅਤੇ ਸਮਾਜਿਕ ਵਾਤਾਵਰਨ ਦਾ ਆਪਣੇ ਦ੍ਰਿਸ਼ਟੀਕੋਣ ਤੋਂ ਵਿਸ਼ਲੇਸ਼ਣ ਕਰਦਾ ਹੈ।" (ਦੁਸਾਂਝ, "ਪੰਜਾਬੀ ਇਤਿਹਾਸਕ ਨਾਵਲ" *13*)

ਉਪਰੋਕਤ ਧਾਰਨਾਵਾਂ ਦੇ ਆਧਾਰ 'ਤੇ ਕਹਿ ਸਕਦੇ ਹਾਂ ਕਿ ਨਾਵਲ ਵਿਚਲੀ ਕਹਾਣੀ ਵਧੇਰੇ ਲੰਬੀ ਹੁੰਦੀ ਹੈ। ਨਾਵਲ ਵਿਚਲੀ ਕਹਾਣੀ ਅੱਗੇ ਕਿੰਨੀਆਂ ਹੀ ਨਿੱਕੀਆਂ-ਨਿੱਕੀਆਂ ਕਹਾਣੀਆਂ ਨਾਲ ਜੁੜੀ ਹੁੰਦੀ ਹੈ। ਪਰ ਪਾਠਕਾਂ ਸਾਹਮਣੇ ਇੱਕ ਸੰਪੂਰਨ ਕਹਾਣੀ ਦੇ ਰੂਪ ਵਿੱਚ ਸਾਹਮਣੇ ਆਉਂਦੀ ਹੈ।

> ਡਾ. ਹਰਿਭਜਨ ਦਾ ਮੰਨਣਾ ਹੈ ਕਿ, "ਨਾਵਲਕਾਰ ਲੰਮੀ ਨਜ਼ਰ ਜਾਂ ਦੀਰਘ ਦ੍ਰਿਸ਼ਟੀ (vision) ਵਾਲਾ ਕਲਾਕਾਰ ਹੁੰਦਾ ਹੈ। ਨਾਵਲਕਾਰੀ ਕਿਸੇ ਕਹਾਣੀ ਦਾ ਆਦਿ, ਮੱਧ ਜਾਂ ਅੰਤ ਸਿਰਜ ਸਕਣ ਦੀ ਹੀ ਪ੍ਰਤਿਭਾ ਜਾਂ ਸਮਰੱਥਾ ਨਹੀਂ। ਨਾਵਲਕਾਰ ਕਿਸੇ ਅਨੁਭਵ ਖੰਡ ਨੂੰ ਲੰਮੇ ਸਮੇਂ ਵਿੱਚ ਇਸ ਤਰ੍ਹਾਂ ਵਿਸਥਾਰਦਾ ਹੈ ਕਿ ਉਸ ਦਾ ਸਮੁੱਚਾ ਸੱਚ ਉਜਾਗਰ ਹੋ ਜਾਂਦਾ ਹੈ, ਉਹ ਸੋਹਣਾ ਵੀ ਲੱਗਦਾ ਹੈ ਅਤੇ ਉਸ ਦੀ ਕਲਿਆਣਕਾਰੀ ਦਿਸ਼ਾ ਵੀ ਉਜਾਗਰ ਹੁੰਦੀ ਹੈ। ਇਸ ਕਾਰਜ ਨੂੰ ਨੇਪਰੇ ਚਾੜ੍ਹਨ ਲਈ ਵਾਕ-ਸ਼ਾਸਤਰੀ (rhetorical) ਯੋਗਤਾ ਹੀ ਕਾਫ਼ੀ ਨਹੀਂ। ਜ਼ਰੂਰਤ ਅਜੇਹੀ ਜੀਵੰਤ ਦੀਰਘ ਦੀ ਜੋ ਸੱਚ ਦੇ ਸਾਰੇ ਵੇਰਵਿਆਂ ਨੂੰ ਇੱਕ ਸੁਹਜੀਲੇ ਪ੍ਰਬੰਧ ਵਿੱਚ ਵੇਖ ਕੇ ਵਿਖਾ ਸਕੇ।" ( "ਪਾਰਗਾਮੀ" 39)

> ਸੰਤ ਸਿੰਘ ਸੇਖੋਂ ਅਨੁਸਾਰ, "ਅਸਲ ਵਿੱਚ ਨਾਵਲ ਦੀ ਕਥਾ ਜਾਂ ਛੋਟੀ ਕਹਾਣੀ ਵੀ ਨਿਰੋਲ ਮਨੌਂ-ਘੜਤ ਨਹੀਂ ਹੁੰਦੀ। ਇਹ ਵਾਸਤਵ ਵਿੱਚ ਬੀਤੀਆਂ ਘਟਨਾਵਾਂ ਉੱਤੇ ਆਧਾਰਿਤ ਹੁੰਦੀ ਹੈ ਜਿਨ੍ਹਾਂ ਨੂੰ ਲੇਖਕ ਆਪਣੇ ਵਿਵਿਧ ਅਨੁਭਵਾਂ ਅਨੁਸਾਰ ਰੋਮਾਂਟਿਕ ਤੇ ਨਾਟਕੀ ਭਾਂਤ ਰੋਚਕ ਬਣਾ ਦਿੰਦਾ ਹੈ।" (ਦਵੇਸ਼ਵਰ, "ਨਾਵਲ ਸ਼ਾਸਤਰ ਅਤੇ ਪੰਜਾਬੀ ਨਾਵਲ" 42)

ਨਾਵਲ ਜ਼ਿੰਦਗੀ ਦੇ ਮੁੱਲਾਂ ਦੀ ਵਿਆਖਿਆ ਅਜਿਹੇ ਢੰਗ ਨਾਲ ਕਰ ਸਕਿਆ ਹੈ ਜੋ ਕਿ ਸਾਹਿਤ ਦਾ ਕੋਈ ਹੋਰ ਰੂਪ ਅਜਿਹਾ ਨਹੀਂ ਕਰ ਸਕਿਆ। ਅਜਿਹੀ ਸਿਰਜਣਾ ਕਰਨ ਲਈ ਭ੍ਰਾਂਤੀ ਤੋਂ ਅਨੁਭਵ ਤਕ ਦਾ ਸਫ਼ਰ ਤੈਅ ਕਰਨ ਦੀ ਵਿਧੀ ਹੈ। ਨਾਵਲ ਦੇ ਆਰੰਭ 'ਚ ਪਾਤਰਾਂ ਨਾਲ ਜੋ ਸੰਭਾਵਨਾਵਾਂ ਸੰਬੰਧਿਤ ਹੁੰਦੀਆਂ ਹਨ, ਕਾਲ 'ਚ ਪੈ ਕੇ ਅਤੇ ਅਨੁਭਵ ਨਾਲ ਟਕਰਾਉਂਦੀਆਂ ਹਨ ਜਿਸ ਨਾਲ ਮੋਹ-ਭੰਗ ਦੀ ਪ੍ਰਕਿਰਿਆ ਦਾ ਜਨਮ ਹੁੰਦਾ ਹੈ। ਇਸ ਨਾਲ ਹੀ ਨਾਵਲ ਜੋ ਕਿ ਇੱਕ ਕਾਲਪਨਿਕ ਕਲਾ ਹੈ; ਕਾਲਪਨਿਕ ਹੁੰਦਿਆਂ ਹੋਇਆ ਵੀ ਯਥਾਰਥ/ਤ੍ਰਾਸਦੀ/ਦੁਖਾਂਤ ਦੇ ਵਧੇਰੇ ਨੇੜੇ ਜਾਪਦਾ ਹੈ। ਨਾਵਲ ਕੋਈ ਮਨਘੜਤ ਕਹਾਣੀ ਨੂੰ ਪੇਸ਼ ਨਹੀਂ ਕਰਦਾ ਸਗੋਂ ਵਾਸਤਵਿਕਤਾ ਦੇ ਵਧੇਰੇ ਨੇੜੇ ਹੁੰਦਾ ਹੈ।

> ਟ੍ਰਿਲਿੰਗ ਅਨੁਸਾਰ, "ਇੱਕ ਸਮਾਜਿਕ ਸ਼੍ਰੇਣੀ ਦੀਆਂ ਸਮੱਸਿਆਵਾਂ ਜਿਹੜੀਆਂ ਵਰਤਮਾਨ ਸਮੇਂ ਵਿੱਚ ਧਨ ਨਾਲ ਸੰਬੰਧਿਤ ਹਨ, ਦੇ ਸੰਦਰਭ ਵਿੱਚ ਵਾਸਤਵਿਕਤਾ ਅਤੇ ਭਰਮ ਨੂੰ ਚਿਤਰਦਾ ਹੈ।" (ਵਿਨੋਦ, "ਆਓ ਨਾਵਲ ਪੜ੍ਹੀਏ" 8)

ਇਸ ਤਰ੍ਹਾਂ ਕਹਿ ਸਕਦੇ ਹਾਂ ਕਿ ਨਾਵਲ ਇੱਕ ਗਲਪ ਮਈ ਰਚਨਾ ਹੋਣ ਦੇ ਨਾਲ-ਨਾਲ, ਪਾਤਰਾਂ, ਘਟਨਾਵਾਂ ਭਾਸ਼ਾ ਦੀ ਸਹਾਇਤਾ ਨਾਲ ਮਨੁੱਖੀ ਜੀਵਨ ਦੀ ਵਿਆਪਕ ਪੇਸ਼ਕਾਰੀ ਕਰਦਾ ਹੈ। ਨਾਵਲ ਮਨੁੱਖੀ ਜ਼ਿੰਦਗੀ ਦਾ ਅਜਿਹਾ ਕਾਲਪਨਿਕ ਸੰਸਾਰ ਸਿਰਜਦਾ ਹੈ ਜੋ ਪਾਠਕ/ਮਨੁੱਖ ਨੂੰ ਵਧੇਰੇ ਯਥਾਰਥਕ ਜਾਪਦਾ ਹੈ। ਨਾਵਲ ਵਿੱਚ ਜ਼ਿੰਦਗੀ ਦੇ ਲਘੂ ਦ੍ਰਿਸ਼ਾਂ ਨੂੰ ਆਧਾਰ ਬਣਾ ਕੇ ਲੰਬੇਰੇ ਪਲਾਟ ਦੀ ਸਿਰਜਣਾ ਕੀਤੀ ਜਾਂਦੀ ਹੈ।

> ਸੁਰਿੰਦਰ ਕੁਮਾਰ ਦਵੇਸ਼ਵਰ ਦਾ ਵਿਚਾਰ ਵਿਚਾਰਨਯੋਗ ਹੈ ਕਿ, "ਨਾਵਲ ਵਿੱਚ ਨਾਵਲਕਾਰ ਜੀਵਨ ਦੀ ਵਿਆਖਿਆ ਕਰਦਾ ਹੈ ਪਰ ਪਾਤਰਾਂ ਦੇ ਚੰਗੇ ਮੰਦੇ ਹੋਣ ਬਾਰੇ ਆਪਣੇ ਨਿਰਨੇ ਨਹੀਂ ਪੇਸ਼ ਕਰਦਾ।" ("ਨਾਵਲ ਸ਼ਾਸਤਰ ਤੇ ਪੰਜਾਬੀ ਨਾਵਲ" 76)

> ਡਾ. ਜੋਗਿੰਦਰ ਸਿੰਘ ਰਾਹੀ ਜੈਗਫ਼ਾ ਦੇ ਵਿਚਾਰ ਦੀ ਪੁਸ਼ਟੀ ਕਰਦਾ ਲਿਖਦਾ ਹੈ ਕਿ, "ਨਾਵਲ ਦੀ ਵਿਧੀ ਪਾਤਰਾਂ ਅਤੇ ਘਟਨਾਵਾਂ ਦੇ ਵਿਅਕਤੀਕਰਨ ਦੀ ਵਿਧੀ ਹੈ। ਇਸ ਵਿੱਚ ਸਮੂਹਕ ਮਹੱਤਵ ਵਾਲੇ ਮੁੱਲਾਂ ਦਾ ਸਿਰਜਣ ਪਾਤਰਾਂ ਤੇ ਘਟਨਾਵਾਂ ਦੇ ਵਿਅਕਤੀ ਕ੍ਰਿਤ ਰੂਪ ਨੂੰ ਹੀ ਉਨ੍ਹਾਂ ਦੀ ਸਮਾਜਿਕ ਪਰਿਸਥਿਤੀ ਅਤੇ ਸੰਦਰਭ ਦੀ ਪ੍ਰਤਿਨਿਧਤਾ ਦਾ ਗੁਣ ਪ੍ਰਦਾਨ ਕਰ ਕੇ ਕੀਤਾ ਜਾਂਦਾ ਹੈ।" ("ਪੰਜਾਬੀ ਨਾਵਲ" 12)

ਉਪਰੋਕਤ ਵਿਚਾਰ ਚਰਚਾ ਤੋਂ ਪਤਾ ਚੱਲਦਾ ਹੈ ਕਿ ਨਾਵਲ ਕੇਵਲ ਕਾਲਪਨਿਕ ਰਚਨਾ ਹੀ ਨਹੀਂ ਹੁੰਦਾ ਸਗੋਂ ਇਸ ਦੇ ਨਾਲ ਨਾਲ ਇਹ ਜ਼ਿੰਦਗੀ ਦੇ ਕਈ ਮਹੱਤਵਪੂਰਨ ਦ੍ਰਿਸ਼ਾਂ ਦੀ ਵਿਆਖਿਆ ਵੀ ਕਰਦਾ ਹੈ। ਜਿਸ ਦੀ ਸਿਰਜਣਾ ਦਾ ਮੁੱਖ ਆਧਾਰ ਪਾਤਰਾਂ ਅਤੇ ਘਟਨਾਵਾਂ ਹੁੰਦੀਆਂ ਹਨ। ਇੱਥੇ ਦੀ ਡਾ. ਦਵੇਸ਼ਵਰ ਦੇ ਵਿਚਾਰ ਨਾਲ ਸਹਿਮਤ ਹੁੰਦੇ ਹੋਏ ਕਹਿ ਸਕਦੇ ਹਾਂ ਕਿ ਗਲਪ ਅਜਿਹਾ ਰੂਪ ਹੈ ਜਿਸ 'ਚ ਸਮਾਜਿਕ, ਇਤਿਹਾਸਕ ਸਥਿਤੀਆਂ ਅਤੇ ਸਥਿਤੀਆਂ ਦੇ ਅਰਥਾਂ ਨੂੰ ਮੂਰਤੀਮਾਨ ਕੀਤਾ ਜਾਂਦਾ ਹੈ। ਇਸ ਦੇ ਨਾਲ ਹੀ ਨਾਵਲ ਵਿੱਚ ਸਭਿਆਚਾਰ ਅਤੇ ਮਾਨਸਿਕ ਵਿਵਹਾਰ ਦੇ ਯਥਾਰਥ ਨੂੰ ਗੁੰਝਲਦਾਰ ਢੰਗ ਨਾਲ ਪ੍ਰਗਟਾਇਆ ਜਾਂਦਾ ਹੈ।

ਨਾਵਲ ਵਿੱਚ ਜ਼ਿੰਦਗੀ ਦੀਆਂ ਸਮੱਸਿਆਵਾਂ ਦਾ ਵਿਸਥਾਰ ਪੂਰਵਕ ਵਰਣਨ ਕੀਤਾ ਜਾਂਦਾ ਹੈ। ਕਿਉਂਕਿ ਨਾਵਲ ਜ਼ਿੰਦਗੀ ਵਿਚਲੇ ਰੁਮਾਂਸ ਨੂੰ ਪਰੇ ਧੱਕ ਕੇ ਯਥਾਰਥ ਦ੍ਰਿਸ਼ਟੀ ਦੇ ਜੀਵਨ ਦੀ ਪੇਸ਼ਕਾਰੀ ਕਰਦਾ ਹੈ। ਇਸ ਦੇ ਨਾਲ ਹੀ ਨਾਵਲ ਸੁਪਨਮਈ ਦ੍ਰਿਸ਼ਟੀ ਨੂੰ ਛੱਡ ਕੇ ਵਾਸਤਵਿਕਤਾ ਦੀ ਸੋਝੀ ਪੈਦਾ ਕਰਦਾ ਹੈ। ਪਰ ਨਾਵਲਕਾਰ ਕਿਤੇ ਨਾ ਕਿਤੇ ਸੁਪਨੇ ਅਤੇ ਵਸਤੂ ਵਿਚਕਾਰ ਗੁੰਝਲਮਈ ਸਥਿਤੀਆਂ ਨੂੰ ਵੀ ਸਿਰਜਦਾ ਹੈ। ਨਾਵਲ ਵਿੱਚ ਜੀਵਨ ਦੀ ਸੰਪੂਰਨ ਕਹਾਣੀ ਨਾਲ ਭੇਦ ਭਰੇ ਜੀਵਨ ਦੇ ਡੂੰਘੇ ਅਰਥ ਵੀ ਪੇਸ਼ ਕਰਦਾ ਅਤੇ ਪਰਤਵੇਂ ਰੂਪ ਵਿਚ ਸਮਾਜ ਨੂੰ ਸਾਰਥਕ ਸੇਧ ਦਿੰਦਾ ਹੈ।

> ਰੈਲਫ਼ ਫ਼ਾਕਸ ਦੀ ਧਾਰਨਾ ਹੈ ਕਿ, "ਨਾਵਲ ਕੇਵਲ ਮਾਤਰ ਗਲਪੀ ਗੱਦ ਨਹੀਂ ਹੁੰਦਾ ਸਗੋਂ ਇਹ ਮਨੁੱਖ ਦੇ ਜੀਵਨ ਦੀ ਗੱਦ ਹੈ-ਅਜਿਹੀ ਪਹਿਲੀ ਕਲਾ ਜਿਹੜੀ ਸੰਪੂਰਨ ਮਨੁੱਖ ਨੂੰ ਲੈ ਕੇ ਉਸ ਨੂੰ ਅਭਿਵਿਅਕਤੀ ਪ੍ਰਦਾਨ ਕਰਨ ਦੀ ਚੇਸ਼ਟਾ ਕਰਦੀ ਹੈ।" (ਦਵੇਸ਼ਵਰ, "ਨਾਵਲ ਸ਼ਾਸਤਰੀ ਤੇ ਪੰਜਾਬੀ ਨਾਵਲ" 148)

> ਰੋਲਾਂ ਬਾਰਤ ਦਾ ਮੰਨਣਾ ਹੈ ਕਿ, "ਨਾਵਲਕਾਰ ਸਵੈ-ਨਿਰਭਰ ਸੰਸਾਰ ਨੂੰ ਸਿਰਜਣ ਦੇ ਯੋਗ ਹੁੰਦਾ ਹੈ, ਜੋ ਆਪਣੀਆਂ ਹੀ ਸੀਮਾਵਾਂ ਅਤੇ ਸੰਭਾਵਨਾਵਾਂ ਨੂੰ ਆਪਣੇ ਹੀ ਕਾਲ, ਆਪਣੇ ਹੀ ਸਥਾਨ, ਆਪਣੇ ਹੀ ਜਨ ਜੀਵਨ, ਆਪਣੀਆਂ ਹੀ ਵਸਤੂਆਂ ਅਤੇ ਆਪਣੀਆਂ ਹੀ ਮਿੱਥਾਂ ਦੇ ਸੰਗਠਨ ਰਾਹੀਂ ਪੇਸ਼ ਕਰਦਾ ਹੈ।" (ਸੰਧੂ, "ਪੰਜਾਬੀ ਨਾਵਲ ਦਾ ਇਤਿਹਾਸ" 13)

> ਈ. ਐਮ. ਫੋਰਸਟਰ ਦਾ ਵਿਚਾਰ ਹੈ ਕਿ, "ਨਾਵਲ ਰਾਹੀਂ ਅਸੀਂ ਸੰਪੂਰਨ ਮਨੁੱਖ ਨੂੰ ਜਾਣ ਸਕਦੇ ਹਾਂ ਅਤੇ ਪੜ੍ਹਨ ਦਾ ਆਨੰਦ ਪ੍ਰਾਪਤ ਕਰਨ ਤੋਂ ਇਲਾਵਾ ਨਾਵਲ ਲੋਕਾਂ ਪ੍ਰਤੀ ਵਿਹਾਰਕ ਜੀਵਨ ਵਿਚੋਂ ਪ੍ਰਾਪਤ ਹੋਏ ਸਾਡੇ ਧੁੰਦਲੇ ਗਿਆਨ ਦੀ ਪੂਰਤੀ ਕਰਦਾ ਹੈ।" (ਵਿਨੋਦ, "ਆਓ ਨਾਵਲ ਪੜ੍ਹੀਏ" 8)

ਨਾਵਲ ਇੱਕ ਅਜਿਹੀ ਗੱਦ ਰਚਨਾ ਹੈ ਜਿਸ ਵਿੱਚ ਮਨੁੱਖੀ ਜ਼ਿੰਦਗੀ ਦੇ ਯਥਾਰਥਕ ਰੂਪ ਨੂੰ ਪੇਸ਼ ਕੀਤਾ ਜਾਂਦਾ ਹੈ। ਨਾਵਲ ਵਰਗੀ ਗੱਦ ਰਚਨਾ ਵਿੱਚ ਨਾਵਲਕਾਰ ਆਪਣੇ ਸਮੇਂ, ਸਥਿਤੀਆਂ, ਘਟਨਾਵਾਂ, ਪਾਤਰਾਂ ਦੇ ਸੰਗਠਨ ਨੂੰ ਆਧਾਰ

ਬਣਾ ਕੇ ਲੰਬੀ ਕਹਾਣੀ ਪਾਠਕਾਂ ਸਾਹਮਣੇ ਪੇਸ਼ ਕਰਦਾ ਹੈ। ਜਿਸ ਨਾਲ ਸੰਸਾਰ ਦੀ ਨਿਵੇਕਲੀ ਹਸਤੀ ਪੈਦਾ ਹੁੰਦੀ ਹੈ। ਨਾਵਲ ਰਾਹੀਂ ਮਨੁੱਖ ਦੀ ਸੰਪੂਰਨ ਜ਼ਿੰਦਗੀ ਕਾਰ ਵਿਹਾਰ, ਵਿਵਹਾਰ, ਰੀਤੀ-ਰਿਵਾਜ ਜਾਣ ਸਕਣ ਦੇ ਨਾਲ-ਨਾਲ ਨਾਵਲ ਵਿਚਲੀ ਕਹਾਣੀ ਦਾ ਆਨੰਦ ਮਾਣ ਸਕਦੇ ਹਾਂ।

ਨਾਵਲ ਦੀ ਸਿਰਜਣਾ ਸਮੇਂ ਨਾਵਲਕਾਰ ਜਿਉਂਦੇ ਜਾਗਦੇ ਪਾਤਰਾਂ ਨੂੰ ਆਧਾਰ ਬਣਾ ਕੇ ਅਜਿਹੀ ਕਲਪਨਾ ਕਰਦਾ ਹੈ ਜੋ ਹਰ ਪੜ੍ਹਨ ਵਾਲੇ ਨੂੰ ਸੱਚ ਜਾਪਦੀ ਹੈ। ਇਸੇ ਲਈ ਹੀ ਪਾਤਰ ਨਾਵਲ ਦਾ ਮਹੱਤਵਪੂਰਨ ਹਿੱਸਾ ਹਨ ਜਿਨ੍ਹਾਂ ਤੋਂ ਬਿਨਾਂ ਨਾਵਲ ਸਾਹਿਤਕ ਵਿਧਾ ਦੀ ਰਚਨਾ ਨਹੀਂ ਕੀਤੀ ਜਾ ਸਕਦੀ। ਇਸ ਦੇ ਨਾਲ ਹੀ ਨਾਵਲ ਵਿੱਚ ਨਾਵਲਕਾਰ ਆਪਣੇ ਆਪੇ, ਸ਼ਰੇਆਮ ਪ੍ਰਗਟਾਅ ਸਕਣ ਵਾਲੀਆਂ ਗੱਲਾਂ, ਯਥਾਰਥ, ਰੁਮਾਂਸ ਦੇ ਅੰਸ਼, ਮਾਨਸਿਕ ਪ੍ਰਕਿਰਿਆ ਨੂੰ ਅਜਿਹੇ ਸੁਚੱਜੇ ਢੰਗ ਨਾਲ ਪੇਸ਼ ਕਰਦਾ ਹੈ ਜਿਸ ਵਿਚੋਂ ਅਸਲੀਅਤ ਦੀ ਝਲਕ ਨਜ਼ਰ ਆਉਂਦੀ ਹੈ।

> ਡਾ. ਸੁਰਿੰਦਰ ਕੁਮਾਰ ਦਵੇਸ਼ਵਰ ਦਾ ਕਥਨ ਹੈ ਕਿ, "ਨਾਵਲ ਸਮੁੱਚੇ ਮਨੁੱਖ ਦਾ ਚਿੱਤਰ ਹੈ। ਮਨੁੱਖ ਦੀ ਸਮੁੱਚਤਾ ਦਾ ਭਾਵ ਇਹ ਨਹੀਂ ਕਿ ਨਾਵਲ ਵਿੱਚ ਪੇਸ਼ ਪਾਤਰ ਦੇ ਜਨਮ ਤੋਂ ਲੈ ਕੇ ਮਰਨ ਤੱਕ ਦਾ ਜੀਵਨ ਕ੍ਰਮ-ਬੱਧ ਰੂਪ ਵਿੱਚ ਚਿਤਰਿਆ ਜਾਂਦਾ ਹੈ ਜਾਂ ਜ਼ਿੰਦਗੀ ਦੀ ਹਰੇਕ ਨਿੱਕੀ-ਮੋਟੀ ਘਟਨਾ ਦਾ ਵਿਵਰਨ ਪੇਸ਼ ਕੀਤਾ ਜਾਂਦਾ ਹੈ।" ("ਨਾਵਲ ਸ਼ਾਸਤਰ ਤੇ ਪੰਜਾਬੀ ਨਾਵਲ" 38)

> ਜੋਗਿੰਦਰ ਸਿੰਘ ਨਹਿਰੂ ਦਾ ਵਿਚਾਰ ਹੈ ਕਿ, "ਨਾਵਲ ਪਹਿਲਾ ਸਾਹਿਤ ਰੂਪ ਹੈ ਜਿਸ ਵਿੱਚ ਮਨੁੱਖ ਦੇ ਸੰਪੂਰਨ ਆਪੇ ਨੂੰ ਜ਼ੁਬਾਨ ਮਿਲਦੀ ਹੈ। ਵਿਅਕਤੀ ਦੀ ਸ਼ਖ਼ਸੀਅਤ ਦੇ ਵਿਭਿੰਨ ਪਹਿਲੂਆਂ ਨੂੰ ਨਾਵਲ ਨੇ ਹੀ ਦ੍ਰਿਸ਼ਟੀਗੋਚਰ ਕੀਤਾ ਹੈ। ਮਨੁੱਖੀ ਯਥਾਰਥ ਨੂੰ ਉਸ ਦੇ ਜਟਿਲ, ਗਤੀਸ਼ੀਲ ਅਤੇ ਬਹੁਪਾਸਾਰੀ ਰੂਪ ਵਿੱਚ ਸਮਝਣ ਤੇ ਵਿਸ਼ਲੇਸ਼ਣ ਦੀ ਕੋਸ਼ਿਸ਼ ਪਹਿਲਾ ਨਾਵਲ ਨੇ ਹੀ ਕੀਤਾ ਹੈ। ਨਾਵਲ-ਪੂਰਵਲੇ ਸਾਹਿਤ ਰੂਪਾਂ ਵਿੱਚ ਜੀਵਨ ਦਾ ਚਿਤਰਨ ਹੈ, ਯਥਾਰਥਵਾਦੀ ਸੂਝ ਦੇ ਪੈਂਤੜੇ ਤੋਂ ਵਿਸ਼ਲੇਸ਼ਣ ਨਹੀਂ ਹੈ।" ("ਨਾਵਲ ਦੀ ਵਿਧਾ" 78)

ਉਪਰੋਕਤ ਵਿਚਾਰ ਚਰਚਾ ਦੇ ਆਧਾਰ ਉੱਪਰ ਕਹਿ ਸਕਦੇ ਹਾਂ ਕਿ ਨਾਵਲ ਅਸਲ ਵਿੱਚ ਯਥਾਰਥਕ ਜ਼ਿੰਦਗੀ ਦਾ ਤਰਕਸ਼ੀਲ ਪ੍ਰਗਟਾਅ ਹੈ। ਨਾਵਲ ਵਿਚਲੀ ਪੇਸ਼ਕਾਰੀ ਅਸਲੀ ਜ਼ਿੰਦਗੀ ਦਾ ਸੱਚ ਤਾਂ ਨਹੀਂ ਹੁੰਦਾ ਭਾਵ ਹੂ-ਬ-ਹੂ ਪੇਸ਼ਕਾਰੀ ਨਹੀਂ ਸਗੋਂ ਅਸਲ 'ਚ ਨਾਵਲ ਦ੍ਰਿਸ਼ਟੀ ਆਧਾਰਿਤ ਰੁਮਾਂਸਵਾਦ, ਆਦਰਸ਼ ਅਤੇ ਯਥਾਰਥ ਵਿਧੀਆਂ ਰਾਹੀਂ ਪੇਸ਼ ਹੁੰਦਾ ਹੈ। ਯਥਾਰਥ ਅਸਲ 'ਚ ਸਭ ਤੋਂ ਵਧੇਰੇ ਤਰਕ ਆਧਾਰਿਤ ਹੈ। ਇਹ ਤਰਕਸ਼ੀਲਤਾ ਨਾਵਲ ਵਿੱਚ ਵਿਸਥਾਰ ਦਾ ਰੂਪ ਧਾਰਦੀ ਹੈ। ਇਸੇ ਲਈ ਕਹਿ ਸਕਦੇ ਹਾਂ ਕਿ ਨਾਵਲ ਦਾ ਕਲੇਵਰ ਵਿਸ਼ਾਲ ਹੈ। ਇਸ 'ਚ ਜ਼ਿੰਦਗੀ ਦੀਆਂ ਅਨੇਕਾਂ ਪਰਤਾਂ ਅਤੇ ਬਹੁ ਪਾਸਾਰਾਂ ਦੇ ਵਿਸਥਾਰ ਪੂਰਵਕ ਵੇਰਵੇ ਮਿਲਦੇ ਹਨ।

ਇਸ ਤਰ੍ਹਾਂ ਨਾਵਲ ਇੱਕ ਗਲਪੀ ਪ੍ਰਵਚਨ ਹੋਣ ਕਰ ਕੇ ਨਾਵਲ ਵਿੱਚ ਗਲਪੀ ਰਚਨਾ ਵਿਧੀ ਦੀ ਵਰਤੋਂ ਵਿਚਾਰਾਂ ਨੂੰ ਪਰਖਣ ਸਮੇਂ ਵੀ ਅਤੇ ਉਸ ਦੇ ਪ੍ਰਗਟਾਅ ਸਮੇਂ ਵੀ ਕੀਤੀ ਜਾਂਦੀ ਹੈ। ਨਾਵਲਕਾਰ ਨਾਵਲੀ ਬਿਰਤਾਂਤਕ ਯਥਾਰਥ ਦੇ ਵੇਰਵਿਆਂ ਨੂੰ ਨਵੇਂ ਸਿਰੇ ਤੋਂ ਉਲੀਕਦਾ ਨਵੇਂ ਅਰਥ ਸਿਰਜਦਾ ਨਵੇਂ ਸੰਸਾਰ ਦੀ ਸਿਰਜਣਾ ਕਰਦਾ ਹੈ। ਸੋ ਇਸ ਤਰ੍ਹਾਂ ਨਾਵਲ ਦਾ ਵਿਸ਼ਾ ਬਹੁ-ਪੱਖੀ, ਬਹੁ-ਪਾਸਾਰੀ, ਬਹੁ-ਪਰਤੀ ਹੋਣ ਦੇ ਨਾਲ-ਨਾਲ ਬਹੁ ਦਿਸ਼ਾਵੀ ਵੀ ਹੁੰਦੀ ਹੈ।

ਨਾਵਲ ਅਜਿਹੀ ਕਲਾ ਹੈ ਜਿਸ ਵਿੱਚ ਸਾਰੇ ਤੱਤ ਮੌਜੂਦ ਹੁੰਦੇ ਹਨ। ਪਰ ਇਸ ਦੇ ਨਾਲ ਹੀ ਇਸ ਦੀ ਹੋਂਦ ਵਿਧੀ ਵੱਖਰੇ ਗੁਣਾਂ ਦੀ ਧਾਰਨੀ ਹੈ, ਇਸੇ ਗੁਣਾਂ ਦੀ ਵੱਖਰਤਾ ਸਾਹਿਤ ਦੇ ਬਾਕੀ ਰੂਪਾਂ ਨਾਲੋਂ ਨਾਵਲ ਨੂੰ ਨਿਖੇੜਦੀ ਹੈ। ਨਾਵਲ ਸਾਹਿਤ ਦਾ ਅਜਿਹਾ ਰੂਪ ਹੈ ਜੋ ਮਨੁੱਖੀ ਜ਼ਿੰਦਗੀ ਨੂੰ ਲੋਕ ਭਾਸ਼ਾ/ਲੋਕ ਸ਼ੈਲੀ 'ਚ ਪੇਸ਼ ਕਰਦਾ ਹੈ ਅਤੇ ਵਸਤੂਗਤ ਸੰਸਾਰ 'ਚ ਖਿੱਲਰੀਆਂ ਘਟਨਾਵਾਂ ਪਰਿਸਥਿਤੀਆਂ ਨੂੰ ਇੱਕ ਸੰਗਠਨਾਤਮਕ ਰੂਪ ਦੇਣ ਲਈ ਪਾਤਰਾਂ ਦੀ ਸਹਾਇਤਾ ਜ਼ਰੀਏ ਪਾਠਕਾਂ ਅੱਗੇ ਅਭਿਵਿਅਕਤ ਕਰਦਾ ਹੈ। ਨਾਵਲਕਾਰ ਕਿਸੇ ਖ਼ਾਸ ਸਮਾਜ, ਜੀਵਨ ਦੀ ਵਿਆਖਿਆ ਕੁੱਝ ਖ਼ਾਸ ਦ੍ਰਿਸ਼ਟੀਕੋਣ ਰੱਖ ਕੇ ਕਰਦਾ ਹੈ। ਸਮਾਜ ਵਿੱਚ ਸਮੱਸਿਆ ਦਾ ਕੋਈ ਟੁਕੜਾ ਲਿਆ ਜਾਂਦਾ ਹੈ। ਉਸ ਟੁਕੜੇ ਨੂੰ ਆਧਾਰ ਬਣਾ ਕੇ ਨਾਵਲਕਾਰ ਜੀਵਨ ਦੀਆਂ ਅੱਗੋਂ ਕਈ ਪਰਤਾਂ ਨੂੰ ਖੋਲ੍ਹਦਾ ਹੈ। ਇਸੇ ਗੁਣਾਂ ਕਾਰਨ ਹੀ ਨਾਵਲ ਨੂੰ ਬਹੁ-ਪਾਸਾਰੀ, ਬਹੁ-ਦਿਸ਼ਾਵੀ ਕਿਹਾ ਜਾਂਦਾ ਹੈ। ਨਾਵਲਕਾਰ ਸਮੱਸਿਆ ਦੀ ਚੋਣ ਕਰ ਕੇ ਉਸ ਵਿੱਚ ਇੱਕ ਤਸਵੀਰ ਵਾਂਗ ਅਜਿਹੇ ਢੰਗ ਨਾਲ ਰੰਗ ਭਰਦਾ ਹੈ ਜੋ ਪੜ੍ਹਨ ਵਾਲੇ ਨੂੰ ਅਸਲੀਅਤ, ਹੂ-ਬ-ਹੂ ਯਥਾਰਥ ਜਾਪਦਾ ਹੈ। ਇੱਥੇ ਹੀ ਨਾਵਲਕਾਰ ਮਨ-ਭਾਉਂਦੇ ਵਿਸ਼ੇ ਨੂੰ ਆਧਾਰ ਬਣਾਉਂਦਾ (ਜੋ ਉਸ ਨੇ ਆਪ ਦੇਖਿਆ, ਹੰਢਾਇਆ ਹੁੰਦਾ ਹੈ) ਜੋ ਕੇਵਲ ਸੁਭਾਵਿਕ ਹੀ ਜਾਪੇ।

ਡਾ. ਦਵੇਸ਼ਵਰ ਦਾ ਮੰਨਣਾ ਹੈ ਕਿ ਨਾਵਲ ਦਾ ਅਸਲੀ ਮਨੋਰਥ ਵਸਤੂ ਅਤੇ ਵਿਧੀ ਦੀ ਸਾਂਝ ਹੈ ਇਨ੍ਹਾਂ ਦੋਹਾਂ ਦਾ ਉਦੇਸ਼ ਆਨੰਦ ਅਤੇ ਸੰਦੇਸ਼ ਦੇਣਾ ਹੈ।

> "ਦੁਖਾਂਤ ਅਰਸਤੂ ਦੇ ਵਿਵੇਚਨ ਸਿਧਾਂਤ ਅਨੁਸਾਰ ਆਨੰਦ ਦਿੰਦਾ ਹੈ ਅਤੇ ਸੁਖਾਂਤ ਦਾ ਆਨੰਦ ਅੰਤ ਵਿੱਚ ਸਥਿਤੀਆਂ ਵਿਚਲੇ ਤੱਤਾਂ ਦੇ ਸ਼ਾਂਤ ਤੇ ਉਨ੍ਹਾਂ ਦੇ ਸੁਖਾਵੇਂ ਹੋਣ ਵਿਚੋਂ ਪ੍ਰਾਪਤ ਹੁੰਦਾ ਹੈ। ਦੋਹਾਂ ਦੀ ਵਿਧੀ (mode) ਕਾਵਿਕ (Poetic) ਹੈ। ਇਉਂ ਪੱਛਮੀ ਤੇ ਯੂਨਾਨੀ ਬਿਰਤਾਂਤ ਦੀ ਵਸਤੂ ਸੁੱਖ ਤੋਂ ਦੁੱਖ ਵੱਲ ਨੂੰ ਉੱਸਰਦੀ/ਫੈਲਦੀ ਹੋਈ ਦੁਖਾਂਤ ਦੇ ਪ੍ਰਭਾਵ ਦੀ ਚਰਮ ਸੀਮਾ ਨੂੰ ਆਪਣਾ ਟੀਚਾ ਮਿਥਦੀ ਹੈ ਅਤੇ ਭਾਰਤੀ ਬਿਰਤਾਂਤ ਦੀ ਵਸਤੂ ਦੁੱਖ ਤੋਂ ਸੁੱਖ ਵੱਲ ਫੈਲਦੀ ਹੋਈ ਆਦਰਸ਼ ਨਿਆਂ ਨੂੰ ਪ੍ਰਾਪਤ ਹੁੰਦੀ ਹੈ।" (ਦਵੇਸ਼ਵਰ, "ਨਾਵਲ ਸ਼ਾਸਤਰ ਤੇ ਪੰਜਾਬੀ ਨਾਵਲ" 7)

ਇਸ ਤਰ੍ਹਾਂ ਨਾਵਲਕਾਰ ਸਮਾਜ ਵਿਚੋਂ ਸਮੱਸਿਆ ਦੀ ਚੋਣ ਕਰ ਕੇ ਨਾਵਲ ਦੀ ਸਿਰਜਣਾ ਕਰਦਾ ਹੈ। ਪਾਠਕ ਵਰਗ ਨੂੰ ਪੜ੍ਹਨ 'ਤੇ ਆਨੰਦ ਦੀ ਪ੍ਰਾਪਤੀ ਹੁੰਦੀ ਹੈ ਅਤੇ ਨਾਲ-ਨਾਲ ਕੋਈ ਸਾਰਥਕ ਸੇਧ ਵੀ ਮਿਲਦੀ ਹੈ। ਨਾਵਲ ਅਜਿਹੀ ਕਲਾ ਹੈ ਜੋ ਮਨੁੱਖੀ ਸੰਸਥਾਵਾਂ ਦੇ ਰੂਪ ਵਿੱਚ ਵਿਚਰਨ ਵਾਲੇ ਮਨੁੱਖੀ ਰਿਸ਼ਤੇ ਨਾਤਿਆਂ ਨੂੰ ਆਧਾਰ ਬਣਾ ਕੇ ਭਾਵਾਂ, ਵਿਚਾਰਾਂ,

ਭਾਵਨਾਵਾਂ ਦੀ ਪੇਸ਼ਕਾਰੀ ਕਰਦੀ ਹੈ। ਦੂਸਰੀ ਗੱਲ ਕਿ ਨਾਵਲਕਾਰ ਦਾ ਨਾਵਲ 'ਚ ਖ਼ੁਦ ਦਾ ਨਜ਼ਰੀਆ ਉਦੋਂ ਨਜ਼ਰ ਆਉਂਦਾ ਹੈ ਜਦੋਂ ਕਿਸੇ ਖ਼ਾਸ ਘਟਨਾ ਦੀ ਸਥਿਤੀ ਦੀ ਚੋਣ ਕਰਦਾ ਅਤੇ ਚੁਣੀ ਸਥਿਤੀ ਨੂੰ ਆਪਣੇ ਦਿਮਾਗ਼, ਆਪਣੀ ਰੁਚੀ ਅਤੇ ਆਪਣੀ ਸਮਰੱਥਾ ਅਨੁਸਾਰ ਵਰਤਦਾ ਹੈ। ਨਾਵਲ ਅਸਲੀਅਤ ਦਾ ਤੁਰੰਤ ਪ੍ਰਗਟਾਅ ਨਹੀਂ ਸਗੋਂ ਨਿਰੀ ਪੁਰੀ ਕਲਪਨਾ ਹੁੰਦੀ ਹੈ। ਸਮਾਜਿਕ ਸਥਿਤੀ ਦੇ ਜੋੜ ਤੋੜ ਤੋਂ ਬਾਅਦ ਜੋ ਰੂਪ ਸਾਡੇ ਸਾਹਮਣੇ ਆਉਂਦਾ ਹੈ ਉਹ ਨਾਵਲ ਹੈ।

ਨਾਵਲਕਾਰ ਆਪਣੇ ਆਲੇ-ਦੁਆਲੇ 'ਚੋਂ ਪਾਤਰਾਂ ਦੀ ਚੋਣ ਕਰ ਕੇ ਕਲਪਨਾ ਰੂਪ ਵਿੱਚ ਨਾਵਲ ਦੀ ਰਚਨਾ ਕਰਦਾ ਹੈ। ਨਾਵਲ ਨੂੰ ਪੜ੍ਹ ਕੇ ਕਿਸੇ ਮਨੁੱਖ ਬਾਰੇ, ਉਸ ਦੀ ਸੰਪੂਰਨ ਜ਼ਿੰਦਗੀ ਬਾਰੇ ਪੂਰੀ ਨੀਝ ਅਤੇ ਡੂੰਘਾਈ ਨਾਲ ਜਾਣ ਸਕਦੇ ਹਾਂ। ਨਾਵਲ ਰਾਹੀਂ ਕਿਸੇ ਖ਼ਿੱਤੇ, ਉਸ ਦੀ ਭਾਸ਼ਾ, ਰੀਤੀ-ਰਿਵਾਜ, ਕਦਰਾਂ-ਕੀਮਤਾਂ, ਕਾਰ ਵਿਹਾਰ ਤੋਂ ਇਲਾਵਾ ਉੱਥੋਂ ਦੇ ਕੰਮ ਕਾਜ ਬਾਰੇ ਡੂੰਘੀ ਜਾਣਕਾਰੀ ਮਿਲਦੀ ਹੈ। ਨਾਵਲ ਵਿੱਚ ਮੁੱਖ ਪਾਤਰਾਂ ਜਾਂ ਨਾਇਕ ਦੇ ਜਨਮ ਤੋਂ ਲੈ ਕੇ ਮਰਨ ਤੱਕ ਦੇ ਜੀਵਨ ਦੀ ਹਰ ਨਿੱਕੀ-ਮੋਟੀ ਘਟਨਾ ਦਾ ਬਿਆਨ ਕੀਤਾ ਜਾਂਦਾ ਹੈ।

ਨਾਵਲ ਵਿਚਲੀ ਹਰ ਘਟਨਾ ਮਨਘੜਤ ਜਾਂ ਕਾਲਪਨਿਕ ਨਹੀਂ ਹੁੰਦੀ ਸਗੋਂ ਲੁਕਵੇਂ ਰੂਪ ਵਿੱਚ ਕਿਤੇ ਨਾ ਕਿਤੇ ਵਾਸਤਵਿਕਤਾ 'ਚ ਬੀਤ ਚੁੱਕੀਆਂ ਘਟਨਾਵਾਂ ਨਾਲ ਸੰਬੰਧਿਤ ਹੁੰਦੀ ਹੈ। ਮਨਘੜਤ ਹੋਣ ਦੇ ਬਾਵਜੂਦ ਵੀ ਨਾਵਲ ਵਿਚਲੀ ਹਰ ਘਟਨਾ ਅਸਲੀਅਤ ਦਾ ਭੁਲੇਖਾ ਪਾਉਂਦੀ ਹੈ। ਨਾਵਲ 'ਚ ਨਾਵਲਕਾਰ ਪਾਤਰਾਂ ਦੀ ਜ਼ਿੰਦਗੀ ਨੂੰ ਸਾਧਾਰਨ ਤੌਰ 'ਤੇ ਤੁਰਦੀ ਦਿਖਾਉਂਦਾ ਹੈ। ਨਾਵਲ ਵਿਸਥਾਰ ਨਾਲ ਜੀਵਨ ਦੇ ਸਾਰੇ ਪੱਖਾਂ/ਪਾਸਾਰਾਂ ਦੀ ਪੇਸ਼ਕਾਰੀ ਨਹੀਂ ਕਰ ਸਕਦਾ ਸਗੋਂ ਕਈ ਪੱਖ ਅਣਗੌਲੇ ਵੀ ਰਹਿ ਜਾਂਦੇ ਹਨ। ਕਈ ਵਾਰ ਅਣਗੌਲੇ ਰਹਿ ਗਏ ਪੱਖਾਂ ਨੂੰ ਨਾਵਲਕਾਰ ਕੁਦਰਤੀ ਜਾਂ ਮਨੋਵਿਗਿਆਨਕ ਪੱਧਰ ਉੱਪਰ ਵਾਪਰਦਾ ਵਿਖਾਉਂਦਾ ਹੈ। ਨਾਵਲ 'ਚ ਅਕਸਰ ਜ਼ਿੰਦਗੀ ਵਿਚਲਾ ਸੰਘਰਸ਼, ਇਨਸਾਨਾਂ, ਜਾਤ ਅਤੇ ਜਮਾਤ ਦਾ ਆਪਸੀ ਘੋਲ, ਰੋਜ਼ੀ-ਬਰੋਜ਼ੀ ਜੀਵਨ ਵਿਚਲੀਆਂ ਹਰਕਤਾਂ ਆਦਿ ਨੂੰ ਰੂਪਮਾਨ ਕੀਤਾ ਜਾਂਦਾ ਹੈ। ਨਾਵਲ ਰਾਹੀਂ ਜ਼ਿੰਦਗੀ ਦੀ ਟੋਟੈਲਿਟੀ ਪੇਸ਼ ਹੋਣ ਦੇ ਨਾਲ-ਨਾਲ ਜੀਵਨ ਦਾ ਬਾਹਰਲਾ ਖਲਾਰ, ਘਟਨਾਵਾਂ, ਜ਼ਿੰਦਗੀ ਨੂੰ ਜਿਊਣ ਦੇ ਵਸੀਲੇ, ਅਣਹੋਣੀ ਕਾਰਨ ਵਾਪਰ ਰਹੀਆਂ ਘਟਨਾਵਾਂ ਦੀ ਪੇਸ਼ਕਾਰੀ ਕੀਤੀ ਜਾਂਦੀ ਹੈ। ਪਰ ਨਾਵਲ ਵਿੱਚ ਹਰ ਨਿੱਕੀ ਤੋਂ ਨਿੱਕੀ ਘਟਨਾ ਦਾ ਬਿਆਨ ਨਹੀਂ ਕਿਉਂਕਿ ਕਿਤੇ ਅਚੇਤ ਮਨ ਵਿੱਚ ਪਈ ਕੋਈ ਘਟਨਾ ਬਿਆਨ ਕਰਨ ਤੋਂ ਰਹਿ ਵੀ ਜਾਂਦੀ ਹੈ। ਨਾਵਲ ਵਿੱਚ ਜ਼ਿੰਦਗੀ ਆਰੰਭ ਤੋਂ ਕਿਵੇਂ ਵਿਕਾਸ ਕਰਦੀ ਸਮਕਾਲੀ ਸਥਿਤੀ ਤੱਕ ਪਹੁੰਚਦੀ ਹੈ ਬਾਰੇ ਡੂੰਘੀ ਜਾਣਕਾਰੀ ਮਿਲਦੀ ਹੈ।

ਨਾਵਲ ਅਜਿਹੀ ਗੱਦ ਰਚਨਾ ਹੈ ਜਿਸ 'ਚ ਕਥਾਨਕ ਰਾਹੀਂ ਮਨੁੱਖ ਦੇ ਅਤੀਤ ਅਤੇ ਵਰਤਮਾਨ ਬਾਰੇ ਪਾਤਰਾਂ ਦੀ ਸਹਾਇਤਾ ਨਾਲ ਕਹਾਣੀ ਦੇ ਰੂਪ 'ਚ ਜਾਣਕਾਰੀ ਪ੍ਰਾਪਤ ਹੁੰਦੀ ਹੈ। ਪਰ ਇਹ ਕਹਾਣੀ ਤਰਕਵਾਦੀ ਢੰਗ ਨਾਲ ਪੇਸ਼ ਕੀਤੀ ਜਾਂਦੀ ਹੈ। ਕਿਹਾ ਜਾਂਦਾ ਹੈ ਕਿ ਨਾਵਲ ਅਸਲੀਅਤ ਦਾ ਪ੍ਰਗਟਾਅ ਹੈ। ਜਦੋਂ ਕਿ ਨਾਵਲ ਜ਼ਿੰਦਗੀ ਦੇ ਯਥਾਰਥ ਨੂੰ ਪੇਸ਼

ਕਰਦਾ ਹੈ ਪਰ ਹੂ-ਬ-ਹੂ ਪ੍ਰਗਟਾਅ ਨਹੀਂ, ਸਗੋਂ ਕਾਲਪਨਿਕ ਰੂਪ ਵਿੱਚ ਪ੍ਰਗਟਾਅ ਹੁੰਦਾ ਹੈ ਜੋ ਅਸਲੀ ਜੀਵਨ ਵਰਗਾ ਭੁਲੇਖਾ ਪਾਉਂਦਾ ਹੈ।

ਨਾਵਲ ਆਧੁਨਿਕ ਸਮੇਂ ਵਿੱਚ ਪੈਦਾ ਹੋਇਆ ਅਜਿਹਾ ਸਾਹਿਤ ਦਾ ਰੂਪ ਹੈ ਜੋ ਜ਼ਿੰਦਗੀ ਨੂੰ ਮਹਾਂ ਕਾਵਿਕ ਪੱਧਰ ਉੱਪਰ ਚਿਤਰਦਾ ਹੈ। ਇਸੇ ਕਰ ਕੇ ਕਈ ਆਲੋਚਕ ਨਾਵਲ ਨੂੰ ਆਧੁਨਿਕ ਸਮੇਂ ਦਾ ਮਹਾਂਕਾਵਿ ਵੀ ਆਖਦੇ ਹਨ। ਮਹਾਂਕਾਵਿ ਵਿੱਚ ਕੋਈ ਖ਼ਾਸ ਵਿਅਕਤੀ ਨਾਇਕ ਹੁੰਦਾ ਹੈ। ਜਦੋਂ ਨਾਵਲ 'ਚ ਨਾਇਕ ਦੀ ਅਣਹੋਂਦ ਹੁੰਦੀ ਹੈ ਅਤੇ ਸਾਧਾਰਨ ਮਨੁੱਖ ਨੂੰ ਪਾਤਰ ਦੀ ਪਦਵੀ ਦਿੱਤੀ ਜਾਂਦੀ ਹੈ। ਨਾਵਲ ਵਿਚਲਾ ਮੁੱਖ ਪਾਤਰ ਮੱਧਕਾਲੀਨ ਯੁੱਗ ਵਾਲਾ ਪ੍ਰੰਪਰਕ ਪਾਤਰ ਨਹੀਂ ਹੁੰਦਾ। ਇਹ ਪਾਤਰ ਵਿਅਕਤੀਵਾਦੀ ਹੁੰਦਾ ਹੈ। ਨਾਵਲ ਅਜਿਹੇ ਸਮਾਜ ਦੀ ਪੈਦਾਵਾਰ ਹੈ ਜਿੱਥੇ ਹਰ ਆਮ/ਸਾਧਾਰਨ ਮਨੁੱਖ ਨੂੰ ਵਿਸ਼ੇਸ਼ ਸਮਝਿਆ ਜਾਂਦਾ ਹੈ। ਸਮਾਜ ਵਿਚਲਾ ਹਰ ਵਿਅਕਤੀ ਸੂਖਮ ਤੇ ਗੰਭੀਰਤਾ ਨਾਲ ਨਾਵਲ ਦਾ ਪਾਤਰ ਬਣਾਇਆ ਜਾ ਸਕਦਾ ਹੈ। ਅਜਿਹੇ ਵਿਅਕਤੀ ਦੀ ਜ਼ਿੰਦਗੀ ਇੰਨੀ ਪੇਚੀਦਾਰ/ਗੁੰਝਲਦਾਰ ਹੋਵੇ ਜਿਸ ਦਾ ਵਿਸਥਾਰ/ਵਿਆਖਿਆ ਪਾਠਕਾਂ ਲਈ ਵਧੇਰੇ ਦਿਲਚਸਪ ਅਤੇ ਆਨੰਦਮਈ ਬਣ ਸਕੇ। ਕਹਾਣੀ ਵਿਚਲੇ ਕਰਮ ਅਤੇ ਵਿਸ਼ਵਾਸ ਇੰਨੇ ਵੱਖਰੇ- ਵੱਖਰੇ ਅਤੇ ਭਿੰਨ ਹੋਣ ਕਿ ਹਰ ਮਨੁੱਖ ਲਈ ਵੱਖਰਾ ਅਤੇ ਆਪਣੇ ਆਪ ਲਈ ਆਨੰਦਮਈ ਜਾਪੇ। ਪੁਰਾਤਨ ਸਮੇਂ ਵਿੱਚ ਅਜਿਹੇ ਵਿਅਕਤੀ/ਮਨੁੱਖ ਦੀ ਅਣਹੋਂਦ ਕਾਰਨ ਸਾਹਿਤ ਰੂਪ ਨਾਵਲ ਵਧੇਰੇ ਵਿਕਸਿਤ ਤੇ ਪ੍ਰਭਾਵਸ਼ਾਲੀ ਰਿਹਾ ਹੈ। ਨਾਵਲਕਾਰ ਮਾਨਵੀ ਅਨੁਭਵ, ਪਾਤਰਾਂ ਅਤੇ ਘਟਨਾਵਾਂ ਨੂੰ ਅਜਿਹੇ ਢੰਗ ਨਾਲ ਇੱਕ ਲੜੀ ਵਿੱਚ ਪਰੋ ਕੇ ਪਾਠਕਾਂ ਸਾਹਮਣੇ ਪੇਸ਼ ਕਰਦਾ ਹੈ ਜਿਸ 'ਚੋਂ ਅਸਲੀ ਜੀਵਨ ਯਥਾਰਥ ਦਾ ਸੰਪੂਰਨ ਚਿੱਤਰ ਨਜ਼ਰ ਆਉਂਦਾ ਹੈ। ਇਸੇ ਕਰ ਕੇ ਨਾਵਲ ਦਾ ਸੰਪੂਰਨ ਅਰਥ ਨਾਵਲ ਸ਼ਬਦਾਰਥ 'ਚ ਨਹੀਂ ਸਗੋਂ ਨਾਵਲ ਦੇ ਸਮੁੱਚੇ ਪ੍ਰਸੰਗ 'ਚ ਹੁੰਦਾ ਹੈ। ਨਾਵਲ ਮਨੁੱਖ ਅਤੇ ਸਮਾਜ ਨੂੰ ਅਜਿਹੇ ਸੁਚੱਜੇ ਢੰਗ ਨਾਲ ਚਿਤਰਦਾ ਹੋਇਆ ਜ਼ਿੰਦਗੀ ਦੇ ਚੰਗੇ ਮਾੜੇ ਦੋਵਾਂ ਪੱਖਾਂ ਨੂੰ ਪੂਰੇ ਧਿਆਨ ਵਿੱਚ ਰੱਖਦਾ ਹੈ। ਵਿਸ਼ੇ ਵਸਤੂ ਪ੍ਰਤੀ ਸੰਪੂਰਨ ਇਮਾਨਦਾਰੀ ਅਤੇ ਸੂਝ ਨਾਵਲ ਲਈ ਵਧੇਰੇ ਅਨਿਵਾਰੀ ਹੈ। ਨਾਵਲ ਜਿਸ ਪੈਂਤੜੇ ਨਾਲ ਬੋਲਾਂ ਨੂੰ ਪੇਸ਼ ਕਰਦਾ ਹੈ ਉਹ ਪੂਰਨ ਤੌਰ 'ਤੇ ਜ਼ਿੰਦਗੀ ਦਾ ਪੈਂਤੜਾ ਹੁੰਦਾ ਹੈ। ਯਥਾਰਥਵਾਦੀ ਨਾਵਲਕਾਰ ਨਾ ਤਾਂ ਵਿਸ਼ਾ ਵਸਤੂ ਨੂੰ ਸਰਲ ਸਥਿਤੀ 'ਚ ਚਿਤਰਦਾ ਹੈ ਅਤੇ ਨਾ ਹੀ ਭਾਵੁਕ ਹੋ ਕੇ ਉਲਾਰ ਪੱਖੀ ਦ੍ਰਿਸ਼ਟੀਕੋਣ ਅਪਣਾਉਂਦਾ ਹੈ। ਉਹ ਜਟਿਲ, ਬਹੁ-ਦਿਸ਼ਾਵੀ, ਬਹੁ-ਪਾਸਾਰੀ ਰੂਪ ਉੱਪਰ ਵਧੇਰੇ ਧਿਆਨ ਇਕਾਗਰ ਕਰਦਾ ਹੈ ਅਤੇ ਜੀਵਨ ਵਿਚਲੇ ਯਥਾਰਥ ਨੂੰ ਰੂਪਮਾਨ ਕਰਨ ਦੀ ਸਫਲ ਕੋਸ਼ਿਸ਼ ਕਰਦਾ ਹੈ। ਸੋ ਕਹਿ ਸਕਦੇ ਹਾਂ ਕਿ ਨਾਵਲ ਮਨੁੱਖੀ ਜੀਵਨ ਦਾ ਉਤਾਰਾ/ਨਕਲ ਨਹੀਂ ਸਗੋਂ ਜੀਵਨ ਦੀ ਸਿਰਜਣਾ ਹੈ।

## 1.10 ਕਿਸਾਨੀ ਜੀਵਨ ਦੀ ਪੇਸ਼ਕਾਰੀ ਕਰਦੇ ਪ੍ਰਮੁੱਖ ਪੰਜਾਬੀ ਨਾਵਲ

ਨਾਵਲ ਸਮਕਾਲ ਦਾ ਮਹੱਤਵਪੂਰਨ ਸਾਹਿਤਕ ਰੂਪਾਕਾਰ ਹੈ। ਭਾਵੇਂ ਕਿ ਨਾਵਲ ਦਾ ਜਨਮ ਪੂੰਜੀਵਾਦੀ ਸਮਾਜਿਕ ਵਿਵਸਥਾ ਦੇ ਵਿਗਸਣ ਨਾਲ ਹੋਇਆ। ਨਾਵਲ ਸਰੰਚਨਾਤਮਕ ਪੱਖੋਂ ਮੂਲ ਰੂਪ ਵਿੱਚ ਨਵਾਂ ਨਹੀਂ; ਸਗੋਂ ਪੁਰਾਤਨ ਸਮੇਂ 'ਚ

ਪ੍ਰਚਲਿਤ ਬਿਰਤਾਂਤਕ ਸਾਹਿਤਕ ਰੂਪਾਂ ਦਾ ਹੀ ਆਧੁਨਿਕ ਰੂਪ ਹੈ। ਨਾਵਲ ਆਧੁਨਿਕ ਜ਼ਿੰਦਗੀ ਦੇ ਮੁੱਲਾਂ ਦੇ ਅਨੁਕੂਲ ਆਪਣੇ ਆਪ ਨੂੰ ਰੂਪਾਂਤਰਿਤ ਕਰਦਾ ਹੈ। ਪੰਜਾਬੀ ਸਾਹਿਤ 'ਚ ਨਾਵਲ ਦੀ ਵਿਧਾ ਦੇ ਬੀਜ ਬਸਤੀਵਾਦੀ ਯੁੱਗ ਵਿੱਚ ਪ੍ਰਫੁਲਿਤ ਹੋਣੇ ਆਰੰਭ ਹੋਏ। ਸਾਮੰਤੀ ਯੁੱਗ ਦੇ ਅੰਤਲੇ ਦੌਰ ਵਿੱਚ ਪੂੰਜੀਵਾਦੀ ਯੁੱਗ ਦੇ ਸ਼ੁਰੂ-ਸ਼ੁਰੂ 'ਚ ਸਨਅਤੀ ਵਿਕਾਸ ਦੇ ਨਾਲ ਸਮਾਜ 'ਚ ਮਹੱਤਵਪੂਰਨ ਪਰਿਵਰਤਨ ਆਏ। ਇਸੇ ਕਰ ਕੇ ਬਦਲੀਆਂ ਕੀਮਤਾਂ ਅਤੇ ਜ਼ਿੰਦਗੀ ਦੇ ਮੁੱਲਾਂ ਦੇ ਅੰਤਰਗਤ ਨਾਵਲ ਸਭ ਤੋਂ ਵਧੇਰੇ ਸਮਰੱਥ ਰੂਪਾਕਾਰ ਵਜੋਂ ਉੱਭਰ ਕੇ ਸਾਹਮਣੇ ਆਇਆ ਹੈ। ਜੋ ਸੰਪੂਰਨ ਰੂਪ 'ਚ ਮਨੁੱਖੀ ਸਮਾਜ 'ਚ ਆਪਣੀ ਜਟਿਲਤਾ ਅਤੇ ਮਾਨਵੀ ਜੀਵਨ ਦੇ ਬਹੁ ਪਸਾਰਾਂ ਨੂੰ ਆਪਣੇ ਕਲਾਵੇ 'ਚ ਲੈਣ ਦੀ ਸਮਰੱਥਾ ਰੱਖਦਾ ਹੈ।

ਪੰਜਾਬੀ ਨਾਵਲ ਦਾ ਆਗਾਜ਼ ਭਾਈ ਵੀਰ ਸਿੰਘ ਦੇ ਨਾਵਲ *'ਸੁੰਦਰੀ'* ਨਾਲ ਹੁੰਦਾ ਹੈ। ਭਾਈ ਵੀਰ ਸਿੰਘ ਨੇ *'ਬਿਜੈ ਸਿੰਘ'*, *'ਸਤਵੰਤ ਕੌਰ'* ਅਤੇ *'ਬਾਬਾ ਨੌਧ ਸਿੰਘ'* ਨਾਵਲਾਂ ਦੀ ਸਿਰਜਣਾ ਕੀਤੀ।

> ਜੁਗਿੰਦਰ ਸਿੰਘ ਨਹਿਰੂ ਦਾ ਮੰਨਣਾ ਹੈ, "ਉਸ ਨੇ ਆਪਣੀਆਂ ਨਾਵਲ ਕਿਰਤਾਂ ਦਾ ਪਿਛੋਕੜ ਅਤੀਤ ਨੂੰ ਬਣਾਇਆ ਹੈ ਨਾ ਕਿ ਵਰਤਮਾਨ ਸਮਾਜਕ ਯਥਾਰਥ ਨੂੰ। ਆਪਣੇ ਸਮਕਾਲੀ ਸਮਾਜਕ ਯਥਾਰਥ ਦੇ ਸਨਮੁੱਖ ਹੋਣਾ ਇਸ ਸ਼੍ਰੇਣੀ (ਸ਼ਹਿਰੀ ਮੱਧ-ਸ਼੍ਰੇਣੀ) ਦੇ ਹਿੱਤ ਵਿਚ ਨਹੀਂ ਸੀ। ਇਸ ਕਰ ਕੇ ਭਾਈ ਸਾਹਿਬ ਨੇ ਆਪਣੇ ਰਾਜਸੀ, ਸਮਾਜਕ ਤੇ ਧਾਰਮਿਕ ਪ੍ਰਯੋਜਨ ਨੂੰ ਪੂਰਾ ਕਰਨ ਵਾਸਤੇ ਆਪਣੀਆਂ ਕਿਰਤਾਂ ਦਾ ਰਚਨਾ-ਸਥਲ ਅਤੀਤ ਦੇ ਇਤਿਹਾਸ ਨੂੰ ਬਣਾਇਆ।" ("ਸੰਤ ਸਿੰਘ ਸੇਖੋਂ ਦੀ ਨਾਵਲ ਕਲਾ" 17)

ਭਾਈ ਵੀਰ ਸਿੰਘ ਦਾ ਸਮਕਾਲੀ ਨਾਵਲਕਾਰ ਮੋਹਨ ਸਿੰਘ ਵੈਦ ਹੈ। ਮੋਹਨ ਸਿੰਘ ਵੈਦ ਨੇ *'ਸੁਘੜ ਨੂੰਹ ਤੇ ਲੜਾਕੀ ਸੱਸ'*, *'ਸੁਖਦੇਵ ਕੌਰ'*, *'ਇੱਕ ਸਿੱਖ ਘਰਾਣਾ'*, *'ਕਪਟੀ ਮਿਤ੍ਰ'*, *'ਸੁਸ਼ੀਲ ਵਿਧਵਾ'* ਅਤੇ *'ਦੰਪਤੀ ਪਿਆਰ'* ਨਾਵਲਾਂ ਦੀ ਸਿਰਜਣਾ ਕੀਤੀ। ਇਸੇ ਦੌਰ ਦੇ ਨਾਵਲਕਾਰ ਚਰਨ ਸਿੰਘ ਸ਼ਹੀਦ ਦੇ ਨਾਵਲ ਹਨ: *'ਬੀਬੀ ਰਣਜੀਤ ਕੌਰ'*, *'ਦਲੇਰ ਕੌਰ' ਅਤੇ 'ਚੰਚਲ ਮੂਰਤੀ'*। ਭਾਈ ਵੀਰ ਸਿੰਘ ਅਤੇ ਇਨ੍ਹਾਂ ਦੇ ਸਮਕਾਲੀ ਨਾਵਲਕਾਰਾਂ ਦੀ ਪਿੱਠ-ਭੂਮੀ ਇਤਿਹਾਸਿਕ, ਰੁਮਾਂਟਿਕ, ਧਾਰਮਿਕ ਅਤੇ ਆਦਰਸ਼ਵਾਦੀ ਬਣਦੀ ਹੈ। ਇਸੇ ਕਾਰਨ ਭਾਈ ਵੀਰ ਸਿੰਘ ਦੇ ਸਮਕਾਲੀ ਨਾਵਲਕਾਰ ਸੁਧਾਰਵਾਦੀ ਵਿਚਾਰਾਂ ਦੇ ਇੱਧਰ ਗਿਰਦ ਘੁੰਮਦੇ ਦਿਖਾਈ ਦਿੰਦੇ ਹਨ।

> ਗੁਰਪਾਲ ਸਿੰਘ ਸੰਧੂ ਦਾ ਵਿਚਾਰ ਹੈ, "ਇਹ ਨਾਵਲ ਪਾਤਰ ਉਸਾਰੀ ਪੱਖੋਂ ਆਦਰਸ਼ਵਾਦੀ, ਘਟਨਾਵਾਂ ਪੱਖੋਂ ਰੁਮਾਂਟਿਕ ਅਤੇ ਮੰਤਵ ਅਤੇ ਰਚਨਾ-ਦ੍ਰਿਸ਼ਟੀ ਤੋਂ ਸੁਧਾਰਵਾਦੀ ਹਨ।" ("ਪੰਜਾਬੀ ਨਾਵਲ ਦਾ ਇਤਿਹਾਸ" 45)

ਨਾਵਲਕਾਰ ਨਾਨਕ ਸਿੰਘ ਅਤੇ ਇਨ੍ਹਾਂ ਦੇ ਸਮਕਾਲੀ ਨਾਵਲਕਾਰਾਂ ਨੇ ਭਾਈ ਵੀਰ ਸਿੰਘ ਵਾਲੀ ਪ੍ਰੰਪਰਾ ਨੂੰ ਤਿਆਗ ਕੇ ਨਵੀਆਂ ਪਿਰਤਾਂ ਪਾਈਆਂ। ਇਸ ਦੌਰ ਦੇ ਨਾਵਲਕਾਰਾਂ ਨੇ ਆਦਰਸ਼ਵਾਦੀ ਸੁਧਾਰਵਾਦੀ ਵਿਚਾਰਧਾਰਾ ਨੂੰ

ਤਿਆਗ ਦਿੱਤਾ। ਨਾਨਕ ਸਿੰਘ ਦੇ ਸਮਕਾਲੀ ਨਾਵਲਕਾਰ ਸਮਾਜਿਕ ਆਰਥਿਕ ਪ੍ਰਸਥਿਤੀਆਂ ਨਾਲ ਜੂਝ ਰਹੇ ਮੱਧ ਵਰਗੀ ਕਿਸਾਨੀ ਜੀਵਨ ਦੇ ਚਿਤਰਨ ਨੂੰ ਪੇਸ਼ ਕਰਨ ਲੱਗੇ। ਨਾਨਕ ਸਿੰਘ ਦੀ ਨਾਵਲੀ ਪ੍ਰੰਪਰਾ ਨਾਲ ਹੀ ਮੱਧ ਵਰਗ ਨਾਇਕ ਦੇ ਰੂਪ ਵਜੋਂ ਦ੍ਰਿਸ਼ਟੀ ਮਾਨ ਹੁੰਦਾ ਹੈ। ਨਾਨਕ ਸਿੰਘ ਨੇ ਪੰਜਾਬ ਦੇ ਨਿਮਨ ਕਿਸਾਨੀ ਜੀਵਨ ਨੂੰ ਸੁਚੇਤ ਅਚੇਤ ਪੱਧਰ 'ਤੇ ਨਾਵਲੀ ਬਿਰਤਾਂਤ ਵਿਚ ਰੂਪਮਾਨ ਕਰਨਾ ਅਰੰਭ ਕੀਤਾ ਹੈ।

> ਟੀ. ਆਰ. ਵਿਨੋਦ ਲਿਖਦੇ ਹਨ, "ਨਾਨਕ ਸਿੰਘ ਦੇ ਨਾਵਲਾਂ ਨਾਲ ਪੰਜਾਬੀ ਨਾਵਲ ਦੀ ਭਾਈ ਵੀਰ ਸਿੰਘ ਪਰੰਪਰਾ ਦਾ ਅੰਤ ਹੁੰਦਾ ਹੈ ਅਤੇ ਨਾਨਕ ਸਿੰਘ ਪਰੰਪਰਾ ਦਾ ਮੁੱਢ ਬੱਝਦਾ ਹੈ। ਇਹ ਕਥਨ ਪੰਜਾਬੀ ਨਾਵਲ ਦੇ ਵਿਕਾਸ ਵਿਚ ਨਾਨਕ ਸਿੰਘ ਦੇ ਯੋਗਦਾਨ ਦਾ ਸੂਚਕ ਹੈ। ਪੰਜਾਬੀ ਨਾਵਲ ਦੇ ਖੇਤਰ ਵਿਚ ਉਸ ਦੇ ਪ੍ਰਵੇਸ਼ ਨਾਲ ਪੰਜਾਬੀ ਨਾਵਲ ਕੇਵਲ ਮੁਦ੍ਹਾ ਹੀ ਨਹੀਂ ਬਦਲਦਾ, ਆਸਣ ਵੀ ਬਦਲਦਾ ਹੈ। ਇਸ ਪੱਖੋਂ ਨਾਨਕ ਸਿੰਘ ਨਵੀਂ ਨਾਵਲੀ ਪਰੰਪਰਾ ਦਾ ਸੰਸਥਾਪਕ ਸਿੱਧ ਹੁੰਦਾ ਹੈ।" ("ਨਾਨਕ ਸਿੰਘ ਪੜ੍ਹਦਿਆਂ" 25)

ਨਾਨਕ ਸਿੰਘ ਦਾ ਨਾਵਲ *'ਚਿੱਟਾ ਲਹੂ'* ਵਿਚ ਵੀਹਵੀਂ ਸਦੀ ਦੇ ਪਹਿਲੇ ਚਾਰ ਦਹਾਕਿਆਂ ਨੂੰ ਆਧਾਰ ਬਣਾ ਕੇ ਨਿਮਨ ਕਿਸਾਨੀ ਜੀਵਨ ਦੀਆਂ ਨਿਰਾਸ਼ਾ ਜਨਕ ਪਰਿਸਥਿਤੀਆਂ ਨੂੰ ਅਭਿਵਿਅਕਤ ਕਰਦਾ ਹੈ।

> ਟੀ. ਆਰ. ਵਿਨੋਦ ਦੇ ਅਨੁਸਾਰ, "ਗ੍ਰਾਮ ਸੰਸਕ੍ਰਿਤੀ ਸੰਬੰਧੀ ਉਸ ਦੇ ਇੱਕ ਨਾਵਲ *'ਚਿੱਟਾ ਲਹੂ'* ਵਿਚ ਕਿਸਾਨੀ ਨਾਲ ਸੰਬੰਧਿਤ ਪਾਤਰ ਪਾਲਾ ਸਿੰਘ ਉਸ ਸਮੇਂ ਦੀ ਛੋਟੀ ਕਿਸਾਨੀ ਦੀ ਸਹੀ ਦਸ਼ਾ ਉਜਾਗਰ ਕਰਨ ਦੀ ਸਮਰੱਥਾ ਰੱਖਦਾ ਹੈ।" ("ਪੰਜਾਬੀ ਨਾਵਲ ਵਿਚ ਕਿਸਾਨੀ ਸੰਸਕ੍ਰਿਤੀ" 8)

ਸੁਰਿੰਦਰ ਸਿੰਘ ਨਰੂਲਾ ਨੇ *'ਨੀਲੀ ਬਾਰ'* ਅਤੇ *'ਲੋਕ ਦੁਸ਼ਮਣ'* ਨਾਵਲਾਂ ਵਿਚ ਨਿਮਨ ਕਿਸਾਨੀ ਦੇ ਆਰਥਿਕ ਸੰਕਟ ਨੂੰ ਵਿਸ਼ਾ ਵਸਤੂ ਬਣਾਇਆ ਹੈ।

> "ਨਾਨਕ ਸਿੰਘ-ਕਾਲ ਦਾ ਦੂਸਰਾ ਵੱਡਾ ਨਾਵਲਕਾਰ ਸੁਰਿੰਦਰ ਸਿੰਘ ਨਰੂਲਾ ਹੈ। ਉਸ ਨੇ ਕਿਸਾਨੀ ਜੀਵਨ ਨਾਲ ਸੰਬੰਧਿਤ ਦੋ ਨਾਵਲਾਂ ਦੀ ਸਿਰਜਣਾ ਕੀਤੀ। 1952 ਵਿਚ ਪ੍ਰਕਾਸ਼ਤ ਹੋਏ ਉਸ ਦੇ ਦੋਵੇਂ ਨਾਵਲ *'ਨੀਲੀ ਬਾਰ'* ਅਤੇ *'ਲੋਕ ਦੁਸ਼ਮਣ'* ਵਿਸ਼ਾ-ਵਸਤੂ ਦੀ ਸਮਾਨਤਾ ਰੱਖਦੇ ਹੋਏ ਛੋਟੀ ਕਿਸਾਨੀ ਦੇ ਆਰਥਿਕ ਸੰਕਟਾਂ ਨੂੰ ਉਜਾਗਰ ਕਰਦੇ ਹਨ।" (ਗੁਰਦੀਪ ਕੌਰ, "ਪੰਜਾਬੀ ਨਾਵਲ ਅਤੇ ਕਿਸਾਨੀ ਜੀਵਨ" 66)

ਜਸਵੰਤ ਸਿੰਘ ਕੰਵਲ ਨੇ *'ਸੱਚ ਨੂੰ ਫਾਂਸੀ', 'ਜੇਰਾ', 'ਪੂਰਨਮਾਸ਼ੀ', 'ਰਾਤ ਬਾਕੀ ਹੈ', 'ਲਹੂ ਦੀ ਲੋਅ', 'ਜੰਗ', 'ਮਨੁੱਖਤਾ'* ਨਾਵਲਾਂ ਵਿਚ ਮਾਲਵੇ ਦੇ ਕਿਸਾਨੀ ਜੀਵਨ ਦੀਆਂ ਤੰਗੀਆਂ ਤਰੁੱਟੀਆਂ ਨੂੰ ਰੂਪਮਾਨ ਕੀਤਾ ਹੈ।

> ਗੁਰਦੀਪ ਕੌਰ ਦੇ ਅਨੁਸਾਰ, "*ਜੇਰਾ* (1968) ਅਤੇ *ਮਨੁੱਖਤਾ* (1979) ਨਾਵਲਾਂ ਵਿਚ ਜਸਵੰਤ ਸਿੰਘ ਕੰਵਲ ਨੇ ਭੋਂਪਤੀ ਕਿਸਾਨ ਦੀ ਜੱਟ-ਮਾਨਸਿਕਤਾ ਰਾਹੀਂ ਇਸ ਵਰਗ ਦੀ ਮਾਨਸਿਕਤਾ ਦਾ ਲੇਖਾ ਜੋਖਾ ਜਾਇਜ਼-ਨਾ-ਜਾਇਜ਼ ਤਰੀਕਿਆਂ ਨਾਲ ਭੂਮੀ ਨੂੰ ਕਾਇਮ ਰੱਖਣ ਅਤੇ ਵਧਾਉਣ ਦੇ ਨਾਵਲੀ ਪ੍ਰਸੰਗ ਸਿਰਜੇ ਹਨ।" ("ਪੰਜਾਬੀ ਨਾਵਲ ਅਤੇ ਕਿਸਾਨੀ ਜੀਵਨ" 69)

ਸੰਤ ਸਿੰਘ ਸੇਖੋਂ ਨੇ *'ਲਹੂ ਮਿੱਟੀ'* ਅਤੇ *'ਬਾਬਾ ਆਸਮਾਨ'* ਨਾਵਲਾਂ ਵਿਚ ਛੋਟੀ ਕਿਸਾਨੀ ਦੇ ਸੰਕਟਾਂ, ਸਮੱਸਿਆਵਾਂ ਅਤੇ ਮਾਨਸਿਕ ਪਰਿਸਥਿਤੀਆਂ ਨੂੰ ਚਿਤਰਿਆ ਹੈ।

> ਗੁਰਪਾਲ ਸਿੰਘ ਸੰਧੂ ਦੇ ਲਫ਼ਜ਼ਾਂ ਵਿਚ, "ਸੰਤ ਸਿੰਘ ਸੇਖੋਂ ਨੇ ਮੱਧਵਰਗੀ ਕਿਸਾਨੀ ਜੀਵਨ ਦੀਆਂ ਸਮੱਸਿਆਵਾਂ ਨੂੰ *'ਲਹੂ ਮਿੱਟੀ'* ਅਤੇ *'ਬਾਬਾ ਆਸਮਾਨ'* ਨਾਵਲਾਂ ਵਿਚ ਯਥਾਰਥਕ ਰੰਗਣ ਨਾਲ ਚਿਤਰਿਆ ਹੈ। ਸੇਖੋਂ ਦਾ ਨਾਵਲ *'ਲਹੂ ਮਿੱਟੀ'* 1974 ਈ. ਤੋਂ ਪਹਿਲਾ ਦੇ ਕਿਸਾਨੀ ਸਮਾਜ ਦਾ ਯਥਾਰਥਕ ਇਤਿਹਾਸ ਪੇਸ਼ ਕਰਦਾ ਹੈ।" ( "ਪੰਜਾਬੀ ਨਾਵਲ ਦਾ ਇਤਿਹਾਸ" 58)

ਨਾਵਲਕਾਰ ਸੋਹਣ ਸਿੰਘ ਸੀਤਲ ਨੇ *'ਤੂਤਾਂ ਵਾਲਾ ਖੂਹ'*, *'ਬਦਲਾ'*, *'ਮੁੱਲ ਦਾ ਮਾਸ'*, *'ਜੰਗ ਜਾਂ ਅਮਨ'*, *'ਈਚੋਗਿਲ ਨਹਿਰ ਤੱਕ'*, *'ਧਰਤੀ ਦੀ ਬੇਟੀ'* ਅਤੇ *'ਜੁੱਗ ਬਦਲ ਗਿਆ'* ਨਾਵਲਾਂ ਦੀ ਸਿਰਜਣਾ ਕੀਤੀ ਹੈ। ਇਨ੍ਹਾਂ ਨਾਵਲਾਂ ਵਿਚ ਕਿਸਾਨੀ ਜੀਵਨ ਦੀ ਭਿੰਨ-ਭਿੰਨ ਪਰਿਸਥਿਤੀਆਂ ਨੂੰ ਵਿਸ਼ਾ ਵਸਤੂ ਬਣਾਉਣ ਦੇ ਨਾਲ ਨਾਲ ਪ੍ਰੋੜ ਯਥਾਰਥਵਾਦੀ ਨਾਵਲਕਾਰ ਹੋਣ ਦਾ ਸਬੂਤ ਦਿੱਤਾ ਹੈ।

> ਟੀ. ਆਰ. ਵਿਨੋਦ ਲਿਖਦਾ ਹੈ, "ਪੰਜਾਬ ਦੀ ਕਿਸਾਨੀ ਸੰਸਕ੍ਰਿਤੀ ਦਾ ਇੱਕ ਹੋਰ ਮਹੱਤਵਪੂਰਨ ਨਾਵਲਕਾਰ ਸੋਹਣ ਸਿੰਘ ਸੀਤਲ ਹੈ। ਉਸ ਦਾ ਗਲਪ-ਬੋਧ ਮੁੱਢ ਤੋਂ ਹੀ ਪਰੰਪਰਾ ਅਤੇ ਆਧੁਨਿਕਤਾ ਦੀ ਮਿੱਸੀ ਧਾਰਨਾ ਦਾ ਲਖਾਇਕ ਰਿਹਾ ਹੈ।" ("ਪੰਜਾਬੀ ਨਾਵਲ ਵਿਚ ਕਿਸਾਨੀ ਸੰਸਕ੍ਰਿਤੀ" 16)

> ਗੁਰਦੀਪ ਕੌਰ ਦਾ ਲਿਖਣਾ ਹੈ, "ਸੋਹਣ ਸਿੰਘ ਸੀਤਲ ਨੂੰ ਪੰਜਾਬੀ ਕਿਸਾਨੀ ਦੇ ਸੰਦਰਭਾਂ ਨੂੰ ਚਿਤਰਨ ਵਾਲਾ ਨਾਨਕ ਸਿੰਘ-ਕਾਲ ਵਿਚਲੇ ਪ੍ਰਮੁੱਖ ਨਾਵਲਕਾਰਾਂ ਦੇ ਤੌਰ 'ਤੇ ਅੰਤਿਮ ਅਤੇ ਉਤਰ ਨਾਨਕ ਸਿੰਘ-ਕਾਲ ਵਿਚ ਬਤੌਰ ਮੁੱਢਲੇ ਨਾਵਲਕਾਰ ਵਜੋਂ ਵਿਚਾਰਿਆ ਜਾ ਸਕਦਾ ਹੈ।" ( "ਪੰਜਾਬੀ ਨਾਵਲ ਅਤੇ ਕਿਸਾਨੀ ਜੀਵਨ" 70)

ਕਰਤਾਰ ਸਿੰਘ ਦੁੱਗਲ *'ਆਂਦਰਾਂ'* ਨਾਵਲ ਦੀ ਸਿਰਜਣਾ ਕਰ ਕੇ ਜਾਗੀਰਦਾਰੀ ਸਮਾਜ 'ਚ ਜ਼ਿਮੀਂਦਾਰਾਂ ਦੀਆਂ ਕੋਝੀਆਂ ਨੀਤੀਆਂ ਦੇ ਖ਼ਿਲਾਫ਼ ਵਿਦਰੋਹ ਨੂੰ ਨਾਵਲੀ ਬਿਰਤਾਂਤ 'ਚ ਪੇਸ਼ ਕਰਦਾ ਹੈ। ਗੁਰਚਰਨ ਸਿੰਘ ਦਾ ਨਾਵਲ *'ਵਗਦੀ*

*ਸੀ ਰਾਵੀ'* ਨਿਮਨ ਕਿਸਾਨੀ ਜੀਵਨ ਵਿਚਲੇ ਯਥਾਰਥ ਨੂੰ ਬਿਆਨ ਕਰਦਾ ਹੈ। ਹਰੀ ਸਿੰਘ ਦਿਲਬਰ ਨੇ *'ਬਾਹਿੰ ਜਿਨ੍ਹਾਂ ਦੀ ਪਕੜੀਏ'* ਅਤੇ *'ਨਦੀਆਂ ਦੇ ਵਹਿਣ'* ਨਾਵਲਾਂ ਦਾ ਕਿਸਾਨੀ ਜਨ ਜੀਵਨ ਵਜੋਂ ਅਧਿਐਨ ਕੀਤਾ ਜਾ ਸਕਦਾ ਹੈ।

ਅਗਲੇ ਦੌਰ ਦਾ ਨਾਵਲਕਾਰ ਗੁਰਦਿਆਲ ਸਿੰਘ ਹੈ ਜਿਸ ਦੇ ਸਾਰੇ ਨਾਵਲ ਨਿਰੋਲ ਕਿਸਾਨੀ ਜਨ ਜੀਵਨ ਦੀਆਂ ਸਮੱਸਿਆਵਾਂ ਦੀ ਪੇਸ਼ਕਾਰੀ ਕਰਦੇ ਹਨ।

> ਗੁਰਪਾਲ ਸਿੰਘ ਸੰਧੂ ਦੇ ਅਨੁਸਾਰ, "ਗੁਰਦਿਆਲ ਸਿੰਘ ਇਸ ਕਾਲ ਦਾ ਅਤੇ ਸਮੁੱਚੀ ਪੰਜਾਬੀ ਨਾਵਲ ਪਰੰਪਰਾ ਦਾ ਗੌਰਵਸ਼ਾਲੀ ਹਸਤਾਖ਼ਰ ਹੈ। ਉਹ ਪੰਜਾਬ ਦੀ ਜਾਗੀਰਦਾਰੀ ਵਿਵਸਥਾ ਤੋਂ ਪੂੰਜੀਵਾਦੀ ਵਿਵਸਥਾ ਵਿਚ ਹੋਣ ਵਾਲੇ ਰੂਪਾਂਤਰਨ ਸਮੇਂ ਵਾਪਰਨ ਵਾਲੇ ਪਰਿਵਰਤਨ ਦਾ ਚਿਤਰਨ ਕਰਨ ਦੇ ਨਾਲ-ਨਾਲ ਇਸ ਪਰਿਵਰਤਨ ਤੋਂ ਉਪਜੇ ਮਨੁੱਖੀ ਸੰਕਟ ਜਾਂ ਤ੍ਰਾਸਦੀ ਦੀ ਪੇਸ਼ਕਾਰੀ ਕਰਨ ਵਾਲਾ ਸੰਵੇਦਨਸ਼ੀਲ ਲੇਖਕ ਹੈ।" ("ਪੰਜਾਬੀ ਨਾਵਲ ਦਾ ਇਤਿਹਾਸ" 73)

ਗੁਰਦਿਆਲ ਸਿੰਘ ਦੇ ਨਾਵਲ ਹਨ: *'ਮੜ੍ਹੀ ਦਾ ਦੀਵਾ'*, *'ਆਥਣ ਉੱਗਣ'*, *'ਅੱਧ ਚਾਨਣੀ ਰਾਤ'*, *'ਅੰਨ੍ਹੇ ਘੋੜੇ ਦਾ ਦਾਨ'* ਅਤੇ *'ਪਰਸਾ'*। ਇਨ੍ਹਾਂ ਨਾਵਲਾਂ ਵਿਚ ਨਿਮਨ ਕਿਸਾਨੀ ਜੀਵਨ ਵਿਚਲੇ ਸੰਕਟਾਂ, ਗੁੰਝਲਾਂ ਦੀ ਪੇਸ਼ਕਾਰੀ ਦੇ ਨਾਲ-ਨਾਲ ਯਥਾਰਥਵਾਦੀ ਗਲਪ ਪਰੰਪਰਾ ਨੂੰ ਇੱਕ ਨਵੀਂ ਦਿਸ਼ਾ ਅਤੇ ਦਸ਼ਾ ਪ੍ਰਦਾਨ ਕੀਤੀ। ਨਾਵਲਕਾਰ ਕਰਮਜੀਤ ਸਿੰਘ ਕੁੱਸਾ ਨੇ *'ਬੁਰਕੇ ਵਾਲੇ ਲੁਟੇਰੇ'*, *'ਰਾਤ ਦੇ ਰਾਹੀ'*, *'ਰੋਹੀ ਬੀਆਬਾਨ'*, *'ਅੱਗ ਦਾ ਗੀਤ'*, *'ਜ਼ਖ਼ਮੀ ਦਰਿਆ'* ਅਤੇ *'ਅਕਾਲ ਪੁਰਖੀ'* ਵਿਚ ਨਿਮਨ ਕਿਸਾਨੀ ਜੀਵਨ ਦੇ ਆਰਥਿਕ ਸੰਕਟ ਨੂੰ ਦ੍ਰਿਸ਼ਟੀਮਾਨ ਕੀਤਾ ਹੈ। ਕੁੱਸਾ ਨੇ ਯਥਾਰਥਕ ਚਿਤਰਨ ਅਤੇ ਨਿਮਨ ਕਿਸਾਨੀ ਦੀ ਦਿਸ਼ਾ ਹੀਣਤਾ ਨੂੰ ਨਾਵਲੀ ਬਿਰਤਾਂਤ ਦਾ ਹਿੱਸਾ ਬਣਾਇਆ ਹੈ।

> ਗੁਰਦੀਪ ਕੌਰ ਦਾ ਵਿਚਾਰ ਹੈ ਕਿ, "ਕਰਮਜੀਤ ਸਿੰਘ ਕੁੱਸਾ ਨੇ ਆਪਣੇ ਸਾਰੇ ਨਾਵਲਾਂ ਵਿਚ ਕਿਸਾਨੀ ਸਮਾਜਕ ਯਥਾਰਥ ਦੀ ਜਟਿਲਤਾ ਨੂੰ ਆਪਣੇ ਪਾਤਰਾਂ ਰਾਹੀਂ ਮੂਰਤੀਮਾਨ ਕੀਤਾ ਹੈ।" ( "ਪੰਜਾਬੀ ਨਾਵਲ ਅਤੇ ਕਿਸਾਨੀ ਜੀਵਨ" 129)

ਦਲੀਪ ਕੌਰ ਟਿਵਾਣਾ ਨੇ *'ਵਾਟ ਹਮਾਰੀ'*, *'ਅਗਨੀ ਪ੍ਰੀਖਿਆ'*, *'ਦੂਸਰੀ ਸੀਤਾ'* ਅਤੇ *'ਏਹੁ ਹਮਾਰਾ ਜੀਵਣਾ'* ਨਾਵਲਾਂ ਵਿਚ ਨਿਮਨ ਕਿਸਾਨੀ ਜੀਵਨ ਦੇ ਬਹੁ ਪਸਾਰਾਂ ਦੀ ਪੇਸ਼ਕਾਰੀ ਕੀਤੀ ਹੈ। ਮੋਹਨ ਕਾਹਲੋਂ ਨੇ *'ਬੇੜੀ ਤੇ ਬਰੇਤਾ'* ਅਤੇ *'ਮੱਛਲੀ ਇੱਕ ਦਰਿਆ'* ਦੀ ਨਾਵਲਾਂ ਰਾਹੀਂ ਨਿਮਨ ਕਿਸਾਨੀ ਦੀਆਂ ਚਿੰਤਾ ਜਨਕ ਪਰਿਸਥਿਤੀਆਂ ਨੂੰ ਮੂਰਤੀਮਾਨ ਕੀਤੀ ਹੈ। ਰਾਮ ਸਰੂਪ ਅਣਖੀ ਨੇ *'ਸੁਲਗਦੀ ਰਾਤ'*, *'ਪਰਦਾ ਤੇ ਰੌਸ਼ਨੀ'*, *'ਜ਼ਖ਼ਮੀ ਅਤੀਤ'*, *'ਕੋਠੇ ਖੜਕ ਸਿੰਘ'*, *'ਦੁੱਲੇ ਦੀ ਢਾਬ'*, *'ਪਰਤਾਪੀ'* ਅਤੇ *'ਜ਼ਮੀਨਾਂ ਵਾਲੇ'* ਆਦਿ ਨਾਵਲਾਂ ਦੀ ਸਿਰਜਣਾ ਨਿਮਨ ਕਿਸਾਨੀ ਜੀਵਨ ਵਿਚਲੀਆਂ ਦੁਖਾਂਤਕ ਪਰਿਸਥਿਤੀਆਂ ਨੂੰ ਮੁੱਖ ਰੱਖਦਿਆਂ ਕੀਤੀ ਹੈ।

> ਗੁਰਪਾਲ ਸਿੰਘ ਸੰਧੂ ਦੇ ਅਨੁਸਾਰ, "ਅਣਖੀ ਆਮ ਤੌਰ 'ਤੇ ਇਕਹਿਰੇ ਬਿਰਤਾਂਤ ਦੀ ਸਿਰਜਣਾ ਕਰਨ ਵਾਲਾ ਅਤੇ ਮਲਵਈ ਆਂਚਲਿਕਤਾ ਦੀ ਲੀਹ ਨੂੰ ਗਾੜ੍ਹਾ ਕਰਨ ਵਾਲਾ ਲੇਖਕ ਹੈ। ਉਹ ਨਿਮਨ ਕਿਸਾਨੀ ਅਧੀਨ ਸ਼੍ਰੇਣੀਆਂ ਅਤੇ ਦਬਾਇਆ ਹੋਇਆ ਲੋਕਾਂ ਦਾ ਬਿਰਤਾਂਤ ਵਿਚ ਖ਼ਾਸ ਮੁਹਾਰਤ ਰੱਖਦਾ ਹੈ।" ("ਪੰਜਾਬੀ ਨਾਵਲ ਦਾ ਇਤਿਹਾਸ" 85)

ਬਲਦੇਵ ਸਿੰਘ ਨੇ *'ਦੂਸਰਾ ਹੀਰੋਸ਼ੀਆਂ', 'ਕੱਲਰੀ ਧਰਤੀ', 'ਅੰਨਦਾਤਾ'* ਅਤੇ *'ਖਾਕੂ ਜੇਡ ਨਾ ਕੋਇ'* ਨਾਵਲ ਜੋ ਕਿਸਾਨੀ ਜੀਵਨ ਦੀ ਤਰਜ਼ਮਾਨੀ ਕਰਦੇ ਹਨ ਪੰਜਾਬੀ ਸਾਹਿਤ ਦੀ ਝੋਲੀ ਪਾਏ ਹਨ।

> ਗੁਰਦੀਪ ਕੌਰ ਦੀ ਰਾਇ ਹੈ, "ਬਲਦੇਵ ਸਿੰਘ ਦਾ 2002 ਵਿਚ ਛਪਿਆ *ਅੰਨਦਾਤਾ* ਨਾਵਲ ਪੰਜਾਬ ਦੀ ਅਜੋਕੀ ਕਿਸਾਨੀ ਨੂੰ ਤਬਾਹੀ ਦੇ ਕਦਾਰ ਤੇ ਖੜ੍ਹੀ ਦਿਖਾਉਂਦਾ ਹੈ।" ( "ਪੰਜਾਬੀ ਨਾਵਲ ਅਤੇ ਕਿਸਾਨੀ ਜੀਵਨ" 79)

ਓਮ ਪ੍ਰਕਾਸ਼ ਗਾਸੋ ਨੇ *'ਮਿੱਟੀ ਦਾ ਮੁੱਲ'* ਨਾਵਲ ਵਿਚ ਕਿਸਾਨੀ ਜੀਵਨ ਦੀਆਂ ਆਰਥਿਕ ਅਤੇ ਸਮਾਜਿਕ ਸੰਕਟਮਈ ਪਰਿਸਥਿਤੀਆਂ ਦੀ ਪੇਸ਼ਕਾਰੀ ਕੀਤੀ ਹੈ। ਬਲਜੀਤ ਕੌਰ ਬੱਲੀ ਨੇ *'ਠਰੀ ਰਾਤ'* ਨਾਵਲ ਦੀ ਸਿਰਜਣਾ ਕੀਤੀ ਹੈ।

> ਗੁਰਪਾਲ ਸਿੰਘ ਸੰਧੂ ਦਾ ਲਿਖਣਾ ਹੈ, "ਨਾਵਲ *'ਠਰੀ ਰਾਤ'* ਕਾਫ਼ੀ ਜ਼ਿਆਦਾ ਸਲਾਹਿਆ ਗਿਆ ਹੈ। ਇਹ ਨਾਵਲ ਪੰਜਾਬ ਦੇ ਕਿਰਸਾਣੀ ਜੀਵਨ ਨਾਲ ਸਬੰਧਿਤ ਹੁੰਦਿਆਂ ਮਨੁੱਖੀ ਰਿਸ਼ਤਿਆਂ ਦੀ ਕਰੂਰਤਾ ਨੂੰ ਅਜੋਕੇ ਦੌਰ ਦੇ ਸਾਂਸਕ੍ਰਿਤਿਕ-ਆਰਥਿਕ ਸੰਦਰਭਾਂ" ("ਪੰਜਾਬੀ ਨਾਵਲ ਦਾ ਇਤਿਹਾਸ" 82) ਵਿਚ ਪੇਸ਼ ਕਰਦਾ ਹੈ।

ਇਸ ਤੋਂ ਇਲਾਵਾ ਬੂਟਾ ਸਿੰਘ ਸ਼ਾਦ ਨੇ *'ਅੱਧੀ ਰਾਤ ਪਹਿਰ ਦਾ ਤੜਕਾ'* ਨਿਮਨ ਕਿਸਾਨੀ ਜੀਵਨ ਵਿਚਲੇ ਦੁੱਖਾਂ ਦਰਦਾਂ ਨੂੰ ਨਾਵਲੀ ਰੂਪ ਦਿੱਤਾ ਹੈ। ਰਾਜ ਕੁਮਾਰ ਗਰਗ ਨੇ ਨਾਵਲ *'ਜੱਟ ਦੀ ਜੂਨ'* ਰਾਹੀਂ ਪੇਂਡੂ ਕਿਸਾਨੀ ਜੀਵਨ ਦੇ ਵੱਖਰੇ ਵੱਖਰੇ ਪਸਾਰਾਂ ਦੀ ਪੇਸ਼ਕਾਰੀ ਕੀਤੀ ਹੈ। ਬਲਬੀਰ ਸਿੰਘ ਸੰਧੂ ਨਾਵਲ *'ਧੂੜ ਉੱਡਦੀ ਰਹੀ'* ਵਿਚ ਪੰਜਾਬ ਦੇ ਮੱਧ ਵਰਗੀ ਕਿਸਾਨੀ ਜੀਵਨ, ਕਦਰਾਂ ਕੀਮਤਾਂ ਨੂੰ ਬਿਆਨ ਕੀਤਾ ਹੈ। ਜਸਬੀਰ ਮੰਡ ਨੇ *'ਔੜ ਦੇ ਬੀਜ'* ਨਾਵਲ ਦੀ ਸਿਰਜਣਾ ਕੀਤੀ ਹੈ। ਜਸਦੇਵ ਧਾਰੀਵਾਲ ਨੇ *'ਕਾਲੇ ਦਿਨ'* ਨਾਵਲ ਦੀ ਸਿਰਜਣਾ ਜਾਗੀਰੂ ਸਭਿਆਚਾਰ ਦੇ ਨਾਲ-ਨਾਲ ਕਿਸਾਨੀ ਜੀਵਨ ਨੂੰ ਰੂਪਮਾਨ ਕੀਤਾ ਹੈ। ਬਲਵੰਤ ਸਿੰਘ ਨੇ *'ਸੂਲੀ ਦੀ ਛਾਲ', 'ਮਾਰੂਥਲ'* ਅਤੇ *'ਨਿਧਾਨ ਸਾਧ'* ਨਾਵਲਾਂ ਵਿਚ ਨਿਮਨ ਕਿਸਾਨੀ ਜੀਵਨ ਦੇ ਮੂਲ ਸਰੋਕਾਰਾਂ ਦੀ ਪੇਸ਼ਕਾਰੀ ਕੀਤੀ ਹੈ।

> ਬਲਵੰਤ ਸਿੰਘ, "ਨਾਵਲ ਛੋਟੀ ਕਿਸਾਨੀ ਜਾਂ ਗ਼ਰੀਬ ਕਿਸਾਨੀ ਦੇ ਮਨੋਸਰੀਰਕ ਯਥਾਰਥ ਦਾ ਖ਼ੂਬਸੂਰਤ ਚਿਤਰਨ ਕਰਨ ਵਾਲਾ ਨਾਵਲਕਾਰ ਹੋ ਨਿੱਬੜਦਾ ਹੈ।" (ਸੰਧੂ, "ਪੰਜਾਬੀ ਨਾਵਲ ਦਾ ਇਤਿਹਾਸ" 108)

ਨਾਵਲਕਾਰ ਇੰਦਰ ਸਿੰਘ ਖ਼ਾਮੋਸ਼ ਨੇ *'ਬੁੱਕਲ ਦਾ ਰਿਸ਼ਤਾ'* ਅਤੇ *'ਇੱਕ ਤਾਜ ਮਹਿਲ ਹੋਰ'* ਨਾਵਲਾਂ ਦੀ ਸਿਰਜਣਾ ਨਿਮਨ ਕਿਸਾਨੀ ਦੀਆਂ ਸਮੱਸਿਆਵਾਂ ਨੂੰ ਮੁੱਖ ਰੱਖਦੇ ਹੋਏ ਕੀਤੀ ਹੈ। ਅਵਤਾਰ ਬਿਲਿੰਗ ਜੋ ਸਮਕਾਲੀ ਦੌਰ ਦਾ ਨਾਵਲਕਾਰ ਹੈ, ਇਸ ਨੇ *'ਨਿਰੰਜਣ ਮਸ਼ਾਲਚੀ'*, *'ਖੇੜੇ ਸੁੱਖ ਵਿਹੜੇ ਸੁੱਖ'*, *'ਪੱਤ ਕੁਮਲਾ ਗਏ'*, *'ਦੀਵੇ ਜਗਦੇ ਰਹਿਣਗੇ'* ਅਤੇ *'ਖ਼ਾਲੀ ਖੂਹਾਂ ਦੀ ਕਥਾ'* ਨਾਵਲਾਂ ਵਿਚ ਨਿਮਨ ਕਿਸਾਨੀ ਜੀਵਨ ਦੀ ਤ੍ਰਾਸਦੀ ਨੂੰ ਅਭਿਵਿਅਕਤ ਕੀਤਾ ਹੈ। ਜਗਰੂਪ ਬੜਿੰਗ ਨੇ *'ਕਾਨਿਆਂ ਵਾਲਾ ਰਾਹ'* ਅਤੇ *'ਰਿਸ਼ਤਿਆਂ ਦੀ ਸਾਰ'* ਨਾਵਲਾਂ ਵਿਚ ਨਿਮਨ ਕਿਸਾਨੀ ਜੀਵਨ ਨੂੰ ਨਿਘਾਰ ਵੱਲ ਲੈ ਕੇ ਜਾਂਦੀਆਂ ਪਰਿਸਥਿਤੀਆਂ ਨੂੰ ਦ੍ਰਿਸ਼ਟੀਮਾਨ ਕੀਤਾ ਹੈ। ਰਾਜਿੰਦਰ ਬਿਬਰਾ ਨੇ *'ਸਾਂਝ ਪਰੇ'* ਅਤੇ *'ਰਿਸ਼ਤੇ'* ਅਤੇ ਬਲਜਿੰਦਰ ਨਸਰਾਲੀ ਨੇ *'ਹਾਰੇ ਦੀ ਅੱਗ'* ਅਤੇ *'ਵੀਹਵੀਂ ਸਦੀ ਦੀ ਆਖ਼ਰੀ ਕਥਾ'* ਨਾਵਲ ਦੀ ਸਿਰਜਣਾ ਨਿਮਨ ਕਿਸਾਨੀ ਸੰਕਟ ਨੂੰ ਮੁੱਖ ਰੱਖਦਿਆਂ ਕੀਤੀ ਹੈ। ਯਾਦਵਿੰਦਰ ਸਿੰਘ ਨੇ *'ਚੜ੍ਹਦੇ ਲਹਿੰਦੇ'* ਅਤੇ *'ਰਿਸ਼ਤੇ ਨਾਤੇ'* ਨਾਵਲ ਕਿਸਾਨੀ ਦ੍ਰਿਸ਼ਟੀ ਤੋਂ ਸਿਰਜਣਾ ਕਰ ਕੇ ਪੰਜਾਬੀ ਸਾਹਿਤ ਦੀ ਝੋਲੀ ਪਾਏ ਹਨ। ਹਰਜੀਤ ਸਿੰਘ ਨੇ *'ਵੰਗਾਰ ਦੀ ਅਣਖ'*, *'ਉੱਜੜਿਆ ਦੇ ਹਾਣੀ'* ਅਤੇ *'ਜ਼ਿੰਦਗੀ ਮੌਤ ਕਲਾਵੇ'* ਨਾਵਲਾਂ ਵਿਚ ਨਿਮਨ ਕਿਸਾਨੀ ਜੀਵਨ ਅਤੇ ਪੇਂਡੂ ਭਾਈਚਾਰਕ ਸਾਂਝ ਦੀਆਂ ਸਮੱਸਿਆਵਾਂ ਦੀ ਪੇਸ਼ਕਾਰੀ ਕੀਤੀ ਹੈ। ਨਾਵਲਕਾਰ ਨਛੱਤਰ ਨੇ *'ਨਿੱਕੇ ਨਿੱਕੇ ਅਸਮਾਨ'* ਨਾਵਲ ਵਿਚ ਕਿਸਾਨੀ ਜੀਵਨ ਵਿਚਲੇ ਦੁਖਾਂਤ ਦੀ ਸਫਲ ਪੇਸ਼ਕਾਰੀ ਕੀਤੀ ਹੈ। ਬਲਬੀਰ ਪਰਵਾਨਾ ਨੇ *'ਗਹਿਰ ਚੜ੍ਹੀ ਆਸਮਾਨ'*, *'ਨਿੱਕੇ ਨਿੱਕੇ ਯੁੱਧ'*, *'ਆਪਣੇ ਆਪਣੇ ਮੋਰਚੇ'*, *'ਕਥਾ ਇਸ ਯੁੱਗ ਦੀ'*, *'ਅੰਬਰ ਵੱਲ ਉਡਾਣ'*, *'ਖੇਤਾਂ ਦਾ ਰੁਦਨ'* ਨਾਵਲਾਂ ਦੀ ਸਿਰਜਣਾ ਕੀਤੀ ਹੈ। ਪਰਵਾਨਾ ਨੇ ਇਨ੍ਹਾਂ ਨਾਵਲਾਂ ਰਾਹੀਂ ਨਿਮਨ ਕਿਸਾਨੀ ਜੀਵਨ ਉੱਪਰ ਪਏ ਪੂੰਜੀਵਾਦੀ ਕਾਰਪੋਰੇਟ ਮਾਡਲ ਦੇ ਕੋਝੇ ਵਰਤਾਰੇ ਕਾਰਨ ਉਪਜੇ ਸੰਕਟ/ਤ੍ਰਾਸਦੀ ਨੂੰ ਦ੍ਰਿਸ਼ਟੀਮਾਨ ਕੀਤਾ ਹੈ।

ਪੰਜਾਬੀ ਨਾਵਲਕਾਰਾਂ ਨੇ ਨਿਮਨ ਕਿਸਾਨੀ ਜੀਵਨ ਵਿਚਲੀਆਂ ਸਮੱਸਿਆਵਾਂ, ਸੰਕਟ, ਤ੍ਰਾਸਦੀ ਨੂੰ ਅਹਿਮ ਵਿਸ਼ਾ ਬਣਾਇਆ ਹੈ। ਕਿਸਾਨੀ ਜੀਵਨ ਦੇ ਵਿਭਿੰਨ-ਵਿਭਿੰਨ ਪਸਾਰਾਂ ਨੂੰ ਚਿਤਰਨ ਵਿਚ ਰੁਚੀ ਦਿਖਾਈ ਹੈ। ਇੱਥੇ ਇਹ ਗੱਲ ਸਾਫ਼ ਦਿਖਾਈ ਦਿੰਦੀ ਹੈ ਕਿ,

> "ਉਨ੍ਹੀਵੀਂ ਸਦੀ ਦੇ ਅਖ਼ੀਰ ਅਤੇ ਵੀਹਵੀਂ ਸਦੀ ਦੇ ਸ਼ੁਰੂ ਤੋਂ ਭਾਰਤ ਵਿੱਚ ਫਿਊਡਲ ਰਾਜ ਸਥਾਪਤ ਸੀ ਅਤੇ ਪੂੰਜੀਵਾਦੀ ਰਿਸ਼ਤੇ ਨਾਤੇ ਉਸਰ ਰਹੇ ਹਨ। ਇਸ ਕਰ ਕੇ ਵਿਚਾਰ ਪ੍ਰਬੰਧ ਤੋਂ ਭਾਵ ਸੰਸਕਾਰਾਂ ਦੀ ਪ੍ਰਕ੍ਰਿਤੀ ਫਿਊਡਲ-ਭਾਵ ਵਾਲੀ ਹੀ ਸੀ। ਇਸ ਫਿਊਡਲ ਭਾਵ ਤੋਂ ਸਾਡੇ ਸਾਹਿਤਕਾਰ ਅੱਜ ਤੱਕ ਵੀ ਵਿਮੁਕਤ ਨਹੀਂ ਹੋ ਸਕੇ।" (ਨਹਿਰੂ, "ਸੰਤ ਸਿੰਘ ਸੇਖੋਂ ਦੀ ਨਾਵਲ ਕਲਾ" 21)

ਨਾਨਕ ਸਿੰਘ ਦੇ ਦੌਰ ਤੋਂ ਕਿਸਾਨੀ ਜੀਵਨ ਦੀਆਂ ਦੁਖਾਂਤਕ ਪਰਿਸਥਿਤੀਆਂ ਨੂੰ ਆਧਾਰ ਬਣਾ ਕੇ ਨਾਵਲੀ ਸਿਰਜਣਾ ਕੀਤੀ ਜਾ ਰਹੀ ਹੈ। ਭਾਵੇਂ ਕਿ ਨਾਨਕ ਸਿੰਘ ਦੇ ਸਮਕਾਲੀ ਨਾਵਲਕਾਰਾਂ ਨੇ ਨਿਮਨ ਕਿਸਾਨੀ ਜੀਵਨ ਦੀਆਂ ਪਰਿਸਥਿਤੀਆਂ ਦਾ ਬਿਆਨ ਕੀਤਾ ਹੈ। ਅਗਲੇ ਦੌਰ ਦੇ ਨਾਵਲਕਾਰ ਨਿਮਨ ਕਿਸਾਨੀ ਜੀਵਨ ਦੀਆਂ ਸਮੱਸਿਆਵਾਂ,

ਦੁਖਾਂਤ, ਸੰਕਟ ਨੂੰ ਰੂਪਮਾਨ ਕੀਤਾ ਹੈ। ਸਮਾਂ ਬਦਲਣ ਨਾਲ ਨਿਮਨ ਕਿਸਾਨੀ ਵਰਗ ਘੋਰ ਨਿਰਾਸ਼ਾ ਵਾਲਾ ਜੀਵਨ ਬਿਤਾ ਰਿਹਾ ਹੈ। ਕਿਸਾਨੀ ਜੀਵਨ ਆਰਥਿਕ, ਸਮਾਜਿਕ, ਮਾਨਸਿਕ ਅਤੇ ਸਭਿਆਚਾਰਕ ਪੱਖੋਂ ਸੰਤਾਪ ਹੰਢਾ ਰਿਹਾ ਹੈ। ਪੂੰਜੀਵਾਦੀ ਕਾਰਪੋਰੇਟ ਮਾਡਲ ਨੇ ਨਿਮਨ ਕਿਸਾਨੀ ਨੂੰ ਜੜ੍ਹੋਂ ਹਿਲਾ ਕੇ ਰੱਖ ਦਿੱਤਾ ਹੈ। ਭਾਵੇਂ ਕਿ ਹਰੀ ਕ੍ਰਾਂਤੀ ਨੇ ਪੈਦਾਵਾਰ ਵਿਚ ਵਾਧਾ ਕੀਤਾ ਪਰ ਕੁੱਝ ਸਮੇਂ ਬਾਅਦ ਇਸ ਦੇ ਸਿੱਟੇ ਨਿਰਾਸ਼ਾ ਜਨਕ ਰਹੇ। ਜਿਸ ਕਾਰਨ ਨਿਮਨ ਕਿਸਾਨੀ ਜੀਵਨ ਖ਼ੁਦਕੁਸ਼ੀਆਂ ਵਰਗੇ ਰਸਤੇ ਨੂੰ ਅਪਣਾ ਰਿਹਾ ਹੈ। ਨਿਮਨ ਕਿਸਾਨ ਬਿਮਾਰ ਮਾਨਸਿਕਤਾ ਵਾਲੀ ਜ਼ਿੰਦਗੀ ਗੁਜ਼ਾਰ ਰਿਹਾ ਹੈ। ਇਨ੍ਹਾਂ ਚਿੰਤਾ ਜਨਕ ਪਰਿਸਥਿਤੀਆਂ ਨੂੰ ਆਧਾਰ ਬਣਾ ਕੇ ਬਹੁਤ ਸਾਰੇ ਸਮਕਾਲੀ ਨਾਵਲਕਾਰਾਂ ਨੇ ਨਾਵਲਾਂ ਦੀ ਸਿਰਜਣਾ ਕੀਤੀ ਹੈ।

## 1.11 ਨਾਵਲਕਾਰ ਬਲਬੀਰ ਪਰਵਾਨਾ ਦਾ ਜੀਵਨ ਅਤੇ ਸਾਹਿਤਕ ਸਫ਼ਰ

ਹਥਲੇ ਖੋਜ ਕਾਰਜ ਦਾ ਵਿਸ਼ਾ ਬਲਬੀਰ ਪਰਵਾਨਾ ਦੇ ਨਾਵਲਾਂ 'ਚ ਪ੍ਰਸਤੁਤ ਕਿਸਾਨੀ ਸੰਕਟ ਦਾ ਕਿਸਾਨੀ ਸਮਾਜ 'ਤੇ ਪ੍ਰਭਾਵ ਨਾਲ ਹੀ ਸਬੰਧਿਤ ਹੈ। ਇਸ ਖੇਤਰ ਨੂੰ ਸੀਮਿਤ ਅਤੇ ਸਪਸ਼ੱਟ ਕਰਨ ਲਈ ਇਹ ਖੋਜ ਬਲਬੀਰ ਪਰਵਾਨਾ ਦੁਆਰਾ ਰਚਿਤ ਨਾਵਲਾਂ ਦੇ ਵਿਸ਼ੇਸ਼ ਸੰਦਰਭ ਵਿੱਚ ਰੱਖ ਕੇ ਕੀਤੀ ਜਾਵੇਗੀ। ਇਸ ਲਈ ਨਾਵਲਕਾਰ ਬਲਬੀਰ ਪਰਵਾਨਾ ਦੇ ਜੀਵਨ ਅਤੇ ਸਾਹਿਤਕ ਸਫ਼ਰ ਉੱਪਰ ਪੰਛੀ ਝਾਤ ਮਾਰਨੀ ਲਾਹੇਵੰਦ ਰਹੇਗੀ।

ਇੱਕ ਸਨਮਾਨਿਤ ਸ਼ਖ਼ਸੀਅਤ ਜੋ ਸਾਹਿਤਕਾਰ ਅਤੇ ਕਿੱਤੇ ਵਜੋਂ ਪੱਤਰਕਾਰ ਹੈ। ਜਿਸ ਨੇ ਪੰਜਾਬੀ ਸਾਹਿਤ ਦੀ ਝੋਲੀ ਬਹੁਤ ਸਾਰੀਆਂ ਸਾਹਿਤਕ ਰਚਨਾਵਾਂ ਪਾਈਆਂ ਹਨ ਉਹ ਹੈ ਬਲਬੀਰ ਪਰਵਾਨਾ ਜੋ ਕਿ ਬਹੁ ਵਿਧਾਈ ਲੇਖਕ, ਸਾਹਿਤ ਸੰਪਾਦਕ, ਅਨੁਵਾਦਕ ਅਤੇ ਖੋਜ ਕਰਤਾ ਹੈ। ਬਲਬੀਰ ਪਰਵਾਨਾ ਦੀਆਂ ਸਾਹਿਤਕ ਕਿਰਤਾਂ ਸਿਆਸੀ-ਸਮਾਜਿਕ ਸਰੋਕਾਰਾਂ ਨਾਲ ਸੰਬੰਧਿਤ ਹੋਣ ਦੇ ਨਾਲ-ਨਾਲ ਮਾਨਵੀ ਮਨ ਦੀਆਂ ਗੰਢਾਂ ਖੋਲ੍ਹਣ ਵਾਲੀਆਂ ਹੁੰਦੀਆਂ ਹਨ। ਉਨ੍ਹਾਂ ਦੀਆਂ ਰਚਨਾਵਾਂ 'ਚ ਨਿਮਨ ਕਿਸਾਨੀ ਵਰਗ ਅਤੇ ਸਮਾਜ ਵਿਚਲੇ ਕੋਝੇ ਯਥਾਰਥ ਪਿਛਲੇ ਸੱਚ ਦੀ ਪੇਸ਼ਕਾਰੀ ਕਰਦੀਆਂ ਹਨ।

ਬਲਬੀਰ ਪਰਵਾਨਾ ਦਾ ਜਨਮ 7 ਜੁਲਾਈ 1955 ਈ. ਵਿਚ ਹੋਇਆ। ਉਨ੍ਹਾਂ ਦੀ ਮਾਤਾ ਦਾ ਨਾਮ ਸੀਤੋ ਅਤੇ ਪਿਤਾ ਦਾ ਨਾਮ ਸਰਦਾਰ ਧਰਮ ਸਿੰਘ। ਉਨ੍ਹਾਂ ਦਾ ਬਚਪਨ ਮੁਕੇਰੀਆਂ ਤਹਿਸੀਲ ਦੇ ਛੋਟੇ ਅਜਿਹੇ ਪਿੰਡ ਚਨੌਰ, ਬਿਆਸ ਦਰਿਆ ਤੋਂ ਢਾਈ-ਤਿੰਨ ਕਿੱਲੋਮੀਟਰ ਦੀ ਦੂਰੀ ਉੱਪਰ ਸਥਿਤ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਬੀਤਿਆ। ਉਸ ਦਾ ਪਿੰਡ ਆਰਥਿਕ ਅਤੇ ਸਿੱਖਿਆ ਪੱਖੋਂ ਬਹੁਤ ਹੀ ਪਛੜਿਆ ਹੋਇਆ ਹੈ। ਪਿੰਡ ਦੇ ਬਹੁਤੇ ਲੋਕ ਸਿੱਖਿਆ ਤੋਂ ਵਾਂਝੇ ਹਨ। ਬਲਬੀਰ ਪਰਵਾਨਾ ਦੇ ਮਾਤਾ ਪਿਤਾ ਦੋਨੋਂ ਹੀ ਅਨਪੜ੍ਹ ਸਨ। ਉਹ ਤਿੰਨ ਭੈਣਾਂ ਦਾ ਇਕੱਲਾ ਭਰਾ ਹੈ। ਪਰਿਵਾਰ ਦੇ ਸਾਰੇ ਮੈਂਬਰਾਂ ਵਿਚੋਂ ਕੇਵਲ ਬਲਬੀਰ ਪਰਵਾਨਾ ਨੇ ਹੀ ਸਿੱਖਿਆ ਪ੍ਰਾਪਤ ਕੀਤੀ। ਜਦੋਂ ਪਰਵਾਨਾ ਸਿਰਫ਼ ਸਾਢੇ ਦਸ ਸਾਲਾਂ ਦਾ ਹੀ ਸੀ ਜਨਵਰੀ 1966 'ਚ ਮਾਤਾ ਸੀਤੋ ਸੁਰਗਵਾਸ ਹੋ ਗਏ। ਇਸ ਦੌਰਾਨ ਉਨ੍ਹਾਂ ਦਾ ਪਾਲਨ ਪੋਸ਼ਣ ਦਾਦਾ ਦਾਦੀ ਨੇ ਕੀਤਾ। ਉਨ੍ਹਾਂ ਮੁਲਾਕਾਤ ਸਮੇਂ ਦੱਸਿਆ ਕਿ ਮਾਂ ਦੇ ਸੁਰਗਵਾਸ ਹੋਣ ਪਿੱਛੋਂ ਤਿੰਨਾਂ ਭੈਣਾਂ ਅਤੇ ਉਸ ਨੂੰ ਦਾਦਾ ਦਾਦੀ ਨੇ ਪਲਿਆ। ਜਦੋਂ ਉਨ੍ਹਾਂ

ਦੀ ਦਾਦੀ ਬਜ਼ੁਰਗ ਹੋ ਗਏ ਉਸ ਸਮੇਂ ਵੱਡੀ ਭੈਣ ਰੋਟੀ ਦਾ ਆਹਰ ਕਰਨ ਲੱਗੀ। ਪਰਵਾਨਾ ਦਾ ਪਿੰਡ ਬਿਆਸ ਦਰਿਆ ਦੇ ਨੇੜੇ ਤੇੜੇ ਹੋਣ ਕਾਰਨ ਬਚਪਨ ਇਨ੍ਹਾਂ ਕੂਲ੍ਹਾਂ, ਟੋਭਿਆਂ 'ਚ ਨਹਾਉਂਦਿਆ ਹੋਇਆ ਬੀਤਿਆ। ਪਿੰਡ ਚਨੌਰ ਦੀਆਂ ਗਲੀਆਂ ਵਿਚ ਆਪਣੇ ਬਚਪਨ ਦੇ ਸਾਥੀਆਂ ਨਾਲ ਗੁੱਲੀ ਡੰਡਾ ਅਤੇ ਭੰਡਾ ਭੰਡਾਰੀਆਂ ਵਰਗੀਆਂ ਖੇਡਾਂ ਖੇਡਦਿਆਂ ਬੀਤਿਆ। ਬਚਪਨ ਵਿਚ ਕਦੀ ਬੇਰ, ਅੰਬ, ਖ਼ਰਬੂਜ਼ੇ ਚੋਰੀ ਕਰ ਕੇ ਖਾਣ ਵਰਗੀਆਂ ਸ਼ਰਾਰਤਾਂ ਕਰਦੇ ਸਨ। ਪਰਵਾਨਾ ਦਾ ਬਚਪਨ ਵਧੇਰੇ ਆਨੰਦਮਈ ਨਾ ਰਿਹਾ ਕਿਉਂਕਿ ਬਚਪਨ ਵਿਚ ਹੀ ਮਾਤਾ ਦੀ ਮੌਤ ਹੋਣ ਕਰ ਕੇ ਸਾਰਾ ਜੀਵਨ ਸਮੱਸਿਆਵਾਂ ਨਾਲ ਭਰ ਗਿਆ। ਉਨ੍ਹਾਂ ਦਾ ਪਰਿਵਾਰਕ ਪਿਛੋਕੜ ਨਿਮਨ ਕਿਸਾਨੀ ਨਾਲ ਸੰਬੰਧਿਤ ਹੈ। ਬਲਬੀਰ ਪਰਵਾਨਾ ਨੇ ਮੁੱਢਲੀ ਸਿੱਖਿਆ ਪਿੰਡ ਚਨੌਰ ਦੇ ਸਕੂਲ 'ਚੋਂ ਪ੍ਰਾਪਤ ਕੀਤੀ। ਸਕੂਲ ਪੜ੍ਹਨ ਸਮੇਂ ਤੋਂ ਹੀ ਸਾਹਿਤ ਪੜ੍ਹਨ ਵੱਲ ਰੁਚਿਤ ਸਨ। ਪਿੰਡ ਚਨੌਰ ਦੇ ਸਕੂਲ ਦੀ ਲਾਇਬ੍ਰੇਰੀ ਚੋਂ ਬਹੁਤ ਸਾਰੀਆਂ ਪੁਸਤਕਾਂ ਲੈ ਕੇ ਪੜ੍ਹੀਆਂ। ਉਨ੍ਹਾਂ ਨੇ ਬੀ.ਏ. ਐੱਸ.ਪੀ.ਐਨ. ਕਾਲਜ ਮੁਕੇਰੀਆਂ ਤੋਂ ਕੀਤੀ। ਇਸ ਸਮੇਂ ਦੌਰਾਨ ਪਰਵਾਨਾ ਦੀ ਆਪਣੇ ਪਿਤਾ ਨਾਲ ਤਕਰਾਰ ਇੰਨੀ ਵੱਧ ਗਈ ਕਿ ਪਿਤਾ ਨੇ ਕਾਲਜ ਫ਼ੀਸ ਦੇਣ ਤੋਂ ਇਨਕਾਰ ਕਰ ਦਿੱਤਾ। ਇਸੇ ਤਕਰਾਰ ਦੇ ਚੱਲਦਿਆਂ ਪਰਵਾਨਾ ਕਮਿਊਨਿਸਟ ਲਹਿਰ ਨਾਲ ਜੁੜ ਗਏ ਸਨ। ਕੁੱਝ ਸਮਾਂ ਲਹਿਰ ਲਈ ਸਰਗਰਮ ਰਹਿਣ ਤੋਂ ਬਆਦ ਬਲਬੀਰ ਪਰਵਾਨਾ ਨੇ ਪੱਤਰਕਾਰੀ ਦਾ ਕਿੱਤਾ ਆਪਣਾ ਲਿਆ ਹੈ। ਉਹ 1981-1983 ਈ. ਤੱਕ ਲੋਕ ਲਹਿਰ ਵਿਚ ਸਬ-ਐਡੀਟਰ ਰਹੇ ਅਤੇ ਮਈ 1989 ਈ. ਤੋਂ ਰੋਜ਼ਾਨਾ ਨਵਾਂ ਜ਼ਮਾਨਾ, ਜਲੰਧਰ ਵਿਚ ਸਾਹਿਤਕ ਰਸਾਲੇ ਐਤਵਾਰਤਾ ਦੇ ਸੰਪਾਦਨ ਵਜੋਂ ਆਪਣੀ ਭੂਮਿਕਾ ਨਿਭਾ ਰਹੇ ਹਨ। ਬਲਬੀਰ ਪਰਵਾਨਾ ਦਾ ਵਿਆਹ ਦਲਜਿੰਦਰ ਕੌਰ ਨਾਲ ਹੋਇਆ। ਉਨ੍ਹਾਂ ਦੀ ਪਤਨੀ ਅੱਜ-ਕੱਲ੍ਹ ਜਲੰਧਰ ਵਿਖੇ ਨੌਕਰੀ ਕਰ ਰਹੀ ਹੈ। ਉਨ੍ਹਾਂ ਦਾ ਇੱਕ ਬੇਟਾ ਜਿਸ ਦਾ ਨਾਮ ਸਾਹਿਜ ਹੈ ਅਤੇ ਜਲੰਧਰ ਵਿਖੇ ਕਮਰਸ਼ੀਅਲ ਆਰਟਸ ਦੀ ਡਿਗਰੀ ਕਰ ਰਿਹਾ ਹੈ। ਪਰਵਾਨਾ ਇਸ ਸਮੇਂ ਆਪਣੇ ਪਰਿਵਾਰ ਨਾਲ ਜਲੰਧਰ ਵਿਖੇ ਖ਼ੁਸ਼ੀ-ਖ਼ੁਸ਼ੀ ਰਹਿ ਰਹੇ ਹਨ।

## ਬਲਬੀਰ ਪਰਵਾਨਾ ਦਾ ਸਾਹਿਤਕ ਸਫ਼ਰ:

### ਨਾਵਲ:

- *ਨਿੱਕੇ ਨਿੱਕੇ ਯੁੱਧ* (2008)
- *ਆਪਣੇ ਆਪਣੇ ਮੋਰਚੇ* (2009)
- *ਗਹਿਰ ਚੜ੍ਹੀ ਆਸਮਾਨ* (2010)
- *ਕਥਾ ਇਸ ਯੁੱਗ ਦੀ* (2011)

- *ਅੰਬਰ ਵੱਲ ਉਡਾਣ* (2012)
- *ਖੇਤਾਂ ਦਾ ਰੁਦਨ* (2013)
- *ਬਹੁਤ ਸਾਰੇ ਚੁਰੱਸਤੇ* (2014)

**ਕਹਾਣੀ-ਸੰਗ੍ਰਹਿ:**

- *ਗਾਥਾ ਇੱਕ ਪਿੰਡ ਦੀ* (1996)
- *ਧੂੰਆਂ* (2004)
- *ਅਚਾਨਕ ਸਾਹਮਣੇ* (2007)

**ਨਾਵਲੈੱਟ-ਸੰਗ੍ਰਹਿ:**

- *ਜੰਗ ਜਾਰੀ ਹੈ* (1982)
- *ਜੰਗਲ ਕਦੀ ਸੌਂਦਾ ਨਹੀਂ* (1996)
- *ਬੇਗਾਨੇ ਪਿੰਡ ਦੀ ਜੂਹ* (1998)
- *ਭੂਰਿਆਂ ਵਾਲੇ* (2000)

**ਕਾਵਿ-ਸੰਗ੍ਰਹਿ:**

- *ਉਨ੍ਹਾਂ ਨੇ ਆਖਿਆ ਸੀ* (1984)
- *ਧੁੱਪ ਦੀਆਂ ਪੈੜਾਂ* (1988)
- *ਪਲਕਾਂ 'ਚ ਤੈਰਦੇ ਪਲ* (1992)
- *ਇਤਨਾ ਤੋਂ ਪਹਿਲਾ* (1997)

- *ਵਰਜਣਾ ਤੋਂ ਪਾਰ* (2002)
- *ਵਾ-ਵਰੋਲਿਆਂ 'ਚ ਘਿਰੀ ਹੋਂਦ* (2006)

**ਮੁਲਾਕਾਤਾਂ:**

- *ਕਲਾ, ਜ਼ਿੰਦਗੀ ਤੇ ਨਕਸਲੀ ਸਰੋਕਾਰ* (2004)

**ਮਿੰਨੀ-ਕਹਾਣੀਆਂ:**

- *ਜ਼ਮੀਨ ਤੇ ਜਵਾਨੀ* (1996)

**ਖੋਜ-ਕਾਰਜ:**

- *ਪੰਜਾਬ ਦੀ ਨਕਸਲਬਾੜੀ ਲਹਿਰ* (2006)

**ਸੰਪਾਦਿਤ:**

- *ਸ਼ਹੀਦ ਭਗਤ ਸਿੰਘ ਵਿਚਾਰਧਾਰਾ*
- *ਲਿਖਤਾਂ ਗ਼ਦਰੀ ਬਾਬਾ ਜਵਾਲਾ ਸਿੰਘ*
- *ਨਵੇਂ ਦਿਸਹੱਦਿਆਂ ਦੀ ਤਲਾਸ਼*
- *ਜਾਗਦੇ ਸ਼ਬਦ*
- *ਨਕਸਲੀ ਯੋਧਾ* (ਸੁਖਦਰਸ਼ਨ ਨੱਤ ਨਾਲ)
- *ਪਾਸ਼ ਪਾਸ਼ ਤੇ ਪਾਸ਼*
- *ਰੂਬਰੂ ਹਾਸ਼ਮੀ*
- *ਦਸਤਾਵੇਜ਼*

- *ਕਾਰਪੋਰੇਟ ਵਿਕਾਸ ਮਾਡਲ ਤੇ ਖਪਤ ਸਭਿਆਚਾਰ*

**ਅਨੁਵਾਦ:**

- *ਰਾਜੇਦਰ ਯਾਦਵ ਦੀਆਂ ਚੋਣਵੀਆਂ ਕਹਾਣੀਆਂ*
- *ਤਪਦੇ ਦਿਨ ਲੰਮੀਆਂ ਰਾਤਾਂ* (ਅਫ਼ਰੀਕੀ ਕਹਾਣੀਆਂ)
- *ਮੈਥਿਲੀ ਕਥਾ ਝਰੋਖਾ*
- *ਸਮਕਾਲੀ ਗੁਜਰਾਤੀ ਕਹਾਣੀਆਂ*
- *ਰਵੀ ਕਹਾਣੀਆਂ*
- *ਨਕਸਲਬਾੜੀ ਕਹਾਣੀਆਂ*
- *ਯੁੱਧ ਦਾ ਗੀਤ।*

, , , , ,

# ਅਧਿਆਇ ਦੂਜਾ

## ਕਿਸਾਨੀ ਸਮਾਜ ਅਤੇ ਪੰਜਾਬੀ ਕਿਸਾਨੀ ਸਮਾਜ 'ਚ ਖੇਤੀ ਪ੍ਰਬੰਧ ਦਾ ਨਿਕਾਸ ਤੇ ਵਿਕਾਸ:

## 2.1 ਪੰਜਾਬੀ ਜਨ-ਜੀਵਨ ਅਤੇ ਕਿਸਾਨੀ ਸਮਾਜ

ਪ੍ਰਕਿਰਤੀ 'ਚ ਮਿਲਣ ਵਾਲੇ ਸਾਰੇ ਜੀਵਾਂ 'ਚੋਂ ਮਨੁੱਖ ਹੀ ਇੱਕ ਅਜਿਹਾ ਪ੍ਰਾਣੀ ਹੈ ਜਿਹੜਾ ਉਤਪਾਦਨ ਕਰਨ ਦੀ ਸ਼ਕਤੀ ਰੱਖਦਾ ਹੈ। ਜਦਕਿ ਬਾਕੀ ਦੇ ਸਾਰੇ ਜੀਵਾਂ ਵਿਚ ਸੰਸਾਰ ਉਤਪਾਦਨ ਦੀ ਅਜਿਹੀ ਸਮਰੱਥਾ ਨਹੀਂ ਹੈ। ਮਨੁੱਖ ਇੱਕ ਲੰਬੇ ਇਤਿਹਾਸਕ ਕਾਲ ਖੰਡ ਦੀ ਵਿਕਾਸ ਯਾਤਰਾ ਤੋਂ ਮਗਰੋਂ ਹੀ ਉਤਪਾਦਕ ਪ੍ਰਾਣੀ ਬਣਿਆ ਹੈ। ਉਤਪਾਦਕ ਪ੍ਰਾਣੀ ਬਣਨ ਦੀ ਇਸ ਪ੍ਰਕਿਰਿਆ ਦੌਰਾਨ ਮਨੁੱਖ ਨੂੰ ਅਜਿਹੇ ਪ੍ਰਬੰਧ ਦੀ ਲੋੜ ਸੀ ਜੋ ਉਸ ਦੀਆਂ ਜਨਮ ਜਾਤ ਸ਼ਕਤੀਆਂ ਦਾ ਸਮਾਜੀਕਰਨ ਕਰ ਸਕਦਾ ਹੋਵੇ। ਅਜਿਹੇ ਪ੍ਰਬੰਧ ਦੇ ਸੰਕਲਪ 'ਚੋਂ ਹੀ ਸਮਾਜ ਦੀ ਸਿਰਜਣਾ ਹੋਈ ਹੈ।

ਮਨੁੱਖ ਦੇ ਪਾਲਣ ਪੋਸ਼ਣ ਦੀ ਪ੍ਰਾਥਮਿਕ ਸਮਾਜਿਕ ਇਕਾਈ ਪਰਿਵਾਰ ਹੈ। ਪਰਿਵਾਰ 'ਚ ਰਹਿੰਦਾ ਹੋਏ ਮਨੁੱਖ ਨੂੰ ਉਤਪਾਦਨ ਕਰਨ ਦੀ ਮੁੱਢਲੀ ਸਿਖਲਾਈ ਪ੍ਰਾਪਤ ਕਰਦਾ ਹੈ। ਇੱਥੋਂ ਹੀ ਮਨੁੱਖ ਦੀ ਉਤਪਾਦਨ ਪ੍ਰਕਿਰਿਆ ਦੇ ਆਰੰਭ ਨਾਲ ਸ਼੍ਰੇਣਿਕ ਸੰਸਕ੍ਰਿਤੀ ਦਾ ਉਥਾਨ ਹੁੰਦਾ ਹੈ।

> ਟੀ. ਆਰ. ਵਿਨੋਦ ਪੁਸਤਕ *'ਸੰਸਕ੍ਰਿਤੀ ਅਤੇ ਪੰਜਾਬੀ ਸੰਸਕ੍ਰਿਤੀ'* 'ਚ ਲਿਖਦੇ ਹਨ ਕਿ, "ਕਿਸਾਨੀ ਸਮਾਜ ਵਿੱਚ ਜ਼ਮੀਨ ਪਰਿਵਾਰਾਂ 'ਚ ਵੰਡੀ ਹੋਈ ਹੁੰਦੀ ਹੈ। ਹਰੇਕ ਪਰਿਵਾਰ ਟੱਬਰ ਦੇ ਜੀਆਂ ਦੀ ਸਾਂਝੀ ਮਿਹਨਤ ਨਾਲ ਖੇਤੀਬਾੜੀ ਦਾ ਕੰਮ ਤੋਰਦਾ ਹੈ। ਪਰਿਵਾਰ ਦੇ ਹਰੇਕ ਜੀਅ ਦੀ ਹੋਂਦ ਅਤੇ ਹੈਸੀਅਤ ਉਸ ਉੱਤੇ ਹੀ ਨਿਰਭਰ ਹੁੰਦੀ ਹੈ। ਪਰਿਵਾਰ ਵਿਅਕਤੀ ਦੀਆਂ ਆਰਥਿਕ, ਸਮਾਜਿਕ ਅਤੇ ਭਾਵੁਕ ਲੋੜਾਂ ਦੀ ਪੂਰਤੀ ਦਾ ਜ਼ਾਮਨ ਹੈ। ਪਰਿਵਾਰ ਤੋਂ ਵਿੱਛੜ ਕੇ ਕੋਈ ਮਨੁੱਖ ਸਮਾਜ ਵਿੱਚ ਸੰਤੁਲਿਤ ਜੀਵਨ ਨਹੀਂ ਜੀਅ ਸਕਦਾ। ਸੋ ਕਿਸਾਨੀ ਸਮਾਜ ਦੀ ਬੁਨਿਆਦੀ ਸਮਾਜਕ ਆਰਥਿਕ ਇਕਾਈ ਪਰਿਵਾਰ ਹੈ।" (94)

ਕਿਸਾਨੀ ਸਮਾਜ ਵਿੱਚ ਸ਼੍ਰੇਣੀ ਵੰਡ ਦਾ ਮੁੱਖ ਆਧਾਰ ਭੂਮੀ ਅਤੇ ਭੂਮੀ ਉੱਤੇ ਪੈਦਾਵਾਰੀ ਸੰਦਾਂ ਦੀ ਵਰਤੋਂ ਦਾ ਵਿਕਾਸ ਅਮਲ ਵੀ ਬਣਦਾ ਹੈ। ਕਿਉਂਕਿ ਪੈਦਾਵਾਰੀ ਰਿਸ਼ਤੇ ਅਤੇ ਸੰਦ ਸਭਿਆਚਾਰਕ ਸਮਾਜਿਕ ਸੰਸਾਰ ਦੀ ਉਸਾਰੀ ਦਾ ਮੁੱਖ ਪਹਿਲੂ ਬਣਦੇ ਹਨ।

ਕਿਸਾਨੀ ਸਮਾਜ ਦੀ ਵਿਕਾਸ ਰੇਖਾ ਦਾ ਇਤਿਹਾਸ ਇਹ ਸਾਬਤ ਕਰਦਾ ਹੈ ਕਿ ਮੁੱਢਲੇ ਕਿਸਾਨੀ ਦੌਰ ਵਿੱਚ ਕਿਸਾਨਾਂ ਦੀ ਆਰਥਿਕ ਸਥਿਤੀ ਏਨੀ ਪ੍ਰਬਲ ਮਾਤਰਾ 'ਚ ਸਾਹਮਣੇ ਨਹੀਂ ਸੀ ਆਈ ਕਿ ਕਿਸਾਨੀ ਸਮਾਜ ਦੀ ਸ਼੍ਰੇਣੀ ਦੀ ਵੰਡ ਹੋ ਸਕੇ। ਕਿਉਂਕਿ ਉਸ ਸਮੇਂ ਕਿਸਾਨੀ ਸਮਾਜ 'ਚ ਖੇਤੀ ਦੇ ਪੈਦਾਵਾਰੀ ਸਾਧਨ ਬਹੁਤ ਹੀ ਸਾਧਾਰਨ ਤੇ ਸਰਲ ਕਿਸਮ ਦੇ ਸਨ। ਖੇਤੀ ਦੀ ਪੈਦਾਵਾਰ ਵੀ ਬੁਨਿਆਦੀ ਮਨੁੱਖੀ ਲੋੜਾਂ ਦੀ ਪੂਰਤੀ ਲਈ ਹੀ ਕੀਤੀ ਜਾਂਦੀ ਸੀ। ਕਿਸਾਨੀ ਸਮਾਜ ਵਿਚਲੀ

ਸ਼੍ਰੇਣੀ ਵੰਡ ਦਾ ਮਸਲਾ ਉਦੋਂ ਤੱਕ ਹੱਲ ਨਹੀਂ ਹੋ ਸਕਦਾ ਜਦੋਂ ਤੱਕ ਮਨੁੱਖੀ ਸਮਾਜ ਦੀ ਇਤਿਹਾਸਕ ਪ੍ਰਕਿਰਿਆ ਦੀ ਜਾਣਕਾਰੀ ਵੱਲ ਧਿਆਨ ਨਾ ਦਿੱਤਾ ਜਾਵੇ। ਕਿਸਾਨੀ ਸਮਾਜ ਦੀ ਸਮਕਾਲੀ ਸਥਿਤੀ ਬਾਰੇ ਚਰਚਾ ਕਰਨ ਲਈ ਸਾਨੂੰ ਮਨੁੱਖੀ ਸਮਾਜ ਦੇ ਇਤਿਹਾਸਕ ਵਿਕਾਸ ਦੀ ਕਹਾਣੀ 'ਚੋ ਕਿਸਾਨੀ ਸਮਾਜ ਦੇ ਭਿੰਨ ਮਨੁੱਖੀ ਸ਼੍ਰੇਨਿਕ ਰੂਪਾਂ ਦੀ ਪਛਾਣ ਹੀ ਕਿਸਾਨੀ ਸਮਾਜ ਵਿਚਲੇ ਸ਼੍ਰੇਣੀ ਵੰਡ ਨੂੰ ਉਲੀਕਣ 'ਚ ਸਹਾਇਕ ਹੋਵੇਗੀ। ਪੰਜਾਬ ਖੇਤੀ ਪ੍ਰਧਾਨ ਰਾਜ ਹੈ। ਇੱਥੋਂ ਦੇ ਅਰਥਚਾਰੇ ਦਾ ਮੁੱਖ ਆਧਾਰ ਖੇਤੀਬਾੜੀ ਦਾ ਧੰਦਾ ਹੈ। ਪੰਜਾਬ ਦੀ ਬਹੁ ਗਿਣਤੀ ਵਸੋਂ ਕਿਸਾਨੀ ਨਾਲ ਸਬੰਧਿਤ ਹੈ, ਸਮਕਾਲੀ ਕਿਸਾਨੀ ਗੰਭੀਰ ਸੰਕਟ ਵਿੱਚੋਂ ਗੁਜ਼ਰ ਰਹੀ ਹੈ। ਜਿਸ ਦਾ ਮੁੱਖ ਕਾਰਨ ਕਿਸਾਨੀ ਜੀਵਨ ਦੀ ਨਿਘਾਰ ਵੱਲ ਜਾ ਰਹੀ ਆਰਥਿਕ ਸਥਿਤੀ ਹੈ। ਪੰਜਾਬ 'ਚ ਕਿਸਾਨੀ ਸਮਾਜ ਨੂੰ ਸਮਝਣ ਤੋਂ ਪਹਿਲਾ ਕਿਸਾਨੀ ਸ਼ਬਦ ਦੇ ਸੰਕਲਪਮੂਲਕ ਅਰਥਾਂ ਨੂੰ ਸਮਝਣਾ ਵਧੇਰੇ ਜ਼ਰੂਰੀ ਹੈ। ਕਿਸਾਨੀ ਸ਼ਬਦ ਦੇ ਤਹਿ ਹੇਠ ਕਾਰਜਸ਼ੀਲ ਅਰਥਾਂ ਦੀ ਸੰਕਲਪੀ ਸਮਝ ਹੈ। ਇਸੇ ਸੰਕਲਪ ਮੂਲਕਤਾ ਦਾ ਸ਼ਬਦੀ ਅਰਥ ਕਿਸਾਨੀ ਦੀ ਆਰਥਿਕ ਸਥਿਤੀ ਉੱਪਰ ਉੱਸਰੇ ਕਿਸਾਨੀ ਜੀਵਨ ਦੇ ਵਿਭਿੰਨ ਪਾਸਾਰਾਂ ਨਾਲ ਹੈ। ਕਿਸਾਨ ਕਿਸ ਨੂੰ ਕਹਿੰਦੇ ਹਨ? ਕਿਸਾਨੀ ਕੀ ਹੈ? ਦਾ ਸ਼ਬਦੀ ਅਰਥ ਜਾਣਨਾ ਇਸ ਦੇ ਸੰਕਲਪਿਤ ਅਰਥਾਂ ਨੂੰ ਜਾਣਨ ਦੀ ਕੋਸ਼ਿਸ਼ ਹੈ।

> ਪੰਜਾਬੀ ਕੋਸ਼ਕਾਰੀ ਦੇ ਮਹਾਨ ਵਿਦਵਾਨ ਭਾਈ ਕਾਨ੍ਹ ਸਿੰਘ ਨਾਭਾ ਕਿਸਾਨੀ ਦੇ ਅਰਥਾਂ ਨੂੰ ਸਪਸ਼ੱਟ ਕਰਦੇ ਲਿਖਦੇ ਹਨ ਕਿ, "ਜੋ ਕ੍ਰਿਸ਼ ਕਰੇ, ਜੋ ਜ਼ਮੀਨ ਵਾਹੇ, ਹਲਵਾਹ, ਕਾਸ਼ਤਕਾਰ।" ("ਮਹਾਨ ਕੋਸ਼" 329)

ਕਾਨ੍ਹ ਸਿੰਘ ਨਾਭਾ ਦੀ ਕਿਸਾਨੀ ਬਾਰੇ ਦਿੱਤੀ ਇਹ ਪਰਿਭਾਸ਼ਾ ਸਪਸ਼ੱਟ ਕਰਦੀ ਹੈ ਕਿ ਕਿਸਾਨ ਸਮਾਜ ਦਾ ਉਹ ਵਰਗ ਬਣਦਾ ਹੈ ਜਿਸ ਦੀ ਆਰਥਿਕਤਾ ਦਾ ਮੁੱਖ ਆਧਾਰ ਉਸ ਦੀ ਨਿੱਜੀ ਜ਼ਮੀਨ ਹੁੰਦੀ ਹੈ। ਨਿੱਜੀ ਜ਼ਮੀਨ/ਭੂਮੀ ਦੀ ਮਾਲਕੀਅਤ ਨਾਲ ਕਿਸਾਨ ਆਪਣੇ ਸਮਾਜ 'ਚ ਸਮਾਜਿਕ ਹੈਸੀਅਤ/ਬਰਾਬਰੀ ਨੂੰ ਕਾਇਮ ਰੱਖਦਾ ਹੈ। ਕਹਿ ਸਕਦੇ ਹਾਂ ਕਿ ਕਿਸਾਨ ਉਹ ਹੈ ਜੋ ਹੱਲ ਵਾਹੁੰਦਾ ਹੈ, ਜਿਹੜਾ ਆਪਣੇ ਹੱਥੀਂ ਆਪਣੀ ਭੂਮੀ 'ਚ ਖੇਤੀ ਕਰੇ, ਉਹ ਕਾਸ਼ਤਕਾਰ ਹੁੰਦਾ ਹੈ। ਭਾਈ ਕਾਨ੍ਹ ਸਿੰਘ ਨਾਭਾ ਦੀ ਕਿਸਾਨੀ ਬਾਰੇ ਦਿੱਤੀ ਗਈ ਪਰਿਭਾਸ਼ਾ ਦੇ ਆਧਾਰ ਉੱਪਰ ਕਹਿ ਸਕਦੇ ਹਾਂ ਕਿ ਪਹਿਲਾ ਕਿਸਾਨੀ ਕੋਲ ਉਤਪਾਦਨ ਦਾ ਮੁੱਖ ਸਾਧਨ ਭੂਮੀ ਹੈ, ਦੂਸਰਾ ਇਸ ਸਾਧਨ ਉੱਪਰ ਕਿਸਾਨ ਦੀ ਨਿੱਜੀ ਮਿਹਨਤ ਕਾਰਜਸ਼ੀਲ ਹੈ ਅਤੇ ਤੀਜਾ ਕਿਸਾਨੀ ਪਰਿਵਾਰ ਦੇ ਸਾਰੇ ਮੈਂਬਰ ਖੇਤੀ ਉਤਪਾਦਨ 'ਚ ਆਪਣੀ ਸਮਰੱਥਾ ਅਨੁਸਾਰ ਯੋਗਦਾਨ ਪਾਉਂਦੇ ਹਨ।

> ਗੁਰਦੀਪ ਕੌਰ ਦਾ ਕਥਨ ਹੈ ਕਿ, "ਕਿਸਾਨੀ ਉਹ ਸਮਾਜਕ ਜਮਾਤ ਹੈ ਜਿਹੜੀ ਨਿੱਜੀ ਪੈਦਾਵਾਰ ਦੇ ਸਾਂਝੇ ਰਿਸ਼ਤਿਆਂ ਦੁਆਰਾ ਆਪਣੇ ਪਰਿਵਾਰ ਦੀ ਕਿਰਤ ਸ਼ਕਤੀ ਨਾਲ ਖੇਤੀ ਦੀ ਪੈਦਾਵਾਰ ਕਰਦੀ ਹੈ ਅਤੇ ਇੱਕ ਵੱਖਰੀ ਸਮਾਜਕ ਜਮਾਤ ਦੇ ਰੂਪ ਵਿੱਚ ਸਾਂਝੇਦਾਰੀ ਦੇ ਮੁੱਢਲੇ ਯੁੱਗ ਦੇ ਖ਼ਤਮ ਹੋਣ 'ਤੇ ਹੋਂਦ ਵਿੱਚ ਆਉਂਦੀ ਹੈ।" ("ਪੰਜਾਬੀ ਨਾਵਲ ਅਤੇ ਕਿਸਾਨੀ ਜੀਵਨ" 16-17)
>
> ਕਿਸਾਨੀ ਉਹ ਵਰਗ ਹੈ ਜਿਸ ਵਿਚ ਕਿਸਾਨ ਸਾਂਝੇ ਪਰਿਵਾਰ ਨਾਲ ਨਿੱਜੀ ਭੂਮੀ ਉੱਪਰ ਕਿਰਤ ਕਰਦਾ ਹੈ।

ਸੰਸਕ੍ਰਿਤ ਭਾਸ਼ਾ 'ਚ ਵੀ ਕਿਸਾਨੀ ਲਈ ਕ੍ਰਿਸ਼ੀ ਸ਼ਬਦ ਦੀ ਵਰਤੋਂ ਕੀਤੀ ਗਈ ਹੈ। ਜਿਸ ਦਾ ਸ਼ਬਦੀ ਅਰਥ ਹੈ ਹੱਲ ਚਲਾਉਣਾ, ਖੇਤੀ ਕਰਨਾ, ਕਾਸ਼ਤਕਾਰੀ ਅਤੇ ਇਸ ਦੀ ਸੰਗਿਆ ਦੇ ਅਰਥ ਹਲਵਾਹ, ਕਿਸਾਨ ਆਦਿ ਹਨ। ਕਿਸਾਨ ਤੋਂ ਸ਼ਬਦ ਕ੍ਰਿਸ਼ਾਣ ਭਾਵ ਕਿ ਕ੍ਰਿਸ਼+ਆਨਕ ਭਾਵ ਕਿ ਕ੍ਰਿਸਾਨ। ਜੋ ਮਨੁੱਖ ਆਪਣੇ ਭੋਇੰ ਉੱਪਰ ਆਪਣੀ ਮਿਹਨਤ ਕਰ ਕੇ ਅਨਾਜ ਪੈਦਾ ਕਰਦਾ ਹੈ, ਉਹ ਕਿਸਾਨ ਹੈ।

> *'ਇੰਟਰਨੈਸ਼ਨਲ ਇਨਸਾਈਕਲੋਪੀਡੀਆ ਆਫ਼ ਸੋਸ਼ਲ ਸਾਇੰਸਜ਼'* ਅਨੁਸਾਰ, "ਆਮ ਤੌਰ 'ਤੇ ਕਿਸਾਨ ਸੰਗਠਿਤ ਸਮਾਜ ਦਾ ਉਹ ਹਿੱਸਾ ਹੁੰਦੇ ਹਨ ਜਿਹੜਾ ਵੱਡੇ ਭੂਮੀਪਤੀਆਂ ਅਤੇ ਭੌਂਹੀਣਾ ਦੇ ਵਿਚਕਾਰ ਆਉਂਦਾ ਹੈ।" ( Vol. XI 504)

ਅੰਗਰੇਜ਼ੀ ਭਾਸ਼ਾ ਵਿੱਚ ਕਿਸਾਨੀ ਲਈ 'ਪੈਜ਼ੰਟਰੀ' ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ ਇਹ ਸ਼ਬਦ ਨਿਮਨ ਹੱਲ ਵਾਹਕ ਲਈ ਵੀ ਵਰਤਿਆ ਜਾਂਦਾ ਹੈ। ਕੁੱਝ ਵਿਦਵਾਨ ਪੈਜ਼ੰਟਰੀ ਸ਼ਬਦ ਦੇ ਨਾਲ 'ਪੂਅਰ' ਸ਼ਬਦ ਦੀ ਵਰਤੋਂ ਵੀ ਕਰਦੇ ਹਨ।

ਪ੍ਰਸਿੱਧ ਆਲੋਚਕ ਸ਼ੇਨਿਨ ਦਾ ਵਿਚਾਰ ਹੈ ਕਿ ਕਿਸਾਨੀ ਤੋਂ ਭਾਵ ਨਿਮਨ ਖੇਤੀ ਉਤਪਾਦਕ ਤੋਂ ਹੈ ਜੋ ਆਪਣੇ ਸਾਧਾਰਨ ਸੰਦਾਂ ਦੀ ਵਰਤੋਂ ਕਰਦੇ ਹਨ ਅਤੇ ਪਰਿਵਾਰ ਦੀ ਸਹਾਇਤਾ ਨਾਲ ਉਤਪਾਦਨ ਕਰਦੇ ਹਨ। ਪ੍ਰਮੁੱਖ ਰੂਪ ਵਿੱਚ ਰਾਜਸੀ ਲੋਕਾਂ ਦੇ ਉਪਭੋਗ ਲਈ ਆਰਥਿਕ ਅਤੇ ਰਾਜਨੀਤਿਕ ਤਾਕਤਾਂ ਦੀਆਂ ਵੰਗਾਰਾਂ ਪੂਰੀਆਂ ਕਰਦੇ ਹਨ।

ਅੰਗਰੇਜ਼ੀ ਭਾਸ਼ਾ ਵਿੱਚ ਜ਼ਿਮੀਂਦਾਰੀ ਲਈ Landlord ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ ਜੋ ਵਧੇਰੇ ਜ਼ਮੀਨ ਜਾਇਦਾਦ ਦੀ ਮਾਲਕੀਅਤ ਵਾਲੇ ਕਿਸਾਨ ਦਾ ਪ੍ਰਤੀਕ ਹੈ। ਇਸ ਆਧਾਰ ਉੱਪਰ ਕਿਸਾਨੀ ਨੂੰ ਪੂੰਜੀ ਵਰਗ ਵਿੱਚ ਵੰਡਿਆ ਗਿਆ ਹੈ। ਜ਼ਿਮੀਂਦਾਰ (ਲੈਂਡਲੋਰਡ ਕਿਸਾਨ), ਰਿਚ ਪੈਜ਼ੰਟ (ਧਨੀ ਕਿਸਾਨ), ਮਿਡਲ ਪੈਜ਼ੰਟ (ਦਰਮਿਆਨਾ ਕਿਸਾਨ), ਪੂਅਰ ਪੈਜ਼ੰਟ (ਨਿਮਨ ਕਿਸਾਨ) ਅਤੇ ਲੈਂਡਲੈਸ ਲੇਬਰਜ਼ (ਖੇਤ ਮਜ਼ਦੂਰ)। ਕਿਸਾਨ ਲਈ ਫਾਰਮਰ ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ। ਪੰਜਾਬ ਵਿੱਚ ਫਾਰਮਰ ਨੂੰ ਜ਼ਿਮੀਂਦਾਰ ਆਖਿਆ ਜਾਂਦਾ ਹੈ। ਇੱਕ ਏਕੜ ਤੋਂ ਲੈ ਕੇ 100 ਏਕੜ ਤੱਕ ਦਾ ਕਿਸਾਨ ਜ਼ਿਮੀਂਦਾਰ ਅਖਵਾਉਂਦਾ ਹੈ।

ਗੁਲਾਮਦਾਰੀ ਯੁੱਗ 'ਚ ਕਿਸਾਨੀ ਦੇ ਲੱਛਣ ਉੱਭਰ ਕੇ ਸਾਹਮਣੇ ਆਉਂਦੇ ਹਨ। ਪੈਦਾਵਾਰੀ ਸਾਧਨਾਂ ਉੱਪਰ ਗ਼ੁਲਾਮਾਂ ਦੇ ਮਾਲਕਾਂ ਦਾ ਕਬਜ਼ਾ ਸੀ। ਉਹ ਗ਼ੁਲਾਮਾਂ ਨੂੰ ਆਪਣੇ ਅਧੀਨ ਰੱਖ ਕੇ ਹਰ ਤਰ੍ਹਾਂ ਦਾ ਆਰਥਿਕ ਅਤੇ ਸਰੀਰਕ ਸ਼ੋਸ਼ਣ ਕਰਦੇ ਸਨ। ਜ਼ੁਲਮਾਂ ਦੇ ਸਤਾਏ ਗ਼ੁਲਾਮਾਂ ਨੇ ਮਾਲਕਾਂ ਖ਼ਿਲਾਫ਼ ਬਗ਼ਾਵਤ ਕਰ ਕੇ ਗੁਲਾਮਦਾਰੀ ਪ੍ਰਬੰਧ ਦੀਆਂ ਜੜ੍ਹਾਂ ਹੀ ਹਿੱਲਾ ਦਿੱਤੀਆਂ। ਗੁਲਾਮਦਾਰੀ ਦੇ ਖ਼ਤਮ ਹੋਣ ਨਾਲ ਜਾਗੀਰਦਾਰੀ ਢਾਂਚੇ ਦਾ ਉਦੈ ਹੋਇਆ। ਜਿਸ ਤਹਿਤ ਕਿਸਾਨ ਮੁਜ਼ਾਰਿਆਂ 'ਚ ਬਦਲ ਗਏ। ਪੈਦਾਵਾਰੀ ਸਾਧਨਾਂ ਉੱਤੇ ਜਾਗੀਰਦਾਰਾਂ ਦੀ ਮਾਲਕੀਅਤ ਹੋ ਗਈ। ਜਾਗੀਰਦਾਰੀ ਵਰਗ ਦੇ ਵਿਰੋਧੀ ਮੁਜ਼ਾਰੇ, ਛੋਟੇ ਕਿਸਾਨ ਅਤੇ ਖੇਤ ਮਜ਼ਦੂਰ ਸਨ। ਮੁਜ਼ਾਰੇ ਭੂਮੀ ਮਾਲਕੀ ਦੇ ਹੱਕ ਲੈਣ ਲਈ ਜਾਗੀਰਦਾਰਾਂ ਨਾਲ ਲੜਦੇ ਝਗੜਦੇ ਰਹੇ। ਜਾਗੀਰਦਾਰੀ ਵਰਗ ਦੇ ਪਤਨ ਵਜੋਂ ਸਰਮਾਏਦਾਰੀ ਢਾਂਚਾ ਹੋਂਦ ਵਿੱਚ ਆਇਆ। ਇਸ ਦੌਰ 'ਚ

ਕਿਸਾਨੀ ਦੀ ਟੱਕਰ ਵਪਾਰੀਆਂ ਅਤੇ ਸਰਮਾਏਦਾਰਾਂ ਨਾਲ ਹੋਈ। ਇਸ ਅੰਤਰ ਵਿਰੋਧ ਕਾਰਨ ਬੁਰਜ਼ੂਆ ਅਤੇ ਪ੍ਰੋਲੋਤਾਰੀ ਸ਼੍ਰੇਣੀ ਦਾ ਜਨਮ ਹੋਇਆ। ਅਮੀਰ ਕਿਸਾਨ ਬੁਰਜ਼ੂਆ ਸ਼੍ਰੇਣੀ ਨਾਲ ਸੰਬੰਧਿਤ ਸਨ। ਮੱਧਮ ਕਿਸਾਨ ਪ੍ਰੋਲੋਤਾਰੀ ਵੱਲ ਧੱਕੇ ਗਏ। ਇਸ ਦੌਰ ਦੇ ਅਰਥਚਾਰੇ ਨੂੰ ਅੰਤਰਰਾਸ਼ਟਰੀ ਅਤੇ ਵਿਸ਼ਵੀਕਰਨ ਮੰਡੀ ਨਾਲ ਜੋੜਿਆ ਗਿਆ। ਸਮਾਜਵਾਦੀ ਦੌਰ 'ਚ ਸਾਂਝੀਵਾਲਤਾ ਦੀ ਖੇਤੀ ਦਾ ਨਵਾਂ ਦੌਰ ਆਰੰਭ ਹੋਇਆ। ਕਿਸਾਨੀ ਵਰਗ ਸ਼ੋਸ਼ਣ ਤੋਂ ਮੁਕਤੀ ਪ੍ਰਾਪਤ ਕਰਦਾ ਆਪਣੇ ਵਿਕਾਸ ਵੱਲ ਅੱਗੇ ਵੱਧਦਾ ਹੈ।

ਆਮ ਸ਼ਬਦਾਂ 'ਚ ਸੰਕਟ ਤੋਂ ਭਾਵ ਅਸਾਧਾਰਨ ਅਤੇ ਜੋਖ਼ਮ ਭਰਪੂਰ ਪਰਸਥਿਤੀ ਤੋਂ ਹੈ ਪ੍ਰਤੂੰ ਸਮਕਾਲੀ ਸਮੇਂ 'ਚ ਸੰਕਟ ਇਨ੍ਹਾਂ ਸਾਧਾਰਨ ਸ਼ਾਬਦਿਕ ਅਰਥਾਂ ਤੱਕ ਸੀਮਿਤ ਨਹੀਂ ਬਲਕਿ ਇਸ ਸ਼ਬਦ ਦੀ ਵਰਤੋਂ ਹਰ ਰੋਜ਼ ਵਧ ਰਹੀ ਹੈ। ਸੰਕਟ ਸ਼ਬਦ ਰਾਹੀਂ ਅਭਿਵਿਅਕਤ ਹੁੰਦੇ ਵਰਤਾਰੇ ਨੂੰ ਸਪਸ਼ੱਟਤਾ ਪੂਰਵਕ ਗ੍ਰਹਿਣ ਕਰਨਾ ਬਹੁਤ ਜ਼ਰੂਰੀ ਹੈ ਕਿਉਂਕਿ ਸੰਕਟ ਸ਼ਬਦ ਦੇ ਅਰਥ ਆਰਥਿਕਤਾ ਤੋਂ ਲਏ ਹਨ। ਸੰਕਟ ਸ਼ਬਦ ਨੂੰ ਪ੍ਰਗਟਾਉਂਦੇ ਅੰਗਰੇਜ਼ੀ ਭਾਸ਼ਾ ਦੇ ਕਈ ਸ਼ਬਦ ਮਿਲਦੇ ਹਨ ਜਿਵੇਂ: Agony, Distress, Adversity, Calamity, Crisia ਆਦਿ। Crisia ਸ਼ਬਦ ਨੂੰ ਛੱਡ ਕੇ ਬਾਕੀ ਸਾਰੇ ਸ਼ਬਦ ਕੁਦਰਤੀ ਕਰੋਪੀ, ਜੋਖ਼ਮ, ਮਾਨਸਿਕ ਪ੍ਰੇਸ਼ਾਨੀ ਅਤੇ ਭੈ ਆਦਿ ਨੂੰ ਪ੍ਰਗਟ ਕਰਦੇ ਹਨ। ਕੇਵਲ Crisia ਹੀ ਬਾਹਰੀ ਸਮਾਜਿਕ ਸਾਂਸਕ੍ਰਿਤਕ ਸੰਕਟ ਖੇਤਰ ਦੇ ਨਜ਼ਦੀਕ ਹੈ। ਇਸ ਸ਼ਬਦ ਦੀ ਵਰਤੋਂ ਸਮਾਜਿਕ ਸਾਂਸਕ੍ਰਿਤਕ ਪਰਿਪੇਖ ਵਜੋਂ ਕੀਤੀ ਜਾਂਦੀ ਹੈ। ਸੋ ਸੰਕਟ ਸ਼ਬਦ Crisia ਦਾ ਸਮਅਰਥੀ ਪੰਜਾਬੀ ਪ੍ਰਾਰੂਪ ਹੈ।

> "Crisia ਲਾਤੀਨੀ ਭਾਸ਼ਾ ਦੇ ਸ਼ਬਦ Cerner ਨਾਲ ਸੰਬੰਧਿਤ ਹੈ, ਜਿਸ ਦਾ ਅਰਥ ਹੈ ਤਬਦੀਲ ਹੋ ਜਾਣਾ, ਬਦਲ ਜਾਣਾ" ("An Etymological Dictionary of English Language" 144)
>
> "Crisis' ਸ਼ਬਦ ਦੀ ਉਤਪਤੀ ਗ੍ਰੀਕ ਭਾਸ਼ਾ ਦੇ ਸ਼ਬਦ Krisis (Kpiois ਕ੍ਰਿਆ Krenein) ਤੋਂ ਹੋਈ। ਇਸ ਤਰ੍ਹਾਂ ਵਿਉਤਪਤੀ ਮੂਲਕ ਪ੍ਰਸੰਗ ਵਿੱਚ Crisis ਫ਼ੈਸਲਾਕੁਨ ਘੜੀ ਦੇ ਅਰਥਾਂ ਨੂੰ ਪ੍ਰਗਟ ਕਰਨ ਵਾਲਾ ਸ਼ਬਦ ਹੈ।" ("An Etymological Dictionary of Modern English" 386)

ਸੰਕਟ ਸ਼ਬਦ ਦੀ ਵਰਤੋਂ ਰੋਗ ਵਿਗਿਆਨ (Pathology) ਦੇ ਸੰਦਰਭ 'ਚ ਹੋਈ ਮਿਲਦੀ ਹੈ। ਰੋਗ ਵਿਗਿਆਨ ਅਤੇ ਪਿੱਛੋਂ ਇਸ ਦੀ ਵਰਤੋਂ ਅਰਥ ਸ਼ਾਸਤਰ, ਨਾਟਕ, ਰਾਜਨੀਤੀ, ਇਤਿਹਾਸ, ਮਨੋਵਿਗਿਆਨ ਆਦਿ ਦੇ ਸੰਦਰਭ 'ਚ ਹੋਈ ਮਿਲਦੀ ਹੈ। ਸੰਕਟ ਸ਼ਬਦ ਦੇ ਕੋਸ਼ਗਤ ਅਰਥਾਂ ਦਾ ਵਿਸ਼ਲੇਸ਼ਣ ਕਰੀਏ ਤਾਂ ਕੋਸ਼ ਇਸ ਦੇ ਬਹੁਤ ਸਾਰੇ ਅਰਥਾਂ ਨੂੰ ਦ੍ਰਿਸ਼ਟੀਗੋਚਰ ਕਰਦਾ ਹੈ, ਜਿਸ ਤੋਂ ਸੰਕਟ ਦੇ ਸਮੱਗਰ ਵਰਤਾਰੇ ਦੀ ਪ੍ਰਮਾਣਿਕ ਪਛਾਣ ਹੁੰਦੀ ਹੈ। ਕੋਸ਼ ਦਾ ਸਭ ਤੋਂ ਪਹਿਲਾ ਪ੍ਰਸੰਗ ਰੋਗ ਵਿਗਿਆਨ ਹੈ ਇਸ ਦੇ ਤਹਿਤ ਕਿਸੇ ਗੰਭੀਰ ਰੋਗ ਸਮੇਂ ਅਜਿਹਾ ਚੰਗਾ ਜਾਂ ਮਾੜਾ ਮੋੜ ਬਿੰਦੂ ਹੈ, ਜਿਸ ਨਾਲ ਰੋਗੀ ਠੀਕ ਵੀ ਹੁੰਦਾ ਹੈ ਅਤੇ ਬਿਮਾਰ ਵੀ ਰਹਿ ਸਕਦਾ ਹੈ।

- ਸੰਕਟ ਇੱਕ ਅਜਿਹੀ ਪਰਸਥਿਤੀ ਹੈ ਜਿਸ 'ਚ ਸ਼ਾਮਿਲ ਧਿਰਾਂ ਦੀ ਕ੍ਰਿਆਸ਼ੀਲਤਾ ਦੀ ਮੰਗ ਵਧੇਰੇ ਕੀਤੀ ਜਾਂਦੀ ਹੈ।

- ਸੰਕਟ 'ਚ ਸ਼ਾਮਿਲ ਧਿਰਾਂ ਦੀਆਂ ਨਿਸ਼ਾਨੀਆਂ ਅਤੇ ਮਨੋਰਥ ਲਈ ਵੰਗਾਰ ਪੈਦਾ ਕਰਦਾ ਹੈ।
- ਸੰਕਟ ਉਪਰੰਤ ਅਜਿਹੀਆਂ ਘਟਨਾਵਾਂ ਵੀ ਵਾਪਰਦੀਆਂ ਹਨ, ਜਿਹੜੀਆਂ ਇਸ ਵਿੱਚ ਸ਼ਾਮਿਲ ਧਿਰਾਂ ਦੇ ਭਵਿੱਖ ਨੂੰ ਸੁਨਹਿਰੀ ਬਣਾਉਂਦੀਆਂ ਹਨ।
- ਸੰਕਟ ਨਾਲ ਸੰਬੰਧਿਤ ਘਟਨਾਵਾਂ ਵਿਪਰੀਤ ਰੂਪ ਵਿੱਚ ਨਵੀਂ ਕਿਸਮ ਦੇ ਹਾਲਾਤ ਪੈਦਾ ਕਰਦੀਆਂ ਹਨ।
- ਸੰਕਟ ਘਟਨਾਵਾਂ ਅਤੇ ਕਾਰਜਾਂ ਦੇ ਦ੍ਰਿਸ਼ਟੀਮਾਨ ਕਰਮ ਵਿਚਲਾ ਮੋੜ ਬਿੰਦੂ ਹੁੰਦਾ ਹੈ।

ਸੰਕਟ ਸ਼ਬਦ ਦਾ ਇਤਿਹਾਸਕ ਵਿਸ਼ਲੇਸ਼ਣ ਇਸ ਦੇ ਵਸਤੂਮੂਲਕ ਰੂਪ ਨੂੰ ਸਮਝਣ ਵਿੱਚ ਸਹਾਇਕ ਹੋ ਸਕਦਾ ਹੈ। ਇੱਥੇ ਸਾਡਾ ਮੰਤਵ ਸੰਕਟ ਦੇ ਵਰਤਾਰੇ ਦੇ ਵਿਭਿੰਨ ਪਾਸਾਰਾਂ ਅਤੇ ਪ੍ਰਕਾਰਾਂ ਦੇ ਉੱਪਰ ਵਿਚਾਰ ਚਰਚਾ ਕਰਨਾ ਹੀ ਨਹੀਂ ਸਗੋਂ ਸੰਕਟ ਦੇ ਸਿਧਾਂਤਕ ਪਰਿਪੇਖ ਦੀ ਪਛਾਣ ਨੂੰ ਸਥਾਪਿਤ ਕਰਨਾ ਵੀ ਹੈ।

ਸੰਕਟ ਸ਼ਬਦ ਦੀ ਵਧੇਰੇ ਵਰਤੋਂ 18ਵੀਂ ਸਦੀ ਦੇ ਅੰਤ ਤੱਕ ਰੋਗ ਵਿਗਿਆਨ ਦੇ ਘੇਰੇ ਤੱਕ ਹੀ ਸੀਮਿਤ ਰਹੀ। ਅਮਰੀਕਾ, ਇੰਗਲੈਂਡ ਅਤੇ ਫਰਾਂਸ 'ਚ ਆਏ ਉਦਯੋਗਿਕ ਇਨਕਲਾਬ ਤੋਂ ਬਾਅਦ ਇਸ ਸ਼ਬਦ ਦੇ ਅਰਥ ਪ੍ਰਸੰਗ ਵਿੱਚ ਕੁੱਝ ਬਦਲਾਅ ਆਏ। ਇਸ ਸ਼ਬਦ ਦੀ ਵਧੇਰੇ ਵਰਤੋਂ ਆਰਥਿਕ ਅਤੇ ਸਮਾਜਿਕ ਰੂਪਾਂਤਰਨ ਦੇ ਪ੍ਰਸੰਗ ਵਜੋਂ ਹੋਣ ਲੱਗੀ, ਭਾਵੇਂ ਕਿ ਪਿਛਲੀਆਂ ਸਦੀਆਂ 'ਚ ਵੀ ਆਰਥਿਕ ਉਤਰਾਅ ਚੜ੍ਹਾਅ ਹੁੰਦੇ ਰਹੇ ਸਨ। ਪ੍ਰੰਤੂ ਅਰਥ ਸ਼ਾਸਤਰੀਆਂ ਨੇ ਮੁੱਖ ਇਨਕਲਾਬ ਦੇ ਕਾਲ ਤੋਂ ਬਾਅਦ ਹੀ ਵਪਾਰਿਕ ਹਲਚਲ ਦਾ ਆਰੰਭਿਕ ਵਿਵੇਚਨ ਕਰਨਾ ਆਰੰਭ ਕਰ ਦਿੱਤਾ। ਇਨ੍ਹਾਂ ਵਿਸ਼ਲੇਸ਼ਣਾਂ 'ਚ ਸੰਕਟ ਸ਼ਬਦ ਦੀ ਵਰਤੋਂ ਵਿਸਥਾਰ ਰੂਪ 'ਚ ਕੀਤੀ ਗਈ ਹੈ। ਅਰਥ ਸ਼ਾਸਤਰੀਆਂ ਨੇ ਦੋ ਸਾਧਾਰਨ ਆਰਥਿਕ ਪ੍ਰਵਿਰਤੀਆਂ ਵਿਚਲੀ ਅਸਮਾਨਤਾ ਅਤੇ ਸੰਕ੍ਰਾਂਤੀਕਲੀਨ ਸਥਿਤੀ ਨੂੰ ਸੰਕਟ ਦੇ ਪਰਿਪੇਖ ਵਿੱਚ ਵਾਚਣਾ ਆਰੰਭ ਕਰ ਦਿੱਤਾ ਹੈ। ਅਜੋਕੇ ਅਰਥ ਸ਼ਾਸਤਰ ਦੇ ਆਰੰਭਿਕ ਦੌਰ 'ਚ ਸੰਕਟ ਨੂੰ ਅਸਥਿਰ, ਅਸਮਾਨਯ ਅਰਥ ਵਿਵਸਥਾ ਨੂੰ ਪ੍ਰਗਟਾਉਣ ਵਾਲੇ ਸ਼ਬਦ ਵਜੋਂ ਵਰਤਿਆ ਜਾਂਦਾ ਰਿਹਾ ਹੈ। ਸੰਕਟ ਦੀ ਪ੍ਰਕਿਰਿਆ ਨੂੰ ਪਰਿਭਾਸ਼ਤ ਕਰਨ ਅਤੇ ਸੰਕਟ ਨੂੰ ਆਰਥਿਕ, ਰਾਜਨੀਤਿਕ ਅਤੇ ਸਮਾਜਿਕ ਵਿਸ਼ਲੇਸ਼ਣ ਲਈ ਵਿਸਥਾਰਪੂਰਕ ਅਰਥਾਂ 'ਚ ਇਸ ਦੀ ਵਰਤੋਂ ਕਰਨ ਲਈ ਮਾਰਕਸਵਾਦ ਦੇ ਮੋਢੀ ਕਾਰਲ ਮਾਰਕਸ ਅਤੇ ਫ੍ਰੈਂਡਰਿਕ ਏਂਗਲਜ਼ ਦਾ ਵਿਸ਼ੇਸ਼ ਯੋਗਦਾਨ ਰਿਹਾ ਹੈ। ਉਨ੍ਹਾਂ ਦੁਆਰਾ ਲਿਖੀਆਂ ਦਾਰਸ਼ਨਿਕ ਲਿਖਤਾਂ 'ਚ ਬੁਰਜ਼ੂਆ ਆਰਥਿਕ ਅਤੇ ਰਾਜਨੀਤੀ ਦਾ ਵਿਸ਼ਲੇਸ਼ਣ ਕਰਦਿਆਂ ਸੰਕਟ ਨੂੰ ਬੁਰਜ਼ੂਆ ਸਮਾਜ ਦਾ ਸਥਾਈ ਅੰਗ ਸਵੀਕਾਰ ਕੀਤਾ ਗਿਆ ਹੈ। ਕਾਰਲ ਮਾਰਕਸ ਅਨੁਸਾਰ ਆਰਥਿਕ ਤਾਕਤਾਂ ਉਤਪਾਦਨ ਦੀਆਂ ਬੁਰਜ਼ੂਆ ਹਾਲਾਤਾਂ ਅਤੇ ਜਾਇਦਾਦ ਦੇ ਸੰਬੰਧ ਆਪਸ 'ਚ ਸੰਘਰਸ਼ ਕਰਦੇ ਹਨ। ਇਹ ਸੰਘਰਸ਼ ਕਦੇ-ਕਦੇ ਵਪਾਰਕ ਸੰਕਟ ਦੇ ਰੂਪ ਵਜੋਂ ਵੀ ਪ੍ਰਗਟ ਹੁੰਦਾ ਹੈ। ਇਸ ਸੰਕਟ ਦੌਰਾਨ ਕੇਵਲ ਸਮਕਾਲੀ ਉਤਪਾਦਨ ਦਾ ਹੀ ਨਹੀਂ ਸਗੋਂ ਪੂਰਵ ਸਿਰਜਿਤ ਉਤਪਾਦਨ ਦਾ ਵੀ ਬਹੁਤ ਵੱਡਾ ਹਿੱਸਾ ਸਮੇਂ ਅਨੁਸਾਰ ਨਸ਼ਟ ਹੁੰਦਾ ਹੈ। ਜਿਸ ਕਾਰਨ ਸੰਕਟਾਂ 'ਚ ਵਾਧੂ ਉਤਪਾਦਨ ਦੀ ਮਹਾਂਮਾਰੀ ਫੈਲਦੀ ਜਾਂਦੀ ਜਿਸ ਦੇ

ਫਲਸਰੂਪ ਅਜਿਹਾ ਵਾਪਰਦਾ ਹੈ ਕਿ ਜ਼ਿੰਦਗੀ ਨਿਰਬਾਹ ਦੇ ਸਾਧਨਾਂ, ਉਦਯੋਗਾਂ ਅਤੇ ਵਪਾਰ ਦੇ ਮੌਜ਼ੂਦ ਹੋਣ ਕਰ ਕੇ ਵੀ ਜ਼ਿੰਦਗੀ 'ਚ ਰੋਜ਼ਾਨਾ ਵਰਤੋਂ ਦੀਆਂ ਵਸਤੂਆਂ ਉਪਲਬੱਧ ਨਹੀਂ ਹੁੰਦੀਆਂ। ਇਹ ਉਹ ਸਮਾਂ ਹੈ ਜਦੋਂ ਸਮਾਜ ਕੁੱਝ ਸਮੇਂ ਲਈ ਜੰਗਲੀਪੁਣੇ ਦੀ ਹਾਲਤ 'ਚ ਚਲਾ ਜਾਂਦਾ ਹੈ। ਬੁਰਜ਼ੂਆ, ਹਾਕਮੀ ਜਮਾਤਾਂ ਇਹੋ ਜਿਹੇ ਸੰਕਟਾਂ ਨੂੰ ਖ਼ਤਮ ਕਰਨ ਲਈ ਹਥਿਆਰ ਬੰਦ ਹੋਣੀਆਂ ਆਰੰਭ ਹੁੰਦੀਆਂ ਹਨ। ਉਹ ਆਪਣੇ ਮਾਲ ਦੀ ਵਿੱਕਰੀ ਲਈ ਨਵੀਆਂ ਮੰਡੀਆਂ ਦੀ ਤਲਾਸ਼ ਵੀ ਕਰਦੀਆਂ ਹਨ। ਸੰਕਟ ਮਨੁੱਖ ਦੀਆਂ ਆਰਥਿਕ ਪਰਿਸਥਿਤੀਆਂ 'ਚ ਬਦਲਾਅ ਲੈ ਕੇ ਆਉਣ ਦੇ ਨਾਲ-ਨਾਲ ਮਨੁੱਖ ਦੀਆਂ ਕਦਰਾਂ ਕੀਮਤਾਂ, ਨੈਤਿਕ ਮੁੱਲਾਂ, ਰਾਜਨੀਤਿਕ ਅਤੇ ਸਮਾਜਿਕ ਪਰਿਸਥਿਤੀਆਂ ਵਿਚ ਵੀ ਬਦਲਾਅ ਲਿਆਉਂਦਾ ਹੈ। ਸੰਕਟ ਦੀ ਪੇਸ਼ਕਾਰੀ ਕਾਰਲ ਮਾਰਕਸ ਤੋਂ ਇਲਾਵਾ ਸਵਿਰਜ਼ਰਲੈਂਡ ਦੇ ਵਸਨੀਕ ਜੈਕਬ ਬੁਖਾਰਟ ਨੇ ਵੀ ਆਪਣੀਆਂ ਰਚਨਾਵਾਂ ਵਿੱਚ ਕੀਤੀ ਹੈ। ਬੁਖਾਰਟ ਨੇ ਸੰਕਟ ਦੇ ਵਰਤਾਰੇ ਨੂੰ ਇੱਕ ਚੁਣੌਤੀ ਦੇ ਤੌਰ 'ਤੇ ਕਬੂਲਿਆ ਹੈ। ਇਤਿਹਾਸ ਦੇ ਤਾਣੇ ਬਾਣੇ ਨੂੰ ਸਿਰਜਣ 'ਚ ਤਿੰਨ ਮੁੱਖ ਤਾਕਤਾਂ ਧਰਮ, ਸਭਿਆਚਾਰ ਅਤੇ ਸਮਾਜ ਦਾ ਅਹਿਮ ਰੋਲ ਹੁੰਦਾ ਹੈ। ਇਨ੍ਹਾਂ ਦੇ ਪ੍ਰਭਾਵ ਅਤੇ ਅੰਤਰਕਿਰਿਆ ਨੂੰ ਅਜਿਹੇ ਵਰਤਾਰੇ ਨਾਲ ਜੋੜਦੀ ਹੈ ਜੋ ਇਤਿਹਾਸਕ ਗਤੀਵਿਧੀ 'ਚ ਤੀਬਰਤਾ ਨੂੰ ਉਕਸਾਉਂਦੀ ਹੈ, ਜਿਸ ਨਾਲ ਸੰਕਟ ਪੈਦਾ ਹੁੰਦਾ ਹੈ। ਪਰਵਾਸ ਕਿਰਿਆਵਾਂ ਅਤੇ ਵਿਦੇਸ਼ੀ ਹਮਲੇ ਸੰਕਟ ਦੇ ਆਗਮਨ ਦਾ ਆਦਿ ਬਿੰਦੂ ਹਨ।

ਮਨੋਵਿਗਿਆਨ ਦੇ ਖੇਤਰ 'ਚ ਸੰਕਟ ਉਹ ਪਰਿਸਥਿਤੀ ਹੈ ਜਿਸ 'ਚ ਕਿਸੇ ਮਨੁੱਖ ਜਾਂ ਸਮੂਹ ਨੂੰ ਅਜਿਹੀ ਮੁਸ਼ਕਿਲ ਦਾ ਸਾਹਮਣਾ ਕਰਨਾ ਹੁੰਦਾ ਹੈ ਜਿਸ ਨੂੰ ਸੁਲਝਾਉਣ ਲਈ ਉਨ੍ਹਾਂ ਕੋਲ ਮੁਸ਼ਕਿਲ ਨਾਲ ਨਜਿੱਠਣ ਦੇ ਲੋੜੀਂਦੇ ਢੰਗ ਘੱਟ ਸਾਬਤ ਹੁੰਦੇ ਹਨ। ਉਸ ਸਮੱਸਿਆ ਦੇ ਹੱਲ ਨੂੰ ਸੁਲਝਾਉਣ ਲਈ ਯੋਗ ਅਤੇ ਕਾਰਗਰ ਵਿਧੀ ਨੂੰ ਲੱਭਣ ਤੱਕ ਦੀ ਸਥਿਤੀ ਸੰਕਟਮਈ ਬਣੀ ਰਹਿੰਦੀ ਹੈ। ਸੰਕਟ ਸਮਾਜਿਕ, ਰਾਜਸੀ, ਤਕਨਾਲੋਜੀ ਨਾਲ ਸੰਬੰਧਿਤ ਖੋਜਾਂ ਆਰਥਿਕ ਉਤਰਾਅ ਚੜ੍ਹਾਅ ਅਤੇ ਸਭਿਆਚਾਰਕ ਰੂਪਾਂਤਰਨ ਨਾਲ ਨੇੜਿਉਂ ਸੰਬੰਧ ਰੱਖਣ ਵਾਲਾ ਵਰਤਾਰਾ ਹੈ। ਸੰਕਟ ਮਨੁੱਖੀ ਸਭਿਅਤਾ ਦੀ ਪ੍ਰਕਿਰਿਆ ਵਿਚਲੇ ਅਜਿਹੇ ਸਮਾਂ-ਬਿੰਦੂਆਂ ਨੂੰ ਵੀ ਵਿਅਕਤ ਕਰਦਾ ਹੈ, ਜਦੋਂ ਮਨੁੱਖੀ ਤਣਾਉ ਆਪਣੇ ਪੂਰੇ ਸਿਖਰ 'ਤੇ ਹੁੰਦਾ ਹੈ। ਮਾਨਸਿਕ ਤਣਾਉ ਤੋਂ ਲੈ ਕੇ ਸਭਿਆਚਾਰਕ ਪ੍ਰਬੰਧ ਦੇ ਅੰਤਰਗਤ, ਬਾਹਰੀ ਟਕਰਾਊ, ਵਪਾਰਕ ਢਾਂਚੇ ਇਤਿਹਾਸਕ ਟਕਰਾਊ ਵਿਚਕਾਰਲੀ ਅਸਥਿਰਤਾ ਆਦਿ ਸਭ ਸੰਕਟ ਦੇ ਅਧੀਨ ਆਉਂਦੇ ਹਨ। ਸੰਕਟ ਸਮਾਜ ਵਿਚਲੀ ਗਤੀਸ਼ੀਲਤਾ ਨੂੰ ਪ੍ਰੇਰਿਤ ਕਰਨ ਵਾਲੀ ਪ੍ਰਕਿਰਿਆ ਹੈ। ਸਮਾਜ ਵਿੱਚ ਲਗਾਤਾਰ ਵਾਪਰਦੀਆਂ ਘਟਨਾਵਾਂ ਸਮਾਜ 'ਚ ਅਸੰਤੁਲਨ ਪੈਦਾ ਕਰਦੀਆਂ ਹਨ। ਮਨੁੱਖ ਇਨ੍ਹਾਂ ਪਰਿਸਥਿਤੀਆਂ ਦੁਆਰਾ ਪੈਦਾ ਹੋਏ ਸੰਕਟ ਨੂੰ ਆਪਣੇ ਪਿੰਡੇ ਉੱਪਰ ਹੰਢਾਉਂਦਾ ਸੰਕਟ 'ਚੋਂ ਨਿਕਲਣ ਲਈ ਅਣਥੱਕ ਯਤਨ ਕਰਦਾ ਨਵਾਂ ਗਿਆਨ ਪ੍ਰਾਪਤ ਕਰਦਾ ਹੈ, ਇਸ ਗਿਆਨ ਰਾਹੀਂ ਸੰਕਟ ਹੱਲ ਦਾ ਉੱਦਮ ਕਰਦਾ ਹੈ। ਕਿਸਾਨ ਹਮੇਸ਼ਾ ਤੋਂ ਹੀ ਅੰਨ ਪੈਦਾ ਕਰਦਾ ਆਇਆ ਹੈ। ਇਸੇ ਕਰ ਕੇ ਉਸ ਦੀ ਜ਼ਿੰਦਗੀ ਹਮੇਸ਼ਾ ਹੀ ਸਖ਼ਤ ਮਿਹਨਤ ਭਰੀ ਰਹੀ ਹੈ। ਸਖ਼ਤ ਮਿਹਨਤ ਕਰਨ ਦੇ ਬਾਅਦ ਵੀ ਉਸ ਨੂੰ ਪਤਾ ਨਹੀਂ ਹੁੰਦਾ ਕਿ ਉਸ ਨੂੰ ਆਪਣੀ ਮਿਹਨਤ ਦਾ ਪੂਰਾ ਮੁੱਲ ਮਿਲੇਗਾ ਵੀ ਜਾਂ ਨਹੀਂ। ਕਿਸਾਨ ਦੀ ਸਾਰੀ ਫ਼ਸਲ ਕੁਦਰਤ ਦੇ ਹੱਥ ਵਿੱਚ ਹੁੰਦੀ ਹੈ। ਫ਼ਸਲ ਦੀ ਬਿਜਾਈ ਤੋਂ ਲੈ ਕੇ ਕਟਾਈ

ਤੱਕ ਕਿਸਾਨ ਨੂੰ ਹਰ ਪਾਸਿਉਂ ਖ਼ਤਰਾ ਹੀ ਹੁੰਦਾ ਹੈ। ਜੇਕਰ ਇਸ ਵਾਰ ਮੀਂਹ ਨਾ ਪਿਆ ਤਾਂ ਫ਼ਸਲ ਸੁੱਕ ਜਾਵੇਗੀ। ਫਿਰ ਮੀਂਹ ਵਧੇਰੇ ਪਿਆ ਤਾਂ ਫ਼ਸਲ ਕਿਤੇ ਡੁੱਬ ਹੀ ਨਾ ਜਾਵੇ। ਪੱਕੀ ਫ਼ਸਲ ਦੇ ਦੌਰਾਨ ਮੀਂਹ ਜਾਂ ਗੜ੍ਹੇ ਪੈ ਗਏ ਤਾਂ ਸਾਰੀ ਮਿਹਨਤ ਬੇਕਾਰ ਹੋ ਜਾਵੇਗੀ। ਕੋਈ ਬਿਮਾਰੀ ਫ਼ਸਲ ਨੂੰ ਪੈ ਗਈ ਤਾਂ ਸਾਰੀ ਫ਼ਸਲ ਬਰਬਾਦ ਹੋ ਜਾਵੇਗੀ। ਇਸ ਕਰ ਕੇ ਕਿਸਾਨ ਦਾ ਜੀਵਨ ਸਖ਼ਤ ਮਿਹਨਤ ਮੁਸ਼ਕਲਾਂ ਅਤੇ ਖ਼ਤਰਿਆਂ ਨਾਲ ਭਰਿਆ ਹੁੰਦਾ ਹੈ।

"ਧਰਤੀ ਜੇਡ ਗ਼ਰੀਬ ਨਾ ਕੋਈ, ਇੰਦਰ ਜੇਡ ਨਾ ਦਾਤਾ।
ਬ੍ਰਹਮਾ ਜੇਡ ਨਾ ਪੰਡਤ ਕੋਈ, ਸੀਤਾ ਜੇਡ ਨਾ ਮਾਤਾ।
ਲੱਛਮਣ ਜੇਡ ਜਤੀ ਨਾ ਕੋਈ, ਰਾਮ ਜੇਡ ਨਾ ਭਰਾਤਾ।
ਬਾਬੇ ਨਾਨਕ ਜੇਡ ਭਗਤ ਨਾ ਕੋਈ, ਜਿਨ ਹਰ ਕਾ ਨਾਮ ਪਛਾਤਾ।
ਦੁਨੀਆ ਮਾਣ ਕਰਦੀ, ਰੱਬ ਸਭਨਾਂ ਦਾ ਦਾਤਾ।" (ਜੋਸ਼ੀ, "ਪੰਜਾਬੀ ਅਧਿਐਨ ਤੇ ਅਧਿਆਪਨ ਬਦਲਦੇ ਪਰਿਪੇਖ" 223)

ਕਿਸਾਨ ਦੀ ਜ਼ਿੰਦਗੀ ਕਿੰਨੀ ਔਖੀ ਅਤੇ ਕਿੰਨੀ ਮਿਹਨਤ ਕਰਨੀ ਪੈਂਦੀ ਹੈ। ਆਮ ਕਿਸਾਨ ਦਾ ਦਿਨ ਗੁਰਦੁਆਰੇ ਦੇ ਪਾਠੀ ਸਿੰਘ ਦੇ ਬੋਲਣ ਨਾਲ ਹੀ ਆਰੰਭ ਹੋ ਜਾਂਦਾ ਹੈ। ਰਾਤ ਦੇ ਪਹਿਰ ਰਹਿੰਦਿਆਂ ਹੀ ਕਿਸਾਨ ਹਵੇਲੀਓ ਖੇਤਾਂ ਵੱਲ ਨੂੰ ਤੁਰ ਪੈਂਦੇ ਹਨ। ਰੁੱਤ ਭਾਵੇਂ ਸਿਆਲਾਂ ਦੀ ਹੋਵੇ ਜਾਂ ਗਰਮੀਆਂ ਦੀ ਉਸ ਦੇ ਕਾਰਜ ਉੱਪਰ ਕੋਈ ਵੀ ਅਸਰ ਨਹੀਂ ਪੈਂਦਾ। ਸ਼ਾਮਾਂ ਪੈਣ ਤੱਕ ਉਹ ਇੱਕ ਭਰਵਾਂ ਜੋਤਾਂ ਲਾਉਂਦਾ ਹੈ। ਹੁਣ ਤੱਕ ਕਿਸਾਨ ਨਿਰਨੇ ਕਾਲਜੇ ਭਾਵ ਭੁੱਖਣ-ਭਾਣੇ ਹੀ ਕੰਮ ਕਰ ਰਿਹਾ ਸੀ। ਰੋਟੀ ਖਾਣ ਤੋਂ ਬਾਅਦ ਉਹ ਇੱਕ ਝੱਟ ਹੋਰ ਲਾ ਕੇ ਖੇਤੀ ਦਾ ਕੰਮ ਕਰਦਾ ਹੈ। ਦੁਪਹਿਰ ਹੋਣ ਤੱਕ ਕਿਸਾਨ ਆਪ ਭਾਵੇਂ ਨਾ ਥੱਕਿਆ ਹੋਵੇ ਪਰ ਉਸ ਦੇ ਬਲਦ ਜ਼ਰੂਰ ਥੱਕ ਜਾਂਦੇ ਹਨ। ਕਿਸਾਨ ਆਪਣੇ ਥੱਕੇ ਬਲਦਾਂ ਨੂੰ ਸਾਹ ਦੁਆਉਣ ਲਈ ਕੰਮ ਬੰਦ ਕਰ ਦਿੰਦਾ ਹੈ। ਪਰ ਉਹ ਆਪ ਆਰਾਮ ਨਹੀਂ ਕਰਦਾ। ਕਿਉਂਕਿ ਉਸ ਨੇ ਆਪਣੇ ਬਲਦਾਂ ਲਈ ਪੱਠਿਆਂ ਦਾ ਇੰਤਜ਼ਾਮ ਵੀ ਕਰਨਾ ਹੁੰਦਾ ਹੈ। ਇਸੇ ਕਰ ਕੇ ਹੀ ਕਿਸਾਨੀ ਜੀਵਨ ਨਾਲ ਸੰਬੰਧਿਤ ਕਹਾਵਤ ਪ੍ਰਚਲਿੱਤ ਹੈ ਜਿਵੇਂ:

"ਜੱਟਾਂ ਤੇਰੀ ਜੂਨ ਬੁਰੀ, ਹੱਲ ਛੱਡ ਕੇ ਚਰੀ ਨੂੰ ਜਾਣਾ।"

(ਸਾਧਾਰਨ ਕਿਸਾਨਾਂ ਦੁਆਰਾ ਉਚਾਰੇ ਗਏ ਬੋਲ)

ਬਲਦਾਂ ਮੱਝਾਂ ਦੇ ਪੱਠਿਆਂ ਦਾ ਪ੍ਰਬੰਧ ਕਰ ਕੇ ਕੁੱਝ ਵਿਹਲਾ ਹੁੰਦਾ ਹੈ ਉਦੋਂ ਤੱਕ ਦੁਪਹਿਰ ਦੀ ਰੋਟੀ ਦਾ ਸਮਾਂ ਹੋ ਚੁੱਕਾ ਹੁੰਦਾ ਹੈ। ਜਦੋਂ ਹਾੜੀ ਸਾਉਣੀ ਸਮੇਂ ਕੰਮ ਦਾ ਵਧੇਰੇ ਜ਼ੋਰ ਹੁੰਦਾ ਹੈ ਤਾਂ ਕਿਸਾਨ ਦੁਪਹਿਰ ਦੀ ਰੋਟੀ ਖਾਣੀ ਵੀ ਭੁੱਲ ਜਾਂਦੇ ਹਨ। ਜਦੋਂ ਕੰਮ ਦਾ ਵਧੇਰੇ ਜ਼ੋਰ ਹੋਵੇ ਤਾਂ ਘਰ ਦੀਆਂ ਸੁਆਣੀਆਂ ਕਿਸਾਨਾਂ ਦੀ ਰੋਟੀ ਲੈ ਕੇ ਆਪ ਖੇਤ ਪਹੁੰਚ ਜਾਂਦੀਆਂ ਹਨ। ਰੋਟੀ ਖਾਣ ਤੋਂ ਬਾਅਦ ਕਿਸਾਨ ਕੁੱਝ ਸਮਾਂ ਆਰਾਮ ਕਰਦਾ ਅਤੇ ਫਿਰ ਆਪਣੇ ਕੰਮ ਵਿੱਚ ਮਸਤ ਹੋ ਜਾਂਦਾ ਹੈ ਜੋ ਸੂਰਜ ਦੇ ਛਿਪਣ ਤੱਕ ਲਗਾਤਾਰ ਜਾਰੀ ਰਹਿੰਦਾ ਹੈ। ਬਲਦਾਂ ਨੂੰ ਵਾੜੇ ਵਿੱਚ ਬੰਨ੍ਹਣ ਤੋਂ ਬਾਅਦ ਉਹ ਮੱਝਾਂ ਦੇ ਖਾਣ ਪੀਣ ਦਾ ਪ੍ਰਬੰਧ ਵੀ ਕਰਦਾ ਹੈ। ਇੰਨੀ ਮਿਹਨਤ ਮੁੱਸ਼ਕਤ ਸ਼ਾਇਦ ਹੀ ਕਿਸੇ ਹੋਰ ਧੰਦੇ ਵਿੱਚ ਹੋਵੇ। ਸਮਕਾਲੀ ਦੌਰ ਦੇ ਕਿਸਾਨਾਂ ਨਾਲੋਂ ਪਹਿਲਾ

ਦੇ ਕਿਸਾਨਾਂ ਦੀ ਹਾਲਤ ਬਹੁਤ ਬੁਰੀ ਸੀ ਕਿਉਂਕਿ ਉਸ ਸਮੇਂ ਖੂਹਾਂ ਤੋਂ ਪਾਣੀ ਭਰਨ ਲਈ ਇੰਜਣ ਜਾਂ ਮੋਟਰ ਨਹੀਂ ਸਨ ਅਤੇ ਕਣਕਾਂ ਦੀ ਗਹਾਈ ਬਲਦਾਂ ਦੇ ਮਗਰ ਫਾਲੇ ਬੰਨ੍ਹ ਕੇ ਕੀਤੀ ਜਾਂਦੀ ਸੀ।

"ਪਿੰਡ 'ਚ ਕੀਤੇ ਜਾਂਦੇ ਅਨੇਕ ਰਵਾਇਤੀ ਕੰਮਕਾਰਾਂ ਜਿਨ੍ਹਾਂ ਦਾ ਰੂਪ ਲੋਕ ਧੰਦੇ ਸੀ। ਕੰਮਕਾਰਾਂ ਤੋਂ ਬਿਨਾਂ ਰਵਾਇਤੀ ਅਤੇ ਪਰੰਪਰਾਗਤ ਖੇਤੀ ਦਾ ਗਿਆਨ ਵੀ ਹੁੰਦਾ ਹੈ। 70ਵਿਆਂ ਤੋਂ ਪੂਰਵ ਖੇਤੀ 'ਚ ਸਾਮੰਤੀ ਰਿਸ਼ਤੇ ਸਨ ਜਿਸ ਕਾਰਨ ਗ਼ੁਰਬਤ ਦਾ ਪਾਸਾਰਾ ਸੀ। ਇਸ ਦੇ ਬਾਵਜੂਦ ਰਿਸ਼ਤੇ ਅਤੇ ਭਾਈਚਾਰਕ ਸਾਂਝ/ਸਬੰਧ ਪੀਡੇ ਹੋਣ ਕਾਰਨ ਜ਼ਿੰਦਗੀ ਦਾ ਗੁਜ਼ਰ ਬਸਰ ਹੋ ਰਿਹਾ ਸੀ। ਸਾੜਾ-ਕੀਨਾ, ਨਫ਼ਰਤ ਘੱਟ ਸੀ। ਤਤਕਾਲੀ ਸਮਾਜ 'ਚ ਸਭ ਰਿਸ਼ਤੇ ਇੱਕ ਦੂਜੇ ਤੇ ਨਿਰਭਰ ਸਨ ਅਤੇ ਇੱਕ ਦੂਜੇ ਦੇ ਪੂਰਕ ਸਨ।" (ਬਰਾੜ, "ਪੰਜਾਬੀ ਨਾਵਲ: ਸਮਾਜ ਸ਼ਾਸਤਰੀ ਪਰਿਪੇਖ" 36)

ਸਮਕਾਲੀ ਦੌਰ ਨਾਲੋਂ ਵਧੇਰੇ ਪੰਜਾਬੀ ਕਿਸਾਨ ਦਾ ਜੀਵਨ ਮਿਹਨਤ ਅਤੇ ਮੁਸ਼ਕਲਾਂ ਭਰਿਆ ਸੀ। ਪੰਜਾਬੀ ਕਿਸਾਨ ਦੇ ਸਾਲ ਭਰ ਦੇ ਕੰਮਾਂ ਬਾਰੇ ਜਾਣਕਾਰੀ ਲੈਣ ਲਈ ਸਾਲ ਦੇ ਬਾਰਾਂ ਮਹੀਨਿਆਂ 'ਤੇ ਇੱਕ ਝਾਤ ਮਾਰਦੇ ਹਾਂ:

ਪੰਜਾਬ ਦੇ ਦੇਸੀ ਮਹੀਨਿਆਂ 'ਚੋਂ ਪਹਿਲਾ ਮਹੀਨਾ ਚੇਤਰ ਹੈ। ਜਿਸ ਦਿਨ ਮਹੀਨਾ ਆਰੰਭ ਹੁੰਦਾ ਹੈ ਉਸ ਦਿਨ ਨੂੰ ਸੰਗਰਾਂਦ ਆਖਦੇ ਹਨ। ਬਹੁਤ ਸਾਰੇ ਪਿੰਡਾਂ ਕਸਬਿਆਂ 'ਚ ਸੰਗਰਾਂਦ ਵਾਲੇ ਦਿਨ ਖ਼ਾਸ ਕਰ ਮਾਲਵੇ ਇਲਾਕੇ 'ਚ ਹੱਲ ਨਹੀਂ ਸਨ ਜੋੜੇ ਜਾਂਦੇ। ਇਸ ਤਰ੍ਹਾਂ ਕਰਨ ਨਾਲ ਮਹੀਨੇ 'ਚ ਇੱਕ ਦਿਨ ਕਿਸਾਨਾਂ ਨੂੰ ਆਰਾਮ ਮਿਲ ਜਾਂਦਾ ਸੀ। ਇਸ ਮਹੀਨੇ ਕਣਕ ਆਪਣੇ ਪੂਰੇ ਜੋਬਨ 'ਤੇ ਹੁੰਦੀ ਹੈ ਅਤੇ ਕਣਕਾਂ ਨੂੰ ਆਖ਼ਰੀ ਪਾਣੀ ਲਾਇਆ ਜਾਂਦਾ ਸੀ। ਕਿਸਾਨ ਲਹਿਰਾਉਂਦੀਆਂ ਫ਼ਸਲਾਂ ਨੂੰ ਦੇਖ ਕੇ ਖ਼ੁਸ਼ ਹੁੰਦੇ ਹਨ ਪਰ ਨਾਲ ਹੀ ਉਨ੍ਹਾਂ ਦੇ ਮਨ 'ਚ ਡਰ ਵੀ ਬੈਠਦਾ ਹੈ ਕਿ ਕਿਤੇ ਮੀਂਹ ਹਨ੍ਹੇਰੀ ਨਾਲ ਫ਼ਸਲ ਖ਼ਰਾਬ ਨਾ ਹੋ ਜਾਵੇ। ਚੇਤਰ 'ਚ ਆ ਕੇ ਪਿਛਲੇ ਸਾਲ ਵਾਲੀ ਫ਼ਸਲ ਖ਼ਤਮ ਹੋ ਚੁੱਕੀ ਹੁੰਦੀ ਅਤੇ ਮੀਂਹ ਹਨ੍ਹੇਰੀ ਨਾਲ ਨਵੀਂ ਫ਼ਸਲ ਖ਼ਰਾਬ ਹੋਣ ਕਾਰਨ ਕਿਸਾਨਾਂ ਦਾ ਮਨ ਉਦਾਸ ਹੁੰਦਾ। ਸਿਆਣਿਆਂ ਨੇ ਚੇਤਰ ਨੂੰ ਕਾਲ ਦੀ ਨਿਸ਼ਾਨੀ ਦੱਸਿਆ ਹੈ। ਸਿਆਣੇ ਆਮ ਹੀ ਇਸ ਅਖਾਣ ਦੀ ਵਰਤੋਂ ਕਰਦੇ ਹਨ,

"ਵੱਸੇ ਚੇਤ, ਨਾ ਘਰ ਨਾ ਖੇਤ"

(ਸਾਧਾਰਨ ਕਿਸਾਨਾਂ ਦੇ ਮੂੰਹੋਂ ਨਿਕਲੇ ਬੋਲ)

ਜਿਵੇਂ:

"ਚੇਤਰ ਦੇ ਦਿਨ ਖੁੱਲ੍ਹੇ ਡੁੱਲ੍ਹੇ,
ਨਾ ਗਰਮੀ ਨਾ ਠਾਰੀ।
ਭਰ ਜੋਬਨ ਵਿਚ ਕਣਕ ਝੂਲਦੀ,
ਲੱਗਦੀ ਬਹੁਤ ਪਿਆਰੀ।" (ਦਾਊਂ (ਸੰਪਾ.), "ਪੰਜਾਬ ਦੀ ਕਿਰਸਾਨੀ ਦੀਆਂ ਬੋਲੀਆਂ" 18)

ਚੇਤਰ ਦੇ ਮਹੀਨੇ ਕਣਕਾਂ ਨੂੰ ਲੱਗਣ ਵਾਲਾ ਪਾਣੀ ਬਹੁਤ ਹੀ ਅਹਿਮ ਹੁੰਦਾ ਹੈ। ਸਿੰਚਾਈ ਲਈ ਬਿਜਲੀ ਰਾਤ ਨੂੰ ਮਿਲਣ ਕਾਰਨ ਕਿਸਾਨਾਂ ਨੂੰ ਸਾਰੀ-ਸਾਰੀ ਰਾਤ ਖੇਤ ਵਿਚ ਪਾਣੀ ਲਾਉਣ ਲਈ ਜਾਗਣਾ ਪੈਂਦਾ ਹੈ। ਜਿਹੜੇ ਕਿਸਾਨਾਂ ਨੇ ਗੰਨਾ ਬੀਜਿਆ ਹੁੰਦਾ ਹੈ ਉਨ੍ਹਾਂ ਲਈ ਇਹ ਮਹੀਨਾ ਵਧੇਰੇ ਰੁਝੇਵਿਆਂ ਭਰਿਆ ਹੁੰਦਾ ਹੈ। ਕਿਸਾਨਾਂ ਦੀ ਹਰ ਸੰਭਵ ਕੋਸ਼ਿਸ਼ ਹੁੰਦੀ ਹੈ ਕਿ ਹਰ ਹੀਲੇ ਵਸੀਲੇ ਉਹ ਆਪਣੀ ਫ਼ਸਲ ਨੂੰ ਕੰਢੇ ਲਾ ਲਵੇ ਅਤੇ ਅਗਲੇ ਮਹੀਨੇ ਕਣਕ ਦੀ ਵਾਢੀ ਲਈ ਤਿਆਰ ਹੋ ਜਾਵੇ।

ਵਿਸਾਖ ਦਾ ਮਹੀਨਾ ਆਰੰਭ ਹੁੰਦਿਆਂ ਹੀ ਗਰਮੀ ਪੈਣੀ ਆਰੰਭ ਹੋ ਜਾਂਦੀ ਹੈ। ਇਸੇ ਮਹੀਨੇ ਅੰਬਾਂ ਦਾ ਬੂਰ ਪੱਕਣਾ ਆਰੰਭ ਹੋ ਜਾਂਦਾ ਹੈ। ਬੇਰੀਆਂ ਅਤੇ ਤੂਤ ਪੱਕਣ ਕਾਰਨ ਫਲਾਂ ਦੀ ਬਹਾਰ ਆ ਜਾਂਦੀ ਹੈ। ਵਿਸਾਖ ਦਾ ਮਹੀਨਾ ਕਿਸਾਨੀ ਜ਼ਿੰਦਗੀ 'ਚ ਅਤਿ ਮਹੱਤਵਪੂਰਨ ਮਹੀਨਾ ਹੁੰਦਾ ਹੈ ਕਿਉਂਕਿ ਇੱਕ ਤਾਂ ਇਸ ਮਹੀਨੇ ਸਿੱਖਾਂ ਦੇ ਦਸਵੇਂ ਗੁਰੂ, ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਸਾਹਿਬ ਵਿਖੇ ਖ਼ਾਲਸਾ ਪੰਥ ਦੀ ਸਥਾਪਨਾ ਕੀਤੀ ਸੀ।

> "ਇਸ ਮਹੀਨੇ ਵਿਸਾਖੀ ਦਾ ਤਿਉਹਾਰ ਬਹੁਤ ਹੀ ਧੂਮ ਧਾਮ ਨਾਲ ਮਨਾਇਆ ਜਾਂਦਾ ਹੈ। ਇਸ ਮਹੀਨੇ ਜਦੋਂ ਕਿਰਸਾਨ ਆਪਣੀ ਕਣਕ ਦੇ ਸੁਨਹਿਰੀ ਸਿੱਟਿਆਂ ਨੂੰ ਵੇਖਦਾ ਹੈ ਤਾਂ ਉਸ ਦਾ ਮਨ ਹੁਲਾਰੇ ਵਿੱਚ ਆ ਜਾਂਦਾ ਹੈ। ਉਸ ਦੀ ਖ਼ੁਸ਼ੀ ਦਾ ਪ੍ਰਗਟਾਵਾ ਭੰਗੜੇ ਦੇ ਰੂਪ ਵਿੱਚ ਰੂਪਮਾਨ ਹੁੰਦਾ ਹੈ। ਇਹ ਨਾਚ ਭਾਵੇਂ ਹਰ ਖ਼ੁਸ਼ੀ ਦੇ ਮੌਕੇ ਤੇ ਨੱਚਿਆ ਜਾਂਦਾ ਹੈ ਪਰ ਇਸ ਦਾ ਅਤੁੱਟ ਸੰਬੰਧ ਵਿਸਾਖੀ ਦੇ ਤਿਉਹਾਰ ਨਾਲ ਜੁੜਿਆ ਹੋਇਆ ਹੈ।" (ਮਾਦਪੁਰੀ, "ਮਹਿਕ ਪੰਜਾਬ ਦੀ" 65)

ਜਿਵੇਂ:

"ਆਈ ਵਿਸਾਖੀ ਯਾਰੋ ਸਾਡੀ,
ਨਵੀਆਂ ਲੈ ਕੇ ਅਸਾਂ।
ਕਣਕਾਂ ਦੇ ਭਰ ਜਾਣੇ ਕੋਠੇ,
ਜਾਵਣ ਪੁੱਗ ਧਰਾਸਾਂ। " (ਦਾਊਂ (ਸੰਪਾ.), "ਪੰਜਾਬ ਦੀ ਕਿਰਸਾਨੀ ਦੀਆਂ ਬੋਲੀਆਂ" 21)

ਦੂਸਰਾ ਫ਼ਸਲ ਪੱਕ ਕੇ ਕਟਾਈ ਲਈ ਤਿਆਰ ਹੁੰਦੀ ਹੈ ਅਤੇ ਫ਼ਸਲ ਪੱਕਣ ਦੀ ਖ਼ੁਸ਼ੀ 'ਚ ਗੱਭਰੂ ਅਤੇ ਮੁਟਿਆਰਾਂ ਗਿੱਧਾ ਭੰਗੜਾ ਪਾ ਕੇ ਆਪਣੀ ਖ਼ੁਸ਼ੀ ਨੂੰ ਪ੍ਰਗਟ ਕਰਦੇ ਹਨ। ਜਿਵੇਂ:

"ਕਣਕਾਂ ਦੇ ਮੂੰਹ ਤੇ ਆ ਗਈ ਲਾਲੀ
ਖ਼ੁਸ਼ੀਆਂ ਭਰੇ ਕਿਨਾਰੇ
ਜਿਉਂ ਗਿੱਧੇ ਵਿਚ ਨੱਚਣ ਕੁੜੀਆਂ

ਫ਼ਸਲਾਂ ਲੈਣ ਹੁਲਾਰੇ

ਭੰਗੜਾ ਪਾ ਮੁੰਡਿਆ

ਤੈਨੂੰ ਕਣਕ ਸੈਨਤਾਂ ਮਾਰੇ।" (ਜੋਸ਼ੀ, "ਪੰਜਾਬੀ ਅਧਿਐਨ ਤੇ ਅਧਿਆਪਨ ਬਦਲਦੇ ਪਰਿਪੇਖ" 266)

ਕਿਸਾਨ ਵਿਸਾਖੀ ਤੋਂ ਦੂਜੇ ਦਿਨ ਖ਼ੁਸ਼ੀ 'ਚ ਨੱਚਦੇ ਗਾਉਂਦੇ ਢੋਲ ਦੇ ਡੱਗੇ ਉੱਪਰ ਝੂਮਦੇ ਪੱਕੀ ਕਣਕ ਨੂੰ ਦਾਤੀ ਪਾਉਂਦੇ ਹਨ। ਕਿਸਾਨਾਂ ਨੂੰ ਖੇਤਾਂ ਵਿੱਚ ਸੋਨੇ ਵਾਂਗ ਵਿਖਰੀ ਕਣਕ ਨੂੰ ਸਮੇਟਣ ਦੀ ਬਹੁਤ ਜਲਦੀ ਹੁੰਦੀ ਹੈ। ਮੀਂਹ ਅਤੇ ਹਨ੍ਹੇਰੀ ਕਾਰਨ ਕਿਤੇ ਉਸ ਦੀ ਫ਼ਸਲ ਖ਼ਰਾਬ ਨਾ ਹੋ ਜਾਵੇ ਕਿਸਾਨ ਦਿਨ ਰਾਤ ਖੇਤ ਵਿੱਚ ਪਈ ਫ਼ਸਲ ਦੀ ਰਾਖੀ ਕਰਦਾ ਹੈ। ਵਿਸਾਖ ਦੇ ਮਹੀਨੇ ਹੁੰਦੀ ਕਣਕ ਦੀ ਕਟਾਈ ਸਾਰੇ ਪਿੰਡ ਲਈ ਰੁਝੇਵੇਂ ਭਰਪੂਰ ਹੁੰਦੀ ਹੈ। ਕਿਸਾਨ ਇਸ ਮਹੀਨੇ ਸਾਲ ਭਰ ਲਈ ਦਾਣੇ ਇਕੱਠੇ ਕਰ ਲੈਂਦੇ ਹਨ।

> "ਕੜਾਕੇ ਦੀ ਗਰਮੀ ਨੂੰ ਭੁੱਲ ਕੇ ਸਾਰਿਆ ਨੂੰ ਆਪਣੀਆਂ ਕੋਠੀਆਂ ਵਿੱਚ ਦਾਣੇ ਭਰਨ ਦੀ ਪਈ ਹੁੰਦੀ ਹੈ। ਕਣਕ ਦੀ ਕਟਾਈ ਅਤੇ ਗਹਾਈ ਦਾ ਕੰਮ ਸਭ ਤੋਂ ਔਖਾ ਹੈ ਕਿਉਂਕਿ ਇਹ ਕੜਕਦੀ ਧੁੱਪ ਵਿੱਚ ਕਰਨਾ ਪੈਂਦਾ ਹੈ। ਕਟਾਈ ਕਰਦਿਆਂ ਤਾਂ ਉੱਠ ਕੇ ਪਾਣੀ ਪੀਣ ਦੀ ਵੀ ਵਿਹਲ ਨਹੀਂ ਹੁੰਦੀ। ਪਿੰਡ ਦਾ ਝਿਊਰ ਆਪਣੇ ਮੋਢਿਆਂ ਉੱਤੇ ਪਾਣੀ ਦੀ ਮਸ਼ਕ ਚੁੱਕ ਕੇ ਖੇਤਾਂ ਵਿੱਚ ਹੀ ਕਿਸਾਨਾਂ ਨੂੰ ਪਾਣੀ ਪਿਲਾਉਣ ਦੀ ਸੇਵਾ ਕਰਦਾ ਸੀ। ਕਣਕ ਦੀ ਗਹਾਈ ਦੀਆਂ ਮਸ਼ੀਨਾਂ ਆਉਣ ਨਾਲ ਗਹਾਈ ਦਾ ਕੰਮ ਜਲਦੀ ਹੋਣ ਨਾਲ ਕਿਸਾਨਾਂ ਲਈ ਕੁੱਝ ਸੌਖਾ ਹੋ ਗਿਆ ਹੈ ਨਹੀਂ ਤਾਂ ਸਿਖ਼ਰ ਦੁਪਹਿਰ ਕੜਕਦੀ ਧੁੱਪ ਵਿੱਚ ਫਲੇ ਜੋੜ ਕੇ ਬਲਦਾਂ ਦੇ ਪਿੱਛੇ ਫਿਰਨਾ ਪੈਂਦਾ ਸੀ। ਧੜ ਲਾ ਕੇ ਹਵਾ ਦੀ ਉਡੀਕ ਵਿੱਚ ਦਾਣੇ ਅੱਡ ਕਰਨ ਲਈ ਖੜੇ ਰਹਿਣਾ ਪੈਂਦਾ ਸੀ। ਹਰ ਕਿਸਾਨ ਨੂੰ ਕਾਹਲੀ ਹੁੰਦੀ ਹੈ ਦਾਣੇ ਘਰ ਲੈ ਜਾਣ ਦੀ ਕਿਉਂਕਿ ਮੌਸਮ ਦਾ ਕੋਈ ਭਰੋਸਾ ਨਹੀਂ। ਹਾੜੀ ਦੀ ਫ਼ਸਲ ਸੰਭਾਲਣ ਦੇ ਨਾਲ-ਨਾਲ ਕਿਸਾਨ ਨੂੰ ਕਮਾਦ, ਸਬਜ਼ੀਆਂ ਦੀ ਗੁਡਾਈ ਤੇ ਉਨ੍ਹਾਂ ਦੀ ਸਿੰਚਾਈ ਦਾ ਖ਼ਿਆਲ ਵੀ ਰੱਖਣਾ ਪੈਂਦਾ ਸੀ। ਕਪਾਹ ਬੀਜਣ ਵਾਲਿਆਂ ਨੂੰ ਖੇਤ ਦੀ ਤਿਆਰੀ ਇਸ ਮਹੀਨੇ ਕਰਨੀ ਪੈਂਦੀ ਹੈ।" (ਰਣਜੀਤ ਸਿੰਘ, "ਪੰਜਾਬੀ ਕਿਸਾਨ ਜੀਵਨ ਤੇ ਸਭਿਆਚਾਰ" 25)

ਇਸੇ ਨਾਲ ਸੰਬੰਧਿਤ ਪੰਜਾਬੀ ਸਭਿਅਤਾ ਦੀ ਇੱਕ ਮਸ਼ਹੂਰ ਬੋਲੀ ਹੈ:

"ਮਾਲ ਵਾਸਤੇ ਚਰ੍ਹੀ ਬੀਜਦੇ,

ਵੱਢ ਨੂੰ ਪਾਣੀ ਲਾ ਕੇ।

ਬਲਦਾਂ ਖ਼ਾਤਰ ਸੰਨ੍ਹੀ ਕਰਨੀ,

ਛੋਲੇ ਲਿਉਣ ਦਲਾ ਕੇ।

ਉੱਠ ਨੂੰ ਪਾਣਾ ਪਿਉਣ ਵਾਸਤੇ,

ਰੱਖਣੇ ਜੌਂ ਪਿਹਾ ਕੇ।

ਕਣਕ ਗਾਹੁਣ ਦੀ ਕਰਨ ਤਿਆਰੀ,

ਭਾਰੀ ਫਲ੍ਹੇ ਬਣਾ ਕੇ।

ਕਾਰੀਗਰ ਕੋਲੋਂ,

ਸੰਦ ਲਿਉਣ ਬਣਵਾ ਕੇ।" (ਦਾਊਂ (ਸੰਪਾ.), "ਪੰਜਾਬ ਦੀ ਕਿਰਸਾਨੀ ਦੀਆਂ ਬੋਲੀਆਂ" 36)

ਪੰਜਾਬ ਖੇਤੀ ਪ੍ਰਧਾਨ ਰਾਜ ਹੈ। ਇਸੇ ਕਰ ਕੇ ਪੰਜਾਬ 'ਚ ਵਪਾਰ ਵੀ ਖੇਤੀ ਦੀ ਉਪਜ ਖ਼ਾਸ ਤੌਰ 'ਤੇ ਕਣਕ ਉੱਪਰ ਹੀ ਨਿਰਭਰ ਕਰਦਾ ਹੈ। ਇਸੇ ਕਰ ਕੇ ਬਹੁਤ ਸਾਰੇ ਦੁਕਾਨਦਾਰ ਸ਼ਾਹੂਕਾਰ ਵਿਸਾਖ ਦੇ ਮਹੀਨੇ ਆਉਣ ਵਾਲੀ ਕਣਕ ਦੀ ਫ਼ਸਲ ਦੇ ਨਾਲ-ਨਾਲ ਆਪਣੇ ਨਵੇਂ ਵਰ੍ਹੇ ਦਾ ਲੇਖਾ-ਜੋਖਾ ਵੀ ਆਰੰਭ ਕਰਦੇ ਹਨ। ਦੁਕਾਨਦਾਰ ਵਿਸਾਖ ਦੇ ਮਹੀਨੇ ਪਿਛਲੇ ਸਾਲ ਦਾ ਹਿਸਾਬ ਕਿਤਾਬ ਪੂਰਾ ਕਰ ਕੇ ਨਵਾਂ ਹਿਸਾਬ ਆਰੰਭ ਕਰਦੇ ਹਨ। ਵਿਸਾਖੀ ਦਾ ਤਿਉਹਾਰ ਸਾਡੇ ਦੇਸ਼ ਦੇ ਲੋਕਾਂ ਲਈ ਆਰਥਿਕ ਜ਼ਿੰਦਗੀ ਦਾ ਆਧਾਰ ਹੈ।

ਜੇਠ ਦਾ ਮਹੀਨਾ ਪੰਜਾਬ ਵਿੱਚ ਸਭ ਤੋਂ ਵਧੇਰੇ ਗਰਮੀ ਭਰਪੂਰ ਹੁੰਦਾ ਹੈ। ਇਸ ਮਹੀਨੇ ਵੀ ਕਿਸਾਨਾਂ ਨੂੰ ਕੋਈ ਆਰਾਮ ਜਾਂ ਵਿਹਲ ਨਹੀਂ ਹੁੰਦੀ। ਇਸ ਮਹੀਨੇ ਪੰਜਾਬ 'ਚ ਗਰਮ ਲੂੰਆ ਚੱਲਦੀਆਂ ਕਿਸਾਨਾਂ ਦੀ ਚਮੜੀ ਸਾੜ ਦਿੰਦੀਆਂ ਹਨ। ਇਸ ਮਹੀਨੇ ਦੀ ਗਰਮੀ ਕਾਰਨ ਫ਼ਸਲ ਸੁੱਕ ਅਤੇ ਸੜ ਜਾਂਦੀ ਹੈ। ਸੂਰਜ ਦੇ ਉਤਾਂਹ ਹੁੰਦਿਆਂ ਹੀ ਗਰਮੀ ਏਨੀ ਤੇਜ਼ ਹੋ ਜਾਂਦੀ ਹੈ ਕਿ ਸਿਆਣੇ ਆਖਦੇ ਹਨ,

"ਆਉਂਦੇ ਹੀ ਮਰ ਜਾਣਗੇ, ਜਿਹੜੇ ਜੇਠ ਪੈਣਗੇ ਰਾਹੇ।"

(ਸਾਧਾਰਨ ਕਿਸਾਨਾਂ ਦੁਆਰਾ ਉਚਾਰੇ ਗਏ ਬੋਲ)

ਇਸ ਮਹੀਨੇ ਪੰਜਾਬ 'ਚ ਠੰਡੇ ਪਾਣੀ ਅਤੇ ਕੱਚੀ ਲੱਸੀ ਦੀਆਂ ਛਬੀਲਾਂ ਲਗਾਈਆਂ ਜਾਂਦੀਆਂ ਹਨ। ਇਸ ਗਰਮੀ ਤੋਂ ਡਰਦਿਆਂ ਪੰਛੀ ਖੁੱਡਾਂ ਵਿੱਚ ਵੜਦੇ ਅਤੇ ਮੱਝਾਂ/ਗਾਂਵਾਂ ਦੁੱਧ ਸੁਕਾ ਜਾਂਦੀਆਂ ਹਨ। ਇਸੇ ਕਾਰਨ ਕਿਸਾਨਾਂ ਦੇ ਘਰਾਂ 'ਚ ਦੁੱਧ ਦੀ ਘਾਟ ਹੋ ਜਾਂਦੀ ਹੈ। ਵਧੇਰੇ ਗਰਮੀ ਦੇ ਚੱਲਦਿਆਂ ਕਈ ਵਾਰ ਹਨ੍ਹੇਰੀ ਵੀ ਆ ਜਾਂਦੀ ਹੈ। ਇਨ੍ਹਾਂ ਦਿਨਾਂ ਵਿੱਚ ਮਿੱਟੀ ਦੇ ਵਾਵਰੋਲੇ ਉੱਡਦੇ ਦਿਖਾਈ ਦਿੰਦੇ ਹਨ। ਬਹੁਤ ਵਾਰੀ ਰਾਜਸਥਾਨ ਦੀ ਪੀਲੀ ਰੇਤਲੀ ਮਿੱਟੀ ਹਵਾ 'ਚ ਉੱਡਦੀ ਹੋਈ ਪੰਜਾਬ ਦੀ ਹਵਾ ਵਿੱਚ ਰਲ ਜਾਂਦੀ ਜਿਸ ਕਾਰਨ ਪੰਜਾਬ ਵਿੱਚ ਕਈ-ਕਈ ਦਿਨ ਗਹਿਰ ਵਰਗਾ ਮਾਹੌਲ ਬਣਿਆ ਰਹਿੰਦਾ ਹੈ। ਇਹ ਗਹਿਰ ਪੰਜਾਬ ਦੇ ਜਨ ਜੀਵਨ ਨੂੰ ਬਹੁਤ ਪ੍ਰਭਾਵਿਤ ਕਰਦੀ ਹੈ। ਜਿਸ ਕਾਰਨ ਖ਼ਰਬੂਜ਼ਿਆਂ, ਟਮਾਟਰਾਂ ਅਤੇ ਫਲਾਂ ਸਬਜ਼ੀਆਂ ਦਾ ਵਧੇਰੇ ਨੁਕਸਾਨ ਹੁੰਦਾ ਹੈ। ਜੇਠ ਦੇ ਮਹੀਨੇ ਪੰਜਾਬ ਦੀਆਂ ਮੰਡੀਆਂ 'ਚ ਖ਼ੂਬ ਰੌਣਕਾਂ ਲੱਗਦੀਆਂ ਹਨ। ਹਨੇਰਾ ਹੋਣ ਤੱਕ ਕਣਕ ਨਾਲ ਲੱਦੇ ਹੋਏ ਟਰੈਕਟਰ ਟਰਾਲੀਆਂ ਵਹੀਰਾਂ ਦੇ ਰੂਪ ਵਿੱਚ ਮੰਡੀਆਂ 'ਚ ਪਹੁੰਚ ਜਾਂਦੇ ਹਨ। ਇਹ ਮਹੀਨਾ ਕੇਵਲ ਕਿਸਾਨਾਂ ਲਈ ਹੀ ਨਹੀਂ ਸਗੋਂ ਸਾਰੇ ਪੰਜਾਬੀਆਂ ਲਈ ਰੁਝੇਵੇਂ ਭਰਪੂਰ ਹੁੰਦਾ ਹੈ। ਜੇਠ ਦੇ ਮਹੀਨੇ ਕਿਸਾਨਾਂ ਨੂੰ ਕੋਈ ਆਰਾਮ

ਨਹੀਂ ਹੁੰਦਾ। ਸਗੋਂ ਸਾਰਾ ਮਹੀਨੇ ਕੰਮ ਹੀ ਕੰਮ। ਜਦੋਂ ਤੋਂ ਪੰਜਾਬ 'ਚ ਸਾਉਣੀ ਦੀ ਮੁੱਖ ਫ਼ਸਲ ਝੋਨਾ ਬਣ ਗਈ ਹੈ, ਤਦ ਤੋਂ ਹੀ ਕੰਮ ਹੋਰ ਵੀ ਵੱਧ ਗਿਆ ਹੈ। ਜੇਠ ਦੇ ਮਹੀਨੇ ਦੇ ਆਰੰਭ 'ਚ ਹੀ ਪਨੀਰੀ ਅਤੇ ਸਬਜ਼ੀ ਆਦਿ ਬੀਜਣੀ ਪੈਂਦੀ ਹੈ। ਬਹੁਤ ਸਾਰੇ ਕਿਸਾਨ ਤਾਂ ਅਗੇਤੀ ਮੱਕੀ ਦੀ ਬਿਜਾਈ ਕਰਦੇ ਹਨ। ਆਧੁਨਿਕ ਮਸ਼ੀਨੀਕਰਨ ਅਤੇ ਸਿੰਚਾਈ ਸਾਧਨਾਂ ਦੇ ਹੋਣ ਕਰ ਕੇ ਕਿਸਾਨਾਂ 'ਚ ਵਿਹਲ ਤਾਂ ਬਿਲਕੁਲ ਖ਼ਤਮ ਹੋ ਗਈ ਹੈ। ਜਿਸ ਸਮੇਂ ਅਮੀਰ ਲੋਕ ਆਪਣੇ ਘਰਾਂ ਵਿੱਚ ਆਰਾਮ ਕਰ ਰਹੇ ਹੁੰਦੇ ਹਨ ਤਾਂ ਉਸ ਸਮੇਂ ਕਿਸਾਨ ਵਿਚਾਰਾ ਆਪਣੇ ਖੇਤਾਂ ਵਿੱਚ ਮਿੱਟੀ ਨਾਲ ਮਿੱਟੀ ਹੋ ਰਿਹਾ ਹੁੰਦਾ ਹੈ। ਇਸ ਮਹੀਨੇ ਇਕਾਦਸ਼ੀ ਦੇ ਦਿਨ ਥਾਂ-ਥਾਂ ਮੇਲੇ ਮਨਾਏ ਜਾਂਦੇ ਹਨ। ਜੇਠ ਮਹੀਨੇ ਦੇ ਅੰਤ ਤੱਕ ਆਉਂਦਿਆਂ ਹਾੜ੍ਹੀ ਦੀ ਫ਼ਸਲ ਦੀ ਸਾਂਭ ਸੰਭਾਲ ਹੋ ਜਾਂਦੀ। ਕਿਸਾਨਾਂ ਦੇ ਘਰਾਂ ਵਿੱਚ ਦਾਣੇ ਆ ਜਾਂਦੇ ਅਤੇ ਕਿਸਾਨਾਂ ਦੀਆਂ ਜੇਬਾਂ ਵਿੱਚ ਪੈਸੇ ਆ ਜਾਂਦੇ। ਇਸੇ ਕਰ ਕੇ ਕਿਸਾਨਾਂ ਦੇ ਘਰਾਂ ਵਿੱਚ ਵਿਆਹ ਸ਼ਾਦੀਆਂ ਦਾ ਦੌਰ ਆਰੰਭ ਹੋ ਜਾਂਦਾ। ਪੰਜਾਬ 'ਚ ਆਰਥਿਕਤਾ ਦਾ ਮੂਲ ਆਧਾਰ ਖੇਤੀਬਾੜੀ ਹੈ। ਜੇਕਰ ਫ਼ਸਲ ਖ਼ਰਾਬ ਹੋ ਜਾਵੇ ਤਾਂ ਕਿਸਾਨ ਦੀ ਆਰਥਿਕ ਹਾਲਤ ਬਹੁਤ ਮਾੜੀ ਹੋ ਜਾਂਦੀ ਹੈ।

ਜੇਠ ਤੋਂ ਬਾਅਦ ਹਾੜ ਦੇ ਮਹੀਨੇ ਦਾ ਆਰੰਭ ਹੁੰਦਾ ਹੈ। ਇਸੇ ਮਹੀਨੇ ਦੇ ਆਰੰਭ ਹੋਣ ਨਾਲ ਸਾਉਣੀ ਦੀਆਂ ਫ਼ਸਲਾਂ ਦੀ ਬਿਜਾਈ ਆਰੰਭ ਹੋ ਜਾਂਦੀ ਹੈ। ਝੋਨੇ ਦੀ ਲੁਆਈ ਦਾ ਕੰਮ ਸਭ ਤੋਂ ਔਖਾ ਹੁੰਦਾ ਹੈ। ਇੰਨੀ ਧੁੱਪ ਵਿਚ ਖੇਤਾਂ 'ਚ ਪਾਣੀ ਪਾ ਕੇ ਕੱਦੂ ਕਰਨਾ ਹੁੰਦਾ ਹੈ। ਸਾਰਾ ਸਾਰਾ ਦਿਨ ਝੋਨੇ ਦੀ ਲੁਆਈ ਕਰਦਿਆਂ ਕਿਸਾਨਾਂ ਦੇ ਲੱਕ ਦੋਹਰੇ ਹੋ ਜਾਂਦੇ ਹਨ। ਸਾਰਾ ਦਿਨ ਝੋਨੇ ਦੇ ਪਾਣੀ ਵਿੱਚ ਰਹਿਣ ਕਾਰਨ ਕਿਸਾਨਾਂ ਦੇ ਪੈਰ ਗਲ੍ਹ ਜਾਂਦੇ ਅਤੇ ਖੇਤਾਂ ਵਿੱਚ ਜੋਕਾਂ ਹੋਣ ਕਾਰਨ ਉਨ੍ਹਾਂ ਦਾ ਖ਼ੂਨ ਚੂਸ ਲੈਂਦੀਆਂ ਹਨ। ਜਿਵੇਂ

"ਜੱਟਾਂ ਤੇਰੀ ਜੂਨ ਬੁਰੀ
ਪਾਟਿਆ ਸਿਰ ਤੇ ਦੁਪੱਟਾ ਤੇਰਾ"

(ਪਿੰਡ ਦੇ ਕਿਸਾਨਾਂ ਦੁਆਰਾ ਖੇਤੀ ਦੇ ਕੰਮ ਕਾਜ ਸਮੇਂ ਉਚਾਰੇ ਗਏ ਬੋਲ)

ਮੱਕੀ ਅਤੇ ਸਾਉਣੀ ਦੀਆਂ ਹੋਰ ਫ਼ਸਲਾਂ ਦੀ ਬਿਜਾਈ ਇਸੇ ਮਹੀਨੇ ਵਿੱਚ ਹੀ ਕੀਤੀ ਜਾਂਦੀ ਹੈ। ਝੋਨੇ ਦੀ ਫ਼ਸਲ ਲਈ ਪਾਣੀ ਦੀ ਵਧੇਰੇ ਜ਼ਰੂਰਤ ਹੁੰਦੀ ਹੈ, ਬਿਜਲੀ ਦਾ ਕੋਈ ਭਰੋਸਾ ਨਾ ਹੋਣ ਕਾਰਨ ਬਿਜਲੀ ਕਦੇ ਰਾਤ ਨੂੰ ਆਉਂਦੀ ਹੈ ਅਤੇ ਕਦੇ ਦਿਨ ਨੂੰ। ਸਾਰਾ ਦਿਨ ਧੁੱਪ 'ਚ ਕੰਮ ਕਰਦੇ ਅਤੇ ਸਾਰੀ ਸਾਰੀ ਰਾਤ ਸੱਪਾਂ ਦੀਆਂ ਸਿਰੀਆਂ ਪੈਰਾਂ ਹੇਠ ਦਿੰਦੇ ਕਿਸਾਨ ਆਪਣੀ ਫ਼ਸਲ ਪਾਲਦੇ ਹਨ। ਇਹੀ ਕਿਸਾਨ ਦੀ ਘਾਲਣਾ ਹੈ। ਇਸ ਮਹੀਨੇ ਅੱਤ ਦੀ ਗਰਮੀ ਹੋ ਜਾਂਦੀ ਹੈ ਪਰ ਹਰ ਸਮੇਂ ਕਿਸਾਨ ਮੀਂਹ ਦੀ ਉਡੀਕ ਕਰਦੇ ਹਨ। ਇਸ ਮਹੀਨੇ ਮੀਂਹ ਪਵਾਉਣ ਲਈ ਯੱਗ ਕੀਤੇ ਜਾਂਦੇ ਹਨ। ਕੰਜਕਾਂ ਬਿਠਾਈਆ ਜਾਂਦੀਆਂ ਹਨ ਤਾਂ ਕਿ ਮੀਂਹ ਪੈ ਜਾਵੇ ਇਸ ਮਹੀਨੇ ਬੱਚੇ ਗੀਤ ਵੀ ਗਾਉਂਦੇ ਹਨ, ਜਿਵੇਂ:

"ਰੱਬਾ ਰੱਬਾ ਮੀਂਹ ਵਰਸਾ, ਸਾਡੀ ਕੋਠੀ ਦਾਣੇ ਪਾ"

(ਸਾਧਾਰਨ ਕਿਸਾਨੀ ਜੀਵਨ ਦੀ ਪੇਸ਼ਕਾਰੀ)

ਸਾਉਣ ਦਾ ਮਹੀਨਾ ਆਉਂਦਿਆਂ ਹੀ ਖ਼ੁਸ਼ੀਆਂ ਆਉਣੀਆਂ ਆਰੰਭ ਹੋ ਜਾਂਦੀਆਂ ਹਨ। ਇਸ ਮਹੀਨੇ ਬਰਸਾਤ ਆਰੰਭ ਹੋ ਜਾਂਦੀ ਹੈ। ਸਾਉਣ ਦੇ ਮਹੀਨੇ ਹਰ ਪਾਸੇ ਹਰਿਆਲੀ ਛਾ ਜਾਂਦੀ ਹੈ।

> ਸੁਖਦੇਵ ਮਾਧਪੁਰੀ ਦੇ ਅਨੁਸਾਰ, "ਪੁਰਾਤਨ ਸਮੇਂ ਤੋਂ ਹੀ ਪੰਜਾਬ ਦੇ ਲੋਕ ਜੀਵਨ ਵਿੱਚ ਸਾਉਣ ਦੇ ਮਹੀਨੇ ਦੀ ਵਿਸ਼ੇਸ਼ ਮਹੱਤਤਾ ਰਹੀ ਹੈ। ਪੰਜਾਬ ਖੇਤੀ ਪ੍ਰਧਾਨ ਖ਼ਿੱਤਾ ਹੋਣ ਕਾਰਨ ਇੱਥੋਂ ਦਾ ਕਿਸਾਨ ਚੰਗੇਰੀ ਫ਼ਸਲ ਦੀ ਪੈਦਾਵਾਰ ਲਈ ਮੌਸਮ 'ਤੇ ਹੀ ਨਿਰਭਰ ਕਰਦਾ ਰਿਹਾ ਹੈ। ਪਾਣੀ ਦੇ ਕੁਦਰਤੀ ਸਾਧਨ ਹੀ ਉਸ ਦੇ ਮੁੱਖ ਸਿੰਜਾਈ ਸਾਧਨ ਰਹੇ ਹਨ ਜਿਸ ਕਰ ਕੇ ਕਿਸਾਨਾਂ ਨੂੰ ਜਿੱਥੇ ਮੀਂਹ 'ਤੇ ਟੇਕ ਰੱਖਣੀ ਸੀ ਉੱਥੇ ਉਨ੍ਹਾਂ ਨੂੰ ਮੌਸਮ ਦੀ ਕਰੋਪੀ ਦਾ ਵੀ ਟਾਕਰਾ ਕਰਨਾ ਪੈਂਦਾ ਸੀ। ਸਾਉਣ ਦਾ ਮਹੀਨਾ ਕਿਸਾਨਾਂ ਲਈ ਖ਼ੁਸ਼ਹਾਲੀ ਦਾ ਢੋਆ ਲੈ ਕੇ ਆਉਂਦਾ ਸੀ। ਰਜਵੀਂ ਬਾਰਸ਼ ਸਾਉਣੀ ਦੀ ਭਰਪੂਰ ਫ਼ਸਲ ਲਈ ਉਨ੍ਹਾਂ ਦੇ ਮਨ੍ਹਾਂ ਅੰਦਰ ਉਤਸ਼ਾਹ ਅਤੇ ਉਮਾਹ ਪ੍ਰਦਾਨ ਕਰਦੀ ਸੀ। ਪਿੰਡਾਂ ਵਿਚ ਆਮ ਕਰ ਕੇ ਘਰ ਕੱਚੇ ਹੁੰਦੇ ਸਨ ਜਿਸ ਕਰ ਕੇ ਪਿੰਡਾਂ ਦੇ ਲੋਕ ਸਾਉਣ ਮਹੀਨੇ ਦੀ ਆਮਦ ਤੋਂ ਪਹਿਲਾ ਪਹਿਲਾ ਆਪਣੇ ਘਰਾਂ ਦੀਆਂ ਕੰਧਾਂ ਅਤੇ ਛੱਤਾਂ ਨੂੰ ਤੂੜੀ ਨਾਲ ਗੋਈ ਚੀਕਣੀ ਮਿੱਟੀ ਨਾਲ ਲਿਪ ਕੇ 'ਸਾਉਣ ਦੀ ਝੜੀ' ਦਾ ਟਾਕਰਾ ਕਰਨ ਲਈ ਤਿਆਰੀ ਕਰ ਲੈਂਦੇ ਸਨ।" ("ਮਹਿਕ ਪੰਜਾਬ ਦੀ" 58)

ਇਸ ਮਹੀਨੇ ਕਿਸਾਨ ਵਿਹਲੇ ਹੋ ਕੇ ਆਪਣੀ ਸਿਹਤ ਦਾ ਖ਼ਾਸ ਖ਼ਿਆਲ ਰੱਖਦੇ ਹਨ। ਉੱਥੇ ਔਰਤਾਂ ਨੂੰ ਵੀ ਘਰਾਂ 'ਚ ਕੰਮ ਘੱਟ ਹੁੰਦਾ ਹੈ ਅਤੇ ਉਹ ਦੁਪਹਿਰ ਵੇਲੇ ਵਿਹਲੀਆਂ ਹੋ ਕੇ ਪੀਂਘਾਂ ਝੂਟਦੀਆਂ ਹਨ ਅਤੇ ਤੀਆਂ ਦੇ ਮੇਲੇ ਸਮੇਂ ਬਚਪਨ ਦੀਆਂ ਸਹੇਲੀਆਂ ਪੇਕੇ ਘਰ ਇੱਕਠੀਆਂ ਹੁੰਦੀਆਂ ਹਨ।

> ਸੁਖਦੇਵ ਮਾਦਪੁਰੀ ਲਿਖਦਾ ਹੈ, "ਇਸ ਰੁਮਾਂਚਕ ਵਾਤਾਵਰਨ ਵਿਚ ਪੰਜਾਬਣਾਂ ਦਾ ਹਰਮਨ ਪਿਆਰਾ ਤਿਉਹਾਰ 'ਤੀਆਂ ਦਾ ਤਿਉਹਾਰ' ਆਉਂਦਾ ਹੈ। ਪੰਜਾਬ ਦੀਆਂ ਮੁਟਿਆਰਾਂ ਇਸ ਨੂੰ ਬੜੇ ਚਾਵਾਂ ਨਾਲ ਉਡੀਕਦੀਆਂ ਹਨ। ਵਿਆਹੀਆਂ ਕੁੜੀਆਂ ਆਪਣੇ ਪੇਕਿਆਂ ਦੇ ਘਰ ਆ ਕੇ ਇਹ ਤਿਉਹਾਰ ਮਨਾਉਂਦੀਆਂ ਹਨ।" ( "ਮਹਿਕ ਪੰਜਾਬ ਦੀ" 60)

ਮਰਦ ਔਰਤਾਂ ਆਪਣੀ ਦੁਪਹਿਰ ਰੁੱਖਾਂ ਹੇਠ ਬਿਤਾਉਣ ਲਈ ਉਤਸੁਕ ਹੁੰਦੇ ਹਨ। ਇਸ ਮਹੀਨੇ ਅੰਬਾਂ ਦੇ ਬਾਗ਼ਾਂ 'ਚ ਚੰਗੀ ਰੌਣਕ ਲੱਗੀ ਹੁੰਦੀ ਹੈ। ਇਸ ਮਹੀਨੇ ਦੁੱਧ ਘਿਉ ਦੀ ਬਹਾਰ ਲੱਗ ਜਾਂਦੀ ਹੈ। ਬਾਰਿਸ਼ ਹੋਣ ਕਾਰਨ ਪੱਠਿਆ ਦੀ ਘਾਟ ਵੀ ਨਹੀਂ ਰਹਿੰਦੀ। ਜਿਸ ਨਾਲ ਮੱਝਾਂ ਦਾ ਦੁੱਧ ਵੱਧ ਜਾਂਦਾ ਹੈ। ਦੁੱਧ, ਘਿਉ ਅਤੇ ਲੱਸੀ ਪੀ ਕੇ ਕਿਸਾਨ ਆਪਣੀ ਸਿਹਤ ਵੱਲ ਖ਼ਾਸ ਧਿਆਨ ਦਿੰਦੇ ਹਨ। ਖੀਰ ਪੂੜੇ ਇਸ ਦੀ ਖ਼ਾਸ ਨਿਸ਼ਾਨੀ ਹੁੰਦੀ ਹੈ। ਇਸ ਮਹੀਨੇ ਬਾਗ਼ਾਂ ਵਿੱਚ ਅੰਬ ਦੀ ਬਹਾਰ ਆਉਂਦੀ ਹੈ। ਜਿਵੇਂ:

"ਇੱਕ ਬੂਟਾ ਅੰਬੀ ਦਾ,
ਘਰ ਸਾਡੇ ਲੱਗਾ ਨੀ।

ਜਿਸ ਥੱਲੇ ਬਹਿਣਾ ਨੀ,

ਸੁਰਗਾਂ ਵਿੱਚ ਰਹਿਣਾ ਨੀ

ਕੀ ਉਸ ਦਾ ਕਹਿਣਾ ਨੀ,

ਵਿਹੜੇ ਦਾ ਗਹਿਣਾ ਨੀ।" (ਧਨਵੰਤ ਕੌਰ (ਡਾ.) (ਸੰਪਾ.), "ਪ੍ਰੋ. ਮੋਹਨ ਸਿੰਘ ਰਚਨਾਵਲੀ" 45)

ਸਾਉਣ ਦੇ ਮਹੀਨੇ ਦਾ ਅੰਤ ਹੁੰਦਿਆਂ ਹੀ ਫਿਰ ਖੇਤੀ ਦਾ ਕੰਮ ਜ਼ੋਰਾਂ ਉੱਪਰ ਸ਼ੁਰੂ ਹੋ ਜਾਂਦਾ ਹੈ। ਫ਼ਸਲਾਂ ਦੀ ਗੁਡਾਈ ਅਤੇ ਨਦੀਨ ਨਾਸ਼ਕਾਂ ਦੀ ਪਟਾਈ ਦਾ ਕੰਮ ਜ਼ੋਰਾਂ 'ਤੇ ਸ਼ੁਰੂ ਹੋ ਜਾਂਦਾ ਹੈ। ਭਾਦਰੋਂ ਦੇ ਮਹੀਨੇ 'ਚ ਵੀ ਮੌਸਮ ਖ਼ਰਾਬ ਰਹਿੰਦਾ ਹੈ। ਇੱਕ ਪਾਸੇ ਹਵਾ ਵਿੱਚ ਨਮੀ 'ਤੇ ਦੂਸਰੇ ਪਾਸੇ ਧੁੱਪ ਪੈਂਦੀ ਹੈ। ਅਜਿਹੇ ਮੌਸਮ ਵਿੱਚ ਕਿਸਾਨਾਂ ਦਾ ਖੇਤਾਂ ਵਿੱਚ ਕਾਰਜ ਕਰਨਾ ਬਹੁਤ ਹੀ ਔਖਾ ਅਤੇ ਕਠਿਨ ਭਰਿਆ ਹੁੰਦਾ ਹੈ। ਭਾਦਰੋਂ ਦੇ ਮਹੀਨੇ ਦੀ ਗਰਮੀ ਨੂੰ ਦੇਖਦੇ ਸਿਆਣਿਆ ਨੇ ਆਖਿਆ ਹੈ ਕਿ 'ਭਾਦਰੋਂ ਦੀ ਮੱਕੀ ਗੁੱਡਣ ਦਾ ਮਾਰਾ ਜੱਟ ਸਾਧ ਹੋ ਜਾਂਦਾ ਹੈ।' ਇਸ ਮਹੀਨੇ ਛਪਾਰ ਵਿਖੇ ਮੇਲਾ ਵੀ ਲੱਗਦਾ ਹੈ। ਜਿਵੇਂ:

"ਛਪਾਰ ਦਾ ਮੇਲੇ ਦਾ ਜ਼ਿਕਰ ਪੰਜਾਬੀਆਂ ਦੇ ਮਨਾਂ ਵਿੱਚ ਅਨੂਠੀਆਂ ਤਰੰਗਾਂ ਛੇੜ ਦਿੰਦਾ ਹੈ। ਕਈਆਂ ਦੇ ਮਨਾਂ ਵਿੱਚ ਪੁਰਾਣੀਆਂ ਯਾਦਾਂ ਆ ਝੁਰਮੁਟ ਪਾਉਂਦੀਆਂ ਹਨ। ਛਪਾਰ ਜ਼ਿਲ੍ਹਾ, ਲੁਧਿਆਣਾ ਦਾ ਇੱਕ ਪ੍ਰਸਿੱਧ ਪਿੰਡ ਹੈ ਜਿਹੜਾ ਲੁਧਿਆਣੇ ਤੋਂ ਮਲੇਰਕੋਟਲੇ ਨੂੰ ਜਾਂਦੀ ਸੜਕ ਉੱਤੇ ਮੰਡੀ ਅਹਿਮਦਗੜ੍ਹ ਦੇ ਲਾਗੇ ਵੱਸਿਆ ਹੋਇਆ ਹੈ। ਏਥੇ ਭਾਦੋਂ ਦੀ ਚਾਨਣੀ ਚੌਦੇਂ ਨੂੰ ਮਾਲਵੇ ਦਾ ਹਰਮਨ ਪਿਆਰਾ ਮੇਲਾ ਲੱਗਦਾ ਹੈ ਜਿਹੜਾ ਛਪਾਰ ਦੇ ਮੇਲੇ ਦੇ ਨਾਂ ਨਾਲ ਸਾਰੇ ਪੰਜਾਬ ਵਿੱਚ ਪ੍ਰਸਿੱਧ ਹੈ। ਇਹ ਮੇਲਾ ਗੁੱਗੇ ਦੀ ਮਾੜੀ ਤੇ ਲੱਗਦਾ ਹੈ।" ("ਮਹਿਕ ਪੰਜਾਬ ਦੀ" 70)

ਅੱਸੂ ਦੇ ਮਹੀਨੇ ਆਉਂਦਿਆਂ ਹੀ ਗਰਮੀ ਕੁੱਝ ਘਟਣੀ ਆਰੰਭ ਹੋ ਜਾਂਦੀ ਹੈ। ਇਸ ਮਹੀਨੇ ਸਾਉਣ ਦੀ ਫ਼ਸਲ ਕੱਟਣ ਦੀ ਤਿਆਰੀ ਸ਼ੁਰੂ ਹੋ ਜਾਂਦੀ ਹੈ। ਇਸ ਸਮੇਂ ਝੋਨਾ, ਮੱਕੀ, ਮੂੰਗਫਲੀ ਅਤੇ ਦਾਲਾਂ ਆਦਿ ਦੀ ਕਟਾਈ ਪੂਰੇ ਜ਼ੋਰਾਂ 'ਤੇ ਕੀਤੀ ਜਾਂਦੀ ਹੈ। ਹਰ ਕਿਸਾਨ ਨੂੰ ਆਪਣੀ ਫ਼ਸਲ ਦੀ ਸੰਭਾਲ ਕਰਨ ਦੀ ਬਹੁਤ ਜਲਦੀ ਹੁੰਦੀ ਹੈ। ਕਿਸਾਨਾਂ ਨੂੰ ਇੱਕ ਪਾਸੇ ਮੌਸਮ ਖ਼ਰਾਬ ਹੋਣ ਦਾ ਡਰ ਅਤੇ ਦੂਸਰੇ ਪਾਸੇ ਹਾੜ੍ਹੀ ਦੀ ਫ਼ਸਲ ਦੀ ਬਿਜਾਈ ਲਈ ਵੀ ਬਹੁਤ ਕਾਹਲ ਹੁੰਦੀ ਹੈ। ਹਾੜ੍ਹੀ ਦੀ ਫ਼ਸਲ ਦੀ ਤਿਆਰੀ 'ਚ ਕਿਸਾਨ ਦਿਨ ਰਾਤ ਇੱਕ ਕਰ ਦਿੰਦੇ ਹਨ। ਇਸ ਮਹੀਨੇ ਪੱਕੀ ਫ਼ਸਲ ਨੂੰ ਦੇਖਦਾ ਕਿਸਾਨ ਆਖਦਾ ਹੈ ਜਿਵੇਂ:

"ਜਦ ਮੈ ਜਾਵਾਂ, ਖਿੜ ਖਿੜ ਹੱਸੇ

ਜਦ ਮੈਂ ਆਵਾਂ, ਫੁੱਟ-ਫੁੱਟ ਰੋਵੇ"

(ਸਾਧਾਰਨ ਕਿਸਾਨਾਂ ਦੇ ਮੂੰਹੋਂ ਨਿਕਲੇ ਬੋਲ)

ਕੱਤਕ ਦਾ ਮਹੀਨਾ ਹੋਰ ਵੀ ਰੁਝੇਵਿਆਂ ਭਰਪੂਰ ਹੁੰਦਾ ਹੈ। ਕਣਕ ਦੀ ਬਿਜਾਈ ਕੱਤਕ ਵਿੱਚ ਹੁੰਦੀ ਹੈ। ਜਲਦੀ-ਜਲਦੀ ਸਾਉਣੀ ਦੀ ਫ਼ਸਲ ਸਮੇਟ ਕੇ ਖੇਤਾਂ ਨੂੰ ਵਿਹਲਾ ਕੀਤਾ ਜਾਂਦਾ ਹੈ ਤਾਂ ਕਿ ਹਾੜ੍ਹੀ ਦੀ ਫ਼ਸਲ ਨੂੰ ਬੀਜਣ ਦੀ ਤਿਆਰੀ ਆਰੰਭ ਕੀਤੀ ਜਾ ਸਕੇ। ਆਮ ਹੀ ਕਿਹਾ ਜਾਂਦਾ ਹੈ ਕਿ ਕੱਤਕ ਦੇ ਮਹੀਨੇ ਕਿਸਾਨਾਂ ਨੂੰ ਮਰਨ ਦੀ ਵਿਹਲ ਨਹੀਂ ਹੁੰਦੀ। ਜਿਵੇਂ:

"ਕਣਕ ਬੀਜਣ ਨੂੰ ਖੇਤ ਰੰਵਾਇਆ,
ਸਾਰੀ ਵਾਰੀ ਲਾ ਕੇ।
ਹੱਲ ਪੰਜਾਲੀ 'ਚੋਂ ਪੋਰ ਨੂੰ,
ਰੱਖਣ ਠੀਕ ਕਰਾ ਕੇ।
ਬਿਆਈ ਕਣਕ ਦੀ ਦੇਖੇ 'ਚੰਨਣ',
ਵਿਚ ਖੇਤ ਦੇ ਜਾ ਕੇ।
ਬੀਅ ਜੋਖ ਕੇ ਰੱਖਿਆ ਬਾਹਰ,
ਕੋਠੀ 'ਚੋਂ ਕਢਵਾ ਕੇ।
ਗੋਰੇ ਬਲਦਾਂ ਦੀ,
ਸੇਵਾ ਕਰੇ ਚਿੱਤ ਲਾ ਕੇ।" (ਦਾਊਂ (ਸੰਪਾ.), "ਪੰਜਾਬ ਦੀ ਕਿਰਸਾਨੀ ਦੀਆਂ ਬੋਲੀਆਂ" 9)

"ਇਸ ਮਹੀਨੇ ਦੇ ਰੁਝੇਵਿਆਂ ਨੂੰ ਬਿਆਨ ਕਰਦਿਆਂ ਆਖਿਆ ਜਾਂਦਾ ਹੈ ਕਿ ਜੇਕਰ ਕਿਸੇ ਕਿਸਾਨ ਦੀ ਮਾਂ ਵੀ ਮਰ ਜਾਵੇ ਤਾਂ ਉਸ ਕੋਲ ਸੰਸਕਾਰ ਕਰਨ ਦੀ ਵਿਹਲ ਨਹੀਂ ਹੁੰਦੀ ਅਤੇ ਪੂਰਾ ਮਹੀਨਾ ਉਸ ਨੂੰ ਭੜੋਲੇ ਵਿੱਚ ਪਾ ਕੇ ਰੱਖ ਛੱਡਦਾ ਹੈ। ਖੇਤੀ ਹੁਣ ਪਹਿਲਾ ਵਾਂਗ ਸਿੱਧੀ ਸਾਦੀ ਨਹੀਂ ਰਹੀ ਸਗੋਂ ਗੁੰਝਲਦਾਰ ਧੰਦਾ ਬਣ ਗਈ ਹੈ। ਕਣਕ ਦੀ ਬਿਜਾਈ ਪਹਿਲਾ ਵਾਂਗ ਛਿੱਟੋ ਵਾਲੀ ਨਹੀਂ ਰਹੀ ਸਗੋਂ ਬੀਜ ਤੇ ਖਾਦ ਦੀ ਪੂਰੀ ਮਿਕਦਾਰ ਅਤੇ ਸਹੀ ਡੂੰਘਾਈ ਉੱਤੇ ਬੀਜ ਪਾਉਣਾ ਵੱਧ ਮਹੱਤਵਪੂਰਨ ਹੈ।" (ਰਣਜੀਤ ਸਿੰਘ, "ਪੰਜਾਬੀ ਕਿਸਾਨ ਜੀਵਨ ਤੇ ਸਭਿਆਚਾਰ" 29)

ਇਸ ਤਰ੍ਹਾਂ ਕੱਤਕ ਦਾ ਮਹੀਨਾ ਵਧੇਰੇ ਕਾਰਜ ਭਰਪੂਰ ਹੁੰਦਾ ਹੈ। ਕਿਸਾਨ ਕੱਤਕ ਦੀ ਪੂਰਨਮਾਸ਼ੀ ਨੂੰ ਸਿੱਖਾਂ ਦੇ ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਉਤਸਵ ਮਨਾਉਂਦੇ ਹਨ।

ਕੱਤਕ ਮਹੀਨੇ ਤੋਂ ਪਿੱਛੋਂ ਮੱਘਰ ਮਹੀਨੇ ਦਾ ਆਗਾਜ਼ ਹੁੰਦਾ ਹੈ। ਮੱਘਰ 'ਚ ਕੂਲੇ ਘਾਹ ਵਾਂਗ ਨਿੱਕੇ-ਨਿੱਕੇ ਕਣਕ ਦੇ ਬੂਟੇ ਠੰਡੀਆਂ ਰਾਤਾਂ ਦੀ ਤ੍ਰੇਲ ਨਾਲ ਨਾਤੇ ਧੋਤੇ ਜਾਂਦੇ ਹਨ। ਪਰ ਕਣਕ ਦੀ ਵਧੇਰੇ ਪੈਦਾਵਾਰ ਲਈ ਵਧੇਰੇ ਮੀਂਹ ਦੀ ਲੋੜ ਹੁੰਦੀ ਹੈ। ਇਸ ਮਹੀਨੇ ਕਿਸਾਨ ਹਰ ਰੋਜ਼ ਅੱਡੀਆਂ ਚੁੱਕ-ਚੁੱਕ ਕੇ ਮੀਂਹ ਦੀ ਉਡੀਕ ਕਰਦਾ ਹੈ। ਮੀਂਹ ਪੈਣ ਨਾਲ ਕਿਸਾਨਾਂ ਦੇ ਮਨ ਨੂੰ ਵਧੇਰੇ ਖ਼ੁਸ਼ੀ ਮਿਲਦੀ ਹੈ। ਇਸ ਮਹੀਨੇ ਦੇ ਅਖੀਰ ਵਿੱਚ ਕਪਾਹ 'ਤੇ ਨਰਮੇ ਦੀ ਚੁਗਾਈ ਵੀ ਕੀਤੀ ਜਾਂਦੀ ਹੈ। ਕਿਸਾਨ

ਇੱਕ ਪਾਸੇ ਹਾੜ੍ਹੀ ਦੀ ਬਿਜਾਈ ਤੋਂ ਵਿਹਲੇ ਹੀ ਹੁੰਦੇ ਹਨ ਕਿ ਗੰਨੇ ਦੀ ਪਟਾਈ ਆਰੰਭ ਹੋ ਜਾਂਦੀ ਹੈ। ਗੰਨੇ ਨੂੰ ਕੱਟਣਾ, ਛਿੱਲਣਾ, ਪੀੜਨਾ ਅਤੇ ਫਿਰ ਗੁੜ ਬਣਾਉਣ ਦਾ ਕੰਮ ਸੱਵਖਤੇ ਤੋਂ ਸ਼ੁਰੂ ਹੋ ਕੇ ਦੇਰ ਰਾਤ ਤੱਕ ਚੱਲਦਾ ਰਹਿੰਦਾ ਹੈ। ਪਰ ਜੇਕਰ ਗੰਨਾ ਫ਼ੈਕਟਰੀ ਲੈ ਕੇ ਜਾਣਾ ਹੋਵੇ ਤਾਂ ਤੁਲਾਈ ਕਟਾਈ ਲਈ ਬਹੁਤ ਸਾਰੇ ਦਿਨ ਕਿਸਾਨਾਂ ਨੂੰ ਖੇਤ ਰਹਿਣਾ ਪੈਂਦਾ ਹੈ ਅਤੇ ਬਾਅਦ ਵਿੱਚ ਪੈਸੇ ਲੈਣ ਲਈ ਫ਼ੈਕਟਰੀਆਂ ਦੇ ਚੱਕਰ ਮਾਰਨੇ ਪੈਂਦੇ ਹਨ।

ਅੰਤਾਂ ਦੀ ਠੰਡ ਵਾਲਾ ਪੋਹ ਮਹੀਨਾ ਆਰੰਭ ਹੁੰਦਾ ਹੈ। ਸੂਰਜ ਛਿਪਦੇ ਸਾਰ ਹੀ ਕੱਕਰ ਪੈਣਾ ਆਰੰਭ ਹੋ ਜਾਂਦਾ ਹੈ। ਇਸ ਕੱਕਰ ਵਾਲੀਆਂ ਰਾਤਾਂ ਵਿੱਚ ਕਿਸਾਨ ਆਪਣੀਆਂ ਕਣਕਾਂ ਨੂੰ ਪਾਣੀ ਲਾਉਂਦਾ ਜਦੋਂ ਕਿ ਬਾਕੀ ਸਾਰੇ ਆਪਣੀਆਂ ਰਜਾਈਆਂ ਵਿੱਚ ਨਿੱਘ ਮਾਣ ਰਹੇ ਹੁੰਦੇ ਹਨ। ਹਾੜ੍ਹੀ ਦੀ ਫ਼ਸਲ ਨੂੰ ਕੋਰੇ ਤੋਂ ਬਚਾਉਣ ਲਈ ਵਧੇਰੇ ਪਾਣੀ ਦੀ ਲੋੜ ਹੁੰਦੀ ਹੈ। ਇਸ ਮਹੀਨੇ ਕਣਕ ਦੀ ਗੁਡਾਈ ਵੀ ਕੀਤੀ ਜਾਂਦੀ ਹੈ ਅਤੇ ਨਾਲ-ਨਾਲ ਗੰਨੇ ਨੂੰ ਪੀੜਣ ਅਤੇ ਕਟਾਈ ਦਾ ਕੰਮ ਵੀ ਚੱਲਦਾ ਰਹਿੰਦਾ ਹੈ। ਇਸ ਮਹੀਨੇ ਲੋਹੜੀ ਦਾ ਤਿਉਹਾਰ ਸਿਆਲ ਦੇ ਨਿਰੋਲ ਤਿਉਹਾਰ ਵਜੋਂ ਜਾਣਿਆ ਜਾਂਦਾ ਹੈ। ਜਿਸ ਘਰ ਪੁੱਤਰ ਨੇ ਜਨਮ ਲਿਆ ਹੁੰਦਾ ਹੈ ਉਸ ਘਰ ਬਹੁਤ ਹੀ ਰੌਣਕਾਂ ਲੱਗੀਆਂ ਹੁੰਦੀਆਂ ਹਨ। ਦੂਰ ਨੇੜੇ ਦੇ ਹਰ ਰਿਸ਼ਤੇਦਾਰ, ਦੋਸਤ-ਮਿੱਤਰ, ਆਂਢੀ-ਗੁਆਂਢੀ ਇਸ ਖ਼ੁਸ਼ੀ ਵਿੱਚ ਸ਼ਾਮਿਲ ਹੁੰਦੇ ਹਨ। ਕਈ ਪਿੰਡਾਂ ਵਿੱਚ ਲੋਕ ਇਸ ਤਿਉਹਾਰ ਦੀ ਖ਼ੁਸ਼ੀ ਵਿੱਚ ਬੱਕਰੇ ਵੱਢਦੇ ਅਤੇ ਸ਼ਰਾਬ ਪੀਂਦੇ ਹਨ। ਨਿੱਕੇ ਵੱਡੇ ਮੁੰਡੇ ਕੁੜੀਆਂ ਪਿੰਡ ਵਿੱਚੋ ਲੋਹੜੀ ਮੰਗਦੇ ਹਨ। ਜਿਸ ਘਰ ਲੋਹੜੀ ਦੀ ਖ਼ੁਸ਼ੀ ਆਈ ਹੋਵੇ ਭਾਵ ਮੁੰਡਾ ਜੰਮਿਆ ਹੋਵੇ ਉਹ ਲੋਹੜੀ ਮੰਗਦੇ ਮੁੰਡੇ ਕੁੜੀਆਂ ਨੂੰ ਗੁੜ ਜਾਂ ਪੈਸੇ ਦਿੰਦੇ ਹਨ।

> "ਲੋਹੜੀ ਕਿਸਾਨਾਂ ਦਾ ਹਰਮਨ ਪਿਆਰਾ ਤਿਉਹਾਰ ਹੈ। ਇਹ ਤਿਉਹਾਰ ਪੋਹ ਮਹੀਨੇ ਦੀ ਆਖ਼ਰੀ ਰਾਤ ਨੂੰ ਮਨਾਇਆ ਜਾਂਦਾ ਹੈ। ਪੰਜਾਬ ਦੇ ਪੇਂਡੂ ਜੀਵਨ ਵਿੱਚ ਇਸ ਤਿਉਹਾਰ ਦੀ ਬੜੀ ਮਹੱਤਤਾ ਹੈ। ਲੋਹੜੀ ਨਵ-ਜੰਮੇ ਮੁੰਡਿਆਂ ਅਤੇ ਨਵੇਂ ਵਿਆਹੇ ਜੋੜਿਆਂ ਦੀ ਖ਼ੁਸ਼ੀ ਵਿੱਚ ਮਨਾਈ ਜਾਂਦੀ ਹੈ। ਮੁੰਡਾ ਕਿਸੇ ਕਿਸਾਨ ਦੇ ਘਰ ਜੰਮੇ ਜਾਂ ਕਿਸੇ ਕਾਮੇ ਦੇ ਘਰ, ਖ਼ੁਸ਼ੀ ਸਾਰੇ ਪਿੰਡ ਲਈ ਸਾਂਝੀ ਹੁੰਦੀ ਹੈ। ਇਸ ਦਿਨ ਸਾਰੇ ਰਲ਼ ਕੇ ਨਵ ਜੰਮੇ ਮੁੰਡੇ ਦੇ ਘਰੋਂ ਵਧਾਈਆਂ ਦਾ ਗੁੜ ਮੰਗ ਕੇ ਲਿਆਉਂਦੇ ਹਨ। ਪਿੰਡਾਂ ਵਿੱਚ ਥਾਂ-ਥਾਂ ਲੋਹੜੀ ਬਾਲੀ ਜਾਂਦੀ ਹੈ। ਬਾਲਣ ਲਈ ਪਾਥੀਆਂ ਅਤੇ ਲੱਕੜਾਂ ਘਰਾਂ ਵਿਚੋਂ ਬੱਚੇ ਮੰਗ ਕੇ ਲਿਆਉਂਦੇ ਹਨ। ਰਾਤੀਂ ਪਿੰਡਾਂ ਦੀ ਸੱਥ ਵਿੱਚ ਕੱਠੇ ਹੋ ਕੇ ਵਧਾਈਆਂ ਦਾ ਗੁੜ ਸਭ ਨੂੰ ਇੱਕੋ ਜਿਹਾ ਵਰਤਾਇਆ ਜਾਂਦਾ ਹੈ।" (ਮਾਦਪੁਰੀ, "ਮਹਿਕ ਪੰਜਾਬ ਦੀ" 302)

ਰਾਤ ਦੇ ਸਮੇਂ ਲੋਹੜੀ ਬਾਲੀ ਜਾਂਦੀ ਹੈ। ਥਾਂ-ਥਾਂ 'ਤੇ ਲੱਕੜੀਆਂ ਪਾਥੀਆਂ ਦੇ ਢੇਰ ਲਗਾ ਕੇ ਅੱਗ ਬਾਲੀ ਜਾਂਦੀ ਹੈ। ਇਸ ਸਮੇਂ ਲੋਕ ਇਕੱਠੇ ਹੋ ਕੇ ਅੱਗ ਸੇਕਦੇ ਅਤੇ ਰਿਉੜੀਆਂ ਮੂੰਗਫਲੀ ਖਾਂਦੇ ਹਨ। ਲੋਕ ਅੱਗ ਵਿੱਚ ਤਿਲ ਅਤੇ ਚਾਵਲ ਪਾਉਂਦੇ ਕਹਿੰਦੇ ਹਨ ਜਿਵੇਂ:

"ਈਸ਼ਰ ਆਏ ਦਲਿੱਦਰ ਜਾਏ,
ਦਲਿੱਦਰ ਦੀ ਜੜ੍ਹ ਚੁੱਲ੍ਹੇ ਪਾਏ।"

(ਕਿਸਾਨੀ ਦੁਆਰਾ ਲੋਹੜੀ ਦੇ ਤਿਉਹਾਰ ਸਮੇਂ ਉਚਾਰੇ ਬੋਲ)

ਇਸ ਤਿਉਹਾਰ ਨਾਲ ਸੰਬੰਧਿਤ ਲੋਕ ਗਾਥਾ ਦੁੱਲਾ ਭੱਟੀ ਵੀ ਪ੍ਰਚਲਿੱਤ ਹੈ। ਘਰ ਘਰ ਲੋਹੜੀ ਮੰਗਦੇ ਮੁੰਡੇ ਕੁੜੀਆਂ ਦੁੱਲਾ ਭੱਟੀ ਦੇ ਗੀਤ ਦਾ ਉਚਾਰਨ ਕਰਦੇ ਹਨ। ਜਿਵੇਂ:

"ਸੁੰਦਰ ਮੁੰਦਰੀਏ ਹੋ
ਤੇਰਾ ਕੌਣ ਵਿਚਾਰਾ ਹੋ
ਭੁੱਲਾ ਭੱਟੀ ਵਾਲਾ ਹੋ
ਦੁੱਲੇ ਨੇ ਧੀ ਵਿਆਹੀ ਹੋ.......।" (ਸੋਹਲ, "ਪੰਜਾਬੀ ਗਾਇਕੀ: ਵਿਭਿੰਨ ਪਾਸਾਰ" 169)

ਇਹ ਤਿਉਹਾਰ ਅੰਤਾਂ ਦੀ ਠੰਡ ਨੂੰ ਖ਼ਤਮ ਕਰਨ ਦੀ ਨਿਸ਼ਾਨੀ ਵਜੋਂ ਮੰਨਿਆ ਜਾਂਦਾ ਹੈ। ਜਦੋਂ ਕਿ ਬਸੰਤ ਸਰਦ ਰੁੱਤ ਨੂੰ ਅਲਵਿਦਾ ਕਹਿ ਦਿੰਦੀ ਹੈ। ਪੋਹ ਤੋਂ ਬਾਅਦ ਮਾਘ ਮਹੀਨੇ ਦਾ ਆਰੰਭ ਹੁੰਦਾ ਹੈ। ਸਰਦੀ ਪੂਰੇ ਜ਼ੋਰਾਂ ਉੱਪਰ ਜਾਰੀ ਰਹਿੰਦੀ ਹੈ। ਪੋਹ ਮਹੀਨੇ ਵਾਲੇ ਕੰਮ ਲਗਾਤਾਰ ਜਾਰੀ ਰਹਿੰਦੇ ਹਨ। ਫਲਦਾਰ ਬੂਟਿਆਂ ਦੀ ਲਗਾਈ ਲਈ ਇਹ ਮਹੀਨਾ ਬਹੁਤ ਢੁੱਕਵਾਂ ਹੈ। ਇਸ ਮਹੀਨੇ ਗਰਮੀ ਦੀਆਂ ਸਬਜ਼ੀਆਂ ਲਈ ਜ਼ਮੀਨ ਤਿਆਰ ਕੀਤੀ ਜਾਂਦੀ ਹੈ। ਫੱਗਣ ਮਹੀਨੇ ਦਾ ਆਰੰਭ ਹੁੰਦੇ ਸਾਰ ਹੀ ਸਰਦੀ ਘੱਟ ਜਾਂਦੀ ਹੈ। ਕਿਸਾਨਾਂ ਦੇ ਖੇਤਾਂ ਵਿੱਚ ਸਰ੍ਹੋਂ ਦੇ ਪੀਲੇ ਫੁੱਲਾਂ ਦੀ ਬਹਾਰ ਲੱਗੀ ਹੁੰਦੀ ਹੈ। ਚਾਰੇ ਪਾਸੇ ਪੀਲੇ ਰੰਗ ਵਿੱਚ ਰੰਗੇ ਖੇਤ ਨਜ਼ਰ ਆਉਂਦੇ ਹਨ। ਸਰਦੀ ਤੋਂ ਤੰਗ ਆਏ ਬੂਟੇ ਇਸ ਰੁੱਤ ਵਿੱਚ ਅੰਗੜਾਈਆਂ ਲੈਂਦੇ ਨਜ਼ਰ ਆਉਂਦੇ ਹਨ। ਬਸੰਤ ਰੁੱਤ ਹਰ ਪਾਸੇ ਖ਼ੁਸ਼ੀਆਂ ਲੈ ਕੇ ਆਉਂਦੀ ਹੈ। ਬਸੰਤ ਦਾ ਤਿਉਹਾਰ ਬਹੁਤ ਹੀ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। ਬਸੰਤ ਲਈ ਲੋਕ ਆਖਦੇ ਹਨ:

"ਆਈ ਬਸੰਤ ਪਾਲਾ ਉੱਡਤ"

(ਸਾਧਾਰਨ ਲੋਕਾਂ ਦੁਆਰਾ ਕੀਤੀ ਜਾਂਦੀ ਪੇਸ਼ਕਾਰੀ)

ਜਿਵੇਂ:

"ਫੱਗਣ ਦੇ ਦਿਨ ਕਣਕ ਝੂਲਦੀ,
ਲੱਗਦੀ ਬੜੀ ਸੁਹਾਣੀ।
ਨਾਲ ਸਬੱਬਾਂ ਕੱਸੀ ਵਗ ਕੇ,
ਆਇਆ ਤੀਜਾ ਪਾਣੀ।
'ਚੰਨਣ' ਸੀਰੀ ਹੋਰ ਦੋ ਜਾਣੇ,
ਕੱਠੀ ਹੋ ਗਈ ਢਾਣੀ।
ਡੂਢ ਪਹਿਰ ਵਿਚ ਕਣਕ ਡਕੱਲੀ,

ਘਰ ਵਿਚ ਤੁਰੀ ਕਹਾਣੀ।

ਸੰਦਲੀ ਰੰਗ ਵਾਲੀ,

ਅੰਨ-ਦਾਤੇ ਦੀ ਰਾਣੀ।" (ਦਾਊਂ (ਸੰਪਾ.), "ਪੰਜਾਬ ਦੀ ਕਿਰਸਾਨੀ ਦੀਆਂ ਬੋਲੀਆਂ" 16)

ਇਸ ਨਾਲ ਕਿਸਾਨਾਂ ਵਿੱਚ ਨਵਾਂ ਜੋਸ਼ ਅਤੇ ਚਾਅ ਪੈਦਾ ਹੁੰਦਾ ਹੈ। ਫ਼ਸਲਾਂ ਦੇ ਚਿਹਰਿਆਂ 'ਤੇ ਨਿਖਾਰ ਆਉਂਦਾ ਹੈ। ਰੁੱਖਾਂ ਦੇ ਪੱਤੇ ਨਵੇਂ ਆਉਣੇ ਆਰੰਭ ਹੁੰਦੇ ਹਨ। ਬੇਰੀਆਂ ਅਤੇ ਅੰਬਾਂ ਨੂੰ ਬੂਰ ਪੈਣਾ ਆਰੰਭ ਹੋ ਜਾਂਦਾ ਹੈ। ਫੁੱਲਾਂ 'ਤੇ ਆਈ ਬਹਾਰ ਨਾਲ ਹੀ ਫੱਗਣ ਮਹੀਨੇ ਦਾ ਆਰੰਭ ਹੁੰਦਾ ਹੈ। ਇਸ ਕਰ ਕੇ ਇਸ ਨੂੰ ਫਲਗੁਣ ਕਿਹਾ ਜਾਂਦਾ ਹੈ। ਜਿਸ ਨੂੰ ਕਾਹਲੇ ਸੁਭਾਅ ਵਾਲਾ ਹੋਣ ਕਰ ਕੇ ਪੰਜਾਬੀ ਫੱਗਣ ਵੀ ਆਖਦੇ ਹਨ। ਫੱਗਣ ਗਰਮੀ ਦੀਆਂ ਸਬਜ਼ੀਆਂ ਲਈ ਢੁੱਕਵਾਂ ਮੌਸਮ ਹੁੰਦਾ ਹੈ। ਇਸ ਮੌਸਮ ਵਿੱਚ ਕਣਕ ਨੂੰ ਪਾਣੀ ਦੇਣਾ ਜ਼ਰੂਰੀ ਹੁੰਦਾ ਹੈ ਕਿਉਂਕਿ ਇਨ੍ਹਾਂ ਦਿਨਾਂ 'ਚ ਕਣਕਾਂ ਨਿੱਸਰਦੀਆਂ ਅਤੇ ਦਾਣਾ ਬਣਦਾ ਹੈ। ਕਿਸਾਨਾਂ ਨੂੰ ਕਮਾਦ ਦਾ ਕੰਮ ਖ਼ਤਮ ਕਰਨ ਦੀ ਵਧੇਰੇ ਕਾਹਲ ਹੁੰਦੀ ਹੈ। ਆਲੂ ਅਤੇ ਸਬਜ਼ੀਆਂ ਦੀ ਕਾਸ਼ਤ ਵਾਲੇ ਕਿਸਾਨ ਵਧੇਰੇ ਰੁਝੇਵੇਂ ਵਿੱਚ ਉਲਝੇ ਹੁੰਦੇ ਹਨ। ਮਾਘ ਦੇ ਅੰਤ ਵਿੱਚ ਬਸੰਤ ਦੇ ਨਾਲ ਹੀ ਫੱਗਣ ਰੁੱਤ ਦਾ ਆਰੰਭ ਹੁੰਦਾ ਹੈ ਅਤੇ ਫੱਗਣ ਦੇ ਅਖੀਰ ਤੇ ਸਾਰੀ ਬਨਸਪਤੀ ਬਹੁਤ ਸਾਰੇ ਰੰਗਾਂ ਦੇ ਵਿੱਚ ਖਿੜੀ ਹੁੰਦੀ ਹੈ। ਭਾਰਤ ਦੇ ਵਾਂਗ ਪੰਜਾਬ ਵੀ ਇਸ ਕੁਦਰਤੀ ਸੁੰਦਰਤਾ ਨੂੰ ਅਪਣਾਉਂਦਾ ਹੋਇਆ ਚਾਰੇ ਪਾਸੇ ਰੰਗ ਵਿਖੇਰਦਾ ਹੈ। ਇਸ ਮਹੀਨੇ ਲੋਕ ਰੰਗਾਂ ਦਾ ਤਿਉਹਾਰ ਹੋਲੀ ਮਨਾਉਂਦੇ ਹਨ।

> "ਹੋਲੀ ਤੋਂ ਅਗਲੇ ਦਿਨ ਸਿੱਖਾਂ ਦਾ ਹੋਲਾ-ਮੁਹੱਲਾ ਆਉਂਦਾ ਹੈ। ਗੁਰੂ ਗੋਬਿੰਦ ਸਿੰਘ ਜੀ ਵੱਲੋਂ ਖ਼ਾਲਸਾ ਕੌਮ ਨੂੰ ਯੁੱਧ-ਕਲਾ ਵਿੱਚ ਨਿਪੁੰਨ ਹੋਣ ਲਈ ਸਿਖਲਾਈ ਦੀ ਚਲਾਈ ਰੀਤ ਦੀ ਯਾਦ ਵਿੱਚ ਜ਼ਿਲ੍ਹਾ ਰੋਪੜ ਦੇ ਸ਼ਹਿਰ ਅਨੰਦਪੁਰ ਸ਼ਹਿਰ ਦੇ ਗੁਰਦੁਆਰਾ ਕੇਸਗੜ੍ਹ ਸਾਹਿਬ ਵਿਖੇ ਹਰ ਸਾਲ ਹੋਲੀ ਤੋਂ ਅਗਲੇ ਦਿਨ ਮੇਲਾ ਹੋਲਾ-ਮੁਹੱਲਾ ਲੱਗਦਾ ਹੈ।" (ਸਿੱਧੂ, "ਸਰਸਵਤੀ ਤੋਂ ਸਤਲੁਜ ਤੇ ਸਿੰਧ ਤੱਕ" (ਪੰਜਾਬੀ ਸਭਿਅਤਾ ਦੇ ਤ੍ਰਿਵੈਣੀ ਸਿਹੱਦੇ) 472)

ਪਰ ਇਸ ਮਹੀਨੇ ਬਹੁਤ ਵਾਰ ਮੀਂਹ ਨਾਲ ਗੜ੍ਹੇ ਵੀ ਪੈਣ ਲੱਗ ਜਾਂਦੇ ਹਨ ਅਤੇ ਫ਼ਸਲਾਂ ਦਾ ਕਾਫ਼ੀ ਨੁਕਸਾਨ ਵੀ ਕਰ ਦਿੰਦੇ ਹਨ। ਫੱਗਣ ਦੇ ਮਹੀਨੇ ਦਾ ਮੌਸਮ ਬਹੁਤ ਹੀ ਸੁਹਾਵਣਾ ਹੁੰਦਾ ਹੈ ਅਤੇ ਕੰਮ ਤੋਂ ਕਿਸਾਨਾਂ ਨੂੰ ਕੁੱਝ ਕੁ ਵਿਹਲ ਵੀ ਮਿਲਦੀ ਹੈ। ਕਿਸਾਨਾਂ ਨੂੰ ਨਵੀਆਂ ਫ਼ਸਲਾਂ ਦੀ ਉਮੀਦ ਵੀ ਹੁੰਦੀ ਹੈ। ਕਿਸਾਨ ਆਪਣੇ ਬੱਚਿਆਂ ਦੇ ਵਿਆਹ ਖ਼ਾਸ ਕਰ ਮਾਘ ਅਤੇ ਫੱਗਣ ਦੇ ਮਹੀਨੇ ਕਰਦੇ ਹਨ। ਕਿਸਾਨੀ ਕਿੱਤੇ ਨਾਲ ਸੰਬੰਧਿਤ ਪੰਜਾਬੀ ਜਨ ਜੀਵਨ ਵਿਚ ਕੁੱਝ ਲੋਕ ਸਿਆਣਪਾਂ ਜਾਂ ਵਹਿਮ ਭਰਮ ਵੀ ਪ੍ਰਚਲਿਤ ਹਨ ਜਿਵੇਂ

"ਬੁੱਧ ਕੰਮ ਸ਼ੁੱਧ,

ਮੰਗਲ ਬੁੱਧ ਨਾ ਜਾਈਏ ਪਹਾੜ

ਜਿੱਤੀ ਬਾਜ਼ੀ ਆਈਏ ਹਾਰ

ਬੁੱਧ ਸਨਿੱਚਰ ਕੱਪੜਾ, ਗਹਿਣਾ ਐਤਵਾਰ।"

(ਜੋਸ਼ੀ, "ਪੰਜਾਬੀ ਅਧਿਐਨ ਤੇ ਅਧਿਆਪਨ ਬਦਲਦੇ ਪਰਿਪੇਖ" 234)

ਜਿਵੇਂ

"ਹੋਲੀ, ਲੋਹੜੀ ਤੇ ਦੀਵਾਲੀ, ਮੰਗਲਵਾਰੀ ਹੋਇ।

ਚਰਖ ਚੜ੍ਹੇਂਦੀ ਪ੍ਰਿਥਵੀ, ਵਿਰਲਾ ਜੀਵੇ ਕੋਇ।"

(ਜੋਸ਼ੀ, "ਪੰਜਾਬੀ ਅਧਿਐਨ ਤੇ ਅਧਿਆਪਨ ਬਦਲਦੇ ਪਰਿਪੇਖ" 243)

ਜਿਵੇਂ:

"ਖੇਤੀ ਖ਼ਸਮਾਂ ਸੇਤੀ

ਕਦੇ ਨਾ ਹੁੰਦੇ ਬੱਤੀਆਂ ਤੋਂ ਤੇਤੀ"

(ਸਾਧਾਰਨ ਕਿਸਾਨਾਂ ਦੇ ਮੂੰਹੋਂ ਨਿਕਲੇ ਬੋਲ)

ਇਸ ਤਰ੍ਹਾਂ ਕਿਸਾਨਾਂ ਦਾ ਸਾਰਾ ਸਾਲ ਹੀ ਰੁਝੇਵਿਆਂ ਭਰਪੂਰ ਹੈ। ਉਸ ਨੂੰ ਸਰਕਾਰੀ ਨੌਕਰ ਵਾਂਗ ਕਦੇ ਛੁੱਟੀ ਨਹੀਂ ਹੁੰਦੀ ਸਗੋਂ ਉਸ ਨੂੰ ਦਿਨ ਦੇ ਨਾਲ-ਨਾਲ ਰਾਤ ਨੂੰ ਵੀ ਕੰਮ ਕਰਨਾ ਪੈਂਦਾ ਹੈ। ਉਸ ਦੀ ਕਿਸਮਤ ਵਿੱਚ ਕਦੇ ਵੀ ਆਰਾਮ ਜਾਂ ਸੈਰ ਸਪਾਟਾ ਨਹੀਂ ਹੈ। ਇੰਨੀ ਹੱਡ ਤੋੜਵੀਂ ਮਿਹਨਤ ਦੇ ਬਾਅਦ ਵੀ ਕਿਸਾਨ ਦੇ ਹਿੱਸੇ ਖ਼ੁਸ਼ੀਆਂ ਨਹੀਂ ਆਉਂਦੀਆਂ। ਕੁਦਰਤ ਅਤੇ ਸਰਕਾਰ ਦੀ ਕਰੋਪੀ ਤੋਂ ਡਰਦਿਆਂ ਹਰ ਸਮੇਂ ਉਸ ਦਾ ਸਾਹ ਸੁੱਕਿਆ ਰਹਿੰਦਾ ਹੈ। ਖੇਤੀ 'ਚ ਸਫਲਤਾ ਕੇਵਲ ਕਿਸਾਨ ਦੇ ਹੱਥ ਹੀ ਨਹੀਂ ਸਗੋਂ ਕੁਦਰਤ ਉੱਪਰ ਨਿਰਭਰ ਹੁੰਦੀ ਹੈ। ਅਣਮਿੱਥੇ ਸਮੇਂ ਲਈ ਮੀਂਹ, ਹਨ੍ਹੇਰੀ, ਗੜ੍ਹੇ ਅਤੇ ਸੋਕਾ ਕਿਸਾਨਾਂ ਦਾ ਸਾਹ ਸੁਕਾਈ ਰੱਖਦਾ ਹੈ। ਕਿਸਾਨਾਂ ਦੀ ਤਰ੍ਹਾਂ ਕਿਸਾਨ ਬੀਬੀਆਂ ਦਾ ਜੀਵਨ ਵੀ ਰੁਝੇਵਿਆਂ ਭਰਪੂਰ ਹੁੰਦਾ ਹੈ। ਕਿਸਾਨ ਔਰਤਾਂ ਵੀ ਸਾਰਾ ਸਾਲ ਮਿਹਨਤ ਕਰਦੀਆਂ ਹਨ। ਮੱਝਾਂ ਨੂੰ ਪੱਠੇ ਪਾਉਣ ਵਿੱਚ ਕਿਸਾਨ ਮਰਦਾਂ ਦੀ ਸਹਾਇਤਾ ਕਰਦੀਆਂ ਹਨ। ਕਦੇ ਪਸ਼ੂਆਂ ਦੀ ਧਾਰ ਚੋਣੀ, ਦਹੀਂ ਰਿੜਕਣਾ, ਰੋਟੀ ਪਕਾਉਣੀ, ਕਦੇ ਰੋਟੀ ਖੇਤਾਂ ਵਿੱਚ ਲੈ ਕੇ ਜਾਣੀ ਆਦਿ ਕੰਮ ਔਰਤਾਂ ਹੀ ਕਰਦੀਆਂ ਹਨ। ਔਰਤਾਂ ਨੂੰ ਕੇਵਲ ਸਵੇਰ ਦੀ ਰੋਟੀ ਹੀ ਨਹੀਂ ਸਗੋਂ ਦੁਪਹਿਰ, ਸ਼ਾਮ ਦੀ ਰੋਟੀ ਅਤੇ ਚਾਹ ਬਣਾਉਣੀ ਪੈਂਦੀ ਹੈ। ਜਦੋਂ ਕੰਮ ਦਾ ਵਧੇਰੇ ਜ਼ੋਰ ਹੁੰਦਾ ਹੈ ਤਾਂ ਘਰ ਵਿੱਚ ਮੱਝਾਂ ਦੀ ਸੰਭਾਲ ਵੀ ਔਰਤਾਂ ਹੀ ਕਰਦੀਆਂ ਹਨ। ਔਰਤਾਂ ਬਹੁਤ ਵਾਰ ਆਪਣੇ ਪਤੀ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੇਤਾਂ ਵਿੱਚ ਕੰਮ ਕਰਦੀਆਂ ਦਿਖਾਈ ਦਿੰਦੀਆਂ ਹਨ: ਹੱਥ ਵਾਲੀ ਚੱਕੀ ਨਾਲ ਦਾਣੇ ਪੀਹ ਕੇ, ਖੇਤਾਂ ਵਿੱਚੋਂ ਕਪਾਹ ਚੁਗਣ ਦਾ ਕੰਮ ਵੀ ਔਰਤਾਂ ਕਰਵਾਉਂਦੀਆਂ ਹਨ। ਸਿਆਲਾਂ ਦੀਆਂ ਲੰਮੀਆਂ ਰਾਤਾਂ ਨੂੰ ਸਾਰੀਆਂ ਔਰਤਾਂ ਇੱਕਠੀਆਂ ਹੋ ਕੇ ਬੈਠਦੀਆਂ ਹਨ ਅਤੇ ਖੇਸ ਦਰੀਆਂ ਬੁਣਦੀਆਂ ਗੀਤ ਗਾਉਂਦੀਆਂ ਹਨ। ਚਰਖ਼ਿਆਂ ਦੀ ਘੂਕ ਸੁਣ ਕੇ ਗੱਭਰੂ ਵੀ ਇਕੱਠੇ ਹੋ ਜਾਂਦੇ ਹਨ।

"ਚਰਖਾ ਮੈਂ ਆਪਣਾ ਕੱਤਾਂ, ਤੰਦ ਤੇਰਿਆਂ ਦੁੱਖਾਂ ਦੇ ਪਾਵਾਂ।

ਅੱਗ ਬਾਲ ਕੇ ਧੂੰਏਂ ਦੇ ਪੱਜ ਰੋਵਾਂ, ਵਿਛੋੜਾ ਬੁਰਾ ਸੱਜਣਾਂ ਦਾ।"

(ਜੋਸ਼ੀ, "ਪੰਜਾਬੀ ਅਧਿਐਨ ਤੇ ਅਧਿਆਪਨ ਬਦਲਦੇ ਪਰਿਪੇਖ" 235)

ਔਰਤਾਂ ਦੇ ਕੰਮ ਕਾਜ ਮਰਦਾਂ ਨਾਲੋਂ ਵੀ ਵਧੇਰੇ ਹਨ। ਕਿਉਂਕਿ ਘਰ ਅਤੇ ਖੇਤ ਦੇ ਕੰਮ ਦੇ ਨਾਲ ਨਾਲ ਉਹ ਬੱਚਿਆਂ ਦਾ ਧਿਆਨ ਵੀ ਰੱਖਦੀਆਂ ਹਨ ਸਾਰਿਆ ਨੂੰ ਸੁਲਾਉਣ ਪਿੱਛੋਂ ਆਪ ਸੌਂਦੀਆਂ ਹਨ।

ਸੋ ਕਹਿ ਸਕਦੇ ਹਾਂ ਕਿ, "ਧੰਨ ਹਨ ਪੰਜਾਬੀ ਮਰਦ ਤੇ ਔਰਤਾਂ ਜਿਹੜੇ ਰੱਜ ਕੇ ਮਿਹਨਤ ਕਰਦੇ ਹਨ। ਇਸ ਮਿਹਨਤ ਸਦਕਾ ਆਪ ਵੀ ਰੱਜ ਕੇ ਖਾਂਦੇ ਹਨ ਅਤੇ ਬਾਕੀਆਂ ਦਾ ਵੀ ਢਿੱਡ ਭਰਦੇ ਹਨ।" (ਰਣਜੀਤ ਸਿੰਘ, "ਪੰਜਾਬੀ ਕਿਸਾਨ ਤੇ ਸਭਿਆਚਾਰ" 32)

## 2.2 ਪੰਜਾਬ ਵਿਚ ਖੇਤੀ ਪ੍ਰਬੰਧ ਦਾ ਵਿਕਾਸ

ਪੰਜਾਬ 'ਚ ਮਿਲਦੇ ਇਤਿਹਾਸਕ ਸਰੋਤਾ ਦੇ ਮੱਦੇਨਜ਼ਰ 'ਚ ਪੰਜਾਬੀ ਕਿਸਾਨੀ ਦੇ ਪੜਾਅ ਦਰ ਵਿਕਾਸ ਨੂੰ ਸਮਝਣਾ ਬਹੁਤ ਜ਼ਰੂਰੀ ਹੈ। ਇਨ੍ਹਾਂ ਇਤਿਹਾਸਕ ਸਰੋਤਾਂ ਤੋਂ ਪ੍ਰਾਪਤ ਤੱਥਾਂ/ਸਰੋਤਾਂ/ਸਬੂਤਾਂ ਨੂੰ ਆਧਾਰ ਬਣਾ ਕੇ ਪੰਜਾਬੀ ਕਿਸਾਨੀ ਸਮਾਜ

ਦੀ ਰਾਜਸੀ, ਆਰਥਿਕ, ਸਮਾਜਿਕ, ਸਭਿਆਚਾਰਕ ਸਥਿਤੀਆਂ ਬਾਰੇ ਵਿਚਾਰ ਚਰਚਾ ਕਰਦਿਆਂ ਕਿਸਾਨੀ ਸਥਿਤੀ ਅਤੇ ਕਿਸਾਨੀ ਸਮਾਜ ਦੀ ਵਰਗ ਵੰਡ ਨਿਰਧਾਰਕ ਕਰਨੀ ਸੰਭਵ ਹੋ ਸਕਦੀ ਹੈ।

ਪੰਜਾਬ ਲਈ ਇਹ ਬਹੁਤ ਮਾਣ ਵਾਲੀ ਗੱਲ ਹੈ ਕਿ ਇਸ ਦਾ ਸਭਿਆਚਾਰ ਦੁਨੀਆ ਦੀਆਂ ਸਭ ਤੋਂ ਪੁਰਾਣੀਆਂ ਅਤੇ ਵੇਸ਼ ਕੀਮਤੀ ਸਭਿਅਤਾਵਾਂ ਵਿੱਚੋਂ ਇੱਕ ਗਿਣਿਆ ਜਾਂਦਾ ਹੈ। ਪੰਜਾਬ ਦੀ ਧਰਤੀ ਉੱਤੇ ਟਿਕਿਆ ਕਿਸਾਨ ਜੋ ਹੜੱਪਾ ਦੇ ਰੂਪ 'ਚ ਇਸ਼ਟ ਪ੍ਰੰਪਰਾ ਦਾ ਪੁਜਾਰੀ ਸੀ। ਹੌਲੀ-ਹੌਲੀ ਸਮਾਂ ਬਦਲਣ ਨਾਲ ਕਿਸਾਨ ਇਸ਼ਕ ਪ੍ਰੰਪਰਾ ਨੂੰ ਧਾਰਨ ਕਰ ਲੈਂਦਾ ਹੈ।

> ਡਾ. ਟੀ. ਆਰ ਵਿਨੋਦ ਦਾ ਮੰਨਣਾ ਹੈ ਕਿ, "ਪੰਜਾਬ ਦੀ ਕਿਸਾਨੀ ਇਸ਼ਟ ਅਤੇ ਇਸ਼ਕ ਪ੍ਰੰਪਰਾ ਦੁਆਰਾ ਆਪਣੇ ਸਭਿਆਚਾਰ ਨੂੰ ਸਿਰਜਦੀ ਰਹੀ ਹੈ।" ("ਸੰਸਕ੍ਰਿਤੀ ਅਤੇ ਪੰਜਾਬੀ ਸੰਸਕ੍ਰਿਤੀ" 94)

ਟੀ. ਆਰ. ਵਿਨੋਦ ਦੀਆਂ ਇਹ ਸਤਰਾਂ ਪੰਜਾਬੀ ਕਿਸਾਨ ਦੀ ਸਭਿਆਚਾਰਕ ਅਤੇ ਇਤਿਹਾਸਕ ਸਚਾਈ ਨੂੰ ਪੇਸ਼ ਕਰਦੀਆਂ ਹਨ। ਪੰਜਾਬ 'ਚ ਅੰਗਰੇਜ਼ੀ ਸਮਰਾਜ ਦੇ ਪ੍ਰਵੇਸ਼ ਕਰਨ ਤੋਂ ਪਹਿਲਾ ਵੀ, ਆਰੀਆ ਜਾਤੀ ਤੋਂ ਬਾਅਦ, ਪ੍ਰਾਚੀਨ ਸਮੇਂ ਤੋਂ ਈਰਾਨੀ, ਯੂਨਾਨੀ, ਹੁਣ, ਤੁਰਕ, ਪਠਾਣ, ਮੰਗੋਲ, ਕੁਸ਼ਾਣ, ਅਰਬੀ ਆਦਿ ਵਿਦੇਸ਼ੀ ਲੋਕ ਇੱਥੇ ਆਉਂਦੇ ਰਹੇ। ਇਨ੍ਹਾਂ ਜਾਤੀਆਂ ਵਿੱਚੋਂ ਕੁੱਝ ਕੁ ਨੇ ਪੰਜਾਬ ਉੱਪਰ ਸੈਂਕੜੇ ਸਾਲ ਰਾਜ ਕੀਤਾ। ਪੰਜਾਬ ਦੇ ਸਾਂਸਕ੍ਰਿਤਕ ਵਿਕਾਸ 'ਚ ਉਨ੍ਹਾਂ ਕੌਮਾਂ ਦੇ ਯੋਗਦਾਨ ਨੂੰ ਪਿੱਛੇ ਨਹੀਂ ਧੱਕਿਆ ਜਾ ਸਕਦਾ। ਇਸ ਗੱਲ ਦੇ ਬਾਵਜੂਦ ਇਨ੍ਹਾਂ ਕੌਮਾਂ ਦੇ ਲੋਕਾਂ ਦੁਆਰਾ ਸਥਾਪਿਤ ਕੀਤੇ ਪੰਜਾਬ ਦੇ ਸਮਾਜਿਕ, ਸਾਂਸਕ੍ਰਿਤਕ ਸੰਗਠਨ 'ਚ ਕੋਈ ਖ਼ਾਸ ਪਰਿਵਰਤਨ ਨਹੀਂ ਲਿਆਈਆਂ। ਇਹ ਖ਼ੁਦ ਅਜੇ ਕ੍ਰਿਸ਼ੀ ਸੰਸਕ੍ਰਿਤੀ ਦੀਆਂ ਬਹੁਤ ਸਾਰੀਆਂ ਸੰਭਾਵਨਾਵਾਂ ਨੂੰ ਸਥਾਪਿਤ ਨਹੀਂ ਕਰ ਸਕਿਆ ਸੀ। ਪਰ ਆਰੀਆ ਨੇ ਹਿੰਦੂ ਧਰਮ ਦੇ ਰੂਪ 'ਚ ਖੇਤੀਬਾੜੀ 'ਤੇ ਆਧਾਰਤ ਏਸ਼ੀਆਈ ਸਾਮੰਤਵਾਦੀ ਪ੍ਰਬੰਧ ਨੂੰ ਹੰਢਣਸਾਰ ਹੋਂਦ ਪ੍ਰਦਾਨ ਕੀਤੀ। ਪੰਜਾਬ ਦੀ ਪ੍ਰੰਪਰਾਗਤ ਕਿਸਾਨੀ ਦੇ ਇਤਿਹਾਸਕ ਸੂਤਰਾਂ ਦਾ ਨਿਰਮਾਣ ਵੀ ਕੀਤਾ ਜਾ ਸਕਦਾ ਹੈ।

> ਗੁਰਦੀਪ ਕੌਰ ਦਾ ਮੰਨਣਾ ਹੈ ਕਿ, "ਪਹਿਲਾ, ਹੜੱਪਾ ਅਤੇ ਮਹਿੰਜੋਦੜੋ ਸਭਿਅਤਾ ਵੇਲੇ ਦਾ ਪੰਜਾਬੀ ਕਿਸਾਨੀ ਸਮਾਜ। ਦੂਸਰਾ, ਆਰੀਆ ਸਭਿਅਤਾ ਕਾਲ ਸਮੇਂ ਦਾ। ਤੀਸਰਾ, ਆਰੀਆ ਲੋਕਾਂ ਤੋਂ ਬਾਅਦ ਦੇ ਸਮੇਂ ਦਾ। ਚੌਥਾ, ਰਣਜੀਤ ਸਿੰਘ ਦੇ ਸਮੇਂ ਦਾ। ਪੰਜਵਾਂ, ਅੰਗਰੇਜ਼ੀ ਸਮਾਜ। ਛੇਵਾਂ, ਆਜ਼ਾਦੀ ਤੋਂ ਬਾਅਦ ਦਾ। ਇਹ ਵਿਚਾਰ ਸਪਸ਼ਟ ਕਰਨ ਲਈ ਕਿ ਪ੍ਰੰਪਰਾਗਤ ਪੰਜਾਬੀ ਕਿਸਾਨੀ ਸਮਾਜ ਵਿੱਚ ਸ਼੍ਰੇਣੀ ਵੰਡ ਦਾ ਸਰੂਪ ਕਿਹੋ ਜਿਹਾ ਸੀ; ਇਹਨਾਂ ਵੇਲਿਆ ਦੀ ਵੰਡ ਰੇਖਾ ਖਿੱਚਣੀ ਜ਼ਰੂਰੀ ਜਾਪਦੀ ਹੈ।" ( "ਪੰਜਾਬੀ ਨਾਵਲ ਅਤੇ ਕਿਸਾਨੀ ਸਮਾਜ" 18)

ਇਸ ਵਰਗ ਵੰਡ ਲਈ ਪੂਰਵ ਇਤਿਹਾਸਿਕ ਸਮੇਂ ਤੋਂ ਲੈ ਕੇ ਆਧੁਨਿਕ ਸਮੇਂ ਤੱਕ ਦੇ ਪੰਜਾਬ ਦੀ ਇਤਿਹਾਸਕ, ਸਭਿਆਚਾਰਕ, ਆਰਥਿਕ, ਭੂਗੋਲਿਕ ਅਤੇ ਪਰਿਸਥਿਤੀਆਂ ਨੂੰ ਸਮਝਣਾ ਬਹੁਤ ਜ਼ਰੂਰੀ ਹੈ। ਸ਼੍ਰੀ ਅਨੋਲਹੱਕ ਫ਼ਰੀਦਕੋਟੀ ਨੇ ਪੰਜਾਬ ਨੂੰ ਆਦਮ ਜਾਤ ਦਾ ਪਹਿਲਾ ਘਰ ਅਤੇ ਸੰਸਾਰ ਦੀ ਪਹਿਲੀ ਜਨਮ ਭੂਮੀ ਕਿਹਾ ਗਿਆ ਹੈ। ਪੰਜਾਬ ਦੀ ਪਹਿਲੀ ਤਹਿਜ਼ੀਬ ਦੀ ਸੰਰਚਨਾ ਬਹੁ ਨਸਲੀਆਂ ਅਤੇ ਬਹੁ ਜਾਤੀ ਕਿਸਮ ਦੀ ਵੇਖਣ ਨੂੰ ਮਿਲਦੀ ਹੈ। ਪੰਜਾਬੀ ਸਭਿਆਚਾਰ ਵਿੱਚ

ਘੱਟੋ-ਘੱਟ ਪੰਜ ਉੱਘੀਆਂ ਨਸਲਾਂ ਦੇ ਯੋਗਦਾਨ ਨੂੰ ਸਵੀਕਾਰ ਕੀਤਾ ਗਿਆ ਹੈ। ਇਨ੍ਹਾਂ ਨਸਲਾਂ ਦੇ ਰਲਾਓ ਨਾਲ ਪੰਜਾਬ 'ਚ ਇੱਕ ਨਵਾਂ ਕਲਚਰ ਪੈਦਾ ਹੋਇਆ। ਜਿਸ ਨੂੰ ਪੰਜਾਬੀ ਸਭਿਆਚਾਰ ਦੀ ਸੰਗਿਆ ਆਖਿਆ ਜਾਂਦਾ ਹੈ। ਇਸ ਦੌਰ ਵਿਚ ਪੰਜ ਨਸਲਾਂ ਸਨ: ਨੀਗ੍ਰੋ, ਦ੍ਰਾਵਿੜ, ਕਿਰਾਤ, ਨਿਸ਼ਾਦ, ਆਰੀਆ ਆਦਿ। ਇਨ੍ਹਾਂ ਨਸਲਾਂ ਦੀਆਂ ਸੰਸਕ੍ਰਿਤਕ ਲਕੀਰਾਂ ਨੂੰ ਇੱਕ ਮਾਲਾ ਵਿੱਚ ਪਰੋ ਕੇ ਚਿੰਤਕਾਂ ਨੇ ਪੰਜਾਬੀ ਸਭਿਆਚਾਰ ਦੇ ਆਦਿ ਯੁੱਗ ਨੂੰ ਤਿੰਨ ਕਾਲਾ ਵਿੱਚ ਵੰਡਿਆ ਹੈ।

> ਇਤਿਹਾਸਕਾਰ ਕੇ. ਕੇ. ਦੱਤ ਦਾ ਵਿਚਾਰ ਹੈ ਕਿ, "ਮਹਿੰਜੋ---ਦੜੋ---ਮੋਇਆਂ ਦਾ ਥੇਹ ਜਾਂ ਮੁਰਦਿਆਂ ਦਾ ਟਿੱਲਾ---ਉਥੋਂ ਦੇ ਵਸਨੀਕਾਂ ਦਾ ਉਸ ਉੱਚੇ ਟਿੱਲੇ ਨੂੰ ਦਿੱਤਾ ਹੋਇਆ ਨਾਂ ਹੈ ਜੋ ਲਰਕਨ ਦੇ ਮੈਦਾਨ ਵਿਚ ਸਿੰਧ ਨਦੀ ਦੇ ਮੁੱਖ ਪਾਟ ਤੇ ਪੱਛਮੀ ਨਾਗ ਨਹਿਰ ਦੇ ਇਕ ਪੁਤਲੇ ਭੂ-ਭਾਗ ਵਿਚ ਕਾਇਮ ਹੈ। ਆਸ ਪਾਸ ਦੀ ਧਰਤੀ ਅਸਚਰਜ ਰੂਪ ਦੀ ਉਪਜਾਊ ਹੈ ਤੇ ਅੱਜ ਵੀ ਲੋਕ ਇਸ ਨੂੰ 'ਸਿੰਧ ਵਾਟਿਕਾ' ਜਾਂ ਨਖ਼ਲਿਸਤਾਨ ਆਖਦੇ ਹਨ। ਇਥੇ ਹੀ ਲਗਭਗ ਪੰਜ ਹਜ਼ਾਰ ਵਰ੍ਹੇ ਪਹਿਲਾਂ ਇਕ ਨਗਰ ਦਾ ਨਿਰਮਾਣ ਹੋਇਆ ਸੀ। ਘੱਟੋ ਘੱਟ ਸੱਤ ਵਾਰੀ ਇਹ ਨਗਰ ਨਸ਼ਟ ਹੋਇਆ ਤੇ ਉਸਰਿਆ। ਸ਼ਾਇਦ ਇਸ ਦੇ ਉਜੜਨ ਦਾ ਮੁੱਖ ਕਾਰਣ ਸਿੰਧ ਨਦੀ ਵਿਚ ਆਏ ਹੜ੍ਹ ਸਨ। ਵਿਨਾਸ਼ ਪਿੱਛੋਂ ਛੇਤੀ ਹੀ ਮੁੜ ਉਸਾਰੀ ਨਹੀਂ ਸੀ ਆਰੰਭੀ ਜਾਂਦੀ, ਸਗੋਂ ਕਈ ਵਾਰੀ ਨਗਰ ਖੰਡਰ ਦੇ ਰੂਪ ਵਿਚ ਬਹੁਤ ਸਮੇਂ ਤੱਕ ਪਿਆ ਰਹਿੰਦਾ ਤੇ ਫਿਰ ਕਿਧਰੇ ਜਾ ਕੇ ਨਵਾਂ ਸ਼ਹਿਰ ਉਸਰਦਾ।" ("ਭਾਰਤ ਦਾ ਬ੍ਰਿਹਤ ਇਤਿਹਾਸ" 12)

> ਗੁਰਦੀਪ ਕੌਰ ਅਨੁਸਾਰ, "ਪੂਰਵ ਹੜੱਪਾ ਯੁੱਗ, ਹੜੱਪਾ ਯੁੱਗ, ਉੱਤਰ ਹੜੱਪਾ ਯੁੱਗ। ਉਸ ਅਨੁਸਾਰ ਹੜੱਪਾਈ ਕਲਚਰ ਦਾ ਸਿੱਧਾ ਸੰਬੰਧ ਪੰਜਾਬ ਨਾਲ ਹੈ। ਹੜੱਪਾ ਇੱਕ ਟਿਕਾਣੇ ਦਾ ਨਾਮ ਹੈ ਜੋ ਰਾਵੀ ਦਰਿਆ (ਪਾਕਿਸਤਾਨ) ਦੇ ਕਿਨਾਰੇ ਮਿੰਟਗੁਮਰੀ ਜ਼ਿਲ੍ਹੇ ਵਿੱਚ ਵਸਿਆ ਹੈ। ਖ਼ੋਜੀਆਂ ਨੇ ਹੜੱਪਾ ਕਲਚਰ ਦਾ ਵਿਕਾਸ ਸਾਲ (2500-1500) ਪੂਰਵ ਈਸਵੀ ਮਿਥਿਆ ਹੈ। ਹੜੱਪਾ ਕਲਚਰ ਦੇ ਉਸਰੱਈਏ ਦ੍ਰਾਵਿੜੀ ਲੋਕ ਸਨ।" ("ਪੰਜਾਬੀ ਨਾਵਲ ਅਤੇ ਕਿਸਾਨੀ ਸਮਾਜ" 18)

ਅਜੋਕੇ ਯੁੱਗ ਦੀ ਵਿਗਿਆਨ ਜਿਵੇਂ ਕਿ ਮਾਨਵ ਵਿਗਿਆਨ, ਪੁਰਾਤਤਵ ਵਿਗਿਆਨ, ਧਰਤੀ ਵਿਗਿਆਨ, ਪੂਰਾ ਲੇਖ ਵਿਗਿਆਨ ਅਤੇ ਭਾਸ਼ਾ ਵਿਗਿਆਨ ਆਦਿ ਨੇ ਹੜੱਪਾ ਸਭਿਆਚਾਰ ਦੇ ਕਿਸਾਨੀ ਜੀਵਨ ਦੀ ਅਸਲੀਅਤ ਅਤੇ ਪਰਿਸਥਿਤੀਆਂ ਨੂੰ ਲੱਭਣ 'ਚ ਬਹੁਤ ਮਦਦ ਕੀਤੀ ਹੈ। ਇਸ ਦੇ ਦੋ ਤਰਕ ਸੰਗਤ ਪ੍ਰਮਾਣ ਇਹ ਦਿੱਤੇ ਗਏ ਹਨ: ਪਹਿਲਾ ਖੇਤੀਬਾੜੀ ਅਤੇ ਸ਼ਹਿਰ ਨਿਰਮਾਣ ਹੜੱਪਾ ਸਭਿਅਤਾ ਦੀ ਖ਼ਾਸ ਦੇਣ ਹੈ। ਦੂਜਾ ਭਾਈਚਾਰੇ 'ਚ ਮਾਤ ਪ੍ਰਧਾਨ ਪ੍ਰਣਾਲੀ ਦਾ ਬੋਲ ਬਾਲਾ ਸੀ ਅਤੇ ਆਮ ਕਰ ਕੇ ਮਾਂ ਨੂੰ ਸਾਰੇ ਦ੍ਰਾਵਿੜ ਸਮਾਜ ਵਿੱਚ ਉੱਚ ਸਥਾਨ ਦਿੰਦੇ ਸਨ।

> ਇਤਿਹਾਸਕਾਰ ਕੇ. ਕੇ. ਦੱਤ ਦੀ ਰਾਇ ਹੈ ਕਿ, "ਪਿੰਡ ਵਾਲਿਆਂ ਦਾ ਪ੍ਰਧਾਨ ਧੰਦਾ ਖੇਤੀ ਸੀ। ਖੇਤੀ ਬਾੜੀ ਦੀ ਮਹੱਤਾ ਕ੍ਰਿਸ਼ਟੀ ਜਾਂ ਚਰਸ਼ਣੀ (ਵਾਹਕ) ਨਾ ਤੋਂ ਸਾਫ ਪ੍ਰਗਟ ਹੁੰਦੀ ਸੀ। ਇਹ ਨਾਂ ਸਾਧਾਰਣ ਰੂਪ ਵਿਚ ਜਨਤਾ ਲਈ ਅਤੇ ਵਿਸ਼ੇਸ਼ ਰੂਪ ਵਿਚ ਜਨਤਾ ਲਈ ਅਤੇ ਵਿਸ਼ੇਸ਼ ਰੂਪ ਵਿਚ ਪੰਜ ਪੰਜ ਵੱਡੇ ਕਬੀਲਿਆਂ ਲਈ, ਜਿੰਨ੍ਹਾਂ ਵਿਚ

ਆਰੰਭਿਕ ਵੈਦਿਕ ਕਾਲ ਦੇ ਲੋਕ ਵੰਡੇ ਹੋਏ ਸਨ, ਲਾਗੂ ਹੁੰਦਾ ਹੈ। ਵਾਹੇ ਹੋਏ ਖੇਤਾਂ ਨੂੰ ਉਰਵਰਾ ਜਾਂ ਕ੍ਰਸ਼ੇਤ੍ਰ ਕਿਹਾ ਜਾਂਦਾ ਸੀ। ਖੇਤਾਂ ਨੂੰ ਪਾਣੀ ਨਹਿਰਾਂ ਤੋਂ ਦਿੱਤਾ ਜਾਂਦਾ ਸੀ। ਖਾਦ ਦੀ ਵਰਤੋਂ ਵੀ ਕੀਤੀ ਜਾਂਦੀ ਸੀ। ਭੂਮੀ ਵਿਚ ਉਪਜੇ ਅੰਨ ਨੂੰ ਧਾਨ ਜਾਂ ਯਵਾ (Yava) ਕਿਹਾ ਜਾਂਦਾ ਸੀ ਪਰ ਇਨ੍ਹਾਂ ਨਾਵਾਂ ਦੀ ਠੀਕ ਵਿਸ਼ੇਸ਼ਤਾ ਪ੍ਰਾਚੀਨ ਸਾਹਿਤ ਤੋਂ ਪੂਰੀ ਤਰ੍ਹਾਂ ਜਾਣੀ ਨਹੀਂ ਜਾਂਦੀ। ਅੱਗੇ ਜਾ ਕੇ ਇਨ੍ਹਾਂ ਦਾ ਭਾਵ ਚਾਵਲ ਤੇ ਜੌਂ ਤੋਂ ਲਿਆ ਜਾਣ ਲੱਗ ਪਿਆ ਸੀ। ਜਦ ਖੇਤੀ ਪੱਕ ਜਾਂਦੀ ਸੀ ਤਾਂ ਦਾਤਰੀ ਨਾਲ ਕੱਟੀ ਜਾਂਦੀ ਸੀ। ਪੰਡਾਂ ਵਿਚ ਬੰਨ੍ਹੀ ਜਾਂਦੀ ਸੀ ਤੇ ਖਿਲਵਾੜੇ ਉੱਤੇ ਜਾ ਕੇ ਝਾੜੀ ਜਾਂਦੀ ਸੀ। ਉਸ ਉਪ੍ਰੰਤ ਛੱਟੀ ਜਾਂਦੀ ਸੀ ਤੇ ਫਿਰ ਚੱਕੀ ਵਿਚ ਪੀਸੀ ਜਾਂਦੀ ਸੀ ਤੇ ਰੋਟੀ (ਅਪੂਪ) ਬਣਾਈ ਜਾਂਦੀ ਸੀ।" ("ਭਾਰਤ ਦਾ ਬ੍ਰਿਹਤ ਇਤਿਹਾਸ" 28)

ਸਿੰਧ ਘਾਟੀ ਦੇ ਲੋਕਾਂ ਦਾ ਮੁੱਖ ਧੰਦਾ ਖੇਤੀਬਾੜੀ ਹੋਣ ਕਰ ਕੇ ਕਣਕ ਅਤੇ ਚਾਵਲ ਵਧੇਰੇ ਪੈਦਾ ਕਰਦੇ ਸਨ। ਉਸ ਸਮੇਂ ਕਿਸਾਨ ਲੱਕੜੀ ਦੇ ਹੱਲਾਂ ਦੀ ਵਰਤੋਂ ਵੀ ਕਰਦੇ ਸਨ। ਰੁਜ਼ਗਾਰ ਦਾ ਮੁੱਖ ਸਾਧਨ ਖੇਤੀਬਾੜੀ ਦੀ ਉਪਜ ਹੀ ਸੀ। ਉਸ ਸਮੇਂ ਕੋਈ ਵੀ ਜਾਤ-ਪਾਤ ਦੀ ਪ੍ਰਣਾਲੀ ਸਥਾਪਿਤ ਨਹੀਂ ਸੀ। ਪਰ ਮਗਰੋਂ ਕੁੱਝ ਜਨਮ ਦਰ ਉਪਜ ਆਧਾਰਿਤ ਅਤੇ ਕੁੱਝ ਪੈਸੇ ਵਜੋਂ ਆਧਾਰਿਤ ਵੱਖੋ-ਵੱਖਰੇ ਵਰਗ ਹੋਂਦ ਵਿੱਚ ਆਏ। ਇਸ ਧਾਰਨਾ ਤੋਂ ਪਤਾ ਲੱਗਦਾ ਹੈ ਕਿ ਪੰਜਾਬ ਕਿਸੇ ਸਮੇਂ ਦ੍ਰਾਵਿੜੀ ਲੋਕਾਂ ਦੀ ਸਭਿਅਤਾ ਨਾਲ ਜਾਣਿਆ ਜਾਂਦਾ ਸੀ ਜੋ ਕਿ ਉੱਨਤ ਕਿਸਮ ਦੀ ਸਿੰਧ ਘਾਟੀ ਦੀ ਸਭਿਅਤਾ ਸੀ।

ਐਸ. ਆਬਿਦ ਹੁਸੈਨ ਨੇ, "ਇਸ ਸਭਿਅਤਾ ਦਾ ਕਾਲ 3250 ਪੂ: ਈ: ਤੋਂ 2000 ਪੂ: ਈ: ਮੰਨਿਆ ਹੈ।" ("ਭਾਰਤ ਦਾ ਕੌਮੀ ਸਭਿਆਚਾਰ" 29)

ਸਿੰਧ ਘਾਟੀ ਦੇ ਲੋਕ ਕੇਵਲ ਖੇਤੀਬਾੜੀ ਦਾ ਧੰਦਾ ਨਹੀਂ ਕਰਦੇ ਸਨ ਸਗੋਂ ਦੂਸਰੇ ਦੇਸ਼ਾਂ ਨਾਲ ਫ਼ਸਲ ਦਾ ਵਪਾਰ ਵੀ ਕਰਦੇ ਸਨ। ਉਸ ਸਮੇਂ ਅੰਦਰੂਨੀ ਅਤੇ ਵਿਦੇਸ਼ੀ ਵਪਾਰ ਦੋਵੇਂ ਉੱਨਤ ਸਨ।

ਮਨਜੀਤ ਸਿੰਘ ਸੋਢੀ ਦਾ ਵਿਚਾਰ ਹੈ ਕਿ, "ਵਪਾਰ ਨੂੰ ਉਤਸ਼ਾਹਿਤ ਕਰਨ ਲਈ ਚੌੜੀਆਂ ਸੜਕਾਂ ਦਾ ਨਿਰਮਾਣ ਕੀਤਾ ਗਿਆ ਸੀ। ਬੈੱਲ ਗੱਡੀਆਂ ਆਵਾਜਾਈ ਦਾ ਮੁੱਖ ਸਾਧਨ ਸਨ। ਨਦੀਆਂ ਅਤੇ ਸਮੁੰਦਰੀ ਮਾਰਗਾਂ ਵਿੱਚ ਕਿਸ਼ਤੀਆਂ ਦੀ ਵਰਤੋਂ ਕੀਤੀ ਜਾਂਦੀ ਸੀ। ਸਿੰਧ ਘਾਟੀ ਸਭਿਅਤਾ ਦੇ ਲੋਕਾਂ ਦਾ ਵਪਾਰ ਸੁਮੇਰ, ਮਿਸਰ, ਮੈਸੋਪੋਟਾਮੀਆ, ਈਰਾਨ, ਸੀਰੀਆਂ ਅਤੇ ਅਫ਼ਗ਼ਾਨਿਸਤਾਨ ਆਦਿ ਦੇਸ਼ਾਂ ਨਾਲ ਹੁੰਦਾ ਸੀ। ਇਨ੍ਹਾਂ ਦੇਸ਼ਾਂ ਨੂੰ ਸਿੰਧ ਘਾਟੀ ਦੇ ਵਪਾਰੀ ਸੂਤੀ ਕੱਪੜਾ, ਗਹਿਣੇ, ਮੋਤੀ, ਹਾਥੀ ਦੰਦਾਂ ਦਾ ਸਮਾਨ, ਅਨਾਜ ਅਤੇ ਬਰਤਨਾਂ ਦਾ ਨਿਰਯਾਤ ਕਰਦੇ ਸਨ।" (" History of Ancient India" 41)

ਸਿੰਧ ਘਾਟੀ ਦੇ ਪਤਨ ਤੋਂ ਬਾਅਦ ਅਗਲੇ ਦੌਰ ਦਾ ਆਰੰਭ ਹੁੰਦਾ ਹੈ। ਜਦੋਂ ਈਸਾ ਤੋਂ ਲਗਭਗ ਵੀਹ-ਇੱਕੀ ਸਦੀਆਂ ਪਹਿਲਾ ਇੱਕ ਮਜ਼ਬੂਤ ਜਾਤੀ ਹਿੰਦੂਕੁਸ਼ ਦੀਆਂ ਪਹਾੜੀਆਂ ਨੂੰ ਲੰਘਣ ਉਪਰੰਤ ਸਪਤ ਸਿੰਧੂ ਦੇ ਨੇੜਲੇ ਇਲਾਕੇ ਦੇ

ਪਰਬਤਾਂ ਦੀ ਛਾਂ ਹੇਠ ਆ ਕੇ ਰਹਿਣ ਲੱਗੀ। ਉਸ ਨੇ ਹੇਠਾਂ ਵਾਦੀਆਂ 'ਚ ਫੈਲੇ ਹਰਿਆਲੀ ਨਾਲ ਭਰੇ ਖੇਤਾਂ ਨੂੰ ਭੁੱਖੀਆਂ ਅੱਖਾਂ ਨਾਲ ਦੇਖਿਆ। ਇਹ ਭਾਰਤੀ ਆਰੀਆ ਦੀ ਜਾਤੀ ਸੀ।

ਇਤਿਹਾਸਕਾਰ ਰੋਮਿਲਾ ਥਾਪਰ ਦਾ ਵਿਚਾਰ ਹੈ ਕਿ, "ਅੱਜ ਮੁੱਖ ਧਾਰਾ ਇਤਿਹਾਸਕਾਰ ਦਲੀਲ ਦਿੰਦੇ ਹਨ ਕਿ ਹੋਂਦ ਵਿਚਲੇ ਸੱਭਿਆਚਾਰਾਂ ਦੇ ਵਿਸਤ੍ਰਿਤ-ਪੱਧਰੀ ਆਰੀਆਈ ਹਮਲੇ ਕਾਰਨ ਉਜਾੜੇ ਦੇ ਪੁਰਾਤਤਵੀ ਪ੍ਰਮਾਣ ਨਾ ਹੋਣ ਦੇ ਬਾਵਜੂਦ ਇਸ ਗੱਲ ਦਾ ਭਾਸ਼ਾਈ ਪ੍ਰਮਾਣ ਮੌਜੂਦ ਹੈ ਕਿ ਇੰਡੋ-ਆਰੀਆਈ ਭਾਸ਼ਾ ਦਾ ਸਬੰਧ ਭਾਰੋਪੀ ਪਰਿਵਾਰ ਨਾਲ ਹੈ ਜੋ ਕਿ ਨਿਰੰਤਰ ਨਿੱਕੇ-ਪੱਧਰ ਦੇ ਪ੍ਰਵਾਸ ਅਤੇ ਵਾਸੇ ਰਾਹੀਂ ਇੰਡੋ-ਈਰਾਨੀ ਸਰਹੱਦਾਂ ਤੋਂ ਪਾਰਲੇ ਪਾਸਿਉਂ ਉੱਤਰੀ ਭਾਰਤ ਵਿਚ ਲਿਆਂਦੀ ਗਈ ਸੀ।" ("ਪ੍ਰਾਚੀਨ ਭਾਰਤ ਮੁੱਢ ਤੋਂ 1300 ਈਸਵੀ ਤੱਕ" 16)

ਗੁਰਬਖ਼ਸ਼ ਸਿੰਘ ਫਰੈਂਕ ਇਸ ਜਾਤੀ ਬਾਰੇ ਲਿਖਦੇ ਹਨ ਕਿ, "ਇਸ ਜਾਤੀ ਦੇ ਲੋਕਾਂ ਬਾਰੇ ਇੱਕੋ ਇੱਕ ਗੱਲ ਜਿਹੜੀ ਯਕੀਨ ਨਾਲ ਕਹੀ ਜਾ ਸਕਦੀ ਹੈ ਉਹ ਇਹ ਕਿ ਇਸ ਜਾਤੀ ਦੇ ਲੋਕ ਉੱਤਰ-ਪੱਛਮ ਵੱਲੋਂ ਭਾਰਤ ਵਿੱਚ ਆਏ ਸਨ ਅਤੇ ਆਪਣੇ ਨਾਲ ਮੁੱਢਲੀ ਕਿਸਮ ਦਾ ਟੱਪਰੀਵਾਸ ਸਭਿਆਚਾਰ ਲੈ ਕੇ ਆਏ ਸਨ।" ("ਭਾਰਤ ਦਾ ਕੌਮੀ ਸਭਿਆਚਾਰ" 35)

ਆਰੀਆ ਜਾਤੀ ਦੇ ਭਾਰਤ ਆਉਣ ਤੋਂ ਬਾਅਦ ਇੱਥੇ ਮਹਾਨ ਗ੍ਰੰਥ ਰਿਗਵੇਦ ਦੀ ਸਿਰਜਣਾ ਕੀਤੀ ਗਈ। ਰਿਗਵੇਦ ਜੋ ਕਿ ਕੇਵਲ ਹਿੰਦੂ ਧਰਮ ਦਾ ਗ੍ਰੰਥ ਹੀ ਨਹੀਂ ਸਗੋਂ ਭਾਰਤੀ ਇਤਿਹਾਸ ਦਾ ਸਭ ਤੋਂ ਪਹਿਲਾ ਇਤਿਹਾਸਕ ਦਸਤਾਵੇਜ਼ ਹੈ।

ਐਸ. ਆਬਿਦ ਹੁਸੈਨ ਦਾ ਮੰਨਣਾ ਹੈ ਕਿ, "ਰਿਗਵੇਦ ਦੇ ਭਜਨ 1500 ਪੂ: ਈ: ਅਤੇ 1000 ਪੂ: ਈ: ਵਿਚਕਾਰ ਰਚੇ ਗਏ ਸਨ। ਇਨ੍ਹਾਂ 500 ਸਾਲਾਂ ਦੇ ਦੌਰਾਨ ਆਰੀਆ ਦਾ ਧਾਰਮਿਕ ਅਤੇ ਸਭਿਆਚਾਰਕ ਜੀਵਨ ਰਿਗਵੇਦ ਤੋਂ ਡੂੰਘੀ ਤਰ੍ਹਾਂ ਪ੍ਰਭਾਵਿਤ ਹੋਇਆ। ਇਸ ਦੌਰ ਨੂੰ ਵੈਦਿਕ ਸਭਿਆਚਾਰ ਦਾ ਦੌਰ ਕਿਹਾ ਜਾਂਦਾ ਹੈ।" ("ਭਾਰਤ ਦਾ ਕੌਮੀ ਸਭਿਆਚਾਰ" 35)

ਭਾਰਤੀ ਆਰੀਆ ਵੈਦਿਕ ਸਭਿਆਚਾਰ ਦੇ ਕੇਂਦਰ 'ਚ ਪੰਜਾਬ ਹੀ ਰਿਹਾ। ਇਹ ਚਾਰ ਸਦੀਆਂ 1000 ਪੂ: ਈ: ਤੋਂ 600 ਪੂ: ਈ: 'ਚ ਆਰੀਆ ਵੈਦਿਕ ਸਭਿਆਚਾਰ ਆਪਣੀ ਮੁੱਢਲੀ ਕਿਸਮ ਦੀ ਕਬਾਇਲੀ ਜਨਤੰਤਰ ਦੀ ਥਾਂ ਇੱਕ ਚੰਗੇ ਸੰਗਠਿਤ ਪੁਰਖ ਰਾਜ ਦੇ ਰੂਪ ਵਿੱਚ ਵਿਕਸਿਤ ਹੋ ਗਿਆ। ਇਸ ਦੌਰ 'ਚ ਆਰੀਆ ਲੋਕਾਂ ਨੇ ਆਪਣੀ ਪਦਾਰਥਕ ਜ਼ਿੰਦਗੀ ਨੂੰ ਖ਼ੁਸ਼ਹਾਲ ਬਣਾਉਣ ਲਈ ਖੇਤੀਬਾੜੀ 'ਤੇ ਵਧੇਰੇ ਜ਼ੋਰ ਦਿੱਤਾ ਤਾਂ ਕਿ ਜ਼ਿੰਦਗੀ ਵਿਚ ਵਧੇਰੇ ਵਿਕਸਿਤ ਅਤੇ ਆਰਥਿਕ ਲਾਭ ਕਮਾਏ ਜਾ ਸਕੇ। ਆਰੀਆ ਲੋਕ ਮੁੱਖ ਤੌਰ 'ਤੇ ਖੇਤੀ ਦਾ ਧੰਦਾ ਕਰ ਕੇ ਆਪਣੇ ਪਰਿਵਾਰ ਲਈ ਉਪਜੀਵਿਕਤਾ ਕਮਾਉਂਦੇ ਸਨ। ਉਸ ਸਮੇਂ ਕਿਸਾਨ ਮੁੱਖ ਤੌਰ ਤੇ ਕਣਕ, ਜੌਂ, ਚੌਲ, ਦਾਲਾਂ, ਸਬਜ਼ੀਆਂ, ਫਲ, ਕਪਾਹ ਅਤੇ ਗੰਨਾ ਆਦਿ ਫ਼ਸਲੀ ਚੱਕਰ ਅਨੁਸਾਰ ਖੇਤੀ ਕਰਦੇ ਸਨ।

ਐਸ. ਆਬਿਦ ਹੁਸੈਨ ਆਰੀਆ ਸਭਿਅਤਾ ਬਾਰੇ ਲਿਖਦੇ ਹਨ ਕਿ, "ਖੇਤੀਬਾੜੀ ਨੇ ਕਾਫ਼ੀ ਜ਼ਿਆਦਾ ਤਰੱਕੀ ਕਰ ਲਈ। ਖੇਤਾਂ ਵਿੱਚ ਖਾਦ ਪਾਈ ਜਾਂਦੀ ਸੀ ਅਤੇ ਇਨ੍ਹਾਂ ਨੂੰ ਵੱਖੋ-ਵੱਖਰੇ ਤਰੀਕਿਆਂ ਨਾਲ ਸਿੰਜਿਆ ਜਾਂਦਾ ਸੀ। ਕਈ ਹੁਨਰ ਬਕਾਇਦਾ ਕਿੱਤੇ ਬਣ ਗਏ ਸਨ। ਜਿਵੇਂ ਕਿ ਸਰਾਫ਼ਾ, ਸੁਨਿਆਰਾ, ਕਸੇਰਿਆ ਦਾ ਕੰਮ, ਲੁਹਾਰਾ ਟੋਕਰੀਆਂ ਬਣਾਉਣ ਦਾ ਕੰਮ, ਰੱਸੇ ਵੱਟਣ ਦਾ ਕੰਮ ਜੁਲਾਹਾ, ਰੰਗ ਸਾਜੀ, ਤਰਖਾਣਾ ਅਤੇ ਕੁੰਭਕਾਰੀ, ਬਾਜ਼ੀਗਰ, ਜਾਦੂਗਰ, ਜੋਤਸ਼ੀ, ਬੰਸਰੀਵਾਦਕ ਅਤੇ ਨ੍ਰਿਤਕਾਰ ਵੀ ਵੱਧ ਫੁੱਲ ਰਹੇ ਸਨ। ਵਪਾਰ ਨਾ ਸਿਰਫ਼ ਦੇਸ਼ ਦੇ ਅੰਦਰ ਹੀ ਸਗੋਂ ਮੈਸੋਪੋਟਾਮੀਆ ਨਾਲ ਵੀ ਪ੍ਰਫੁੱਲਿਤ ਹੋ ਰਿਹਾ ਸੀ। ਸਿੰਧ ਘਾਟੀ ਸਭਿਅਤਾ ਦੇ ਪਤਨ ਨਾਲ ਇਸ ਵਿੱਚ ਰੁਕਾਵਟ ਆ ਗਈ ਸੀ ਪਰ ਹੁਣ ਇਹ ਫਿਰ ਸ਼ੁਰੂ ਹੋ ਗਿਆ ਸੀ।" ("ਭਾਰਤ ਦਾ ਕੌਮੀ ਸਭਿਆਚਾਰ" 41)

ਇਹ ਸਪਸ਼ੱਟ ਹੁੰਦਾ ਹੈ ਕਿ ਆਰੀਆ ਸਭਿਆਚਾਰ 'ਚ ਸ਼ਿਲਪੀ ਜਨ-ਜਾਤੀਆਂ ਵਾਲੀਆਂ ਸਮਾਜਿਕ ਅਤੇ ਆਰਥਿਕ ਇਕਾਈਆਂ ਉੱਭਰਵੇਂ ਰੂਪ ਵਿੱਚ ਸਾਹਮਣੇ ਆਉਂਦੀਆਂ ਹਨ। ਕਿਉਂਕਿ ਇਨ੍ਹਾਂ ਜਨ-ਜਾਤੀਆਂ ਨੂੰ ਸਮਾਜਿਕ ਇਕਾਈਆਂ ਦੇ ਰੂਪ 'ਚ ਸਵੀਕ੍ਰਿਤੀ ਮਿਲ ਚੁੱਕੀ ਸੀ। ਇਨ੍ਹਾਂ ਇਕਾਈਆਂ ਵਿੱਚੋਂ ਕੁੱਝ ਕੁ ਇਕਾਈਆਂ ਰਾਜਨੀਤਿਕ ਲੋੜਾਂ ਦੀ ਪੂਰਤੀ ਲਈ ਅਤੇ ਕੁੱਝ ਕ੍ਰਿਸ਼ੀ ਸਮਾਜ ਦੇ ਕੰਮ ਚਲਾਉਣ ਲਈ ਬਣੀਆਂ ਸਨ।

ਗੁਰਦੀਪ ਕੌਰ ਦੀ ਧਾਰਨਾ ਹੈ ਕਿ, "ਇਹ ਉਹ ਸਮਾਂ ਸੀ ਜਦੋਂ ਹਿੰਦੂ ਆਰੀਆ ਸਭਿਅਤਾ ਪੇਂਡੂ ਅਤੇ ਖੇਤੀ ਪ੍ਰਧਾਨ ਸਭਿਅਤਾ ਬਣ ਰਹੀ ਸੀ। ਇਸ ਖੇਤੀ ਪ੍ਰਧਾਨ ਸਭਿਅਤਾ ਦਾ ਆਧਾਰ ਉਹ ਵਿਚਾਰਧਾਰਕ ਅਤੇ ਸਮਾਜਿਕ ਢਾਂਚਾ ਬਣਦਾ ਹੈ ਜਿਹੜਾ ਭਾਰਤੀ ਆਰੀਆਈ ਲੋਕਾਂ ਨੂੰ ਚਾਰ ਵਰਣਾਂ ਵਿੱਚ ਵੰਡਦਾ ਹੈ; ਭਾਰਤੀ ਆਰੀਆ ਦੀ ਸਮਾਜਿਕ ਸੰਰਚਨਾ ਚਾਰ ਵਰਣੀ ਸਿਧਾਂਤ ਉੱਤੇ ਆਧਾਰਿਤ ਹੈ। ਚਾਰ ਵਰਣੀ ਸਿਧਾਂਤ ਦਾ ਅਰਥ ਹੈ ਸਮਾਜ ਨੂੰ ਚਾਰ ਭਾਗਾਂ ਵਿੱਚ ਵੰਡਣਾ ਅਤੇ ਉਹ ਚਾਰ ਭਾਗ ਹਨ: ਬ੍ਰਾਹਮਣ (ਪਰੋਹਿਤ), ਕਸ਼ੱਤਰੀ (ਸੈਨਿਕ), ਵੈਸ਼ (ਵਪਾਰੀ), ਅਤੇ ਸ਼ੂਦਰ (ਦਾਸ)।" ("ਪੰਜਾਬੀ ਨਾਵਲ ਅਤੇ ਕਿਸਾਨੀ ਜੀਵਨ" 20)

ਆਰੀਆ ਲੋਕ ਖੇਤੀਬਾੜੀ ਦਾ ਧੰਦਾ ਅਪਣਾਉਂਦੇ ਸਨ। ਉਸ ਸਮੇਂ ਦੇ ਸਮਾਜ ਨੂੰ ਚਾਰ ਭਾਗਾਂ ਭਾਵ ਬ੍ਰਾਹਮਣ, ਕਸ਼ੱਤਰੀ, ਵੈਸ਼, ਸ਼ੂਦਰ ਵਿੱਚ ਵੰਡਿਆ ਹੋਇਆ ਸੀ। ਆਰੀਆ ਲੋਕਾਂ ਦੇ ਸਭਿਆਚਾਰ ਨੂੰ ਵੈਦਿਕ ਸਭਿਆਚਾਰ ਦੇ ਨਾਮ ਵਜੋਂ ਵੀ ਜਾਣਿਆ ਜਾਂਦਾ ਹੈ। ਇਸ ਸਮਾਜਿਕ-ਸਭਿਆਚਾਰਕ ਸੰਰਚਨਾ 'ਚ ਚਾਰ ਤਰ੍ਹਾਂ ਦੀ ਵਰਣ ਵਿਵਸਥਾ ਸਥਿਤ ਹੈ। ਇਸ ਵਰਗ ਵਿਵਸਥਾ 'ਚ ਚੌਥਾ ਵਰਗ ਕਾਸ਼ਤਕਾਰ ਦੇ ਰੂਪ ਵਜੋਂ ਉੱਭਰ ਕੇ ਸਾਹਮਣੇ ਆਇਆ।

600 ਪੂ: ਈ: ਤੋਂ 200 ਪੂ: ਈ: ਦਾ ਇਤਿਹਾਸ ਕਾਲ ਭਾਰਤੀ ਸਮਾਜ ਦੇ ਰਾਜਸੀ, ਸਮਾਜਿਕ, ਸਭਿਆਚਾਰਕ, ਮਾਨਸਿਕ ਜ਼ਿੰਦਗੀ 'ਚ ਵਿਸ਼ੇਸ਼ ਘਟਨਾਵਾਂ ਦਾ ਸੀ। ਇਸ ਵਿਸ਼ੇਸ਼ ਕਾਲ ਬਾਰੇ ਐੱਸ. ਆਬਿਦ ਹੁਸੈਨ ਲਿਖਦੇ ਹਨ ਕਿ, "563 ਪੂ: ਈ: ਤੋਂ 482 ਪੂ: ਈ: ਵਿਚਕਾਰ ਗੋਤਮ ਬੁੱਧ ਨੇ ਆਪਣੀ ਸਿੱਖਿਆ ਦਾ ਵਿਖਿਆਨ ਕੀਤਾ। 522 ਪੂ: ਈ: ਤੋਂ 486 ਪੂ: ਈ: ਵਿਚਕਾਰ ਮਹਾਂਵੀਰ ਜੈਨ ਮੱਤ ਦੇ ਮੋਢੀ ਪ੍ਰਚਾਰਕ ਬਣੇ। ਸਿਕੰਦਰ ਨੇ 326 ਪੂ: ਈ:

ਵਿੱਚ ਭਾਰਤ ਉੱਤੇ ਹਮਲਾ ਕੀਤਾ। 200 ਪੂ: ਈ: ਤੋਂ 100 ਪੂ: ਈ: ਦੇ ਦਰਮਿਆਨ ਮੰਨੂ ਨੇ ਕੱਟੜਪੰਥੀ ਹਿੰਦੂਆਂ ਦੇ ਬਚਾਅ ਲਈ ਮੰਨੂ ਸਮ੍ਰਿਤੀ ਸੰਕਲਿਤ ਕੀਤੀ। ਯੂਨਾਨੀਆਂ ਤੋਂ ਮਗਰੋਂ ਸੀਥੀਅਨ (ਸ਼ੱਕ) ਆਏ ਜਿਨ੍ਹਾਂ ਨੇ 90 ਪੂ: ਈ: ਵਿੱਚ ਕਨਿਸ਼ਕ ਸੀ। ਕਨਿਸ਼ਕ ਨੇ ਬੁੱਧ ਮੱਤ ਧਾਰਨ ਕੀਤਾ ਅਤੇ ਇਸ ਦੇ ਪ੍ਰਚਾਰ ਲਈ ਅਣਥੱਕ ਯਤਨ ਕੀਤੇ।" ("ਭਾਰਤ ਦਾ ਕੌਮੀ ਸਭਿਆਚਾਰ" 49)

ਇਨ੍ਹਾਂ ਚਾਰ ਸੌ ਸਾਲਾਂ 600 ਪੂ: ਈ: ਤੋਂ 200 ਪੂ: ਈ: ਵਿਚਕਾਰ ਭਾਰਤੀ ਵਿਚਾਰਧਾਰਾ ਵਿਚ ਆਰਥਿਕ, ਸਮਾਜਿਕ, ਮਨੋਵਿਗਿਆਨਕ, ਰਾਜਨੀਤਿਕ ਆਦਿ ਸੰਰਚਨਾ 'ਚ ਬਹੁਤ ਸਾਰੇ ਪਰਿਵਰਤਨ ਆਏ। ਸਮਾਜਿਕ ਜ਼ਿੰਦਗੀ 'ਚ ਸਾਂਝੇ ਸਭਿਆਚਾਰ ਦੇ ਸੰਕਲਪ ਦੀ ਉਤਪੱਤੀ ਹੁੰਦੀ ਹੈ। ਪੰਜਾਬ ਦੇ ਸਭਿਆਚਾਰਕ ਇਤਿਹਾਸ ਦੀ ਪਿੱਠ ਭੂਮੀ ਉੱਪਰ ਕਈ ਪ੍ਰਕਾਰ ਦੇ ਸਮਾਜਿਕ, ਸਭਿਆਚਾਰਕ ਅਤੇ ਰਾਜਸੀ ਆਦਿ ਪਰਿਵਰਤਨ ਆਏ।

ਇਸ ਬਾਰੇ ਐਸ. ਆਬਿਦ ਹੁਸੈਨ ਦੀ ਧਾਰਨਾ ਹੈ ਕਿ, "ਮੁਸਲਮਾਨ ਭਾਰਤ ਵਿਚ ਅੱਠਵੀਂ ਸਦੀ ਦੇ ਪਹਿਲੇ ਦਹਾਕੇ ਵਿੱਚ ਹਮਲਾਵਰਾਂ ਵਜੋਂ ਆਏ। ਪੰਜਾਬ ਉੱਤੇ ਪਹਿਲਾ ਹਮਲਾ ਸੁਬਕਤਦੀਨ ਨੇ 986-87 ਈ: ਵਿੱਚ ਕੀਤਾ। ਉਸ ਦੇ ਬੇਟੇ ਮਹਿਮੂਦ ਨੇ ਆਪਣੇ ਸਾਰੇ ਰਾਜ ਕਾਲ ਦੌਰਾਨ ਜਿੱਤਣ ਅਤੇ ਲੁੱਟਣ ਦੀਆਂ ਜੰਗਾਂ ਜਾਰੀ ਰੱਖੀਆਂ ਅਤੇ ਗ਼ਜ਼ਨਵੀ ਰਾਜ ਸਥਾਪਤ ਕਰਨ ਵਿੱਚ ਸਫਲ ਹੋ ਗਿਆ। ਜਿਹੜਾ ਪੰਜਾਬ ਦੇ ਬਹੁਤੇ ਹਿੱਸੇ ਉੱਪਰ ਲਗਭਗ 150 ਸਾਲ ਤੱਕ ਜਾਰੀ ਰਿਹਾ। ਸੰਨ 1170 ਈ. ਵਿੱਚ ਮੁਹੰਮਦ ਗੋਰੀ ਨੇ ਗ਼ਜ਼ਨਵੀ ਖ਼ਾਨਦਾਨ ਤੋਂ 'ਗ਼ਜ਼ਨੀ ਦੀ ਸਲਤਨਤ' ਖੋਹ ਲਈ ਸੀ, ਭਾਰਤ ਵਿੱਚ ਆਪਣੇ ਇਲਾਕੇ ਦਾ ਪਾਸਾਰ ਕਰਨ ਦੇ ਨਿਸ਼ਾਨੇ ਨਾਲ ਨਵੀਂ ਮੁਹਿੰਮ ਸ਼ੁਰੂ ਕੀਤੀ। ਜਦੋਂ ਮੁਹੰਮਦ ਗ਼ੌਰੀ ਦੀ ਮੌਤ ਹੋਈ ਤਾਂ ਕੁਤਬਦੀਨ ਐਬਕ ਭਾਰਤ ਵਿਚਲੀ ਬਾਦਸ਼ਾਹਤ ਦਾ ਹਾਕਮ ਬਣ ਗਿਆ। ਇਹ ਸੰਨ 1206 ਈ: ਦੀ ਗੱਲ ਹੈ।" ( "ਭਾਰਤ ਦਾ ਕੌਮੀ ਸਭਿਆਚਾਰ" 41)

ਮਹਿਮੂਦ ਗ਼ਜ਼ਨਵੀ ਅਤੇ ਮੁਹੰਮਦ ਗ਼ੌਰੀ ਦੇ ਹਮਲਿਆਂ ਨਾਲ ਭਾਰਤ ਸਥਿਤ ਪੰਜਾਬ ਅੰਦਰ ਅਨੇਕਾਂ ਪ੍ਰਕਾਰ ਦੀਆਂ ਤਬਦੀਲੀਆਂ ਆਈਆਂ। ਇਸ ਤਰ੍ਹਾਂ ਭਾਰਤ ਅੰਦਰ ਇਸਲਾਮ ਦੀਆਂ ਰਾਜਨੀਤਿਕ ਅਤੇ ਸਭਿਆਚਾਰਕ ਭਾਵਨਾਵਾਂ ਕਾਇਮ ਰਹੀਆਂ। ਇਸ ਇਤਿਹਾਸਕ ਦੌਰ 'ਚ ਇਸਲਾਮੀ ਸਾਮੰਤਵਾਦੀ ਪ੍ਰਥਾ ਦਾ ਬੋਲਬਾਲਾ ਵੀ ਰਿਹਾ।

ਇਨ੍ਹਾਂ ਬਦਲਾਵਾਂ ਬਾਰੇ ਆਬਿਦ ਹੁਸੈਨ ਦਾ ਕਥਨ ਹੈ ਕਿ, "ਜ਼ਮੀਨ (ਜੋ ਕਿ ਉਨ੍ਹਾਂ ਦਿਨਾਂ ਵਿੱਚ ਧਨ ਕਮਾਉਣ ਦਾ ਇੱਕੋ ਇੱਕ ਸੋਮਾ ਸੀ) ਦੀ ਨਿੱਜੀ ਮਾਲਕੀ ਉੱਪਰ ਕਈ ਤਰ੍ਹਾਂ ਦੇ ਬੰਧਨ ਲਾਏ ਗਏ ਤਾਂ ਕਿ ਇਹ ਨਾਂ ਦੀ ਮਾਲਕੀ ਤੋਂ ਵੱਧ ਕੁੱਝ ਨਾ ਰਹੇ। ਉਸ ਵੇਲੇ ਹੁੰਦੀ ਤਿੰਨ ਤਰ੍ਹਾਂ ਦੀ ਲੁੱਟ ਖਸੁੱਟ, ਗ਼ੁਲਾਮੀ, ਸੂਦਖ਼ੋਰ ਅਤੇ ਜ਼ਖ਼ੀਰੇਬਾਜ਼ੀ ਵਿੱਚੋਂ ਪਿਛਲੀਆਂ ਦੋ ਕਿਸਮਾਂ ਨੂੰ ਅਮਲੀ ਤੌਰ 'ਤੇ ਖ਼ਤਮ ਕਰ ਦਿੱਤਾ ਗਿਆ ਸੀ। ਗ਼ੁਲਾਮੀ ਦਾ ਸੁਧਾਰ ਕਰ ਕੇ ਇਸ ਨੂੰ ਐਸੀ ਪ੍ਰਣਾਲੀ ਬਣਾ ਦਿੱਤਾ ਗਿਆ ਜਿਸ ਅਨੁਸਾਰ ਜੰਗੀ ਕੈਦੀਆਂ ਨੂੰ ਪ੍ਰਤਿੱਗਿਆ ਬੱਧ ਨੌਕਰਾਂ ਵਜੋਂ ਜਿਨ੍ਹਾਂ ਦੇ ਫ਼ਰਜ਼ ਵੀ ਹੁੰਦੇ ਸਨ ਅਤੇ ਹੱਕ ਵੀ, ਉਦੋਂ ਤੱਕ ਪਰਿਵਾਰਾਂ ਨਾਲ ਜੋੜ ਦਿੱਤਾ ਜਾਂਦਾ ਸੀ ਜਦੋਂ ਤੱਕ ਉਹ ਆਪਣੀ

ਆਜ਼ਾਦੀ ਨਹੀਂ ਸਨ ਕਮਾ ਲੈਂਦੇ। ਸੂਦਖ਼ੋਰੀ ਅਤੇ ਜ਼ਖ਼ੀਰੇਬਾਜ਼ੀ ਦੀ ਸਖ਼ਤ ਮਨਾਹੀ ਸੀ। ਇਸਲਾਮ ਨੇ ਸਿਰਫ਼ ਉਪਦੇਸ਼ ਰਾਹੀਂ ਹੀ ਨਹੀਂ ਸਗੋਂ ਕਾਨੂੰਨ ਰਾਹੀਂ ਵੀ ਲੁੱਟ ਖਸੁੱਟ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਅਤੇ ਇਸ ਤਰ੍ਹਾਂ ਆਰਥਿਕ ਜੀਵਨ ਦੇ ਰਾਜਸੀ ਕੰਟਰੋਲ ਦੀ ਮਿਸਾਲ ਕਾਇਮ ਕੀਤੀ।" ("ਭਾਰਤ ਦਾ ਕੌਮੀ ਸਭਿਆਚਾਰ" 82)

ਬਾਬਰ ਨੇ ਭਾਰਤ 'ਚ ਇਬਰਾਹੀਮ ਲੋਧੀ ਨੂੰ ਹਰਾ ਕੇ 1526 ਈ. ਵਿੱਚ ਮੁਗ਼ਲ ਰਾਜ ਦੀ ਸਥਾਪਨਾ ਕੀਤੀ ਅਤੇ ਦਿੱਲੀ ਉੱਪਰ ਕਬਜ਼ਾ ਕਰ ਲਿਆ। ਬਾਬਰ ਦੁਆਰਾ ਸਥਾਪਿਤ ਮੁਗ਼ਲ ਰਾਜ ਕਈ ਪੀੜ੍ਹੀਆਂ ਤੱਕ ਸਥਾਪਿਤ ਰਿਹਾ। ਇਸ ਰਾਜ ਦਾ ਪਤਨ ਔਰੰਗਜ਼ੇਬ ਦੀ ਮੌਤ ਹੋਣ ਤੋਂ ਬਾਅਦ ਆਰੰਭ ਹੋਇਆ। ਆਖ਼ਰੀ ਸਮਰਾਟ ਬਹਾਦਰ ਸ਼ਾਹ ਜ਼ਫ਼ਰ ਦੀ ਮੌਤ ਹੋਣ ਕਾਰਨ ਰਾਜਸੀ ਤਾਕਤਾਂ ਮੁਗ਼ਲਾਂ ਹੱਥੋਂ ਖੁੱਸ ਗਈਆਂ।

ਮੁਗ਼ਲ ਰਾਜ ਦੇ ਸਮਾਂਨਤਰ ਹੀ ਪੰਜਾਬ ਅੰਦਰ ਭਗਤੀ ਲਹਿਰ ਹੋਂਦ ਵਿੱਚ ਆਉਂਦੀ ਹੈ। ਸਿੱਖਾਂ ਦੇ ਪਹਿਲੇ ਗੁਰੂ, ਗੁਰੂ ਨਾਨਕ ਦੇਵ ਜੀ ਨੇ ਭਗਤੀ ਲਹਿਰ ਨੂੰ ਸਿੱਖ ਲਹਿਰ ਦਾ ਰੂਪ ਪ੍ਰਦਾਨ ਕੀਤਾ। ਗੁਰੂ ਨਾਨਕ ਦੇਵ ਜੀ ਦੇ ਨਾਮ ਜਪਣ, ਕਿਰਤ ਕਰਨ ਅਤੇ ਸਵੈ ਮਾਣ ਪੈਦਾ ਕਰਨ ਵਾਲੇ ਉਦੇਸ਼ ਨੇ ਜਿੱਥੇ ਮੁਸਲਿਮ ਅਤੇ ਹਿੰਦੂ ਸਾਮੰਤੀ ਪ੍ਰਬੰਧ ਦੀ ਜਕੜ ਨੂੰ ਪੰਜਾਬ ਦੇ ਲੋਕਾਂ ਦੁਆਲੀਉ ਕੁੱਝ ਢਿੱਲਾ ਕੀਤਾ। ਉੱਥੇ ਸਿੱਖ ਲਹਿਰ ਸ਼ਕਤੀਸ਼ਾਲੀ ਲਹਿਰ ਦਾ ਰੂਪ ਧਾਰਨ ਕਰ ਗਈ ਅਤੇ ਮੁਗ਼ਲ ਸਾਮਰਾਜ ਦੇ ਪਤਨ ਦਾ ਕਾਰਨ ਵੀ ਬਣਦੀ ਹੈ।

ਰਵਿੰਦਰ ਰਵੀ ਦੇ ਲਫ਼ਜ਼ਾਂ 'ਚ, "ਇਹ ਦੌਰ ਹੈ ਜਿਸ ਵਿੱਚ ਪਹਿਲੀ ਵਾਰ ਹਰ ਪੱਖ ਤੋਂ ਪੰਜਾਬ ਦਾ ਸੁਤੰਤਰ, ਸਥੂਲ ਅਤੇ ਮੌਲਿਕ ਸਭਿਆਚਾਰਕ ਪਛਾਣ ਸਥਾਪਤ ਹੁੰਦੀ ਹੈ। ਪੰਜਾਬ ਦੇ ਇਤਿਹਾਸ ਦੇ ਇਸ ਦੌਰ ਦਾ ਸਭ ਤੋਂ ਵਿਲੱਖਣ ਪੱਖ ਇਹ ਹੈ ਕਿ ਦੋ ਸਦੀਆਂ ਤੋਂ ਵੱਧ ਹਾਕਮ ਜਮਾਤਾਂ ਦੇ ਧਰਮ, ਸਹਿਤ ਅਤੇ ਰਾਜਨੀਤਿਕ ਦੀ ਥਾਂ ਲੋਕ ਹਿੱਤ ਦੇ ਪੈਂਤੜੇ ਵਾਲਾ ਧਰਮ ਸਾਹਿਤ ਤੇ ਰਾਜਨੀਤੀ (ਸਿੱਖ ਲਹਿਰ ਦੇ ਰੂਪ ਵਿੱਚ) ਭਾਰੂ ਰਹੇ।" (ਆਜ਼ਾਦ (ਸੰਪਾ.), "ਪੰਜਾਬ ਦੀ ਆਰਥਿਕਤਾ" 245)

ਮੁਗ਼ਲ ਸਮਰਾਜ ਅਤੇ ਸਿੱਖ ਲਹਿਰ ਦੇ ਚੱਲਦਿਆਂ ਦੇਖਣਾ ਇਹ ਹੈ ਕਿ 16ਵੀਂ ਸਦੀ ਵਿੱਚ ਕਿਸਾਨੀ ਜੀਵਨ ਦਾ ਖੇਤੀਬਾੜੀ ਪ੍ਰਬੰਧ ਕਿਹੋ ਜਿਹਾ ਸੀ। ਉਸ ਸਮੇਂ ਪੰਜਾਬ ਦਾ ਮੁੱਖ ਕਿੱਤਾ ਖੇਤੀਬਾੜੀ ਹੀ ਸੀ।

ਐਸ. ਪੀ. ਸੱਭਰਵਾਲ ਲਿਖਦਾ ਹੈ ਕਿ, "16ਵੀਂ ਸਦੀ ਦੇ ਆਰੰਭ ਵਿੱਚ ਪੰਜਾਬੀਆ ਦਾ ਮੁੱਖ ਕਿੱਤਾ ਖੇਤੀਬਾੜੀ ਅਤੇ ਪਸ਼ੂ ਪਾਲਨ ਸੀ। ਕਣਕ, ਜੌਂ, ਮੱਕੀ, ਛੋਲੇ, ਚਾਵਲ, ਦਾਲਾਂ, ਕਪਾਹ, ਗੰਨਾ ਅਤੇ ਸਰ੍ਹੋਂ ਆਦਿ ਦੀ ਖੇਤੀ ਕੀਤੀ ਜਾਂਦੀ ਸੀ। ਸਿੰਚਾਈ ਲਈ ਕਿਸਾਨ ਮੁੱਖ ਰੂਪ ਵਿੱਚ ਵਰਖਾ 'ਤੇ ਨਿਰਭਰ ਕਰਦੇ ਸਨ, ਪ੍ਰੰਤੂ ਨਹਿਰਾਂ ਤੇ ਖੂਹਾਂ ਦੁਆਰਾ ਵੀ ਖੇਤੀ ਕੀਤੀ ਜਾਂਦੀ ਸੀ। ਇਰਾਨੀ ਹਲਟਾਂ (ਖੂਹਾਂ) ਦਾ ਪ੍ਰਯੋਗ ਸ਼ੁਰੂ ਹੋ ਗਿਆ ਸੀ। ਫ਼ਿਰੋਜ਼ਸ਼ਾਹ ਤੁਗਲਕ ਨੇ ਪੰਜਾਬ ਵਿੱਚ ਕਈ ਨਹਿਰਾਂ ਖ਼ੁਦਵਾਈਆਂ ਸਨ ਜਿਨ੍ਹਾਂ ਦਾ ਲਾਭ ਕਿਸਾਨਾਂ ਨੂੰ ਪਹੁੰਚ ਰਿਹਾ ਸੀ।

> ਜਾਗੀਰਦਾਰ ਅਤੇ ਮਹਾਜਨ ਛੋਟੇ ਕਿਸਾਨਾਂ ਨੂੰ ਬਹੁਤ ਤੰਗ ਕਰਦੇ ਸਨ ਅਤੇ ਉਨ੍ਹਾਂ ਦਾ ਹਰ ਤਰੀਕੇ ਨਾਲ ਸ਼ੋਸ਼ਣ ਕਰਦੇ ਸਨ।" ( "History of the Punjab" 33)

ਉਪਰੋਕਤ ਹਵਾਲਾ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ 16ਵੀਂ ਸਦੀ ਵਿੱਚ ਵੀ ਕਿਸਾਨ ਸ਼ੋਸ਼ਣ ਮੁਕਤ ਨਹੀਂ ਸਨ। ਕਰ ਇਕੱਠਾ ਕਰਨ ਸਮੇਂ ਜਾਗੀਰਦਾਰ ਅਤੇ ਇੱਕਤਦਾਰ ਆਰਥਿਕ ਅਤੇ ਮਾਨਸਿਕ ਪੱਖੋਂ ਕਿਸਾਨਾਂ ਦਾ ਸ਼ੋਸ਼ਣ ਕਰਦੇ ਸਨ। ਸਿੱਖ ਲਹਿਰ ਵਿੱਚ ਉਪਜਿਆ ਖ਼ਾਲਸੇ ਦਾ ਸੰਕਲਪ ਜਿੱਥੇ ਸਨਾਤਨੀ ਬ੍ਰਹਮਵਾਦ ਦੇ ਵਿਰੁੱਧ ਸੀ ਉੱਥੇ ਹੀ ਆਪਣਾ ਨਵਾਂ ਆਦਰਸ਼ ਜਾਤ-ਪਾਤ ਤੋਂ ਰਹਿਤ; ਮਨੁੱਖ ਦੀ ਆਜ਼ਾਦੀ ਕਾਇਮ ਕਰਨ ਅਤੇ ਸਮਾਜ ਵਿੱਚ ਬਰਾਬਰੀ ਦੇ ਇਨਕਲਾਬੀ ਰੂਪ 'ਚ ਸਾਹਮਣੇ ਆਉਂਦਾ ਹੈ।

ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਪੰਥ ਦੀ ਸਥਾਪਨਾ ਕਰ ਕੇ ਸਿੱਖ ਕੌਮ ਨੂੰ ਇੱਕ ਵੱਖਰੀ ਪਹਿਚਾਣ ਦਿੱਤੀ। ਸਿੱਖ ਲਹਿਰ ਨੇ ਖ਼ਾਲਸੇ ਦਾ ਰੂਪ ਧਾਰਨ ਕਰ ਕੇ ਮੁਗ਼ਲਾਂ ਦਾ ਡੱਟ ਕੇ ਮੁਕਾਬਲਾ ਕੀਤਾ ਅਤੇ ਜ਼ਬਰ ਜ਼ੁਲਮ ਨੂੰ ਪਿੱਛੇ ਧੱਕਿਆ। ਖ਼ਾਲਸੇ ਦੀ ਸਥਾਪਨਾ ਨਾਲ ਇਤਿਹਾਸਕ ਪਰਿਸਥਿਤੀਆਂ ਵਿਚ ਵੱਖਰਤਾ ਨਜ਼ਰ ਆਉਂਦੀ ਹੈ।

> ਹਰਮੀਤ ਸਿੰਘ ਦਾ ਵਿਚਾਰ ਹੈ ਕਿ, "ਗੁਰੂ ਨਾਨਕ ਦੇਵ ਤੋਂ ਗੁਰੂ ਗੋਬਿੰਦ ਸਿੰਘ ਤੱਕ ਮੱਧਕਾਲ ਦੇ ਇਤਿਹਾਸ ਵਿੱਚ ਇੱਕ ਵੱਖਰਤਾ ਨਜ਼ਰ ਆਉਂਦੀ ਹੈ। ਇੱਕ ਪਾਸੇ ਮੁਗਲ ਹਕੂਮਤ ਨੇ ਰਜਵਾੜਿਆਂ ਵਾਲਾ ਰਾਜ ਪ੍ਰਬੰਧ ਸਾਹਮਣੇ ਲਿਆਂਦਾ, ਦੂਜੇ ਪਾਸੇ ਸਿੱਖ ਗੁਰੂਆਂ ਨੇ ਕੇਵਲ ਇਸ ਕਿਸਮ ਦੇ ਰਾਜ ਪ੍ਰਬੰਧ ਦਾ ਵਿਰੋਧ ਹੀ ਨਹੀਂ ਕੀਤਾ, ਸਗੋਂ ਸਨਾਤਨੀ ਹਿੰਦੂ ਪ੍ਰਬੰਧ ਜਿਸ ਵਿੱਚ ਸਮਾਜ ਜਾਤ-ਪਾਤ ਵਿੱਚ ਵੰਡਿਆ ਹੋਇਆ ਸੀ; ਉਸ ਪ੍ਰਬੰਧ ਦੇ ਸਾਹਮਣੇ ਮਨੁੱਖ ਦਾ ਵੱਖਰਾ ਤੇ ਨਵਾਂ ਸਰੂਪ ਸਾਹਮਣੇ ਲਿਆਂਦਾ ਜਿਸ ਨੂੰ ਖ਼ਾਲਸੇ ਦਾ ਰੂਪ ਦਿੱਤਾ ਗਿਆ।" ("ਪੰਜਾਬੀ ਨਾਵਲਾਂ ਵਿੱਚ ਸਿੱਖ ਇਤਿਹਾਸ" 10)

ਖ਼ਾਲਸੇ ਦੀ ਸਥਾਪਨਾ ਨਾਲ ਮੁਗ਼ਲ ਹਕੂਮਤਾਂ ਅਤੇ ਰਜਵਾੜਿਆਂ ਦੀ ਰਾਜ ਵਿਵਸਥਾ ਬਾਰੇ ਜਾਣਕਾਰੀ ਦੇ ਨਾਲ-ਨਾਲ ਸਿੱਖ ਲਹਿਰ ਨੂੰ ਦਿੱਤਾ ਗਿਆ ਵੱਖਰਾ/ਨਵਾਂ ਸਰੂਪ ਵੀ ਸਾਡੇ ਸਾਹਮਣੇ ਆਉਂਦਾ ਹੈ। ਮਨੁੱਖ ਦੇ ਇਸ ਵੱਖਰੇ ਅਤੇ ਨਵੇਂ ਸਰੂਪ ਵਾਲੇ ਸਮਾਜ ਦਾ ਉਦੈ ਹੁੰਦਾ ਹੈ।

ਇਸ ਵਿਵਸਥਾ ਦੇ ਥੰਮ੍ਹ ਨੂੰ ਉਸਾਰਨ 'ਚ ਸਿੱਖ ਲਹਿਰ ਦਾ ਵੱਡਾ ਯੋਗਦਾਨ ਰਿਹਾ ਹੈ। ਪੰਜਾਬ ਦੇ ਇਤਿਹਾਸ 'ਚ ਸੰਗਠਨ ਨੂੰ ਉਸਾਰਨ 'ਚ ਇੱਕ ਅਜੀਬੋ ਗ਼ਰੀਬ ਘਟਨਾ ਦੀ ਬਹੁਤ ਵੱਡੀ ਭੂਮਿਕਾ ਮੰਨੀ ਜਾਂਦੀ ਹੈ। ਔਰੰਗਜ਼ੇਬ ਦੀ ਮੌਤ ਹੋ ਜਾਣ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਵੀ ਨਾਂਦੇੜ ਵਿਖੇ 1708 ਈ: ਵਿੱਚ ਅਕਾਲ ਚਲਾਣਾ ਕਰ ਗਏ। ਪਰ ਗੁਰੂ ਗੋਬਿੰਦ ਸਿੰਘ ਨੇ ਮਾਧੋ ਦਾਸ ਬੈਰਾਗੀ ਨੂੰ ਬੰਦਾ ਸਿੰਘ ਬਹਾਦਰ ਦੀ ਉਪਾਧੀ ਦੇ ਕੇ ਪੰਜਾਬ ਵੱਲ ਭੇਜਿਆ ਤਾਂ ਕਿ ਪੰਜਾਬ ਵਿੱਚ ਸਿੱਖਾਂ ਉੱਪਰ ਹੁੰਦੇ ਅੱਤਿਆਚਾਰ ਦਾ ਖ਼ਾਤਮਾ ਕੀਤਾ ਜਾ ਸਕੇ। ਸਿੱਖ ਇਤਿਹਾਸਕਾਰਾਂ ਮੁਤਾਬਿਕ ਗੁਰੂ ਗੋਬਿੰਦ ਸਿੰਘ ਜੀ ਦੇ ਅਕਾਲ ਚਲਾਣਾ ਕਰਨ ਤੋਂ ਬਾਅਦ ਪੰਜਾਬ ਉੱਪਰ ਅਜਿਹਾ ਸਮਾਂ ਆਇਆ ਜਦੋਂ ਸਿੱਖ ਸਾਮਰਾਜ ਬਹੁਤ ਹੀ ਨਾਜ਼ੁਕ ਮੋੜ ਉੱਪਰ ਆ

ਖਲੋਤਾ ਕਿਸੇ ਸਮੇਂ ਵੀ ਆਪਣੀ ਦਿਸ਼ਾ ਤੋਂ ਭਟਕ ਸਕਦਾ ਸੀ। ਬੰਦਾ ਬਹਾਦਰ ਦੇ ਕਾਰਨਾਮਿਆਂ ਨੇ ਸਿੱਖ ਸੰਗਤਾਂ ਵਿੱਚ ਇੱਕ ਨਵੀਂ ਰੂਹ ਫੂਕ ਦਿੱਤੀ। ਇਨ੍ਹਾਂ ਉਪਰਾਲਿਆਂ 'ਚੋਂ ਇੱਕ ਮਹੱਤਵਪੂਰਨ ਕਦਮ ਮੁਗਲਾਂ ਦੀਆਂ ਸ਼ਾਹੀ ਫ਼ੌਜਾਂ ਨਾਲ ਟੱਕਰਾਂ ਕਰ ਕੇ ਤਤਕਾਲੀ ਜਾਗੀਰਦਾਰੀ ਪ੍ਰਬੰਧ ਦਾ ਵਿਰੋਧ ਕਰਨਾ ਵੀ ਸੀ।

> ਇਤਿਹਾਸਕਾਰ ਪ੍ਰਿੰਸੀਪਲ ਤੇਜਾ ਸਿੰਘ, ਡਾ ਗੰਡਾ ਸਿੰਘ ਦਾ ਮੰਨਣਾ ਹੈ ਕਿ, "ਬੰਦਾ ਸਿੰਘ ਨੇ ਸਰਹਿੰਦ ਦੀ ਜਿੱਤ ਦੇ ਸਮੇਂ ਤੋਂ ਆਪਣਾ ਪ੍ਰਸ਼ਾਸਨੀ ਸਾਲ ਸ਼ੁਰੂ ਕੀਤਾ ਸੀ। ਕੋਈ ਬਾਕਾਇਦਾ ਸ਼ਾਸਨ ਪ੍ਰਣਾਲੀ ਸਥਾਪਿਤ ਕਰਨ ਲਈ ਉਸ ਪਾਸ ਸਮਾਂ ਨਹੀਂ ਸੀ ਪਰ ਉਸ ਦੀ ਇਕ ਕਾਰਵਾਈ ਬੜੇ ਸਪੱਸ਼ਟ ਰੂਪ ਵਿਚ ਸਾਹਮਣੇ ਆਈ ਜਿਸ ਦਾ ਆਉਣ ਵਾਲੇ ਸਮੇਂ ਵਿਚ ਪੰਜਾਬ ਦੇ ਵਿੱਤੀ-ਇਤਿਹਾਸ ਉੱਤੇ ਬਹੁਤ ਪ੍ਰਭਾਵ ਪਿਆ। ਇਹ ਪੰਜਾਬ ਵਿੱਚੋਂ ਪ੍ਰਚਲਿੱਤ ਜ਼ਿਮੀਦਾਰੀ ਪ੍ਰਥਾ ਨੂੰ ਸਮਾਪਤ ਕਰਨ ਦੀ ਕਾਰਵਾਈ ਸੀ। ਜ਼ਿਮੀਦਾਰ ਜੋ ਵਧੇਰੇ ਕਰਕੇ ਸਰਕਾਰੀ ਕਰਮਚਾਰੀ ਹੁੰਦੇ ਸਨ, ਉਹ ਆਪਣੇ ਅਧੀਨ ਪਿੰਡਾਂ ਦਾ ਨਿਸਚਤ ਭੂਮੀ ਕਰ ਭਰਨ ਲਈ ਜ਼ਿੰਮੇਵਾਰ ਸਨ। ਉਨ੍ਹਾਂ ਨੇ ਪੂਰਨ ਮਾਲਕੀ ਦੇ ਹੱਕ ਧਾਰਨ ਕਰ ਲਏ ਸਨ ਅਤੇ ਉਹ ਅਸਲ ਹਲ-ਵਾਹਕਾਂ ਨੂੰ ਆਪਣੀ ਮਰਜ਼ੀ ਨਾਲ ਰੱਖ ਕੱਢ ਸਕਦੇ ਸਨ। ਜਦ ਤੱਕ ਉਹ ਜ਼ਿਮੀਦਾਰ ਸਰਕਾਰੀ ਮਾਮਲਾ ਬਾਕਾਇਦਾ ਤੋਰ ਤੇ ਸਰਕਾਰ ਨੂੰ ਭਰਦੇ ਸਨ, ਸਰਕਾਰ ਉਨ੍ਹਾਂ ਦੇ ਅੰਦਰੂਨੀ ਪ੍ਰਬੰਧ ਵਿਚ ਦਖ਼ਲ ਨਹੀਂ ਸੀ ਦਿੰਦੀ। ਉਹ (ਜ਼ਿਮੀਦਾਰ) ਕਿਸਾਨਾਂ ਤੋਂ ਜਿਨ੍ਹਾਂ ਵੀ ਚਾਹੁਣ ਪੈਸਾ ਬਟੋਰ ਸਕਦੇ ਸਨ ਤੇ ਕਿਸਾਨ ਵਿਚਾਰੇ ਗੁਲਾਮ ਬਣ ਕੇ ਰਹਿ ਗਏ ਸਨ।" ("ਸਿੱਖ ਇਤਿਹਾਸ" (1469-1765) 87)
>
> ਸੋਹਣ ਸਿੰਘ ਸੀਤਲ ਲਿਖਦੇ ਹਨ ਕਿ, "ਬੰਦਾ ਸਿੰਘ ਬਹਾਦਰ ਨੇ ਆਪਣੇ ਇਲਾਕੇ ਵਿੱਚ ਜ਼ਿਮੀਂਦਾਰ ਢੰਗ ਉਡਾ ਦਿੱਤਾ ਤੇ ਵਾਹੀ ਕਰਨ ਵਾਲਿਆਂ ਨੂੰ ਜ਼ਮੀਨ ਦਾ ਮਾਲਕ ਥਾਪ ਕੇ ਸਿੱਧਾ ਉਨ੍ਹਾਂ ਤੋਂ ਮਾਮਲਾ ਲਿਆ। ਇਸ ਢੰਗ ਨੂੰ ਪਿੱਛੋਂ ਸਿੱਖ ਮਿਸਲਾਂ ਨੇ ਚਾਲੂ ਰੱਖਿਆ ਅਤੇ ਮਹਾਰਾਜਾ ਰਣਜੀਤ ਸਿੰਘ ਨੇ ਸਾਰੇ ਪੰਜਾਬ ਵਿੱਚ ਪੱਕਿਆ ਕਰ ਦਿੱਤਾ। ਇਸ ਦਾ ਚੰਗਾ ਫਲ ਅੱਜ ਪੰਜਾਬ ਦਾ ਹਰ ਇੱਕ ਕਿਸਾਨ ਜ਼ਮੀਨ ਦਾ ਮਾਲਕ ਹੈ। ਇਹ ਨਵਾਂ ਢੰਗ ਚਾਲੂ ਹੋਣ ਨਾਲ ਕੁੱਝ ਜ਼ਿਮੀਂਦਾਰ ਤਾਂ ਸਿੱਖਾਂ ਨਾਲ ਦਿਲੋਂ ਨਾਰਾਜ਼ ਹੋ ਗਏ, ਪਰ ਹਜ਼ਾਰਾਂ ਗ਼ਰੀਬ ਜੱਟ ਉਨ੍ਹਾਂ ਦੇ ਧੰਨਵਾਦੀ ਹੋਏ ਤੇ ਅੰਮ੍ਰਿਤ ਛਕ ਕੇ ਸਿੰਘਾਂ ਦੇ ਦਲ ਵਿੱਚ ਰਲ ਗਏ।" ("ਬੰਦਾ ਸਿੰਘ ਸ਼ਹੀਦ" 54)

ਅਜਿਹਾ ਦੌਰ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ 17 ਜੂਨ 1716 ਈ. ਤੱਕ ਹੀ ਰਿਹਾ। ਬੰਦਾ ਸਿੰਘ ਬਹਾਦਰ ਨੇ ਦੇ ਜ਼ਿਮੀਂਦਾਰ ਸਿਸਟਮ ਨੂੰ ਖ਼ਤਮ ਕੀਤਾ ਅਤੇ ਭੂਮੀ ਉੱਪਰ ਕਾਸ਼ਤਕਾਰਾਂ ਦੀ ਮਲਕੀਅਤ ਨੂੰ ਸਥਾਪਿਤ ਕੀਤਾ। ਬੰਦਾ ਬਹਾਦਰ ਨੇ ਕਿਸਾਨਾਂ ਵਿੱਚ ਨਵੀਂ ਰੂਹ ਭਰ ਦਿੱਤੀ। ਖ਼ਾਲਸੇ ਨੇ ਰਾਜਿਆਂ ਵੱਲੋਂ ਇਨਾਮਾਂ ਵਜੋਂ ਦਿੱਤੀਆਂ ਜਾਗੀਰਾਂ ਉੱਤੇ ਲਗਾਏ ਗਏ ਟੈਕਸਾਂ ਨੂੰ ਖ਼ਤਮ ਕੀਤਾ ਅਤੇ ਸਮਾਜ ਵਿੱਚ ਉੱਨਤ ਹੋਏ ਰਾਠਾਂ ਅਤੇ ਸਰਦਾਰਾਂ ਦੇ ਵਰਗ ਨੂੰ ਵੀ ਸਾਫ਼ ਕੀਤਾ। ਪਰ ਵੇਖਣ ਵਾਲੀ ਗੱਲ ਇਹ ਹੈ ਕਿ ਸਿੱਖ ਸਰਦਾਰਾਂ ਨੇ ਆਮ ਕਿਸਾਨਾਂ ਨੂੰ ਤੰਗ ਪ੍ਰੇਸ਼ਾਨ ਨਹੀਂ ਕੀਤਾ ਸਗੋਂ ਉਨ੍ਹਾਂ ਦੇ ਅਸ਼ਰਫ਼ ਵਰਗ ਨੂੰ ਖਿੰਡਾ ਦਿੱਤਾ ਅਤੇ ਰਈਅਤ ਦੇ ਨੇੜੇ ਲੈ ਆਂਹਦਾ। ਰਈਅਤ ਵਿੱਚ ਉਹ ਲੋਕ ਸਨ ਜੋ ਸਾਰੇ ਧਰਮਾਂ ਨੂੰ ਮੰਨਦੇ ਸਨ।

ਬੰਦਾ ਬਹਾਦਰ ਨੇ ਕੇਵਲ ਮੁਗ਼ਲ ਜ਼ਾਲਮਾਂ ਦਾ ਵਿਰੋਧ ਅਤੇ ਖ਼ਾਤਮਾ ਹੀ ਨਹੀਂ ਕੀਤਾ ਸਗੋਂ ਇਸ ਜ਼ੁਲਮ ਹੇਠ ਦੱਬੇ ਨਿਮਨ ਕਿਸਾਨਾਂ ਦੀ ਵੀ ਰੱਖਿਆ ਕੀਤੀ ਅਤੇ ਉਨ੍ਹਾਂ ਦੇ ਜ਼ੁਲਮ ਤੋਂ ਮੁਕਤ ਕਰਵਾਇਆ। ਕਿਸਾਨਾਂ ਲਈ ਨਵੇਂ ਢੰਗ ਅਤੇ ਭੱਤੇ ਇਕੱਠੇ ਕਰਨੇ ਆਰੰਭ ਕੀਤੇ ਜਿਸ ਦਾ ਕਿਸਾਨਾਂ ਉੱਪਰ ਕੋਈ ਖ਼ਾਸ ਭਾਰ ਨਾ ਰਿਹਾ।

ਇਹ ਸਮਾਜਿਕ ਪ੍ਰਬੰਧ ਖ਼ਾਲਸੇ ਦੇ ਸਰੂਪ ਉੱਪਰ ਪੂਰਾ ਨਹੀਂ ਉਤਰ ਸਕਿਆ। ਕਿਉਂਕਿ ਪੰਜਾਬ ਅੰਦਰ ਮੁਗ਼ਲਾਂ ਦੇ ਰਾਜ ਤੋਂ ਬਾਅਦ ਵਿੱਚ ਸਿੱਖ ਮਿਸਲਾਂ ਉੱਭਰਵੇਂ ਰੂਪ ਵਿੱਚ ਸਾਹਮਣੇ ਆਈਆਂ। 1768 ਈ. ਤੋਂ 1798 ਈ. ਤੱਕ ਪੰਜਾਬ 'ਚ 12 ਮਿਸਲਾਂ ਦੁਆਰਾ ਰਾਜ ਨੂੰ ਚਲਾਇਆ ਗਿਆ। ਇਨ੍ਹਾਂ ਮਿਸਲਾਂ ਦੇ ਆਪਸ ਵਿੱਚ ਹੀ ਸਰਦਾਰੀ ਨੂੰ ਕਾਇਮ ਕਰਨ ਲਈ ਲੜਾਈਆਂ ਹੋ ਰਹੀਆਂ ਸਨ। ਜਿਵੇਂ ਫੈਜ਼ਲ ਪੁਰੀਆਂ ਮਿਸਲ, ਆਹਲੂਵਾਲੀਆ ਮਿਸਲ, ਭੰਗੀ ਮਿਸਲ, ਰਾਮਗੜ੍ਹੀਆ ਮਿਸਲ, ਘਨੱਈਆ ਮਿਸਲ, ਸੁਕਰਚੱਕੀਆ ਮਿਸਲ, ਫੂਲਕੀਆ ਮਿਸਲ ਆਦਿ। ਇਨ੍ਹਾਂ ਮਿਸਲਾਂ ਦੇ ਸਰਦਾਰਾਂ 'ਚ ਆਪਣੇ-ਆਪਣੇ ਰਾਜ ਦੇ ਇਲਾਕੇ ਨੂੰ ਹੋਰ ਵਧਾਉਣ ਦੀ ਇੱਛਾ ਸੀ। ਇਸੇ ਕਾਰਨ ਇਹ ਸਰਦਾਰ ਆਪਸ ਵਿੱਚ ਲੜਦੇ ਝਗੜਦੇ ਰਹਿੰਦੇ ਸਨ। ਜਿਸ ਕਾਰਨ ਪੰਜਾਬ ਅੰਦਰ ਅਰਾਜਕਤਾ ਵਾਲਾ ਮਾਹੌਲ ਬਣ ਗਿਆ ਸੀ।  ਮਿਸਲਾਂ ਸਮੇਂ ਖੇਤੀਬਾੜੀ ਪ੍ਰਬੰਧ ਨਾਲ ਸੰਬੰਧਿਤ ਕਈ ਕਿਸਮ ਦੀਆਂ ਪ੍ਰਣਾਲੀਆਂ ਪ੍ਰਚਲਿਤ ਸਨ ਜਿਵੇਂ:

ਭੂਮੀ ਕਰ ਪ੍ਰਣਾਲੀ: ਭੂਮੀ ਕਰ ਦੀ ਦਰ $^1/_3$ ਤੋਂ ¼ ਹਿੱਸਾ ਹੁੰਦੀ ਸੀ ਪਰ ਵਧੇਰੇ ਉਪਜਾਊ ਭੂਮੀ ਦਾ ½ ਹਿੱਸਾ ਕਰ ਵੀ ਲਿਆ ਜਾਂਦਾ ਸੀ। ਭੂਮੀ ਕਰ ਸਾਲ 'ਚ ਦੋ ਵਾਰ ਰਬੀ ਅਤੇ ਖ਼ਰੀਫ਼ ਦੀਆਂ ਫ਼ਸਲਾਂ ਸਮੇਂ ਲਿਆ ਜਾਂਦਾ ਸੀ।

ਬਟਾਈ ਪ੍ਰਣਾਲੀ: ਬਟਾਈ ਪ੍ਰਣਾਲੀ ਅਨੁਸਾਰ ਫ਼ਸਲ ਦੀ ਕਟਾਈ ਤੋਂ ਬਾਅਦ 'ਚ ਉਪਜ ਦੇ ਰੂਪ 'ਚ ਭੂਮੀ ਕਰ ਲਿਆ ਜਾਂਦਾ ਸੀ।

> "ਇਸ ਵਿਵਸਥਾ ਦੇ ਅਨੁਸਾਰ ਕਟਾਈ ਤੋਂ ਬਾਅਦ ਜਦੋਂ ਫ਼ਸਲ ਖੇਤ ਵਿੱਚੋਂ ਇਕੱਠੀ ਕੀਤੀ ਜਾਂਦੀ ਸੀ ਤਾਂ ਸਰਕਾਰੀ ਅਧਿਕਾਰੀ ਉੱਥੇ ਆ ਕੇ ਸਰਕਾਰੀ ਹਿੱਸਾ ਨਿਸ਼ਚਿਤ ਕਰ ਦਿੰਦੇ ਸਨ।" (Sabharwal, "History of the Punjab" 233)

ਅਠਾਰ੍ਹਵੀਂ ਸਦੀ ਦੇ ਅੰਤਲੇ ਦਹਾਕਿਆਂ 'ਚ ਆਉਂਦਿਆਂ ਹੀ ਪੰਜਾਬ ਕਈ ਪ੍ਰਕਾਰ ਦੀਆਂ ਰਿਆਸਤਾਂ 'ਚ ਵੰਡਿਆ ਗਿਆ ਅਤੇ ਉਨ੍ਹਾਂ 'ਚ ਸਿੱਖ ਸਰਦਾਰਾਂ ਦੀ ਗਿਣਤੀ ਵਧੇਰੇ ਸੀ। ਇਨ੍ਹਾਂ ਵਿਚੋਂ ਵੀ ਜੱਟ ਸਰਦਾਰਾਂ ਦੀ ਗਿਣਤੀ ਵਧੇਰੇ ਸੀ। ਕੁੱਝ ਕੁ ਤਰਖਾਣ ਵੀ ਸਨ। ਸਿੱਖ ਰਾਜਿਆਂ ਦਾ ਪਿਛੋਕੜ ਆਮ ਕਰ ਕੇ ਕਿਸਾਨ ਪਰਿਵਾਰਾਂ ਵਾਲਾ ਹੀ ਰਿਹਾ ਅਤੇ ਗ਼ੈਰ ਸਿੱਖ ਰਾਜੇ ਵਧੇਰੇ ਕਰ ਕੇ ਜ਼ਿਮੀਂਦਾਰ ਜਾਂ ਜਾਗੀਰਦਾਰ ਪਰਿਵਾਰਾਂ ਨਾਲ ਸੰਬੰਧ ਰੱਖਦੇ ਸਨ।

ਮਿਸਲਾਂ ਦੀਆਂ ਆਪਸੀ ਲੜਾਈਆਂ ਕਾਰਨ ਪੰਜਾਬ ਅੰਦਰ ਭਾਵੇਂ ਮਾਹੌਲ ਠੀਕ ਨਹੀਂ ਰਿਹਾ ਪਰ ਮਹਾਰਾਜਾ ਰਣਜੀਤ ਸਿੰਘ ਦੇ ਰਾਜਾ ਬਣਨ ਨਾਲ ਇਸ ਅਸ਼ਾਂਤੀ ਵਾਲੇ ਮਾਹੌਲ ਨੂੰ ਠੱਲ੍ਹ ਪੈ ਗਈ ਭਾਵੇਂ ਕਿ ਮਹਾਰਾਜਾ ਰਣਜੀਤ ਸਿੰਘ ਆਪ ਸੁਕਰਚੱਕੀਆ ਮਿਸਲ ਨਾਲ ਸੰਬੰਧਿਤ ਸੀ।

ਹਰਮੀਤ ਸਿੰਘ ਆਪਣੀ ਪੁਸਤਕ *'ਪੰਜਾਬੀ ਨਾਵਲਾਂ ਵਿੱਚ ਸਿੱਖ ਇਤਿਹਾਸ'* 'ਚ ਲਿਖਦੇ ਹਨ ਕਿ, "ਮਹਾਰਾਜਾ ਰਣਜੀਤ ਸਿੰਘ ਨੇ ਵੱਖਰੀਆਂ-ਵੱਖਰੀਆਂ ਮਿਸਲਾਂ ਨੂੰ ਇਕੱਠਿਆਂ ਕਰ ਕੇ ਇੱਕ ਸਾਂਝਾਂ ਰਾਜ ਪ੍ਰਬੰਧ ਕਾਇਮ ਕਰ ਦਿੱਤਾ। 1807 ਈ. ਪੰਜਾਬ ਦੇ ਇਤਿਹਾਸ ਦਾ ਇੱਕ ਨਵਾਂ ਪੜਾਅ ਹੈ ਜਦੋਂ ਮਹਾਰਾਜਾ ਰਣਜੀਤ ਸਿੰਘ ਰਾਜ ਭਾਗ ਦਾ ਮਹਾਰਾਜਾ ਬਣਿਆ।" (22)

ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਰਾਜ ਕਾਲ ਦੌਰਾਨ ਪੰਜਾਬ ਦੇ ਆਮ ਕਿਸਾਨਾਂ ਦਾ ਬਹੁਤ ਵਿਕਾਸ ਕੀਤਾ ਅਤੇ ਬਹੁਤ ਸਾਰੀਆਂ ਲੜਾਈਆਂ ਵਿੱਚ ਜਿੱਤ ਪ੍ਰਾਪਤ ਕੀਤੀ। ਉੱਨ੍ਹੀਵੀਂ ਸਦੀ ਦੇ ਪਹਿਲੇ ਚਾਰ ਦਹਾਕਿਆਂ 'ਚ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਕਾਲ ਦੇ ਦਹਾਕੇ ਕਹੇ ਜਾ ਸਕਦੇ ਹਨ। ਇਨ੍ਹਾਂ ਚਾਰ ਦਹਾਕਿਆਂ 'ਚ ਪੰਜਾਬ ਦੇ ਇਤਿਹਾਸਕ ਵੇਰਵਿਆਂ ਤੋਂ ਇਹ ਪਤਾ ਚੱਲਦਾ ਹੈ ਕਿ ਪੰਜਾਬੀ ਕਿਸਾਨੀ ਦੀ ਵਰਗ ਵੰਡ ਨਿਰਧਾਰਿਤ ਕਰਨ ਲਈ ਉਸ ਸਮੇਂ ਦੀ ਸਭਿਆਚਾਰਕ ਅਤੇ ਸਮਾਜਿਕ ਵਿਵਸਥਾ ਦੀ ਪਛਾਣ ਕਰਨੀ ਉਚਿੱਤ ਰਹੇਗੀ।

ਮਹਾਰਾਜਾ ਰਣਜੀਤ ਸਿੰਘ ਦੇ ਰਾਜ ਕਾਲ ਸਮੇਂ ਸਿੱਖ ਸਾਮੰਤਵਾਦੀ ਵਿਵਸਥਾ ਤੋਂ ਪਤਾ ਚੱਲਦਾ ਹੈ ਕਿ, "ਪੰਜਾਬ ਵਿੱਚ ਪਿੰਡਾਂ ਦੇ ਦੋ ਤਰ੍ਹਾਂ ਦੇ ਸੰਗਠਨਾਂ ਦਾ ਪ੍ਰਮਾਣ ਮਿਲਦਾ ਹੈ। ਪਹਿਲਾ ਉਹ; ਜਿਸ ਵਿੱਚ ਸਾਰੀ ਭੂਮੀ ਦੇ ਮਾਲਕ ਉਸ ਪਿੰਡ ਦੇ ਕਿਸਾਨ ਸਨ ਜੋ ਆਪਣੇ-ਆਪਣੇ ਹਿੱਸੇ ਦੀ ਵਾਹੀ ਕਰਦੇ ਸਨ। ਦੂਸਰੀ ਤਰ੍ਹਾਂ ਦੇ ਪਿੰਡਾਂ ਵਿੱਚ ਜ਼ਮੀਨ ਦੇ ਮਾਲਕ ਆਪਣੀ ਭੂਮੀ ਦੇ ਬਹੁਤ ਸਾਰੇ ਹਿੱਸੇ ਨੂੰ ਮੁਜ਼ਾਰਿਆਂ ਨੂੰ ਖੇਤੀ ਕਰਨ ਵਾਸਤੇ ਦੇ ਦਿੰਦੇ ਸਨ। ਇਸ ਤਰ੍ਹਾਂ ਦੇ ਪਿੰਡਾਂ ਵਿੱਚ ਜ਼ਿਮੀਂਦਾਰਾਂ ਦਾ ਮੁੱਖ ਉਦੇਸ਼ ਮੁਜ਼ਾਰਿਆਂ ਤੋਂ ਲਗਾਨ ਇਕੱਠਾ ਕਰਨਾ ਹੀ ਸੀ। ਇਸ ਨਾਲ ਦੋ ਤਰ੍ਹਾਂ ਦੇ ਪਿੰਡਾਂ ਦੀ ਸ਼ਨਾਖ਼ਤ ਹੁੰਦੀ ਹੈ। ਇੱਕ ਉਹ ਜਿਸ ਵਿੱਚ ਮਾਲਕ ਕਾਸ਼ਤਕਾਰਾਂ ਦੀ ਗਿਣਤੀ ਜ਼ਿਆਦਾ ਸੀ ਅਤੇ ਦੂਜੇ ਉਹ ਜਿਨ੍ਹਾਂ ਵਿੱਚ ਵੱਡੇ ਜ਼ਿਮੀਂਦਾਰਾਂ ਦੀ ਪ੍ਰਮੁੱਖਤਾ ਸੀ।"(ਸ਼ਰਮਾ, "ਰਣਜੀਤ ਸਿੰਘ ਕਾਲ ਦੀ ਕਿਸਾਨੀ ਦਾ ਸਮਾਜ-ਸ਼ਾਸਤਰੀ ਅਧਿਐਨ" 28)

ਮਹਾਰਾਜਾ ਰਣਜੀਤ ਸਿੰਘ ਦੇ ਸ਼ਾਸਨ ਕਾਲ ਸਮੇਂ 'ਚ ਇੱਕ ਭੂਮੀ ਮਾਲਕ ਅਤੇ ਦੂਸਰੇ ਮੁਜ਼ਾਰੇ ਸਨ। ਇਸ ਸਮੇਂ ਵੱਡੇ ਭੂਮੀ ਮਾਲਕਾਂ ਦੀ ਗਿਣਤੀ ਵਧੇਰੇ ਹੋਣ ਕਾਰਨ ਭੂਮੀ ਮਾਲਕ ਮੁਜ਼ਾਰਿਆਂ ਨੂੰ ਆਪਣੀ ਭੂਮੀ ਵਾਹੁਣ ਲਈ ਦਿੰਦੇ ਸਨ। ਅਠਾਰ੍ਹਵੀਂ ਸਦੀ ਦੇ ਅੰਤ ਅਤੇ ਉੱਨ੍ਹੀਵੀਂ ਸਦੀ ਦੇ ਆਰੰਭ 'ਚ ਇਸ ਪ੍ਰਮੁੱਖਤਾ ਨੂੰ ਸ਼ਕਤੀ ਮਿਲਦੀ ਹੈ। ਵਰਗ/ਸ਼੍ਰੇਣੀ ਵੰਡ ਦੀ ਜ਼ਰੂਰਤ ਹਰ ਰਾਜ ਧਰਮ ਅਤੇ ਹਰ ਪ੍ਰਕਾਰ ਦੀ ਸੱਤਾ ਦੀ ਜ਼ਰੂਰਤ ਹੁੰਦੀ ਹੈ।

ਪੰਦ੍ਹਰਵੀਂ ਸਦੀ ਤੋਂ ਲੈ ਕੇ ਅਠਾਰ੍ਹਵੀਂ ਸਦੀ ਦੇ ਆਰੰਭਲੇ ਸਾਲਾਂ 'ਚ ਪੰਜਾਬ ਵਿੱਚ ਜਿਸ ਕਿਸਮ ਦੀ ਕਿਸਾਨੀ ਸਭਿਆਚਾਰ ਦਾ ਸਰੂਪ ਰਿਹਾ ਉਹ ਸੀ ਸਿੱਖ ਸਾਮੰਤੀ ਵਿਵਸਥਾ, ਹਿੰਦੂ ਸਾਮੰਤੀ ਪ੍ਰਬੰਧ, ਮੁਸਲਿਮ ਸਾਮੰਤੀ ਪ੍ਰਬੰਧ ਦਾ ਮਿਸ਼ਰਿਤ ਰੂਪ ਸੀ। ਇਸ ਮਿਸ਼ਰਿਤ ਰੂਪ ਦੀ ਸਿਰਜਣਾ 'ਚ ਉਸ ਸਮੇਂ ਦੀਆਂ ਜਾਤਾਂ ਅਤੇ ਜਮਾਤਾਂ ਦੀ ਰਲਗੱਡਤਾ ਦੀ ਸੰਸਕ੍ਰਿਤੀ ਦਾ ਵੀ ਵਧੇਰੇ ਯੋਗਦਾਨ ਰਿਹਾ। ਮਲਕੀਅਤ ਤੋਂ ਵਾਂਝੀਆਂ ਜਾਤਾਂ-ਜਮਾਤਾਂ ਆਪਣੀ ਕਿਰਤ ਨੂੰ ਰਾਜਪੂਤ

ਜਾਗੀਰਦਾਰਾਂ ਜਾਂ ਜ਼ਿਮੀਂਦਾਰਾਂ ਕੋਲ ਬੈਅ ਕਰ ਦਿੰਦੇ। ਛੋਟੀ ਕਿਸਾਨੀ ਆਪਣੇ ਆਰਥਿਕ ਹਿੱਤਾਂ ਨੂੰ ਪੂਰਾ ਕਰਨ ਲਈ ਸ਼ਾਹੂਕਾਰ ਤੇ ਵੱਡੇ-ਵੱਡੇ ਜਾਗੀਰਦਾਰਾਂ ਦੇ ਦਾਇਆ ਕਰਮ ਉੱਪਰ ਹੀ ਨਿਰਭਰ ਕਰਦੀ ਰਹੀ ਹੈ।

ਗੁਰਦੀਪ ਕੌਰ ਦਾ ਵਿਚਾਰ ਵਰਨਣਯੋਗ ਹੈ ਕਿ, "ਸਿੱਖ ਸਾਮੰਤੀ ਵਿਵਸਥਾ ਦਾ ਛੋਟੀ ਕਿਸਾਨੀ ਤੇ ਛੋਟੀ ਜਾਤ ਪ੍ਰਤੀ ਕਰਮ ਖੇਤਰ ਵੀ ਹਿੰਦੂ/ਮੁਸਲਮਾਨ ਸਾਮੰਤੀ ਵਿਵਸਥਾ ਦੇ ਲੋਟੂ ਵਤੀਰੇ ਤੋਂ ਭਿੰਨ ਨਹੀਂ ਸੀ ਭਾਵੇਂ ਕਿ ਪੰਜਾਬ ਦੇ ਇਸਲਾਮਕ ਸਾਮੰਤੀ ਤਾਨਾਸ਼ਾਹੀ ਦੇ ਆਉਣ ਨਾਲ ਪੰਜਾਬ ਨੂੰ ਹਿੰਦੂ ਸਾਮੰਤਕ ਵਿਵਸਥਾ ਵਿਚਲੀ ਬ੍ਰਾਹਮਣੀ ਸੋਚ ਤੋਂ ਮੁਕਤੀ ਪ੍ਰਾਪਤ ਹੁੰਦੀ ਹੈ ਪਰ ਇਹ ਮੁਕਤੀ ਇੱਕ ਨਵੇਂ ਸਾਮੰਤਵਾਦੀ ਤਾਨਾਸ਼ਾਹੀ ਦੀ ਸਿਰਜਣਾ ਵੀ ਕਰਦੀ ਜਾਂਦੀ ਸੀ।" ("ਪੰਜਾਬੀ ਨਾਵਲ ਅਤੇ ਕਿਸਾਨੀ ਜੀਵਨ" 26)

ਆਮ ਕਿਸਾਨੀ ਜੀਵਨ ਉੱਪਰ ਇਨ੍ਹਾਂ ਦੋਹਾਂ ਕਿਸਮਾਂ ਦੇ ਸਾਮੰਤੀ ਤਾਨਾਸ਼ਾਹੀ ਪ੍ਰਬੰਧ ਦਾ ਬਹੁਤ ਹੀ ਮਾਰੂ ਪ੍ਰਭਾਵ ਪਿਆ। ਇਸ ਪ੍ਰਭਾਵ ਤੋਂ ਨਿਜਾਤ ਪਾਉਣ ਲਈ ਹੀ ਜਨ-ਸਾਧਾਰਨ ਨੇ ਸਿੱਖ ਗੁਰੂਆਂ ਦੀ ਸਾਧਾਰਨੀਕਰਨ ਦੇ ਵਿਚਾਰਾਂ ਵਿੱਚ ਆਪਣੀ ਸ਼ਰਧਾ ਪ੍ਰਗਟ ਕੀਤੀ। ਪਰ ਕੁੱਝ ਸਮੇਂ ਬਾਅਦ ਸਿੱਖ ਵਿਚਾਰਧਾਰਾ ਸਿੱਖ ਜਾਗੀਰੂ ਲੋਕਾਂ ਦਾ ਇੱਕ ਹਥਿਆਰ ਬਣ ਗਈ। ਇਸ ਦੇ ਮਾਰੂ ਪ੍ਰਭਾਵ ਨਿਮਨ ਕਿਸਾਨੀ ਅਤੇ ਛੋਟੀਆਂ ਜਾਤਾਂ ਨੂੰ ਵੀ ਭੁਗਤਣੇ ਪਏ।

ਮਹਾਰਾਜਾ ਰਣਜੀਤ ਸਿੰਘ ਦੇ ਰਾਜ 'ਚ ਪੰਜਾਬ ਦੇ ਜਨ-ਸਾਧਾਰਨ ਨੂੰ ਸਮਾਜਿਕ ਆਰਥਿਕ ਸੰਘਰਸ਼ ਕਰਨ ਦੀ ਕੋਈ ਲੋੜ ਮਹਿਸੂਸ ਨਹੀਂ ਹੋਈ। ਇਸ ਦੇ ਦੋ ਮੁੱਖ ਕਾਰਨ ਸਨ; ਪਹਿਲਾ ਵਧੀਆ ਪ੍ਰਬੰਧਕ ਢਾਂਚਾ ਅਤੇ ਦੂਜਾ ਲਗਾਨ ਪ੍ਰਬੰਧ ਮੁਗ਼ਲਾਂ ਦੇ ਆਰਥਿਕ ਢਾਂਚੇ ਵਾਲਾ ਹੀ ਜਾਰੀ ਰੱਖਣਾ। ਮਹਾਰਾਜਾ ਰਣਜੀਤ ਸਿੰਘ ਦੇ ਰਾਜਕਾਲ ਸਮੇਂ ਕਰ ਇਕੱਤਰ ਕਰਨ ਦੇ ਢੰਗ ਇਸ ਪ੍ਰਕਾਰ ਹਨ:

ਬਟਾਈ ਪ੍ਰਣਾਲੀ: ਇਸ ਪ੍ਰਣਾਲੀ ਦੇ ਅਨੁਸਾਰ ਫ਼ਸਲ ਕੱਟਣ ਤੋਂ ਬਾਅਦ ਸਰਕਾਰੀ ਅਧਿਕਾਰੀ ਕਿਸਾਨਾਂ ਦੇ ਕੋਲ ਜਾ ਕੇ ਉਨ੍ਹਾਂ ਤੋਂ ਸਰਕਾਰੀ ਹਿੱਸਾ ਪ੍ਰਾਪਤ ਕਰਦੇ ਹਨ।

ਕਾਨਕੂਤ ਪ੍ਰਣਾਲੀ: "ਇਸ ਦੇ ਅਨੁਸਾਰ ਖੜ੍ਹੀਆਂ ਫ਼ਸਲਾਂ ਨੂੰ ਕੱਟਣ ਤੋਂ ਪਹਿਲਾ ਹੀ ਅੰਦਾਜ਼ਾ ਲਾ ਕੇ ਸਰਕਾਰੀ ਹਿੱਸਾ ਨਿਸ਼ਚਿਤ ਕੀਤਾ ਜਾਂਦਾ ਸੀ। ਇਸ ਤਰ੍ਹਾਂ ਬਾਅਦ ਵਿੱਚ ਕਿਸਾਨਾਂ ਨੂੰ ਭੂਮੀ ਕਰ ਦੇਣਾ ਪੈਂਦਾ ਸੀ।" (Sabharwal, "History of the Punjab" 289)

ਨਕਦੀ: ਕਈ ਥਾਵਾਂ 'ਤੇ ਭੂਮੀ ਕਰ ਨਕਦੀ ਰੂਪ 'ਚ ਨਿਸ਼ਚਿਤ ਕੀਤਾ ਜਾਂਦਾ ਸੀ। ਇਸ ਪ੍ਰਣਾਲੀ ਤਹਿਤ ਜ਼ਬਤੀ ਜਮ੍ਹਾ ਵੀ ਕਿਹਾ ਜਾਂਦਾ ਸੀ।

"ਇਸ ਦੇ ਅਨੁਸਾਰ ਕਿਸੇ ਖੇਤਰ ਦੀ ਪ੍ਰਤੀ ਕਨਾਲ ਜਾਂ ਪ੍ਰਤੀ ਵਿੱਘਾ ਦੀ ਉਪਜ ਦੀ ਦਰ ਨਾਲ ਨਕਦੀ ਦੇ ਰੂਪ ਵਿੱਚ ਭੂਮੀ ਕਰ ਨਿਸ਼ਚਿਤ ਕਰ ਦਿੱਤਾ ਜਾਂਦਾ ਸੀ।" (Sabharwal, "History of the Punjab" 289)

ਰਣਜੀਤ ਸਿੰਘ ਦੇ ਸ਼ਾਸਨ ਕਾਲ ਸਮੇਂ ਆਰਥਿਕ ਢਾਂਚੇ 'ਚ ਕੋਈ ਬਹੁਤ ਵੱਡੀਆਂ ਤਬਦੀਲੀਆਂ ਨਹੀਂ ਲਿਆਂਦੀਆਂ ਗਈਆਂ। ਸਗੋਂ ਉਨ੍ਹਾਂ ਪਰਿਸਥਿਤੀਆਂ ਵਿੱਚ ਹੀ ਸੁਧਾਰ ਕੀਤੇ ਗਏ ਸਨ।

> ਰਾਧਾ ਸ਼ਰਮਾ ਦਾ ਮੰਨਣਾ ਹੈ ਕਿ, "ਉਸ ਨੂੰ ਪਤਾ ਸੀ ਕਿ ਪੰਜਾਬ ਦੇ ਲੋਕ ਆਰਥਿਕ ਦਬਾਉ ਨਹੀਂ ਝੱਲ ਸਕਦੇ ਅਤੇ ਉਨ੍ਹਾਂ ਦਾ ਰੋਹੀਲਾ ਸੁਭਾਅ ਕਿਸੇ ਵੀ ਵਕਤ ਉਸ ਦੇ ਰਾਜ ਲਈ ਖ਼ਤਰੇ ਦਾ ਕਾਰਨ ਬਣ ਸਕਦਾ ਹੈ। ਇਸ ਲਈ ਉਸ ਨੇ ਲੋਕਾਂ ਦੀ ਭਲਾਈ ਨੂੰ ਨਜ਼ਰੋਂ ਓਹਲੇ ਨਾ ਕਰਦੇ ਹੋਏ ਭੂਮੀਕਰ ਦੀ ਵਸੂਲੀ ਵਿੱਚ ਵਾਧਾ ਨਾ ਕਰਨ ਦਾ ਆਪਣੇ ਪ੍ਰਬੰਧਕਾਂ ਨੂੰ ਸਥਾਈ ਆਦੇਸ਼ ਦਿੱਤਾ ਹੋਇਆ ਸੀ। ਉਨ੍ਹਾਂ ਨੂੰ ਜ਼ਿਮੀਂਦਾਰਾਂ ਉੱਤੇ ਕਿਸੇ ਵੀ ਕਿਸਮ ਦਾ ਤਸ਼ੱਦਦ ਨਾ ਕਰਨ ਅਤੇ ਦਬਾਅ ਨਾ ਪਾਉਣ ਦਾ ਆਦੇਸ਼ ਸੀ।" ("ਰਣਜੀਤ ਸਿੰਘ ਕਾਲ ਦੀ ਕਿਸਾਨੀ ਦਾ ਸਮਾਜ-ਸ਼ਾਸਤਰੀ ਅਧਿਐਨ" 55)

ਰਣਜੀਤ ਸਿੰਘ ਦੇ ਰਾਜ ਦੌਰਾਨ ਕਿਸਾਨੀ ਸਮਾਜ 'ਚ ਭੂਮੀ ਮਾਲਕੀਅਤ ਦੇ ਆਧਾਰ ਉੱਪਰ ਸ਼੍ਰੇਣੀ ਵੰਡ ਕੀਤੀ ਜਾ ਸਕਦੀ ਹੈ। ਉਸ ਸਮੇਂ ਦੋ ਸ਼੍ਰੇਣੀਆਂ ਮੌਜੂਦ ਸਨ। ਪਹਿਲੀ ਵੱਡੇ ਜ਼ਿਮੀਂਦਾਰ ਜੋ ਆਪਣੀ ਜ਼ਮੀਨ ਦੀ ਵਾਹੀ ਮੁਜ਼ਾਰਿਆਂ ਤੋਂ ਕਰਵਾਉਂਦੇ ਸਨ। ਦੂਜੀ ਜ਼ਿਮੀਂਦਾਰ ਕਾਸ਼ਤਕਾਰ ਜੋ ਆਪ ਆਪਣੀ ਜ਼ਮੀਨ 'ਤੇ ਖੇਤੀ ਕਰਦੇ ਸਨ। ਮਾਲਕ ਕਾਸ਼ਤਕਾਰ ਦੀ ਗਿਣਤੀ ਵਿੱਚ ਅਠਾਰ੍ਹਵੀਂ ਸਦੀ ਦੇ ਅੰਤਰਲੇ ਦਹਾਕੇ ਅਤੇ ਉੱਨ੍ਹੀਵੀਂ ਸਦੀ ਦੇ ਆਰੰਭਲੇ ਕਾਲ ਵਿੱਚ ਵਾਧਾ ਹੋਣਾ ਆਰੰਭ ਹੋ ਗਿਆ।

ਇਨ੍ਹਾਂ 'ਚ ਨੀਵੀਂਆਂ ਮੰਨੀਆਂ ਜਾਂਦੀਆਂ ਜਾਤਾਂ ਦੇ ਉੱਦਮੀ ਅਤੇ ਮਿਹਨਤਕਸ਼ ਕਾਸ਼ਤਕਾਰ ਵੀ ਸ਼ਾਮਿਲ ਕੀਤੇ ਗਏ। ਰਣਜੀਤ ਸਿੰਘ ਦੇ ਸ਼ਾਸਨ ਕਾਲ ਦੌਰਾਨ ਪੰਜਾਬ ਦੇ ਕਿਸਾਨੀ ਜੀਵਨ ਦੀ ਵਰਗ ਵੰਡ ਇਸ ਤਰ੍ਹਾਂ ਬਣ ਸਕਦੀ ਹੈ ਜਿਵੇਂ: ਜਾਗੀਰਦਾਰ-ਜ਼ਿਮੀਂਦਾਰ ਵਰਗ, ਮਾਲਕ ਕਾਸ਼ਤਕਾਰ ਵਰਗ, ਗ਼ੈਰ ਮਾਲਕ ਕਾਸ਼ਤਕਾਰ ਵਰਗ। ਮਹਾਰਾਜਾ ਰਣਜੀਤ ਸਿੰਘ ਦੀ 1839 ਈ. ਵਿੱਚ ਮੌਤ ਹੋ ਗਈ। ਜਿਸ ਕਾਰਨ ਪੰਜਾਬ ਦੀ ਰਾਜਨੀਤੀ ਇੱਕ ਨਾਜ਼ੁਕ ਮੋੜ 'ਤੇ ਆ ਖਲੋਤੀ। ਰਣਜੀਤ ਸਿੰਘ ਦੀ ਮੌਤ ਨਾਲ ਸ਼ਕਤੀਸ਼ਾਲੀ ਸਿੱਖ ਰਾਜ ਦੀ ਨੀਂਹ ਜੜ੍ਹੋਂ ਹਿੱਲਣ ਲੱਗੀ। ਰਣਜੀਤ ਸਿੰਘ ਦੀ ਮੌਤ ਸਮੇਂ ਹੀ ਭਾਰਤ ਬਰਤਾਨਵੀ ਸ਼ਾਸਕਾਂ ਦੇ ਅਧੀਨ ਸੀ।

1845-46 ਈ. ਵਿਚ ਹੋਈ ਪਹਿਲੀ ਐਂਗਲੋ ਸਿੱਖ ਲੜਾਈ ਅਤੇ 1848-49 ਈ. ਦੂਸਰੀ ਐਂਗਲੋ ਸਿੱਖ ਲੜਾਈ ਹੋਈ। 1849 ਈ. ਤੋਂ ਬਾਅਦ ਅੰਗਰੇਜ਼ਾਂ ਨੇ ਪੰਜਾਬ ਦੀ ਵਾਗਡੋਰ ਸੰਪੂਰਨ ਰੂਪ ਵਿੱਚ ਆਪਣੇ ਹੱਥਾਂ ਵਿੱਚ ਲੈ ਲਈ। ਅੰਗਰੇਜ਼ਾਂ ਨੇ ਪੰਜਾਬ ਨੂੰ ਆਪਣੇ ਅਧੀਨ ਕਰਨ ਤੋਂ ਬਾਅਦ ਰਾਜ ਪ੍ਰਬੰਧ ਦੀ ਇੱਕ ਨਵੀਂ ਰੂਪ ਰੇਖਾ ਤਿਆਰ ਕੀਤੀ। ਅੰਗਰੇਜ਼ਾਂ ਨੇ ਪੰਜਾਬ ਨੂੰ ਆਪਣੇ ਅਧੀਨ 29 ਮਾਰਚ, 1849 ਈ. ਉਪਰੰਤ ਪੰਜਾਬੀ ਲਈ ਗ਼ੈਰ ਨਿਯਮਿਤ ਢਾਂਚੇ ਵਾਲੇ ਪ੍ਰਬੰਧ ਨੂੰ ਯੋਗ ਸਮਝਦਿਆਂ ਇਸ ਨੂੰ ਲਾਗੂ ਕਰਨਾ ਚਾਹਿਆ। ਅੰਗਰੇਜ਼ਾਂ ਨੇ ਇਸ ਨੂੰ ਅਸਲੀ ਰੂਪ ਪ੍ਰਧਾਨ ਕਰਨ ਲਈ ਤਿੰਨ ਮੈਂਬਰੀ ਪ੍ਰਬੰਧਕੀ ਕਮੇਟੀ ਸੰਗਠਨ ਕੀਤੀ। ਇਹ ਤਿੰਨ ਮੈਂਬਰ ਸਨ: ਜੋਹਨ ਲਾਰੰਸ, ਚਾਰਲਸ ਮੈਨਮਲ, ਸਰ ਹੈਨਰੀ ਲਾਰੰਸ।

ਇਸ ਪ੍ਰਬੰਧਕੀ ਬੋਰਡ ਦੇ ਸੰਗਠਨ ਨੇ ਚੰਗੇ ਅਤੇ ਉਚਿੱਤ ਪ੍ਰਸ਼ਾਸਨ ਲਈ ਪੰਜਾਬ ਨੂੰ ਜ਼ਿਲ੍ਹਿਆਂ ਅਤੇ ਡਿਵੀਜ਼ਨਾਂ 'ਚ ਵੰਡ ਦਿੱਤਾ। ਸਰਕਾਰ ਨੇ 24 ਜ਼ਿਲ੍ਹਿਆਂ ਦੇ ਸੱਤ ਡਿਵੀਜ਼ਨ ਬਣਾ ਕੇ ਅੰਗਰੇਜ਼ੀ ਸਾਮਰਾਜ ਨੂੰ ਸ਼ਕਤੀਸ਼ਾਲੀ ਢੰਗ ਨਾਲ ਪੰਜਾਬ ਅੰਦਰ ਆਪਣੇ ਪੈਰ ਮਜ਼ਬੂਤ ਕਰਨ ਲਈ ਪੰਜਾਬ ਨੂੰ ਛੋਟੀਆਂ-ਛੋਟੀਆਂ ਪ੍ਰਬੰਧਕੀ ਇਕਾਈਆਂ 'ਚ ਵੰਡ ਦਿੱਤਾ।

> ਗੰਡਾ ਸਿੰਘ ਲਿਖਦਾ ਹੈ ਕਿ, "ਉੱਨ੍ਹੀਵੀਂ ਸਦੀ ਦੇ ਦੂਜੇ ਅੱਧ ਦੇ ਸ਼ੁਰੂ 'ਚ 1853-57 ਕਿਸਾਨਾਂ ਦੀ ਖ਼ੁਸ਼ਹਾਲੀ ਲਈ ਜੋਹਨ ਲਾਰੰਸ (ਪੰਜਾਬ ਦਾ ਪਹਿਲਾ ਚੀਫ਼ ਕਮਿਸ਼ਨਰ) ਨੇ ਵੱਡੀ ਪੱਧਰ 'ਤੇ ਸਿੰਚਾਈ ਯੋਜਨਾ ਹੱਥ ਵਿੱਚ ਲਈ। ਅਨੁਮਾਨ ਲਾਇਆ ਜਾਂਦਾ ਹੈ ਕਿ ਉਸ ਨੇ ਨਹਿਰਾਂ ਉੱਤੇ ਅੱਸੀ ਹਜ਼ਾਰ ਪੌਂਡ ਖ਼ਰਚ ਕੀਤੇ।" ("ਪੰਜਾਬ" 32)

ਅੰਗਰੇਜ਼ੀ ਸਾਮਰਾਜ ਨੇ ਪੰਜਾਬ ਨੂੰ ਆਪਣੇ ਅਧੀਨ ਕਰ ਕੇ ਇੱਥੋਂ ਦੇ ਕਿਸਾਨੀ ਜੀਵਨ ਨੂੰ ਖ਼ੁਸ਼ਹਾਲ ਕਰਨਾ ਚਾਹਿਆ। ਇਨ੍ਹਾਂ ਦੁਆਰਾ ਅਪਣਾਈਆਂ ਗਈਆਂ ਸਕੀਮਾਂ, ਪ੍ਰਣਾਲੀਆਂ ਦਾ ਬਿਉਰਾ ਕੁੱਝ ਇਸ ਪ੍ਰਕਾਰ ਹੈ ਜਿਵੇਂ:

ਭਾਰਤ ਵਿੱਚ ਨਵੇਂ ਭੂਮੀ ਪ੍ਰਬੰਧ 1739-1850 ਈ. ਤੱਕ ਦਾ ਬੰਦੋਬਸਤ ਕੀਤਾ। ਇਸ ਦਾ ਮੁੱਖ ਉਦੇਸ਼ ਕਿਸਾਨਾਂ ਤੋਂ ਮਾਲੀਆ ਇਕੱਠਾ ਕਰਨਾ ਸੀ। ਮਾਲੀਆ ਪ੍ਰਾਪਤ ਕਰਨ ਦੇ ਅੰਗਰੇਜ਼ੀ ਸਾਮਰਾਜ ਦੇ ਦੋ ਮੁੱਖ ਤਰੀਕੇ ਸਨ। ਪਹਿਲਾ ਜ਼ਿਮੀਂਦਾਰੀ ਢਾਂਚਾ, ਦੂਜਾ ਰਈਅਤਵਾੜੀ ਢਾਂਚਾ।

> "ਇਸ ਸਿਸਟਮ ਤਹਿਤ ਅੰਗਰੇਜ਼ਾਂ ਨੇ ਟੈਕਸ ਤੇ ਮਾਲੀਆ ਇਕੱਠਾ ਕਰਨ ਵਾਲੇ ਕਿਸਾਨਾਂ ਨੂੰ ਜ਼ਿਮੀਂਦਾਰਾਂ ਵਿੱਚ ਬਦਲ ਦਿੱਤਾ ਅਤੇ ਉਨ੍ਹਾਂ ਨੂੰ ਜ਼ਮੀਨ ਵਿੱਚ ਕੁੱਝ ਨਿੱਜੀ ਜਾਇਦਾਦ ਦੇ ਹੱਕ ਦੇ ਦਿੱਤੇ। ਇਹੀ ਜ਼ਿਮੀਂਦਾਰ ਕਿਸਾਨਾਂ ਕੋਲੋਂ ਜ਼ਿਆਦਾ ਤੋਂ ਜ਼ਿਆਦਾ ਮਾਲੀਆ ਇਕੱਠਾ ਕਰ ਕੇ ਉਸ ਦਾ ਮੁੱਖ ਹਿੱਸਾ ਅੰਗਰੇਜ਼ੀ ਰਾਜ ਨੂੰ ਦਿੰਦੇ ਸਨ। ਇਹ ਢਾਂਚਾ ਜ਼ਿਮੀਂਦਾਰੀ ਢਾਂਚੇ ਨਾਲ ਮਸ਼ਹੂਰ ਹੋ ਗਿਆ।" (ਆਜ਼ਾਦ (ਸੰਪਾ.), "ਪੰਜਾਬ ਦੀ ਆਰਥਿਕਤਾ" 8)

ਅੰਗਰੇਜ਼ਾਂ ਦੁਆਰਾ ਸਥਾਪਿਤ ਕੀਤੇ ਇਸ ਢਾਂਚੇ ਨੇ ਪੰਜਾਬੀ ਕਿਸਾਨੀ ਸਮਾਜ ਦੀ ਵਰਗ ਵੰਡ ਨੂੰ ਹੋਰ ਵੀ ਪੱਕਿਆ ਕਰ ਦਿੱਤਾ। ਕਿਸਾਨੀ ਸਮਾਜ ਜ਼ਿਮੀਂਦਾਰ ਵਰਗ ਅਤੇ ਛੋਟੇ-ਛੋਟੇ ਕਿਸਾਨੀ ਵਰਗਾਂ ਵਿੱਚ ਵੰਡ ਦਿੱਤਾ ਜਿਸ ਕਾਰਨ ਸ਼੍ਰੇਣੀ ਵੰਡ ਹੋਰ ਵੀ ਪੱਕੀ ਹੋ ਗਈ।

> ਨਿਰਮਲ ਸਿੰਘ ਆਜ਼ਾਦ ਲਿਖਦਾ ਹੈ ਕਿ, "ਰਈਅਤਵਾੜੀ ਸਿਸਟਮ ਵਿੱਚ ਕਿਸਾਨ ਦੀ ਜ਼ਮੀਨ ਉੱਤੇ ਮਾਲਕੀ ਮੰਨੀ ਗਈ ਅਤੇ ਬਦਲੇ ਵਿੱਚ ਕਿਸਾਨ ਸਰਕਾਰ ਨੂੰ ਹਰ ਸਾਲ ਮਾਲਗੁਜ਼ਾਰੀ (Money Rent) ਦਿੰਦਾ ਸੀ। ਇਸ ਢਾਂਚੇ ਵਿੱਚ ਮਾਲੀਆ ਦੇਣ ਦੀਆਂ ਸ਼ਰਤਾਂ ਬਹੁਤ ਕਰੜੀਆਂ ਸਨ। ਜੇਕਰ ਕਿਸਾਨ ਮੌਕੇ 'ਤੇ ਮਾਲੀਆ ਨਾ ਦੇ ਸਕਦਾ ਤਾਂ ਉਸ ਦੀ ਜ਼ਮੀਨ, ਘਰ ਦਾ ਸਮਾਨ ਜਾਂ ਪਸ਼ੂ ਡੰਗਰ ਜ਼ਬਤ ਕੀਤੇ ਜਾ ਸਕਦੇ ਸਨ ਅਤੇ ਉਸ ਤੋਂ ਉਸ ਦੀ ਜ਼ਮੀਨ ਦੇ ਹੱਕ ਖੋਹੇ ਜਾ ਸਕਦੇ ਸਨ। ਜ਼ਮੀਨ ਨਿੱਜੀ ਜਾਇਦਾਦ ਬਣਨ ਕਰ ਕੇ ਕਾਨੂੰਨੀ ਤੌਰ 'ਤੇ ਵੇਚੀ ਜਾਂ ਖ਼ਰੀਦੀ ਜਾ ਸਕਦੀ ਸੀ। ਇਸ ਢਾਂਚੇ ਵਿੱਚ ਵੀ ਹੌਲੀ-ਹੌਲੀ ਸ਼ਾਹੂਕਾਰਾਂ ਤੇ ਜ਼ਿਮੀਂਦਾਰਾਂ ਦਾ ਬੋਲਬਾਲਾ ਹੋ ਗਿਆ। ਸ਼ਾਹੂਕਾਰ ਨਵੇਂ ਜ਼ਿਮੀਂਦਾਰ ਬਣ ਗਏ ਤੇ ਉਨ੍ਹਾਂ ਨੇ ਜ਼ਮੀਨ ਅਗਾਂਹ ਠੇਕੇ 'ਤੇ ਦੇਣੀ ਸ਼ੁਰੂ ਕਰ ਦਿੱਤੀ ਅਤੇ ਉਸ ਤੋਂ

ਅਗਾਂਹ ਉਸ ਦੇ ਵਿਚੋਲੇ ਨੇ ਫਿਰ ਠੇਕੇ ਉੱਤੇ ਦੇ ਦਿੱਤੀ ਅਤੇ ਇਸ ਤਰ੍ਹਾਂ ਕਿਸਾਨਾਂ ਨੂੰ ਲੁੱਟਣ ਵਾਲਿਆਂ ਦੀ ਗਿਣਤੀ ਵੱਧ ਗਈ।" ("ਪੰਜਾਬ ਦੀ ਆਰਥਿਕਤਾ" 8)

ਅੰਗਰੇਜ਼ੀ ਸਾਮਰਾਜ ਦਾ ਸਾਰਾ ਕਾਨੂੰਨ ਸ਼ਾਹੂਕਾਰਾਂ ਦੇ ਹੱਕਾਂ ਵਿੱਚ ਹੀ ਭੁਗਤ ਰਿਹਾ ਸੀ। ਇਸੇ ਕਾਰਨ ਸ਼ਾਹੂਕਾਰਾਂ ਨੇ ਗ਼ਰੀਬ ਕਿਸਾਨਾਂ ਨੂੰ ਲੁੱਟਣਾ ਆਰੰਭ ਕਰ ਦਿੱਤਾ। ਸ਼ਾਹੂਕਾਰ ਵਿਆਜ ਵਧੇਰੇ ਲਾਉਂਦੇ ਅਤੇ ਹੋਰ ਵਸਤੂਆਂ ਵਿੱਚ ਵੀ ਨਪੀੜਦੇ ਸਨ।

"ਅਦਾਲਤਾਂ ਮਾਸੂਮ ਕਿਸਾਨਾਂ ਨੂੰ ਸ਼ਾਹੂਕਾਰ ਤੋਂ ਪੂਰੀ ਤਰ੍ਹਾਂ ਬਚਾਅ ਨਾ ਸਕੀਆ। ਅੰਗਰੇਜ਼ੀ ਇਤਿਹਾਸਕਾਰ ਕਿਰੋਲ ਨੇ ਵੀ ਮੰਨਿਆ ਹੈ ਕਿ ਕਾਨੂੰਨ ਨੇ ਸ਼ਾਹੂਕਾਰ ਨੂੰ ਪਿੰਡ ਦਾ ਆਰਥਿਕ ਤਾਨਾਸ਼ਾਹ ਬਣਾ ਦਿੱਤਾ। ਸ਼ਾਹੂਕਾਰ ਮਨ ਮਰਜ਼ੀ ਨਾਲ ਆਪਣੇ ਵਹੀ ਖਾਤੇ ਵਿੱਚ ਇੰਦਰਾਜ ਕਰ ਸਕਦਾ ਸੀ। ਉਹ ਇਸ ਵਾਹੀ ਦੇ ਆਧਾਰ 'ਤੇ ਅਦਾਲਤ ਵਿੱਚ ਆਪਣਾ ਕੇਸ ਜਿੱਤ ਸਕਦਾ ਸੀ। ਅਨਪੜ੍ਹਤਾ ਨੇ ਕਿਸਾਨਾਂ ਨੂੰ ਸ਼ਾਹੂਕਾਰਾਂ ਦੇ ਹਿਸਾਬ ਕਿਤਾਬ ਦੇ ਰਹਿਮੋ ਕਰਮ ਉੱਤੇ ਹੀ ਨਿਰਭਰ ਰਹਿਣ ਲਈ ਮਜਬੂਰ ਕਰ ਦਿੱਤਾ। ਵਿਆਜ ਦਰ ਵਿਆਜ ਵਸੂਲ ਕਰਨ ਕਰ ਕੇ ਥੋੜ੍ਹੇ ਸਮੇਂ ਵਿੱਚ ਕਦੀ ਨਾ ਮੋੜੀ ਜਾ ਸਕਣ ਵਾਲੀ ਰਕਮ ਦਾ ਇਕੱਠਾ ਹੋ ਜਾਣਾ ਅੰਗਰੇਜ਼ੀ ਰਾਜ ਵਿੱਚ ਆਮ ਹੀ ਹੋ ਗਿਆ। ਕਿਸਾਨਾਂ ਦੀ ਫ਼ਸਲ ਪੱਕਣ ਤੋਂ ਪਹਿਲਾ ਹੀ ਸ਼ਾਹੂਕਾਰਾਂ ਦੀ ਹੋ ਜਾਂਦੀ ਸੀ ਜਾਂ ਫਿਰ ਆਖ਼ਰੀ ਹਥਿਆਰ ਜ਼ਮੀਨ ਦੀ ਤਬਦੀਲੀ ਦਾ ਵਰਤਿਆ ਜਾਣ ਲੱਗਾ।" (ਗੁਰਦੀਪ ਕੌਰ, "ਪੰਜਾਬੀ ਨਾਵਲ ਅਤੇ ਕਿਸਾਨੀ ਜੀਵਨ" 29)

ਕਿਸਾਨਾਂ ਦੀ ਭੂਮੀ ਦੀ ਸ਼ਾਹੂਕਾਰਾਂ ਕੋਲ ਹੁੰਦੀ ਤਬਦੀਲੀ ਨੂੰ ਦੇਖਦਿਆਂ ਅੰਗਰੇਜ਼ੀ ਸਰਕਾਰ ਨੇ 1901 ਈ. ਵਿੱਚ Land Alienation Act ਨੂੰ ਪਾਸ ਕੀਤਾ। ਇਸ ਐਕਟ ਨੂੰ ਪਾਸ ਕਰਨ ਦਾ ਮੁੱਖ ਰਾਜਨੀਤਿਕ ਕਾਰਨ ਇਹ ਸੀ ਕਿ ਪੰਜਾਬ ਅੰਦਰ ਅੰਗਰੇਜ਼ੀ ਸਰਕਾਰ ਲੰਬੇ ਸਮੇਂ ਲਈ ਆਪਣੇ ਪੈਰ ਜਮਾਈ ਰੱਖੇ। ਜ਼ਮੀਨ ਦੀ ਤਬਦੀਲੀ ਇਸ ਰਾਜਸੀ ਸਥਿਰਤਾ ਨੂੰ ਅਸਥਿਰਤਾ 'ਚ ਬਦਲਣ ਦਾ ਕਾਰਨ ਬਣ ਸਕਦੀ ਸੀ।

ਸ਼ਾਹੂਕਾਰ ਸ਼੍ਰੇਣੀ ਨਿਮਨ ਕਿਸਾਨੀ ਵਰਗ ਦਾ ਸ਼ੋਸ਼ਣ ਕਰਨ ਲੱਗੀ। ਜਿਸ ਕਾਰਨ ਅੰਗਰੇਜ਼ੀ ਸਾਮਰਾਜ ਇਨ੍ਹਾਂ ਸ਼ਾਹੂਕਾਰਾਂ ਪ੍ਰਤੀ ਸੁਚੇਤ ਹੋਏ ਅਤੇ ਆਪਣੇ ਲਈ ਕੱਚੇ ਮਾਲ ਦੀ ਪ੍ਰਾਪਤੀ ਲਈ ਵਧੇਰੇ ਤੇਜ਼ੀ ਅਤੇ ਚੌਕਸੀ ਦਿਖਾਉਣ ਲੱਗੇ। ਜਿਸ ਕਾਰਨ ਸ਼ਾਹੂਕਾਰ ਗ਼ੈਰ ਕਾਸ਼ਤਕਾਰ ਸ਼੍ਰੇਣੀ ਦੇ ਰੂਪ ਵਿਚ ਸਾਹਮਣੇ ਆਉਂਣੇ ਆਰੰਭ ਹੁੰਦੇ ਹਨ।

"ਸ਼ਾਹੂਕਾਰਾਂ ਦੀ ਸ਼ਹਿਰਾਂ ਵੱਲ ਹਿਜਰਤ ਅਤੇ ਸਨੱਅਤੀ ਤਰੱਕੀ ਵਿੱਚ ਪੈਸਾ ਚਰਾਉਣ ਦੀ ਲਾਲਸਾ ਨੇ ਅੰਗਰੇਜ਼ਾਂ ਨੂੰ ਸ਼ੱਕੀ ਬਣਾ ਦਿੱਤਾ। ਇਸ ਵਿੱਚੋਂ ਅੰਗਰੇਜ਼ੀ ਸਾਮਰਾਜ ਨੂੰ ਰਾਜਨੀਤਿਕ ਖ਼ਤਰੇ ਦਾ ਆਭਾਸ ਹੋਣ ਲੱਗਾ। ਜਿਸ ਦੇ ਨਤੀਜੇ ਵਜੋਂ, ਜ਼ਮੀਨ ਵਖਰੇਵਾਂ ਐਕਟ 1901 ਹੋਂਦ ਵਿੱਚ ਆਇਆ।" (ਗੁਰਦੀਪ ਕੌਰ, "ਪੰਜਾਬੀ ਨਾਵਲ ਅਤੇ ਕਿਸਾਨੀ ਜੀਵਨ" 30)

"ਲੈਂਡ ਐਲੀਨੇਸ਼ਨ ਐਕਟ ਦੁਆਰਾ ਕਾਸ਼ਤਕਾਰ ਕਬੀਲਿਆਂ ਦੇ ਲੋਕ ਗ਼ੈਰ ਕਾਸ਼ਤਕਾਰ ਲੋਕਾਂ ਨੂੰ ਜ਼ਮੀਨਾਂ ਨਹੀਂ ਸਨ ਵੇਚ ਸਕਦੇ। ਪੁਰਾਣੀਆਂ ਜ਼ਮੀਨਾਂ ਜਿਹੜੀਆਂ ਕਾਸ਼ਤਕਾਰਾਂ ਕੋਲ ਗਹਿਣੇ ਰੱਖੀਆਂ ਹੋਈਆਂ ਸਨ, ਨੂੰ ਗ਼ੈਰ ਕਾਨੂੰਨੀ ਬਣਾ ਦਿੱਤਾ ਗਿਆ। ਅਦਾਲਤ ਤੋਂ ਡਿਗਰੀ ਲੈਣ ਦੀ ਸੂਰਤ ਵਿੱਚ ਵੀ ਕਾਸ਼ਤ ਵਾਲੀਆਂ ਜ਼ਮੀਨਾਂ ਨਹੀਂ ਸਨ ਵੇਚੀਆਂ ਜਾ ਸਕਦੀਆਂ। ਲਾਰਡ ਕਰਜ਼ਨ ਦੇ ਸ਼ਬਦਾਂ ਵਿੱਚ ਇਸ ਐਕਟ ਦੇ ਕਿਸਾਨਾਂ ਨੂੰ ਕਈ ਲਾਭ ਹੋਏ। ਇਸ ਨਾਲ ਚਲਾਕ ਤੇ ਧੋਖੇਬਾਜ਼ ਸ਼ਾਹੂਕਾਰਾਂ ਦੇ ਹੱਥੋਂ ਕਿਸਾਨਾਂ ਨੂੰ ਬਚਾਅ ਲਿਆ ਗਿਆ। ਕਿਸਾਨਾਂ ਦੀ ਫ਼ਜ਼ੂਲ ਖ਼ਰਚੀ 'ਤੇ ਵੀ ਪ੍ਰਭਾਵ ਪਿਆ ਤੇ ਉਨ੍ਹਾਂ ਨੇ ਜ਼ਮੀਨਾਂ ਵੇਚਣ ਦੀ ਥਾਂ ਉਪਜ ਦੇ ਵਾਧੇ ਵੱਲ ਧਿਆਨ ਦਿੱਤਾ।" (ਸੁਦਰਸ਼ਨ ਸਿੰਘ, "ਪੰਜਾਬ ਦਾ ਇਤਿਹਾਸ" 86)

ਅੰਗਰੇਜ਼ੀ ਸਾਮਰਾਜ ਦੁਆਰਾ 1871 ਤੋਂ 1901 ਈ. ਤੱਕ ਦੇ ਸਾਰੇ ਸਮੇਂ ਦੌਰਾਨ ਕਿਸਾਨਾਂ ਦੀ ਆਰਥਿਕ ਅਤੇ ਸਮਾਜਿਕ ਸਥਿਤੀ ਨੂੰ ਦੇਖਦਿਆਂ ਜ਼ਮੀਨੀ ਸੁਧਾਰ ਸੰਬੰਧੀ ਬਹੁਤ ਸਾਰੇ ਕਾਨੂੰਨ ਬਣਾਏ ਗਏ। ਇਹ ਕਾਨੂੰਨ ਭਾਵੇਂ ਅੰਗਰੇਜ਼ਾਂ ਨੇ ਆਪਣੇ ਆਰਥਿਕ ਹਿੱਤਾਂ ਦੀ ਪੂਰਤੀ ਕਰਨ ਲਈ ਬਣਾਏ, ਪਰ ਇਨ੍ਹਾਂ ਦਾ ਲਾਭ ਪੰਜਾਬੀ ਕਾਸ਼ਤਕਾਰਾਂ ਨੂੰ ਵੀ ਹੋਣ ਲੱਗਾ। ਅੰਗਰੇਜ਼ੀ ਸਰਕਾਰ ਦੀਆਂ ਪ੍ਰਬੰਧਕੀ ਨੀਤੀਆਂ ਇੱਕ ਤਰ੍ਹਾਂ ਨਾਲ ਜ਼ਮੀਨੀ ਸੁਧਾਰ ਪੱਖੋਂ ਪ੍ਰਕਿਰਤੀ ਦੀਆਂ ਧਾਰਨੀ ਸਨ। ਅੰਗਰੇਜ਼ੀ ਸਰਕਾਰ ਦਾ ਪ੍ਰਬੰਧਕੀ ਢਾਂਚਾ ਇਸ ਪ੍ਰਕਾਰ ਹੈ:

- 1871 ਈ. ਵਿੱਚ ਲੈਂਡ ਇੰਪਰੂਵਮੈਂਟ ਐਕਟ ਨੂੰ ਪਾਸ ਕੀਤਾ ਗਿਆ, ਜਿਸ ਅਨੁਸਾਰ ਕਿਸਾਨਾਂ ਨੂੰ ਕਰਜ਼ੇ ਦਿੱਤੇ ਜਾਣ ਲੱਗੇ ਤਾਂ ਕਿ ਕਿਸਾਨ ਸ਼ਾਹੂਕਾਰਾਂ ਦੇ ਪੈਸੇ ਉੱਪਰ ਕੇਂਦਰਿਤ ਨਾ ਹੋਣ।

- 1871 ਈ. ਵਿੱਚ ਪੰਜਾਬ ਲੈਂਡ ਰਿਵੇਨਿਊ ਐਕਟ ਪਾਸ ਕੀਤਾ ਗਿਆ। ਇਸ ਐਕਟ 'ਚ ਭੂਮੀ ਬੰਦੋਬਸਤ ਅਤੇ ਕਰ ਇਕੱਤਰ ਕਰਨ ਸੰਬੰਧੀ ਕਾਨੂੰਨ ਬਾਰੇ ਜਾਣਕਾਰੀ ਸੀ।

  "1883 ਦੇ ਲੈਂਡ ਐਕਟ ਤੇ 1884 ਈ: ਦੇ ਐਗ੍ਰੀਕਲਚਰ ਲੋਨ ਐਕਟ ਦਾ ਮੰਤਵ ਵੀ ਅਜਿਹਾ ਹੀ ਸੀ। 21 ਅਕਤੂਬਰ 1886 ਈ. ਨੂੰ ਪੰਜਾਬ ਟੇਨੈਸੀ ਐਕਟ ਪਾਸ ਹੋਇਆ ਜਿਸ ਰਾਹੀਂ ਜ਼ਿਮੀਂਦਾਰਾਂ ਅਤੇ ਕਾਸ਼ਤਕਾਰਾਂ ਦੇ ਅਧਿਕਾਰਾਂ ਦੀ ਵਿਸਥਾਰਪੂਰਵਕ ਵਿਆਖਿਆ ਕੀਤੀ ਗਈ। 1901 ਦਾ ਲੈਂਡ ਐਲੀਨੇਸ਼ਨ ਐਕਟ 1904 ਵਿੱਚ ਕੋਆਪਰੇਟਿਵ ਕਰੈਡਿਟ ਸੁਸਾਇਟੀਜ਼ ਐਕਟ ਜਿਸ ਮੁਤਾਬਕ ਸਹਿਕਾਰੀ ਕਰਜ਼ੀ ਸਾਮੰਤੀਆਂ ਹੋਂਦ ਵਿੱਚ ਆਈਆਂ। ਕੋਆਪਰੇਟਿਵ ਆਧਾਰ ਉੱਤੇ ਖੇਤੀ ਉਪਜ ਨੂੰ ਵਧਾਉਣਾ ਇਸ ਦਾ ਮੰਤਵ ਸੀ।" (ਗੁਰਦੀਪ ਕੌਰ, "ਪੰਜਾਬੀ ਨਾਵਲ ਅਤੇ ਕਿਸਾਨੀ ਜੀਵਨ" 31)

- 1905 ਸਸਪੈਨਸ਼ਨ ਐਂਡ ਕਮਿਸ਼ਨ ਰੈਜ਼ੂਲੇਸ਼ਨ, ਇਸ ਰੈਜ਼ੂਲੇਸ਼ਨ ਅਨੁਸਾਰ ਕਾਲ ਪੈਣ ਸਮੇਂ ਕਰ ਇਕੱਤਰ ਕਰਨ ਵਾਸਤੇ ਨਰਮਾਈ ਵਰਤੀ ਜਾਵੇ ਅਤੇ ਬਹੁਤ ਗੰਭੀਰ ਹਾਲਾਤਾਂ 'ਚ ਕਰ ਮੁਆਫ਼ ਕੀਤਾ ਜਾਵੇਗਾ।

ਅੰਗਰੇਜ਼ੀ ਸਰਕਾਰ ਨੇ ਪੰਜਾਬ ਦੀ ਜ਼ਮੀਨੀ ਪੈਦਾਵਾਰੀ ਸ਼ਕਤੀ ਨੂੰ ਦੇਖਦਿਆਂ ਲੁੱਟ-ਖਸੁੱਟ 'ਚ ਵਾਧਾ ਕਰਨ ਲਈ 1907 ਈ. ਵਿੱਚ ਨੋ-ਆਬਾਦੀ ਬਿੱਲ ਨੂੰ ਪਾਸ ਕੀਤਾ। ਇਸ ਨੋ-ਆਬਾਦੀ ਬਿੱਲ ਅਨੁਸਾਰ ਸਾਰੀ ਭੂਮੀ ਤੇ ਸਰਕਾਰ ਦੀ ਮਾਲਕੀਅਤ ਬਣ ਗਈ ਅਤੇ ਸਾਰੇ ਕਿਸਾਨ ਮੁਜ਼ਾਰੇ ਦੇ ਰੂਪ ਵਿੱਚ ਤਬਦੀਲ ਹੋ ਗਏ। ਇਸ ਬਿੱਲ ਨੇ ਆਬਾਦ ਜ਼ਮੀਨਾਂ ਦੇ ਕਿਸਾਨਾਂ ਨੂੰ ਜੜ੍ਹੋਂ ਝੰਜੋੜ ਕੇ ਰੱਖ ਦਿੱਤਾ। ਪਹਿਲਾ ਹੀ ਪੰਜਾਬ ਦੇ ਜ਼ਿਲ੍ਹਿਆਂ ਲੁਧਿਆਣਾ, ਗੁਰਦਾਸਪੁਰ, ਅੰਬਾਲਾ, ਅੰਮ੍ਰਿਤਸਰ, ਫ਼ਿਰੋਜ਼ਪੁਰ, ਹੁਸ਼ਿਆਰਪੁਰ ਅਤੇ ਜਲੰਧਰ ਤੋਂ ਆਪਣੇ ਘਰ ਛੱਡ ਕੇ ਚਲੇ ਗਏ ਸਨ। ਇਨ੍ਹਾਂ ਨੂੰ ਨਹਿਰਾਂ ਦੀ ਖ਼ੁਦਾਈ ਅਤੇ ਵੀਰਾਨ ਜ਼ਮੀਨਾਂ ਤੇ ਜੰਗਲਾਂ ਨੂੰ ਆਬਾਦ ਕਰਨ ਲਈ ਹਰ ਮੁਸ਼ਕਿਲ ਦਾ ਸਾਹਮਣਾ ਕੀਤਾ।

ਕਿਸਾਨਾਂ ਦੀਆਂ ਮਾੜੀਆਂ ਆਰਥਿਕ ਸਥਿਤੀਆਂ ਨੂੰ ਵੇਖਦਿਆਂ ਅਤੇ ਲਾਲ ਲਾਜਪਤ ਰਾਏ ਤੇ ਸ. ਅਜੀਤ ਸਿੰਘ ਦੇ ਯਤਨਾਂ ਸਦਕਾ ਪ੍ਰਚਲਿਤ ਹੋਈ 'ਪੱਗੜੀ ਸੰਭਾਲ ਜੱਟਾ' ਲਹਿਰ ਦੇ ਪ੍ਰਭਾਵ ਕਾਰਨ ਕੋਲੋਨਾਈਜੇਸ਼ਨ ਬਿੱਲ ਨੂੰ ਲਾਰਡ ਮਿੰਟੋ ਨੇ ਵੀਟੋ ਕਰ ਕੇ ਕਾਨੂੰਨ ਬਣਨ ਤੋਂ ਰੋਕਿਆ ਅਤੇ ਜ਼ਮੀਨ ਦਾ ਮਾਲੀਆ ਅਤੇ ਬੀਆਨਾ ਜੋ ਕਿ ਕਿਸਾਨਾਂ ਨੂੰ ਪਾਣੀ ਦੇ ਮਾਮਲੇ ਵਜੋਂ ਦੇਣਾ ਪੈਂਦਾ ਸੀ ਨੂੰ ਘੱਟ ਕਰ ਦਿੱਤਾ ਗਿਆ।

ਅੰਗਰੇਜ਼ੀ ਸਾਮਰਾਜ ਦੀਆਂ ਖੇਤੀਬਾੜੀ ਨਾਲ ਸੰਬੰਧਿਤ ਨੀਤੀਆਂ ਦਾ ਸਿੱਟਾ ਇਹ ਨਿਕਲਿਆ ਕਿ ਅਠਾਰ੍ਹਵੀਂ ਸਦੀ ਦੇ ਅਖੀਰ ਅਤੇ 19ਵੀਂ ਸਦੀ ਦੇ ਆਰੰਭਲੇ ਦਹਾਕਿਆਂ 'ਚ ਜ਼ਮੀਨ ਦੀ ਪੱਟੇਦਾਰੀ ਦੇ ਅਧਿਕਾਰਾਂ ਨੂੰ ਖੋਰਾ ਲੱਗਣ ਲੱਗਾ। ਭੂਮੀ ਉੱਪਰ ਕਰਜ਼ੇ ਪ੍ਰਤੀ ਅਧਿਕਾਰ ਦਾ ਨਵਾਂ ਬੰਦੋਬਸਤ ਕਾਇਮ ਹੋਣ ਲੱਗ ਪਿਆ।

> ਇਸ ਨਵੇਂ ਬੰਦੋਬਸਤ 'ਚ, "ਮੁਜ਼ਾਰਿਆਂ ਦੇ ਅਧਿਕਾਰਾਂ ਨੂੰ ਕਾਨੂੰਨੀ ਰੂਪ ਦਿੰਦੇ ਹੋਏ ਬਰਤਾਨਵੀ ਪ੍ਰਸ਼ਾਸਕਾਂ ਨੇ ਜੱਦੀ ਕਾਸ਼ਤਕਾਰ ਸ਼ਬਦ ਦੀ ਵਰਤੋਂ ਉਨ੍ਹਾਂ ਮੁਜ਼ਾਰਿਆਂ ਵਾਸਤੇ ਕੀਤੀ ਜਿਹੜੇ ਜ਼ਮੀਨਾਂ 'ਤੇ ਬਹੁਤ ਲੰਮੇ ਸਮੇਂ ਤੋਂ ਵਾਹੀ ਕਰਦੇ ਆ ਰਹੇ ਸਨ ਅਤੇ ਦੂਸਰਾ ਵਰਤਿਆ ਗਿਆ ਸ਼ਬਦ ਉਤਰਾਧਿਕਾਰ ਦੇ ਹੱਕ ਤੋਂ ਬਿਨਾਂ, ਉਨ੍ਹਾਂ ਮੁਜ਼ਾਰਿਆਂ ਵਾਸਤੇ ਵਰਤਿਆ ਗਿਆ ਜਿਹੜੇ ਥੋੜ੍ਹੇ ਸਮੇਂ ਤੋਂ ਜ਼ਮੀਨ ਦੇ ਕਿਸੇ ਹਿੱਸੇ ਦੀ ਵਾਹੀ ਕਰਦੇ ਸਨ ਕਿ ਕਿਸੇ ਵੀ ਕਾਸ਼ਤਕਾਰੀ ਸ਼੍ਰੇਣੀ ਵਾਸਤੇ ਉਨ੍ਹਾਂ ਨੇ ਨਵੇਂ ਅਧਿਕਾਰ ਪੈਦਾ ਨਹੀਂ ਕੀਤੇ ਬਲਕਿ ਪੁਰਾਣੇ ਅਧਿਕਾਰ ਜੋ ਉਨ੍ਹਾਂ ਦੇ ਆਉਣ ਤੋਂ ਪਹਿਲਾ ਹੋਂਦ ਵਿੱਚ ਆਏ ਸਨ।" (ਗੁਰਦੀਪ ਕੌਰ, "ਪੰਜਾਬੀ ਨਾਵਲ ਅਤੇ ਕਿਸਾਨੀ ਜੀਵਨ" 32)

ਇਸ ਨਿਆਂਸ਼ੀਲ ਤਰਜ਼ਮਾਨੀ ਦਾ ਸਿੱਟਾ ਇਹ ਸੀ ਕਿ The Colonization Act 1912 ਦੇ ਐਕਟ ਅਨੁਸਾਰ ਅੰਗਰੇਜ਼ੀ ਸਾਮਰਾਜ ਨੇ ਪੰਜਾਬ 'ਚ ਪਏ ਗ਼ੈਰ ਆਬਾਦ ਇਲਾਕਿਆਂ ਨੂੰ ਆਬਾਦ ਕਰਨ ਦਾ ਬੀੜਾ ਆਪਣੇ ਮੋਢਿਆਂ 'ਤੇ ਚੁੱਕਿਆ। ਇਸ ਯੋਜਨਾ ਦੇ ਤਹਿਤ ਅੰਗਰੇਜ਼ੀ ਸਮਰਾਜ ਨੇ ਨਹਿਰਾਂ ਨੂੰ ਵਿਕਸਿਤ ਕੀਤਾ।

> ਹਰਕੀਰਤ ਸਿੰਘ ਦੇ ਅਨੁਸਾਰ, "ਜੰਗਲ ਵੱਢ ਕੇ ਸਾਫ਼ ਕਰ ਦਿੱਤੇ ਗਏ, ਪਰ ਇਹਨਾਂ ਇਲਾਕਿਆਂ ਦਾ ਨਾਮ 'ਬਾਰ' ਹੀ ਰਿਹਾ। ਇੰਝ 'ਬਾਰ' ਦੇ ਅਰਥਾਂ ਵਿਚ ਵਿਸਤਾਰ ਹੋ ਗਿਆ 'ਨਵੀਂ ਵਸੀ ਨਹਿਰੀ ਕਾਲੋਨੀ'।...... ਬਾਰ ਦੇ

ਮੁੱਢਲੇ ਅਰਥ, 'ਗ਼ੈਰ ਆਬਾਦ ਜੰਗਲੀ ਇਲਾਕਾ'। ਪੰਜਾਬ ਦੀਆਂ ਮਸ਼ਹੂਰ ਬਾਰਾਂ 'ਚ ਸਨ-ਸਾਂਦਲ ਬਾਰ, ਕਿੜਾਣਾ ਬਾਰ, ਗੰਜੀਬਾਰ, ਨੀਲੀ ਬਾਰ।" ("ਯਾਦਾਂ ਗੰਜੀ ਬਾਰ ਦੀਆਂ" 5)

ਅੰਗਰੇਜ਼ੀ ਸਰਕਾਰ ਦੁਆਰਾ ਆਬਾਦ ਕੀਤੇ ਗਏ ਬਾਰ ਦੇ ਇਲਾਕੇ ਬਾਰੇ ਸੋਹਿੰਦਰ ਸਿੰਘ ਵਣਜਾਰਾ ਬੇਦੀ ਲਿਖਦੇ ਹਨ ਕਿ, "ਪੰਜਾਬ ਦੇ ਵੱਖ-ਵੱਖ ਖੇਤਰਾਂ ਦੇ ਇਲਾਕਾਈ ਨਾਂ ਜੋ ਅੱਜ ਕੱਲ੍ਹ ਪ੍ਰਚਲਿਤ ਹਨ, ਇਸ ਪ੍ਰਕਾਰ ਹਨ-ਧਨੀ, ਪੋਠੋਹਾਰ ਬਾਰ (ਸਾਂਦਲ, ਗੰਜੀ ਤੇ ਨੀਲੀ), ਮਾਝਾ, ਦੁਆਬਾ, ਮਾਲਵਾ ਤੇ ਪੁਆਧ। ਧਨੀ, ਪੋਠੋਹਾਰ ਤੇ ਬਾਰਾਂ ਭੂ-ਖੰਡ ਪਾਕਿਸਤਾਨ ਅੰਗ ਬਣ ਗਏ ਹੈ ਅਤੇ ਪੁਆਧ ਦਾ ਇਲਾਕਾ ਹਰਿਆਣੇ ਦੇ ਹਿੱਸੇ ਚਲਾ ਗਿਆ ਹੈ। ਬਾਕੀ ਦੇ ਭਾਗ ਮਾਝਾ, ਦੁਆਬਾ ਤੇ ਮਾਲਵਾ ਹੀ ਭਾਰਤੀ ਪੰਜਾਬ ਵਿੱਚ ਰਹਿ ਗਏ ਹਨ। ਮਾਲਵਾ ਸਤਲੁਜ ਦੇ ਪੂਰਬ ਵੱਲ ਹੈ ਅਤੇ ਇਸ ਵਿੱਚ ਫ਼ਿਰੋਜ਼ਪੁਰ ਤੇ ਲੁਧਿਆਣੇ ਦੇ ਜ਼ਿਲ੍ਹੇ ਅਤੇ ਪੁਰਾਣੀਆਂ ਦੇਸੀ ਰਿਆਸਤਾਂ ਪਟਿਆਲਾ, ਨਾਭਾ, ਫ਼ਰੀਦਕੋਟ ਤੇ ਮਲੇਰਕੋਟਲਾ ਸ਼ਾਮਲ ਹਨ। ਅੰਮ੍ਰਿਤਸਰ ਤੇ ਗੁਰਦਾਸਪੁਰ ਦੇ ਜ਼ਿਲ੍ਹੇ ਮਾਝੇ ਵਿੱਚ ਆਉਂਦੇ ਹਨ ਅਤੇ ਜਲੰਧਰ, ਹੁਸ਼ਿਆਰਪੁਰ ਤੇ ਕਪੂਰਥਲਾ ਦੇ ਜ਼ਿਲ੍ਹੇ ਦੁਆਬੇ ਵਿੱਚ। ਦੁਆਬਾ ਦੋ ਦਰਿਆਵਾਂ ਦੇ ਵਿਚਕਾਰ ਦੀ ਭੂਮੀ ਨੂੰ ਕਹਿੰਦੇ ਹਨ, ਜੋ ਭੂਗੋਲਿਕ ਤੌਰ 'ਤੇ ਪੂਰੀ ਇਕਾਈ ਹੁੰਦਾ ਹੈ। ਇਨ੍ਹਾਂ ਦੇ ਨਾਂ ਵੀ ਸੰਬੰਧਿਤ ਦਰਿਆਵਾਂ ਦੇ ਨਾਵਾਂ 'ਤੇ ਪਹਿਲੇ ਅੱਖਰਾਂ ਦੇ ਸੁਮੇਲ ਤੋਂ ਰੱਖੇ ਗਏ......ਬਿਸਤ, ਬਾਰੀ, ਰਚਨਾ, ਚੱਜ ਤੇ ਸਿੰਘ ਸਾਗਰ ਦੁਆਬ।" ( "ਪੰਜਾਬ ਦੀ ਲੋਕਧਾਰਾ" 2-3)

ਪੰਜਾਬ; ਭਾਰਤ ਦਾ ਅਨਾਜ ਘਰ ਤੇ ਅੰਗਰੇਜ਼ਾਂ ਦੇ ਇੰਗਲੈਂਡ 'ਚ ਵਿਕਸਿਤ ਕਾਰਖ਼ਾਨਿਆਂ ਵਾਸਤੇ ਕੱਚੇ ਮਾਲ ਜਿਵੇਂ: ਕਣਕ, ਤੇਲ, ਜੌਂ, ਕਪਾਹ ਦੇ ਬੀਜਾਂ ਦੀ ਮੰਡੀ ਅਤੇ ਉਨ੍ਹਾਂ ਕਾਰਖ਼ਾਨਿਆਂ ਦੇ ਤਿਆਰ ਕੀਤੇ ਗਏ ਮਾਲ ਦੀ ਵਿੱਕਰੀ ਲਈ ਮੰਡੀ ਵੀ ਬਣ ਗਿਆ। ਇਨ੍ਹਾਂ ਆਬਾਦੀ ਵਾਲੀਆਂ ਭੂਮੀਆਂ ਦੀ ਵੰਡ ਲਈ ਅੰਗਰੇਜ਼ੀ ਸਮਾਜ ਦਾ ਮੁੱਖ ਮੰਤਵ ਆਪਣੇ ਲਈ ਵਫ਼ਾਦਾਰ ਪੈਦਾ ਕਰਨਾ ਸੀ। ਆਪਣੇ ਕਾਰਖ਼ਾਨਿਆਂ ਲਈ ਕੱਚੇ ਮਾਲ ਨੂੰ ਪੂਰਾ ਕਰਨਾ ਅਤੇ ਆਪਣੀ ਫ਼ੌਜ ਵਾਸਤੇ ਘੋੜੇ ਪੈਦਾ ਕਰਨਾ ਸੀ। ਇਹ ਭੂਮੀ ਉਨ੍ਹਾਂ ਇਮਾਨਦਾਰ ਪੰਜਾਬੀਆਂ ਨੂੰ ਦਿੱਤੀ ਗਈ ਜਿਨ੍ਹਾਂ ਨੇ ਪਹਿਲੇ ਵਿਸ਼ਵ ਯੁੱਧ 'ਚ ਅੰਗਰੇਜ਼ੀ ਸਰਕਾਰ ਦਾ ਸਾਥ ਦਿੱਤਾ ਸੀ। ਭੂਮੀ ਫ਼ੌਜ 'ਚ ਰਹਿ ਚੁੱਕੇ ਵਿਅਕਤੀਆਂ ਨੂੰ ਦਿੱਤੀ ਗਈ ਸੀ। ਅੰਗਰੇਜ਼ੀ ਸਾਮਰਾਜ ਦਾ ਇਸ ਤਰ੍ਹਾਂ ਕਰਨ ਦਾ ਮੁੱਖ ਮੰਤਵ ਇਹ ਵੀ ਸੀ ਕਿ ਬਾਰ 'ਚੋਂ ਫ਼ੌਜ ਦੀ ਭਰਤੀ ਲਈ ਪੰਜਾਬੀ ਲੋਕਾਂ ਦਾ ਰੁਝਾਨ ਵਧੇਗਾ।

20ਵੀਂ ਸਦੀ ਦੇ ਪਹਿਲੇ ਦਹਾਕਿਆਂ 'ਚ ਪੰਜਾਬ ਦੀ ਕਿਸਾਨੀ ਮਾੜੀ ਆਰਥਿਕਤਾ ਦਾ ਸ਼ਿਕਾਰ ਰਹੀ। ਅੰਗਰੇਜ਼ੀ ਸਰਕਾਰ ਨੇ ਕਿਸਾਨੀ ਨੂੰ ਖ਼ੁਸ਼ ਰੱਖਣ ਦੀਆਂ ਬਹੁਤ ਸਫ਼ਲ ਕੋਸ਼ਿਸ਼ਾਂ ਕੀਤੀਆਂ। ਜਿਵੇਂ ਲੈਂਡ ਐਲੀਨੇਸ਼ਨ ਐਕਟ 1901, ਬਾਰਾਂ ਨੂੰ ਵਸਾਉਣਾ ਆਦਿ। ਫਿਰ ਵੀ ਪੰਜਾਬੀ ਕਿਸਾਨ ਅੰਗਰੇਜ਼ੀ ਸਰਕਾਰ ਦੀਆਂ ਸ਼ੋਸ਼ਣ ਨੀਤੀਆਂ ਪ੍ਰਤੀ ਜਾਗਰੂਕ ਹੋਣੇ ਆਰੰਭ ਹੋ ਗਏ। ਪੰਜਾਬ ਦੇ ਕਿਸਾਨਾਂ 'ਚ ਜਾਗ੍ਰਿਤੀ ਪੈਦਾ ਕਰਨ 'ਚ ਵਧੇਰੇ ਕਰ ਕੇ ਪਰਜਾ ਮੰਡਲ ਲਹਿਰ, ਗ਼ਦਰ ਲਹਿਰ, ਜ਼ਿਲ੍ਹਿਆਂ ਵਾਲੇ ਬਾਗ਼ ਦਾ ਸਾਕਾ, ਕਾਂਗਰਸ ਲਹਿਰ, ਕਿਰਤੀ ਕਿਸਾਨ ਪਾਰਟੀ ਅਤੇ ਭਾਰਤੀ ਨੌਜਵਾਨ ਸਭਾ ਨੇ ਆਪਣੇ-ਆਪਣੇ ਢੰਗ

ਤਰੀਕਿਆਂ ਨਾਲ ਅੰਗਰੇਜ਼ੀ ਸਾਮਰਾਜ ਖ਼ਿਲਾਫ਼ ਆਪਣੀ ਆਵਾਜ਼ ਬੁਲੰਦ ਕੀਤੀ। ਪੰਜਾਬ ਦੇ ਕੁੱਝ ਕਿਸਾਨਾਂ ਨੇ ਆਪਣੀ ਆਰਥਿਕ ਪਰਿਸਥਿਤੀ ਤੋਂ ਮਿਲੀ ਬੇਗਾਨਗੀ ਅਤੇ ਬੇਚੈਨੀ ਨੂੰ ਦੂਰ ਕਰਨ ਲਈ ਆਜ਼ਾਦ ਮੁਲਕਾਂ ਵਿੱਚ ਜਾਣਾ ਆਰੰਭ ਕੀਤਾ। ਉੱਥੇ ਉਨ੍ਹਾਂ ਮੁਲਕਾਂ 'ਚ ਰਾਜਨੀਤਿਕ ਆਜ਼ਾਦੀ ਦੀ ਖੁੱਲ੍ਹ ਖੇਡ ਨੂੰ ਵੇਖਿਆ ਤੇ ਆਪਣੇ ਗ਼ੁਲਾਮ ਦੇਸ਼ ਨੂੰ ਅੰਗਰੇਜ਼ਾਂ ਕੋਲੋਂ ਆਜ਼ਾਦ ਕਰਵਾਉਣ ਦਾ ਸੁਪਨਾ ਪੈਦਾ ਕੀਤਾ। ਗ਼ਦਰ ਪਾਰਟੀ ਆਜ਼ਾਦੀ ਦੇ ਸੁਪਨੇ ਦਾ ਹੀ ਇੱਕ ਇਤਿਹਾਸਕ ਪ੍ਰਮਾਣ ਹੈ।

> ਹਰਕੀਰਤ ਸਿੰਘ ਦਾ ਮੰਨਣਾ ਹੈ ਕਿ, "ਗ਼ਦਰ ਪਾਰਟੀ ਵਿੱਚ ਵਧ ਚੜ੍ਹ ਕੇ ਹਿੱਸਾ ਲੈਣ ਵਾਲਿਆਂ ਦੀ ਵਧੇਰੇ ਗਿਣਤੀ ਕੇਂਦਰੀ ਪੰਜਾਬ ਦੇ ਦਰਮਿਆਨੇ ਤਬਕੇ ਦੇ ਉਨ੍ਹਾਂ ਜੱਟ ਮਾਲਕ ਕਿਸਾਨਾਂ (Peasant Proprietors) ਦੀ ਸੀ ਜੋ ਕਿ ਵੀਹਵੀਂ ਸਦੀ ਦੇ ਸ਼ੁਰੂ ਵਿੱਚ ਰੋਜ਼ੀ ਕਮਾਉਣ ਖ਼ਾਤਰ ਅਮਰੀਕਾ, ਕੈਨੇਡਾ ਅਤੇ ਦੂਰ ਪੂਰਬ ਦੇ ਦੇਸ਼ਾਂ ਨੂੰ ਚਲੇ ਗਏ ਸਨ।" ("ਯਾਦਾਂ ਗੰਦੀ ਬਾਰ ਦੀਆਂ" 1)

ਅੰਗਰੇਜ਼ੀ ਸਾਮਰਾਜ ਨੇ ਪੰਜਾਬ ਉੱਪਰ ਕਬਜ਼ਾ ਕਰਨ ਉਪਰੰਤ ਪੰਜਾਬ ਦੀਆਂ ਸੱਤ ਰਿਆਸਤਾਂ ਜਿਵੇਂ: ਨਾਭਾ, ਜੀਂਦ, ਪਟਿਆਲਾ, ਫ਼ਰੀਦਕੋਟ, ਕਲਸੀਆਂ, ਕਪੂਰਥਲਾ, ਮਲੇਰਕੋਟਲਾ ਨੂੰ ਆਪਣੇ ਅਧੀਨ ਕਰ ਲਿਆ। ਮਲੇਰਕੋਟਲਾ 'ਚ ਪਠਾਣ ਹਾਕਮਾਂ ਦਾ ਰਾਜ ਸੀ ਅਤੇ ਬਾਕੀ ਦੀਆਂ ਛੇ ਰਿਆਸਤਾਂ 'ਤੇ ਸਿੱਖ ਰਾਜ ਘਰਾਣਿਆਂ ਦਾ ਕਬਜ਼ਾ ਸੀ। ਅੰਗਰੇਜ਼ੀ ਸਰਕਾਰ ਨੇ ਇਨ੍ਹਾਂ ਰਿਆਸਤਾਂ ਦੇ ਹਾਕਮਾਂ ਨੂੰ ਕਾਫ਼ੀ ਹੱਦ ਤੱਕ ਖੁੱਲ੍ਹ ਦੇ ਦਿੱਤੀ। ਨਤੀਜੇ ਵਜੋਂ ਇਨ੍ਹਾਂ ਰਿਆਸਤਾਂ 'ਚ ਨਿਰਕੁਸ਼ਤਾ ਦੇ ਲੱਛਣ ਕਾਇਮ ਹੋ ਗਏ।

> "ਰਿਆਸਤੀ ਹਾਕਮਾਂ ਦੀ ਨਿੰਰਕੁਸ਼ਲਤਾ ਤੋਂ ਤੰਗ ਆਏ ਛੋਟੇ ਕਿਸਾਨ ਮਾਲਕ, ਮੁਜ਼ਾਰੇ ਕਿਸਾਨਾਂ ਤੇ ਮਜ਼ਦੂਰਾਂ ਨੇ ਰਿਆਸਤੀ ਰਾਜਿਆਂ (ਵੱਡੇ ਕਿਸਾਨਾਂ) ਵਿਰੁੱਧ ਵਿਦਰੋਹ ਸ਼ੁਰੂ ਕਰ ਦਿੱਤਾ। ਗੁਰਦੁਆਰਾ ਸੁਧਾਰ ਲਹਿਰ (1920-1925 ਈ.) ਨੇ ਪੰਜਾਬ ਦੇ ਕਿਸਾਨਾਂ ਅਤੇ ਮਜ਼ਦੂਰਾਂ ਅੰਦਰ ਰਾਜਨੀਤਿਕ ਚੇਤਨਾ ਪੈਦਾ ਕਰ ਦਿੱਤੀ। ਸਿੱਟੇ ਵਜੋਂ 17 ਜੁਲਾਈ 1928 ਈ. ਨੂੰ ਪੰਜਾਬ ਰਿਆਸਤੀ ਪਰਜਾ ਮੰਡਲ ਦੀ ਸਥਾਪਨਾ ਹੋਈ। ਇਹ ਪਰਜਾ ਮੰਡਲ ਮੁੱਖ ਰੂਪ ਵਿੱਚ ਕਿਸਾਨਾਂ ਦਾ ਹੀ ਸੀ ਅਤੇ ਇਸ ਦਾ ਮੁੱਢਲਾ ਆਗੂ ਬਾਬਾ ਖੜਕ ਸਿੰਘ ਸੀ। ਪਰਜਾ ਮੰਡਲ ਨੇ ਕਿਸਾਨਾਂ ਦੇ ਹੱਕਾਂ ਵਿੱਚ ਮਤੇ ਪਾਸ ਕੀਤੇ ਜਿਵੇਂ: ਪੰਚਾਇਤੀ ਰਾਜ ਨੂੰ ਕਾਇਮ ਕਰਨਾ, ਰਾਜਿਆਂ ਦੇ ਵਿਸ਼ੇਸ਼ ਅਧਿਕਾਰਾਂ ਨੂੰ ਖ਼ਤਮ ਕਰਨਾ, ਨਾਜ਼ੁਕ ਕਾਨੂੰਨ ਨੂੰ ਸੋਧਣਾ, ਮਾਲੀਏ ਵਿੱਚ ਕਿਸਾਨਾਂ ਨੂੰ ਰਾਹਤ ਦਿਵਾਉਣਾ ਆਦਿ।" (ਗੁਰਦੀਪ ਕੌਰ, "ਪੰਜਾਬੀ ਨਾਵਲ ਅਤੇ ਕਿਸਾਨੀ ਜੀਵਨ" 35)

ਬਰਤਾਨਵੀ ਪੰਜਾਬ 'ਚ 1936-1937 ਈ. ਦੀਆਂ ਅਸੈਂਬਲੀ ਚੋਣਾਂ ਤੋਂ ਬਾਅਦ ਯੂਨੀਅਨਿਸਟ ਪਾਰਟੀ ਦੀ ਸਰਕਾਰ ਸਰ ਸਿਕੰਦਰ ਹਯਾਤ ਖ਼ਾਨ ਦੀ ਪ੍ਰਭੂਸੱਤਾ ਹੇਠ ਸਥਾਪਿਤ ਹੋਈ। ਸਰਦਾਰ ਸੁੰਦਰ ਸਿੰਘ ਮਜੀਠੀਆ ਅਤੇ ਚੌਧਰੀ

ਛੋਟੂ ਰਾਮ ਉਸ ਦੇ ਉੱਘੇ/ਖ਼ਾਸ ਸਾਥੀਆਂ 'ਚ ਗਿਣੇ ਜਾਂਦੇ ਹਨ। ਇਸ ਸਰਕਾਰ ਦਾ ਵੱਡਾ ਮਨੋਰਥ ਸਿੱਖ ਜੱਟਾਂ/ਕਿਸਾਨਾਂ ਨੂੰ ਉਤਾਂਹ ਚੁੱਕਣਾ ਅਤੇ ਉਨ੍ਹਾਂ ਦੇ ਬਣਦੇ ਹੱਕ ਦਿਵਾਉਣਾ ਸੀ। ਇਸ ਦੇ ਤਹਿਤ ਹੀ ਹੇਠ ਲਿਖੇ ਕਾਨੂੰਨ ਬਣਾਏ ਗਏ ਸਨ ਜਿਵੇਂ:

- ਲੈਂਡ ਐਲੀਨੇਸ਼ਨ ਐਕਟ 1938 ਤੋਂ ਭਾਵ ਇੰਤਕਾਲ ਅਰਾਜ਼ੀ ਕਾਨੂੰਨ। ਇਸ ਨਾਲ ਬੇਨਾਮੀ ਨਾਜਾਇਜ਼ ਘੋਸ਼ਿਤ ਕੀਤਾ ਗਿਆ। ਕੋਈ ਵੀ ਸ਼ਾਹੂਕਾਰ ਕਿਸੇ ਕਿਸਾਨ ਦੀ ਜ਼ਮੀਨ ਨੂੰ ਕਿਸੇ ਹੋਰ ਵਿਅਕਤੀ ਦੇ ਨਾਮ ਨਹੀਂ ਕਰਵਾ ਸਕਦਾ ਸੀ।

- ਇੰਤਕਾਲ ਆਰਜ਼ੀ ਕਾਨੂੰਨ 1939 ਈ. ਵਿੱਚ ਪਾਸ ਹੋਇਆ। ਇਸ ਕਾਨੂੰਨ ਰਾਹੀਂ ਕਿਸਾਨ ਸ਼ਾਹੂਕਾਰਾਂ ਨੂੰ ਕਰਜ਼ੇ ਦੇ ਰੂਪ ਵਿੱਚ ਭੂਮੀ ਲੈਣ ਦੀ ਸਖ਼ਤ ਮਨਾਹੀ ਕੀਤੀ ਗਈ।

- ਸ਼ਾਹੂਕਾਰਾਂ ਨੂੰ ਰਜਿਸਟਰ ਕਰਨ ਦਾ ਕਾਨੂੰਨ 1938 ਈ. ਵਿੱਚ ਪਾਸ ਹੋਣ ਉਪਰੰਤਲਾਗੂ ਕੀਤਾ। ਇਸ ਕਾਨੂੰਨ ਦੇ ਤਹਿਤ ਹਰ ਸ਼ਾਹੂਕਾਰ ਲਈ ਰਜਿਸਟਰ ਹੋਣਾ ਅਤੇ ਲਾਇਸੈਂਸ ਲੈਣਾ ਅਤਿ ਜ਼ਰੂਰੀ ਹੈ।

- ਰੈਸਟੀ. ਟੀ. ਊਸ਼ਨ ਆਫ਼ ਮੋਰਟਿਗਜੇਜ਼ ਐਕਟ 1938 (ਰਹਿਣ ਮਨਸੂਖ਼ੀ ਕਾਨੂੰਨ) ਵਿੱਚ ਲਾਗੂ ਕੀਤਾ ਗਿਆ। ਇਸ ਅਨੁਸਾਰ 1901 ਤੋਂ ਪਹਿਲੇ ਗਹਿਣੇ ਕੀਤੀਆਂ ਗਈਆਂ ਜ਼ਮੀਨਾਂ ਦੇ ਰਹਿਣ ਨਾਮੇ ਮਨਜ਼ੂਰ ਕਰ ਦਿੱਤੇ ਗਏ। ਮੁਆਵਜ਼ਾ ਕੇਵਲ ਖ਼ਾਸ ਹਾਲਾਤਾਂ ਵਿੱਚ ਹੀ ਦਿੱਤਾ ਜਾਵੇਗਾ।

ਪਾਸ ਕੀਤੇ ਗਏ ਕਾਨੂੰਨਾਂ ਦੇ ਵਿਰੁੱਧ ਸ਼ਾਹੂਕਾਰ ਵਰਗ ਨੇ ਬੜਾ ਰੌਲਾ ਪਾਇਆ। ਇਨ੍ਹਾਂ ਕਾਨੂੰਨਾਂ ਦਾ ਆਰਥਿਕ ਅਤੇ ਸਮਾਜਿਕ ਲਾਭ ਵਧੇਰੇ ਕਰ ਰਿਆਸਤੀ ਰਾਜਿਆਂ ਨੂੰ ਮਿਲਿਆ। ਇਸ ਸਮੇਂ ਦੌਰਾਨ ਰਾਜਨੀਤਿਕ ਹਲਚਲ ਨੇ ਪੰਜਾਬ ਦੇ ਕਿਸਾਨੀ ਜੀਵਨ/ਸਭਿਆਚਾਰ ਉੱਪਰ ਦੋ ਢੰਗਾਂ ਨਾਲ ਅਸਰ ਪਾਇਆ।

> "ਪਹਿਲਾ ਸ਼ਾਹੂਕਾਰ ਸ਼੍ਰੇਣੀ ਦਾ ਪੂੰਜੀਵਾਦ ਮੱਧ ਸ਼੍ਰੇਣੀ ਵਿੱਚ ਰੂਪਾਂਤਰਨ ਹੋਣਾ ਅਤੇ ਇਸ ਨਵੀਂ ਉੱਭਰੀ ਮੱਧ ਸ਼੍ਰੇਣੀ ਦਾ ਭਾਰਤ ਸੁਤੰਤਰਤਾ ਸੰਗਰਾਮ ਵਿੱਚ ਕੁੱਦਣਾ। ਦੂਸਰਾ ਸਰਕਾਰ ਦੁਆਰਾ ਬਣਾਏ ਕਾਨੂੰਨ ਦਾ ਲਾਭ ਰਿਆਸਤੀ ਰਾਜਿਆਂ ਨੂੰ ਹੋਣਾ ਕਿਉਂਕਿ ਸਾਰੀ ਰਿਆਸਤ ਦੀ ਜ਼ਮੀਨ ਦਾ 'ਮਾਲਕ ਆਲ੍ਹਾ' ਰਾਜਾ ਆਪ ਹੁੰਦਾ ਸੀ। ਰਿਆਸਤ ਦੇ ਕਿਸਾਨ ਜ਼ਮੀਨ ਦੇ ਮਾਲਕ ਅਦਨਾ ਸਨ।" (ਗੁਰਦੀਪ ਕੌਰ, "ਪੰਜਾਬੀ ਨਾਵਲ ਅਤੇ ਕਿਸਾਨੀ ਜੀਵਨ" 36)

ਇਹੀ ਗੱਲ ਕਿਸਾਨਾਂ ਦੇ ਦਿਮਾਗ਼/ਮਨਾਂ 'ਚ ਹਰ ਸਮੇਂ ਰੜਕਦੀ ਰਹਿੰਦੀ ਸੀ। ਪਰ ਕਰ ਕੁੱਝ ਨਾ ਸਕੇ। ਰਿਆਸਤ 'ਚ ਮਹਿਕਮਾ ਨਜ਼ੂਲ ਸਥਾਪਿਤ ਕੀਤਾ ਹੋਇਆ ਸੀ। ਕੋਈ ਵੀ ਕਿਸਾਨ ਜਦੋਂ ਬੇ-ਔਲਾਦ ਮਰ ਜਾਂਦਾ ਤਾਂ ਉਸ ਦੀ ਸਾਰੀ ਭੂਮੀ ਦਾ ਮਾਲਕ ਰਾਜਾ ਬਣ ਜਾਂਦਾ ਸੀ। ਮ੍ਰਿਤਕ ਕਿਸਾਨ ਦੀ ਜ਼ਮੀਨ ਉੱਪਰ ਉਸ ਦੇ ਸੰਬੰਧੀਆਂ/ਬਰਾਦਰੀ ਵਾਲਿਆਂ ਦਾ ਕੋਈ ਹੱਕ ਨਹੀਂ ਸੀ ਮੰਨਿਆ ਜਾਂਦਾ। ਇਸ ਤੋਂ ਇਲਾਵਾ ਪਿੰਡਾਂ ਦੀ ਪੰਚਾਇਤੀ ਜ਼ਮੀਨ ਕਿਸੇ ਵੀ ਸਮੇਂ ਵੇਚ ਦਿੱਤੀ ਜਾਂਦੀ ਸੀ ਅਤੇ ਉਹ ਜ਼ਮੀਨ ਦੀ ਕੀਮਤ ਰਾਜਾ ਸਾਹਿਬ ਦੇ ਖ਼ਜ਼ਾਨੇ ਵਿੱਚ ਜਮ੍ਹਾ ਕਰਵਾਈ ਜਾਂਦੀ ਸੀ।

"15 ਅਗਸਤ 1947 ਈ. ਨੂੰ ਭਾਰਤ ਅੰਗਰੇਜ਼ੀ ਸਾਮਰਾਜੀ ਸ਼ਕਤੀ ਤੋਂ ਸੁਤੰਤਰ ਹੋ ਗਿਆ। ਆਜ਼ਾਦੀ ਉਪਰੰਤ ਪੰਜਾਬ ਵਿਚੋਂ ਯੂਨੀਅਨਿਸਟ ਪਾਰਟੀ ਦਾ ਸਫ਼ਾਇਆ ਹੋ ਗਿਆ। ਭਾਰਤ ਵਿੱਚ ਦੇਸੀ ਰਿਆਸਤਾਂ ਨੂੰ ਇਕੱਠਾ ਕਰ ਕੇ ਨਵੀਆਂ ਸਟੇਟਾਂ ਦਾ ਨਿਰਮਾਣ ਕੀਤਾ ਗਿਆ। ਇਨ੍ਹਾਂ ਵਿੱਚੋਂ ਇੱਕ ਸਟੇਟ ਪੈਪਸੂ ਸੀ ਜਿਸ ਦਾ ਨਿਰਮਾਣ ਪੰਜਾਬ ਦੀਆਂ ਅੱਠ ਰਿਆਸਤਾਂ ਪਟਿਆਲਾ, ਨਾਭਾ, ਜੀਂਦ, ਮਲੇਰਕੋਟਲਾ, ਫ਼ਰੀਦਕੋਟ, ਕਪੂਰਥਲਾ, ਨਾਲਾਗੜ੍ਹ, ਅਤੇ ਕਲਸੀਆਂ ਨੂੰ ਇਕੱਠਾ ਕਰ ਕੇ ਕੀਤਾ ਗਿਆ ਸੀ।" (ਗੁਰਦੀਪ ਕੌਰ, "ਪੰਜਾਬੀ ਨਾਵਲ ਅਤੇ ਕਿਸਾਨੀ ਜੀਵਨ" 36)

"ਪੈਪਸੂ ਦਾ ਉਦਘਾਟਨ ਭਾਰਤ ਦੇ ਉਪ-ਪ੍ਰਧਾਨ ਮੰਤਰੀ ਅਤੇ ਗ੍ਰਿਹ ਮੰਤਰੀ ਸਰਦਾਰ ਵੱਲਭ ਭਾਈ ਪਟੇਲ ਨੇ 15 ਜੁਲਾਈ 1948 ਈ. ਨੂੰ ਕੀਤਾ। ਮਹਾਰਾਜਾ ਪਟਿਆਲਾ ਨੂੰ ਪੈਪਸੂ ਦਾ ਰਾਜ ਪ੍ਰਮੁੱਖ ਬਣਾਇਆ ਗਿਆ।" (ਅਰੋੜਾ (ਸੰਪਾ.), "ਪੰਜਾਬ ਦੀਆਂ ਲੋਕ ਲਹਿਰਾਂ" (1849-1947) 227)

ਪੈਪਸੂ ਰਾਜ ਨੇ ਪਿੱਛੋਂ ਮੁਜ਼ਾਰਿਆਂ ਦਾ ਸੰਘਰਸ਼ ਮੁਜ਼ਾਰਾ ਲਹਿਰ ਦਾ ਰੂਪ ਅਖ਼ਤਿਆਰ ਕਰ ਗਿਆ। ਕਿਉਂਕਿ ਇਹ ਮੁਜ਼ਾਰਾ ਲਹਿਰ ਅਸਲ 'ਚ ਮੁਜ਼ਾਰੇ ਨਹੀਂ ਸਗੋਂ ਭੂਮੀ ਦੇ ਮਾਲਕ ਸਨ। ਪਰ ਕਲੋਨੀਅਲ ਰਾਜ ਦੀ ਸਥਾਪਨਾ ਅਤੇ ਕਰ ਦੀ ਨਕਦੀ ਰੂਪ 'ਚ ਦੇਣ ਦੀ ਰੀਤ ਚੱਲਣ ਨਾਲ ਇਸ ਸਾਰੇ ਪੈਪਸੂ ਇਲਾਕੇ ਦੇ ਵੱਡੇ ਜ਼ਿਮੀਂਦਾਰ, ਭੂਮੀ ਮਾਲਕ ਅਤੇ ਰਾਜ ਦਰਬਾਰ ਦੇ ਉੱਚ ਅਹੁਦਿਆਂ ਉੱਪਰ ਲੱਗੇ ਕਰਮਚਾਰੀਆਂ ਨੇ ਇਨ੍ਹਾਂ ਭੂਮੀ ਮਾਲਕਾਂ ਨੂੰ ਬਹੁਤ ਹੀ ਗ਼ੈਰ ਕਾਨੂੰਨੀ ਢੰਗ ਨਾਲ ਆਪਣੇ ਮੁਜ਼ਾਰੇ ਦਾ ਰੂਪ ਦੇ ਕੇ ਨਾਮੁਰਾਦ ਬਿਸਵੇਦਾਰੀ ਪ੍ਰਥਾ ਨੂੰ ਵਿਕਸਿਤ ਕੀਤਾ। ਜਿਸ ਕਾਰਨ ਲੱਖਾਂ ਭੂਮੀ ਮਾਲਕਾਂ ਨੂੰ ਆਪਣੇ ਜ਼ਮੀਨੀ ਹੱਕਾਂ ਦੀ ਪ੍ਰਾਪਤੀ ਲਈ ਲਗਭਗ ਚਾਰ ਦਹਾਕਿਆਂ ਤੱਕ ਸੰਘਰਸ਼ ਕਰਨਾ ਪਿਆ।

ਮੁਜ਼ਾਰਾ ਲਹਿਰ 'ਚ ਭਿੰਨ-ਭਿੰਨ ਕਿਸਮ ਦੀਆਂ ਸ਼੍ਰੇਣੀਆਂ ਦੇ ਮੁਜ਼ਾਰਿਆਂ ਜਿਵੇਂ ਗ਼ੈਰ ਮਰੂਸੀ, ਗ਼ਰੀਬ ਕਿਸਾਨ ਮਰੂਸੀ, ਮਰਜ਼ੀ ਦੇ ਮੁਜ਼ਾਰੇ ਅਤੇ ਹੋਰ ਲਿਤਾੜੇ ਹੋਏ ਖੇਤੀਬਾੜੀ ਨਾਲ ਸੰਬੰਧਿਤ ਕਾਮੇ। ਮੁਜ਼ਾਰਾ ਸੰਘਰਸ਼ ਦਾ ਮੁੱਖ ਉਦੇਸ਼ ਬਿਸਵੇਦਾਰੀ ਜ਼ਮੀਨ ਉੱਪਰ ਕਬਜ਼ਾ ਕਰਨਾ ਸੀ ਅਤੇ ਪੁਲਿਸ ਨਾਲ ਮੁਕਾਬਲੇ ਤੋਂ ਗੁਰੇਜ਼ ਕਰਦੇ ਹੋਏ ਬਿਸਵੇਦਾਰੀ ਨਾਲ ਸੰਬੰਧਿਤ ਗੁੰਡਿਆਂ ਦਾ ਡੱਟ ਕੇ ਮੁਕਾਬਲਾ ਕਰਨਾ ਅਤੇ ਪਿੰਡਾਂ 'ਚ ਥਾਂ-ਥਾਂ ਪਹੁੰਚ ਕੇ ਆਪਣੇ ਹੱਕਾਂ ਪ੍ਰਤੀ ਆਪਣੀ ਸੰਘਰਸ਼ ਭਰੀ ਆਵਾਜ਼ ਨੂੰ ਲੋਕਾਂ ਤੱਕ ਪਹੁੰਚਾਉਣਾ ਸੀ।

"ਪੈਪਸੂ ਮੁਜ਼ਾਰਾ ਲਹਿਰ ਦੇ ਸੰਘਰਸ਼ ਨੂੰ ਸਖ਼ਤੀ ਨਾਲ ਦਬਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ। ਇਸ ਸੰਘਰਸ਼ ਨੂੰ ਕਮਿਊਨਿਸਟ ਪਾਰਟੀ ਦਾ ਰਾਜਨੀਤਿਕ ਸਮਰਥਨ ਪ੍ਰਾਪਤ ਸੀ ਜਿਹੜੀ ਖ਼ੁਦ ਕਿਰਤੀ ਕਿਸਾਨਾਂ ਦੀ ਪਾਰਟੀ ਸੀ। ਮੁਜ਼ਾਰਾ ਲਹਿਰ ਦੇ ਉਗਰਵਾਦੀ ਰੂਪ ਨੂੰ ਵੇਖਦੇ ਹੋਏ ਪੈਪਸੂ ਰਾਜ ਪ੍ਰਮੁੱਖ ਨੇ 15 ਅਗਸਤ, 1949 ਨੂੰ ਆਰਡੀਨੈਂਸ ਜਾਰੀ ਕਰ ਕੇ ਤਕਸੀਮ ਕੀਤਾ, ਜਿਸ ਅਨੁਸਾਰ ਬਿਸਵੇਦਾਰਾਂ ਦਾ ਹਿੱਸਾ $^1/_3$ ਤੋਂ ¼ ਕਰ ਦਿੱਤਾ ਗਿਆ ਅਤੇ ਬਿਸਵੇਦਾਰਾਂ ਦੇ ਹਿੱਸੇ ਨੂੰ ਮੁਜ਼ਾਰਿਆਂ ਨੂੰ ਖ਼ਰੀਦਣ ਦੀ ਖੁੱਲ੍ਹ ਵੀ ਦਿੱਤੀ ਗਈ। ਮੁਜ਼ਾਰਿਆਂ ਨੇ ਇਸ ਤਕਸੀਮ ਨੂੰ ਨਾ ਮਨਜ਼ੂਰ ਕਰ ਦਿੱਤਾ। ਇਸ ਪਿੱਛੋਂ 20 ਅਗਸਤ 1949 ਈ. ਵਿਚ ਬਿਸਵੇਦਾਰੀ ਨੂੰ ਸਮਾਪਤ

ਕਰਨ ਲਈ ਆਰਡੀਨੈਂਸ ਜਾਰੀ ਕੀਤਾ ਗਿਆ ਜਿਸ ਦਾ ਮੁਜ਼ਾਰਿਆਂ ਨੇ ਢੋਲ ਵਜਾ ਕੇ ਸਵਾਗਤ ਕੀਤਾ ਅਤੇ ਸਰਕਾਰ ਦੀ ਧਮਕੀ ਦੀ ਕੋਈ ਪ੍ਰਵਾਹ ਨਾ ਕਰਦਿਆਂ ਬਿਸਵੇਦਾਰਾਂ ਦੀਆਂ ਜ਼ਮੀਨਾਂ ਉੱਪਰ ਕਬਜ਼ਾ ਕਰ ਲਿਆ।" (ਅਰੋੜਾ (ਸੰਪਾ.), "ਪੰਜਾਬ ਦੀਆਂ ਲੋਕ ਲਹਿਰਾਂ" (1849-1947) 229)

1953 ਈ. ਵਿੱਚ ਪੈਪਸੂ ਦੇ ਹਾਲਾਤ ਵਿਗੜ ਗਏ। ਇਸੇ ਕਾਰਨ ਭਾਰਤ ਵਿੱਚ ਰਾਸ਼ਟਰਪਤੀ ਰਾਜ ਲਾਗੂ ਹੋ ਗਿਆ। ਰਾਸ਼ਟਰਪਤੀ ਰਾਜ ਦੇ ਸਮੇਂ ਪੈਪਸੂ 'ਚ ਤਿੰਨ ਮਹੱਤਵਪੂਰਨ ਟੈਨੈਂਸੀ ਐਕਟ ਹੋਏ ਜਿਵੇਂ: ਪਹਿਲਾ ਪੈਪਸੂ ਐਬੋਲੀਸ਼ਨ ਆਫ਼ ਆਲਾ ਮਾਲਕੀਅਤ ਰਾਈਟਸ ਐਕਟ, ਦੂਸਰਾ ਪੈਪਸੂ ਟੈਨੈਂਸੀ ਐਂਡ ਐਗਰੀਕਲਚਰ ਲੈਂਡਜ਼ ਐਕਟ, ਤੀਜਾ ਐਕਟ ਤਾਂ ਰਾਸ਼ਟਰਪਤੀ ਸ਼ਾਸਨ ਕਾਲ ਸਮੇਂ ਹੀ ਲਾਗੂ ਕੀਤਾ ਗਿਆ ਪਰ ਦੂਸਰਾ ਐਕਟ ਬਹੁਤ ਸਾਰੀ ਵਿਚਾਰ ਚਰਚਾ ਨਾਲ ਲੰਮੇ ਸਮੇਂ ਬਾਅਦ ਅਕਤੂਬਰ 1956 ਈ. ਨੂੰ ਲਾਗੂ ਕੀਤਾ ਗਿਆ।

"ਇਸ ਐਕਟ ਦੀਆਂ ਸ਼ਰਤਾਂ ਅਨੁਸਾਰ ਕਾਬਜ਼ ਮੁਜ਼ਾਰਿਆਂ ਨੂੰ 12 ਗੁਣਾਂ ਅਤੇ ਮਰਜ਼ੀ ਦੇ ਮੁਜ਼ਾਰਿਆਂ ਨੂੰ 90 ਗੁਣਾਂ ਸਾਲਾਨਾ ਲਗਾਨ ਦੇ ਬਰਾਬਰ ਮੁਆਵਜ਼ਾ ਦੇਣਾ ਪਿਆ। ਪੈਪਸੂ ਭਾਰਤ ਦੀ ਪਹਿਲੀ ਸਟੇਟ ਸੀ ਜਿੱਥੇ ਜ਼ਮੀਨ ਦੀ ਹੱਦ ਨਿਸ਼ਚਿਤ ਕੀਤੀ ਗਈ। ਮੁਜ਼ਾਰਾ ਲਹਿਰ ਤੋਂ ਖੇਤੀ ਕਾਮਿਆਂ ਨੂੰ ਕੁੱਝ ਵੀ ਨਾ ਮਿਲਿਆ ਤੇ ਉਨ੍ਹਾਂ ਦੀ ਦਸ਼ਾ ਮੱਧ ਸ਼੍ਰੇਣੀ ਦੇ ਜ਼ਿਮੀਂਦਾਰਾਂ ਦੇ ਹੱਥਾਂ ਵਿੱਚ ਪਹਿਲਾ ਵਰਗੀ ਮਾੜੀ ਹੀ ਰਹੀ।" (ਅਰੋੜਾ (ਸੰਪਾ.), "ਪੰਜਾਬ ਦੀਆਂ ਲੋਕ ਲਹਿਰਾਂ" (1849-1947) 233)

ਮਾਰਚ 1954 ਈ. ਵਿੱਚ ਪੈਪਸੂ ਚੋਣਾਂ ਹੋਣ ਨਾਲ ਰਾਸ਼ਟਰਪਤੀ ਰਾਜ ਦਾ ਅੰਤ ਹੋ ਗਿਆ। ਪੈਪਸੂ ਰਾਜ 'ਚ ਕਾਂਗਰਸ ਪਾਰਟੀ ਨੇ ਸੱਤਾ ਸੰਭਾਲੀ। ਇਸ ਨਵੀਂ ਬਣੀ ਸਰਕਾਰ 'ਚ ਵੱਡੇ-ਵੱਡੇ ਜ਼ਿਮੀਂਦਾਰ ਅਤੇ ਪੁਰਾਣੇ ਰਾਜ ਘਰਾਣਿਆਂ ਨਾਲ ਸੰਬੰਧਿਤ ਵਿਅਕਤੀ ਦੀ ਭੂਮਿਕਾ ਵਧੇਰੇ ਸੀ। ਇਨ੍ਹਾਂ ਦਾ ਹੀ ਬੋਲਬਾਲਾ ਸਰਕਾਰ 'ਚ ਵੇਖਣ ਨੂੰ ਮਿਲਿਆ। ਪਰ ਇਸ ਦੇ ਬਾਵਜੂਦ ਵੀ ਮੁਜ਼ਾਰਾ ਲਹਿਰ ਦੇ ਸੰਘਰਸ਼ 'ਚੋਂ ਪੈਦਾ ਹੋਏ ਤਿੰਨਾਂ ਐਕਟਾਂ ਦੇ ਲਾਗੂ ਹੋਣ ਤੋਂ ਬਾਅਦ ਵੀ ਪੰਜਾਬੀ ਕਿਸਾਨੀ ਵਿਚਲੀ ਵਰਗ ਵੰਡ ਘਟਣ ਦੀ ਥਾਂ ਹੋਰ ਵੀ ਪਕੇਰੀ ਹੋ ਗਈ।

- ਪਹਿਲਾ, ਐਕਟ ਦੇ ਲਾਗੂ ਹੋਣ ਨਾਲ ਲਗਭਗ 36,000 ਏਕੜ ਭੂਮੀ ਉੱਤੇ ਕਿਸਾਨਾਂ ਨੂੰ ਆਪਣੇ ਪੂਰੇ ਹੱਕ ਮਿਲ ਗਏ। ਉਨ੍ਹਾਂ ਨੂੰ ਜ਼ਮੀਨ ਦੇ ਸਾਲਾਨਾ ਕਰ ਦਾ ਪੰਜ ਗੁਣਾਂ ਮੁਆਵਜ਼ਾ ਆਲ੍ਹਾ ਮਾਲਕਾਂ ਨੂੰ ਦੇਣਾ ਪਿਆ। ਦੂਸਰਾ, ਐਕਟ ਦੇ ਲਾਗੂ ਹੋਣ ਨਾਲ ਮਰਜ਼ੀ ਦੇ ਮੁਜ਼ਾਰਿਆਂ ਨੂੰ ਭੂਮੀ ਉੱਪਰ ਪੂਰੇ ਹੱਕ ਮਿਲੇ।

- ਦੂਜੇ ਐਕਟ ਦੇ ਲਾਗੂ ਹੋਣ ਨਾਲ ਸਾਰੇ ਹੀ ਕਾਬਜ਼ ਮੁਜ਼ਾਰੇ ਭੂਮੀ ਮਾਲਕ ਬਣ ਗਏ। ਉਨ੍ਹਾਂ ਨੂੰ ਸਾਲਾਨਾ ਕਰ ਦਾ ਬਾਰਾਂ ਫ਼ੀਸਦੀ ਦੇ ਹਿਸਾਬ ਨਾਲ ਮੁਆਵਜ਼ਾ ਬਿਸਵੇਦਾਰਾਂ ਨੂੰ ਦੇਣਾ ਪਿਆ।

ਸੋ 20ਵੀਂ ਸਦੀ ਦੇ ਛੇਵੇਂ ਸੱਤਵੇਂ ਦਹਾਕੇ 'ਚ ਪੰਜਾਬ ਅੰਦਰ ਕਈ ਰਾਜਸੀ ਤੇ ਭੂਗੋਲਿਕ ਤਬਦੀਲੀਆਂ ਆਈਆਂ। ਇਸ ਸਮੇਂ ਦੌਰਾਨ ਜਾਗੀਰਦਾਰੀ ਤੇ ਅਰਧ ਜਾਗੀਰਦਾਰੀ ਸਿਸਟਮ ਆਪਣੇ ਢੰਗ ਰੂਪ ਵਾਂਗ ਹੀ ਚੱਲਦਾ ਰਿਹਾ ਭਾਵੇਂ ਕਿ ਆਜ਼ਾਦ ਭਾਰਤ ਦੀ ਸਰਕਾਰ ਨੇ ਕਾਨੂੰਨ ਬਣਾ ਕੇ ਇਨ੍ਹਾਂ ਨੂੰ ਸਮਾਪਤ ਕਰਨ ਦੀ ਸਫਲ ਕੋਸ਼ਿਸ਼ ਕੀਤੀ ਸੀ।

, , , , ,

# ਅਧਿਆਇ ਤੀਜਾ

## ਸਰਕਾਰੀ ਨੀਤੀਆਂ ਅਤੇ ਭ੍ਰਿਸ਼ਟਾਚਾਰ ਦੇ ਪੰਜਾਬੀ ਕਿਸਾਨੀ ’ਤੇ ਪ੍ਰਭਾਵ:

### 3.1 ਸਰਕਾਰੀ ਨੀਤੀਆਂ

ਇਸ ਅਧਿਆਇ 'ਚ ਮੁੱਖ ਤੌਰ 'ਤੇ ਖੇਤੀ ਪ੍ਰਬੰਧ ਦੀ ਵਰਤਮਾਨ ਸਥਿਤੀ ਵਿਚ ਸਰਕਾਰੀ ਨੀਤੀਆਂ ਅਤੇ ਭ੍ਰਿਸ਼ਟਾਚਾਰ ਬਾਰੇ ਵਿਸਥਾਰ ਪੂਰਵਕ ਵਿਚਾਰ ਚਰਚਾ ਕਰਨੀ ਹੈ ਪਰ ਇਸ ਚਰਚਾ ਤੋਂ ਪਹਿਲਾ ਇਹ ਜਾਣਨਾ ਜ਼ਰੂਰੀ ਹੈ ਕਿ ਸਮਕਾਲ ਕਿਸ ਨੂੰ ਕਹਿੰਦੇ ਹਨ। ਸਮਕਾਲ ਤੋਂ ਭਾਵ ਜੋ ਅਜੋਕੇ ਦੌਰ, ਯੁੱਗ 'ਚ ਸਮਕਾਲੀ ਸਥਿਤੀ ਨੂੰ ਪ੍ਰਮੁੱਖ ਰੱਖਦੇ ਹੋਏ ਵਿਚਾਰ ਚਰਚਾ ਕੀਤੀ ਜਾਵੇ ਉਸ ਨੂੰ ਸਮਕਾਲ ਕਹਿੰਦੇ ਹਨ। ਸਮਕਾਲੀ ਦੌਰ ਭਾਵੇਂ ਵਿਕਾਸ ਪੱਖੋਂ ਹੋਵੇ ਜਾਂ ਫਿਰ ਆਰਥਿਕ ਅਤੇ ਸਮਾਜਿਕ ਸੰਕਟ ਪੱਖੋਂ। ਸਮਕਾਲੀ ਦੌਰ ਵਾਦ ਵਿਵਾਦ, ਸਮੱਸਿਆਵਾਂ 'ਤੇ ਕੇਂਦਰਿਤ ਨਾ ਹੋ ਕੇ ਵਿਗਿਆਨ ਦੀਆਂ ਕਾਢਾਂ, ਮਨੁੱਖੀ ਸੋਚ ਦੀ ਤਬਦੀਲੀ, ਆਰਥਿਕ ਅਤੇ ਮਾਨਸਿਕ ਪਰਿਵਰਤਨ, ਪਰਿਵਾਰਕ ਜੀਵਨ ਦੀਆਂ ਬਿਖਰ ਰਹੀਆਂ ਪਰਿਸਥਿਤੀਆਂ, ਨਿਮਨ ਕਿਸਾਨੀ ਜੀਵਨ ਦਾ ਨਿਘਾਰ ਵੱਲ ਜਾਣਾ ਅਤੇ ਕਿਸਾਨਾਂ ਵੱਲੋਂ ਕੀਤੀਆਂ ਜਾਂਦੀਆਂ ਖ਼ੁਦਕੁਸ਼ੀਆਂ ਨੂੰ ਆਧਾਰ ਬਣਾਇਆ ਜਾਵੇਗਾ।

ਖੋਜ ਕਾਰਜ ਕਰਨ ਤੋਂ ਪਹਿਲਾ ਸਮਕਾਲੀ ਦੌਰ ਨਿਸ਼ਚਿਤ ਕਰਨਾ ਬਹੁਤ ਜ਼ਰੂਰੀ ਹੈ। ਹੱਥਲੇ ਖੋਜ ਕਾਰਜ ਲਈ ਇੱਕੀਵੀਂ ਸਦੀ ਦੇ ਦੂਸਰੇ ਦਹਾਕੇ ਦੇ ਵਰ੍ਹੇ 2011 ਤੋਂ 2016 ਤੱਕ ਦੇ ਸਮੇਂ ਨੂੰ ਆਧਾਰ ਬਣਾਇਆ ਗਿਆ ਹੈ। ਕਿਉਂਕਿ ਇਸ ਦੌਰ ਵਿੱਚ ਨਿਮਨ ਕਿਸਾਨੀ ਜੀਵਨ 'ਚ ਅਨੇਕਾਂ ਪ੍ਰਕਾਰ ਦੇ ਉਤਰਾਅ ਚੜ੍ਹਾਅ ਆਏ।

#### 3.1.1 ਹਰੀ ਕ੍ਰਾਂਤੀ

ਇਸ ਦੌਰ ਵਿਚ ਹਰੀ ਕ੍ਰਾਂਤੀ ਨੇ ਅਨੇਕਾਂ ਮਾਰੂ ਪ੍ਰਭਾਵ ਨਿਮਨ ਕਿਸਾਨੀ ਜੀਵਨ ਉੱਪਰ ਪਏ। ਇਨ੍ਹਾਂ ਪ੍ਰਭਾਵਾਂ/ਸਮਕਾਲੀ ਸਥਿਤੀ ਬਾਰੇ ਜਾਣਨ ਤੋਂ ਪਹਿਲਾ ਇਹ ਜਾਣਨਾ ਜ਼ਰੂਰੀ ਹੈ ਕਿ ਹਰੀ ਕ੍ਰਾਂਤੀ ਕੀ ਹੈ? ਅਤੇ ਇਹ ਕਿਸ ਸਮੇਂ ਪੰਜਾਬ ਵਿੱਚ ਆਇਆ। ਸਭ ਤੋਂ ਪਹਿਲਾ ਇਸ ਬਾਰੇ ਚਰਚਾ ਕਰਦੇ ਹਾਂ ਕਿ ਭਾਰਤ ਦੇ ਆਜ਼ਾਦ ਹੋਣ ਤੋਂ ਬਾਅਦ ਆਰਥਿਕ ਵਿਕਾਸ ਲਈ ਪੰਜ ਸਾਲਾ ਯੋਜਨਾ ਵਿਧੀ ਬਣਾਈ ਗਈ। ਭਾਰਤ ਵਿੱਚ ਪਹਿਲੀਆਂ ਦੋ ਯੋਜਨਾਵਾਂ ਦੀ ਸਫਲਤਾ ਤੋਂ ਬਾਅਦ ਅਤੇ ਤੀਸਰੀ ਯੋਜਨਾ ਤੋਂ ਬਾਅਦ ਤਿੰਨਾਂ ਸਾਲਾਂ ਲਈ ਭਾਵ 1966-69 ਭਾਰਤ 'ਚ ਯੋਜਨਾਬੱਧ ਵਿਕਾਸ ਕਾਰਜ ਦਾ ਕੰਮ

ਬੰਦ ਹੋ ਗਿਆ। ਭਾਰਤ ਨੇ ਅਮਰੀਕੀ ਸਰਕਾਰ ਦੇ ਪਬਲਿਕ ਲਾਅ 480 ਨਾਲ ਜੁੜੀਆਂ ਸ਼ਰਤਾਂ/ਸਕੀਮਾਂ ਨੂੰ ਮੰਨਿਆ। ਇਹ ਸ਼ਰਤਾਂ ਇਸ ਪ੍ਰਕਾਰ ਹਨ: ਅਨਾਜ ਖ਼ਰੀਦਣ ਵਾਲੇ ਦੇਸ਼ਾਂ ਨੂੰ ਅਨਾਜ ਇਸ ਕਰ ਕੇ ਮਿਲੇਗਾ ਜੇਕਰ ਉਹ ਦੇਸ਼ ਸਨਅਤੀ ਵਿਕਾਸ ਦੀਆਂ ਦਿੱਤੀਆਂ ਸ਼ਰਤਾਂ ਨੂੰ ਘਟਾ ਕੇ ਖੇਤੀਬਾੜੀ ਵਿਕਾਸ ਨੂੰ ਮੁੱਖ ਪਹਿਲੂ ਮੰਨਣ। ਇਨ੍ਹਾਂ ਦੇਸ਼ਾਂ ਦੀਆਂ ਸਰਕਾਰਾਂ ਅਮਰੀਕਾ ਦੇ ਸਾਮਰਾਜੀ ਸਰਮਾਏ/ਪੂੰਜੀ ਨੂੰ ਖੇਤੀ ਦੇ ਪੈਦਾਵਾਰੀ ਖੇਤਰ ਵਿੱਚ ਲਗਾਉਣ।

> "ਹਰੀ ਕ੍ਰਾਂਤੀ ਸ਼ਬਦ ਦੀ ਸਭ ਤੋਂ ਪਹਿਲਾ ਵਰਤੋਂ ਯੂਨਾਈਟਿਡ ਸਟੇਟ ਏਜੰਸੀ ਫ਼ਾਰ ਇੰਟਰਨੈਸ਼ਨਲ ਡਿਵੈਲਪਮੈਂਟ (ਯੂਐੱਸਏਡੀ) ਦੇ ਸਾਬਕਾ ਡਾਇਰੈਕਟਰ ਵਿਲੀਅਮ ਗੌਂਡ ਨੇ 1968 ਵਿਚ ਕੀਤਾ ਸੀ। ਬਾਅਦ ਵਿਚ ਇਹ ਧਾਰਨਾ ਯੂਰਪ ਦੀ ਸਨਅਤੀ ਕ੍ਰਾਂਤੀ ਤੋਂ ਬਾਅਦ ਖੇਤੀਬਾੜੀ ਦੇ ਕੰਮ 'ਚ ਵਿਗਿਆਨ ਅਤੇ ਤਕਨੀਕ ਦੀ ਵਰਤੋਂ ਨਾਲ ਜੁੜ ਗਈ। 20ਵੀਂ ਸਦੀ ਵਿਚ ਦੂਸਰੀ ਸੰਸਾਰ ਜੰਗ ਤੋਂ ਪਹਿਲਾ ਹੀ ਅਨਾਜ ਉਤਪਾਦਨ ਵੱਲ ਦੁਨੀਆ ਦਾ ਧਿਆਨ ਗਿਆ ਸੀ। ਇਸ ਲਈ ਸੰਸਾਰ ਜੰਗ ਦੇ ਖ਼ਾਤਮੇ ਤੋਂ ਬਾਅਦ ਜਦੋਂ ਅਮਰੀਕਾ ਦੀ ਜੇਤੂ ਫ਼ੌਜ ਜਾਪਾਨ ਪੁੱਜੀ ਤਾਂ ਉਨ੍ਹਾਂ ਦੇ ਨਾਲ ਖੇਤੀ ਖੋਜ ਸੇਵਾ ਦੇ ਅਧਿਕਾਰੀ ਸੈਸਿਲ ਸੈਲਮਨ ਵੀ ਸਨ। ਉਸ ਸਮੇਂ ਸਾਰਿਆਂ ਦਾ ਧਿਆਨ ਇਸ ਗੱਲ ਉੱਪਰ ਸੀ ਕਿ ਜਾਪਾਨ ਦਾ ਮੁੜ-ਨਿਰਮਾਣ ਕਿਵੇਂ ਕੀਤਾ ਜਾਵੇ। ਸੈਲਮਨ ਦਾ ਧਿਆਨ ਖੇਤੀ 'ਤੇ ਸੀ। ਉਨ੍ਹਾਂ ਨੂੰ ਨੋਰਿਲ-10 ਨਾਂ ਦੀ ਕਣਕ ਦੀ ਇੱਕ ਕਿਸਮ ਮਿਲੀ, ਜਿਸ ਦਾ ਬੂਟਾ ਘੱਟ ਉਚਾਈ ਵਾਲਾ ਸੀ ਅਤੇ ਇਸ ਦੇ ਦਾਣੇ ਕਾਫ਼ੀ ਮੋਟੇ ਸਨ। ਸੈਲਮਨ ਨੇ ਇਸ ਨੂੰ ਖੋਜ ਲਈ ਅਮਰੀਕਾ ਭੇਜਿਆ। 13 ਸਾਲ ਦੀ ਖੋਜ ਤੋਂ ਬਾਅਦ 1959 ਵਿਚ 'ਗੇਨਜ਼' ਨਾਂ ਦੀ ਕਣਕ ਦੀ ਇੱਕ ਕਿਸਮ ਤਿਆਰ ਕੀਤੀ ਗਈ। ਅਮਰੀਕੀ ਖੇਤੀ ਵਿਗਿਆਨੀ ਨਾਰਮਨ ਬੋਰਲਾਗ ਨੇ ਕਣਕ ਦੀ ਇਸ ਕਿਸਮ ਦਾ ਮੈਕਸੀਕੋ ਦੀ ਸਭ ਤੋਂ ਮਿਆਰੀ ਕਿਸਮ ਨਾਲ ਬ੍ਰੀਡਿੰਗ ਕਰ ਕੇ ਇੱਕ ਨਵੀਂ ਕਿਸਮ ਤਿਆਰ ਕੀਤੀ।" ("ਕੀ ਹੈ ਹਰੀ ਕ੍ਰਾਂਤੀ?", *ਪੰਜਾਬੀ ਜਾਗਰਣ*, 8 ਮਾਰਚ 2017, 3)

ਭਾਰਤ 'ਚ 1960ਈ. ਵਿਚ ਅੰਨ ਭੰਡਾਰ ਵਧਾਉਣ ਦੀ ਲੋੜ ਮਹਿਸੂਸ ਕੀਤੀ ਗਈ। ਬੋਰਲਾਗ ਅਤੇ ਨੋਰਿਨ ਨੂੰ ਇਸ ਕਿਸਮ ਦੇ ਬੀਜ ਬਾਰੇ ਜਾਣਕਾਰੀ ਪਹਿਲਾ ਹੀ ਸੀ। ਭਾਰਤ ਨੇ ਆਈਅਰ-8 ਨਾਂ ਦਾ ਬੀਜ ਅਪਣਾਇਆ ਜੋ ਇੰਟਰਨੈਸ਼ਨਲ ਰਾਈਸ ਰਿਸਰਚ ਇੰਸਟੀਚਿਊਟ ਵੱਲੋਂ ਵਿਕਸਿਤ ਕੀਤਾ ਗਿਆ। 1965ਈ. ਵਿਚ ਭਾਰਤ ਦੇ ਖੇਤੀ ਮੰਤਰੀ ਸੁਬਰਾਮਣੀਅਮ ਨੇ ਹਾਲਾਤਾਂ ਨੂੰ ਦੇਖਦੇ ਹੋਏ ਖੇਤੀ ਖੇਤਰ ਨਾਲ ਸਬੰਧਿਤ ਕ੍ਰਿਸ਼ੀ ਵਿਗਿਆਨ ਕੇਂਦਰਾਂ, ਗੁਦਾਮ, ਸਿੰਚਾਈ ਲਈ ਖੂਹ ਅਤੇ ਨਹਿਰਾਂ ਦਾ ਨਿਰਮਾਣ ਕੀਤਾ ਗਿਆ। ਹਰੀ ਕ੍ਰਾਂਤੀ ਦਾ ਜਨਮਦਾਤਾ ਨਾਰਮਨ ਬੋਰਲਾਗ ਨੂੰ ਮੰਨਿਆ ਗਿਆ ਹੈ ਜਦੋਂ ਕਿ ਭਾਰਤ ਵਿਚ ਸੁਬਰਾਮਣੀਅਮ ਨੇ ਹਰੀ ਕ੍ਰਾਂਤੀ ਨੂੰ ਵਿਕਸਿਤ ਕੀਤਾ। ਪੰਜਾਬ ਹਰੀ ਕ੍ਰਾਂਤੀ ਨੂੰ ਅਪਣਾਉਣ ਵਾਲਾ ਪਹਿਲਾ ਰਾਜ ਬਣਿਆ। ਪੰਜਾਬ ਦੇ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਨੇ ਹਰੀ ਕ੍ਰਾਂਤੀ ਨੂੰ ਜੀ ਆਇਆ ਕਿਹਾ। ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੀ ਸਥਾਪਨਾ ਹੋਈ ਨੂੰ ਅਜੇ ਪੰਜ ਸਾਲ ਹੀ ਹੋਏ ਸਨ, ਉਸ ਦੇ ਉਪ-ਕੁਲਪਤੀ ਪੀਐੱਨ ਥਾਪਰ ਨੇ ਇਨ੍ਹਾਂ ਤਕਨੀਕਾਂ ਤੋਂ ਕਿਸਾਨਾਂ ਨੂੰ ਜਾਣੂ ਕਰਵਾਇਆ।

"ਭਾਰਤ ਵਿੱਚ ਪਬਲਿਕ ਲਾਅ 480 ਦੀਆਂ ਸ਼ਰਤਾਂ ਨੂੰ ਅਮਲੀ ਰੂਪ ਦੇਣ ਉਪਰੰਤ ਅਜਿਹਾ ਆਰਥਿਕ ਵਾਤਾਵਰਨ ਹੋਂਦ ਵਿੱਚ ਆਇਆ ਜਿਸ ਨੇ ਅਮਰੀਕਨ ਪੂੰਜੀਕਾਰੀ ਨੂੰ ਉਤਸ਼ਾਹਿਤ ਕੀਤਾ ਅਤੇ ਨਾਲ ਹੀ ਹਰੇ ਇਨਕਲਾਬ ਦੀ ਆਰੰਭਤਾ ਵੀ ਕੀਤੀ। ਨਵੇਂ-ਨਵੇਂ ਬੀਜਾਂ ਦੀ ਵਰਤੋਂ, ਰਸਾਇਣਕ ਖਾਦਾਂ ਦੀ ਵਰਤੋਂ, ਸਿੰਜਾਈ ਅਤੇ ਜ਼ਮੀਨ ਵਹਾਈ ਲਈ ਨਵੇਂ-ਨਵੇਂ ਸੰਦਾਂ ਦੀ ਵਰਤੋਂ ਆਦਿ ਦੇ ਸਿੱਟੇ ਵਜੋਂ ਖੇਤੀ ਪੈਦਾਵਾਰ ਵਿੱਚ ਜੋ ਵਾਧਾ ਹੋਇਆ, ਉਹ 'ਹਰਾ ਇਨਕਲਾਬ' ਸੀ। ਕਈ ਖੇਤੀ ਮਾਹਿਰ ਹਰੇ ਇਨਕਲਾਬ ਨੂੰ Wheat Revolution, ਕਈ Fertilizer Revolution, ਕਈ Tractor Revolution, ਅਤੇ ਕਈ Capitalist Agriculture ਕਹਿੰਦੇ ਆ ਰਹੇ ਹਨ। ਕਈ ਵਿਦਵਾਨਾਂ ਨੇ ਇਸ ਨੂੰ ਖੇਤੀਬਾੜੀ ਦੇ ਪੂੰਜੀਵਾਦੀ ਵਿਕਾਸ, ਮਸ਼ੀਨੀਕਰਨ, ਰਸਾਇਣੀਕਰਣ ਅਤੇ ਵਪਾਰੀਕਰਨ ਨਾਲ ਵੀ ਜੋੜਿਆ ਹੈ।" (ਗੁਰਦੀਪ ਕੌਰ, "ਪੰਜਾਬੀ ਨਾਵਲ ਅਤੇ ਕਿਸਾਨੀ ਜੀਵਨ" 38)

ਡਾ. ਗਿਆਨ ਸਿੰਘ ਦੀ ਰਾਇ ਹੈ ਕਿ, "ਸੱਠਵਿਆਂ ਦੇ ਦਹਾਕੇ ਦੇ ਅੰਤ ਵਿੱਚ 'ਹਰੇ ਇਨਕਲਾਬ' ਦੇ ਆਉਣ ਨਾਲ ਪੰਜਾਬ ਦੀ ਖੇਤੀ ਵਿੱਚ ਮਹੱਤਵਪੂਰਣ ਬਦਲਾਵ ਆਏ, ਜਿਸ ਕਰ ਕੇ ਰਵਾਇਤੀ ਖੇਤੀ ਹੁਣ ਆਧੁਨਿਕ ਅਤੇ ਵਪਾਰਿਕ ਖੇਤੀ ਵਿੱਚ ਬਦਲ ਗਈ। ਨਵੀਂ ਖੇਤੀ ਤਕਨੀਕ ਦੇ ਅਪਣਾਉਣ ਕਾਰਨ ਖੇਤੀ ਵਿੱਚ ਵੱਧ ਝਾੜ ਦੇਣ ਵਾਲੇ ਬੀਜਾਂ, ਯਕੀਨੀ ਸਿੰਚਾਈ ਸਹੂਲਤਾਂ, ਰਸਾਇਣਿਕ ਖਾਦਾਂ, ਕੀਟਨਾਸ਼ਕ, ਨਦੀਨ ਨਾਸ਼ਕ, ਉੱਲੀਨਾਸ਼ਕ ਦਵਾਈਆਂ, ਮਸ਼ੀਨਰੀ ਅਤੇ ਖੇਤੀ ਦੇ ਆਧੁਨਿਕ ਢੰਗਾਂ ਦੀ ਵਰਤੋਂ ਕੀਤੀ ਜਾਣ ਲੱਗੀ, ਜਿਸਦੀ ਕਾਮਯਾਬੀ ਨੂੰ ਹਰੇ ਇਨਕਲਾਬ ਵਜੋਂ ਜਾਣਿਆ ਜਾਂਦਾ ਹੈ। ਇਸ ਦੇ ਨਾਲ ਕਿਸਾਨਾਂ ਦੀ ਆਮਦਨ ਵਿੱਚ ਵਾਧੇ ਦੇ ਨਾਲ-ਨਾਲ ਕੁੱਲ ਆਨਾਜ਼ ਉਤਪਾਦਨ ਵਿੱਚ ਵਾਧਾ ਹੋਇਆ। 'ਨਵੀਂ ਖੇਤੀ ਤਕਨੀਕ' ਦੇ ਅਪਣਾਉਣ ਕਾਰਨ ਹੀ ਖੇਤੀ ਇੱਕ ਵਪਾਰਿਕ ਧੰਦਾ ਬਣ ਗਈ ਹੈ।" ("ਪੰਜਾਬ ਦੀ ਪੇਂਡੂ ਆਰਥਿਕਤਾ" 110 -111)

ਸੱਠਵਿਆਂ ਦੌਰਾਨ ਪੰਜਾਬ 'ਚ ਹਰੇ ਇਨਕਲਾਬ ਦੀ ਆਮਦ ਹੁੰਦੀ ਹੈ। ਇਸ ਦੀ ਆਮਦ ਨਾਲ ਖੇਤੀਬਾੜੀ ਉਤਪਾਦਨ ਵਿੱਚ ਬੇਸ਼ੁਮਾਰ ਵਾਧਾ ਹੋਇਆ। ਖੇਤੀਬਾੜੀ ਵਿੱਚ ਨਵੀਂ ਤਕਨੀਕ ਦੀ ਵਰਤੋਂ ਹੋਣ ਲੱਗੀ। ਫ਼ਸਲ ਦੀ ਬਿਜਾਈ ਤੇ ਕਟਾਈ ਲਈ ਆਧੁਨਿਕ ਮਸ਼ੀਨਾਂ ਵਰਤੀਆਂ ਜਾਣ ਲੱਗੀਆਂ। 'ਹਰੇ ਇਨਕਲਾਬ' ਦੇ ਆਉਣ ਨਾਲ ਖੇਤੀ ਇੱਕ ਵਪਾਰਕ ਧੰਦਾ ਬਣ ਗਈ।

ਪੰਜਾਬ ਅੰਦਰ ਹਰੀ ਕ੍ਰਾਂਤੀ ਦੇ ਪ੍ਰਭਾਵ ਅਧੀਨ ਮੁੱਖ ਤੌਰ 'ਤੇ ਦੋ ਫ਼ਸਲਾਂ ਕਣਕ ਅਤੇ ਝੋਨਾ ਹੀ ਬੀਜੀਆਂ ਜਾਣ ਲੱਗੀਆਂ। ਇਸ ਨਾਲ ਪੰਜਾਬ ਦਾ ਪ੍ਰੰਪਰਕ ਖੇਤੀ ਅਰਥਚਾਰਾ ਸਰਮਾਏਦਾਰੀ ਖੇਤੀ ਦਾ ਰੂਪ ਧਾਰਨ ਕਰਨ ਲੱਗਾ। ਨਤੀਜੇ ਵਜੋਂ ਜ਼ਮੀਨੀ ਸੰਬੰਧਾਂ ਦਾ ਪੂੰਜੀਵਾਦੀ ਸੰਬੰਧਾਂ 'ਚ ਰੂਪਾਂਤਰਨ ਹੋਣਾ ਆਰੰਭ ਹੋ ਗਿਆ। ਖੇਤੀ ਦੀ ਪੈਦਾਵਾਰ ਮੰਡੀ ਦਾ ਜ਼ਰੂਰੀ ਅੰਗ ਬਣ ਗਈ ਅਤੇ ਖੇਤੀ ਵਿਕਾਸ ਕਾਰਜਾਂ ਲਈ ਵਧੇਰੇ ਪੂੰਜੀ ਦੀ ਵਰਤੋਂ ਹੋਣ ਲੱਗੀ। ਪੰਜਾਬੀ ਕਿਸਾਨੀ ਪੂੰਜੀ

ਇਕੱਤਰੀਕਰਨ ਕਰਨ ਲਈ ਦੌੜਨ ਲੱਗੀ। ਇਸ ਦੇ ਕਾਰਨ ਨਿਮਨ ਕਿਸਾਨੀ ਪੇਂਡੂ ਪ੍ਰੋਲੋਤਾਰੀ ਵਰਗ ਵਿੱਚ ਤਬਦੀਲ ਹੋਣੀ ਸ਼ੁਰੂ ਹੋ ਗਈ। ਇਸ ਤਰ੍ਹਾਂ ਇੱਕ ਨਵੇਂ ਪੇਂਡੂ ਪ੍ਰੋਲੋਤਾਰੀ ਸ਼੍ਰੇਣੀ ਦਾ ਜਨਮ ਅਤੇ ਵਿਕਾਸ ਹੁੰਦਾ ਹੈ।

> "ਸਰਕਾਰ ਨੇ ਖੇਤੀ ਅਰਥਚਾਰੇ ਦੀ ਉੱਨਤੀ ਅਤੇ ਕਿਸਾਨੀ ਦੀ ਆਰਥਿਕ ਦਸ਼ਾ ਸੁਧਾਰਨ ਲਈ ਕਈ ਮਹੱਤਵਪੂਰਨ ਕਦਮ ਚੁੱਕੇ। ਜਿਵੇਂ ਸਿੰਜਾਈ ਸਹੂਲਤਾਂ ਵਿੱਚ ਵਾਧਾ, ਬਿਜਲੀ ਦੀ ਪੈਦਾਵਾਰ ਵਿੱਚ ਵਾਧਾ, ਭਾਖੜਾ ਨੰਗਲ ਬੰਨ੍ਹ ਦੀ ਉਸਾਰੀ, ਸਹਿਕਾਰੀ ਸੰਮਤੀਆਂ ਦਾ ਵਿਕਾਸ, ਲੈਂਡ ਮਾਰਟਗੇਜ਼ (ਲੈਂਡ ਡਿਵੈਲਪਮੈਂਟ), ਬੈਂਕਾਂ ਦੀ ਸਥਾਪਨਾ ਆਦਿ। ਸਰਕਾਰ ਦੇ ਇਨ੍ਹਾਂ ਖੇਤੀ ਸੁਧਾਰ ਯਤਨਾਂ ਨਾਲ ਖੇਤੀ ਦੀ ਪੈਦਾਵਾਰ ਵਿੱਚ ਵਾਧਾ ਹੋਇਆ।"
> (ਗੁਰਦੀਪ ਕੌਰ, "ਪੰਜਾਬੀ ਨਾਵਲ ਅਤੇ ਕਿਸਾਨੀ ਜੀਵਨ" 39)

ਸਰਕਾਰ ਨੇ ਖੇਤੀ ਨਾਲ ਸੰਬੰਧਿਤ ਬਹੁਤ ਸਾਰੇ ਸੁਧਾਰ ਕੀਤੇ। ਇਨ੍ਹਾਂ ਸੁਧਾਰਾਂ ਅਤੇ ਕਿਸਾਨਾਂ ਦੇ ਯਤਨਾਂ ਦੁਆਰਾ ਖੇਤੀ ਤੋਂ ਪ੍ਰਾਪਤ ਪੂੰਜੀ ਅਰਥਚਾਰੇ ਵਿੱਚ ਵੀ ਭਰਪੂਰ ਵਾਧਾ ਹੋਇਆ। ਖੇਤੀ ਤੋਂ ਪ੍ਰਾਪਤ ਪੂੰਜੀ ਮੁੜ ਕੇ ਖੇਤੀ ਉਤਪਾਦਨ ਵਿੱਚ ਹੀ ਲੱਗਣ ਕਾਰਨ ਹੀ ਪੂੰਜੀ ਦੇ ਨਿਰਮਾਣ ਅਤੇ ਇਕੱਤਰੀਕਰਨ ਦਾ ਸਰਕਲ ਚਾਲੂ ਹੋ ਗਿਆ। ਖੇਤੀ ਖੇਤਰ 'ਚ ਸਰਮਾਏਦਾਰੀ ਰਿਸ਼ਤੇ ਨਾਤਿਆਂ ਦਾ ਵਿਕਾਸ ਤੀਬਰ ਹੋਣ ਲੱਗਾ।

ਪੰਜਾਬ ਦੀ ਕਿਸਾਨੀ ਦੀਆਂ ਆਰਥਿਕ ਸਮੱਸਿਆਵਾਂ ਆਪਸੀ ਵਰਗ ਸੰਘਰਸ਼ ਨੂੰ ਵਧੇਰੇ ਤਿੱਖਾ ਕਰਨ ਦੀ ਬਜਾਇ ਖੁੰਢਾ ਕਰਦੀਆਂ ਹਨ। ਖੇਤ ਮਜ਼ਦੂਰਾਂ ਨੂੰ ਛੱਡ ਕੇ ਨਿਮਨ ਅਤੇ ਦਰਮਿਆਨੀ ਕਿਸਾਨੀ ਦੇ ਵਿਸ਼ਾਲ ਵਰਗ ਦੇ ਹਿੱਤ ਅਮੀਰ ਕਿਸਾਨੀ ਨਾਲ ਟਕਰਾਉਣ ਦੇ ਬਾਵਜੂਦ ਅਮੀਰ ਕਿਸਾਨੀ ਪ੍ਰਤੀ ਇਸ ਦਾ ਰਾਜਸੀ ਵਿਵਹਾਰ ਪ੍ਰਮੁੱਖ ਰੂਪ ਵਿੱਚ ਅਜੇ ਸਮਝੌਤਾ ਮੁੱਖੀ ਹੈ।

ਹਰੀ ਕ੍ਰਾਂਤੀ ਨੇ ਜਿੱਥੇ ਸਾਰੇ ਪੰਜਾਬ ਦੀ ਖੇਤੀ ਉਤਪਾਦਨ 'ਚ ਵਾਧਾ ਕੀਤਾ ਉੱਥੇ ਖੇਤੀ ਆਧਾਰਿਤ ਵਰਗ ਵੰਡ ਨੂੰ ਹੋਰ ਪੱਕਿਆਂ ਕੀਤਾ। ਇਸ ਦੇ ਦੋ ਮੁੱਖ ਕਾਰਨ ਹਨ ਜਿਵੇਂ: ਹਰੀ ਕ੍ਰਾਂਤੀ ਤੋਂ ਪਹਿਲਾ ਹੀ ਕਿਸਾਨੀ ਸਮਾਜ ਦਾ ਢਾਂਚਾ ਵਰਗ ਵੰਡ ਵਾਲਾ ਸੀ। ਇਸ ਵਰਗ ਵੰਡ ਦੀਆਂ ਲਕੀਰਾਂ ਹਰੀ ਕ੍ਰਾਂਤੀ ਦੀ ਸਰਮਾਏਦਾਰੀ ਖੇਤੀ ਦੀ ਪੈਦਾਵਾਰ ਨੇ ਹੋਰ ਗੂੜ੍ਹੀਆਂ ਕਰ ਦਿੱਤੀਆਂ। ਦੂਜਾ ਜ਼ਮੀਨ ਦੀ ਮਾਲਕੀਅਤ ਨੇ ਵੀ ਪੰਜਾਬ ਦੇ ਕਿਸਾਨੀ ਢਾਂਚੇ ਨੂੰ ਵਰਗ ਵੰਡ ਕਰਨ ਵਿੱਚ ਖ਼ਾਸ ਭੂਮਿਕਾ ਨਿਭਾਈ। ਕਿਉਂਕਿ ਪੰਜਾਬ 'ਚ ਜ਼ਮੀਨ ਦੀ ਉੱਪਰਲੀ ਸੀਮਾ 7 ਹੈਕਟੇਅਰ ਭਾਵ 17½ ਏਕੜ ਮਿਥੀ ਹੋਈ ਹੈ। ਪਰ ਪੰਜਾਬ ਵਿੱਚ ਅਜੇ ਵੀ 10 ਹੈਕਟੇਅਰ ਤੋਂ ਲੈ ਕੇ ਦੋ ਹਜ਼ਾਰ ਹੈਕਟੇਅਰ ਦੀ ਮਾਲਕੀਅਤ ਵਾਲੇ ਹਜ਼ਾਰਾਂ ਹੀ ਕਿਸਾਨ ਹਨ। ਇਨ੍ਹਾਂ ਦੀ ਪ੍ਰਤੀਸ਼ਤ ਸਮੁੱਚੀ ਕਿਸਾਨੀ ਦਾ ਸਿਰਫ਼ 6.76 ਫ਼ੀਸਦੀ ਹੈ ਜਦੋਂ ਕਿ ਇਨ੍ਹਾਂ ਕੋਲ ਭੂਮੀ ਮਲਕੀਅਤ ਦਾ 26.7 ਫ਼ੀਸਦੀ ਹਿੱਸਾ ਹੈ। ਨਿਮਨ ਅਤੇ ਸੀਮਾਂਤ ਕਿਸਾਨੀ ਦੇ ਕੰਗਾਲੀਕਰਨ ਕਰ ਕੇ ਖੇਤੀ ਅਤੇ ਸਨਅਤੀ ਮਜ਼ਦੂਰਾਂ ਦੀ ਗਿਣਤੀ ਵਿੱਚ ਭਾਰੀ ਵਾਧਾ ਹੋਇਆ। ਸੀਮਾਂਤ ਸਨਅਤੀਕਰਨ ਹੋਣ ਕਰ ਕੇ ਇਨ੍ਹਾਂ ਵਿਚੋਂ ਸਿਰਫ਼ 10 ਫ਼ੀਸਦੀ ਸਨਅਤਾਂ 'ਚ ਕੰਮ ਕਰਦੇ ਹਨ ਜਦੋਂ ਕਿ 60 ਫ਼ੀਸਦੀ ਖੇਤ ਮਜ਼ਦੂਰੀ ਕਰਦੇ ਹਨ।

"ਜ਼ਮੀਨ ਉੱਤੇ ਵਸੋਂ ਦਾ ਨਿੱਤ ਵਧਦਾ ਦਬਾਉ, ਜ਼ਮੀਨ ਦੀ ਪੀੜੀ ਦਰ ਪੀੜੀ ਵੰਡ, ਖੇਤੀ ਲਾਗਤ ਵਿੱਚ ਲਗਾਤਾਰ ਵਾਧਾ, ਜੀਵਨ ਮਿਆਰ ਉੱਚਾ ਕਰਨ ਦੀ ਅਕਾਂਖਿਆ, ਪੈਦਾਵਾਰ ਦੇ ਸਾਧਨਾਂ ਉੱਤੇ ਵਧ ਰਿਹਾ ਖ਼ਰਚ ਆਦਿ ਕੁੱਝ ਅਜਿਹੇ ਕਾਰਨ ਹਨ ਜਿਨ੍ਹਾਂ ਨੇ ਥੋੜ੍ਹੀ ਜ਼ਮੀਨ ਵਾਲੀ ਕਿਸਾਨੀ ਦੀ ਕੰਗਾਲੀਕਰਨ ਦੀ ਪ੍ਰਕਿਰਿਆ ਨੂੰ ਤੇਜ਼ ਕੀਤਾ ਹੈ।" (ਵਿਨੋਦ, "ਸੰਸਕ੍ਰਿਤੀ ਅਤੇ ਪੰਜਾਬੀ ਸੰਸਕ੍ਰਿਤੀ" 75)

ਇਸ ਤਰ੍ਹਾਂ ਵੱਡੇ ਅਤੇ ਸਰਮਾਏਦਾਰਾਂ ਕਿਸਾਨਾਂ 'ਚੋਂ ਬਹੁਤ ਸਾਰੇ ਕਿਸਾਨ ਨਿੱਜੀ ਕਾਨੂੰਨੀ ਤੌਰ 'ਤੇ ਮਾਲਕੀਅਤ ਨਾਲ ਵੱਧ ਭੂਮੀ ਦੀ ਵਾਹੀ ਕਰਦੇ ਹਨ। ਇਸ ਲਈ ਸਰਮਾਏਦਾਰ ਕਿਸਾਨੀ ਵਰਗ ਤੇ ਨਿਮਨ ਕਿਸਾਨੀ ਵਰਗ ਦੀ ਸ਼੍ਰੇਣੀ ਵੰਡ ਕਰਦਿਆਂ ਸਾਨੂੰ ਕਾਨੂੰਨੀ ਮਾਲਕੀਅਤ ਨੂੰ ਛੱਡ ਕੇ ਇਸ ਵਰਗ ਦੁਆਰਾ ਵਾਹੀ ਜਾਂਦੀ ਭੂਮੀ ਨੂੰ ਵੀ ਸਾਹਮਣੇ ਰੱਖਣਾ ਜ਼ਰੂਰੀ ਹੈ। ਸਰਕਾਰੀ ਅੰਕੜਿਆਂ ਰਾਹੀਂ ਦਿੱਤੀ ਜਾਣਕਾਰੀ ਅਨੁਸਾਰ ਹਮੇਸ਼ਾ ਕਾਨੂੰਨੀ ਮਾਲਕੀਅਤ ਦੀ ਹੀ ਗੱਲ ਕੀਤੀ ਜਾਂਦੀ ਹੈ। ਅਸਲੀਅਤ 'ਚ ਗ਼ਰੀਬ ਨਿਮਨ ਕਿਸਾਨਾਂ ਦੁਆਰਾ ਇਸ ਤੋਂ ਵੀ ਘੱਟ ਅਤੇ ਅਮੀਰ ਕਿਸਾਨਾਂ ਦੁਆਰਾ ਇਸ ਤੋਂ ਕਿਤੇ ਵਧੇਰੇ ਭੂਮੀ ਦੀ ਵਾਹੀ ਕੀਤੀ ਜਾਂਦੀ ਹੈ। ਬਹੁਤ ਵਾਰ ਪਿੰਡ ਦੀ ਸਾਂਝੀ/ਪੰਚਾਇਤੀ ਜ਼ਮੀਨ ਉੱਪਰ ਵੀ ਅਮੀਰ ਕਿਸਾਨਾਂ ਦਾ ਹੀ ਕਬਜ਼ਾ ਹੈ। ਹਰੀ ਕ੍ਰਾਂਤੀ ਨੂੰ ਮੁਜ਼ਾਰਾਗਿਰੀ ਵੀ ਆਖਿਆ ਜਾਂਦਾ ਹੈ। ਪੁੱਠੇ ਪੈਰੀਂ ਮੁਜ਼ਾਰਾਗਿਰੀ ਨੂੰ ਕੇਵਲ ਅਤੇ ਕੇਵਲ ਖੇਤੀਬਾੜੀ ਅਤੇ ਰਿਸ਼ਤੇ ਨਾਤਿਆਂ ਅੰਦਰਲੀ ਪੂੰਜੀਵਾਦੀ ਤਬਦੀਲੀ ਨਾਲ ਆਖਣਾ ਉਚਿੱਤ ਨਹੀਂ ਹੈ।

ਰਣਜੀਤ ਸਿੰਘ ਘੁੰਮਣ ਦੀ ਰਾਇ ਹੈ ਕਿ, "ਹਰੇ ਇਨਕਲਾਬ ਦੇ ਆਰਥਿਕ ਆਧਾਰ ਉੱਪਰ ਉੱਸਰਿਆ ਇੱਕ ਅਜਿਹਾ ਸਮਾਜਕ ਵਰਤਾਰਾ ਦੇਖਣ ਵਿੱਚ ਆਇਆ ਹੈ ਜਿਸ ਵਿੱਚ ਉਹ ਕਿਸਾਨ ਹਨ ਜਿਹੜੇ ਨੌਕਰੀ ਪੇਸ਼ੇ ਲਈ ਸ਼ਹਿਰਾਂ ਤੇ ਮਹਾਂਨਗਰਾਂ ਵਿੱਚ ਕਿਸੇ ਨਾ ਕਿਸੇ ਕੰਮ ਧੰਦੇ ਲਈ ਜਾ ਬੈਠੇ ਹਨ ਅਤੇ ਉਨ੍ਹਾਂ ਆਪਣੀ ਜ਼ਮੀਨ ਠੇਕੇ ਵਟਾਈ 'ਤੇ ਦਿੱਤੀ ਹੋਈ ਹੈ ਪਰ ਉਨ੍ਹਾਂ ਅੰਦਰਲਾ ਜ਼ਮੀਨੀ ਮੋਹ ਅਜੇ ਕਾਇਮ ਹੈ। ਇੱਥੇ ਇੱਕ ਗੱਲ ਸਪਸ਼ੱਟ ਹੁੰਦੀ ਹੈ ਕਿ ਹਰੇ ਇਨਕਲਾਬ ਦੇ ਦੌਰ ਵਿੱਚ ਸਾਂਝੀ ਪਰਿਵਾਰਕ ਪ੍ਰਣਾਲੀ ਟੁੱਟੀ ਅਤੇ ਉਸ ਦੀ ਥਾਂ ਨਿਊਕਲੀਅਰ ਪਰਿਵਾਰਕ ਪ੍ਰਣਾਲੀ ਨੇ ਲੈ ਲਈ। ਸਮਾਜਕ ਰਿਸ਼ਤੇ ਪਹਿਲਾ ਨਾਲੋਂ ਕਿਤੇ ਵੱਧ ਪਦਾਰਥਵਾਦੀ ਹੋ ਗਏ। ਫਲਸਰੂਪ ਪਹਿਲਾ ਵਾਲੀ ਅਪਣੱਤ, ਮੋਹ ਪਿਆਰ, ਸ਼ਰਮ ਲਿਹਾਜ਼ ਨਹੀਂ ਰਹੀ।" (ਆਜ਼ਾਦ (ਸੰਪਾ.), "ਪੰਜਾਬ ਦੀ ਆਰਥਿਕਤਾ" 235)

ਹਰੇ ਇਨਕਲਾਬ ਦੀ ਆਮਦ ਨੇ ਕੇਵਲ ਕਿਸਾਨੀ ਜੀਵਨ ਵਿਚਲੇ ਖੇਤੀ ਧੰਦੇ ਨੂੰ ਹੀ ਪ੍ਰਭਾਵਿਤ ਨਹੀਂ ਕੀਤਾ ਸਗੋਂ ਪੰਜਾਬੀ ਸਭਿਆਚਾਰ ਵਿੱਚ ਵੱਸਦੇ ਰਿਸ਼ਤੇ ਨਾਤਿਆਂ ਵਿੱਚ ਵੀ ਕੁੜੱਤਣਤਾ ਪੈਦਾ ਕਰ ਦਿੱਤੀ ਹੈ। ਸਭ ਰਿਸ਼ਤੇ ਪਿਆਰ ਦੀ ਥਾਂ ਪੂੰਜੀ ਵੱਲ ਕੇਂਦਰਿਤ ਹੋ ਗਏ ਹਨ। ਸਾਂਝੇ ਪਰਿਵਾਰਾਂ ਵਾਲਾ ਪ੍ਰਸੰਗ ਟੁੱਟ ਗਿਆ ਹੈ। ਪਿੰਡਾਂ ਦੇ ਨਿਮਨ ਕਿਸਾਨ ਖੇਤੀਬਾੜੀ ਧੰਦੇ ਤੋਂ ਬਾਹਰ ਹੋ ਕੇ ਹੋਰ ਸਹਾਇਕ ਧੰਦੇ ਅਪਣਾ ਰਹੇ ਹਨ।

ਹਰੇ ਇਨਕਲਾਬ ਦੇ ਪ੍ਰਭਾਵ ਕਾਰਨ ਸਾਰੇ ਰਿਸ਼ਤੇ ਨਾਤੇ ਪੂੰਜੀ ਵੱਲ ਕੇਂਦਰਿਤ ਹੋ ਗਏ। ਪੰਜਾਬੀ ਸਭਿਆਚਾਰ ਵਿੱਚ ਪਨਪਦਾ ਹਵੇਲੀ ਸਭਿਆਚਾਰ ਕੋਠੀ ਸਭਿਆਚਾਰ ਵਿੱਚ ਬਦਲ ਗਿਆ। ਮਨੁੱਖੀ ਜ਼ਿੰਦਗੀ ਵਿੱਚ ਪਸਰੀਆਂ ਸਾਂਝਾਂ ਖ਼ਤਮ ਹੋ ਗਈਆਂ। ਕਹਿਣ ਤੋਂ ਭਾਵ ਹੈ ਕਿ ਹਰੇ ਇਨਕਲਾਬ ਦੀਆਂ ਜੜ੍ਹਾਂ ਪੰਜਾਬ ਦੀ ਧਰਤੀ 'ਤੇ ਨਹੀਂ ਸੀ ਪੈਦਾ ਹੋਈਆ, ਇਹ ਸਾਮਰਾਜੀਆਂ ਦੀਆਂ ਸੰਸਾਰ ਮੰਡੀ ਦੀਆਂ ਲੋੜਾਂ 'ਚੋਂ ਉਪਜੀਆਂ ਹਨ। ਉਸੇ ਦੀ ਉਪਜ ਹੋਣ ਕਰ ਕੇ ਇਸ ਦਾ ਸਰੂਪ ਵੀ ਸਰਮਾਏਦਾਰੀ ਵਰਗਾ ਹੀ ਹੈ। ਇਨ੍ਹਾਂ ਜੜ੍ਹਾਂ ਨੂੰ ਭਾਰਤ ਸਰਕਾਰ ਨੇ ਆਪਣੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਇਸ ਧਰਤੀ ਉੱਤੇ ਲਗਾਇਆ। ਹਰੇ ਇਨਕਲਾਬ ਸੰਬੰਧਿਤ ਖ਼ਿੱਤੇ ਦੀ ਖੇਤੀ ਆਧਾਰਿਤ ਸਭਿਆਚਾਰਕ ਚੇਤਨਾ 'ਚ ਸਰਮਾਏਦਾਰੀ ਵਰਗਾ ਵਰਤਾਊ ਲਿਆਉਣ 'ਚ ਅਹਿਮ ਭੂਮਿਕਾ ਨਿਭਾਈ। ਇਸ ਸਰਮਾਏਦਾਰੀ ਢੰਗ ਦੇ ਖੇਤੀ ਵਿਕਾਸ 'ਚ ਪੇਂਡੂ ਸਮਾਜ ਵਿੱਚ ਚਾਰ ਸ਼੍ਰੇਣੀਆਂ ਨੂੰ ਜਨਮ ਦਿੱਤਾ ਹੈ ਜਿਵੇਂ

> "ਹੇਠਲਾ ਮਜ਼ਦੂਰ ਵਰਗ, ਹੇਠਲਾ ਕਿਸਾਨ ਵਰਗ, ਦਰਮਿਆਨਾ ਕਿਸਾਨ ਵਰਗ, ਉੱਪਰਲਾ ਕਿਸਾਨ ਵਰਗ।" (ਆਜ਼ਾਦ (ਸੰਪਾ.), "ਪੰਜਾਬ ਦੀ ਆਰਥਿਕਤਾ" 204)

ਪੰਜਾਬ ਅੰਦਰ ਸਰਮਾਏਦਾਰ ਖੇਤੀ ਦੇ ਸੰਪੂਰਨ ਰੂਪ ਵਿੱਚ ਵਿਕਸਿਤ ਹੋਣ 'ਤੇ ਨਿਮਨ ਕਿਸਾਨੀ ਦਾ ਵਰਗ ਰੂਪ ਹੀ ਬਦਲ ਗਿਆ। ਇਸ ਦਾ ਵੱਡਾ ਹਿੱਸਾ ਅਜਿਹੇ ਸਮੇਂ ਖੇਤ ਪ੍ਰੋਲੇਤਾਰੀ 'ਚ ਬਦਲ ਰਿਹਾ ਹੈ। ਇੱਕ ਅਨੁਮਾਨ ਅਨੁਸਾਰ 73 ਫ਼ੀਸਦੀ ਕਿਸਾਨਾਂ ਕੋਲ ਇੱਕ ਤੋਂ ਲੈ ਕੇ ਗਿਆਰਾਂ ਹੈਕਟੇਅਰ ਤੱਕ ਜ਼ਮੀਨ ਹੈ ਜਦੋਂ ਕਿ ਬਾਕੀ ਬਚਦੇ ਵੀਹ ਫ਼ੀਸਦੀ ਕਿਸਾਨ ਗ਼ਰੀਬ ਹਨ, ਇਨ੍ਹਾਂ ਕੋਲ ਇੱਕ ਜਾਂ ਦੋ ਹੈਕਟੇਅਰ ਤੋਂ ਵੀ ਘੱਟ ਭੂਮੀ ਵਾਹੀ ਯੋਗ ਹੈ। ਪੰਜਾਬ 'ਚ ਸੱਤ ਫ਼ੀਸਦੀ ਅਮੀਰ/ਵੱਡੇ ਕਿਸਾਨ ਹਨ। ਸੱਤ ਫ਼ੀਸਦੀ ਸਰਮਾਏਦਾਰ ਕਿਸਾਨਾਂ ਦਾ ਪਿੰਡਾਂ ਵਿੱਚ ਵਿਕਸਿਤ ਸਹਿਕਾਰੀ ਬੈਂਕਾਂ ਅਤੇ ਪੰਚਾਇਤਾਂ ਉੱਤੇ ਕਬਜ਼ਾ ਹੈ। ਸਰਮਾਏਦਾਰ ਸਰਕਾਰੀ ਅਫ਼ਸਰਾਂ ਨਾਲ ਮਿਲ ਕੇ ਨਿਮਨ ਅਤੇ ਦਰਮਿਆਨੇ ਗ਼ਰੀਬ ਵਰਗ ਦੇ ਕਿਸਾਨਾਂ ਨੂੰ ਸਮੇਂ-ਸਮੇਂ 'ਤੇ ਦਿੱਤੀ ਜਾਣ ਵਾਲੀ ਰਾਹਤ ਰਾਸ਼ੀ ਹੜੱਪ ਕਰ ਰਹੇ ਹਨ। ਸਰਕਾਰੀ, ਗ਼ੈਰ ਸਰਕਾਰੀ ਅਤੇ ਸਹਿਕਾਰੀ ਸੰਸਥਾਵਾਂ ਉੱਤੇ ਆਪਣੀ ਜਮਾਤੀ ਸਥਿਤੀ ਨੂੰ ਵਰਤ ਕੇ ਉਹ ਪੇਂਡੂ ਤੇ ਨਿਮਨ ਗ਼ਰੀਬ ਵਰਗ ਉੱਪਰ ਆਪਣੀ ਸਰਦਾਰੀ ਨੂੰ ਕਾਇਮ ਕਰ ਰਹੇ ਹਨ। ਇਸ ਹਥਿਆਰ ਨੂੰ ਉਹ ਸਰਕਾਰੀ ਰਸੂਖ਼ ਨੂੰ ਖੇਤ ਮਜ਼ਦੂਰਾਂ, ਗ਼ਰੀਬ ਅਤੇ ਨਿਮਨ ਕਿਸਾਨਾਂ ਨੂੰ ਦਬਾਅ ਦੇ ਰੱਖਣ ਲਈ ਵਰਤੋਂ ਵਿੱਚ ਲਿਆਉਂਦੇ ਹਨ।

> ਡਾ. ਸੁਰਿੰਦਰ ਸਿੰਘ ਸਿੱਧੂ ਦੀ ਧਾਰਨਾ ਹੈ ਕਿ, "ਕਿਸਾਨ ਨੂੰ ਬੀਜਾਂ ਤੋਂ ਲੈ ਕੇ ਕੀਟਨਾਸ਼ਕ ਦਵਾਈਆਂ ਖਾਦਾਂ, ਮਸ਼ੀਨਾਂ ਤੇ ਟਰੈਕਟਰ ਆਦਿ ਖ਼ਰੀਦਣ ਲਈ ਬੈਂਕਾਂ ਨੇ ਧੜਾ-ਧੜ ਕਰਜ਼ੇ ਦਿੱਤੇ। ਆੜ੍ਹਤੀਏ ਵੀ ਇਨ੍ਹਾਂ ਕਰਜ਼ਿਆਂ ਵਿੱਚ ਪਿੱਛੇ ਨਾ ਰਹੇ, ਉਨ੍ਹਾਂ ਨੇ ਵੀ ਕਿਸਾਨਾਂ ਦੀਆਂ ਜ਼ਮੀਨਾਂ ਗਹਿਣੇ ਲਿਖਵਾ ਕੇ ਆਪਣੇ ਪੈਸੇ ਨੂੰ ਬੈਂਕਾਂ ਨਾਲੋਂ ਦੂਹਰੇ ਤੀਹਰੇ ਵਿਆਜ 'ਤੇ ਕਿਸਾਨਾਂ ਦੇ ਘਰਾਂ ਤੱਕ ਅੱਪੜ ਦਾ ਕਰ ਦਿੱਤਾ। ਆੜ੍ਹਤੀਏ ਦੀ ਕੜਿੱਕੀ ਵਿੱਚ ਜ਼ਿਆਦਾ ਛੋਟਾ ਅਤੇ ਮੱਧ ਵਰਗੀ ਕਿਸਾਨ ਫਸਿਆ, ਕਿਉਂਕਿ ਜ਼ਮੀਨ ਥੋੜ੍ਹੀ ਹੋਣ ਕਰ ਕੇ ਬੈਂਕਾਂ ਨੇ ਉਨ੍ਹਾਂ ਨੂੰ ਕਰਜ਼ਾ

ਦੇਣ ਤੋਂ ਨਾਂਹ ਕਰ ਦਿੱਤੀ। ਇਹ ਛੋਟਾ ਕਿਸਾਨ, ਵੱਡਿਆਂ ਦੀ ਰੀਸ ਕਰਦਾ-ਕਰਦਾ ਆੜ੍ਹਤੀਏ ਤੇ ਬੈਂਕਾਂ ਦੇ ਚੱਕਰਵਿਊ ਵਿੱਚ ਐਸਾ ਫਸਿਆ ਕਿ ਇਸ ਵਿਚੋਂ ਨਿਕਲਣ ਦਾ ਖੁਦਕੁਸ਼ੀਆਂ ਦੇ ਸਿਵਾਏ ਹੋਰ ਕੋਈ ਰਾਹ ਹੀ ਨਾ ਰਿਹਾ। ਹੁਣ ਹਰਾ ਇਨਕਲਾਬ ਤਾਂ ਹੋ ਗਿਆ ਪਰ ਕਿਸਾਨ ਵਿਚਾਰਾ ਫਾਕੇ ਪੈ ਗਿਆ।" ("ਕਿਸਾਨ ਖ਼ੁਦਕੁਸ਼ੀਆਂ" 55)

ਹਰੇ ਇਨਕਲਾਬ ਦੇ ਪ੍ਰਭਾਵ ਕਾਰਨ ਨਵੀਂ ਉੱਸਰੀ ਅਰਥ ਵਿਵਸਥਾ ਨੇ ਜਿਸ ਸਭਿਆਚਾਰ ਦੀ ਉਸਾਰੀ ਕੀਤੀ, ਉਸ ਨੇ ਸਮਾਜ 'ਚ ਰਹਿ ਰਹੇ ਹਰੇਕ ਮਨੁੱਖ ਨੂੰ ਐਨਾ ਖ਼ਰਚੀਲਾ ਬਣਾ ਦਿੱਤਾ ਕਿ ਮਹਿੰਗੀ ਤੇ ਹਰ ਫ਼ਜ਼ੂਲ ਵਸਤੂ ਦੀ ਲੋੜ ਮਹਿਸੂਸ ਹੋਣ ਲੱਗ ਪਈ। ਪੰਜਾਬੀ ਕਿਸਾਨੀ ਜੀਵਨ ਵੀ ਇਸ ਖਪਤ ਸਭਿਆਚਾਰ, ਉਪਭੋਗੀ ਕਲਚਰ ਅਤੇ ਵਸਤੂ ਸਭਿਆਚਾਰ ਦੀ ਗ਼ੁਲਾਮੀ ਦੇ ਪ੍ਰਭਾਵਾਂ ਤੋਂ ਮੁਕਤ ਨਾ ਰਹਿ ਸਕਿਆ। ਅਮੀਰ ਕਿਸਾਨੀ ਲਈ ਇਹ ਸਭਿਆਚਾਰ ਢੁੱਕਵਾਂ ਸੀ। ਪਰ ਛੋਟੀ ਕਿਸਾਨੀ ਇਸ ਦੇ ਪ੍ਰਭਾਵ ਤੋਂ ਮੁਕਤ ਨਾ ਰਹਿ ਸਕੀ। ਜਿਸ ਦੇ ਸਿੱਟੇ ਵਜੋਂ ਨਿਮਨ ਕਿਸਾਨੀ ਨੂੰ ਮਜਬੂਰ ਹੋ ਕੇ ਆਤਮਘਾਤੀ ਰਸਤਾ ਚੁਣਨਾ ਪਿਆ।

ਹਰੇ ਇਨਕਲਾਬ ਨੇ ਪੰਜਾਬੀ ਕਿਸਾਨ ਸਿਰ ਕਰਜ਼ੇ ਦੀ ਪ੍ਰਕਿਰਿਆ ਨੂੰ ਤੇਜ਼ ਕੀਤਾ। ਹਰੇ ਇਨਕਲਾਬ ਸਮੇਂ ਪੰਜਾਬ ਦੀ ਸਰਮਾਏਦਾਰੀ ਖੇਤੀ 'ਚ ਖੇਤ ਮਜ਼ਦੂਰਾਂ ਦੀ ਵੱਖਰੀ ਸ਼੍ਰੇਣੀ ਬਣਦੀ ਹੈ। ਖੇਤੀਬਾੜੀ ਦੇ ਖੇਤਰ 'ਚ ਜਦੋਂ ਸਥਾਨਕ ਮਜ਼ਦੂਰਾਂ ਦੀ ਘਾਟ ਪੈਦਾ ਹੋਈ ਤਾਂ ਪੰਜਾਬ ਵਿੱਚ ਹਿੰਦੁਸਤਾਨ ਦੇ ਦੂਸਰੇ ਰਾਜਾਂ ਤੋਂ ਮਜ਼ਦੂਰ ਲਿਆਂਦੇ ਗਏ। ਇਹ ਮਜ਼ਦੂਰ ਦੋ ਕਿਸਮ ਦੇ ਸਨ ਇੱਕ ਜੋ ਕਣਕ ਦੀ ਵਾਢੀ ਅਤੇ ਝੋਨੇ ਦੀ ਬਿਜਾਈ ਸਮੇਂ ਆਉਂਦੇ ਸਨ। ਇਹ ਮਜ਼ਦੂਰ ਚਾਰ ਤੋਂ ਲੈ ਕੇ ਛੇ ਮਹੀਨੇ ਪੰਜਾਬ ਵਿੱਚ ਕੰਮ ਕਰਨ ਲਈ ਰੁਕਦੇ ਅਤੇ ਵਾਪਸ ਚਲੇ ਜਾਂਦੇ। ਦੂਸਰੇ ਉਹ ਮਜ਼ਦੂਰ ਜੋ ਬਿਹਾਰ ਦੇ ਛੋਟਾ ਨਾਗਪੁਰ ਇਲਾਕੇ ਦੇ ਆਦਿ ਵਾਸੀਆਂ 'ਚੋਂ ਭਰਤੀ ਕਰ ਕੇ ਏਜੰਟਾਂ ਰਾਹੀਂ ਪੰਜਾਬ ਵਿੱਚ ਲਿਆਂਦੇ ਜਾਂਦੇ ਸਨ। ਪਹਿਲੀ ਕਿਸਮ ਦੇ ਮਜ਼ਦੂਰਾਂ ਦੀ ਗਿਣਤੀ ਹਜ਼ਾਰਾਂ ਵਿੱਚ ਨਹੀਂ ਸਗੋਂ ਸੱਤ ਅੱਠ ਲੱਖ ਦੇ ਕਰੀਬ ਹੈ। ਦੂਜੀ ਕਿਸਮ ਦੇ ਮਜ਼ਦੂਰਾਂ ਨੇ ਪੰਜਾਬ ਵਿੱਚ ਆਰੰਭ ਤੋਂ ਹੀ ਚੱਲੀ ਆਉਂਦੀ ਸੀਰੀ ਦੀ ਪ੍ਰਥਾ ਨੂੰ ਤੋੜਿਆ ਜਦੋਂ ਭਈਆ ਮਜ਼ਦੂਰਾਂ ਨੇ ਪੰਜਾਬੀ ਮਜ਼ਦੂਰਾਂ ਨਾਲੋਂ ਹਜ਼ਾਰ ਰੁਪਏ ਘੱਟ ਉੱਪਰ ਕੰਮ ਕਰਨ ਦੀ ਰੁਚੀ ਦਿਖਾਈ ਤਾਂ ਸਿੱਟੇ ਵਜੋਂ ਜ਼ਿਮੀਂਦਾਰਾਂ ਨੇ ਪੰਜਾਬੀ ਸੀਰੀ ਮਜ਼ਦੂਰਾਂ ਤੋਂ ਪਿੱਛੇ ਹੱਟਣਾ ਆਰੰਭ ਕਰ ਦਿੱਤਾ। ਪੰਜਾਬ ਦੀ ਖੇਤ ਮਜ਼ਦੂਰ ਮੰਡੀ 'ਚ ਪ੍ਰਵਾਸੀ ਮਜ਼ਦੂਰ ਪੰਜਾਬੀ ਮਜ਼ਦੂਰਾਂ ਦਾ ਬਹੁਤ ਹੀ ਸਖ਼ਤੀ ਨਾਲ ਮੁਕਾਬਲਾ ਕਰ ਰਹੇ ਹਨ। ਪੰਜਾਬ ਦੇ ਖੇਤ ਮਜ਼ਦੂਰ ਹੋਰ ਬਹੁਤ ਸਾਰੇ ਰੁਜ਼ਗਾਰਾਂ/ਕੰਮਾਂ ਵੱਲ ਵੱਧ ਰਹੇ ਹਨ। ਪਰ ਜਿੱਥੇ ਵੀ ਕਿਤੇ ਪੰਜਾਬੀ ਖੇਤ ਮਜ਼ਦੂਰਾਂ ਨੂੰ ਜ਼ਿਮੀਂਦਾਰਾਂ ਦੀਆਂ ਕੋਝੀਆਂ ਚਾਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਉੱਥੇ ਉਹ ਡੱਟ ਕੇ ਇਨ੍ਹਾਂ ਦਾ ਸਾਹਮਣਾ ਕਰਦੇ ਹਨ।

ਕਿਸ਼ਨ ਸਿੰਘ ਦਾ ਵਿਚਾਰ ਹੈ ਕਿ, "ਧਨੀ ਸਰਮਾਏਦਾਰ ਕਿਸਾਨੀ ਜਮਾਤ ਹੀ ਪੰਜਾਬ ਦੀ ਰਾਜਨੀਤੀ ਉੱਤੇ ਹਾਵੀ ਹੈ। ਪੰਜਾਬ ਵਿੱਚ ਇਸ ਸਰਮਾਏਦਾਰ ਕਿਸਾਨੀ ਨੇ ਖਪਤ ਸਮਾਜ ਦੇ ਚੌਖਟੇ ਵਿੱਚ ਜਨਮ ਲਿਆ। ਇਸ ਲਈ ਸਾਨੂੰ

ਆਪਣੇ ਜਨਮ ਵਾਸਤੇ ਖਪਤ ਸਮਾਜ ਦੀ ਸਟੇਟ ਤੇ ਉਸ ਦੇ ਉਸਾਰ ਦਾ ਮੁਕਾਬਲਾ ਨਹੀਂ ਕਰਨਾ ਪਿਆ। ਆਪਣੇ ਜਨਮ ਵਾਸਤੇ ਉਸ ਨੂੰ ਫੌਰੀ ਢਾਹੁਣਾ ਨਹੀਂ ਪਿਆ।" ("ਕਲਚਰਲ ਇਨਕਲਾਬ ਦੀ ਲੋੜ" 7)

ਧਨੀ ਸਰਮਾਏਦਾਰੀ ਨੇ ਭਾਵੇਂ ਖਪਤ ਸਭਿਆਚਾਰ 'ਚ ਜਨਮ ਲਿਆ ਪਰ ਕਿਤੇ ਵੀ ਵਰਗ ਵਿਰੋਧ ਨਹੀਂ ਕਰਨਾ ਪਿਆ।

ਰਵਿੰਦਰ ਰਵੀ ਦਾ ਵਿਚਾਰ ਵਰਨਣਯੋਗ ਹੈ ਕਿ, "ਜ਼ਮੀਨ ਅਤੇ ਪੈਦਾਵਾਰ ਦੇ ਸੰਦਾਂ ਦੀ ਅਸਾਵੀਂ ਵੰਡ ਦੇ ਬਾਵਜੂਦ ਪੰਜਾਬ ਵਿਚ ਮੁਕਾਬਲਤਨ ਮਾਲਕ ਕਿਸਾਨੀ ਦਾ ਪ੍ਰਬੰਧ ਅਧਿਕ ਭਾਰੂ ਰਿਹਾ ਜਿਸ ਕਰ ਕੇ ਕਾਸ਼ਤਕਾਰੀ ਤੇ ਮੁਜ਼ਾਰਾਗਿਰੀ ਰਿਸ਼ਤੇ ਜ਼ਿਆਦਾ ਨਿੱਘਰੀ ਦਸ਼ਾ ਵਿੱਚ ਨਹੀਂ ਸਨ। ਨਾਲ ਹੀ ਖੇਤੀ ਆਰਥਿਕਤਾ ਦੇ ਵਿਕਾਸ ਲਈ ਲੋੜੀਂਦਾ ਆਰਥਿਕ ਸਮਾਜ ਜੁਗਾੜ (Infrastructure) ਜਾਂ ਸੰਸਥਾਈ ਸਹੂਲਤਾਂ ਜਿਨ੍ਹਾਂ ਵਿਚ ਬਿਜਲੀ ਸਿੰਚਾਈ ਦੇ ਸਾਧਨ, ਵਧੀਆ ਬੀਜਾਂ ਤੇ ਖਾਦਾਂ ਆਦਿ ਮੁਹੱਈਆ ਕਰਨ ਦੀ ਵਿਵਸਥਾ, ਪੰਜਾਬ ਵਿੱਚ ਪਹਿਲਾ ਬਸਤੀਵਾਦੀ ਲਾਗਤ ਕਾਰਨ ਅਤੇ ਬਾਅਦ ਵਿੱਚ ਲਗਭਗ ਹਰ ਰਾਜ ਸਰਕਾਰ ਸਦਕਾ ਮੁਕਾਬਲਤਨ ਜ਼ਿਆਦਾ ਵਧੀਆ ਅਤੇ ਵਿਕਸਿਤ ਰਹੀਆਂ ਹਨ।" ("ਵਿਰਸਾ ਤੇ ਵਰਤਮਾਨ" 66)

ਆਜ਼ਾਦ ਭਾਰਤ ਦੇ ਪੰਜਾਬ ਉੱਤੇ ਰਾਜਨੀਤਿਕ ਦਬਦਬਾ ਧਨੀ ਸਰਮਾਏਦਾਰੀ ਕਿਸਾਨੀ ਦਾ ਹੀ ਰਿਹਾ। ਸੱਤਾ ਦੀ ਸਰਕਾਰ ਭਾਵੇਂ ਕੋਈ ਵੀ ਹੋਵੇ ਪੰਜਾਬ ਦੇ ਮੁੱਖ ਮੰਤਰੀ ਖ਼ਾਸ ਕਰ ਕੇ ਜੱਟ ਸਿੱਖ ਹੀ ਰਹੇ ਹਨ। ਜਿਸ ਸਮੇਂ ਤੋਂ ਆਧੁਨਿਕ ਪੰਜਾਬ ਹੋਂਦ 'ਚ ਆਇਆ ਹੈ ਉਸ ਸਮੇਂ ਤੋਂ ਹੀ ਮੁੱਖ ਮੰਤਰੀ ਖ਼ਾਸ ਤੌਰ 'ਤੇ ਮਾਲਵਾ ਖੇਤਰ 'ਚ ਰਹਿਣ ਵਾਲੇ ਜੱਟ ਸਿੱਖ ਪਰਿਵਾਰਾਂ ਨਾਲ ਸੰਬੰਧਿਤ ਸਨ। ਸੱਤਾ ਦੀ ਸਰਕਾਰ ਭਾਵੇਂ ਕਾਂਗਰਸੀ ਹੋਵੇ ਜਾਂ ਫਿਰ ਅਕਾਲੀਆਂ ਦੀ। ਉਦਾਹਰਨ ਦੇ ਤੌਰ 'ਤੇ ਲਛਮਣ ਸਿੰਘ ਗਿੱਲ, ਪ੍ਰਕਾਸ਼ ਸਿੰਘ ਬਾਦਲ, ਬੇਅੰਤ ਸਿੰਘ, ਜਸਟਿਸ ਗੁਰਨਾਮ ਸਿੰਘ, ਹਰਚਰਨ ਸਿੰਘ ਬਰਾੜ, ਸੁਰਜੀਤ ਸਿੰਘ ਬਰਨਾਲਾ ਅਤੇ ਰਾਜਿੰਦਰ ਕੌਰ ਭੱਠਲ ਆਦਿ। ਭਾਰਤ ਦੇ ਆਜ਼ਾਦ ਹੋਣ ਉਪਰੰਤ ਪੰਜਾਬ ਦੀ ਰਾਜਨੀਤਿਕ ਵਾਗਡੋਰ ਹਮੇਸ਼ਾ ਹੀ ਸਰਮਾਏਦਾਰ ਅਮੀਰ ਕਿਸਾਨ ਦੇ ਹੱਥਾਂ ਵਿੱਚ ਰਹੀ ਹੈ। ਇਸ ਸ਼੍ਰੇਣੀ ਨੇ ਆਪਣੇ ਆਰਥਿਕ ਹਿੱਤਾਂ ਨੂੰ ਸੁਰੱਖਿਅਤ ਅਤੇ ਖ਼ੁਸ਼ਹਾਲ ਕਰਨ ਲਈ ਖੇਤੀਬਾੜੀ ਆਧਾਰਿਤ ਨੀਤੀਆਂ ਬਣਾਈਆਂ।

ਸੁੱਚਾ ਸਿੰਘ ਗਿੱਲ ਅਨੁਸਾਰ, "ਪੰਜਾਬ ਦਾ ਖੇਤੀ ਪੂਰਤੀ ਸੈਕਟਰ 1980ਵਿਆਂ 'ਚ ਸੰਕਟ ਵਿੱਚ ਆ ਗਿਆ ਅਤੇ 1990 ਵਿਆਂ ਵਿੱਚ ਪੂਰੀ ਤਰ੍ਹਾਂ ਸੰਕਟ ਵਿੱਚ ਜਕੜਿਆ ਗਿਆ। ਇਸ ਨੂੰ ਸੰਕਟ ਮੁਕਤ ਕਰਨ ਲਈ ਖੇਤੀ ਅਤੇ ਆਰਥਿਕਤਾ ਅਨੇਕੀਕਰਨ ਇੱਕ ਹੱਲ ਵਜੋਂ ਪੇਸ਼ ਕੀਤਾ ਗਿਆ (ਜੌਹਲ ਕਮੇਟੀ ਰਿਪੋਰਟ, 1986)। ਖੇਤੀ ਅਤੇ ਆਰਥਿਕਤਾ ਦੇ ਅਨੇਕੀਕਰਨ ਵਾਸਤੇ ਨਵੀਆਂ ਫ਼ਸਲਾਂ ਦੀ ਖੇਤੀ ਅਤੇ ਖੇਤੀ ਪੈਦਾਵਾਰ ਲਈ ਨਵੀਆਂ ਮੰਡੀਆਂ ਦਾ ਪ੍ਰਬੰਧ ਅਤੇ ਖੇਤੀ ਕੱਚੇ ਮਾਲ ਉੱਤੇ ਆਧਾਰਤ ਨਵੀਆਂ ਉਦਯੋਗਿਕ ਇਕਾਈਆਂ ਦਾ ਲਾਉਣਾ ਇਸ ਦੀਆਂ

ਜ਼ਰੂਰੀ ਸ਼ਰਤਾਂ ਮੰਨੀਆਂ ਗਈਆਂ। ਇਨ੍ਹਾਂ ਸ਼ਰਤਾਂ ਨੂੰ ਪੂਰਾ ਕਰਨ ਵਿੱਚ ਸਰਕਾਰ ਨੂੰ ਆਗੂ ਰੋਲ ਨਿਭਾਉਣਾ ਪੈਂਦਾ ਹੈ।" (ਜੰਮੂ (ਸੰਪਾ.), "ਵਿਸ਼ਵੀਕਰਨ ਉਦਾਰੀਕਰਨ ਤੇ ਪੰਜਾਬ" 12)

ਵੀਹਵੀਂ ਸਦੀ ਦੇ ਨੌਵੇਂ ਦਹਾਕੇ ਦੇ ਅੰਤਲੇ ਸਾਲਾਂ 'ਚ ਅੰਤਰਰਾਸ਼ਟਰੀ ਰਾਜਸੀ ਖੇਤਰ 'ਚ ਸੋਵੀਅਤ ਸੰਘ ਢਹਿ ਢੇਰੀ ਹੋ ਗਿਆ। ਸੋਵੀਅਤ ਸੰਘ ਦੇ ਢਹਿ ਢੇਰੀ ਹੋਣ ਕਾਰਨ ਅੰਤਰ ਰਾਸ਼ਟਰੀ ਰਾਜਨੀਤੀ ਉੱਪਰ ਅਜਿਹਾ ਪ੍ਰਭਾਵ ਪਿਆ ਕਿ ਤੀਸਰੀ ਦੁਨੀਆ ਦੇ ਦੇਸ਼ਾਂ ਲਈ ਸਾਮਰਾਜਵਾਦੀ ਆਰਥਿਕ ਢਾਂਚਾ ਆਪਣੀ ਪ੍ਰਤਿਭਾ ਗੁਆ ਬੈਠਾ। ਜਿਸ ਕਾਰਨ ਅਮਰੀਕਨ ਪੂੰਜੀਵਾਦੀ ਪ੍ਰਬੰਧ ਨੇ ਸਾਰੇ ਵਿਸ਼ਵ ਨੂੰ ਪ੍ਰਭਾਵਿਤ ਕੀਤਾ।

## 3.1.2 ਵਿਸ਼ਵ ਵਪਾਰ ਸੰਸਥਾ (W.T.O.)

ਅੰਤਰਰਾਸ਼ਟਰੀ ਮੁਦਰਾ ਕੋਸ਼ ਤੇ ਵਿਸ਼ਵ ਬੈਂਕ, ਜਰਨਲ ਐਗਰੀਮੈਂਟ ਐਂਡ ਟਰੇਡ-ਗੈਟ ਪਰ ਹੁਣ ਇਸ ਨੂੰ ਵਿਸ਼ਵ ਵਪਾਰ ਸੰਸਥਾ W.T.O. ਵੀ ਆਖਿਆ ਜਾਂਦਾ ਹੈ। ਅਮਰੀਕੀ ਅਤੇ ਹੋਰ ਸਾਮਰਾਜੀ ਸ਼ਕਤੀਆਂ ਰੱਖਣ ਵਾਲੇ ਦੁਨੀਆ ਦੇ ਬਾਕੀ ਦੇਸ਼ਾਂ ਦੀ ਆਰਥਿਕਤਾ ਨੂੰ ਆਪਣੇ ਉਦੇਸ਼ਾਂ ਲਈ ਪ੍ਰਭਾਵਿਤ ਕਰਨ ਵਜੋਂ ਵਰਤਿਆ ਗਿਆ ਹੈ। 'ਗੈਟ' (GATT) ਸੰਸਥਾ ਦਾ ਜਨਮ ਅੰਤਰਰਾਸ਼ਟਰੀ ਪੱਧਰ ਉੱਪਰ ਵਪਾਰ ਨੂੰ ਸੰਚਾਰੂ ਢੰਗ ਨਾਲ ਚਲਾਉਣ ਲਈ ਹੋਇਆ।

"ਅੰਤਰਰਾਸ਼ਟਰੀ ਪੱਧਰ ਉੱਪਰ ਇਸ ਸੰਸਥਾ ਦੇ 125 ਦੇਸ਼ ਮੈਂਬਰ ਹਨ ਅਤੇ ਇਸ ਸੰਸਥਾ ਵਿੱਚ ਮੈਂਬਰ ਦੇਸ਼ਾਂ ਵਿਚਕਾਰ ਹੋਣ ਵਾਲੇ ਵਪਾਰ ਸੰਬੰਧੀ ਅਸੂਲ ਬਣਾਏ ਜਾਂਦੇ ਹਨ।" (ਜੰਮੂ (ਸੰਪਾ.), "ਵਿਸ਼ਵੀਕਰਨ ਉਦਾਰੀਕਰਨ ਤੇ ਪੰਜਾਬ" 95)

"1980 ਵਿੱਚ ਮਿਸਟਰ ਆਰਥਕ ਡੰਕਲ ਇਸ ਸੰਸਥਾ ਦੇ ਡਾਇਰੈਕਟਰ ਜਨਰਲ ਸਨ। ਉਨ੍ਹਾਂ ਨੇ ਦੁਨੀਆ ਦੇ ਦੇਸ਼ਾਂ ਵਿਚਕਾਰ ਵਪਾਰ ਸੰਬੰਧੀ ਅਸੂਲਾਂ ਦਾ ਇੱਕ ਖਰੜਾ ਤਿਆਰ ਕੀਤਾ ਜਿਸ ਨੂੰ ਪਹਿਲੀ ਵਾਰ 1986 ਈ. ਵਿੱਚ ਹੋਈ ਵਿਸ਼ਵ ਕਾਨਫ਼ਰੰਸ ਵਿੱਚ ਪੇਸ਼ ਕੀਤਾ ਗਿਆ। ਸ਼ੁਰੂ ਵਿੱਚ ਭਾਰਤ ਸਮੇਤ ਤੀਜੀ ਦੁਨੀਆ ਦੇ ਬਹੁਤੇ ਦੇਸ਼ਾਂ ਨੇ ਇਸ ਦਾ ਵਿਰੋਧ ਕੀਤਾ। ਕਾਫ਼ੀ ਸੋਚ ਵਿਚਾਰ ਪਿੱਛੋਂ 1995 ਈ. ਵਿਚ ਇਹ ਸਮਝੌਤਾ ਮੈਂਬਰ ਦੇਸ਼ਾਂ ਨੇ ਪ੍ਰਵਾਨ ਕਰ ਲਿਆ। ਇਸ ਸਮਝੌਤੇ ਦਾ ਮੁੱਖ ਮੰਤਵ ਖੇਤੀ ਵਪਾਰ ਨੂੰ ਵਿਸ਼ਵ ਪੱਧਰ ਉੱਤੇ ਵਿਕਸਿਤ ਕਰਨ ਲਈ ਕਈ ਖੁੱਲ੍ਹਾ ਦੇਣਾ ਹੈ।" (ਜੰਮੂ (ਸੰਪਾ.), "ਵਿਸ਼ਵੀਕਰਨ ਉਦਾਰੀਕਰਨ ਤੇ ਪੰਜਾਬ" 95)

ਆਜ਼ਾਦ ਭਾਰਤ 'ਚ ਨਰਸਿੰਮਾ ਰਾਉ ਨੇ 1991 ਈ. ਤੋਂ ਖੁੱਲ੍ਹੇ ਰੂਪ ਵਿੱਚ ਉਦਾਰੀਕਰਨ ਦੇ ਦਰਵਾਜ਼ੇ ਖੋਲ੍ਹ ਦਿੱਤੇ।

"ਭਾਵੇਂ ਸ਼ੁਰੂਆਤ ਰਾਜੀਵ ਗਾਂਧੀ ਸਰਕਾਰ ਦੀ ਨਵੀਂ ਆਰਥਿਕ ਨੀਤੀ ਅਧੀਨ ਹੀ ਕਰ ਦਿੱਤੀ ਗਈ ਸੀ। ਡਾ. ਮਨਮੋਹਨ ਸਿੰਘ ਤੋਂ ਲੈ ਕੇ ਹੁਣ ਤੱਕ ਸਾਰੇ ਵਿੱਤ ਮੰਤਰੀ ਇੱਕ ਦੂਜੇ ਨਾਲੋਂ ਵੱਧ ਚੜ੍ਹ ਕੇ ਉਦਾਰੀਕਰਨ ਤੇ

ਵਿਸ਼ਵੀਕਰਨ (Liberlisation and Globalization) ਵੱਲ ਵੱਧ ਰਹੇ ਹਨ।" (ਜੰਮੂ (ਸੰਪਾ.), "ਵਿਸ਼ਵੀਕਰਨ ਉਦਾਰੀਕਰਨ ਤੇ ਪੰਜਾਬ" 239)

ਭਾਰਤ ਦੀ ਅਰਥ ਵਿਵਸਥਾ 'ਚ 1991 ਈ. ਤੋਂ ਨਵੀਆਂ ਆਰਥਿਕ ਨੀਤੀਆਂ ਦਾ ਲਾਗੂ ਹੋਣਾ, 1994 ਈ. ਤੋਂ ਗੈਟ ਸਮਝੌਤੇ ਨੂੰ ਕਬੂਲ ਕਰਨਾ, 1995 ਈ. ਤੋਂ ਵਿਸ਼ਵ ਵਪਾਰ ਸੰਸਥਾ ਦੇ ਮੈਂਬਰ ਬਣਨਾ ਅਜਿਹੀਆਂ ਮਹੱਤਵਪੂਰਨ ਆਰਥਿਕ ਘਟਨਾਵਾਂ ਨੇ ਜੋ ਅਮਰੀਕੀ ਸਾਮਰਾਜੀ ਹਿੱਤਾ ਦੀਆਂ ਪੂਰਕ ਹਨ।

ਧਿਆਨ ਪੂਰਵਕ 'ਗੈਟ' ਸਮਝੌਤੇ ਦੀਆਂ ਸ਼ਰਤਾਂ ਨੂੰ ਵਾਚਿਆ ਜਾਵੇ ਤਾਂ ਇੰਝ ਲੱਗਦਾ ਹੈ ਕਿ ਇਹ ਸਮਝੌਤਾ ਕਿਸਾਨਾਂ ਦੇ ਹੱਕ ਵਿੱਚ ਹੈ ਕਿਉਂਕਿ ਖੇਤੀ ਵਪਾਰ ਉੱਪਰ ਲਗਾਈਆਂ ਗਈਆਂ ਪਾਬੰਦੀਆਂ ਹਟ ਜਾਣਗੀਆਂ। ਕਿਸਾਨ ਮਰਜ਼ੀ ਅਨੁਸਾਰ ਫ਼ਸਲ ਵੇਚ ਸਕਣਗੇ। ਪਰ ਦੇਖਣਾ ਇਹ ਹੈ ਕਿ ਕੀ ਕਿਸਾਨ ਅਜਿਹਾ ਕਰ ਸਕਣਗੇ? ਇਹ ਸਭ ਕੁੱਝ ਕਰਨਾ ਨਿਮਨ ਕਿਸਾਨਾਂ ਲਈ ਵਧੇਰੇ ਮੁਸ਼ਕਿਲ ਦਾ ਕੰਮ ਹੈ। ਕਿਸਾਨ ਫ਼ਸਲ ਨੂੰ ਕੇਵਲ ਨੇੜੇ ਦੀ ਮੰਡੀ ਤੱਕ ਹੀ ਲੈ ਕੇ ਜਾ ਸਕਦੇ ਹਨ। ਇਸ ਪ੍ਰਕਿਰਿਆ ਦਾ ਵਧੇਰੇ ਲਾਭ ਵੱਡੇ ਕਿਸਾਨਾਂ ਤੇ ਵਪਾਰੀ ਵਰਗ ਨੂੰ ਹੋਇਆ। ਕਿਉਂਕਿ ਵਿਸ਼ਵ ਵਪਾਰ ਸੰਸਥਾ (W.T.O.) ਕੌਮੀ ਕਾਰਪੋਰੇਸ਼ਨਾਂ ਦੇ ਹੱਕ 'ਚ ਕੀਤੇ ਸਮਝੌਤਿਆਂ ਨੂੰ ਲਾਗੂ ਕਰਨ ਵਾਲੀ ਕੌਮਾਂਤਰੀ ਪੱਧਰ ਦੀ ਵਪਾਰਕ ਸੰਸਥਾ ਹੈ। ਇਨ੍ਹਾਂ ਸਮਝੌਤਿਆਂ ਦੇ ਪ੍ਰਭਾਵਾਂ ਬਾਰੇ ਵਿਚਾਰ ਚਰਚਾ ਕਰਨ ਤੋਂ ਪਹਿਲਾ W.T.O. ਬਾਰੇ ਸੰਖੇਪ ਰੂਪ 'ਚ ਗੱਲ ਕਰਦੇ ਹਾਂ।

ਪੰਜਾਬ ਦੀ ਖੇਤੀਬਾੜੀ ਨੂੰ W.T.O. ਅਤੇ ਵਿਸ਼ਵੀਕਰਨ ਨੇ ਆਧੁਨਿਕ ਢੰਗ ਨਾਲ ਚਲਾਉਣ ਲਈ ਮਜ਼ਬੂਰ ਕੀਤਾ। ਵਿਸ਼ਵ ਵਪਾਰ ਅਧੀਨ ਜਿਨਸਾਂ ਦੇ ਭਾਅ ਮਿੱਥੇ ਜਾਣ ਲੱਗੇ ਅਤੇ ਖੇਤੀਬਾੜੀ ਲਈ ਦਿੱਤੀਆਂ ਗਈਆਂ ਸਬਸਿਡੀਆਂ ਨੂੰ ਘੱਟ ਕਰਨ ਦਾ ਦਬਾਅ ਬਣਾਇਆ ਗਿਆ।

> "1998 ਵਿੱਚ ਭਾਰਤ ਨੂੰ ਬੀਜਾਂ ਦੀ ਖ਼ਰੀਦੋ ਫ਼ਰੋਖ਼ਤ ਵਿੱਚ W.T.O. ਵੱਲੋਂ ਮੋਨਸੈਂਟੋ, ਕਾਰਗਿਲ ਅਤੇ ਸਿੰਨਜੈਟਾਂ ਵਰਗੀਆਂ ਬਹੁ ਕੌਮੀ ਵਿਦੇਸ਼ੀ ਅਜਾਰੇਦਾਰ ਕੰਪਨੀਆਂ ਨਾਲ ਵਿਉਪਾਰਿਕ ਸੰਧੀਆਂ ਕਰਨ ਲਈ ਮਜ਼ਬੂਰ ਕੀਤਾ ਗਿਆ। ਇਨ੍ਹਾਂ ਸੰਧੀਆਂ ਦੇ ਨਤੀਜੇ ਵਜੋਂ ਰਵਾਇਤੀ ਬੀਜ ਪ੍ਰਣਾਲੀ ਦੀ ਜਗ੍ਹਾ ਜੈਨੇਟੀਕਲੀ (Genetically) ਤਿਆਰ ਕੀਤੇ ਹੋਏ ਬੀਜਾਂ ਨੇ ਲੈ ਲਈ। ਇਨ੍ਹਾਂ ਬੀਜਾਂ ਨੂੰ ਹਰ ਸਾਲ ਫ਼ਸਲ ਬੀਜਣ ਲੱਗਿਆਂ ਮੰਡੀ ਵਿੱਚੋਂ ਦੁਬਾਰਾ ਖ਼ਰੀਦਣ ਦੀ ਲੋੜ ਹੁੰਦੀ ਹੈ। ਜਿਹੜੀ ਪ੍ਰਣਾਲੀ ਕੁਦਰਤੀ ਸੀ ਅਤੇ ਜ਼ਮੀਨ ਵੱਲੋਂ ਬੀਜ ਸੁਗਾਤ ਦੇ ਰੂਪ ਵਿੱਚ ਦੁਬਾਰਾ ਮਿਲ ਜਾਂਦੇ ਸਨ। ਉਸ ਦੀ ਜਗ੍ਹਾ ਇੱਕ ਇਹੋ ਜਿਹੀ ਪ੍ਰਣਾਲੀ ਨੇ ਲੈ ਲਈ ਜੋ ਇੱਕ ਕਾਰਪੋਰੇਟ ਵਿਉਪਾਰਕ ਪ੍ਰਣਾਲੀ ਹੈ ਜਿਸ ਤਹਿਤ ਹਰ ਸਾਲ ਕਿਸਾਨਾਂ ਨੂੰ ਬੀਜਾਂ ਉੱਪਰ ਚੋਖਾ ਪੈਸਾ ਖ਼ਰਚ ਕਰਨਾ ਪੈਂਦਾ ਹੈ। ਕਈ ਗ਼ਰੀਬ ਕਿਸਾਨਾਂ ਨੂੰ ਹਰ ਸਾਲ ਬੀਜ ਖ਼ਰੀਦਣ ਲਈ ਕਰਜ਼ਾ ਚੁੱਕਣਾ ਪਿਆ। ਇਸ ਕਰਜ਼ੇ ਨੂੰ ਵਾਪਿਸ ਕਰਨ ਲਈ ਕਈ ਕਿਸਾਨਾਂ ਨੇ ਆਪਣੇ ਜਿਸਮਾਨੀ ਅੰਗ ਤੱਕ ਵੀ ਵੇਚ ਦਿੱਤੇ। ਜਦੋਂ ਇਹ ਕੋਸ਼ਿਸ਼ਾਂ ਬੇਕਾਰ ਸਾਬਿਤ ਹੋਈਆਂ ਅਤੇ

> ਕਿਸਾਨਾਂ ਦੇ ਅਰਥਚਾਰੇ ਵਿੱਚ ਕੋਈ ਸੁਧਾਰ ਨਾ ਹੋਇਆ ਤਾਂ ਖ਼ੁਦਕੁਸ਼ੀਆਂ ਤੋਂ ਇਲਾਵਾ ਹੋਰ ਕੋਈ ਚਾਰਾ ਬਾਕੀ ਨਾ ਰਿਹਾ।" (ਸਿੱਧੂ, "ਕਿਸਾਨ ਖ਼ੁਦਕੁਸ਼ੀਆਂ" 66)

W.T.O. ਦੀਆਂ ਅਜਿਹੀਆਂ ਨੀਤੀਆਂ ਨਾਲ ਅਮੀਰ ਕਿਸਾਨ ਵਪਾਰੀਆਂ ਨੂੰ ਤਾਂ ਲਾਭ ਹੋਇਆ ਪਰ ਨਿਮਨ ਕਿਸਾਨਾਂ ਲਈ ਇਨ੍ਹਾਂ ਨੀਤੀਆਂ ਅਨੁਸਾਰ ਚੱਲਣਾ ਵਧੇਰੇ ਮੁਸ਼ਕਿਲ ਸੀ।

> "W.T.O. ਵੱਲੋਂ ਖੁੱਲ੍ਹੀਆਂ-ਵਪਾਰਿਕ ਪਾਲਸੀਆਂ ਦੇ ਚੱਲਦਿਆਂ ਫ਼ਸਲਾਂ ਦੀਆਂ ਕੀਮਤਾਂ ਵਿੱਚ ਮੰਦੀ ਦਾ ਦੌਰ ਸ਼ੁਰੂ ਹੋ ਗਿਆ। ਕਈ ਜਿਨਸਾਂ ਦੀਆਂ ਕੀਮਤਾਂ ਤਾਂ ਪਿਛਲੇ ਛੇ ਸਾਲਾਂ ਵਿੱਚ ਅੱਧੀਆਂ ਰਹਿ ਗਈਆਂ ਹਨ। ਕੀਮਤਾਂ ਵਿੱਚ ਆਈ ਗਿਰਾਵਟ ਨੂੰ ਪੂਰਾ ਕਰਨ ਲਈ ਸਰਕਾਰ ਵੱਲੋਂ ਸਬਸਿਡੀਆਂ ਦਿੱਤੀਆਂ ਗਈਆਂ ਪਰ ਇਹ ਸਬਸਿਡੀਆਂ ਵੀ ਖ਼ਰਚ ਤੇ ਆਮਦਨ ਵਿੱਚ ਆਏ ਫ਼ਰਕ ਨੂੰ ਪੂਰਾ ਨਾ ਕਰ ਸਕੀਆਂ।" (ਸਿੱਧੂ, "ਕਿਸਾਨ ਖ਼ੁਦਕੁਸ਼ੀਆਂ" 67)

ਪੰਜਾਬ ਸਰਕਾਰ ਨੇ ਭਾਵੇਂ ਸਿੱਧੇ ਰੂਪ 'ਚ ਉਦਾਰੀਕਰਨ ਵਿਸ਼ਵੀਕਰਨ ਅਤੇ ਮੰਡੀਕਰਨ ਦੀਆਂ ਨੀਤੀਆਂ ਨੂੰ ਨਾ ਅਪਣਾਇਆ ਪਰ ਅਸਿੱਧੇ ਰੂਪ ਵਿੱਚ ਇਸ ਦਾ ਪ੍ਰਭਾਵ ਜ਼ਰੂਰ ਕਬੂਲਿਆ। ਕਿਉਂਕਿ 1991 ਈ. ਤੋਂ ਬਾਅਦ ਪੰਜਾਬ ਸਰਕਾਰ ਦੀ ਆਰਥਿਕ ਨੀਤੀ ਕੇਂਦਰਿਤ ਆਰਥਿਕ ਨੀਤੀਆਂ ਨਾਲ ਮਿਲੀ ਰਹੀ। 1991 ਈ. ਦੀ ਨਵੀਂ ਆਰਥਿਕ ਨੀਤੀ ਦੇ ਸਮਾਜ ਵਿੱਚ ਲਾਗੂ ਹੋ ਜਾਣ ਤੋਂ ਬਾਅਦ ਪੰਜਾਬ ਸਰਕਾਰ ਖੇਤੀਬਾੜੀ ਦੀਆਂ ਵਸਤੂਆਂ ਲਈ ਮੰਡੀਆਂ ਦਾ ਪ੍ਰਬੰਧ ਅਤੇ ਖੇਤੀ ਆਧਾਰਿਤ ਨਵੀਆਂ ਉਦਯੋਗਿਕ ਇਕਾਈਆਂ ਲਗਾਉਣ ਨੂੰ ਮੰਨ ਨਹੀਂ ਰਿਹਾ ਸੀ।

ਨਤੀਜੇ ਵਜੋਂ ਵਿਭਿੰਨ ਖੇਤੀ ਜਿਨਸਾਂ ਦੀ ਉਤਪਾਦਕਤਾ ਘੱਟ ਗਈ। ਉਤਪਾਦਨ ਘਟਣ ਦੇ ਕਾਰਨ ਹੀ ਕਿਸਾਨਾਂ ਦੀ ਆਮਦਨ 'ਤੇ ਮਾੜਾ ਪ੍ਰਭਾਵ ਪਿਆ। ਲਾਗਤ ਤੇਜ਼ੀ ਨਾਲ ਵਧੀ। ਇਸ ਨਾਲ ਨਿਮਨ ਅਤੇ ਮੱਧਵਰਗ ਕਿਸਾਨੀ ਦੀ ਆਰਥਿਕ ਸਥਿਤੀ ਬੁਰੀ ਤਰ੍ਹਾਂ ਪ੍ਰਭਾਵਿਤ ਹੋਈ। ਕਿਸਾਨੀ ਸਿਰ ਕਰਜ਼ੇ ਦਾ ਭਾਰ ਵੱਧਣ ਲੱਗਾ। ਨਿਮਨ ਅਤੇ ਦਰਮਿਆਨੀ ਕਿਸਾਨੀ ਨੇ ਆਪਣੇ ਸਿਰ ਤੋਂ ਕਰਜ਼ੇ ਦੀ ਪੰਡ ਲਾਹੁਣ ਲਈ ਜ਼ਮੀਨਾਂ ਗਹਿਣੇ ਧਰ ਦਿੱਤੀਆਂ। ਹਾਲਾਤ ਫਿਰ ਵੀ ਨਾ ਸੁਧਰੇ ਤਾਂ ਕਿਸਾਨਾਂ ਨੇ ਖ਼ੁਦਕੁਸ਼ੀਆਂ ਕਰਨੀਆਂ ਆਰੰਭ ਕਰ ਦਿੱਤੀਆਂ। ਕਿਸਾਨਾਂ ਨੇ ਮੌਤ ਦਾ ਆਤਮਘਾਤੀ ਰਾਹ ਅਪਣਾ ਲਿਆ। ਇਸ ਰਸਤੇ 'ਤੇ ਚੱਲਣ ਵਾਲੇ ਕਿਸਾਨਾਂ ਦੀ ਗਿਣਤੀ ਵਧੇਰੇ ਹੋ ਗਈ।

> "1993 ਤੋਂ ਬਾਅਦ ਤੇਜ਼ੀ ਆਈ ਤੇ 1995 ਅਤੇ 1996 ਵਿੱਚ ਇਹ ਭਿਆਨਕ ਹਾਦਸੇ ਆਪਣੀ ਸਿਖਰ 'ਤੇ ਪਹੁੰਚ ਗਏ। ਖੇਤੀ ਦੇ ਇਸ ਬੇਮਿਸਾਲ ਸੰਕਟ ਦੇ ਹੱਲ ਵਾਸਤੇ ਸਰਕਾਰ ਵੱਲੋਂ ਕੋਈ ਠੋਸ ਨੀਤੀ ਨਾ ਅਪਣਾਉਣਾ ਅਤੇ ਕਿਸੇ ਕਾਰਗਰ ਦਖ਼ਲ ਅੰਦਾਜ਼ੀ ਤੋਂ ਗੁਰੇਜ਼ ਕਰਨਾ ਵਿਸ਼ਵੀਕਰਨ ਅਤੇ ਉਦਾਰੀਕਰਨ ਦੀ ਆਰਥਿਕ ਨੀਤੀ ਦਾ ਨਤੀਜਾ ਹੈ।" (ਜੰਮੂ (ਸੰਪਾ.), "ਵਿਸ਼ਵੀਕਰਨ ਉਦਾਰੀਕਰਨ ਤੇ ਪੰਜਾਬ" 12)

ਹਰੇ ਇਨਕਲਾਬ ਦੇ ਪ੍ਰਭਾਵ ਕਾਰਨ 1995 ਈ. ਤੋਂ ਬਾਅਦ ਕਿਸਾਨ ਆਤਮਹੱਤਿਆ ਕਰਣ ਵੱਲ ਰੁਝਾਨ ਵਧੇਰੇ ਵੇਖਣ ਵਿੱਚ ਆਉਂਦਾ ਹੈ। ਕਰਜ਼ੇ ਦੇ ਭਾਰ ਤੋਂ ਤੰਗ ਆ ਕੇ ਕਿਸਾਨ ਖ਼ੁਦਕੁਸ਼ੀਆਂ ਕਰਨ ਲੱਗੇ।

ਕਿਸਾਨ ਖ਼ੁਦਕੁਸ਼ੀਆਂ ਬਾਰੇ ਡਾ. ਗਿਆਨ ਸਿੰਘ ਨੇ (14 ਅਕਤੂਬਰ 2016 ਨੂੰ ਅਰਥ-ਸ਼ਾਸਤਰ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ) ਗੱਲਬਾਤ ਕਰਦਿਆਂ ਦੱਸਿਆ ਕਿ ਹਰੀ ਕ੍ਰਾਂਤੀ ਦੀ ਆਮਦ ਦੇ ਪ੍ਰਭਾਵ ਕਾਰਨ ਪੰਜਾਬ ਵਿੱਚ ਫ਼ਸਲ ਉੱਪਰ ਵਧੇਰੇ ਖ਼ਰਚ ਆਉਣ ਲੱਗਾ ਅਤੇ ਆਮਦਨ ਘੱਟ ਗਈ। ਆਮਦਨ ਘਟਣ ਦੇ ਕਾਰਨ ਕਿਸਾਨ ਕਰਜ਼ੇ ਦੀ ਪ੍ਰਕਿਰਿਆ ਦਾ ਸ਼ਿਕਾਰ ਹੋਏ। ਕਰਜ਼ੇ ਦੀ ਇਸ ਪੰਡ ਨੂੰ ਨਾ ਉਤਾਰ ਸਕਣ ਕਾਰਨ ਕਿਸਾਨ ਪਹਿਲਾ ਜ਼ਮੀਨਾਂ ਗਹਿਣੇ ਕਰਨ ਲੱਗੇ। ਜਦੋਂ ਇਹ ਭਾਰ ਫਿਰ ਵੀ ਨਾ ਘਟਿਆ ਤਾਂ ਕਿਸਾਨਾਂ ਨੇ ਆਤਮਹੱਤਿਆ ਦਾ ਰਾਹ ਅਪਣਾਇਆ।

ਡਾ. ਗਿਆਨ ਸਿੰਘ ਲਿਖਦੇ ਹਨ, "ਸਮਕਾਲੀ ਪੰਜਾਬ ਦੀ ਆਰਥਿਕ ਸਥਿਤੀ ਬਦ ਤੋਂ ਬਦਤਰ ਹੋ ਚੁੱਕੀ ਹੈ। ਸਰਕਾਰ ਵੀ ਕਰਜ਼ਾਈ ਹੈ ਅਤੇ ਪੰਜਾਬ ਦੇ ਕਿਸਾਨਾਂ ਦਾ ਵੀ ਵਾਲ-ਵਾਲ ਕਰਜ਼ਾਈ ਹੈ। ਪੰਜਾਬ ਦੇ ਕਿਸਾਨ ਤਬਕੇ ਦੀ ਹਾਲਾਤ ਹੀ ਬਦਤਰ ਨਹੀਂ ਸਗੋਂ ਦੂਜੀਆਂ ਕਿਸਾਨ ਦਲਿਤ ਜਮਾਤਾਂ ਦੀ ਸਥਿਤੀ ਵੀ ਬੇਹੱਦ ਮਾੜੀ ਹੈ। ਪੰਜਾਬ ਦੇ ਕਿਸਾਨਾਂ ਸਿਰ ਚੜ੍ਹੇ ਕਰਜ਼ੇ ਦੀ ਜੇ ਪਰਖ ਪੜਚੋਲ ਕੀਤੀ ਜਾਵੇ ਤਾਂ ਪਤਾ ਲੱਗਦਾ ਹੈ ਕਿ ਪ੍ਰਤੀ ਕਿਸਾਨ (ਔਸਤ) ਇੱਕ ਲੱਖ ਪੱਚੀ ਹਜ਼ਾਰ ਕਰਜ਼ਾ ਹੈ।" ("ਪੰਜਾਬ ਦੀ ਪੇਂਡੂ ਆਰਥਿਕਤਾ" 43)

ਹੱਥਲੇ ਅਧਿਆਇ ਦੀ ਪ੍ਰਮੁੱਖ ਸਮੱਸਿਆ ਨਿਮਨ ਕਿਸਾਨੀ ਜੀਵਨ ਦੀ ਤਰਸਯੋਗ ਸਮਕਾਲੀ ਸਥਿਤੀ ਅਤੇ ਕਿਸਾਨ ਆਤਮ ਹੱਤਿਆਵਾਂ ਨੂੰ ਆਧਾਰ ਬਣਾਉਂਦਿਆਂ ਆਤਮਹੱਤਿਆ ਕਰ ਚੁੱਕੇ ਕਿਸਾਨਾਂ ਦੇ ਪਰਿਵਾਰਾਂ ਨਾਲ ਮਾਲਵਾ ਖੇਤਰ ਦੇ ਜ਼ਿਲ੍ਹਾ ਲੁਧਿਆਣਾ ਦੀਆਂ ਤਹਿਸੀਲਾਂ ਖੰਨਾ, ਸਮਰਾਲਾ, ਪਾਇਲ, ਜਗਰਾਓ ਤਹਿਤ ਕੁੱਝ ਕੇਸ ਸਟੱਡੀ ਕੀਤੇ ਗਏ ਹਨ ਜਿਨ੍ਹਾਂ ਦਾ ਬਿਓਰਾ ਇਸ ਪ੍ਰਕਾਰ ਹੈ ਜਿਵੇਂ:

- ਰਘਵੀਰ ਸਿੰਘ ਪੁੱਤਰ ਚਰਨ ਸਿੰਘ ਪਿੰਡ ਨਾਗਰਾ, ਤਹਿ. ਸਮਰਾਲਾ, ਜ਼ਿਲ੍ਹਾ-ਲੁਧਿਆਣਾ 8 ਜੂਨ 2016 ਨੂੰ ਸਰਹਿੰਦ ਨਹਿਰ ਵਿਚ ਗੜ੍ਹੀ ਪੁੱਲ ਤੋਂ ਛਾਲ ਮਾਰ ਕੇ ਆਤਮਹੱਤਿਆ ਕਰ ਲਈ। 30 ਨਵੰਬਰ 2016 ਨੂੰ ਮ੍ਰਿਤਕ ਕਿਸਾਨ ਰਘਵੀਰ ਸਿੰਘ ਦੀ ਪਤਨੀ ਅਤੇ ਬੇਟੀ ਨਾਲ ਹੋਈ ਮੁਲਾਕਾਤ ਸਮੇਂ ਦੱਸਿਆ ਕਿ ਉਸ ਦੀ ਉਮਰ 42 ਸਾਲ ਦੇ ਲਗਭਗ ਸੀ। ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਉਸ ਕੋਲ ਦੋ ਢਾਈ ਕਿੱਲੇ ਆਪਣੀ ਜ਼ਮੀਨ ਅਤੇ ਬਾਕੀ ਠੇਕੇ ਉੱਪਰ ਜ਼ਮੀਨ ਲੈ ਕੇ ਖੇਤੀ ਕਰਦਾ ਸੀ। ਕੁਦਰਤੀ ਕਰੋਪੀ ਕਾਰਨ ਕਣਕ ਅਤੇ ਆਲੂਆਂ ਦੀ ਫ਼ਸਲ ਵਿੱਚ ਪਏ ਘਾਟੇ ਅਤੇ ਸਰਕਾਰ ਵੱਲੋਂ ਕਣਕ ਦਾ ਸਹੀ ਭਾਅ ਨਾ ਦੇਣ ਕਾਰਨ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਸੀ। ਮ੍ਰਿਤਕ ਕਿਸਾਨ ਦੀ ਪਤਨੀ ਅਨੁਸਾਰ ਸਿਰ ਚੜ੍ਹੇ ਕਰਜ਼ੇ ਦੇ ਭਾਰ ਕਾਰਨ ਆਤਮਹੱਤਿਆ ਕਰ ਲਈ ਹੈ।

- ਨਾਜ਼ਰ ਸਿੰਘ ਪੁੱਤਰ ਕੇਹਰ ਸਿੰਘ ਪਿੰਡ-ਮੰਡਿਆਲਾ ਖ਼ੁਰਦ, ਜ਼ਿਲ੍ਹਾ ਲੁਧਿਆਣਾ, 20 ਸਤੰਬਰ 2015 ਨੇ ਕਟਾਣਾ ਸਾਹਿਬ ਨੇੜੇ ਨਹਿਰ ਵਿੱਚ ਛਾਲ ਮਾਰ ਕੇ ਖ਼ੁਦਕੁਸ਼ੀ ਕਰ ਲਈ ਹੈ। ਇਸ ਘਟਨਾ ਬਾਰੇ

ਜਾਣਕਾਰੀ ਮ੍ਰਿਤਕ ਕਿਸਾਨ ਦੇ ਘਰਦਿਆਂ ਨੂੰ ਦੂਸਰੇ ਦਿਨ ਪਤਾ ਲੱਗਾ। ਮ੍ਰਿਤਕ ਕਿਸਾਨ ਦੀ ਉਮਰ 56 ਸਾਲ ਸੀ। 23 ਅਪ੍ਰੈਲ 2016 ਨੂੰ ਮ੍ਰਿਤਕ ਕਿਸਾਨ ਦੇ ਭਤੀਜੇ ਤੋਂ ਮਿਲੀ ਜਾਣਕਾਰੀ ਅਨੁਸਾਰ ਨਾਜ਼ਰ ਸਿੰਘ ਖੇਤੀਬਾੜੀ ਕਾਰਨ ਸਿਰ ਚੜ੍ਹੇ ਕਰਕੇ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਰਹਿੰਦਾ ਸੀ। 3 ਏਕੜ ਜ਼ਮੀਨ ਆਪਣੀ ਅਤੇ 10 ਏਕੜ ਜ਼ਮੀਨ ਠੇਕੇ 'ਤੇ ਲੈ ਕੇ ਖੇਤੀਬਾੜੀ ਕਰ ਕੇ ਆਪਣੇ ਪਰਿਵਾਰ ਦਾ ਪਾਲਨ ਪੋਸ਼ਣ ਕਰਦਾ ਸੀ। ਫ਼ਸਲ ਦਾ ਝਾੜ ਘੱਟ ਨਿਕਲਣ, ਕੁਦਰਤੀ ਕਰੋਪੀ ਅਤੇ ਮੰਡੀਆਂ ਵਿੱਚ ਬਦਰੰਗ ਝੋਨਾ ਨਾ ਵਿਕਣ ਕਾਰਨ ਮਾਨਸਿਕ ਤੌਰ ਉੱਪਰ ਪ੍ਰੇਸ਼ਾਨ ਸੀ। 7 ਲੱਖ ਰੁਪਏ ਪਹਿਲਾ ਹੀ ਉਸ ਸਿਰ ਕਰਜ਼ਾ ਸੀ। ਨਾਜ਼ਰ ਸਿੰਘ ਨੇ ਫ਼ਸਲ 'ਚ ਹੋਏ ਨੁਕਸਾਨ ਕਾਰਨ ਹੋਰ ਕਰਜ਼ਾ ਸਿਰ ਚੜ੍ਹਨ ਦੇ ਡਰ ਕਾਰਨ ਆਤਮ ਹੱਤਿਆ ਕਰ ਲਈ। ਉਸ ਦਾ ਪਰਿਵਾਰ ਆਰਥਿਕ ਅਤੇ ਮਾਨਸਿਕ ਪ੍ਰੇਸ਼ਾਨੀ ਨਾਲ ਜੂਝ ਰਿਹਾ ਹੈ।

- ਹਰਦੇਵ ਸਿੰਘ ਪੁੱਤਰ ਪਿਆਰਾ ਸਿੰਘ ਪਿੰਡ ਪਮਾਲ, ਜ਼ਿਲ੍ਹਾ ਲੁਧਿਆਣਾ, 18 ਨਵੰਬਰ 2015 ਨੇ ਆਪਣੀ ਆਰਥਿਕ ਸਥਿਤੀ ਤੋਂ ਤੰਗ ਆ ਕੇ ਕੀੜੇਮਾਰ ਦਵਾਈ ਪੀ ਕੇ ਜੀਵਨ ਲੀਲ੍ਹਾ ਸਮਾਪਤ ਕਰ ਲਈ। ਮ੍ਰਿਤਕ ਕਿਸਾਨ ਦੇ ਪੁੱਤਰ ਨਾਲ 27 ਅਗਸਤ 2016 ਨੂੰ ਹੋਈ ਮੁਲਾਕਾਤ ਸਮੇਂ ਦੱਸਿਆ ਮ੍ਰਿਤਕ ਕਿਸਾਨ ਦੀ ਉਮਰ 38 ਸਾਲ ਸੀ। ਉਸ ਕੋਲ ਤਿੰਨ ਕਿੱਲੇ ਜ਼ਮੀਨ ਸੀ। ਖੇਤੀਬਾੜੀ ਵਿਚ ਪਏ ਘਾਟੇ, ਘਰ ਦੀਆਂ ਲੋੜਾਂ ਦੀ ਪੂਰਤੀ ਨਾ ਹੋਣ ਕਾਰਨ ਅਤੇ ਬਿਰਧ ਪਿਤਾ ਦੀ ਬਿਮਾਰੀ ਦੇ ਇਲਾਜ ਕਰਵਾਉਣ ਲਈ ਬੈਂਕ ਤੋਂ ਕਰਜ਼ਾ ਲਿਆ ਸੀ। ਮਾੜੀ ਆਰਥਿਕਤਾ ਕਾਰਨ ਵਾਪਸ ਨਹੀਂ ਕਰ ਸਕਿਆ ਜਿਸ ਕਾਰਨ ਬੈਂਕ ਵਾਲੇ ਵਾਰ-ਵਾਰ ਘਰ ਦੇ ਚੱਕਰ ਮਾਰ ਰਹੇ ਸਨ। ਇਸ ਤੋਂ ਪ੍ਰੇਸ਼ਾਨ ਹੋ ਕੇ ਹਰਦੇਵ ਸਿੰਘ ਨੇ ਖ਼ੁਦਕੁਸ਼ੀ ਦਾ ਰਾਹ ਅਪਣਾਇਆ। ਉਸ ਦਾ ਪਰਿਵਾਰ ਵਧੇਰੇ ਆਰਥਿਕ ਤੰਗੀਆਂ 'ਚੋਂ ਗੁਜ਼ਰ ਰਿਹਾ ਹੈ ਅਤੇ ਸਰਕਾਰ ਉਸ ਦੀ ਕੋਈ ਸਾਰ ਨਹੀਂ ਲੈ ਰਹੀ।

- ਹਰਬੰਸ ਸਿੰਘ ਪਿੰਡ ਲਹਿਲ, ਜ਼ਿਲ੍ਹਾ ਲੁਧਿਆਣਾ 31 ਜੁਲਾਈ 2015 ਨੂੰ ਆੜ੍ਹਤੀਏ ਤੋਂ ਲਏ ਕਰਜ਼ੇ ਦੇ ਭਾਰ ਕਾਰਨ ਚੱਲਦੀ ਮਾਨਸਿਕਤਾ ਕਾਰਨ ਖੇਤ ਵਿੱਚ ਸਲਫ਼ਾਸ ਦੀਆਂ ਗੋਲੀਆਂ ਖਾ ਕੇ ਖ਼ੁਦਕੁਸ਼ੀ ਕਰ ਲਈ। ਮ੍ਰਿਤਕ ਕਿਸਾਨ ਦੀ ਉਮਰ 35 ਸਾਲ ਦੇ ਕਰੀਬ ਸੀ। 8 ਨਵੰਬਰ 2015 ਨੂੰ ਮ੍ਰਿਤਕ ਕਿਸਾਨ ਪਤਨੀ ਗੁਰਜੀਤ ਕੌਰ ਅਤੇ ਭਰਾ ਹਰਭਜਨ ਸਿੰਘ ਵੱਲੋਂ ਮਿਲੀ ਜਾਣਕਾਰੀ ਅਨੁਸਾਰ ਹਰਬੰਸ ਸਿੰਘ ਨੇ ਆਪਣੀ ਧੀ ਦੇ ਵਿਆਹ ਲਈ 7 ਲੱਖ ਰੁਪਏ ਕਰਜ਼ਾ ਆੜ੍ਹਤੀਏ ਤੋਂ ਲਿਆ ਸੀ। ਪਹਿਲਾ ਵੀ ਪਰਿਵਾਰਕ ਖ਼ਰਚੇ ਲਈ 2 ਲੱਖ ਰੁਪਏ ਕਰਜ਼ਾ ਲਿਆ ਹੋਇਆ ਸੀ। ਪਰ ਇਸ ਵਾਰ ਫ਼ਸਲ ਦਾ ਝਾੜ

ਘੱਟ ਨਿਕਲਣ ਕਾਰਨ ਆੜ੍ਹਤੀਏ ਦਾ ਕਰਜ਼ਾ ਮੋੜ ਨਹੀਂ ਸਕਿਆ ਜਿਸ ਕਾਰਨ ਆੜ੍ਹਤੀਆ ਕਰਜ਼ਾ ਵਾਪਸ ਲੈਣ ਲਈ ਹਰਬੰਸ ਸਿੰਘ ਨੂੰ ਪ੍ਰੇਸ਼ਾਨ ਕਰ ਰਿਹਾ ਸੀ। ਹਰਬੰਸ ਸਿੰਘ ਨੇ ਕਰਜ਼ਾ ਨਾ ਮੋੜਨ ਦੀ ਹਾਲਤ 'ਚ ਖ਼ੁਦਕੁਸ਼ੀ ਦਾ ਰਾਹ ਅਪਣਾਇਆ।

- ਰਣਜੀਤ ਸਿੰਘ ਪੁੱਤਰ ਹਰਨੇਕ ਸਿੰਘ, ਪਿੰਡ ਸੁਧਾਰ ਪੱਤੀ ਗਿੱਲ, ਜ਼ਿਲ੍ਹਾ ਲੁਧਿਆਣਾ 29 ਜਨਵਰੀ 2016 ਨੂੰ ਕਰਜ਼ੇ ਦੇ ਭਾਰ ਕਾਰਨ ਮਾਨਸਿਕ ਪ੍ਰੇਸ਼ਾਨੀ ਦੇ ਚੱਲਦਿਆਂ ਪਿੰਡ ਨੇੜਿਓਂ ਜਾਂਦੀ ਅਬੋਹਰ ਬਰਾਂਚ ਨਹਿਰ ਵਿੱਚ ਛਾਲ ਮਾਰ ਕੇ ਖ਼ੁਦਕੁਸ਼ੀ ਕਰ ਲਈ। 30 ਮਈ 2016 ਨੂੰ ਮ੍ਰਿਤਕ ਕਿਸਾਨ ਦੀ ਪਤਨੀ ਨੇ ਹੋਈ ਮੁਲਾਕਾਤ ਸਮੇਂ ਦੱਸਿਆ ਕਿ ਮ੍ਰਿਤਕ ਕਿਸਾਨ ਰਣਜੀਤ ਸਿੰਘ 7 ਏਕੜ ਜ਼ਮੀਨ ਉੱਪਰ ਖੇਤੀਬਾੜੀ ਕਰ ਕੇ ਆਪਣੇ ਪਰਿਵਾਰ ਦਾ ਪਾਲਨ ਪੋਸ਼ਣ ਕਰਦਾ ਸੀ। ਫ਼ਸਲਾਂ ਦੇ ਸਹੀ ਭਾਅ ਨਾ ਮਿਲਣ ਕਾਰਨ ਕਰਜ਼ੇ ਦਾ ਸ਼ਿਕਾਰ ਹੋ ਗਿਆ। ਉਸ ਦੀ ਪਤਨੀ ਤੋਂ ਮਿਲੀ ਜਾਣਕਾਰੀ ਅਨੁਸਾਰ ਉਸ ਨੇ ਬੈਂਕ ਤੋਂ ਆਪਣੀ ਵੱਡੀ ਧੀ ਦੇ ਵਿਆਹ ਲਈ 2 ਲੱਖ ਰੁਪਏ ਦਾ ਕਰਜ਼ਾ ਲਿਆ ਸੀ। ਜਿਸ ਕਾਰਨ ਬੈਂਕ ਵਾਲੇ ਵਾਰ-ਵਾਰ ਘਰ ਚੱਕਰ ਮਾਰ ਰਹੇ ਸਨ ਜਿਸ ਤੋਂ ਪ੍ਰੇਸ਼ਾਨ ਹੋ ਕੇ ਖ਼ੁਦਕੁਸ਼ੀ ਦਾ ਰਾਹ ਅਪਣਾਇਆ। ਮ੍ਰਿਤਕ ਕਿਸਾਨ ਦੀ ਪਤਨੀ ਨੇ ਦੱਸਿਆ ਕਿ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਵੀ ਬੈਂਕ ਵਾਲੇ ਵਾਰ-ਵਾਰ ਘਰ ਚੱਕਰ ਮਾਰ ਕੇ ਉਨ੍ਹਾਂ ਨੂੰ ਪ੍ਰੇਸ਼ਾਨ ਕਰ ਰਹੇ ਹਨ। ਸਰਕਾਰ ਜਾਂ ਹੋਰ ਲੋਕ ਭਲਾਈ ਸੰਸਥਾ ਨੇ ਉਨ੍ਹਾਂ ਦੀ ਕੋਈ ਸਾਰ ਨਹੀਂ ਲਈ।

- ਗੁਰਦੀਪ ਸਿੰਘ ਪੁੱਤਰ ਕਪੂਰ ਸਿੰਘ ਪਿੰਡ ਸੱਵਦੀ ਕਲਾਂ, ਤਹਿਸੀਲ ਜਗਰਾਉਂ, ਜ਼ਿਲ੍ਹਾ ਲੁਧਿਆਣਾ 21 ਅਪ੍ਰੈਲ 2016 ਨੂੰ ਆਤਮਹੱਤਿਆ ਕਰ ਲਈ। ਮ੍ਰਿਤਕ ਕਿਸਾਨ ਦੇ ਪੁੱਤਰ ਨੇ 10 ਫਰਵਰੀ 2017 ਨੂੰ ਜਾਣਕਾਰੀ ਅਨੁਸਾਰ ਦੱਸਿਆ ਕਿ ਮ੍ਰਿਤਕ ਕਿਸਾਨ ਡੇਢ ਏਕੜ ਜ਼ਮੀਨ ਉੱਪਰ ਖੇਤੀ ਕਰ ਕੇ ਆਪਣੇ ਪਰਿਵਾਰ ਦਾ ਗੁਜ਼ਾਰਾ ਕਰਦਾ ਸੀ। ਉਸ ਨੇ ਤਿੰਨ ਲੱਖ ਬੈਂਕ ਤੋਂ ਕਰਜ਼ਾ ਲਿਆ ਸੀ। ਇਸ ਕਰਜ਼ਾ ਨੂੰ ਵਾਪਸ ਨਾ ਕਰਨ ਕਰ ਕੇ ਦਿਮਾਗ਼ੀ ਤੌਰ 'ਤੇ ਪ੍ਰੇਸ਼ਾਨ ਰਹਿਣ ਕਾਰਨ ਸਿੱਧਵਾਂ ਬੇਟ ਨਹਿਰ 'ਚ ਛਾਲ ਮਾਰ ਕੇ ਆਪਣੀ ਜੀਵਨ ਲੀਲ੍ਹਾ ਸਮਾਪਤ ਕਰ ਲਈ। ਪਰਿਵਾਰਕ ਮੈਂਬਰਾਂ ਤੋਂ ਪਤਾ ਲੱਗਾ ਕਿ ਉਸ ਦੀ ਉਮਰ 46 ਸਾਲ ਸੀ ਅਤੇ ਕਈ ਸਾਲਾਂ ਤੋਂ ਮਾਮਲੇ ਉੱਪਰ ਜ਼ਮੀਨ ਲੈ ਕੇ ਖੇਤੀਬਾੜੀ ਕਰਦਾ ਸੀ। ਹੱਡ ਤੋੜਵੀਂ ਮਿਹਨਤ ਕਾਰਨ ਵੀ ਲਗਾਤਾਰ ਖੇਤੀ 'ਚ ਘਾਟਾ ਪੈ ਰਿਹਾ ਸੀ ਜਿਸ ਕਾਰਨ ਸੁਸਾਇਟੀ ਅਤੇ ਆੜ੍ਹਤੀਏ ਤੋਂ ਲਿਆ ਕਰਜ਼ਾ ਮੋੜਨ 'ਚ ਅਸਫਲ ਰਿਹਾ। ਮ੍ਰਿਤਕ ਕਿਸਾਨ ਆਪਣੇ ਪਿੱਛੇ ਬਿਰਧ ਮਾਤਾ,

ਪਤਨੀ, ਬੇਟਾ ਅਤੇ ਬੇਟੀ ਨੂੰ ਛੱਡ ਗਿਆ। ਮ੍ਰਿਤਕ ਕਿਸਾਨ ਪਰਿਵਾਰ ਵਧੇਰੇ ਆਰਥਿਕ ਤੰਗੀਆਂ 'ਚੋਂ ਗੁਜ਼ਰ ਰਿਹਾ ਹੈ।

1997 ਈ. ਵਿੱਚ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਸਮੇਂ ਸਾਰੀਆਂ ਰਾਜਸੀ ਪਾਰਟੀਆਂ ਨੇ ਪੰਜਾਬ 'ਚ ਮੁੜ ਖ਼ੁਸ਼ਹਾਲੀ ਲੈ ਕੇ ਆਉਣ ਦੀਆਂ ਗੱਲਾਂ ਕੀਤੀਆਂ। ਵਿਧਾਨ ਸਭਾ ਚੋਣਾਂ 'ਚ ਅਕਾਲੀ ਪਾਰਟੀ ਨੇ ਸਫ਼ਲਤਾ ਪ੍ਰਾਪਤ ਕੀਤੀ। ਜਿਸ ਕਾਰਨ ਪੰਜਾਬ ਅੰਦਰ ਅਕਾਲੀ-ਭਾਜਪਾ ਦੀ ਮਿਲੀ-ਜੁਲੀ ਸਰਕਾਰ ਹੋਂਦ 'ਚ ਆਈ।

"ਕਿਸਾਨੀ ਸੰਕਟ ਦੇ ਨਿਵਾਰਣ ਲਈ ਜਨਜੇਤੂ ਅਕਾਲੀ-ਭਾਜਪਾ ਸਰਕਾਰ ਨੇ ਸਭ ਤੋਂ ਮਹੱਤਵਪੂਰਨ ਪ੍ਰਾਪਤੀ ਬਿਜਲੀ ਪਾਣੀ ਮੁਫ਼ਤ ਦੀ ਨੀਤੀ ਘੜ੍ਹਕੇ ਇਸ ਨੂੰ ਪੰਜਾਬ ਵਿੱਚ ਲਾਗੂ ਕਰ ਕੇ ਕੀਤੀ। ਬਿਜਲੀ ਪਾਣੀ ਮੁਫ਼ਤ ਦੀ ਪਾਲਿਸੀ ਨਾਲ ਉਨ੍ਹਾਂ ਕਿਸਾਨਾਂ ਨੂੰ ਬਹੁਤ ਫ਼ਾਇਦਾ ਹੋਇਆ ਜਿਨ੍ਹਾਂ ਨੇ ਫਾਰਮ ਹਾਊਸ ਬਣਾਏ ਹੋਏ ਹਨ ਅਤੇ ਟਿਊਬੈੱਲ ਲਗਾਏ ਹੋਏ ਹਨ। ਅਜਿਹੇ ਕਿਸਾਨ ਗਰਮੀਆਂ ਵਿੱਚ ਮੁਫ਼ਤ ਏਅਰ ਕੰਡੀਸ਼ਨਰ ਚਲਾਉਂਦੇ ਹਨ ਅਤੇ ਸਰਦੀਆਂ ਵਿੱਚ ਗੀਜ਼ਰ ਵਰਤਦੇ ਹਨ। ਰਸੋਈ ਦਾ ਸਾਰਾ ਕੰਮ ਬਿਜਲੀ ਦੇ ਚੁੱਲ੍ਹਿਆਂ 'ਤੇ ਕਰਦੇ ਹਨ ਅਤੇ ਹੋਰ ਵੀ ਕਈ ਬਿਜਲੀ ਨਾਲ ਚੱਲਣ ਵਾਲੇ ਯੰਤਰ ਵਰਤਦੇ ਹਨ। ਇਸ ਨਾਲ ਇੱਕ ਪਾਸੇ ਬਿਜਲੀ ਬੋਰਡ ਦਾ ਦਿਵਾਲਾ (ਰਾਸ਼ਟਰੀ ਯੋਜਨਾ ਕਮਿਸ਼ਨ ਦੇ ਇੱਕ ਅਧਿਐਨ ਅਨੁਸਾਰ 1999-2000 ਅਰਥਾਤ ਇੱਕ ਸਾਲ ਵਿੱਚ ਹੀ ਪੰਜਾਬ ਰਾਜ ਬਿਜਲੀ ਬੋਰਡ ਨੂੰ 1,223 ਕਰੋੜ ਰੁਪਏ ਦਾ ਘਾਟਾ ਪਿਆ) ਨਿਕਲ ਗਿਆ ਤੇ ਦੂਜੇ ਪਾਸੇ ਵੱਡੇ ਕਿਸਾਨਾਂ ਅਤੇ ਛੋਟੇ ਕਿਸਾਨਾਂ ਤੇ ਸੀਮਾਂਤ ਕਿਸਾਨਾਂ 'ਚ ਆਰਥਿਕ ਪਾੜਾ ਵਧ ਗਿਆ।" (ਗੁਰਦੀਪ ਕੌਰ, "ਪੰਜਾਬੀ ਨਾਵਲ ਅਤੇ ਕਿਸਾਨੀ ਜੀਵਨ" 48)

"ਜਿਸ ਸੂਬੇ ਦੇ 98 ਫ਼ੀਸਦੀ ਰਕਬੇ ਵਿਚ ਸਿੰਚਾਈ ਸਾਧਨ ਉਪਲੱਬਧ ਹੋਣ ਅਤੇ ਜਿੱਥੇ ਕਣਕ ਤੇ ਝੋਨੇ ਦੀ ਪੈਦਾਵਾਰ ਕੌਮਾਂਤਰੀ ਪੱਧਰ ਦੇ ਬਰਾਬਰ ਹੋਵੇ ਉੱਥੇ ਤਾਂ ਫਿਰ ਮੈਨੂੰ ਕਾਰਨ ਨਜ਼ਰ ਨਹੀਂ ਆ ਰਿਹਾ। ਅਜਿਹੇ 'ਚ ਫਿਰ ਕਿਸਾਨ ਖ਼ੁਦਕੁਸ਼ੀਆਂ ਕਿਉਂ ਹੋ ਰਹੀਆਂ ਹਨ? ਸਾਲ 2016 ਦੇ ਆਰਥਿਕ ਸਰਵੇ ਅਨੁਸਾਰ ਪੰਜਾਬ ਵਿਚ ਕਣਕ ਦਾ ਪ੍ਰਤੀ ਹੈਕਟੇਅਰ ਝਾੜ 4500 ਕਿਲੋਗ੍ਰਾਮ ਸੀ ਜਿਹੜਾ ਕਿ ਅਮਰੀਕਾ ਦੇ ਕਣਕ ਦੇ ਝਾੜ ਦੇ ਬਰਾਬਰ ਹੈ। ਝੋਨੇ ਦਾ ਝਾੜ ਪ੍ਰਤੀ ਹੈਕਟੇਅਰ ਐਵਰੇਜ 6000 ਕਿਲੋਗ੍ਰਾਮ ਹੈ। ਜੋ ਚੀਨ ਵਿਚ ਹੋਣ ਵਾਲੇ ਝਾੜ ਦੇ ਲਗਭਗ ਬਰਾਬਰ ਹੀ ਹੈ। ਏਨੀ ਜ਼ਿਆਦਾ ਪੈਦਾਵਾਰ ਤੇ ਸਿੰਚਾਈ ਸਾਧਨਾਂ ਦੀ ਉਪਲੱਬਧਤਾ ਦੇ ਬਾਵਜੂਦ ਕਿਸਾਨਾਂ ਦੇ ਮਰਨ ਦੇ ਕਾਰਨਾਂ ਦੀ ਸਮਝ ਨਹੀਂ ਆਉਂਦੀ।" (ਸ਼ਰਮਾ, "ਕਰਜ਼ਾ ਮਾਫ਼ੀ ਕਿਸਾਨੀ ਸੰਕਟ ਦਾ ਹੱਲ ਨਹੀਂ", *ਪੰਜਾਬੀ ਜਾਗਰਣ*, 24 ਅਕਤੂਬਰ 2016, 6)

## 3.1.3 ਵਿਸ਼ਵੀਕਰਨ ਉਦਾਰੀਕਰਨ

ਵਿਸ਼ਵੀਕਰਨ ਉਦਾਰੀਕਰਨ ਦਾ ਪ੍ਰਭਾਵ ਪੰਜਾਬ ਦੀ ਕਿਸਾਨੀ ਦੀਆਂ ਵੱਖ-ਵੱਖ ਸ਼੍ਰੇਣੀਆਂ ਉੱਤੇ ਪਿਆ। ਭੂਮੀ ਦੀ ਮਾਲਕੀਅਤ ਨੂੰ ਸਾਹਮਣੇ ਰੱਖ ਕੇ ਕਿਸਾਨੀ ਦੀਆਂ ਚਾਰ ਸ਼੍ਰੇਣੀਆਂ ਨਿਸ਼ਚਿਤ ਕੀਤੀਆਂ ਗਈਆਂ। ਇਨ੍ਹਾਂ ਚਾਰਾਂ ਸ਼੍ਰੇਣੀਆਂ ਉੱਪਰ ਵਿਸ਼ਵੀਕਰਨ ਉਦਾਰੀਕਰਨ ਦੀਆਂ ਨੀਤੀਆਂ ਨੂੰ ਇੰਝ ਪੇਸ਼ ਕੀਤਾ ਹੈ।

"ਸੀਮਾਂਤ ਕਿਸਾਨ: 39.7% ਹਨ ਤੇ ਇਨ੍ਹਾਂ ਵਿੱਚੋਂ ਅੱਧਿਆਂ ਤੋਂ ਵੱਧ ਕੋਲ ਇੱਕ ਹੈਕਟੇਅਰ ਤੋਂ ਵੀ ਘੱਟ ਭੂਮੀ ਹੈ। ਇਨ੍ਹਾਂ ਉੱਤੇ ਇਨ੍ਹਾਂ ਨੀਤੀਆਂ ਦਾ ਪ੍ਰਭਾਵ ਨਾਂਹ ਦੇ ਬਰਾਬਰ ਹੀ ਹੋਇਆ। ਇਹ ਕਰਜ਼ੇ ਦੇ ਬੋਝ ਵਾਲਾ ਕਿਸਾਨ ਵਰਗ ਹੈ। ਛੋਟੇ ਕਿਸਾਨ ਇਨ੍ਹਾਂ ਦਾ ਭਾਗ 25.8% ਹੈ। ਕਰਜ਼ੇ ਦੇ ਬੋਝ ਹੇਠਾਂ ਦੱਬੇ ਖ਼ੁਦਕੁਸ਼ੀ ਕਰਨ ਲਈ ਮਜ਼ਬੂਰ ਕਿਸਾਨ ਇਸੇ ਵਰਗ ਵਿੱਚ ਆਉਂਦੇ ਹਨ। ਮੰਝਲੇ ਕਿਸਾਨ ਇਨ੍ਹਾਂ ਕਿਸਾਨਾਂ ਦਾ ਪ੍ਰਤੀਸ਼ਤ 28.5 ਫ਼ੀਸਦੀ ਹੈ। ਇਨ੍ਹਾਂ ਨੀਤੀਆਂ ਦਾ ਸਭ ਤੋਂ ਵੱਧ ਭੈੜਾ ਅਸਰ ਇਸ ਵਰਗ ਦੇ ਕਿਸਾਨਾਂ ਉੱਪਰ ਪਿਆ। ਕਿਉਂਕਿ ਇਨ੍ਹਾਂ ਨੂੰ ਨਾ ਸਿਰਫ਼ ਮਹਿੰਗੇ ਟਰੈਕਟਰ ਅਤੇ ਖੇਤੀ ਦੇ ਸੰਦ ਹੀ ਖ਼ਰੀਦਣੇ ਪਏ, ਸਗੋਂ ਕੀੜੇਮਾਰ ਦਵਾਈਆਂ ਅਤੇ ਰਸਾਇਣਿਕ ਖਾਦਾਂ ਵੀ ਮਹਿੰਗੇ ਭਾਅ ਖ਼ਰੀਦਣੀਆਂ ਪਈਆਂ। ਕਰਜ਼ਿਆਂ ਦਾ ਬੋਝ ਉਤਾਰਨ ਲਈ ਇਸ ਵਰਗ ਨੂੰ ਆਪਣੀ ਪੈਦਾਵਾਰ ਸਸਤੇ ਭਾਅ 'ਤੇ ਵੇਚਣੀ ਪੈਂਦੀ ਹੈ ਅਤੇ ਦੂਸਰੇ ਪਾਸੇ ਮਹਿੰਗੇ ਭਾਅ ਰੋਜ਼ਮਰ੍ਹਾ ਦੀਆਂ ਵਸਤਾਂ ਖ਼ਰੀਦਣੀਆਂ ਪੈਂਦੀਆਂ ਹਨ। ਮਜ਼ਦੂਰਾਂ ਨੂੰ ਦਿਹਾੜੀਆਂ ਦੇਣ ਉੱਤੇ ਵੀ ਵੱਧ ਖ਼ਰਚ ਕਰਨਾ ਪੈਂਦਾ ਹੈ। ਵੱਡੇ ਕਿਸਾਨ ਜਿਨ੍ਹਾਂ ਕੋਲ 10 ਹੈਕਟੇਅਰ ਤੋਂ ਅਧਿਕ ਜ਼ਮੀਨ ਹੈ ਉਨ੍ਹਾਂ ਦਾ ਭਾਗ ਕੇਵਲ 61% ਹੈ। ਇਸ ਵਿਸ਼ਵੀਕਰਨ ਅਤੇ ਉਦਾਰੀਕਰਨ ਦਾ ਅਸਰ ਇਨ੍ਹਾਂ ਕਿਸਾਨਾਂ ਲਈ ਵੀ ਚੰਗਾ ਨਹੀਂ ਹੈ ਕਿਉਂਕਿ ਵਪਾਰ ਦੀਆਂ ਸ਼ਰਤਾਂ ਖੇਤੀ ਵਿਰੋਧੀ ਹਨ ਜਿਵੇਂ, ਪੇਟੈਂਟ ਕਾਨੂੰਨ ਵਿਸ਼ਵ ਮੰਡੀ ਦੀਆਂ ਲੋੜਾਂ ਅਨੁਸਾਰ ਹੀ ਖੇਤੀ ਵਸਤਾਂ ਦੀ ਖ਼ਰੀਦੋ-ਫਰੋਖ਼ਤ ਆਦਿ।" (ਗੁਰਦੀਪ ਕੌਰ, "ਪੰਜਾਬੀ ਨਾਵਲ ਅਤੇ ਕਿਸਾਨੀ ਜੀਵਨ" 48)

ਪੰਜਾਬ ਦੇ ਖੇਤੀ ਪ੍ਰਬੰਧ 'ਚ ਉਦਾਰੀਕਰਨ ਵਿਸ਼ਵੀਕਰਨ ਦੀਆਂ ਨੀਤੀਆਂ ਤੋਂ ਲਾਭ ਪ੍ਰਾਪਤ ਕਰਨ ਲਈ ਇਨ੍ਹਾਂ ਨੀਤੀਆਂ ਦੇ ਨੁਕਸਾਨ ਤੋਂ ਬਚਣਾ ਵੀ ਅਤਿ ਜ਼ਰੂਰੀ ਹੈ। ਇਸ ਦੇ ਲਈ ਸਾਡੀ ਸਰਕਾਰ ਅਤੇ ਕਿਸਾਨ ਜਥੇਬੰਦੀਆਂ ਨੂੰ ਬਣਦੇ ਕਦਮ ਚੁੱਕਣੇ ਪੈਣਗੇ। ਸਰਕਾਰ ਵਿੱਤੀ ਘਾਟੇ 'ਚ ਚੱਲਣ ਕਰ ਕੇ ਅਜਿਹੇ ਕਦਮ ਚੁੱਕਣ ਤੋਂ ਗੁਰੇਜ਼ ਕਰਦੀ ਪ੍ਰਾਈਵੇਟ ਖੇਤਰ ਨੂੰ ਉਤਸ਼ਾਹਿਤ ਕਰ ਰਹੀ ਹੈ। ਪੰਜਾਬ ਦੀਆਂ ਮੰਡੀਆਂ ਦਾ ਪ੍ਰਬੰਧ ਸਰਕਾਰ ਦੇ ਹੱਥਾਂ ਵਿੱਚ ਰਹਿਣ ਦੀ ਥਾਂ ਪ੍ਰਾਇਵੇਟ ਕੰਪਨੀਆਂ ਦੇ ਅਧੀਨ ਚਲਾ ਗਿਆ ਹੈ। ਪ੍ਰਾਈਵੇਟ ਖੇਤਰ ਵਿੱਚ ਧਨੀ ਕਿਸਾਨੀ/ਸਰਮਾਏਦਾਰ, ਅਮੀਰ ਕਿਸਾਨੀ ਅਤੇ ਵਪਾਰੀ ਸ਼੍ਰੇਣੀ ਸ਼ਾਮਲ ਹੈ। ਅਜਿਹੇ ਗੁੰਝਲਦਾਰ ਦੌਰ 'ਚ ਕਿਸਾਨ ਮਜ਼ਦੂਰ ਸੰਘਰਸ਼ ਵੀ ਅਸੰਭਵ ਹਨ

ਕਿਉਂਕਿ ਪੰਜਾਬੀ ਕਿਸਾਨਾਂ ਅਤੇ ਮਜ਼ਦੂਰਾਂ ਦਾ, "ਸਾਰਾ ਰਾਜਸੀ ਵਿਵਹਾਰ ਜਮਾਤੀ ਅਤੇ ਰਾਜਸੀ ਚੇਤਨਤਾ ਦੀ ਥਾਂ ਫ਼ੌਰੀ ਆਰਥਿਕ ਸਮੱਸਿਆਵਾਂ ਦੁਆਰਾ ਸੰਚਾਲਿਤ ਹੈ।" (ਰਵਿੰਦਰ ਰਵੀ, "ਵਿਰਸਾ ਤੇ ਵਰਤਮਾਨ" 69)

ਵਿਸ਼ਵੀਕਰਨ ਉਦਾਰੀਕਰਨ ਦੀਆਂ ਨੀਤੀਆਂ ਪੰਜਾਬ ਦੇ ਕਿਸਾਨੀ ਵਰਗ ਲਈ ਆਰਥਿਕ ਸਮੱਸਿਆਵਾਂ ਪੈਦਾ ਕਰ ਰਹੀਆਂ ਹਨ। ਇਨ੍ਹਾਂ ਆਰਥਿਕ ਸਮੱਸਿਆਵਾਂ ਕਾਰਨ ਹੀ ਕਿਸਾਨੀ ਵਰਗ ਲਈ ਅਨੇਕਾਂ ਪ੍ਰਕਾਰ ਦੀਆਂ ਸਮੱਸਿਆਵਾਂ ਪੈਦਾ ਹੋਈਆਂ ਹਨ। ਇਨ੍ਹਾਂ ਸਮੱਸਿਆਵਾਂ ਕਾਰਨ ਕਿਸਾਨਾਂ ਦੀ ਜ਼ਿੰਦਗੀ ਜਿਊਣ ਯੋਗ ਨਹੀਂ ਰਹਿ ਗਈ। ਹਰੇ ਇਨਕਲਾਬ ਨੇ ਨਿਮਨ ਕਿਸਾਨੀ ਜੀਵਨ ਲਈ ਰੁਜ਼ਗਾਰ ਦੀਆਂ ਅਨੇਕਾਂ ਸਮੱਸਿਆਵਾਂ ਨੂੰ ਜਨਮ ਦਿੱਤਾ। ਇਨ੍ਹਾਂ ਸਮੱਸਿਆਵਾਂ ਦੇ ਹੱਲ ਲਈ ਕਿਸਾਨੀ ਵਰਗ ਖੇਤੀ ਬਾੜੀ ਨਾਲ ਸੰਬੰਧਿਤ ਸਹਾਇਕ ਧੰਦਿਆਂ ਨੂੰ ਅਪਣਾਵੇ। ਜਿਵੇਂ ਸ਼ਹਿਦ ਮੱਖੀ ਪਾਲਨ, ਖੁੰਭਾਂ ਦੀ ਖੇਤੀ, ਮੱਛੀ ਪਾਲਨ, ਡੇਅਰੀ, ਸਬਜ਼ੀਆਂ ਦੀ ਖੇਤੀ, ਭੇਡਾਂ ਬੱਕਰੀਆਂ ਪਾਲਨਾ, ਸੂਰ ਪਾਲਨਾ ਆਦਿ ਧੰਦਿਆਂ ਨੂੰ ਅਪਣਾ ਸਕਦੇ ਹਨ। ਪਰ ਵੇਖਣ ਵਿੱਚ ਇਹ ਆਉਂਦਾ ਹੈ ਕਿ ਕਿਸਾਨਾਂ ਵਿੱਚ ਜੱਟਵਾਦ ਦੀ ਭਾਵਨਾ ਹਾਵੀ ਹੈ। ਉਹ ਅਜਿਹਾ ਕਰਨ ਤੋਂ ਕੰਨੀਂ ਕਤਰਾਉਂਦੇ ਹਨ।

ਜੇਕਰ ਇਸ ਵਿਚਾਰ 'ਤੇ ਡੂੰਘਾਈ ਨਾਲ ਅਧਿਐਨ ਕੀਤੀ ਜਾਵੇ ਤਾਂ ਜੱਟਵਾਦ ਦੀ ਭਾਵਨਾ ਕੇਵਲ ਧਨੀ ਸਰਮਾਏਦਾਰੀ ਕਿਸਾਨੀ ਵਿੱਚ ਹੈ, ਨਿਮਨ ਕਿਸਾਨੀ ਵਿੱਚ ਨਹੀਂ। ਨਿਮਨ ਕਿਸਾਨੀ ਤਾਂ ਦੋ ਵਕਤ ਦੀ ਰੋਟੀ ਲਈ ਹਰ ਮਿਲਦੇ ਸੰਭਵ ਮੌਕੇ ਨੂੰ ਅਪਣਾਉਣ ਲਈ ਤਿਆਰ ਹੈ ਪਰ ਆਰਥਿਕ ਸਥਿਤੀਆਂ ਕਾਰਨ ਮਾਰ ਖਾਂਦੀ ਹੈ।

> ਡਾ. ਸਿਮਰਨ ਕੰਗ ਸਿੱਧੂ ਨੇ (ਅਰਥ-ਸ਼ਾਸਤਰ ਵਿਭਾਗ, ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ, 22 ਜੂਨ 2015 ਨੂੰ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵਿਖੇ) ਹੋਈ ਮੁਲਾਕਾਤ ਸਮੇਂ ਦੱਸਿਆ ਕਿ ਪੰਜਾਬ ਦੀ ਨਿਮਨ ਕਿਸਾਨੀ ਵਿੱਚ ਕਿਤੇ ਵੀ ਜੱਟਵਾਦ ਦੀ ਭਾਵਨਾ ਨਹੀਂ ਹੈ। ਉਹ ਖੇਤੀਬਾੜੀ ਨਾਲ ਸੰਬੰਧਿਤ ਹਰ ਸਹਾਇਕ ਧੰਦੇ ਨੂੰ ਅਪਣਾਉਣ ਲਈ ਤਿਆਰ ਹਨ। ਪਰ ਸਾਡੀ ਸਰਕਾਰ ਇਨ੍ਹਾਂ ਸਹਾਇਕ ਧੰਦਿਆਂ ਲਈ ਨਾ ਤਾਂ ਕੋਈ ਮਾਲੀ ਸਹਾਇਤਾ ਕਰਦੀ ਤੇ ਨਾ ਹੀ ਸਿੱਧੇ ਅਸਿੱਧੇ ਰੂਪ ਵਿੱਚ ਕੋਈ ਸਬਸਿਡੀ ਦਿੰਦੀ ਹੈ। ਨਿਮਨ ਕਿਸਾਨ ਤਾਂ ਆਰਥਿਕ ਸਥਿਤੀ ਸੁਧਾਰਨ ਅਤੇ ਕਰਜ਼ੇ ਦੇ ਭਾਰ ਨੂੰ ਘੱਟ ਕਰਨ ਲਈ ਹਰ ਕੰਮ ਕਰਨ ਲਈ ਤਿਆਰ ਹਨ। ਕਿਸਾਨੀ ਜੀਵਨ ਵਿੱਚ ਜੱਟਵਾਦ ਦੀ ਭਾਵਨਾ ਕਹਿ ਕੇ ਆਪਣੀਆਂ ਕਮਜ਼ੋਰੀਆਂ ਉੱਪਰ ਪਰਦਾ ਪਾਉਣਾ ਸਰਕਾਰ ਵੱਲੋਂ ਕੋਝਾ ਢੰਗ ਅਪਣਾਇਆ ਜਾਂਦਾ ਹੈ।

ਸਮਕਾਲੀ ਸਰਕਾਰ ਦੀਆਂ ਨੀਤੀਆਂ ਹੀ ਕਿਸਾਨੀ ਸੰਕਟ ਨੂੰ ਗਹਿਰਾ ਕਰ ਰਹੀਆਂ ਹਨ। ਕਿਸਾਨ ਰਵਾਇਤੀ ਬੀਜਾਂ ਦੀ ਥਾਂ ਕਾਰਪੋਰੇਟ ਬੀਜਾਂ ਦੀ ਵਰਤੋਂ ਕਰ ਰਹੇ ਹਨ। ਇਸ ਕਾਰਨ ਕਿਸਾਨਾਂ ਨੂੰ ਵਧੇਰੇ ਬੀਜਾਂ, ਖਾਦਾਂ ਅਤੇ ਕੀਟਨਾਸ਼ਕ ਦਵਾਈਆਂ ਦੀ ਵਰਤੋਂ ਕਰਨੀ ਪੈ ਰਹੀ ਹੈ। ਇਹ ਬੀਜ ਨਿਰਵੰਸ਼ ਹੋਣ ਕਾਰਨ ਅਗਲੀ ਖੇਤੀ ਲਈ ਵਰਤੋਂ ਵਿੱਚ ਨਾ ਆਉਣ ਕਾਰਨ ਨਿਮਨ ਕਿਸਾਨਾਂ ਦਾ ਵਧੇਰੇ ਨੁਕਸਾਨ ਹੁੰਦਾ ਹੈ।

> ਮਨਜੀਤ ਸਿੰਘ ਕੰਗ ਦਾ ਵਿਚਾਰ ਹੈ ਕਿ, "ਕੇਂਦਰੀ ਸਰਕਾਰ ਲਈ ਭੋਜਨ ਸੁਰੱਖਿਆ ਪ੍ਰਥਮ ਹੈ ਜਦੋਂ ਕਿ ਸੂਬਾ ਸਰਕਾਰ ਫ਼ਸਲੀ ਵਿਭਿੰਨਤਾ ਯੋਜਨਾ ਨੂੰ ਉਤਸ਼ਾਹਿਤ ਕਰਨ ਲਈ ਕੋਸ਼ਿਸ਼ ਕਰ ਰਹੀ ਹੈ। ਹੁਣੇ-ਹੁਣੇ ਪੰਜਾਬ

ਸਰਕਾਰ ਨੇ ਫ਼ਸਲੀ ਵਿਭਿੰਨਤਾ ਨੀਤੀ ਅਧੀਨ 198 ਕਰੋੜ ਰੁਪਏ ਦੀ ਪ੍ਰਵਾਨਗੀ ਦਿੱਤੀ। ਫ਼ਸਲੀ ਵਿਭਿੰਨਤਾ ਲਈ ਕੇਂਦਰੀ ਸਰਕਾਰ ਵੱਲੋਂ 224 ਕਰੋੜ ਰੁਪਏ ਦੀ ਮਨਜ਼ੂਰੀ ਮਿਲੀ ਭਾਵੇਂ ਪੰਜਾਬ ਸਰਕਾਰ ਨੇ 7500 ਕਰੋੜ ਰੁਪਏ ਦੀ ਮੰਗ ਕੀਤੀ ਸੀ। ਕਣਕ ਝੋਨੇ ਦੇ ਬਦਲ ਦੀਆਂ ਫ਼ਸਲਾਂ ਲਈ ਮੰਡੀਕਰਨ ਢਾਂਚਾ ਤੇ ਦਿਹਾਤੀ ਪੰਜਾਬ ਵਿੱਚ ਭੋਜਨ ਪ੍ਰਸੈਸਿੰਗ ਨਾਕਾਫ਼ੀ ਹਨ। ਇਨ੍ਹਾਂ ਕਾਰਨਾਂ ਕਰ ਕੇ ਖੇਤੀਬਾੜੀ ਹੰਢਣਸਾਰ ਨਹੀਂ ਬਣਾਈ ਜਾ ਸਕਦੀ।"
("ਲੋੜੀਂਦੀ ਸੇਧ ਤੋਂ ਵਾਂਝੇ ਹਨ ਪੰਜਾਬ ਦੇ ਕਿਸਾਨ", *ਰੋਜ਼ਾਨਾ ਅਜੀਤ*, 31 ਜੁਲਾਈ 2014, 4)

ਇਸੇ ਕਰ ਕੇ ਹੀ ਪਿਛਲੇ ਦੋ ਦਹਾਕਿਆਂ ਤੋਂ ਖੇਤੀਬਾੜੀ ਲਈ ਜਨਤਕ ਨਿਵੇਸ਼ ਘਟਾਇਆ ਗਿਆ ਅਤੇ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਲਈ ਫ਼ੰਡਾਂ ਦੀ ਘਾਟ ਆ ਰਹੀ ਹੈ। ਖੇਤੀਬਾੜੀ ਖੇਤਰ ਦੀਆਂ ਸਬਸਿਡੀਆਂ ਵੀ ਘਟਾ ਦਿੱਤੀਆਂ ਹਨ ਜੋ ਲਾਗੂ ਹਨ, ਉਨ੍ਹਾਂ ਦੀ ਹੋਂਦ ਨਾ ਮਾਤਰ ਹੀ ਹੈ। ਸਮਕਾਲੀ ਸਰਕਾਰ ਕਰਜ਼ਾਈ ਕਿਸਾਨਾਂ ਨੂੰ ਕਰਜ਼ਾ ਵਾਪਸ ਕਰਨ ਸਮੇਂ ਬੇਇੱਜ਼ਤ ਅਤੇ ਜ਼ਲੀਲ ਵੀ ਕਰਦੀ ਹੈ। ਸਰਕਾਰ ਨਿਮਨ ਕਿਸਾਨਾਂ ਨੂੰ ਕਰਜ਼ਾ ਦੇ ਕੇ ਕੇਵਲ ਆਰਥਿਕ ਪੱਖੋਂ ਨਪੀੜਦੀ ਹੀ ਨਹੀਂ ਸਗੋਂ ਕਰਜ਼ਾ ਵਾਪਸ ਲੈਣ ਸਮੇਂ ਜ਼ਲੀਲ ਬੇਇੱਜ਼ਤ ਵੀ ਕਰਦੀ ਹੈ। ਇੱਥੇ ਹੀ ਬੱਸ ਨਹੀਂ ਸਗੋਂ ਕਿਸਾਨਾਂ ਨੂੰ ਆਪਣੀਆਂ ਫ਼ਸਲਾਂ ਵੇਚਣ ਲਈ ਕਈ-ਕਈ ਦਿਨ ਮੰਡੀ ਵਿੱਚ ਇੰਤਜ਼ਾਰ ਕਰਨਾ ਪੈਂਦਾ ਹੈ। ਉੱਥੇ ਵੀ ਮੀਂਹ ਹਨ੍ਹੇਰੀ ਸਮੇਂ ਫ਼ਸਲ ਨੂੰ ਸੰਭਾਲਣ ਲਈ ਕੋਈ ਪੁਖ਼ਤਾ ਇੰਤਜ਼ਾਮ ਨਹੀਂ ਕੀਤੇ ਜਾਂਦੇ।

ਕਿਸਾਨੀ ਜੀਵਨ ਦੀ ਆਰਥਿਕਤਾ, ਮਸ਼ੀਨੀਕਰਨ, ਫ਼ਸਲਾਂ ਦਾ ਮੰਡੀਕਰਨ, ਫ਼ਸਲਾਂ ਦੇ ਬੀਜ ਆਦਿ ਸੰਬੰਧੀ ਪਹਿਲਾ ਤਾਂ ਅਜਿਹੇ ਮੁੱਦੇ ਵਿਧਾਨ ਸਭਾ ਵਿੱਚ ਸੂਬੇ ਦੀ ਸਰਕਾਰ ਉਠਾਉਂਦੀ ਨਹੀਂ, ਜੇਕਰ ਅਜਿਹੇ ਮੁੱਦਿਆਂ ਨੂੰ ਉਠਾਉਂਦੀ ਵੀ ਹੈ ਤਾਂ ਬਹੁਤ ਘੱਟ ਸਮਾਂ ਬਹਿਸ ਕਰ ਕੇ ਇਨ੍ਹਾਂ ਨੂੰ ਪਾਸ ਕਰ ਦਿੱਤਾ ਜਾਂਦਾ ਹੈ। ਪਾਸ ਕਰਨ ਅਤੇ ਲਾਗੂ ਕਰਨ ਤੋਂ ਬਾਅਦ ਕਦੇ ਇਨ੍ਹਾਂ ਅਹਿਮ ਮੁੱਦਿਆਂ 'ਤੇ ਵਿਚਾਰ ਚਰਚਾ ਨਹੀਂ ਕੀਤੀ ਗਈ। ਸਰਕਾਰ ਲਈ ਇਹ ਬਹੁਤ ਹੀ ਜ਼ਰੂਰੀ ਹੈ ਕਿ ਉਹ ਨਿਮਨ ਕਿਸਾਨਾਂ ਲਈ ਵੱਖਰੀਆਂ ਨੀਤੀਆਂ ਬਣਾਵੇ ਤਾਂ ਕਿ ਨਿਮਨ ਕਿਸਾਨ ਨਿਘਾਰ ਵੱਲ ਜਾਣ ਤੋਂ ਬਚ ਸਕਣ। ਸਾਡੀ ਸਰਕਾਰ ਪਹਿਲਾ ਤਾਂ ਕਿਸਾਨੀ ਸੰਬੰਧੀ ਕੋਈ ਨੀਤੀ ਬਣਾਉਂਦੀ ਹੀ ਨਹੀਂ ਜੇਕਰ ਬਣਾਉਂਦੀ ਵੀ ਹੈ ਤਾਂ ਉਸ ਦਾ ਲਾਭ ਕਿਸਾਨਾਂ ਨੂੰ ਨਾ ਮਾਤਰ ਹੀ ਹੁੰਦਾ ਹੈ। ਗ਼ੌਰ ਕਰੀਏ ਤਾਂ ਪਤਾ ਚੱਲਦਾ ਹੈ ਕਿ ਤੀਜੀ ਦੁਨੀਆ ਦੇ ਦੇਸ਼ਾਂ ਵਿੱਚ ਨਿਮਨ ਕਿਸਾਨ ਲਈ ਇੰਨੀਆਂ ਕੁ ਨੀਤੀਆਂ ਬਣਾਈਆਂ ਜਾਂਦੀਆਂ ਹਨ ਜਿਸ ਦਾ 15 ਫ਼ੀਸਦੀ ਲਾਭ ਅਮੀਰ ਕਿਸਾਨਾਂ ਨੂੰ ਵੀ ਹੁੰਦਾ ਹੈ। ਜਦੋਂ ਕਿ ਭਾਰਤ ਵਰਗੇ ਦੇਸ਼ ਵਿੱਚ ਨਿਮਨ ਕਿਸਾਨਾਂ ਲਈ ਕੋਈ ਖ਼ਾਸ ਨੀਤੀਆਂ ਨਹੀਂ ਬਣਾਈਆਂ ਜਾਂਦੀਆਂ। ਜੇਕਰ ਬਣਾਈਆਂ ਵੀ ਜਾਂਦੀਆਂ ਹਨ ਤਾਂ ਉਨ੍ਹਾਂ ਦਾ ਲਾਭ ਕੇਵਲ ਧਨੀ ਕਿਸਾਨੀ/ਸਰਮਾਏਦਾਰਾਂ ਨੂੰ ਹੀ ਹੁੰਦਾ ਹੈ। ਖੇਤੀਬਾੜੀ ਉਤਪਾਦਨ ਤੋਂ ਖਪਤਕਾਰੀ ਵਸਤੂਆਂ ਬਣਾਉਣ ਨਾਲ ਇਸ ਦਾ ਵਧੇਰੇ ਲਾਭ ਕੇਵਲ ਕਾਰਪੋਰੇਟ ਜਗਤ ਨੂੰ ਹੀ ਹੋ ਰਿਹਾ ਹੈ। ਇਸੇ ਕਾਰਨ ਕਿਸਾਨਾਂ ਦੀ ਆਮਦਨ ਹੇਠਲੇ ਪੱਧਰ 'ਤੇ ਆ ਰਹੀ ਹੈ। ਇੱਥੇ ਹੀ ਬੱਸ ਨਹੀਂ ਸਗੋਂ ਕਿਸਾਨ ਦਿਨ ਰਾਤ ਫ਼ਸਲ ਪਾਲ ਕੇ ਜਦੋਂ

ਮੰਡੀ ਵਿੱਚ ਲੈ ਕੇ ਆਉਂਦਾ ਹੈ ਤਾਂ ਮੰਡੀ ਵਿੱਚ ਕਈ-ਕਈ ਦਿਨ ਉਸ ਨੂੰ ਮੀਂਹ ਹਨ੍ਹੇਰੀ ਵਿੱਚ ਬੈਠਣਾ ਪੈਂਦਾ ਹੈ। ਮੰਡੀਆਂ ਵਿੱਚ ਸ਼ੈੱਡ ਦਾ ਤਾਂ ਕੀ ਸਗੋਂ ਫ਼ਸਲ ਨੂੰ ਢੱਕਣ ਲਈ ਤਰਪਾਲਾਂ ਤੱਕ ਦਾ ਵੀ ਪ੍ਰਬੰਧ ਨਹੀਂ ਹੈ।

## 3.1.4 ਨਿੱਜੀਕਰਨ ਦੀਆਂ ਨੀਤੀਆਂ

ਪੰਜਾਬ ਦੀ ਪੇਂਡੂ ਆਰਥਿਕਤਾ; ਸਮਕਾਲੀ ਦੌਰ ਵਿੱਚ ਚਾਰੇ ਪਾਸਿਓ ਸੰਕਟ ਦਾ ਸ਼ਿਕਾਰ ਹੈ।

"ਇਹ ਸੰਕਟ ਅੱਜ ਮਨੁੱਖੀ ਵਿਕਾਸ ਨਾਲ ਜੁੜਵੇਂ ਸਭ ਖੇਤਰਾਂ ਆਰਥਿਕ, ਰਾਜਨੀਤਿਕ, ਸਭਿਆਚਾਰ, ਵਾਤਾਵਰਨ ਆਦਿ ਤੱਕ ਫੈਲ ਚੁੱਕਿਆ ਹੈ। ਪੇਂਡੂ ਆਰਥਿਕਤਾ ਦੀ ਜਿੰਦ ਜਾਨ, ਖੇਤੀ ਦੇ ਵਿਕਾਸ ਵਿੱਚ ਖੜ੍ਹੋਤ ਆ ਗਈ ਹੈ ਅਤੇ ਪੰਜਾਬ ਦਾ ਕਿਸਾਨ ਕਰਜ਼ਾਈ ਹੋ ਕੇ ਖੁਦਕੁਸ਼ੀਆਂ ਕਰਨ ਤੱਕ ਦਾ ਰਸਤਾ ਅਪਣਾ ਰਿਹਾ ਹੈ। ਸੀਮਾਂਤ ਅਤੇ ਛੋਟੀ ਕਿਸਾਨੀ ਲਈ ਖੇਤੀ ਵਿਚੋਂ ਬਾਹਰ ਹੋਣ ਦੀ ਨੌਬਤ ਖੜ੍ਹੀ ਹੈ, ਜਦੋਂ ਕਿ ਪੰਜਾਬ ਦਾ ਪੇਂਡੂ ਮਜ਼ਦੂਰ ਅੱਤ ਦੀ ਗ਼ਰੀਬੀ, ਮਹਿੰਗਾਈ ਤੇ ਬੇਰੁਜ਼ਗਾਰੀ ਦੀ ਮਾਰ ਹੇਠ ਰੋਟੀ ਤੋਂ ਮੁਥਾਜ ਹੁੰਦਾ ਜਾ ਰਿਹਾ ਹੈ। ਨੌਜਵਾਨ ਪੀੜ੍ਹੀ ਲਈ ਭਵਿੱਖ ਬਿਲਕੁਲ ਹਨੇਰਾ ਹੈ।" (ਗਿਆਨ ਸਿੰਘ, "ਪੰਜਾਬ ਦੀ ਪੇਂਡੂ ਆਰਥਿਕਤਾ" 26)

ਸਮਕਾਲੀ ਨਿਮਨ ਕਿਸਾਨੀ ਜੀਵਨ ਆਰਥਿਕ, ਰਾਜਨੀਤਿਕ, ਸਮਾਜਿਕ, ਮਾਨਸਿਕ ਪੱਖੋਂ ਸ਼ੋਸ਼ਣ ਦਾ ਸ਼ਿਕਾਰ ਹੋ ਰਿਹਾ ਹੈ। ਇਸ ਸ਼ੋਸ਼ਣ ਦੇ ਪ੍ਰਭਾਵ ਕਿਸਾਨਾਂ ਉੱਪਰ ਹੀ ਨਹੀਂ ਸਗੋਂ ਕਿਸਾਨਾਂ ਦੇ ਪਰਿਵਾਰਾਂ, ਬੱਚਿਆਂ ਉੱਪਰ ਵੀ ਪੈ ਰਹੇ ਹਨ। ਪੰਜਾਬ ਵਿੱਚ ਆਰਥਿਕ ਸੰਕਟ ਨੇ ਅਨੇਕਾਂ ਪ੍ਰਕਾਰ ਦੇ ਨਵੇਂ ਨੈਤਿਕ ਮੁੱਲਾਂ ਨੂੰ ਸਥਾਪਿਤ ਕੀਤਾ ਹੈ। ਜਿਸ ਕਾਰਨ ਕਿਸਾਨੀ ਜੀਵਨ ਰਵਾਇਤ ਨਾਲੋਂ ਟੁੱਟ ਕੇ ਨਵੀਆਂ ਸੰਭਾਵਨਾਵਾਂ ਨੂੰ ਸਥਾਪਿਤ ਕਰ ਰਿਹਾ ਹੈ।

ਇਨ੍ਹਾਂ ਬਦਲਾਵਾਂ ਨੇ ਨਵੇਂ ਨੈਤਿਕ ਮੁੱਲਾਂ ਦੇ ਸਥਾਪਿਤ ਹੋਣ ਦਾ ਮੂਲ ਕਾਰਨ ਪੰਜਾਬ ਦੀ ਧਰਤੀ ਉੱਪਰ ਸੱਠਵਿਆਂ ਦੇ ਦੌਰਾਨ ਆਇਆ 'ਹਰਾ ਇਨਕਲਾਬ' ਹੈ। ਹਰੇ ਇਨਕਲਾਬ ਕਾਰਨ ਹੀ ਪੰਜਾਬ 'ਚ ਖੇਤੀ ਦਾ ਮਸ਼ੀਨੀਕਰਨ ਅਤੇ ਆਧੁਨਿਕੀਕਰਨ ਹੋਇਆ। ਨਵੀਆਂ ਵਿਕਾਸ ਮਾਡਲ ਬਹੁ ਕੌਮੀ ਕੰਪਨੀਆਂ ਨੇ ਖੇਤੀਬਾੜੀ ਵਿੱਚ ਲਾਗਤਾਂ ਨੂੰ ਪੈਦਾ ਕੀਤਾ। ਇਸੇ ਨਤੀਜੇ ਕਾਰਨ ਪੰਜਾਬ ਅੰਦਰ ਖੇਤੀਬਾੜੀ ਦੀ ਲੁੱਟ ਦਾ ਰਾਹ ਮੋਕਲਾ ਹੋ ਗਿਆ। ਇਸੇ ਕਾਰਨ ਖੇਤੀਬਾੜੀ ਵਿੱਚ ਆਰਥਿਕ, ਸਮਾਜਿਕ, ਮਾਨਸਿਕ, ਸਭਿਆਚਾਰਕ ਅਤੇ ਰਾਜਨੀਤਿਕ ਲੁੱਟ ਹੋਣੀ ਆਰੰਭ ਹੋਈ ਅਤੇ ਨਿਮਨ ਕਿਸਾਨੀ ਜੀਵਨ ਉੱਪਰ ਇਸ ਦੇ ਨਕਾਰਾਤਮਿਕ ਪ੍ਰਭਾਵ ਪਏ। ਇਨ੍ਹਾਂ ਪਰਿਸਥਿਤੀਆਂ ਦੀ ਮੁੱਖ ਦੋਸ਼ੀ ਸਾਡੀ ਸਰਕਾਰ ਹੀ ਹੈ। ਜਿਸ ਨੇ ਪੰਜਾਬ ਦੀ ਧਰਤੀ ਉੱਪਰ ਪੂੰਜੀਵਾਦੀ ਕਾਰਪੋਰੇਟ ਮਾਡਲ ਨੂੰ ਪ੍ਰਫੁੱਲਿਤ ਕੀਤਾ। ਸਰਕਾਰ ਨੇ ਮੁਨਾਫ਼ੇ ਨੂੰ ਕੇਂਦਰ 'ਚ ਰੱਖਦਿਆਂ ਕਿਸਾਨਾਂ ਦਾ ਆਰਥਿਕ ਅਤੇ ਰਾਜਨੀਤਿਕ ਪੱਖੋਂ ਸ਼ੋਸ਼ਣ ਕੀਤਾ।

ਡਾ. ਗਿਆਨ ਸਿੰਘ ਦਾ ਵਿਚਾਰ ਹੈ ਕਿ, "ਸਮਾਜਿਕ ਖੇਤਰਾਂ ਵਿੱਚ ਫੈਲੇ ਇਸ ਸੰਕਟ ਦੀ ਮੂਲ ਜੜ੍ਹ ਸਾਂਝੀ ਹੈ। ਇਸ ਚੋ-ਤਰਫ਼ੇ ਸੰਕਟ ਦੀਆਂ ਜੜ੍ਹਾਂ, ਭਾਰਤ ਦੇ ਪੂੰਜੀਵਾਦੀ ਪ੍ਰਬੰਧ ਅਤੇ ਇਸ ਵੱਲੋਂ ਖੇਤੀ ਵਿਕਾਸ ਲਈ 1960ਵਿਆਂ ਦੌਰਾਨ ਅਪਣਾਏ 'ਹਰੇ ਇਨਕਲਾਬ' ਦੇ ਵਿਕਾਸ ਮਾਡਲ ਵਿੱਚੋਂ ਹੀ ਲੱਭੀਆਂ ਜਾ ਸਕਦੀਆਂ ਹਨ ਕਿਉਂਕਿ ਇਹ ਵਿਕਾਸ ਮਾਡਲ ਭਾਰਤ ਦੀ ਕੇਂਦਰ ਸਰਕਾਰ ਵੱਲੋਂ ਸਾਮਰਾਜੀ ਸ਼ਕਤੀਆਂ ਨਾਲ ਮਿਲ ਕੇ ਲਾਗੂ ਕੀਤਾ ਗਿਆ ਸੀ। ਇਸ ਲਈ ਇਸ ਸੰਕਟ ਨੂੰ ਭਾਰਤ ਸਰਕਾਰ ਅਤੇ ਸਾਮਰਾਜੀ ਮੁਲਕਾਂ ਦੀਆਂ ਨੀਤੀਆਂ ਨਾਲੋਂ ਨਿਖੇੜ ਕੇ ਨਹੀਂ ਦੇਖਿਆ ਜਾ ਸਕਦਾ।"

("ਪੰਜਾਬ ਦੀ ਪੇਂਡੂ ਆਰਥਿਕਤਾ" 27)

ਹਰੇ ਇਨਕਲਾਬ ਨੇ ਅੰਨ ਉਤਪਾਦਨ ਨਾਲ ਭਾਰਤ ਦੇ ਭੰਡਾਰ ਭਰ ਦਿੱਤੇ। ਪੰਜਾਬ ਦੀ ਖੇਤੀਬਾੜੀ ਹੁਣ ਸਾਧਾਰਨ ਪੈਦਾਵਾਰ ਪੈਦਾ ਨਹੀਂ ਕਰਦੀ, ਖੇਤੀ ਜਿਨਸ ਦੇ ਵਧਣ ਨਾਲ ਇਸ ਦੀ ਪੈਦਾਵਾਰ ਮੰਡੀ ਲਈ ਕੀਤੀ ਜਾਣ ਲੱਗੀ। ਇਸ ਦਾ ਕਿਸਾਨੀ ਜੀਵਨ ਉੱਪਰ ਇਹ ਪ੍ਰਭਾਵ ਪਿਆ ਕਿ ਖੇਤੀਬਾੜੀ ਦੀਆਂ ਸਾਰੀਆਂ ਹੀ ਚੂਲਾਂ ਉੱਪਰ ਸਾਮਰਾਜੀ ਅਤੇ ਦਲਾਲ ਵਿੱਤੀ ਪੂੰਜੀ ਦੀ ਪਕੜ ਮਜ਼ਬੂਤ ਹੋ ਗਈ।

"ਸਾਮਰਾਜੀ ਲੁੱਟ ਤੋਂ ਇਲਾਵਾ ਸੂਦਖ਼ੋਰ ਪੂੰਜੀ ਵੱਲੋਂ ਕੀਤੀ ਜਾਂਦੀ ਬੇਰਹਿਮ ਲੁੱਟ ਇੱਕ ਵੱਡਾ ਮਸਲਾ ਬਣ ਕੇ ਉੱਭਰੀ ਹੈ। ਸੂਦਖ਼ੋਰ ਪੂੰਜੀ ਪੈਦਾਵਾਰ ਦੇ ਦੌਰ ਨੂੰ ਨਿਸੱਤਾ ਬਣਾ ਦਿੰਦੀ ਹੈ। ਪੈਦਾਵਾਰ ਦੀਆਂ ਸ਼ਕਤੀਆਂ ਦਾ ਵਿਕਾਸ ਕਰਨ ਦੀ ਥਾਂ ਉਨ੍ਹਾਂ ਨੂੰ ਅਪਾਹਜ ਬਣਾ ਦਿੰਦੀ ਹੈ, ਇਹ ਉਨ੍ਹਾਂ ਮੰਦੇ ਹਾਲ-ਹਾਲਤਾਂ ਨੂੰ ਬਣਾ ਕੇ ਰੱਖਦੀ ਹੈ, ਜਿਨ੍ਹਾਂ ਵਿੱਚ ਕਿਰਤ ਦੀ ਸਮਾਜਿਕ ਆਪਣੀ ਕਿਰਤ ਦੀ ਕੀਮਤ ਉੱਤੇ ਵਿਕਾਸ ਨਹੀਂ ਕਰਦੀ ਜਿਵੇਂ ਕਿ ਪੈਦਾਵਾਰ ਪੂੰਜੀਵਾਦੀ ਦੌਰ ਵਿੱਚ ਕਰਦੀ ਹੁੰਦੀ ਹੈ। ਇਸ ਪੈਦਾਵਾਰ ਸੂਦਖ਼ੋਰ ਪੂੰਜੀ ਨਾਲ ਅਮਰਵੇਲ ਵਾਂਗ ਚਿੰਬੜ ਜਾਂਦੀ ਹੈ, ਉਹ ਦੀ ਰੱਤ ਚੂਸ ਕੇ ਉਸ ਨੂੰ ਪੀਲਾ-ਭੂਕ ਕਰ ਦਿੰਦੀ ਹੈ ਅਤੇ ਮੁੜ ਉਤਪਾਦਨ ਦੇ ਅਮਲ ਨੂੰ ਹੋਰ ਵੱਧ ਤਰਸਯੋਗ ਹਾਲਤਾਂ ਵਿੱਚ ਚੱਲਣ ਲਈ ਮਜ਼ਬੂਰ ਕਰਦੀ ਹੈ।" (ਗਿਆਨ ਸਿੰਘ, "ਪੰਜਾਬ ਦੀ ਪੇਂਡੂ ਆਰਥਿਕਤਾ" 15)

1990 ਈ. ਵਿੱਚ ਸਰਕਾਰ ਵੱਲੋਂ ਆਰੰਭ ਕੀਤੀਆਂ ਉਤਪਾਦਨ ਵਿਸ਼ਵੀਕਰਨ ਨਿੱਜੀਕਰਨ ਦੀਆਂ ਨੀਤੀਆਂ ਨਾਲ ਪੰਜਾਬ ਉੱਪਰ ਸਾਮਰਾਜੀ ਜਕੜ ਮਜ਼ਬੂਤ ਹੋਈ। ਇਸ ਕਾਰਨ ਖੇਤੀ ਬਾੜੀ ਖੇਤਰ ਦਾ ਇੱਕ ਅੰਗ ਅਪਾਹਜ ਹੋ ਗਿਆ। ਸਾਮਰਾਜੀ ਕੰਪਨੀਆਂ ਵਿੱਤੀ ਪੂੰਜੀ ਲਈ ਖੇਤੀ ਮਾਡਲ ਵਿੱਚ ਘੁਸਪੈਠ ਕਰਨ ਲੱਗੀਆਂ ਅਤੇ ਕਿਸਾਨੀ ਨੂੰ ਸਮਾਜਿਕ, ਰਾਜਸੀ, ਆਰਥਿਕ, ਮਾਨਸਿਕ ਪੱਖੋਂ ਨਪੀੜਿਆ ਜਾਣ ਲੱਗਾ।

ਕਰਮ ਬਰਸਟ ਦੇ ਅਨੁਸਾਰ, "ਹਰੇ ਇਨਕਲਾਬ ਤੋਂ ਬਾਅਦ ਪੰਜਾਬ ਦੀਆਂ ਮੁੱਖ ਫ਼ਸਲਾਂ ਕਣਕ ਅਤੇ ਝੋਨਾ ਹੀ ਰਹਿ ਗਈਆਂ ਹਨ। ਇਹ ਸਿਰਫ਼ ਖ਼ੁਰਾਕੀ ਫ਼ਸਲਾਂ ਹੀ ਨਹੀਂ, ਬਲਕਿ ਇੱਥੋਂ ਦੀਆਂ ਵਪਾਰਿਕ ਜਿਨਸਾਂ ਵੀ ਬਣ ਚੁੱਕੀਆਂ ਹਨ। 1970-71 ਈ. ਵਿਚ ਕਣਕ ਅਧੀਨ ਰਕਬਾ 23 ਲੱਖ ਹੈਕਟੇਅਰ ਤੋਂ ਵੱਧ ਤੇ ਹੁਣ 33 ਲੱਖ

ਹੈਕਟੇਅਰ ਹੋ ਗਿਆ ਹੈ, ਜਦੋਂ ਕਿ ਇਸੇ ਅਰਸੇ ਵਿੱਚ ਝੋਨੇ ਹੇਠਲਾ ਰਕਬਾ 4 ਲੱਖ ਹੈਕਟੇਅਰ ਤੋਂ ਵੱਧ ਕੇ 26 ਲੱਖ ਹੈਕਟੇਅਰ ਤੱਕ ਪੁੱਜ ਚੁੱਕਿਆ ਹੈ। ਹਰੇ ਇਨਕਲਾਬ ਦੇ ਪਹਿਲੇ ਇੱਕ ਦਹਾਕੇ ਵਿੱਚ ਖੇਤੀ ਪੈਦਾਵਾਰ ਵਿੱਚ ਬੇਸ਼ੁਮਾਰ ਵਾਧਾ ਨੋਟ ਕੀਤਾ ਗਿਆ ਸੀ, ਪਰ 80ਵਿਆਂ ਤੋਂ ਬਾਅਦ ਲਗਭਗ ਖੜੋਤ ਦੇ ਨਿਸ਼ਾਨ ਦਿਖਾਈ ਦਿੰਦੇ ਹਨ। ਉਲਟਾ ਪ੍ਰਤੀ ਹੈਕਟੇਅਰ ਝਾੜ ਨੂੰ ਬਰਕਰਾਰ ਰੱਖਣ ਲਈ ਕਿਸਾਨਾਂ ਨੂੰ ਖਾਦਾਂ ਅਤੇ ਦਵਾਈਆਂ ਵਿੱਚ ਕਈ ਗੁਣਾਂ ਵਾਧਾ ਕਰਨਾ ਪੈ ਰਿਹਾ ਹੈ।" (ਗਿਆਨ ਸਿੰਘ, "ਪੰਜਾਬ ਦੀ ਪੇਂਡੂ ਆਰਥਿਕਤਾ" 15)

ਪੰਜਾਬ ਦੀ ਖੇਤੀ ਦੇ ਮਸ਼ੀਨੀਕਰਨ ਹੋਣ ਕਾਰਨ ਗ਼ਰੀਬ ਅਤੇ ਨਿਮਨ ਕਿਸਾਨਾਂ ਲਈ ਖੇਤੀਬਾੜੀ ਗ਼ੈਰ ਲਾਹੇਵੰਦ/ਘਾਟੇ ਦਾ ਧੰਦਾ ਬਣਾ ਦਿੱਤਾ ਗਿਆ ਹੈ। ਪੰਜਾਬ ਦੀ ਜ਼ਮੀਨ ਸਰਮਾਏਦਾਰਾਂ ਭੂਮੀ ਪਤੀ/ਅਮੀਰ ਲੋਕਾਂ ਦੇ ਹੱਥਾਂ 'ਚ ਕੇਂਦਰਿਤ ਹੋ ਰਹੀ ਹੈ। ਇਹ ਵਰਤਾਰਾ ਪੰਜਾਬ ਅੰਦਰ ਹੂ ਬੂ ਹੂ ਵਾਪਰ ਰਿਹਾ ਹੈ। ਇਹ ਸਾਮਰਾਜੀ ਵਰਤਾਰਾ ਸਾਂਝੇ ਪਰਿਵਾਰ ਟੁੱਟਣ ਦਾ ਵੱਡਾ ਕਾਰਨ ਬਣਿਆ। ਨਿਮਨ ਕਿਸਾਨ ਦਿਨ ਪ੍ਰਤੀ ਦਿਨ ਜ਼ਮੀਨੀ ਪ੍ਰਕਿਰਿਆ ਤੋਂ ਵਾਂਝੇ ਹੋ ਰਹੇ ਹਨ। ਮਸ਼ੀਨੀਕਰਨ ਨੂੰ ਖੇਤੀਬਾੜੀ ਲਈ ਮੁੱਖ ਮੰਨਦੇ ਹੋਏ ਨਿਮਨ ਕਿਸਾਨੀ ਦੀ ਆੜ ਹੇਠ ਕਾਰਪੋਰੇਟ ਖੇਤੀ ਦੀ ਵਕਾਲਤ ਸਾਡੀ ਸਰਕਾਰ ਕਰ ਰਹੀ ਹੈ। ਇਸ ਮਾਡਲ ਨੇ ਪੰਜਾਬ ਵਿੱਚ ਬੇਰੁਜ਼ਗਾਰੀ ਪੈਦਾ ਕਰ ਦਿੱਤੀ ਹੈ। ਦਰਅਸਲ ਵੱਡੇ ਪੱਧਰ ਦੀਆਂ ਕਾਰਪੋਰੇਟ ਕੰਪਨੀਆਂ ਰਿਲਾਇੰਸ, ਭਾਰਤੀ ਮਿੱਤਲ, ਆਈ. ਟੀ. ਸੀ ਆਦਿ ਵਿਸ਼ੇਸ਼ ਆਰਥਿਕ ਜ਼ੋਨ ਨੂੰ ਸਥਾਪਿਤ ਕਰਨ ਦੀ ਆੜ ਵਿੱਚ ਵਧੇਰੇ ਪੂੰਜੀ ਇਕੱਤਰ ਕਰਨਾ ਚਾਹੁੰਦੀਆਂ ਹਨ। ਇਨ੍ਹਾਂ ਸਰਮਾਏਦਾਰੀ ਕੰਪਨੀਆਂ ਨਾਲ ਮਿਲ ਕੇ ਸਰਕਾਰ ਵੀ ਕਿਸਾਨਾਂ ਨੂੰ ਹਰ ਪੱਖੋਂ ਨਪੀੜ ਰਹੀ ਹੈ। ਜਿਸ ਦੇ ਮਾਰੂ ਪ੍ਰਭਾਵ ਵਧੇਰੇ ਕਰ ਕੇ ਨਿਮਨ ਕਿਸਾਨੀ ਉੱਪਰ ਪਏ ਹਨ। ਇਸ ਦੌਰ ਵਿੱਚ ਸਭ ਤੋਂ ਵੱਡੀ ਸਮੱਸਿਆ ਨਿਮਨ ਕਿਸਾਨੀ ਸਿਰ ਲਗਾਤਾਰ ਚੜ੍ਹ ਰਹੇ ਕਰਜ਼ੇ ਦੇ ਭਾਰ ਦੀ ਹੈ। ਕਰਜ਼ੇ ਦੇ ਭਾਰ ਕਾਰਨ ਹੁਣ ਤੱਕ ਬਹੁਤ ਸਾਰੇ ਕਿਸਾਨਾਂ ਨੇ ਆਤਮ ਹੱਤਿਆਵਾਂ ਕੀਤੀਆਂ ਹਨ।

ਗੁਰਪ੍ਰੀਤ ਸਿੰਘ ਨਿੱਝਰ ਦੇ ਮੁਤਾਬਿਕ, "ਪੰਜਾਬ ਦੇ ਕਿਸਾਨਾਂ ਸਿਰ ਜਿੰਨਾ ਕਰਜ਼ਾ ਹੈ ਉਹ ਦੇਸ਼ ਦਾ ਢਿੱਡ ਭਰਨ ਕਾਰਨ ਹੀ ਉਨ੍ਹਾਂ ਦੇ ਸਿਰ ਚੜ੍ਹਿਆ ਹੈ, ਇਸ ਲਈ ਉਸ ਸਾਰੇ ਕਰਜ਼ੇ 'ਤੇ ਲੀਕ ਫੇਰੀ ਜਾਵੇ ਜੋ ਕਿ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਦਾ ਕਾਰਨ ਬਣ ਰਿਹਾ ਹੈ, ਪਰ ਅਸਲ ਤੱਥ ਇਹ ਹੈ ਕਿ ਜਿੰਨਾ ਚਿਰ ਕਿਸਾਨਾਂ ਦੇ ਕਰਜ਼ਾਈ ਹੋਣ ਦੇ ਮੂਲ ਕਾਰਨ ਦੂਰ ਨਹੀਂ ਕੀਤੇ ਜਾਂਦੇ, ਉਦੋਂ ਤੱਕ ਸਾਰਾ ਕਰਜ਼ਾ ਮਾਫ਼ ਕੀਤਿਆਂ ਵੀ ਮਾਮਲਾ ਹੱਲ ਹੋਣ ਵਾਲਾ ਨਹੀਂ।" ("ਕੀ ਹੈ ਪੰਜਾਬ ਤੇ ਖੇਤੀ ਸੰਕਟ ਦੀ ਅਸਲੀਅਤ", *ਰੋਜ਼ਾਨਾ ਅਜੀਤ*, 16 ਫਰਵਰੀ 2014, 4)

ਸੂਬੇ ਦੀ ਸਰਕਾਰ ਹਮੇਸ਼ਾ ਕਰਜ਼ੇ ਘੱਟ ਕਰਨ ਦੀ ਗੱਲ ਕਰਦੀ ਹੈ ਪਰ ਇਸ ਦੀ ਅੰਦਰਲੀ ਤਹਿ ਤੱਕ ਨਹੀਂ ਜਾਂਦੀ। ਕਿਸਾਨਾਂ ਸਿਰ ਕਰਜ਼ੇ ਦਾ ਭਾਰ ਵੱਧਣ ਦਾ ਮੁੱਖ ਕਾਰਨ ਸਾਡੀ ਸਰਕਾਰ ਦੀਆਂ ਅਸੁਖਾਵੀਆਂ ਨੀਤੀਆਂ ਹਨ। ਇੱਥੋਂ ਤੱਕ ਕਿ ਜਦੋਂ ਕੋਈ ਕਿਸਾਨ ਆਤਮ ਹੱਤਿਆ ਕਰਦਾ ਹੈ ਤਾਂ ਮੰਤਰੀ ਕਿਸਾਨ ਆਗੂ ਉਨ੍ਹਾਂ ਦੇ ਘਰ ਹਮਦਰਦੀ ਲੈ ਕੇ ਨਹੀਂ ਸਗੋਂ ਆਪਣੀਆਂ ਸਿਆਸੀ ਰੋਟੀਆਂ ਸੇਕਣ ਜਾਂਦੇ ਹਨ।

### 3.1.5 ਐੱਫ. ਡੀ. ਆਈ. ਵਿਦੇਸ਼ ਨੀਤੀ

ਪੰਜਾਬ ਅੰਦਰ ਐੱਫ. ਡੀ. ਆਈ. ਵਿਦੇਸ਼ ਨੀਤੀ ਨੇ ਪਹੁੰਚ ਕੀਤਾ ਹੈ। ਇਸ ਦਾ ਮੁੱਖ ਉਦੇਸ਼ ਕਿਸਾਨਾਂ ਦੀਆਂ ਫ਼ਸਲਾਂ ਨੂੰ ਸਿੱਧੇ ਰੂਪ ਵਿੱਚ ਕਿਸਾਨਾਂ ਤੋਂ ਖ਼ਰੀਦਣਾ ਅਤੇ ਕਿਸਾਨਾਂ ਨੂੰ ਆੜ੍ਹਤੀਆਂ ਤੋਂ ਮੁਕਤ ਕਰ ਕੇ ਸਿੱਧੇ ਰੂਪ ਵਿੱਚ ਇਸ ਦਾ ਲਾਭ ਦੇਣਾ ਹੈ।

ਐੱਫ. ਡੀ. ਆਈ. ਦੀਆਂ ਪੰਜਾਬ ਵਿੱਚ ਨਿਮਨ ਕਿਸਾਨਾਂ ਨੂੰ ਬਹੁਤ ਸਾਰੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਦਾ ਖ਼ਰਚ ਵਧੇਰੇ ਹੈ, ਨਿਮਨ ਕਿਸਾਨ ਤਾਂ ਪਹਿਲਾ ਹੀ ਕਰਜ਼ੇ ਦੇ ਭਾਰ ਥੱਲੇ ਹੈ ਉਹ ਇਹ ਖ਼ਰਚ ਕਿਵੇਂ ਚੁੱਕ ਸਕਦਾ ਹੈ। ਇਸ ਦਾ ਵਧੇਰੇ ਲਾਭ ਵੱਡੇ ਪ੍ਰਚੂਨ ਸਟੋਰਾਂ ਨੂੰ ਹੋਇਆ ਹੈ। ਇਸ ਵਿੱਚ ਨਿਮਨ ਕਿਸਾਨਾਂ ਦੇ ਹੱਕਾਂ ਨੂੰ ਧਿਆਨ ਵਿੱਚ ਨਹੀਂ ਰੱਖਿਆ ਗਿਆ। ਕਿਸਾਨ ਦੂਸਰੇ ਰਾਜ ਦੀ ਮੰਡੀ ਤੱਕ ਤਾਂ ਆਪਣੀ ਫ਼ਸਲ ਲੈ ਕੇ ਨਹੀਂ ਜਾ ਸਕਦਾ ਤਾਂ ਇਨ੍ਹਾਂ ਕੰਪਨੀਆਂ ਦੀ ਪਹੁੰਚ ਕਿਥੋਂ ਕਰੇਗਾ। ਉੱਪਰੋਂ ਹੀ ਇਹ ਕੰਪਨੀਆਂ ਪੰਜਾਬ ਦੀ ਖੇਤੀ ਨੂੰ ਆਪਣੇ ਪੰਜੇ ਵਿੱਚ ਲੈ ਰਹੀਆਂ ਹਨ। ਪੰਜਾਬ ਦੇ ਅੰਨਦਾਤੇ ਨੂੰ ਹਰ ਪਾਸਿਉ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸਰਕਾਰ ਮਸ਼ੀਨਰੀ ਨੂੰ ਪਹਿਲ ਦਿੰਦੀ ਹੈ। ਜਦੋਂ ਕਿ ਮਸ਼ੀਨਰੀ ਇੰਨੀ ਮਹਿੰਗੀ ਹੈ ਕਿ ਨਿਮਨ ਕਿਸਾਨਾਂ ਦੇ ਖ਼ਰੀਦਣ ਦੇ ਵੱਸ ਦੀ ਗੱਲ ਨਹੀਂ। ਨਿਮਨ ਕਿਸਾਨਾਂ ਨੂੰ ਆਪਣੀ ਫ਼ਸਲ ਦੇ ਬੀਜ ਖ਼ਰੀਦਣ ਪ੍ਰਤੀ ਸੁਚੇਤ ਹੋਣਾ ਅਤਿ ਜ਼ਰੂਰੀ ਹੈ। ਖੇਤੀਬਾੜੀ ਸੈਕਟਰ ਦਾ ਅਨ੍ਹੇਵਾਹ ਕੀਤਾ ਗਿਆ ਵਿਕਾਸ ਪੰਜਾਬੀ ਸਭਿਆਚਾਰ ਲਈ ਵਿਨਾਸ਼ਕਾਰੀ ਸਿੱਧ ਹੋਇਆ ਹੈ। ਨਿਮਨ ਕਿਸਾਨ ਨੂੰ ਖੇਤੀ ਬਾੜੀ ਦੀ ਹਰ ਵਸਤੂ ਜਿਵੇਂ ਪਾਣੀ, ਤੇਲ, ਖਾਦ, ਬੀਜਾਂ, ਬਿਜਲੀ, ਕੀਟਨਾਸ਼ਕ ਦਵਾਈਆਂ ਅਤੇ ਸਬਸਿਡੀਆਂ ਦਿੱਤੀਆਂ ਜਾਣ। ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੀ ਰਿਪੋਰਟ ਵਿੱਚ ਇਹ ਖ਼ੁਲਾਸਾ ਹੋਇਆ ਹੈ ਕਿ ਆਉਣ ਵਾਲੇ ਕੁੱਝ ਸਾਲਾਂ ਵਿੱਚ ਆਰਥਿਕ ਤੰਗੀ ਦੇ ਚੱਲਦਿਆਂ 2500 ਕਿਸਾਨ ਆਤਮ ਹੱਤਿਆਵਾਂ ਕਰ ਸਕਦੇ ਹਨ। ਸਰਕਾਰ ਇਨ੍ਹਾਂ ਕਰਜ਼ੇ ਹੇਠ ਦੱਬੇ ਕਿਸਾਨਾਂ ਨੂੰ ਬਚਾਵੇ ਅਤੇ ਇਨ੍ਹਾਂ ਦੇ ਕਰਜ਼ੇ ਮਾਫ਼ ਕਰ ਕੇ ਉਨ੍ਹਾਂ ਨੂੰ ਬਣਦਾ ਮੁਆਵਜ਼ਾ ਵੀ ਦੇਵੇ। ਕਿਸਾਨੀ ਦੀਆਂ ਪਰਿਸਥਿਤੀਆਂ ਨੂੰ ਦੇਖਦੇ ਜੱਟ ਰਾਖਵਾਂਕਰਨ (2014) ਵਿੱਚ ਕਾਗਜ਼ੀ ਕਾਰਵਾਈ ਵਿੱਚ ਲਾਗੂ ਤਾਂ ਕੀਤਾ ਗਿਆ ਪਰ ਇਸ ਦਾ ਨਿਮਨ ਕਿਸਾਨ ਨੂੰ ਹਾਲੇ ਤੱਕ ਕੋਈ ਲਾਭ ਨਹੀਂ ਹੋਇਆ। ਇੱਥੋਂ ਤੱਕ ਕਿ ਕਿਸਾਨਾਂ ਨੂੰ ਬਚਾਉਣ ਅਤੇ ਮਿਲਦੇ ਹੱਕ ਦਿਵਾਉਣ ਲਈ ਵਿਸ਼ੇਸ਼ ਸੰਸਥਾਵਾਂ ਦੀ ਵੀ ਘਾਟ ਹੈ।

> ਡਾ. ਮਨਜੀਤ ਸਿੰਘ ਕੰਗ ਦਾ ਮੰਨਣਾ ਹੈ ਕਿ, "ਪੰਜਾਬ ਵਿੱਚ ਸਮਾਜਿਕ ਸੰਸਥਾਵਾਂ ਬਹੁਤ ਘੱਟ ਹਨ ਅਤੇ ਜੋ ਉਨ੍ਹਾਂ ਵਿੱਚੋਂ ਬਹੁਤਿਆਂ ਦੀ ਕਾਰਗੁਜ਼ਾਰੀ ਅਕੁਸ਼ਲ ਦੱਸੀ ਗਈ ਹੈ। ਸਿਰਫ਼ 0.3 ਫ਼ੀਸਦੀ ਪੰਜਾਬੀ ਕਿਸਾਨ ਕਿਸੇ ਖੇਤੀਬਾੜੀ ਨਾਲ ਸੰਬੰਧਤ ਸੰਗਠਨ ਦੇ ਅਤੇ 1.5 ਫ਼ੀਸਦੀ ਕਿਸੇ ਸਵੈ ਸਹਾਇਤਾ ਗਰੁੱਪ ਦੇ ਮੈਂਬਰ ਹਨ। ਰਾਸ਼ਟਰੀ ਪੱਧਰ 'ਤੇ ਇਹ ਅੰਕੜੇ ਤਰਤੀਬਵਾਰ 2.2 ਫ਼ੀਸਦੀ ਅਤੇ 4.8 ਫ਼ੀਸਦੀ ਹਨ। ਪੰਜਾਬ ਵਿੱਚ ਸਿਰਫ਼ ਇੱਕ ਗ਼ੈਰ-

ਸਰਕਾਰੀ ਸੰਸਥਾ ਹੈ ਜੋ ਸਰਗਰਮ ਹੈ ਜਦੋਂ ਕਿ ਦੋ ਸਿਰਫ਼ ਕਾਗ਼ਜ਼ਾਂ ਵਿੱਚ ਹੀ ਹਨ। ਪੰਜਾਬ ਵਿੱਚ 15 ਕਿਸਾਨ ਯੂਨੀਅਨਾਂ ਹਨ ਜੋ ਕਿ ਖੰਡਿਤ ਅਤੇ ਸਿਆਸੀ ਬਣ ਚੁੱਕੀਆਂ ਹਨ।" ("ਲੋੜੀਂਦੀ ਸੇਧ ਤੋਂ ਵਾਂਝੇ ਹਨ ਪੰਜਾਬ ਦੇ ਕਿਸਾਨ", *ਰੋਜ਼ਾਨਾ ਅਜੀਤ,* 31 ਜਨਵਰੀ 2014, 4)

ਪੰਜਾਬ ਦੇ ਨਿਮਨ ਕਿਸਾਨੀ ਜੀਵਨ ਨੂੰ ਬਚਾਉਣ ਲਈ ਕੋਈ ਸੰਸਥਾ ਜਾਂ ਜਥੇਬੰਦੀ ਅੱਗੇ ਨਹੀਂ ਆ ਰਹੀ। ਸਮਕਾਲੀ ਦੌਰ 'ਚ ਨਿਘਾਰ ਵੱਲ ਜਾ ਰਹੀ ਕਿਸਾਨੀ ਦੇ ਭਵਿੱਖ ਬਾਰੇ ਸੋਚਣਾ ਅਤਿ ਜ਼ਰੂਰੀ ਬਣ ਗਿਆ ਹੈ। ਪੰਜਾਬ ਵਿੱਚ ਕੀੜੇਮਾਰ ਦਵਾਈਆਂ 'ਚ 33 ਕਰੋੜ ਸਕੈਂਡਲ (2015) ਦਾ ਘੋਟਾਲਾ ਕੀਤਾ ਗਿਆ। ਜਿਸ ਦਾ ਨੁਕਸਾਨ ਕਿਸਾਨਾਂ ਨੂੰ ਝੱਲਣਾ ਪਿਆ। ਜਦੋਂ ਕਿ ਕੀਟਨਾਸ਼ਕ ਦਵਾਈਆਂ ਦੀ ਵਿੱਕਰੀ ਨਾਲ ਸਰਕਾਰ ਨੂੰ ਵਧੇਰੇ ਲਾਭ ਹੋਇਆ। ਸਰਕਾਰ ਹਮੇਸ਼ਾ ਨੌਕਰੀ ਪੇਸ਼ਾ ਲੋਕਾਂ ਦੀਆਂ ਤਨਖ਼ਾਹਾਂ ਵਿੱਚ ਇੱਕ ਸਾਲ 'ਚ ਦੋ ਵਾਰ ਵਾਧਾ ਕਰਦੀ ਹੈ ਪਰ ਕਿਸਾਨਾਂ ਦੀਆਂ ਮੰਗਾਂ ਮੰਨਣ ਸਮੇਂ ਸਰਕਾਰ ਕੋਲ ਹਮੇਸ਼ਾ ਖ਼ਜ਼ਾਨੇ ਖ਼ਾਲੀ ਹੋ ਜਾਂਦੇ ਹਨ। ਜੇਕਰ ਸਰਕਾਰ ਕਿਸਾਨਾਂ ਨੂੰ ਕੋਈ ਰੁਜ਼ਗਾਰ ਦੇਵੇ ਤਾਂ ਪੰਜਾਬ ਦੇ 40 ਫ਼ੀਸਦੀ ਕਿਸਾਨ ਖੇਤੀ ਦਾ ਧੰਦਾ ਛੱਡਣ ਲਈ ਤਿਆਰ ਹਨ। ਕੀਟਨਾਸ਼ਕ ਦਵਾਈਆਂ ਦੇ ਘੋਟਾਲੇ ਦੀ ਸਾਰੀ ਠੀਕਰੀ ਮੰਗਲ ਸਿੰਘ ਸੰਧੂ ਦੇ ਸਿਰ ਭੰਨੀ ਗਈ। ਜਦੋਂ ਕਿ ਇਹ ਆਮ ਜਨਤਾ ਵੀ ਜਾਣਦੀ ਹੈ ਕਿ ਇਕੱਲਾ ਖੇਤੀਬਾੜੀ ਡਾਇਰੈਕਟਰ ਸਭ ਕੁੱਝ ਨਹੀਂ ਕਰ ਸਕਦਾ।

### 3.1.6 ਖ਼ੁਰਾਕ ਸੁਰੱਖਿਆ ਕਾਨੂੰਨ

2013 ਵਿੱਚ ਖ਼ੁਰਾਕ ਸੁਰੱਖਿਆ ਕਾਨੂੰਨ ਪਾਸ ਕੀਤਾ ਗਿਆ ਜੋ ਤੇਲੰਗਾਨਾ, ਝਾਰਖੰਡ, ਤ੍ਰਿਪੁਰਾ, ਉੱਤਰਾਖੰਡ, ਪੌਂਡੇਚਰੀ, ਲਕਸ਼ਦੀਪ ਆਦਿ ਵਿੱਚ ਲਾਗੂ ਕਰ ਦਿੱਤਾ ਗਿਆ। ਫਿਰ ਇਹ ਕਾਨੂੰਨ ਪੰਜਾਬ ਵਿੱਚ ਲਾਗੂ ਕਿਉਂ ਨਹੀਂ ਕੀਤਾ ਗਿਆ। ਨਰਮੇ ਦੀ ਫ਼ਸਲ ਦੀ ਖ਼ਰਾਬੀ 2 ਲੱਖ ਰੁਪਏ ਦੀ ਹੋਈ ਪਰ ਸਰਕਾਰ ਵੱਲੋਂ ਕਿਸਾਨਾਂ ਨੂੰ ਮੁਆਵਜ਼ਾ 80 ਰੁਪਏ ਪਰ ਏਕੜ ਦੇ ਹਿਸਾਬ ਨਾਲ ਮਿਲਿਆ। ਕਈ ਕਿਸਾਨਾਂ ਨੂੰ ਤਾਂ ਗਿਆਰਾਂ-ਗਿਆਰਾਂ ਰੁਪਏ ਦੇ ਚੈੱਕ ਵੀ ਮਿਲੇ। ਬਹੁਤ ਸਾਰੇ ਕਿਸਾਨਾਂ ਦੇ ਚੈੱਕ ਬੈਂਕਾਂ ਵਿੱਚ ਪਾਸ ਹੀ ਨਹੀਂ ਹੋਏ। ਚਿੱਟੀ ਮੱਖੀ ਨਾਲ ਨਰਮੇ ਦੇ ਹੋਏ ਨੁਕਸਾਨ ਲਈ 600 ਕਰੋੜ ਦਾ ਮੁਆਵਜ਼ਾ ਦੇਣ ਦਾ ਐਲਾਨ ਕੀਤਾ ਗਿਆ ਪਰ ਚਿੱਟੀ ਮੱਖੀ ਨਾਲ ਨਰਮੇ ਦਾ ਨੁਕਸਾਨ 1200 ਕਰੋੜ ਰੁਪਏ ਦਾ ਹੋਇਆ ਹੈ। ਇੱਥੇ ਹੀ ਬਸ ਨਹੀਂ ਸਗੋਂ ਸਰਕਾਰ ਨੇ ਪੀ. ਏ. ਯੂ (ਖੇਤੀਬਾੜੀ ਯੂਨੀਵਰਸਿਟੀ, ਪੰਜਾਬ) ਦੀ ਜ਼ਮੀਨ ਏਮਜ਼ ਹਵਾਲੇ ਕਰ ਦਿੱਤੀ ਹੈ। ਸਰਕਾਰ ਨੇ ਗੰਨੇ ਦੀ ਫ਼ਸਲ 'ਤੇ 4.50 ਰੁਪਏ ਪ੍ਰਤੀ ਕੁਇੰਟਲ ਦੇ ਹਿਸਾਬ ਨਾਲ ਸਬਸਿਡੀ ਦੇਣ ਦਾ ਐਲਾਨ ਕੀਤਾ ਸੀ ਪਰ ਕਿਸਾਨਾਂ ਨੂੰ ਗੰਨੇ ਦੀ ਫ਼ਸਲ 'ਤੇ ਕਿਸੇ ਕਿਸਮ ਦੀ ਸਬਸਿਡੀ ਪ੍ਰਾਪਤ ਨਹੀਂ ਹੋਈ।

### 3.1.7 ਮਾਰਚ 2015 'ਚ ਭੌਂ-ਪ੍ਰਾਪਤੀ ਕਾਨੂੰਨ

ਸਰਕਾਰ ਵੱਲੋਂ ਫਰਵਰੀ ਮਾਰਚ 2015 'ਚ 'ਭੋਂ-ਪ੍ਰਾਪਤੀ ਕਾਨੂੰਨ' ਪਾਸ ਕੀਤਾ ਗਿਆ ਜਿਸ ਤੋਂ ਭਾਵ ਕਿ ਵੱਡੀਆਂ ਕੰਪਨੀਆਂ ਆਪਣੀ ਮਰਜ਼ੀ ਅਨੁਸਾਰ ਕੀਮਤ ਤਹਿ ਕਰ ਕੇ ਨਿਮਨ ਕਿਸਾਨਾਂ ਤੋਂ ਜ਼ਮੀਨ ਖ਼ਰੀਦ ਸਕਦੀਆਂ ਹਨ। ਇਨ੍ਹਾਂ ਜ਼ਮੀਨਾਂ ਉੱਪਰ ਸਰਕਾਰੀ, ਗ਼ੈਰ ਸਰਕਾਰੀ ਕੰਪਨੀਆਂ ਦੀ ਸਥਾਪਨਾ ਕੀਤੀ ਜਾਵੇਗੀ। ਪਰ ਕਿਸਾਨਾਂ ਨੇ ਇਸ ਬਿੱਲ ਦਾ ਜ਼ੋਰਦਾਰ ਵਿਰੋਧ ਕੀਤਾ। ਕਿਉਂਕਿ ਇਸ ਬਿੱਲ ਦੀਆਂ ਸ਼ਰਤਾਂ ਅਤੇ ਨੀਤੀਆਂ ਕਿਸਾਨ ਵਿਰੋਧੀ ਸਨ। ਸਰਕਾਰ ਆਪਣੀਆਂ ਕੋਝੀਆਂ ਨੀਤੀਆਂ ਰਾਹੀਂ ਕਿਸਾਨਾਂ ਨੂੰ ਗੁੰਮਰਾਹ ਕਰ ਰਹੀ ਹੈ। ਇਸ ਬਿੱਲ ਦਾ ਲਾਭ ਕੇਵਲ ਤੇ ਕੇਵਲ ਧਨੀ ਕਿਸਾਨਾਂ ਅਤੇ ਕਾਰਪੋਰੇਟ ਜਗਤ ਨੂੰ ਹੀ ਹੋਵੇਗਾ। ਨਿਮਨ ਕਿਸਾਨ ਇਸ ਬਿੱਲ ਦੀਆਂ ਨੀਤੀਆਂ ਵਿੱਚ ਫਸ ਕੇ ਬੇ ਜ਼ਮੀਨੇ ਹੋ ਰਹੇ ਹਨ। ਨਿਮਨ ਕਿਸਾਨੀ ਦੁਆਰਾ ਖੇਤੀ ਦੇ ਧੰਦੇ 'ਚੋ ਬਾਹਰ ਹੋਣ ਦੀ ਪ੍ਰਕਿਰਿਆ ਹੋਰ ਤੇਜ਼ ਹੋ ਰਹੀ ਹੈ। ਕਿਸਾਨਾਂ ਦੁਆਰਾ ਇਸ ਬਿੱਲ ਦਾ ਵਿਰੋਧ ਕੀਤਾ ਗਿਆ ਜਿਸ ਕਰ ਕੇ ਸਰਕਾਰ ਵੱਲੋਂ 'ਭੋਂ ਪ੍ਰਾਪਤੀ ਕਾਨੂੰਨ' ਬਾਰੇ ਨਿਸ਼ਚਿਤ ਨਤੀਜੇ ਆਉਣੇ ਹਾਲੇ ਬਾਕੀ ਹਨ। ਪਰ ਕਿਸਾਨ ਅਤੇ ਜਥੇਬੰਦੀਆਂ ਇਸ ਦਾ ਲਗਾਤਾਰ ਵਿਰੋਧ ਕਰ ਰਹੀਆਂ ਹਨ।

## 3.1.8 2015 ਅਤੇ 2016 ਦਾ ਬਜਟ

28 ਫਰਵਰੀ 2015 ਵਿੱਚ ਪੇਸ਼ ਹੋਏ ਬਜਟ 'ਚ ਪੂੰਜੀਵਾਦੀ ਕਾਰਪੋਰੇਟ ਮਾਡਲ ਨੂੰ ਸਾਰੀਆਂ ਖੁੱਲ੍ਹਾਂ ਦਿੱਤੀਆਂ ਗਈਆਂ, ਜਦੋਂ ਕਿ ਇਸ ਬਜਟ ਵਿੱਚ ਆਮ ਆਦਮੀ ਅਤੇ ਕਿਸਾਨਾਂ ਲਈ ਕੋਈ ਪੂੰਜੀ ਨਹੀਂ ਰੱਖੀ ਗਈ। ਕਿਸਾਨਾਂ ਦੀ ਫ਼ਸਲ ਦੋ ਨੰਬਰ ਵਿੱਚ ਖ਼ਰੀਦੀ ਜਾਂਦੀ ਹੈ। ਅਜਿਹਾ ਕੰਮ ਆੜ੍ਹਤੀਏ ਅਤੇ ਗ਼ੈਰ ਸਰਕਾਰੀ ਕੰਪਨੀਆਂ ਕਰਦੀਆਂ ਹਨ।

> "ਪੰਜਾਬ ਵਿੱਚ ਝੋਨੇ ਦੀ ਖ਼ਰੀਦ 'ਚ ਆੜ੍ਹਤੀਆਂ ਤੇ ਸ਼ੈਲਰ ਮਾਲਕਾਂ ਵੱਲੋਂ ਦੋ ਨੰਬਰ ਵਿੱਚ ਝੋਨੇ ਦੀ ਕੀਤੀ ਜਾ ਰਹੀ ਖ਼ਰੀਦ ਨਾਲ ਪੰਜਾਬ ਦੇ ਕਿਸਾਨਾਂ ਨੂੰ ਕਰੋੜਾਂ ਰੁਪਏ ਦਾ ਟੈਕਸ ਚੋਰੀ ਰਾਹੀਂ ਚੂਨਾ ਲੱਗ ਰਿਹਾ ਹੈ।" ("ਝੋਨੇ ਦੀ ਖ਼ਰੀਦ 'ਚ ਸਰਕਾਰ ਨੂੰ ਵੀ ਕਰੋੜਾਂ ਦਾ ਚੂਨਾ", *ਰੋਜ਼ਾਨਾ ਅਜੀਤ,* 25 ਅਕਤੂਬਰ 2013, 17)

ਆੜ੍ਹਤੀਏ ਇੱਕ ਪਾਸੇ ਸਰਕਾਰ ਅਤੇ ਦੂਸਰੇ ਪਾਸੇ ਕਿਸਾਨਾਂ ਦਾ ਝੋਨਾ ਘੱਟ ਮੁੱਲ ਉੱਤੇ ਖ਼ਰੀਦ ਕੇ ਦੋਵਾਂ ਨੂੰ ਚੂਨਾ ਲਗਾ ਰਹੇ ਹਨ। ਇੱਕ ਅਨੁਮਾਨ ਅਨੁਸਾਰ ਸਰਕਾਰ ਨੇ ਕਿਸਾਨਾਂ ਨੂੰ 1000 ਕਰੋੜ ਰੁਪਏ ਦਾ ਚੂਨਾ ਲਗਾਇਆ ਹੈ। ਸੂਬੇ ਦੀ ਸਰਕਾਰ ਨੇ ਖੇਤੀਬਾੜੀ ਹਾਦਸਾ ਪੀੜਤਾਂ ਲਈ 24.78 ਕਰੋੜ ਰੁਪਏ ਦੀ ਸਹਾਇਤਾ ਰਾਸ਼ੀ ਰੱਖੀ ਹੈ। ਇਸ ਰਾਸ਼ੀ ਨੂੰ ਕਿਸਾਨਾਂ ਤੱਕ ਪਹੁੰਚਾਣ ਲਈ ਕਈ ਕਿਸਮ ਦੀਆਂ ਸਕੀਮਾਂ ਚਲਾਈਆਂ ਗਈਆਂ ਹਨ ਪਰ ਸੋਚਣ ਵਾਲੀ ਗੱਲ ਇਹ ਹੈ ਕਿ ਇਹ ਰਾਸ਼ੀ ਬਹੁਤ ਘੱਟ ਮਾਤਰਾ ਵਿੱਚ ਹਾਦਸਾ ਪੀੜਤ ਕਿਸਾਨਾਂ ਕੋਲ ਪਹੁੰਚਦੀ ਹੈ। ਇੱਥੋਂ ਤੱਕ ਕਿ ਸੂਬਾ ਸਰਕਾਰ ਨੇ ਅਪ੍ਰੈਲ 2015 ਵਿੱਚ ਹੋਈ ਫ਼ਸਲ ਦੀ ਖ਼ਰਾਬੀ ਅਤੇ ਕਿਸਾਨ ਨੂੰ 75 ਤੇ 100 ਰੁਪਏ ਦੇ ਚੈੱਕ ਦੇ ਕੇ ਕਿਸਾਨਾਂ ਨਾਲ ਕੋਝਾ ਮਜ਼ਾਕ ਕੀਤਾ ਹੈ। ਹਰ ਸਾਲ ਹੀ ਨਹੀਂ ਸਗੋਂ ਸਾਡੀ ਸਰਕਾਰ ਹਰ ਤਿੰਨ-ਛੇ ਮਹੀਨਿਆਂ ਬਾਅਦ ਪੈਟਰੋਲ, ਡੀਜ਼ਲ, ਬਿਜਲੀ ਦੇ ਭਾਅ ਵਧਾ ਦਿੰਦੀ ਹੈ ਜੋ ਕਿਸਾਨਾਂ ਲਈ ਵਾਜਬ ਨਹੀਂ ਹੈ। ਪੈਟਰੋਲ ਦੀਆਂ ਕੀਮਤਾਂ ਤਾਂ ਹਰ ਵਾਰ ਵਧਾ ਦਿੱਤੀ ਜਾਂਦੀਆਂ ਹਨ ਪਰ

ਫ਼ਸਲਾਂ ਦੀਆਂ ਕੀਮਤਾਂ ਵਿੱਚ ਵਾਧਾ ਕਿਉਂ ਨਹੀਂ ਕੀਤਾ ਜਾਂਦਾ। ਪੰਜਾਬ ਅੰਦਰ ਬਿਜਲੀ ਦਾ ਪ੍ਰਬੰਧ ਉਚਿੱਤ ਨਹੀਂ ਹੈ। ਖੇਤਾਂ ਵਿੱਚ ਬਿਜਲੀ ਵਾਲੀਆਂ ਤਾਰਾਂ ਇੰਨੀਆਂ ਢਿੱਲੀਆਂ ਹਨ ਕਿ ਬਹੁਤ ਵਾਰ ਕਿਸਾਨ, ਪਸ਼ੂ, ਮਸ਼ੀਨਰੀ, ਇਨ੍ਹਾਂ ਬਿਜਲੀ ਦੀਆਂ ਤਾਰਾਂ ਦੀ ਲਪੇਟ ਵਿੱਚ ਆ ਜਾਂਦੇ ਹਨ। ਬਹੁਤ ਵਾਰ ਕਿਸਾਨਾਂ ਦੀ ਫ਼ਸਲ ਅੱਗ ਲੱਗਣ ਕਾਰਨ ਸੜ ਕੇ ਸਵਾਹ ਹੋ ਜਾਂਦੀ ਹੈ। ਪਰ ਅਜਿਹੀ ਕਿਸਮ ਦੇ ਹੋਏ ਨੁਕਸਾਨ ਲਈ ਸਰਕਾਰ ਮੁਆਵਜ਼ਾ ਬਹੁਤ ਘੱਟ ਦਿੰਦੀ ਹੈ।

ਸਰਕਾਰ ਹੁਣ ਆਪਣੇ ਪੱਖ ਨੂੰ ਬਚਾਉਣ ਲਈ ਕਿਸਾਨਾਂ ਨੂੰ ਆਰਗੈਨਿਕ ਖੇਤੀ ਅਪਣਾਉਣ ਲਈ ਕਹਿ ਰਹੀ ਹੈ ਜਦੋਂ ਕਿ ਅਜਿਹਾ ਕਰਨਾ ਬਹੁਤ ਮੁਸ਼ਕਿਲ ਹੈ। ਫਰਵਰੀ 2016 ਵਿੱਚ ਪੇਸ਼ ਹੋਏ ਬਜਟ ਤੋਂ ਇਹੀ ਉਮੀਦ ਸੀ ਕਿ ਕਿਸਾਨਾਂ ਦਾ ਕਰਜ਼ਾ ਮਾਫ਼ ਕੀਤਾ ਜਾਵੇਗਾ ਅਤੇ ਸਵਾਮੀ ਨਾਥ ਦੀ ਰਿਪੋਰਟ ਨੂੰ ਲਾਗੂ ਕੀਤਾ ਜਾਵੇਗਾ। ਜਿਸ ਨਾਲ ਹੋ ਸਕਦਾ ਹੈ ਕਿ ਕਿਸਾਨ ਖ਼ੁਦਕੁਸ਼ੀਆਂ ਰੁਕ ਜਾਂ ਘੱਟ ਜਾਣ ਪਰ ਅਫ਼ਸੋਸ ਦੀ ਗੱਲ ਹੈ ਕਿ 2016 ਦਾ ਬਜਟ ਇਨ੍ਹਾਂ ਉਮੀਦਾਂ ਉੱਪਰ ਖਰਾ ਨਾ ਉੱਤਰਿਆ। ਬਜਟ ਵਿੱਚ ਕਿਸਾਨਾਂ ਲਈ 35000 ਕਰੋੜ ਰੁਪਏ ਰੱਖੇ ਗਏ ਜਦੋਂ ਕਿ ਭਾਰਤ ਦੀ 60 ਫ਼ੀਸਦੀ ਆਬਾਦੀ ਖੇਤੀਬਾੜੀ ਉੱਪਰ ਨਿਰਭਰ ਹੈ। ਜਿਸ ਕਾਰਨ 500 ਰੁਪਏ ਵੀ ਸਾਲਾਨਾ ਇੱਕ ਕਿਸਾਨ ਦੇ ਹਿੱਸੇ ਨਹੀਂ ਆਉਂਦੇ, 2016 ਦੇ ਸਰਵੇਖਣ ਅਨੁਸਾਰ 70,000 ਕਰੋੜ ਰੁਪਏ ਪੰਜਾਬ ਦੇ ਕਿਸਾਨਾਂ ਸਿਰ ਕਰਜ਼ਾ ਹੈ। ਪੰਜਾਬ ਦੇ ਹਰੇਕ ਨੂੰ ਕਿਸਾਨ ਉੱਪਰ 5,39.00 ਰੁਪਏ ਕਰਜ਼ਾ ਹੈ। ਜਦੋਂ ਕਿ ਸਨਅਤਕਾਰਾਂ ਨੂੰ ਮੰਦੀ ਤੋਂ ਬਚਾਉਣ ਲਈ ਸਰਕਾਰ 3 ਲੱਖ ਕਰੋੜ ਰੁਪਏ ਦਾ ਬੇਲਆਊਟ ਪੈਕਜ ਦਿੰਦੀ ਹੈ। ਫਿਰ ਅਜਿਹੇ ਪੈਕਜ ਕਿਸਾਨਾਂ ਲਈ ਕਿਉਂ ਨਹੀਂ ਬਣਾਉਂਦੀ। ਵਪਾਰੀ ਭਰਾਵਾਂ ਲਈ ਬੀਮਾ ਸਕੀਮ 1 ਕਰੋੜ ਰੁਪਏ ਹੈ ਜੋ ਕਿ ਕਿਸਾਨਾਂ ਦੇ ਲਈ ਬਣਾਈਆਂ ਬੀਮਾ ਯੋਜਨਾਵਾਂ ਤੋਂ ਕਿਤੇ ਵਧੇਰੇ ਹਨ। ਸਰਕਾਰ ਹਰ ਪੱਖੋਂ ਵਪਾਰੀ ਵਰਗ ਨੂੰ ਬਚਾਅ ਰਹੀ ਹੈ। ਸਰਕਾਰ ਪਿੰਡਾਂ 'ਚ ਡਿਜੀਟਲ ਇੰਡੀਆ ਸਕੀਮ ਨੂੰ ਆਪਣਾ ਰਹੀ ਹੈ। ਜਿਸ ਲਈ 655 ਕਰੋੜ ਰੁਪਏ ਦਾ ਬਜਟ ਰੱਖਿਆ ਗਿਆ ਹੈ। ਇੱਥੇ ਹੀ ਬਸ ਨਹੀਂ ਸਗੋਂ 6 ਹਜ਼ਾਰ ਕਾਰਪੋਰੇਸ਼ਨ ਕੰਪਨੀਆਂ ਜੋ ਕਿਸਾਨਾਂ ਦੀ ਲੁੱਟ ਕਰ ਰਹੀਆਂ ਹਨ ਸਰਕਾਰ ਇਨ੍ਹਾਂ ਨੂੰ ਨੱਥ ਨੂੰ ਕਿਉਂ ਨਹੀਂ ਪਾ ਰਹੀ। ਕਿਸਾਨਾਂ ਦੀ ਆਮਦਨ 2022 ਤੱਕ ਦੁੱਗਣੀ ਕਰਨ ਦਾ ਐਲਾਨ ਕੀਤਾ ਗਿਆ ਹੈ ਪਰ ਸਰਕਾਰ ਕਿਸਾਨਾਂ ਦੀ ਸਮਕਾਲੀ ਸਥਿਤੀ ਬਾਰੇ ਡੂੰਘਾਈ ਨਾਲ ਕਿਉਂ ਨਹੀਂ ਸੋਚ ਰਹੀ।

ਬਹੁ ਕੌਮੀ ਕਾਰਪੋਰੇਸ਼ਨ ਕੰਪਨੀਆਂ ਆਪਣੇ ਮੁਨਾਫ਼ੇ ਲਈ ਨਿਮਨ ਵਰਗ ਦੀ ਲੁੱਟ ਕਰ ਰਹੀਆਂ ਹਨ ਜਿਸ ਦੇ ਪ੍ਰਭਾਵ ਕਾਰਨ ਨਿਮਨ ਵਰਗ/ਕਿਸਾਨੀ ਜੀਵਨ ਆਰਥਿਕ, ਮਾਨਸਿਕ ਸੰਤਾਪ ਭਰੀ ਜ਼ਿੰਦਗੀ ਬਤੀਤ ਕਰ ਰਿਹਾ ਹੈ। ਸੰਨ 1947 ਸਮੇਂ ਆਜ਼ਾਦੀ ਤੋਂ ਬਾਅਦ ਦੇਸ਼ ਨੂੰ ਅਨਾਜ ਪਦਾਰਥਾਂ ਦੀ ਕਮੀ ਦਾ ਸਾਹਮਣਾ ਕਰਨਾ ਪਿਆ। ਅਨਾਜ ਦੀ ਸਮੱਸਿਆ ਦਾ ਹੱਲ ਕਰਨ ਲਈ ਭਾਰਤ ਸਰਕਾਰ ਨੇ ਪੰਜ ਸਾਲਾ ਯੋਜਨਾ ਉਲੀਕੀ।

ਸਰਕਾਰ ਨੇ ਖੇਤੀ ਦੇ ਵਿਕਾਸ ਨੂੰ ਪਿੱਛੇ ਧੱਕ ਕੇ ਦੂਸਰੀ ਪੰਜ ਸਾਲਾ ਯੋਜਨਾ 'ਚ ਉਦਯੋਗਿਕ ਖੇਤਰ ਦੇ ਵਿਕਾਸ ਨੂੰ ਪਹਿਲ ਦਿੱਤੀ ਜਿਸ ਕਾਰਨ ਅਨਾਜ ਦੀ ਥੁੜ ਦਾ ਸਾਹਮਣਾ ਕਰਨਾ ਪਿਆ। ਖੇਤੀਬਾੜੀ ਕੀਮਤਾਂ ਕਮਿਸ਼ਨ ਨੇ ਆਪਣੀ ਸਥਾਪਤੀ ਤੋਂ

ਬਾਅਦ ਫ਼ਸਲਾਂ ਦੀ ਘੱਟੋਂ ਘੱਟ ਸਮਰਥਨ ਮੁੱਲਾਂ ਨੂੰ ਸਥਾਪਿਤ ਕਰਨ ਦੀ ਸਰਕਾਰ ਨੂੰ ਸਿਫ਼ਾਰਸ਼ ਕੀਤੀ। 23 ਫਰਵਰੀ 1987 ਨੂੰ ਖੇਤੀਬਾੜੀ ਕੀਮਤਾਂ ਕਮਿਸ਼ਨ ਨੇ ਨਾਮ ਨੂੰ ਬਦਲ ਕੇ ਖੇਤੀਬਾੜੀ ਲਾਗਤਾਂ ਅਤੇ ਕੀਮਤਾਂ ਕਮਿਸ਼ਨ ਰੱਖ ਕੇ ਵਧੇਰੇ ਪ੍ਰਭਾਵ ਪਾਉਣ ਦੀ ਕੋਸ਼ਿਸ਼ ਕੀਤੀ ਗਈ ਪਰ ਕਾਰਪੋਰੇਟ ਜਗਤ ਪੱਖੀ ਅਪਣਾਈਆਂ ਨਵੀਆਂ ਆਰਥਿਕ ਨੀਤੀਆਂ ਤੋਂ ਬਾਅਦ ਇਸ ਕਮਿਸ਼ਨ ਦੀਆਂ ਸਿਫ਼ਾਰਸ਼ਾਂ/ਸੁਝਾਅ ਕਿਸਾਨੀ ਵਰਗ ਦੇ ਵਿਰੋਧੀ ਹੋ ਗਏ। ਜਿਸ ਕਾਰਨ ਖੇਤੀਬਾੜੀ ਘਾਟੇ ਵਾਲਾ ਧੰਦਾ ਬਣਦਾ ਜਾ ਰਿਹਾ ਹੈ।

## 3.2 ਸਰਵੇਖਣ ਅਤੇ ਐਲਾਨਨਾਮੇ

### 3.2.1 ਨੈਸ਼ਨਲ ਅਪਰਾਧ ਰਿਕਾਰਡ ਬਿਊਰੋ

ਸੂਬੇ ਦੀ ਸਰਕਾਰ ਪੰਜਾਬ ਦੇ ਕਿਸਾਨਾਂ ਲਈ ਮੰਡੀਆਂ ਦਾ ਕੋਈ ਖ਼ਾਸ ਪ੍ਰਬੰਧ ਨਹੀਂ ਕਰਦੀ। ਕਿਸਾਨਾਂ ਦੀ ਫ਼ਸਲ ਖੁੱਲ੍ਹੇ ਮੈਦਾਨ 'ਚ ਖ਼ਰਾਬ ਹੁੰਦੀ ਰਹਿੰਦੀ ਹੈ। ਉੱਪਰੋਂ ਸਾਡੀ ਸਰਕਾਰ ਫ਼ਸਲ ਚੋਂ 2 ਫ਼ੀਸਦੀ ਪੇਂਡੂ ਵਿਕਾਸ ਫ਼ੰਡ ਦੇ ਨਾਮ 'ਤੇ ਕਿਸਾਨਾਂ ਤੋਂ ਲਏ ਜਾਂਦੇ ਪੈਸੇ ਦੀ ਕਿਧਰੇ ਵੀ ਵਰਤੋਂ ਨਹੀਂ ਕੀਤੀ ਜਾਂਦੀ। ਕਦੇ ਭਰਾਈ, ਛਣਾਈ, ਆੜ੍ਹਤ ਮੰਡੀ ਦਾ ਖ਼ਰਚ ਆਦਿ ਕਿਸਾਨਾਂ ਸਿਰ ਪਾਇਆ ਜਾਂਦਾ ਹੈ। ਇੱਕ ਪਾਸੇ ਸਰਕਾਰ ਕਿਸਾਨਾਂ ਦੀ ਲੁੱਟ ਕਰ ਰਹੀ ਹੈ ਅਤੇ ਦੂਸਰੇ ਪਾਸੇ ਸਰਕਾਰ ਮੰਡੀਆਂ ਦਾ ਪ੍ਰਬੰਧ ਪ੍ਰਾਈਵੇਟ ਸੈਕਟਰ ਦੇ ਹੱਥਾਂ ਵਿੱਚ ਦੇ ਕੇ ਕਿਸਾਨਾਂ ਨਾਲ ਕੋਝਾ ਮਜ਼ਾਕ ਕਰ ਰਹੀ ਹੈ।

> "ਸੰਨ 1970 ਤੋਂ ਅੱਜ ਤੱਕ ਦੇ 44 ਸਾਲ ਦੌਰਾਨ ਖੇਤੀਬਾੜੀ ਲਾਗਤਾਂ ਅਤੇ ਕੀਮਤਾਂ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਦੇ ਆਧਾਰ ਉੱਪਰ ਕੇਂਦਰ ਸਰਕਾਰ ਵੱਲੋਂ ਖੇਤੀਬਾੜੀ ਜਿਨਸਾਂ ਦੀਆਂ ਘਟੋਂ-ਘੱਟ ਸਮਰਥਨ ਕੀਮਤਾਂ ਜਿਸ ਤਰ੍ਹਾਂ ਤੈਅ ਕੀਤੀਆਂ ਜਾਂਦੀਆਂ ਆ ਰਹੀਆਂ ਹਨ ਉਸ ਦੇ ਨਤੀਜੇ ਵਜੋਂ ਵਪਾਰ ਦੀਆਂ ਸ਼ਰਤਾਂ ਖੇਤੀਬਾੜੀ ਖੇਤਰ ਦੇ ਵਿਰੁੱਧ ਕਰ ਦਿੱਤੀਆਂ ਜਾਣ ਕਾਰਨ ਕਿਸਾਨਾਂ ਦੀ ਆਮਦਨ ਲਗਾਤਾਰ ਘਟਦੀ ਆ ਰਹੀ ਹੈ ਅਤੇ ਖੇਤੀਬਾੜੀ ਨੂੰ ਇੱਕ ਘਾਟੇ ਵਾਲਾ ਧੰਦਾ ਬਣਾ ਦਿੱਤਾ ਗਿਆ ਹੈ। ਦੇਸ਼ ਵਿੱਚ ਤਕਰੀਬਨ ਸਾਰੇ ਸੀਮਾਂਤਕ ਅਤੇ ਛੋਟੇ ਕਿਸਾਨ ਕਰਜ਼ੇ ਤੇ ਗ਼ਰੀਬੀ ਵਿੱਚ ਜੰਮਦੇ ਹਨ, ਕਰਜ਼ੇ ਅਤੇ ਗ਼ਰੀਬੀ ਵਿੱਚ ਔਖ ਨਾਲ ਦਿਨ ਕੱਟੀ ਕਰਦੇ ਹਨ ਅਤੇ ਆਉਣ

ਵਾਲੀਆਂ ਪੀੜ੍ਹੀਆਂ ਲਈ ਕਰਜ਼ੇ ਦੀ ਵਧੀ ਹੋਈ ਪੰਡ ਅਤੇ ਘੋਰ ਗ਼ਰੀਬੀ ਛੱਡ ਕੇ ਤੰਗੀਆਂ ਤਰੁਸ਼ੀਆਂ ਵਾਲੀ ਮੌਤ ਮਰ ਜਾਂਦੇ ਹਨ। 'ਨੈਸ਼ਨਲ ਅਪਰਾਧ ਰਿਕਾਰਡ ਬਿਊਰੋ' ਦੇ ਅੰਕੜਿਆਂ ਅਨੁਸਾਰ ਸੰਨ 1995 ਤੋਂ 2011 ਦੌਰਾਨ ਦੇਸ਼ ਵਿੱਚ 2,70,940 ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਵੀ ਹਨ। ਜਿਨ੍ਹਾਂ ਨੂੰ ਉਨ੍ਹਾਂ ਦੇ ਵਾਰਸਾਂ ਨੇ ਸਮਾਜਿਕ ਅਤੇ ਕਾਨੂੰਨੀ ਉਲਝਣਾਂ ਤੋਂ ਬਚਣ ਲਈ ਕੁਦਰਤੀ ਜਾਂ ਹਾਦਸਾ ਮੌਤਾਂ ਵਜੋਂ ਰਿਪੋਰਟ ਕੀਤਾ ਜਾਂ ਜਿਹੜੇ ਕਿਸਾਨ ਘਰੋਂ ਲਾਪਤਾ ਹੋਣ ਤੋਂ ਬਾਅਦ ਖ਼ੁਦਕੁਸ਼ੀਆਂ ਕਰ ਗਏ ਅਤੇ ਉਨ੍ਹਾਂ ਦੀਆਂ ਲਾਸ਼ਾਂ ਦਾ ਲਾਵਾਰਿਸ ਲਾਸ਼ਾਂ ਵਜੋਂ ਸਸਕਾਰ ਕਰ ਦਿੱਤਾ ਗਿਆ।" ("ਝੋਨੇ ਦੀ ਖ਼ਰੀਦ 'ਚ ਸਰਕਾਰ ਨੂੰ ਵੀ ਕਰੋੜਾਂ ਦਾ ਚੂਨਾ", *ਰੋਜ਼ਾਨਾ ਅਜੀਤ,* 25 ਅਕਤੂਬਰ 2013, 17)

ਸਰਕਾਰ ਦੀਆਂ ਕੋਝੀਆਂ ਨੀਤੀਆਂ ਕਾਰਨ ਕਿਸਾਨਾਂ ਸਿਰ ਕਰਜ਼ੇ ਦੀ ਪੰਡ ਦਿਨ ਪ੍ਰਤੀ ਦਿਨ ਭਾਰੀ ਹੋ ਰਹੀ ਹੈ। ਜਿਸ ਕਾਰਨ ਪੰਜਾਬ ਦੇ ਬਹੁਤ ਸਾਰੇ ਕਿਸਾਨਾਂ ਨੇ ਆਤਮਘਾਤੀ ਰਾਹ ਅਪਣਾਇਆ। ਸਰਕਾਰ ਕਿਸਾਨਾਂ ਨੂੰ ਹਰ ਪੱਖੋਂ ਨਪੀੜ ਰਹੀ ਹੈ। ਇਸੇ ਕਾਰਨ ਕਿਸਾਨਾਂ ਦੀ ਆਰਥਿਕ ਸਥਿਤੀ ਹਰ ਰੋਜ਼ ਮਾੜੀ ਹੁੰਦੀ ਜਾ ਰਹੀ ਹੈ। ਇਹ ਵਰਗ ਘੋਰ ਗ਼ਰੀਬ ਹੀ ਨਹੀਂ ਸਗੋਂ ਕਰਜ਼ੇ ਦਾ ਵਧਦਾ ਭਾਰ ਵੀ ਸਹਿ ਰਿਹਾ ਹੈ। ਦੇਸ਼ ਦੀ ਅੱਧ ਤੋਂ ਜ਼ਿਆਦਾ ਆਬਾਦੀ ਜੋ ਖੇਤੀਬਾੜੀ ਤੋਂ ਪ੍ਰਾਪਤ ਰੋਜ਼ੀ ਰੋਟੀ 'ਤੇ ਨਿਰਭਰ ਕਰਦੀ ਹੈ ਇਸ ਨੂੰ ਰਾਸ਼ਟਰੀ ਆਮਦਨ 'ਚੋਂ ਕੇਵਲ ਸੱਤਵਾਂ ਹਿੱਸਾ ਦਿੱਤਾ ਜਾਂਦਾ ਹੈ। ਖੇਤੀਬਾੜੀ ਖੇਤਰ ਦੇ ਵਿਕਾਸ ਦੇ ਨਾਲ-ਨਾਲ ਮਹਿੰਗਾਈ ਨੇ ਵੀ ਸਾਰੇ ਬੰਨ੍ਹ ਤੋੜ ਦਿੱਤੇ ਹਨ। ਪੰਜਾਬ ਅੰਦਰ ਨਸ਼ਿਆਂ ਦੀ ਵਰਤੋਂ ਅਨ੍ਹੇਵਾਹ ਹੋ ਰਹੀ ਹੈ। ਮੌਜੂਦਾ ਸਰਕਾਰ ਲਈ ਮਹਿੰਗਾਈ ਅਤੇ ਨਸ਼ਿਆਂ ਨੂੰ ਠੱਲ੍ਹ ਪਾਉਣੀ ਜ਼ਰੂਰੀ ਮੁੱਦਾ ਹਨ। ਇਨ੍ਹਾਂ ਪਰਿਸਥਿਤੀਆਂ ਉੱਪਰ ਕਾਬੂ ਪਾਉਣ ਲਈ ਰਾਜਨੀਤਿਕ ਇੱਛਾ ਸ਼ਕਤੀ ਨੂੰ ਵਧਾਇਆ ਜਾਵੇ। ਦੇਸ਼ ਦੀ ਆਬਾਦੀ ਨੂੰ ਕੰਟਰੋਲ ਕਰਨ ਦੇ ਨਾਲ-ਨਾਲ ਮਹਿੰਗਾਈ ਅਤੇ ਨਸ਼ਿਆਂ ਨੂੰ ਠੱਲ੍ਹ ਪਾਈ ਜਾਵੇ। ਖੇਤੀਬਾੜੀ ਵਿਕਾਸ ਲਈ ਵਿਸ਼ਵੀਕਰਨ ਉਦਾਰੀਕਰਨ ਕਾਰਪੋਰੇਟ ਮਾਡਲ ਦੇ ਉਦੇਸ਼ਾਂ ਨੂੰ ਸੀਮਤ ਕਰ ਕੇ ਕਾਰਪੋਰੇਟ ਜਗਤ ਪੱਖੀ ਆਰਥਿਕ ਵਿਕਾਸ ਮਾਡਲ ਦੀ ਬਜਾਏ ਲੋਕ ਪੱਖੀ (ਕਿਸਾਨ ਪੱਖੀ) ਆਰਥਿਕ ਵਿਕਾਸ ਮਾਡਲ ਅਪਣਾਇਆ ਜਾਵੇ ਜਿਸ ਦੀ ਮੁੱਖ ਥਾਂ ਜਨਤਕ ਖੇਤਰ ਨੂੰ ਮਿਲੇ ਅਤੇ ਨਿੱਜੀ ਖੇਤਰ ਦੇ ਕੰਮ ਕਾਰਜ (ਭਾਵ ਖੇਤੀਬਾੜੀ) ਲਈ ਸਰਕਾਰ ਦੁਆਰਾ ਨਿਗਰਾਨੀ ਕੀਤੀ ਜਾਵੇ।

### 3.2.2 ਖੇਤਿ ਖੋਜ ਸੰਸਥਾ

ਖੇਤਿ ਖੋਜ ਸੰਸਥਾ ਵੱਲੋਂ ਸਾਲ 2009 ਦੇ ਅਨੁਸਾਰ ਸੂਬੇ ਦੀ ਸਰਕਾਰ ਕਿਸਾਨਾਂ ਨੂੰ ਉਨ੍ਹਾਂ ਦੀਆਂ ਫ਼ਸਲਾਂ ਦਾ ਬਣਦਾ ਮੁੱਲ ਨਾ ਦੇ ਕੇ ਕਿਸਾਨਾਂ ਦਾ ਆਰਥਿਕ ਸ਼ੋਸ਼ਣ ਕਰਦੀ ਹੈ। ਦੂਸਰੇ ਪਾਸੇ ਕਿਸਾਨ ਆਪਣੀ ਆਰਥਿਕ ਸਥਿਤੀ ਨੂੰ ਉੱਚਾ ਕਰਨ ਲਈ ਕਰਜ਼ੇ ਦੀ ਪ੍ਰਕਿਰਿਆ ਦਾ ਸ਼ਿਕਾਰ ਹੋ ਰਹੇ ਹਨ। ਸਰਕਾਰ ਇੱਕ ਪਾਸੇ ਕਿਸਾਨਾਂ ਦਾ ਆਰਥਿਕ ਸ਼ੋਸ਼ਣ ਕਰਦੀ ਹੈ ਅਤੇ ਦੂਸਰੇ ਪਾਸੇ ਮਾਨਸਿਕ ਪ੍ਰੇਸ਼ਾਨੀ ਨੂੰ ਵੀ ਜਨਮ ਦੇ ਰਹੀ ਹੈ।

ਡਾ. ਸੁਰਿੰਦਰ ਸਿੰਘ ਦਾ ਵਿਚਾਰ ਹੈ ਕਿ, "ਕਰਜ਼ਾਈ ਹੋਣਾ ਅਤੇ ਫਿਰ ਉਸ ਕਰਜ਼ੇ ਨੂੰ ਵਾਪਸ ਨਾ ਕਰ ਸਕਣਾ, ਮਾਨਸਿਕ ਪ੍ਰੇਸ਼ਾਨੀ ਨੂੰ ਜਨਮ ਦਿੰਦਾ ਹੈ। ਕਿਸਾਨ ਇਸ ਸਮਾਜ ਵਿੱਚ ਵਿਚਰਦਾ ਹੋਇਆ ਆਪਣੀਆਂ ਹੋਰ ਜ਼ਿੰਮੇਵਾਰੀਆਂ ਨੂੰ ਵੀ ਨਿਭਾਉਂਦਾ ਹੈ। ਜਿਵੇਂ ਕਿ ਬੱਚਿਆਂ ਦੀ ਪੜ੍ਹਾਈ, ਬਿਮਾਰ ਹੋਣ ਦੀ ਹਾਲਤ ਵਿੱਚ ਇਲਾਜ ਦਾ ਪ੍ਰਬੰਧ, ਸਮਾਜਿਕ ਰੀਤੀ ਰਿਵਾਜ਼ਾਂ ਦੀ ਪੂਰਤੀ, ਬੱਚਿਆਂ ਦੀਆਂ ਵਿਆਹ ਸ਼ਾਦੀਆਂ ਅਤੇ ਰੋਜ਼ਾਨਾ ਘਰੇਲੂ ਖ਼ਰਚੇ ਵੀ ਇੱਕ ਕਿਸਾਨ ਨੂੰ ਕਰਨੇ ਪੈਂਦੇ ਹਨ। ਇਹ ਸਭ ਜ਼ਿੰਮੇਵਾਰੀਆਂ ਨਿਭਾਉਣੀਆਂ ਆਮ ਕਿਸਾਨ ਅਤੇ ਆਮ ਆਦਮੀ ਲਈ ਨਿੱਤ ਦੀ ਜਦੋਂ ਜਹਿਦ ਹੈ।" ("ਕਿਸਾਨ ਖ਼ੁਦਕੁਸ਼ੀਆਂ" 69)

ਕਿਸਾਨੀ ਦਾ ਕਰਜ਼ਾਈ ਹੋਣਾ ਕੇਵਲ ਆਰਥਿਕ ਸੰਤਾਪ ਹੀ ਨਹੀਂ ਦਿੰਦਾ ਸਗੋਂ ਮਾਨਸਿਕ ਸੰਤਾਪ ਵੀ ਮਿਲਦਾ ਹੈ। ਇਨ੍ਹਾਂ ਮਾਨਸਿਕ, ਆਰਥਿਕ ਸੰਤਾਪ ਦੇ ਚੱਲਦਿਆਂ ਕਿਸਾਨਾਂ ਨੇ ਆਤਮਹੱਤਿਆ ਵਰਗਾ ਰਾਹ ਅਖ਼ਤਿਆਰ ਕੀਤਾ। ਕਿਸਾਨੀ ਸਿਰ ਕੇਵਲ ਸਰਕਾਰ ਜਾਂ ਬੈਂਕਾਂ ਦੁਆਰਾ ਲਿਆ ਕਰਜ਼ਾ ਹੀ ਨਹੀਂ ਸਗੋਂ ਆੜ੍ਹਤੀਆਂ ਦਾ ਕਰਜ਼ਾ ਵੀ ਸ਼ਾਮਿਲ ਹੈ। ਆੜ੍ਹਤੀਆਂ ਦੁਆਰਾ ਦਿੱਤਾ ਕਰਜ਼ਾ ਕਿਸਾਨੀ ਨੂੰ ਹਰ ਪੱਖੋਂ ਲਿਤਾੜਦਾ ਹੈ।

ਇਸੇ ਮਾਨਸਿਕ ਪ੍ਰੇਸ਼ਾਨੀ ਅਤੇ ਸਮਾਜਿਕ ਹੀਣਤਾ ਤੋਂ ਡਰਦੇ ਹੋਏ ਪੰਜਾਬ ਦੇ ਬਹੁਤ ਸਾਰੇ ਕਿਸਾਨਾਂ ਨੇ ਆਤਮ ਹੱਤਿਆਵਾਂ ਦਾ ਰਾਹ ਅਪਣਾਇਆ।

ਸੁਰਿੰਦਰ ਸਿੰਘ ਸਿੱਧੂ ਦੇ ਲਫ਼ਜ਼ਾਂ ਵਿੱਚ, "ਕਿਸਾਨ ਖ਼ੁਦਕੁਸ਼ੀਆਂ ਦਾ ਮੁੱਖ ਕਾਰਨ ਉਸ ਦੀ ਆੜ੍ਹਤੀਏ ਵੱਲੋਂ ਲੁੱਟ-ਖਸੁੱਟ ਅਤੇ ਪੈਰ-ਪੈਰ 'ਤੇ ਉਸ ਦੀ ਬੇਇੱਜ਼ਤੀ, ਕਿਸੇ ਪਾਸਿਉਂ ਵੀ ਦੋ ਛਿੱਲੜ ਮਿਲਣ ਦੀ ਮਿਟ ਚੁੱਕੀ ਆਸ, ਨਿੱਤ ਦੀ ਮਾਨਸਿਕ ਪ੍ਰੇਸ਼ਾਨੀ, ਡਰ ਭਰਪੂਰ ਜ਼ਿੰਦਗੀ, ਨਾ ਬਰਾਬਰਤਾ ਦਾ ਅਹਿਸਾਸ ਅਤੇ ਆਲੇ-ਦੁਆਲੇ ਤੇਜ਼ੀ ਨਾਲ ਹੋ ਰਹੇ ਵਿਕਾਸ ਦਾ ਚੀਕ ਚਿਹਾੜਾ। ਖੇਤੀਬਾੜੀ ਵਿੱਚ ਸਾਡੇ ਵਿਕਾਸ ਦੀ ਸਭ ਤੋਂ ਵੱਡੀ ਕਮਜ਼ੋਰੀ ਇਹੋ ਹੈ ਕਿ ਅਸੀਂ ਆਮ ਕਿਸਾਨ ਨੂੰ ਇਸ ਵਿਕਾਸ ਦਾ ਹਿੱਸੇਦਾਰ ਨਹੀਂ ਬਣਾਇਆ। ਸਰਮਾਏਦਾਰੀ ਵਿਕਾਸ ਦੀ ਅੰਤਰ ਵਿਰੋਧਤਾ ਨੇ ਛੋਟੇ ਕਿਸਾਨ ਅਤੇ ਖੇਤ ਮਜ਼ਦੂਰ ਦਾ ਕਚੂਮਰ ਕੱਢ ਕੇ ਰੱਖ ਦਿੱਤਾ। ਇਸ ਵਿਕਾਸ ਵਿੱਚ ਆਪਣੇ ਬਣਦੇ ਹੱਕ ਨੂੰ ਨਾ ਮਿਲਦਾ ਵੇਖ ਕੇ ਆਪਣਾ ਮਾਨਸਿਕ ਸੰਤੁਲਨ ਗੁਆ ਬੈਠਾ ਹੈ।" ("ਕਿਸਾਨ ਖ਼ੁਦਕੁਸ਼ੀਆਂ" 101)

ਮਨੋਵਿਗਿਆਨਿਕ ਸਾਇੰਸ ਮਨੁੱਖੀ ਖ਼ੁਦਕੁਸ਼ੀ ਨੂੰ ਸਾਧਾਰਨ ਪ੍ਰਕਿਰਿਆ ਨਹੀਂ ਮੰਨਦੀ ਇਹ ਤਾਂ ਅੱਤ ਮੁਸ਼ਕਿਲਾਂ ਵਿੱਚੋਂ ਪੈਦਾ ਹੁੰਦੀ ਹੈ ਜੋ ਮਨੁੱਖ ਆਪਣੇ ਆਪ ਨੂੰ ਅਣਸੁਖਾਵੀਂ ਪਰਿਸਥਿਤੀ ਵਿੱਚੋਂ ਕੱਢਣ ਲਈ ਕਰਦਾ ਹੈ। ਖ਼ੁਦਕੁਸ਼ੀ ਕਰਨ ਵਾਲਾ ਵਿਅਕਤੀ ਆਮ ਤੌਰ 'ਤੇ ਆਪਣੀ ਮਾਨਸਿਕ ਪ੍ਰੇਸ਼ਾਨੀ ਕਾਰਨ ਮਾਨਸਿਕ ਸੰਤੁਲਨ ਗਵਾ ਬੈਠਦਾ ਹੈ। ਇਸ ਤਰ੍ਹਾਂ ਕਹਿ ਸਕਦੇ ਹਾਂ ਕਿ ਕਿਸਾਨੀ ਜੀਵਨ ਨੂੰ ਕਰਜ਼ੇ ਦੀ ਪ੍ਰਕਿਰਿਆ ਆਰਥਿਕ, ਮਾਨਸਿਕ ਅਤੇ ਸਮਾਜਿਕ ਪੱਖੋਂ ਨਪੀੜ ਰਹੀ ਹੈ। ਕਿਸਾਨੀ ਉੱਪਰ ਕੇਵਲ ਆਰਥਿਕ ਅਤੇ ਮਾਨਸਿਕ ਸੰਤਾਪ ਦੇ ਪ੍ਰਭਾਵ ਹੀ ਨਹੀਂ ਪੈਂਦੇ ਸਗੋਂ ਰਾਜਨੀਤਿਕ ਪੱਖੋਂ ਵੀ ਕਿਸਾਨੀ ਨੂੰ ਸੰਕਟ ਝੱਲਣੇ ਪੈ ਰਹੇ ਹਨ। ਸੂਬੇ ਦੀ ਸਰਕਾਰ ਕਹਿਣ ਨੂੰ ਤਾਂ ਕਿਸਾਨਾਂ ਨੂੰ ਬਿਜਲੀ ਮੁਫ਼ਤ ਦਿੰਦੀ ਹੈ। ਜਦੋਂ ਕਿ ਕਿਸਾਨਾਂ ਦਾ

ਮੁਫ਼ਤ ਬਿਜਲੀ ਦੇ ਨਾਮ 'ਤੇ ਆਰਥਿਕ ਸ਼ੋਸ਼ਣ ਕੀਤਾ ਜਾਂਦਾ ਹੈ। ਜਿਵੇਂ ਭਾਖੜਾ ਨੰਗਲ ਡੈਮ ਨੂੰ ਪੰਜਾਬ ਦਾ ਸਭ ਤੋਂ ਵੱਡਾ ਬਿਜਲੀ ਹਾਈਡਲ ਪ੍ਰਾਜੈਕਟ ਆਖ ਸਕਦੇ ਹਾਂ। ਪਰ ਉਨ੍ਹਾਂ ਤੋਂ ਪੰਜਾਬ ਦੇ ਕਿਸਾਨਾਂ ਨੂੰ ਬਿਜਲੀ ਪ੍ਰਾਪਤ ਨਹੀਂ ਹੁੰਦੀ।

ਸੂਬੇ ਦੀ ਸਰਕਾਰ ਗੁਆਂਢੀ ਰਾਜਾਂ ਨੂੰ ਬਿਜਲੀ ਦੇ ਰਹੀ ਹੈ, ਜਦੋਂ ਕਿ ਪੰਜਾਬ ਦੇ ਕਿਸਾਨ ਬਿਜਲੀ ਦੀ ਮੰਗ ਕਰਦੇ ਹਨ ਤਾਂ ਇਹ ਕਿਹਾ ਜਾਂਦਾ ਹੈ ਕਿ ਸੂਬੇ ਵਿੱਚ ਬਿਜਲੀ ਪੂਰੀ ਨਹੀਂ ਹੋ ਰਹੀ। ਜਦੋਂ ਪੰਜਾਬੀਆਂ ਦੀ ਗੱਲ ਆਉਂਦੀ ਹੈ ਤਾਂ ਸਾਡੀ ਸਰਕਾਰ ਇਹ ਕਹਿ ਕੇ ਸਾਰ ਦਿੰਦੀ ਹੈ ਕਿ ਹਰਿਆਣਾ ਪਹਿਲਾ ਹੀ ਪੰਜਾਬ ਦਾ ਹਿੱਸਾ ਸੀ, ਇਸ ਲਈ ਪਾਣੀ ਦਿੱਤਾ ਜਾ ਰਿਹਾ ਹੈ ਫਿਰ ਪੰਜਾਬ ਸਰਕਾਰ ਗੁਆਂਢੀ ਰਾਜਾਂ ਤੋਂ ਬਿਜਲੀ ਕਿਉਂ ਮੁੱਲ ਲੈ ਰਹੀ ਹੈ? ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਨੇ ਕਿਤੇ ਵੀ ਮੁਫ਼ਤ ਬਿਜਲੀ ਦੀ ਮੰਗ ਨਹੀਂ ਕੀਤੀ। ਸਗੋਂ 24 ਘੰਟੇ ਬਿਜਲੀ ਦੀ ਮੰਗ ਕੀਤੀ ਹੈ। 24 ਘੰਟੇ ਬਿਜਲੀ ਨਾ ਮਿਲਣ ਕਾਰਨ ਕਿਸਾਨਾਂ ਨੂੰ ਟਿਊਬੈੱਲਾਂ ਦੀ ਪਾਵਰ ਵਧਾਉਣੀ, ਜਨਰੇਟਰ ਖ਼ਰੀਦਣੇ ਆਦਿ ਖ਼ਰਚੇ ਝੱਲਣੇ ਪੈ ਰਹੇ ਹਨ। ਹਰੀ ਕ੍ਰਾਂਤੀ ਨੇ ਪੰਜਾਬ ਵਿੱਚ ਜੰਗਲਾਤ ਦਾ ਨਾਮੋ ਨਿਸ਼ਾਨ ਮਿਟਾ ਦਿੱਤਾ ਹੈ। ਫ਼ਸਲਾਂ 'ਤੇ ਹੋਣ ਵਾਲੀਆਂ ਸਪਰੇਆਂ, ਖਾਦਾਂ, ਕੀਟਨਾਸ਼ਕ ਦਵਾਈਆਂ ਫ਼ਸਲ ਰਾਹੀਂ ਕਿਸਾਨ ਦੇ ਖ਼ੂਨ ਵਿੱਚ ਰਚ ਗਈਆਂ ਹਨ ਜਿਸ ਕਾਰਨ ਪੰਜਾਬ ਦੇ ਪਾਣੀ ਵਿੱਚ ਯੂਰੇਨੀਅਮ ਦੀ ਮਾਤਰਾ ਵੱਧਣ ਲੱਗੀ ਹੈ। ਇਸੇ ਕਾਰਨ ਪੰਜਾਬ ਵਿੱਚ ਕੈਂਸਰ ਦੀ ਬਿਮਾਰੀ ਵੱਧ ਰਹੀ ਹੈ। ਕਿਹਾ ਜਾਂਦਾ ਹੈ ਕਿ ਦਰਿਆਵਾਂ ਦਾ ਪਾਣੀ ਪਾਕਿਸਤਾਨ ਜਾਂਦਾ ਹੈ ਪਰ ਅਸਲ ਵਿੱਚ ਕੋਈ ਵੀ ਪਾਣੀ ਪਾਕਿਸਤਾਨ ਨੂੰ ਨਹੀਂ ਜਾਂਦਾ। ਰਾਵੀ, ਸਤਲੁਜ ਅਤੇ ਬਿਆਸ ਤਿੰਨਾਂ ਦਰਿਆਵਾਂ ਉੱਪਰ ਅਜਿਹੇ ਬੰਨ੍ਹ ਮਾਰੇ ਗਏ ਹਨ ਕਿ ਦਰਿਆ ਦਾ ਪਾਣੀ ਪਾਕਿਸਤਾਨ ਵਿੱਚ ਦਾਖ਼ਲ ਹੋਣ ਤੋਂ ਪਹਿਲਾ ਹੀ ਖ਼ੁਸ਼ਕ ਹੋ ਜਾਂਦਾ ਹੈ। ਸੂਬੇ ਦੀ ਸਰਕਾਰ ਕਿਸਾਨਾਂ ਨੂੰ ਰਾਜਨੀਤਿਕ ਤੌਰ 'ਤੇ ਗੁੰਮਰਾਹ ਕਰ ਰਹੀ ਹੈ। ਜੇਕਰ ਪਾਕਿਸਤਾਨ ਨੂੰ ਪਾਣੀ ਜਾਂਦਾ ਵੀ ਹੈ ਤਾਂ ਕੇਵਲ ਹੜ੍ਹਾਂ ਦਾ ਪਾਣੀ ਹੀ ਪਾਕਿਸਤਾਨ ਪਹੁੰਚਦਾ ਹੈ।

### 3.2.3 22 ਮਾਰਚ 2001 ਦਾ ਐਲਾਨਨਾਮਾ

ਸੂਬੇ ਦੀ ਸਰਕਾਰ ਨੇ ਉਦਾਰੀਕਰਨ, ਵਿਸ਼ਵੀਕਰਨ, ਮੰਡੀਕਰਨ ਦੀਆਂ ਨੀਤੀਆਂ ਤਾਂ ਅਪਣਾਈਆਂ ਪਰ ਇਨ੍ਹਾਂ ਦਾ ਕਿਤੇ ਵੀ ਕਿਸਾਨਾਂ ਲਈ ਯੋਗ ਪ੍ਰਬੰਧ ਨਹੀਂ ਕੀਤਾ। ਕਿਸਾਨਾਂ ਨੂੰ ਕਈ-ਕਈ ਦਿਨ ਆਪਣੀ ਫ਼ਸਲ ਲਈ ਮੰਡੀਆਂ ਵਿੱਚ ਬੈਠਣਾ ਪੈਂਦਾ ਹੈ। ਸਰਕਾਰ ਦੁਆਰਾ ਮੰਡੀਆਂ ਦਾ ਪੁਖ਼ਤਾ ਇੰਤਜ਼ਾਮ ਨਾ ਕਰਨ ਕਰ ਕੇ ਇੱਕ ਪਾਸੇ ਕਿਸਾਨਾਂ ਦੀ ਫ਼ਸਲ ਖ਼ਰਾਬ ਹੋ ਰਹੀ ਹੈ ਅਤੇ ਦੂਸਰੇ ਪਾਸੇ ਉਨ੍ਹਾਂ ਨੂੰ ਆਰਥਿਕ ਅਤੇ ਮਾਨਸਿਕ ਪੱਖੋਂ ਨਪੀੜ ਰਹੀ ਹੈ। ਫ਼ਸਲ ਦੀ ਵਿੱਕਰੀ ਲਈ ਕਿਸਾਨਾਂ ਨੂੰ ਮੰਡੀਆਂ ਵਿੱਚ ਕਈ-ਕਈ ਦਿਨ ਬੈਠਣਾ ਪੈਂਦਾ ਹੈ। ਅਜਿਹੀਆਂ ਕਈ ਕਿਸਮ ਦੀਆਂ ਸਮੱਸਿਆਵਾਂ ਕਾਰਨ ਕਿਸਾਨ ਖ਼ੁਦਕੁਸ਼ੀਆਂ ਕਰਦੇ ਹਨ। ਸਾਡੀ ਸਰਕਾਰ ਇਸ ਨੂੰ ਰੋਕਣ ਦੀ ਥਾਂ ਇਸ ਨੂੰ ਹੋਰ ਵਧਾ ਰਹੀ ਹੈ ਜਿਵੇਂ:

ਸੁਰਿੰਦਰ ਸਿੰਘ ਸਿੱਧੂ ਦਾ ਲਿਖਣਾ ਹੈ ਕਿ, "22 ਮਾਰਚ 2001 ਨੂੰ ਪੰਜਾਬ ਸਰਕਾਰ ਨੇ ਇਹ ਮੰਨਿਆ ਕਿ ਕਿਸਾਨ ਖ਼ੁਦਕੁਸ਼ੀਆਂ ਕਰ ਰਹੇ ਹਨ। ਪੰਜਾਬ ਸਰਕਾਰ ਦੇ ਉਸ ਵੇਲੇ ਦੇ ਵਿੱਤ ਮੰਤਰੀ ਨੇ ਬਜਟ ਪੇਸ਼ ਕਰਦੇ ਹੋਏ

ਆਪਣੇ ਭਾਸ਼ਣ ਵਿੱਚ ਇਹ ਮੰਨਿਆ ਕਿ ਜੋ ਕਿਸਾਨ ਕਰਜ਼ੇ ਦੇ ਬੋਝ ਕਾਰਨ ਖ਼ੁਦਕੁਸ਼ੀਆਂ ਕਰ ਚੁੱਕੇ ਹਨ ਉਨ੍ਹਾਂ ਦੇ ਪਰਿਵਾਰਾਂ ਨੂੰ 2001 ਤੋਂ ਬਾਅਦ 2.5 ਲੱਖ ਰੁਪਏ ਦੀ ਰਾਸ਼ੀ ਮੁਆਵਜ਼ੇ ਵਜੋਂ ਦਿੱਤੀ ਜਾਵੇਗੀ। ਇਹ ਤੈਅ ਕਰਨ ਲਈ ਕਿ ਵਾਕਿਆ ਹੀ ਖ਼ੁਦਕੁਸ਼ੀ ਕਰਨ ਵਾਲਾ ਇੱਕ ਕਿਸਾਨ ਸੀ ਅਤੇ ਕਰਜ਼ੇ ਦਾ ਦੱਬਿਆ ਹੋਇਆ ਸੀ ਬਾਰੇ ਪੂਰੀ ਜਾਂਚ-ਪੜਤਾਲ ਕੀਤੀ ਜਾਵੇਗੀ ਤੇ ਫਿਰ ਹੀ ਇਹ ਪੈਸਾ ਦਿੱਤਾ ਜਾਵੇਗਾ। ਇੱਕ ਸਾਲ ਲਈ ਉਨ੍ਹਾਂ ਨੇ ਬਜਟ ਲਈ ਦੋ ਕਰੋੜ ਦੀ ਰਾਸ਼ੀ ਵੀ ਸੁਰੱਖਿਅਤ ਰੱਖ ਲਈ। ਦੋ ਕਰੋੜ ਦੀ ਰਾਸ਼ੀ ਇਸ ਲਈ ਰੱਖੀ ਗਈ ਕਿ ਸ਼ਾਇਦ ਸਰਕਾਰ ਨੂੰ ਇਹ ਅਗੇਤਰਾਂ ਹੀ ਅਨੁਮਾਨ ਸੀ ਕਿ ਆਉਣ ਵਾਲੇ ਮਾਲੀ ਸਾਲ ਵਿੱਚ ਕੋਈ ਸੌ ਦੇ ਕਰੀਬ ਕਿਸਾਨ ਖ਼ੁਦਕੁਸ਼ੀਆਂ ਕਰਨਗੇ ਤੇ ਸਰਕਾਰ ਉਨ੍ਹਾਂ ਦੇ ਪਰਿਵਾਰਾਂ ਨੂੰ ਮੁਆਵਜ਼ਾ ਦੇਵੇਗੀ। ਦੂਰ-ਅੰਦੇਸ਼ੀ ਵਾਲੀ ਸਾਡੀ ਸਰਕਾਰ ਹੈਰਾਨੀਜਨਕ ਐਲਾਨ ਕਰ ਰਹੀ ਹੈ ਕਿ ਆਉ ਪੰਜਾਬ ਦੇ ਸੂਰਬੀਰ ਕਿਸਾਨੋ ਤੁਸੀਂ ਖ਼ੁਦਕੁਸ਼ੀਆਂ ਕਰੋ ਅਸੀਂ ਤੁਹਾਡੇ ਪਰਿਵਾਰਾਂ ਨੂੰ ਮੁਆਵਜ਼ਾ ਦੇਵਾਂਗੇ। ਕੀ ਪੰਜਾਬ ਸਰਕਾਰ ਦੇ ਖ਼ਿਲਾਫ਼ ਭੋਲੇ-ਭਾਲੇ ਕਿਸਾਨਾਂ ਨੂੰ ਖ਼ੁਦਕੁਸ਼ੀ ਕਰਨ ਲਈ ਉਕਸਾਉਣ ਅਤੇ ਹੱਲਾ ਸ਼ੇਰੀ ਦੇਣ ਦਾ ਕੰਮ ਨਹੀਂ ਬਣਦਾ।" ("ਕਿਸਾਨ ਖ਼ੁਦਕੁਸ਼ੀਆਂ" 49)

ਸੂਬੇ ਦੀ ਸਰਕਾਰ ਖ਼ੁਦਕੁਸ਼ੀ ਕੀਤੇ ਕਿਸਾਨਾਂ ਲਈ ਮੁਆਵਜ਼ੇ ਤਾਂ ਘੋਸ਼ਿਤ ਕਰਦੀ ਹੈ ਪਰ ਕਿਤੇ ਵੀ ਠੋਸ ਰੂਪ ਵਿੱਚ ਕਿਸਾਨਾਂ ਦੀ ਜਾਂ ਉਨ੍ਹਾਂ ਦੇ ਪਰਿਵਾਰਾਂ ਦੀ ਮਾਲੀ ਸਹਾਇਤਾ ਨਹੀਂ ਕਰਦੀ। ਜੋ ਕਾਗ਼ਜ਼ੀ ਕਾਰਵਾਈ ਵਿੱਚ ਕਿਹਾ ਜਾਂਦਾ ਹੈ ਉਹ ਸਹਾਇਤਾ ਖ਼ੁਦਕੁਸ਼ੀ ਕਰਨ ਵਾਲੇ ਕਿਸਾਨ ਦੇ ਪਰਿਵਾਰ ਨੂੰ ਨਹੀਂ ਮਿਲਦੀ। ਕਿਸਾਨਾਂ ਦੇ ਪਰਿਵਾਰਾਂ ਨੂੰ ਕਿਸਾਨਾਂ ਵੱਲੋਂ ਕੀਤੀ ਖ਼ੁਦਕੁਸ਼ੀ ਨੂੰ ਸਾਬਿਤ ਕਰਨ ਵਿੱਚ ਸਰਕਾਰ ਅੱਗੇ ਕਈ ਸਾਲ ਲੱਗ ਜਾਂਦੇ ਹਨ। ਇਸ ਸਭ ਦਾ ਮਾਨਸਿਕ ਅਤੇ ਸਮਾਜਿਕ ਤਸ਼ੱਦਦ ਕਿਸਾਨਾਂ ਦੇ ਪਰਿਵਾਰ ਨੂੰ ਝੱਲਣਾ ਪੈਂਦਾ ਹੈ। ਖ਼ੁਦਕੁਸ਼ੀਆਂ ਕਰਨ ਵਾਲੇ ਕਿਸਾਨਾਂ ਦੇ ਪਰਿਵਾਰ ਰਾਜਸੀ ਸ਼ੋਸ਼ਣ ਦੇ ਸ਼ਿਕਾਰ ਹੁੰਦੇ ਹਨ। ਇੱਥੇ ਹੀ ਬਸ ਨਹੀਂ ਸਗੋਂ ਕਿਸਾਨਾਂ ਤੋਂ ਗੁੱਝਾ ਆਮਦਨ ਕਰ ਲਿਆ ਜਾਂਦਾ ਹੈ। ਜਿਸ ਬਾਰੇ ਕਿਸਾਨਾਂ ਨੂੰ ਕੋਈ ਜਾਣਕਾਰੀ ਨਹੀਂ। ਸਰਕਾਰ ਕਰੋੜਾਂ ਦਾ ਚੂਨਾ ਕਿਸਾਨਾਂ ਨੂੰ ਲਾ ਰਹੀ ਹੈ ਅਤੇ ਇਹ ਪੈਸਾ ਕਿਤੇ ਵੀ ਕਿਸਾਨਾਂ ਦੀ ਭਲਾਈ ਲਈ ਨਹੀਂ ਵਰਤਿਆ ਗਿਆ।

### 3.2.4 ਸਾਲ 2003 ਦਾ ਸਰਵੇਖਣ ਅਤੇ ਗਰੀਨ ਬਾਕਸ

ਨਵ ਉਦਾਰਵਾਦੀ ਨੀਤੀਆਂ ਅਪਣਾਉਣ ਨਾਲ ਕਿਸਾਨੀ ਜੀਵਨ ਤਾਂ ਬਰਬਾਦੀ ਦੇ ਰਾਹ 'ਤੇ ਗਿਆ ਹੀ ਹੈ ਸਗੋਂ ਇਸ ਦੇ ਹੋਰ ਵੀ ਬਹੁਤ ਸਾਰੇ ਨੁਕਸਾਨ ਹੋਏ ਹਨ। ਮਹਿੰਗਾਈ ਦਿਨ ਪ੍ਰਤੀ ਦਿਨ ਵੱਧਦੀ ਜਾ ਰਹੀ ਹੈ। ਇਸ ਦਾ ਪ੍ਰਭਾਵ ਕੇਵਲ ਕਿਸਾਨਾਂ ਉੱਪਰ ਹੀ ਨਹੀਂ ਸਗੋਂ ਉਨ੍ਹਾਂ ਦੇ ਪਰਿਵਾਰਾਂ 'ਤੇ ਵੀ ਪਿਆ ਹੈ। ਭਾਰਤ ਦੇ ਕਿਸਾਨਾਂ ਦੀ ਭੂਮੀ ਬਹੁ ਕੌਮੀ ਕੰਪਨੀਆਂ ਅਤੇ ਕਾਰਪੋਰੇਟ ਮਾਡਲ ਕੋਲ ਵਿਕ ਰਹੀ ਹੈ। ਇਹ ਨਵ ਉਦਾਰਵਾਦੀ ਵਿਸ਼ਵੀਕਰਨ ਨਿੱਜੀਕਰਨ ਦੀਆਂ

ਨੀਤੀਆਂ ਦਾ ਹੀ ਨਤੀਜਾ ਹੈ। ਸਾਲ 2003 ਦੇ ਸਰਵੇਖਣ ਮੁਤਾਬਿਕ ਇੱਕ ਨਿਮਨ ਕਿਸਾਨ ਦੀ ਪ੍ਰਤੀ ਦਿਨ 2 ਡਾਲਰ ਤੋਂ ਵੀ ਘੱਟ ਆਮਦਨ ਹੈ। ਇਹੋ ਜਿਹੀ ਸਥਿਤੀ ਹੀ ਪੰਜਾਬ ਦੇ ਕਿਸਾਨਾਂ ਦੀ ਹੈ।

ਕਿਸਾਨਾਂ ਦੀ ਹਰ ਸਾਲ ਲਗਾਤਾਰ ਆਮਦਨ ਘੱਟ ਰਹੀ ਹੈ ਅਤੇ ਨੌਜਵਾਨਾਂ ਵਿੱਚ ਬੇਰੁਜ਼ਗਾਰੀ ਵੱਧ ਰਹੀ ਹੈ। ਨਿਮਨ ਕਿਸਾਨੀ ਖੇਤੀ ਦੀ ਪ੍ਰਕਿਰਿਆ 'ਚੋਂ ਬਾਹਰ ਹੋ ਰਹੀ ਹੈ। ਕਿਸਾਨਾਂ ਦੇ ਬੱਚਿਆਂ ਨੂੰ ਸਰਕਾਰ ਵੱਲੋਂ ਕੋਈ ਨੌਕਰੀ ਪ੍ਰਾਪਤ ਨਾ ਹੋਣ ਕਾਰਨ ਇਨ੍ਹਾਂ ਵਿੱਚ ਬੇਰੁਜ਼ਗਾਰੀ ਵੱਧ ਗਈ ਹੈ। ਕਿਸਾਨਾਂ ਦੇ ਬੱਚੇ ਪਿੰਡਾਂ ਵਿੱਚ ਵਿਹਲੇ ਫਿਰ ਰਹੇ ਹਨ ਜਾਂ ਕਿਸੇ ਛੋਟੀ-ਮੋਟੀ ਨੌਕਰੀ ਲਈ ਸ਼ਹਿਰਾਂ ਵੱਲ ਜਾ ਰਹੇ ਹਨ।

> "ਪੰਜਾਬ ਦੇ ਕਿਸਾਨਾਂ ਉੱਪਰ ਕਰੀਬ 50 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਹੈ ਜਿਸ ਕਾਰਨ ਕਿਸਾਨਾਂ ਨੂੰ ਸ਼ਹਿਰਾਂ ਵੱਲ ਕੂਚ ਕਰਨਾ ਪੈ ਰਿਹਾ ਹੈ। ਕਿਉਂਕਿ ਰੁਜ਼ਗਾਰ ਦੇ ਸਾਧਨ ਅਤੇ ਉਦਯੋਗ ਸ਼ਹਿਰਾਂ ਵਿੱਚ ਹੀ ਕੇਂਦਰਿਤ ਹਨ। ਪ੍ਰੰਤੂ ਸ਼ਹਿਰਾਂ ਵਿੱਚ ਵੀ ਨੌਕਰੀ ਪ੍ਰਾਪਤ ਕਰਨ ਲਈ ਸਖ਼ਤ ਮੁਕਾਬਲਾ ਹੈ। ਇਸ ਲਈ ਸ਼ਹਿਰਾਂ ਵਿੱਚ ਬਹੁਤ ਘੱਟ ਪੇਂਡੂ ਨੌਜਵਾਨਾਂ ਨੂੰ ਹੀ ਨੌਕਰੀ ਪ੍ਰਾਪਤ ਹੁੰਦੀ ਹੈ। ਛੋਟੇ ਕਿਸਾਨ ਬੇਜ਼ਮੀਨੇ ਕਿਸਾਨ ਅਤੇ ਖੇਤ ਮਜ਼ਦੂਰਾਂ ਦੇ ਬੱਚੇ ਛੋਟੀਆਂ-ਮੋਟੀਆਂ ਨੌਕਰੀਆਂ ਲਈ ਥਾਂ-ਥਾਂ ਭਟਕ ਰਹੇ ਹਨ।" ("ਪਿੰਡਾਂ ਵਿੱਚ ਨੌਜਵਾਨਾਂ ਦੀ ਵਧ ਰਹੀ ਬੇਰੁਜ਼ਗਾਰੀ", *ਮਾਡਰਨ ਖੇਤੀ,* 30 ਸਤੰਬਰ 2011, 10)

ਕਿਸਾਨਾਂ ਦੀ ਆਰਥਿਕ ਸਥਿਤੀ ਹਰ ਰੋਜ਼ ਨਿਘਾਰ ਵੱਲ ਜਾ ਰਹੀ ਹੈ। ਉਨ੍ਹਾਂ ਦੇ ਬੱਚਿਆਂ ਲਈ ਕੋਈ ਸਿੱਖਿਆ, ਨੌਕਰੀ ਰੁਜ਼ਗਾਰ ਦਾ ਪ੍ਰਬੰਧ ਨਹੀਂ ਕੀਤਾ ਗਿਆ। ਜੇਕਰ ਕੀਤਾ ਵੀ ਜਾਂਦਾ ਹੈ ਤਾਂ ਉਹ ਨਾ ਮਾਤਰ ਹੀ ਹੈ। ਕਿਸਾਨਾਂ ਦੇ ਬੱਚੇ ਨਿੱਕੀਆਂ-ਮੋਟੀਆਂ ਨੌਕਰੀਆਂ ਲਈ ਦੂਰ-ਦੂਰ ਭਟਕ ਰਹੇ ਹਨ। ਕਿਸਾਨਾਂ ਲਈ ਕੋਈ ਵੀ ਸਬਸਿਡੀਆਂ ਨਹੀਂ ਹੈ। ਪਹਿਲਾ ਤੇਲ, ਬੀਜ, ਖਾਦਾਂ ਉੱਪਰ ਸਬਸਿਡੀਆਂ ਦਿੱਤੀਆਂ ਜਾਂਦੀਆਂ ਸਨ। ਤੇਲ ਉੱਪਰ ਕਦੋਂ ਦੀ ਸਬਸਿਡੀ ਖ਼ਤਮ ਕਰ ਦਿੱਤੀ ਗਈ ਹੈ। ਪੰਜਾਬ ਵਿੱਚ ਸਬਸਿਡੀਆਂ ਨਾ ਮਾਤਰ ਹੀ ਹਨ। ਕਿਸਾਨਾਂ ਲਈ ਕਰਜ਼ਾ ਲੈਣਾ ਵੀ ਆਸਾਨ ਨਹੀਂ। ਬੈਂਕ/ਸਰਕਾਰੀ ਕਰਮਚਾਰੀ ਕਿਸਾਨਾਂ ਨੂੰ ਕਰਜ਼ਾ ਪਾਸ ਕਰਨ ਸਮੇਂ ਆਰਥਿਕ ਪੱਖੋਂ ਨਪੀੜਦੇ ਹਨ। ਪੰਜਾਬ ਵਿੱਚ ਨਿਮਨ ਕਿਸਾਨਾਂ ਲਈ ਸਬਸਿਡੀਆਂ ਨਹੀਂ ਦਿੱਤੀਆਂ ਜਾਂਦੀਆਂ। ਜਦੋਂ ਕਿ ਅਮਰੀਕਾ ਵਿੱਚ ਨਿਮਨ ਕਿਸਾਨਾਂ ਨੂੰ ਇੰਨੀਆਂ ਸਬਸਿਡੀਆਂ ਦਿੱਤੀਆਂ ਜਾਂਦੀਆਂ ਹਨ ਕਿ 10 ਫੀਸਦੀ ਫ਼ਾਇਦਾ ਅਮੀਰ ਕਿਸਾਨਾਂ ਨੂੰ ਵੀ ਹੁੰਦਾ ਹੈ। ਚੀਨ ਵਰਗੇ ਦੇਸ਼ ਵਿੱਚ ਕਿਸਾਨਾਂ ਦੀ ਫ਼ਸਲ ਦਾ ਵੱਢਣ ਤੋਂ ਪਹਿਲਾ ਬੀਮਾ ਕੀਤਾ ਜਾਂਦਾ ਹੈ ਜਦੋਂ ਕਿ ਭਾਰਤ ਸਰਕਾਰ ਅਜਿਹਾ ਕੁੱਝ ਨਹੀਂ ਕਰਦੀ।

> ਡਾ. ਗਿਆਨ ਸਿੰਘ ਦੀ ਰਾਇ ਹੈ ਕਿ, "ਇੱਥੇ ਇਹ ਦੱਸਣਾ ਬਹੁਤ ਉਚਿੱਤ ਹੈ ਕਿ ਦੁਨੀਆ ਦੇ ਵਿਕਸਿਤ ਦੇਸ਼ ਸਬਸਿਡੀਆਂ ਦੀ ਇਸ ਹੱਦ ਤੋਂ ਬਚਣ ਲਈ ਆਪਣੇ ਖੇਤੀਬਾੜੀ ਖੇਤਰ ਨੂੰ ਵੱਡੀ ਮਾਤਰਾ ਵਿੱਚ ਗਰੀਨ ਬਾਕਸ ਦੇ ਨਾਂ ਥੱਲੇ ਸਬਸਿਡੀਆਂ ਦੇ ਰਹੇ ਹਨ। ਇਸੇ ਕਰ ਕੇ ਖੇਤੀਬਾੜੀ ਸਬਸਿਡੀਆਂ ਦੇ ਸੰਬੰਧ ਵਿੱਚ ਵਿਸ਼ਵ ਵਪਾਰ ਸੰਗਠਨ ਦੇ ਸੰਮੇਲਨਾਂ ਦੌਰਾਨ ਕਦੇ ਵੀ ਇਨ੍ਹਾਂ ਗਰੀਨ ਬਾਕਸ ਸਬਸਿਡੀਆਂ ਬਾਰੇ ਚਰਚਾ ਨਹੀਂ ਕੀਤੀ ਗਈ।

ਭਾਰਤ ਦੇ ਸੰਬੰਧ ਵਿੱਚ ਅਨਾਜ ਸੁਰੱਖਿਆ ਲਈ ਦਿੱਤੀ ਜਾਣ ਵਾਲੀ ਸਬਸਿਡੀ ਨੂੰ ਖੇਤੀਬਾੜੀ ਸਬਸਿਡੀਆਂ ਵਿੱਚ ਸ਼ਾਮਿਲ ਕਰ ਕੇ ਦੇਖਿਆ ਜਾ ਰਿਹਾ ਹੈ, ਜਦੋਂ ਕਿ ਸੰਨ 1995 ਤੋਂ 2001 ਤੱਕ ਅਮਰੀਕਾ ਨੇ ਖੇਤੀਬਾੜੀ ਖੇਤਰ ਨੂੰ ਦਿੱਤੀਆਂ ਜਾਣ ਵਾਲੀਆਂ ਸਬਸਿਡੀਆਂ ਦੀ ਰਕਮ ਦੁੱਗਣੀ ਕਰ ਦਿੱਤੀ ਹੈ। ਭਾਰਤ ਵਿੱਚ ਪਿਛਲੇ ਤਿੰਨ ਸਾਲਾਂ ਦੌਰਾਨ ਕਾਰਪੋਰੇਟ ਜਗਤ ਅਤੇ ਖ਼ੁਸ਼ਹਾਲ ਲੋਕਾਂ ਨੂੰ 1500,000 ਕਰੋੜ ਰੁਪਏ ਤੋਂ ਵੱਧ ਦੀਆਂ ਸਬਸਿਡੀਆਂ ਤੇ ਆਰਥਿਕ ਰਿਆਇਤਾਂ ਦਿੱਤੀਆਂ ਗਈਆਂ ਹਨ, ਜਿਨ੍ਹਾਂ ਦੇ ਸੰਬੰਧ ਵਿੱਚ ਵਿਸ਼ਵ ਵਪਾਰ ਸੰਗਠਨ ਨੂੰ ਕੋਈ ਵੀ ਇਤਰਾਜ਼ ਨਹੀਂ ਹੈ।" ("ਭਾਰਤ ਵਿਚ ਖੇਤੀ ਬਾੜੀ ਸਬਸਿਡੀਆਂ ਜਾਰੀ ਰੱਖਣ ਦੀ ਲੋੜ" *ਪਟਿਆਲਾ: ਖੇਤੀ ਦੁਨੀਆ,* 28-12-2013, 9)

ਵਿਚਾਰਨ ਵਾਲੀ ਗੱਲ ਇਹ ਹੈ ਕਿ ਪੰਜਾਬ ਵਿੱਚ ਕਿਸਾਨਾਂ ਨੂੰ ਕਿਸੇ ਕਿਸਮ ਦੀ ਗਰੀਨ ਬਾਕਸ ਅਧੀਨ ਕੋਈ ਸਬਸਿਡੀ ਨਹੀਂ ਦਿੱਤੀ ਜਾਂਦੀ। ਭਾਰਤ ਸਥਿਤ ਪੰਜਾਬ ਆਰਥਿਕ ਤੌਰ 'ਤੇ ਤਰੱਕੀ ਕਰਨਾ ਚਾਹੁੰਦਾ ਹੈ ਤਾਂ ਖੇਤੀ ਖੇਤਰ ਦਾ ਆਰਥਿਕ ਪੱਖੋਂ ਵਿਕਾਸ ਕਰਨਾ ਪਵੇਗਾ। ਕੇਵਲ ਰਾਜਨੀਤਿਕ ਅਤੇ ਆਰਥਿਕ ਹੀ ਕਿਸਾਨੀ ਦਾ ਸ਼ੋਸ਼ਣ ਨਹੀਂ ਕੀਤਾ ਜਾਂਦਾ ਸਗੋਂ ਸਮਾਜਿਕ ਖੇਤਰ ਵਿੱਚ ਵੀ ਨਿਮਨ ਕਿਸਾਨੀ ਨੂੰ ਨਪੀੜਿਆ ਜਾਂਦਾ ਹੈ। ਕਿਉਂਕਿ ਭਾਰਤ ਖ਼ਾਸ ਕਰ ਕੇ ਪੰਜਾਬ ਵਿੱਚ ਕਿਸਾਨ ਖ਼ੁਦਕੁਸ਼ੀਆਂ ਦਾ ਮੁੱਖ ਪਹਿਲੂ ਜਾਤੀ ਅਤੇ ਲਿੰਗ ਭੇਦ ਭਾਵ ਵੀ ਹੈ। ਭਾਰਤ 'ਚ ਉਦਾਰੀਕਰਨ ਦੀਆਂ ਨੀਤੀਆਂ ਤੋਂ ਬਾਅਦ ਖੇਤੀ ਖੇਤਰ ਦਾ ਪੈਟਰਨ ਬਦਲ ਚੁੱਕਾ ਹੈ।

ਜਿਨ੍ਹਾਂ ਕਿਸਾਨਾਂ ਦੇ ਨਾਮ ਜ਼ਮੀਨ ਨਹੀਂ ਹੁੰਦੀ ਉਨ੍ਹਾਂ ਕਿਸਾਨਾਂ ਦੀ ਖ਼ੁਦਕੁਸ਼ੀ ਨੂੰ ਸਰਕਾਰ ਕਿਸਾਨ ਖ਼ੁਦਕੁਸ਼ੀ ਨਹੀਂ ਮੰਨਦੀ। ਸਰਕਾਰ ਕੇਵਲ ਉਨ੍ਹਾਂ ਦੀ ਖ਼ੁਦਕੁਸ਼ੀ ਦਾ ਰਿਕਾਰਡ ਰੱਖਦੀ ਹੈ ਜਿਸ ਕਿਸਾਨ ਦੇ ਨਾਂ ਜ਼ਮੀਨ ਹੈ ਅਤੇ ਖ਼ੁਦਕੁਸ਼ੀ ਕਰਨ ਦੀ ਰਿਪੋਰਟ ਥਾਣੇ ਦਰਜ ਕਰਵਾਈ ਹੈ। ਇੱਥੇ ਹੀ ਬਸ ਨਹੀਂ ਸਗੋਂ ਕਿਸਾਨਾਂ ਨੂੰ ਹੋਰ ਵੀ ਬਹੁਤ ਸਾਰੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਜੁਗਿੰਦਰ ਸੰਧੂ ਦਾ ਮੰਨਣਾ ਹੈ ਕਿ, "ਪੰਜਾਬ ਦੇ ਬਹੁਤ ਸਾਰੇ ਛੋਟੇ ਕਿਸਾਨਾਂ ਨੇ ਆਪਣੀ ਦਰਦ ਭਰੀ ਵਿਥਿਆ ਸਾਂਝੀ ਕਰਦਿਆਂ ਦੱਸਿਆ ਕਿ ਕਿਸ ਤਰ੍ਹਾਂ ਉਹ ਹਰ ਖੇਤਰ ਵਿੱਚ ਮੁਸ਼ਕਲਾਂ ਦਾ ਸਾਹਮਣਾ ਕਰ ਰਹੇ ਹਨ। ਇਹ ਮੁਸ਼ਕਲਾਂ ਪੀੜ੍ਹੀ ਦਰ ਪੀੜ੍ਹੀ ਚੱਲਦੀਆਂ ਆ ਰਹੀਆਂ ਹਨ। ਅਜਿਹੇ ਪਰਿਵਾਰਾਂ ਦੇ ਬੱਚੇ ਤੰਗੀ ਤੁਰਸ਼ੀ ਵਿੱਚ ਹੀ ਪਲਦੇ ਹਨ। ਔਕੜਾਂ ਅਤੇ ਕਮੀਆਂ ਨਾਲ ਜੂਝਦੇ ਹੋਏ ਥੋੜ੍ਹਾ ਬਹੁਤ ਪੜ੍ਹਦੇ ਹਨ ਅਤੇ ਫਿਰ ਸਰਕਾਰੀ ਜਾਂ ਗ਼ੈਰ ਸਰਕਾਰੀ ਨੌਕਰੀ ਨਾ ਮਿਲਣ ਕਾਰਨ ਬਹੁਤੇ ਨਸ਼ਿਆਂ ਦੀ ਦਲਦਲ ਵਿੱਚ ਜਾ ਫਸਦੇ ਹਨ ਅਤੇ ਜਿਹੜੇ ਘਰ ਦੀ ਮਾਲਕੀ 2-4 ਏਕੜ ਜ਼ਮੀਨ 'ਚ ਖੇਤੀ ਦੇ ਰਾਹ ਤੁਰਦੇ ਹਨ ਉਨ੍ਹਾਂ ਦੀ ਸਾਰੀ ਜ਼ਿੰਦਗੀ ਕਰਜ਼ੇ ਦੀ ਪੰਡ ਹੇਠ ਚੀਕਦਿਆਂ ਦੀ ਬੀਤ ਜਾਂਦੀ ਹੈ।" ("ਸਹਿਕ ਰਹੀ ਹੈ ਪੰਜਾਬ ਦੀ ਛੋਟੀ ਕਿਰਸਾਨੀ", *ਖੇਤੀ ਦੁਨੀਆ,* 10 ਅਗਸਤ 2013, 11)

ਪੰਜਾਬ ਦੀ ਨਿਮਨ ਕਿਸਾਨੀ ਦੀ ਜ਼ਿੰਦਗੀ ਸਭ ਤੋਂ ਵੱਧ ਮੁਸ਼ਕਿਲਾਂ ਭਰੀ ਹੈ। ਸਿਆਣਿਆਂ ਦੀ ਕਹਾਵਤ ਹੈ ਕਿ ਕਿਸਾਨੀ ਸਿਰ ਧੀਆਂ ਦੇ ਵਿਆਹ ਸਮੇਂ ਚੜ੍ਹਿਆ ਕਰਜ਼ਾ, ਦੋਹਤੀਆਂ ਦੀ ਨਾਨਕੀ ਸ਼ੱਕ ਤੱਕ ਨਹੀਂ ਉੱਤਰਦਾ। ਕਿਸਾਨੀ ਸਿਰ ਚੜ੍ਹੇ ਕਰਜ਼ੇ ਦੀ ਪੰਡ ਇੰਨੀ ਭਾਰੀ ਹੈ ਕਿ ਇਹ ਬੜੀ ਮੁਸ਼ਕਿਲ ਨਾਲ ਦਿਨ ਕੱਟ ਰਹੀ ਆਖ਼ਰੀ ਸਾਹਾਂ 'ਤੇ ਹੈ।

ਕਿਸਾਨੀ ਜੀਵਨ ਦੀਆਂ ਮੁਸ਼ਕਿਲਾਂ ਬਾਰੇ ਨੇਤਰ ਸਿੰਘ ਇੱਕੋਲਾਹੀ ਨੇ (20 ਸਤੰਬਰ 2016 ਨੂੰ ਪਿੰਡ ਇਕੋਲਾਹੀ ਵਿਖੇ) ਗੱਲਬਾਤ ਕਰਦਿਆਂ ਦੱਸਿਆ ਕਿ ਪੰਜਾਬ ਦੀ ਨਿਮਨ ਕਿਸਾਨੀ ਆਪਣੇ ਆਖ਼ਰੀ ਸਾਹਾ 'ਤੇ ਸਹਿਕ ਰਹੀ ਹੈ। ਪੰਜਾਬ ਦੇ ਹਰ ਕਿਸਾਨ ਸਿਰ 2 ਤੋਂ 4 ਲੱਖ ਰੁਪਏ ਦੇ ਲਗਭਗ ਕਰਜ਼ਾ ਹੈ। ਇਹ ਕਰਜ਼ੇ ਦੀ ਪੰਡ ਉਨ੍ਹਾਂ ਨੂੰ ਉਤਾਂਹ ਨਹੀਂ ਉੱਠਣ ਦੇ ਰਹੀ। ਕਿਸਾਨ ਸਰਕਾਰ ਦੀ ਹਰ ਕੋਝੀ ਨੀਤੀ ਦਾ ਸ਼ਿਕਾਰ ਹੋ ਰਹੇ ਹਨ। ਇੱਥੇ ਹੀ ਬਸ ਨਹੀਂ ਸਗੋਂ ਕਿਸਾਨੀ ਸਿਰ ਚੜ੍ਹੇ ਕਰਜ਼ੇ ਕਾਰਨ ਉਨ੍ਹਾਂ ਦੇ ਬੱਚੇ ਉਚੇਰੀ ਪੜ੍ਹਾਈ ਨਹੀਂ ਕਰ ਪਾਉਂਦੇ ਜਿਸ ਕਾਰਨ ਨੌਕਰੀ ਵੀ ਪ੍ਰਾਪਤ ਨਹੀਂ ਹੁੰਦੀ। ਇਸੇ ਕਾਰਨ ਕਿਸਾਨਾਂ ਦੇ ਬੱਚੇ ਨਸ਼ਿਆਂ ਦੀ ਲਾਹਨਤ ਦਾ ਸ਼ਿਕਾਰ ਹੋ ਰਹੇ ਹਨ।

### 3.2.5 ਸਤਲੁਜ-ਯਮੁਨਾ ਲਿੰਕ ਨਹਿਰ

ਸਰਕਾਰ ਦੁਆਰਾ ਹਰਿਆਣਾ ਰਾਜ ਨੂੰ ਪਾਣੀ ਦੇਣ ਲਈ 'ਸਤਲੁਜ-ਯਮੁਨਾ ਲਿੰਕ ਨਹਿਰ' ਦੀ ਉਸਾਰੀ ਕੀਤੀ ਗਈ। ਪੰਜਾਬ ਵਿਚ ਤਾਂ ਪਹਿਲਾ ਹੀ ਪਾਣੀ ਘੱਟ ਸੀ ਪੰਜਾਬ ਨੂੰ ਮਾਰੂਥਲ ਬਣਾਉਣ ਲਈ ਕੋਸ਼ਿਸ਼ਾਂ ਕੀਤੀਆਂ ਗਈਆਂ।

'ਸਤਲੁਜ-ਯਮੁਨਾ ਲਿੰਕ ਨਹਿਰ' ਦੀ ਉਸਾਰੀ ਲਈ 604 ਕਰੋੜ ਰੁਪਏ ਤੱਕ ਦਾ ਖ਼ਰਚ ਆ ਚੁੱਕਾ ਹੈ। 1990 ਈ. ਵਿਚ ਇਸ ਨਹਿਰ ਦੀ ਉਸਾਰੀ ਬੰਦ ਕਰ ਦਿੱਤੀ ਗਈ। ਸਮਕਾਲੀ ਦੌਰ ਵਿਚ ਵੀ ਪੰਜਾਬ 40 ਕਰੋੜ ਰੁਪਏ ਦਾ ਖ਼ਰਚ ਸਹਿ ਰਿਹਾ ਹੈ। ਜੇਕਰ ਇਨ੍ਹਾਂ 30-32 ਸਾਲਾਂ ਦਾ ਨੁਕਸਾਨ ਜੋੜਿਆ ਜਾਵੇ ਤਾਂ 300 ਤੋਂ 350 ਕਰੋੜ ਰੁਪਏ ਬਣਦੇ ਹਨ। 'ਸਤਲੁਜ-ਯਮੁਨਾ ਲਿੰਕ ਨਹਿਰ' ਨੂੰ ਬਿਨਾਂ ਚਾਲੂ ਕੀਤੇ 3350 ਕਰੋੜ ਰੁਪਏ ਦਾ ਨੁਕਸਾਨ ਕਰ ਚੱਕੀ ਹੈ। ਇਸ ਨਹਿਰ ਦੀ ਉਸਾਰੀ ਲਈ ਸਰਕਾਰ ਨੇ ਇੱਕ ਪਾਸੇ ਕਿਸਾਨਾਂ ਦੀ ਜ਼ਮੀਨ ਧੱਕੇ ਨਾਲ ਦੱਬੀ, ਉੱਪਰੋਂ ਦੀ ਪੰਜਾਬ ਨੂੰ ਫ਼ਸਲੀ ਘਾਟਾ ਝੱਲਣਾ ਪਿਆ ਇਸੇ ਕਾਰਨ ਕਿਸਾਨ ਆਰਥਿਕ ਸੰਤਾਪ ਭੋਗ ਰਹੇ ਹਨ। ਇਹ ਨਹਿਰ ਕਿਸਾਨਾਂ ਦੀ ਉਪਜਾਊ ਭੂਮੀ ਲਈ ਹੜ੍ਹਾਂ ਦਾ ਕਾਰਨ ਬਣੀ। ਇਸ ਨਹਿਰ ਦੀ ਉਸਾਰੀ ਸਮੇਂ ਕਿਸਾਨਾਂ ਦਾ ਬਹੁਤ ਜਾਨੀ ਅਤੇ ਮਾਲੀ ਨੁਕਸਾਨ ਵੀ ਹੋਇਆ। 2015-16 ਵਿਚ ਇਹ ਮੁੱਦਾ ਫਿਰ ਗਰਮਾਇਆ ਪਰ ਬਣਿਆ ਕੁੱਝ ਵੀ ਨਹੀਂ। ਸਰਕਾਰ ਨੇ ਇਸ ਮੁੱਦੇ 'ਤੇ ਕੋਝੀਆਂ ਚਾਲਾਂ ਚੱਲ ਕੇ ਆਪਣੀਆਂ ਸਿਆਸੀ ਰੋਟੀਆਂ ਸੇਕੀਆਂ ਅਤੇ ਪੰਜਾਬ ਦੇ ਕਿਸਾਨਾਂ ਨੂੰ ਘੋਰ ਨਿਰਾਸ਼ਾ ਦਾ ਸਾਹਮਣਾ ਕਰਨਾ ਪਿਆ।

### 3.2.6 ਇੰਡੀਅਨ ਕੌਂਸਲ ਆਫ਼ ਸੋਸ਼ਲ ਸਾਇੰਸ ਰਿਸਰਚ

ਇੰਡੀਅਨ ਕੌਂਸਲ ਆਫ਼ ਸੋਸ਼ਲ ਸਾਇੰਸ ਰਿਸਰਚ ਲਈ ਡਾ. ਗੁਰਵਿੰਦਰ ਕੌਰ, ਡਾ. ਅਨੁਪਮਾ, ਡਾ. ਸੁਖਬੀਰ ਕੌਰ ਵੱਲੋਂ ਖੇਤੀਬਾੜੀ ਸੰਬੰਧੀ ਸਾਲ 2014-2015 ਵਿੱਚ ਕੀਤੇ ਗਏ ਸਰਵੇਖਣ ਅਨੁਸਾਰ ਕਿਸਾਨਾਂ ਸਿਰ 69355 ਕਰੋੜ ਰੁਪਏ ਕਰਜ਼ਾ ਹੈ, ਇਸ ਵਿੱਚੋਂ 56481 ਕਰੋੜ ਰੁਪਏ ਸੰਸਥਾਗਤ ਸਰੋਤਾਂ ਅਤੇ 12874 ਕਰੋੜ ਰੁਪਏ ਗ਼ੈਰ ਸੰਸਥਾਵਾਂ ਦਾ ਹੈ।

> "ਸੈਂਪਲ ਵਿੱਚ ਲਏ ਗਏ 1007 ਕਿਸਾਨ ਪਰਿਵਾਰਾਂ ਵਿੱਚੋਂ ਕਰਜ਼ੇ ਥੱਲੇ ਪਰਿਵਾਰ (85.9 ਫ਼ੀਸਦੀ) ਸਿਰ ਔਸਤ ਕਰਜ਼ਾ 552064 ਰੁਪਏ ਅਤੇ ਮਾਲਕੀ ਅਧੀਨ ਪ੍ਰਤੀ ਏਕੜ ਕਰਜ਼ਾ 116802 ਰੁਪਏ ਬਣਦਾ ਹੈ। ਭਾਵੇਂ ਪੰਜਾਬ ਦੇ ਕਿਸਾਨਾਂ ਸਿਰ ਕਰਜ਼ੇ ਦਾ ਮੁੱਖ ਸਰੋਤ ਸੰਸਥਾਵਾਂ ਹਨ, ਪਰ ਹੇਠਲੀਆਂ ਕਿਸਾਨ ਸ਼੍ਰੇਣੀਆਂ ਸਿਰ ਕਰਜ਼ੇ ਦੇ ਗ਼ੈਰ ਸੰਸਥਾਗਤ ਸਰੋਤਾਂ ਦਾ ਭਾਰ ਮੁਕਾਬਲਨ ਜ਼ਿਆਦਾ ਹੈ। ਫ਼ੀਲਡ ਸਰਵੇ ਤੋਂ ਇਹ ਤੱਥ ਸਾਹਮਣੇ ਆਇਆ ਹੈ ਕਿ ਕੁੱਲ ਕਰਜ਼ੇ ਦਾ ਪ੍ਰਤੀ ਏਕੜ ਭਾਰ ਹੇਠਲੀਆਂ ਕਿਸਾਨ ਸ਼੍ਰੇਣੀਆਂ ਉੱਪਰ ਮੁਕਾਬਲਨ ਜ਼ਿਆਦਾ ਹੈ। ਇਸ ਤੱਥ ਦੇ ਬਾਵਜੂਦ ਕਿ ਸੰਸਥਾਗਤ ਸਰੋਤ ਗ਼ੈਰ ਸੰਸਥਾਗਤ ਸਰੋਤਾਂ ਤੋਂ ਵਿਆਜ ਦੀਆਂ ਘੱਟ ਦਰਾਂ ਲੈਂਦੇ ਹਨ, ਪੰਜਾਬ ਦੇ ਕਿਸਾਨ ਕਰਜ਼ਾ ਮੋੜਨ ਦੀ ਸਥਿਤੀ ਵਿੱਚ ਨਹੀਂ ਹਨ। ਇਸ ਕਰ ਕੇ ਪਿਛਲਾ ਕਰਜ਼ਾ ਮੋੜਨ ਅਤੇ ਵਰਤਮਾਨ ਲੋੜਾਂ ਪੂਰੀਆਂ ਕਰਨ ਲਈ ਜ਼ਿਆਦਾਤਰ ਉਹ ਆਪਣੀਆਂ ਜ਼ਮੀਨਾਂ ਬੈਂਕਾਂ ਕੋਲ ਗਹਿਣੇ ਕਰ ਕੇ ਕਰਜ਼ੇ ਦੀ ਹੱਦ (ਲਿਮਟ) ਵਧਾਉਂਦੇ ਹਨ। ਫ਼ੀਲਡ ਸਰਵੇ ਤੋਂ ਇਹ ਵੀ ਸਾਹਮਣੇ ਆਇਆ ਹੈ ਕਿ ਜਿੱਥੇ ਪੰਜਾਬ ਦੇ ਕਿਸਾਨ ਕਰਜ਼ਾ ਮੁੱਖ ਤੌਰ 'ਤੇ ਉਤਪਾਦਕ ਕੰਮਾਂ ਲਈ ਲੈਂਦੇ ਹਨ ਉੱਥੇ ਉਨ੍ਹਾਂ ਦੁਆਰਾ ਵਿਆਹਾਂ ਅਤੇ ਹੋਰ ਸਮਾਜਿਕ ਅਤੇ ਧਾਰਮਿਕ ਸਮਾਗਮਾਂ 'ਤੇ ਮਕਾਨਾਂ ਦੀ ਉਸਾਰੀ ਲਈ ਲਿਆ ਕਰਜ਼ਾ ਮੁਕਾਬਲਨ ਬਹੁਤ ਘੱਟ ਹੈ, ਜੋ ਉਨ੍ਹਾਂ ਬਾਰੇ ਇਸ ਸੰਬੰਧ ਵਿੱਚ ਕੀਤੇ ਜਾਂਦੇ ਭੰਡੀ-ਪ੍ਰਚਾਰ ਤੋਂ ਪਰਦਾ ਹਟਾਉਂਦਾ ਹੈ।" (ਗਿਆਨ ਸਿੰਘ, "ਭਾਰਤ ਦਾ ਖੇਤੀਬਾੜੀ ਸੰਕਟ: ਸੁਭਾਅ, ਕਾਰਨ ਅਤੇ ਸੰਭਾਵੀ ਹੱਲ", *ਐਤਵਾਰਤਾ,* ਜਲੰਧਰ: ਨਵਾਂ ਜ਼ਮਾਨਾ, 6 ਮਾਰਚ 2016, 2)

ਪੰਜਾਬ ਵਿੱਚ ਖੇਤੀ ਬਾੜੀ ਉੱਪਰ ਵਧਦੇ ਕਰਜ਼ੇ ਕਾਰਨ ਕਿਸਾਨ ਆਪਣੀ ਜ਼ਮੀਨ ਤੋਂ ਹੱਥ ਧੋ ਰਿਹਾ ਹੈ। ਕਿਸਾਨਾਂ ਦੀ ਜ਼ਿੰਦਗੀ ਪ੍ਰਤੀ ਉਮੀਦਾਂ ਖ਼ਤਮ ਹੋ ਰਹੀਆਂ ਜਿਸ ਕਾਰਨ ਕਿਸਾਨ ਖ਼ੁਦਕੁਸ਼ੀ ਕਰਨ ਦਾ ਰਾਹ ਅਪਣਾਉਂਦੇ ਹਨ। ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ ਦੇ ਅੰਕੜਿਆਂ ਮੁਤਾਬਿਕ ਸਾਲ 1995 ਤੋਂ 2014 ਦੌਰਾਨ ਦੇਸ਼ 'ਚ 301,116 ਕਿਸਾਨਾਂ ਦੁਆਰਾ ਖ਼ੁਦਕੁਸ਼ੀ ਕਰਨ ਦੀਆਂ ਰਿਪੋਰਟਾਂ ਹਨ। ਪੰਜਾਬ ਵਿੱਚ ਪਿਛਲੇ ਦਹਾਕੇ ਦੌਰਾਨ 4,687 ਕਿਸਾਨਾਂ ਨੇ ਖ਼ੁਦਕੁਸ਼ੀਆਂ ਕੀਤੀਆਂ ਹਨ। ਸਾਲ 2011 ਦੌਰਾਨ ਪੰਜਾਬ ਵਿੱਚ ਖੇਤੀਬਾੜੀ ਕੀਮਤਾਂ ਵਿੱਚ ਭੂਮੀ ਦਾ ਠੇਕਾ ਸਿਰਫ਼ 13,000 ਰੁਪਏ ਪ੍ਰਤੀ ਏਕੜ ਸੀ ਜੋ ਕਿ 28,000 ਤੋਂ 35,000 ਰੁਪਏ ਦੇ ਲਗਭਗ। ਪੰਜਾਬ ਸਕਿਉਰਿਟੀ ਆਫ਼ ਲੈਂਡ ਟਿਨਿਉਰ ਐਕਟ 1953 ਦੇ ਸੈਕਸ਼ਨ 12 ਮੁਤਾਬਿਕ ਭੂਮੀ ਦਾ ਠੇਕਾ ਖੇਤੀਬਾੜੀ ਉਤਪਾਦਨ ਦੇ ਮੁੱਲ ਤੋਂ ਇੱਕ ਤਿਹਾਈ ਜ਼ਿਆਦਾ ਨਹੀਂ ਹੋ

ਸਕਦਾ। ਇਸੇ ਕਾਰਨ ਖੇਤੀ ਦੀਆਂ ਲਾਗਤਾਂ ਨੂੰ ਦੇਖ ਕੇ ਭੂਮੀ ਦਾ ਠੇਕਾ 13,000 ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਨਿਰਧਾਰਿਤ ਕੀਤਾ ਗਿਆ ਸੀ।

"ਇਸ ਗੱਲ ਦੀ ਪੁਸ਼ਟੀ ਅਗਸਤ 2010 ਵਿੱਚ ਖੇਤੀ ਬਾੜੀ ਲਾਗਤਾਂ ਅਤੇ ਕੀਮਤਾਂ ਕਮਿਸ਼ਨ ਦੇ ਉਸ ਸਮੇਂ ਦੇ ਚੇਅਰਮੈਨ ਪ੍ਰੋਫ਼ੈਸਰ ਮਹਿੰਦਰ ਦੇਵ ਵੱਲੋਂ ਇੰਦਰਾ ਗਾਂਧੀ ਇੰਸਟੀਚਿਊਟ ਆਫ਼ ਡਿਵੈੱਲਪਮੈਂਟ ਰਿਸਰਚ ਦੇ ਡਾਇਰੈਕਟਰ ਦਾ ਅਹੁਦਾ ਸਾਂਭਣ ਲਈ ਖੇਤੀਬਾੜੀ ਲਾਗਤਾਂ ਅਤੇ ਕੀਮਤਾਂ ਕਮਿਸ਼ਨ ਦੇ ਚੇਅਰਮੈਨ ਦੇ ਅਹੁਦੇ ਤੋਂ ਅਸਤੀਫ਼ਾ ਦੇਣ ਮੌਕੇ ਦੇ ਬਿਆਨ ਕਿ ਉਨ੍ਹਾਂ ਦੇ ਚੇਅਰਮੈਨ ਹੁੰਦੇ ਹੋਏ ਖੇਤੀਬਾੜੀ ਜਿਨਸਾਂ ਦੀਆਂ ਕੀਮਤਾਂ ਵਿੱਚ ਕਾਫ਼ੀ ਵਾਧਾ ਤਾਂ ਜ਼ਰੂਰ ਹੋਇਆ ਪਰ ਇਸ ਸਮੇਂ ਦੌਰਾਨ ਖੇਤੀਬਾੜੀ ਉਤਪਾਦਨ ਲਾਗਤਾਂ ਵਿੱਚ ਮੁਕਾਬਲਤਨ ਜ਼ਿਆਦਾ ਵਾਧਾ ਹੋਇਆ ਹੈ। ਇਸ ਤੋਂ ਇਲਾਵਾ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੁਆਰਾ ਸੰਨ 2010-11 ਲਈ ਕਣਕ ਦੀ ਉਤਪਾਦਨ ਲਾਗਤ 1,700 ਰੁਪਏ 35 ਪੈਸੇ ਪ੍ਰਤੀ ਕੁਇੰਟਲ ਆਂਕੀ ਗਈ ਅਤੇ ਸੰਨ 2013 ਦੌਰਾਨ ਆਰ. ਟੀ. ਆਈ. ਐਕਟ ਅਧੀਨ ਹਰਿਆਣਾ ਸਰਕਾਰ ਨੇ ਦੱਸਿਆ ਕਿ ਇਸ ਸਾਲ ਦੌਰਾਨ ਉਸ ਦੁਆਰਾ ਕਣਕ ਦੀ ਉਤਪਾਦਨ ਲਾਗਤ 1,613 ਰੁਪਏ ਪ੍ਰਤੀ ਕੁਇੰਟਲ ਆਂਕੀ ਗਈ। ਕੇਂਦਰ ਸਰਕਾਰ ਵੱਲੋਂ ਸਾਲ 2015-16 ਲਈ ਕਣਕ ਘੱਟੋਂ-ਘੱਟ ਸਮਰੱਥਨ ਕੀਮਤ ਸਿਰਫ਼ 1475 ਪ੍ਰਤੀ ਕੁਇੰਟਲ ਤੈਅ ਕੀਤੀ ਗਈ ਹੈ।" (ਗਿਆਨ ਸਿੰਘ, "ਭਾਰਤ ਦਾ ਖੇਤੀ ਬਾੜੀ ਸੰਕਟ: ਸੁਝਾਅ, ਕਾਰਨ ਅਤੇ ਸੰਭਾਵੀ ਹੱਲ", *ਐਤਵਾਰਤਾ, ਜਲੰਧਰ: ਨਵਾਂ ਜ਼ਮਾਨਾ*, 6 ਮਾਰਚ 2016, 2)

ਇਸ ਤੋਂ ਸਪਸ਼ਟ ਹੁੰਦਾ ਹੈ ਕਿ ਸਰਕਾਰ ਦੁਆਰਾ ਤੈਅ ਕੀਤੀਆਂ ਫ਼ਸਲਾਂ ਦੀਆਂ ਕੀਮਤਾਂ ਕਿਸਾਨਾਂ ਲਈ ਘਾਟੇ ਦਾ ਸੌਦਾ ਹੈ। ਜਿਸ ਕਾਰਨ ਕਿਸਾਨੀ ਵਰਗ ਨਿਘਾਰ ਵੱਲ ਜਾ ਰਿਹਾ ਹੈ। 2011 ਦੇ ਅੰਕੜਿਆਂ ਮੁਤਾਬਿਕ ਪੰਜਾਬ ਵਿੱਚ 2001 ਤੋਂ 2011 ਤੱਕ ਦੇ ਦਹਾਕੇ ਦੌਰਾਨ ਕਿਸਾਨਾਂ ਦੀ ਗਿਣਤੀ ਵਿੱਚ 12 ਫ਼ੀਸਦੀ ਕਮੀ ਦੇਖੀ ਗਈ ਹੈ। ਖੇਤੀਬਾੜੀ ਨਾਲ ਸੰਬੰਧਿਤ ਰਿਸਰਚ ਅਨੁਸਾਰ ਸਰਕਾਰੀ ਨਿਵੇਸ਼ ਲਗਾਤਾਰ ਘੱਟ ਰਿਹਾ ਹੈ। ਸਰਕਾਰ ਸਭ ਕੁੱਝ ਕਾਰਪੋਰੇਟ ਜਗਤ ਦੇ ਹਵਾਲੇ ਕਰ ਰਹੀ ਹੈ। ਸਰਕਾਰ ਵੱਲੋਂ ਖੇਤੀਬਾੜੀ ਫ਼ਸਲਾਂ ਦੇ ਮੰਡੀਕਰਨ 'ਚੋ ਲਗਾਤਾਰ ਪਿੱਛੇ ਹਟਣਾ, ਕਿਸਾਨਾਂ/ਪੇਂਡੂ ਖੇਤਰ ਲਈ ਰੁਜ਼ਗਾਰ ਘੱਟ, ਖੇਤੀਬਾੜੀ ਸਬਸਿਡੀਆਂ ਦਾ ਲਗਾਤਾਰ ਘੱਟਣਾ, ਕੁਦਰਤੀ ਆਫ਼ਤਾਂ ਸਮੇਂ ਸਰਕਾਰ ਵੱਲੋਂ ਮਾਲੀ ਸਹਾਇਤਾ ਨਾ ਦੇਣਾ, ਪੇਂਡੂ ਖੇਤਰ ਲਈ ਸਿੱਖਿਆ ਅਤੇ ਸਿਹਤ ਸੰਬੰਧੀ ਸਹੂਲਤਾਂ ਦੀ ਘਾਟ ਆਦਿ ਸਰਕਾਰੀ ਨੀਤੀਆਂ ਜੋ ਖੇਤੀ ਬਾੜੀ ਸੰਕਟ ਲਈ ਜ਼ਿੰਮੇਵਾਰ ਹਨ।

ਜਦੋਂ ਸਰਕਾਰ ਤੋਂ ਆਤਮਹੱਤਿਆ ਕੀਤੇ ਕਿਸਾਨਾਂ ਲਈ ਮੁਆਵਜ਼ੇ ਦੀ ਮੰਗ ਕੀਤੀ ਜਾਂਦੀ ਹੈ ਤਾਂ ਸਰਕਾਰ ਇਸ ਅਪੀਲ ਨੂੰ ਰੱਦ ਕਰ ਦਿੰਦੀ ਹੈ। ਪਰ ਰਾਜਨੀਤਿਕ ਪੱਖੋਂ ਦੇਖਦਿਆਂ 2015 'ਚ ਗਣਤੰਤਰ ਦਿਵਸ ਪਰੇਡ ਤੇ 100 ਕਰੋੜ ਰੁਪਏ ਦੀ ਰਾਸ਼ੀ ਖ਼ਰਚ ਕੀਤੀ ਗਈ।

ਇੱਥੋਂ ਤੱਕ ਕਿ ਖ਼ੁਦਕੁਸ਼ੀ ਕਰਨ ਵਾਲੇ ਕਿਸਾਨਾਂ ਦੇ ਪਰਿਵਾਰਾਂ ਨੂੰ ਮੁਆਵਜ਼ਾ ਲੈਣ ਲਈ ਲੰਮੇ ਸਮੇਂ ਤੱਕ ਸੰਘਰਸ਼ ਕਰਨਾ ਪੈਂਦਾ ਹੈ। ਕਿਸਾਨਾਂ ਨੂੰ ਮੁਆਵਜ਼ੇ ਦੇ ਰੂਪ ਵਿੱਚ 880 ਰੁਪਏ ਵੀ ਦਿੱਤੇ ਗਏ ਜੋ ਕਿ ਵਾਜਬ ਨਹੀਂ ਹਨ। ਕਿਸਾਨਾਂ ਦੀ ਫ਼ਸਲ ਲਈ ਮੰਡੀਆਂ ਵਿੱਚ ਢੁੱਕਵੇਂ ਖ਼ਰੀਦ ਪ੍ਰਬੰਧ ਨਾ ਹੋਣ ਕਾਰਨ ਕਿਸਾਨਾਂ ਨੂੰ ਸਸਤੇ ਭਾਅ ਉੱਪਰ ਫ਼ਸਲ ਵੇਚਣ ਲਈ ਮਜ਼ਬੂਰ ਹੋਣਾ ਪੈਂਦਾ ਹੈ। ਜਦੋਂ ਕੋਈ ਸਰਕਾਰੀ ਸਮਾਨ ਚੋਰੀ ਹੋ ਜਾਂਦਾ ਹੈ ਜਿਵੇਂ ਟਰਾਂਸਫ਼ਾਰਮਰ, ਬਿਜਲੀ ਮੀਟਰ, ਤਾਰਾਂ ਆਦਿ ਇਨ੍ਹਾਂ ਸਭ ਦੇ ਚੋਰੀ ਹੋਣ ਤੇ ਸਰਕਾਰ ਨਾ ਤਾਂ ਕੋਈ ਸਬਸਿਡੀ ਦਿੰਦੀ ਹੈ ਉੱਪਰ ਨਾ ਹੀ ਇਸ ਚੋਰੀ ਹੋਏ ਸਮਾਨ ਲਈ ਕੋਈ ਮਾਲੀ ਸਹਾਇਤਾ ਕਰਦੀ ਹੈ।

> ਪ੍ਰੋ. ਐੱਚ ਐੱਸ ਸ਼ੇਰਗਿੱਲ ਅਨੁਸਾਰ, "ਪੰਜਾਬ ਦੀ ਖੇਤੀ ਮਸ਼ੀਨਰੀ, ਰਸਾਇਣ ਤਕਨੀਕ, ਲਾਗਤ ਅਤੇ ਪੈਦਾਵਾਰ ਦਾ ਵਿਕਸਤ ਮੁਲਕਾਂ ਦੀ ਖੇਤੀ ਨਾਲ ਮੁਕਾਬਲਾ ਕੀਤਾ ਹੈ। ਪੰਜਾਬ ਵਿਚ 1000 ਹੈਕਟੇਅਰ ਪਿੱਛੇ 122 ਟਰੈਕਟਰ ਹਨ, ਇਸ ਦੇ ਮੁਕਾਬਲੇ ਅਮਰੀਕਾ ਵਿਚ 26, ਇੰਗਲੈਂਡ ਵਿਚ 76 ਅਤੇ ਜਰਮਨੀ ਵਿਚ 65 ਹਨ। ਪੰਜਾਬ ਵਿਚ ਪ੍ਰਤੀ ਹੈਕਟੇਅਰ 449 ਕਿੱਲੋਗ੍ਰਾਮ ਖਾਦ ਦੀ ਵਰਤੋਂ ਹੁੰਦੀ ਹੈ ਜੋ ਅਮਰੀਕਾ ਵਿਚ 103, ਇੰਗਲੈਂਡ ਵਿਚ 208, ਅਤੇ ਜਾਪਾਨ 'ਚ 278 ਹੈ। ਪੰਜਾਬ ਦਾ 98 ਫ਼ੀਸਦੀ ਰਕਬਾ ਸਿੰਚਾਈ ਯੋਗ ਹੈ। ਅਮਰੀਕਾ ਵਿਚ ਇਹ 11.4, ਇੰਗਲੈਂਡ ਵਿਚ 2.0 ਅਤੇ ਜਾਪਾਨ ਵਿਚ 35.0 ਫ਼ੀਸਦੀ ਹੈ। ਪੰਜਾਬ ਵਿਚ ਪ੍ਰਤੀ ਹੈਕਟੇਅਰ ਦਾਲਾਂ ਦੀ ਪੈਦਾਵਾਰ 7633 ਕਿੱਲੋਗ੍ਰਾਮ ਹੈ। ਅਮਰੀਕਾ 'ਚ ਇਹ 7238, ਫਰਾਂਸ 'ਚ 7460, ਇੰਗਲੈਂਡ ਵਿਚ 7008 ਅਤੇ ਜਾਪਾਨ ਵਿਚ 5920 ਕਿੱਲੋਗ੍ਰਾਮ ਹੈ।" ("ਕਰਜ਼ਾ ਮਾਫ਼ੀ ਕਿਸਾਨੀ ਸੰਕਟ ਦਾ ਹੱਲ ਨਹੀਂ", *ਪੰਜਾਬੀ ਜਾਗਰਣ,* 24 ਅਕਤੂਬਰ 2016, 6)

ਅਜਿਹੇ ਮਸਲੇ ਸਰਕਾਰ ਅੱਗੇ ਉਠਾਏ ਜਾਂਦੇ ਹਨ ਤਾਂ ਸਰਕਾਰ ਇਸ ਬਾਰੇ ਕੋਈ ਫ਼ੈਸਲਾ ਨਹੀਂ ਲੈਂਦੀ। ਸੂਬੇ ਦੀ ਸਰਕਾਰ ਲਈ ਜ਼ਰੂਰੀ ਹੈ ਕਿ ਉਹ ਪਦਮ ਵਿਭੂਸ਼ਨ ਨੂੰ ਸਮਰਪਣ ਕਰਨ ਦੀ ਥਾਂ ਖੇਤੀ ਸੈਕਟਰ ਨੂੰ ਉਤਸ਼ਾਹਿਤ ਅਤੇ ਹੰਢਣਸਾਰ ਬਣਾਉਣ। ਅਪ੍ਰੈਲ 2015 ਵਿੱਚ ਸਰਕਾਰ ਨੇ ਕਣਕ ਦੀ ਖ਼ਰੀਦ ਦਸ ਦਿਨਾਂ ਲਈ ਮੁਲਤਵੀ ਕੀਤੀ ਜਿਸ ਕਾਰਨ ਕਿਸਾਨਾਂ ਨੂੰ ਵਧੇਰੇ ਆਰਥਿਕ ਅਤੇ ਮਾਨਸਿਕ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ। ਇੱਥੋਂ ਤੱਕ ਕਿ 2015 ਵਿੱਚ ਆਲੂ ਦੀ ਫ਼ਸਲ ਦੀ ਹੋਈ ਦੁਰਦਸ਼ਾ ਨੂੰ ਦੇਖਦਿਆਂ ਸਮਕਾਲੀ ਸਰਕਾਰ ਨੇ ਕੋਈ ਵੀ ਬਣਦਾ ਕਦਮ ਨਹੀਂ ਚੁੱਕਿਆ। ਜਿਸ ਕਾਰਨ ਕਿਸਾਨ ਰਾਜੇ ਤੋਂ ਰੰਕ ਬਣਨ ਲਈ ਮਜ਼ਬੂਰ ਹੋ ਗਏ। ਇਨ੍ਹਾਂ ਪ੍ਰਸਥਿਤੀਆਂ ਨੂੰ ਦੇਖਦੇ ਹੋਏ 27 ਮਾਰਚ 2015 ਨੂੰ ਚੰਡੀਗੜ੍ਹ ਵਿਖੇ ਕਿਸਾਨਾਂ ਨੇ ਧਰਨੇ ਵੀ ਦਿੱਤੇ ਅਤੇ ਗ੍ਰਿਫ਼ਤਾਰੀਆਂ ਵੀ ਕਰਵਾਈਆਂ ਪਰ ਇਸ ਸੰਕਟ ਦਾ ਸਰਕਾਰ ਨੇ ਕੋਈ ਹੱਲ ਨਾ ਕੱਢਿਆ। ਸਰਕਾਰ ਕਿਸਾਨਾਂ ਦੀਆਂ ਫ਼ਸਲਾਂ ਦੇ ਭਾਅ ਤਾਂ ਵਧਾਉਂਦੀ ਨਹੀਂ ਪਰ ਸਰਕਾਰੀ ਮੁਲਾਜ਼ਮਾਂ ਦੀਆਂ ਤਨਖ਼ਾਹਾਂ ਵਿੱਚ ਪ੍ਰਤੀ ਸਾਲ ਵਾਧਾ ਕਿਉਂ ਕਰਦੀ ਹੈ।

### 3.2.7 ਸਰਕਾਰੀ ਯੋਜਨਾਵਾਂ

ਸੂਬਾ ਸਰਕਾਰ ਵੱਲੋਂ ਕਿਸਾਨਾਂ ਦੇ ਪਰਿਵਾਰ ਲਈ ਬਹੁਤ ਸਾਰੀਆਂ ਯੋਜਨਾਵਾਂ ਬਣਾਈਆਂ ਗਈਆਂ ਹਨ ਤਾਂ ਕਿ ਕਿਸਾਨ ਇਨ੍ਹਾਂ ਖੇਤੀਬਾੜੀ, ਸਿਹਤ ਸੰਬੰਧੀ ਯੋਜਨਾਵਾਂ ਦਾ ਲਾਭ ਉੱਠਾ ਸਕਣ। ਇਨ੍ਹਾਂ ਯੋਜਨਾਵਾਂ ਦਾ ਅਧਿਐਨ ਇਸ ਪ੍ਰਕਾਰ ਹੈ:

- ਕਿਸਾਨ ਸਿਹਤ ਬੀਮਾ ਯੋਜਨਾ: ਇਸ ਸਕੀਮ ਤਹਿਤ ਕਿਸਾਨਾਂ ਦੇ ਹੱਥ ਪੈਰ ਕੱਟੇ ਜਾਣ ਕਾਰਨ 50,000/- ਰੁਪਏ ਤੱਕ ਦਾ ਮੁਫ਼ਤ ਡਾਕਟਰੀ ਇਲਾਜ ਅਤੇ 5 ਲੱਖ ਤੱਕ ਦਾ ਮੁਆਵਜ਼ਾ ਦਿੱਤਾ ਜਾਵੇਗਾ।
- ਭਾਈ ਕਨ੍ਹਈਆ ਸਿਹਤ ਯੋਜਨਾ ਤਹਿਤ ਕਿਸਾਨ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਲਈ 3 ਲੱਖ ਦੀ ਰਾਸ਼ੀ ਰੱਖੀ ਗਈ ਹੈ ਜਿਸ ਵਿੱਚ ਸਿਰ, ਦਿਲ, ਅੱਖਾਂ, ਕੰਨ੍ਹਾਂ, ਫੇਫੜਿਆਂ, ਦੰਦਾਂ ਆਦਿ ਦੇ ਅਲੱਗ-ਅਲੱਗ ਇਲਾਜ ਲਈ ਅਲੱਗ ਪੈਕੇਜ ਰੱਖੇ ਗਏ ਹਨ।
- ਕੁਦਰਤੀ ਆਫ਼ਤਾਂ ਕਾਰਨ ਫ਼ਸਲ ਖ਼ਰਾਬੀ ਲਈ 75% ਤੋਂ ਵੱਧ ਨੁਕਸਾਨ ਹੋਣ ਕਾਰਨ 3600 ਰੁਪਏ ਰੱਖੇ ਗਏ ਹਨ। ਪਰ ਹੁਣ 33% ਤੋਂ ਵੱਧ ਨੁਕਸਾਨ ਹੋਣ ਕਾਰਨ 8000 ਪ੍ਰਤੀ ਏਕੜ ਦੇਣ ਦਾ ਐਲਾਨ ਕੀਤਾ ਗਿਆ ਹੈ।
- ਖ਼ੁਦਕੁਸ਼ੀਆਂ ਕਰਨ ਵਾਲੇ ਕਿਸਾਨਾਂ ਲਈ 3 ਲੱਖ ਰੁਪਏ ਤੱਕ ਦਾ ਮੁਆਵਜ਼ਾ ਦੇਣ ਦੀ ਘੋਸ਼ਣਾ ਕੀਤੀ ਗਈ ਹੈ।
- ਭਗਤ ਪੂਰਨ ਸਿੰਘ ਸਿਹਤ ਬੀਮਾ ਯੋਜਨਾ ਤਹਿਤ ਮੁਫ਼ਤ ਇਲਾਜ 50,000 ਅਤੇ ਕੁਦਰਤੀ ਹਾਦਸੇ ਜਾਂ ਮੌਤ ਹੋ ਜਾਣ ਕਾਰਨ 5 ਲੱਖ ਤੱਕ ਦਾ ਮੁਆਵਜ਼ਾ ਦੇਣ ਦਾ ਐਲਾਨ ਕੀਤਾ ਗਿਆ ਹੈ।
- ਕਿਸਾਨਾਂ ਦੇ ਬੱਚਿਆਂ ਲਈ ਮੁਫ਼ਤ ਸਿੱਖਿਆ ਦੀ ਪਹਿਲਕਦਮੀ ਕੀਤੀ ਗਈ ਹੈ।
- ਪੰਜਾਬ ਦੇ ਪ੍ਰਗਤੀਸ਼ੀਲ ਵਿਕਾਸ ਲਈ ਅਤੇ ਬੁਨਿਆਦੀ ਢਾਂਚਾ ਸਥਾਪਿਤ ਕਰਨ ਲਈ 180 ਕਰੋੜ ਰੁਪਏ ਦੇ ਤਹਿਤ ਯੋਜਨਾ ਬਣਾਈ ਗਈ ਹੈ।
- ਬੁਢਾਪਾ ਪੈਨਸ਼ਨ ਦੇਣ ਲਈ 86.25 ਕਰੋੜ ਪ੍ਰਤੀ ਮਹੀਨਾ ਦੀ ਰਾਸ਼ੀ ਰੱਖੀ ਗਈ ਹੈ।

ਹਾੜੀ 2015 ਤੋਂ 2016 ਦੌਰਾਨ ਕਣਕ ਦੇ ਤਸਦੀਕ ਸ਼ੁਦਾ ਬੀਜ ਤੇ ਸਬਸਿਡੀ ਕਿਸਾਨਾਂ ਦੇ ਬੈਂਕ ਖਾਤਿਆਂ ਵਿੱਚ ਸਿੱਧੀ ਭੇਜਣ ਦੀ ਘੋਸ਼ਣਾ ਕੀਤੀ ਗਈ ਸੀ। ਕਣਕ ਦੇ ਤਸਦੀਕ ਸ਼ੁਦਾ ਬੀਜ ਅਤੇ ਕਿਸਾਨਾਂ ਨੂੰ ਬੀਜ ਦੀ ਕੀਮਤ ਦਾ 50% ਜਾਂ ਇਸ ਤੋਂ ਵੱਧ 1000 ਰੁਪਏ ਪ੍ਰਤੀ ਕੁਇੰਟਲ ਦੇ ਹਿਸਾਬ ਨਾਲ ਸਬਸਿਡੀ ਸਿੱਧੀ ਕਿਸਾਨਾਂ ਦੇ ਬੈਂਕ ਖਾਤਿਆਂ ਵਿੱਚ ਜਮ੍ਹਾਂ ਕਰਵਾਈ ਜਾਵੇਗੀ ਅਤੇ ਇੱਕ ਕਿਸਾਨ ਨੂੰ ਵੱਧ ਤੋਂ ਵੱਧ ਪੰਜ ਏਕੜ ਲਈ ਬੀਜ ਉੱਪਰ ਸਬਸਿਡੀ ਦਿੱਤੀ ਜਾਣ ਬਾਰੇ ਕਿਹਾ ਗਿਆ ਹੈ।

ਇਹ ਕਿਸਾਨ, ਖੇਤੀਬਾੜੀ, ਸਿਹਤ ਸੰਬੰਧੀ ਯੋਜਨਾਵਾਂ ਦਾ ਅਧਿਐਨ ਕਰਨ ਉਪਰੰਤ ਪਤਾ ਚੱਲਦਾ ਹੈ ਕਿ ਇਹ ਯੋਜਨਾਵਾਂ ਸਰਕਾਰ ਨੇ ਕਿਸਾਨਾਂ ਲਈ ਬਣਾਈਆਂ ਹਨ। ਪਰ ਇਨ੍ਹਾਂ ਬਾਰੇ ਕੇਵਲ ਕਾਗਜ਼ਾਂ ਜਾਂ ਸਰਕਾਰੀ ਅਧਿਕਾਰੀ ਨੂੰ ਹੀ ਪਤਾ ਹੈ। ਕਿਸਾਨਾਂ ਨੂੰ ਇਨ੍ਹਾਂ ਯੋਜਨਾਵਾਂ ਬਾਰੇ ਬਹੁਤ ਘੱਟ ਜਾਣਕਾਰੀ ਹੈ। ਜੇਕਰ ਨਿਮਨ ਕਿਸਾਨਾਂ ਨੂੰ ਇਨ੍ਹਾਂ ਬਾਰੇ ਪਤਾ ਵੀ ਹੈ ਤਾਂ ਉਨ੍ਹਾਂ ਨੂੰ ਇਨ੍ਹਾਂ ਯੋਜਨਾਵਾਂ ਦਾ ਪੂਰਾ ਲਾਭ/ਫ਼ਾਇਦਾ ਨਹੀਂ ਮਿਲਦਾ ਸਗੋਂ ਕਿਸਾਨੀ ਸੰਬੰਧਿਤ ਯੋਜਨਾਵਾਂ ਦੇ ਨਾਮ ਉੱਪਰ ਸਰਕਾਰ ਆਪਣੀਆਂ ਰੋਟੀਆਂ ਸੇਕ ਰਹੀ ਹੈ। ਇੱਥੋਂ ਤੱਕ ਕਿ ਇਨ੍ਹਾਂ ਸਰਕਾਰੀ ਅਹੁਦਿਆਂ ਉੱਪਰ ਸਰਕਾਰ ਦੀ ਬੋਲੀ ਬੋਲਦੇ ਵੱਡੇ ਮਗਰਮੱਛ ਬੈਠੇ ਹਨ ਜੋ ਕੇਵਲ ਆਪਣਾ ਹੀ ਢਿੱਡ ਭਰ ਰਹੇ ਹਨ। ਸਤੰਬਰ 2015 ਤੋਂ ਸਰਕਾਰ ਨੇ ਕਿਸਾਨੀ ਦੀਆਂ ਆਰਥਿਕ, ਸਮਾਜਿਕ, ਮਾਨਸਿਕ ਸਥਿਤੀਆਂ ਨੂੰ ਦੇਖ ਕੇ ਜੰਗਲ ਸਿਧਾਂਤ ਅਤੇ ਕੁਦਰਤ ਦੇ ਨਿਯਮਾਂ, ਆਰਗੈਨਿਕ ਢੰਗ ਨਾਲ ਖੇਤੀ ਦਾ ਧੰਦਾ ਅਪਣਾਉਣ ਲਈ ਕਹਿ ਰਹੀ ਹੈ। ਪਰ ਵੇਖਣਾ ਇਹ ਹੈ ਕਿ ਇਹ ਸਿਧਾਂਤ ਕਿੰਨਾ ਕੁ ਸਫਲ ਹੁੰਦਾ ਹੈ, ਕਿਉਂਕਿ ਖਾਦਾਂ, ਕੀਟਨਾਸ਼ਕ ਦਵਾਈਆਂ ਦੀ ਵਰਤੋਂ ਨਾਲ ਧਰਤੀ ਵਿੱਚ ਪਹਿਲਾ ਵਰਗੀ ਸ਼ਕਤੀ ਨਹੀਂ ਰਹੀ। ਕਿਸਾਨੀ ਸੰਕਟ ਵਿੱਚ ਕੇਵਲ ਕਿਸਾਨ ਹੀ ਨਹੀਂ ਸਗੋਂ ਉਨ੍ਹਾਂ ਦੇ ਪਰਿਵਾਰ ਕਿਸਾਨ ਬੀਬੀਆਂ ਵੀ ਤ੍ਰਾਸਦੀ ਹੰਢਾ ਰਹੀਆਂ ਹਨ।

> ਡਾ. ਗਿਆਨ ਸਿੰਘ ਦਾ ਵਿਚਾਰ ਹੈ ਕਿ, "ਸਮਾਜਿਕ ਸੰਕਟ ਵਿੱਚ ਆਤਮਘਾਤੀ ਹਿੰਸਾ ਦੀ ਨਿਸ਼ਾਨਦੇਹੀ ਹੁਣ ਖ਼ੁਦਕੁਸ਼ੀਆਂ ਤੱਕ ਮਹਿਮੂਦ ਨਹੀਂ ਹੋਣੀ ਚਾਹੀਦੀ। ਬੀਬੀਆਂ ਵੱਲੋਂ ਵੱਟੀ ਹੋਈ ਦੰਦਲ ਵਰਗੀ ਦੜ੍ਹ ਮੌਤ ਤੋਂ ਘੱਟ ਭਿਆਨਕ ਨਹੀਂ ਹੈ। ਵਿਦਵਾਨਾਂ ਦੀ ਮਜ਼ਬੂਰੀ ਹੋ ਸਕਦੀ ਹੈ ਕਿ ਉਹ ਮੌਤ ਨੂੰ ਹੀ ਸੰਕਟ ਦੀ ਨਿਸ਼ਾਨੀ ਮੰਨਦੇ ਹਨ। ਇਸੇ ਕਾਰਨ ਮੌਤ ਵਰਗੀ ਜ਼ਿੰਦਗੀ ਅਤੇ ਭੁੱਖ ਮਰੀ ਦੇ ਕੰਡੇ ਪੁੱਜੀ ਭੁੱਖ ਚਾਰਾਜੋਈ ਦੀ ਹੱਦ ਨਹੀਂ ਬਣਦੀ। ਇਸ ਹਾਲਤ ਵਿੱਚ ਖੇਤੀ ਸੰਕਟ ਨੂੰ ਕਿਸਾਨੀ ਸੰਕਟ ਵੱਜੋਂ ਪੇਸ਼ ਕਰਨਾ ਗ਼ਲਤ ਹੈ। ਇਹ ਸਮਾਜਿਕ ਸੰਕਟ ਹੈ ਜਿਸ ਦੇ ਰੋਲ ਸਮਾਜਿਕ ਭਾਈਵਾਲੀ ਤੋਂ ਬਿਨਾਂ ਸੰਭਵ ਨਹੀਂ ਹਨ।" ("ਪੰਜਾਬ ਦੀ ਪੇਂਡੂ ਆਰਥਿਕਤਾ" 57)

ਕਹਿ ਸਕਦੇ ਹਾਂ ਕਿ ਸਾਰਾ ਪੇਂਡੂ ਸਮਾਜ ਸੰਕਟ/ਤ੍ਰਾਸਦੀ ਦਾ ਸ਼ਿਕਾਰ ਹੈ। ਕਿਸਾਨ ਬੀਬੀਆਂ ਦਾ ਸਿਰੜ, ਬਜ਼ੁਰਗਾਂ ਦਾ ਤਜਰਬਾ, ਨੌਜਵਾਨ ਪੀੜ੍ਹੀ ਦਾ ਜ਼ੋਰ ਅਤੇ ਬੱਚੇ ਇਕੱਠੇ ਹੋ ਕੇ ਇਨ੍ਹਾਂ ਪਰਿਸਥਿਤੀਆਂ ਦਾ ਸਾਹਮਣਾ ਕਰ ਰਹੇ ਹਨ। ਇਹ ਤੰਦਾਂ ਭਾਵੇਂ ਸਿਆਸੀ-ਆਰਥਿਕਤਾ ਦੀ ਪੇਚੀਦਾ ਜਾਂ ਸਮਕਾਲੀ ਏਕਤਾ ਨਾਲ ਨਹੀਂ ਸੁਲਝ ਸਕਦੀਆਂ ਪਰ ਇਸ ਸਭ ਨਾਲ

ਸਮਾਜਿਕ ਬਰਾਬਰੀ ਕਾਇਮ ਕੀਤੀ ਜਾ ਸਕਦੀ ਹੈ। ਸਮਕਾਲੀ ਕਿਸਾਨੀ ਜੀਵਨ ਦੀਆਂ ਕੇਵਲ ਆਰਥਿਕ ਸਥਿਤੀਆਂ ਨੂੰ ਪ੍ਰਭਾਵਿਤ ਨਹੀਂ ਕੀਤਾ ਸਗੋਂ ਸਮਾਜਿਕ ਅਤੇ ਮਾਨਸਿਕ ਪ੍ਰਸਥਿਤੀਆਂ ਨੂੰ ਵੀ ਪ੍ਰਭਾਵਿਤ ਕੀਤਾ ਹੈ। ਕਿਸਾਨੀ ਜੀਵਨ ਕਰਜ਼ੇ ਦੀ ਪ੍ਰਕਿਰਿਆ ਵਿੱਚ ਫਸਣ ਕਾਰਨ ਸਮਾਜਿਕ ਹੀਣਤਾ ਦਾ ਸ਼ਿਕਾਰ ਵੀ ਹੋ ਰਿਹਾ ਹੈ। ਸਾਡੇ ਸਮਾਜ ਵਿੱਚ ਜਿਸ ਸਿਰ ਕਰਜ਼ਾ ਹੁੰਦਾ ਹੈ ਉਸ ਨੂੰ ਸਮਾਜਿਕ ਭਾਈਚਾਰੇ ਵਿੱਚ ਨੀਵੇਂ ਪੱਧਰ ਉੱਪਰ ਰੱਖਦੇ ਹਨ। ਰਿਸ਼ਤੇਦਾਰੀ, ਸਾਕ ਸੰਬੰਧੀਆਂ ਵਿੱਚ ਵੀ ਹੀਣਤਾ ਦਾ ਸ਼ਿਕਾਰ ਹੁੰਦੇ ਹਨ। ਕਿਸਾਨ ਕਰਜ਼ੇ ਦੀ ਆਪਣੇ ਸਿਰ ਭਾਰੀ ਪੰਡ ਹੋਣ ਕਾਰਨ ਕਿਸਾਨ ਖ਼ੁਦਕੁਸ਼ੀ ਕਰਦਾ ਹੈ। ਉਸ ਦੇ ਪਰਿਵਾਰ ਅਤੇ ਬੱਚਿਆਂ ਨੂੰ ਆਰਥਿਕ ਸੰਕਟ ਦੇ ਨਾਲ ਨਾਲ ਸਮਾਜਿਕ ਨਾਮੋਸ਼ੀ ਦਾ ਸ਼ਿਕਾਰ ਵੀ ਹੋਣਾ ਪੈਂਦਾ ਹੈ। ਪਿਤਾ ਵੱਲੋਂ ਕੀਤੀ ਖ਼ੁਦਕੁਸ਼ੀ ਕਾਰਨ ਅੱਗੋਂ ਬੱਚਿਆਂ ਦੇ ਵਿਆਹ ਨਹੀਂ ਹੁੰਦੇ। ਮਾਨਸਿਕ ਪ੍ਰੇਸ਼ਾਨੀ ਦੇ ਚੱਲਦਿਆਂ ਬੱਚੇ ਨਸ਼ਿਆਂ ਦਾ ਸੇਵਨ ਕਰਨ ਲੱਗ ਜਾਂਦੇ ਹਨ। ਇਸ ਆਰਥਿਕ, ਸਮਾਜਿਕ ਅਤੇ ਮਾਨਸਿਕ ਪ੍ਰਭਾਵਾਂ ਨੇ ਰਵਾਇਤੀ ਸਭਿਆਚਾਰ ਨੂੰ ਵੀ ਪ੍ਰਭਾਵਿਤ ਕੀਤਾ ਹੈ। ਕਿਸਾਨ ਔਰਤਾਂ ਵੀ ਇਸ ਸੰਕਟ ਦੇ ਪ੍ਰਭਾਵ ਤੋਂ ਮੁਕਤ ਨਹੀਂ ਹਨ। ਸਗੋਂ ਹਰ ਰੋਜ਼ ਮਰ ਕੇ ਜਿਊਣ ਵਾਲੀ ਜ਼ਿੰਦਗੀ ਜਿਉਂ ਰਹੀਆਂ ਹਨ। ਇਨ੍ਹਾਂ ਪਰਿਸਥਿਤੀਆਂ ਵਿੱਚ ਹੀ ਆੜ੍ਹਤੀਆਂ/ਬੈਂਕਾਂ ਵੱਲੋਂ ਦਿੱਤੀ ਜਾਂਦੀ ਮਾਨਸਿਕ ਅਤੇ ਆਰਥਿਕ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ। ਇਨ੍ਹਾਂ ਪ੍ਰਭਾਵਾਂ ਕਾਰਨ ਹੀ ਪੰਜਾਬੀ ਸਭਿਆਚਾਰ ਵਿੱਚ ਵਿਕਸਿਤ ਸਾਂਝੀ ਰਿਸ਼ਤਾ ਪ੍ਰਣਾਲੀ ਵੀ ਪ੍ਰਭਾਵਿਤ ਹੋਈ। ਸਾਂਝੇ ਪਰਿਵਾਰ ਇਨ੍ਹਾਂ ਆਰਥਿਕ, ਸਮਾਜਿਕ ਪਰਿਸਥਿਤੀਆਂ ਕਾਰਨ ਟੁੱਟ ਗਏ ਹਨ। ਅੱਜ ਕੱਲ੍ਹ ਆਪਸੀ ਰਿਸ਼ਤਿਆਂ ਵਿੱਚ ਵੀ ਪਹਿਲਾ ਅਜਿਹਾ ਪਿਆਰ ਨਹੀਂ ਰਿਹਾ। ਕਿਸਾਨੀ ਜੀਵਨ ਹਰ ਪੱਖੋਂ ਮੰਡੀਵਾਦ ਨਾਲ ਜੋੜਿਆ ਗਿਆ। ਕਿਸਾਨ ਆਪਣੇ ਘਰ ਲਈ ਨਹੀਂ ਸਗੋਂ ਮੰਡੀ ਲਈ ਵਸਤੂ ਪੈਦਾ ਕਰਨ ਲੱਗ ਪਿਆ ਹੈ। ਕਿਸਾਨੀ ਜੀਵਨ ਨੂੰ ਆਰਥਿਕ, ਸਮਾਜਿਕ, ਮਾਨਸਿਕ ਅਤੇ ਰਾਜਸੀ ਪਰਿਸਥਿਤੀਆਂ ਨੂੰ ਪ੍ਰਭਾਵਿਤ ਹੀ ਨਹੀਂ ਕੀਤਾ ਸਗੋਂ ਬਹੁਤ ਸਾਰੀਆਂ ਬਿਮਾਰੀਆਂ ਨੂੰ ਵੀ ਜਨਮ ਦਿੱਤਾ ਹੈ। ਪੀਣ ਵਾਲੇ ਪਾਣੀ ਵਿਚ ਯੂਰੇਨੀਅਮ ਦੀ ਮਾਤਰਾ ਵਧਣ ਨਾਲ ਪਾਣੀ ਦੂਸ਼ਿਤ ਹੋ ਗਿਆ ਜਿਸ ਕਾਰਨ ਪੰਜਾਬ ਵਿੱਚ ਕੈਂਸਰ ਵਰਗੀ ਬਿਮਾਰੀ ਫੈਲ ਗਈ ਹੈ। ਅਜਿਹੀਆਂ ਹੋਰ ਵੀ ਬਹੁਤ ਸਾਰੀਆਂ ਬਿਮਾਰੀਆਂ ਪੰਜਾਬ ਵਿੱਚ ਫੈਲੀਆਂ ਹੋਈਆਂ ਹਨ ਜੋ ਕਿਸਾਨੀ ਜੀਵਨ ਨੂੰ ਆਰਥਿਕ ਅਤੇ ਜ਼ਿੰਦਗੀ ਜਿਊਣ ਪੱਖੋਂ ਪ੍ਰਭਾਵਿਤ ਕਰ ਰਹੀਆਂ ਹਨ। ਰਿਸ਼ਤੇ ਨਾਤੇ ਹੁਣ ਸਮਾਜਿਕਤਾ ਮਾਨਸਿਕਤਾ ਉੱਪਰ ਆਧਾਰਿਤ ਨਹੀਂ ਸਗੋਂ ਆਰਥਿਕਤਾ ਉੱਪਰ ਆਧਾਰਤ ਹੈ। ਕਿਸਾਨੀ ਜੀਵਨ ਸੰਕਟ ਦੇ ਚੱਲਦਿਆਂ ਆਪਣੀ ਮਾਂ ਵਰਗੀ ਜ਼ਮੀਨ ਨੂੰ ਸ਼ਰੇਆਮ ਵੇਚਣੀ ਆਰੰਭ ਕਰ ਦਿੱਤੀ ਹੈ। ਕਿਸਾਨੀ ਰਵਾਇਤੀ ਜੀਵਨ ਜਾਂਚ ਨੂੰ ਪਿੱਛੇ ਧੱਕ ਕੇ ਪੈਸੇ ਦੀ ਦੌੜ ਵਿਚ ਸ਼ਾਮਿਲ ਹੋ ਗਈ ਹੈ ਜਿਸ ਕਾਰਨ ਕਿਸਾਨਾਂ ਨੇ ਦੁੱਧ ਨੂੰ ਵੇਚਣਾ ਅਤੇ ਪੁੱਤਰ ਨੂੰ ਵਿਦੇਸ਼ ਪੈਸੇ ਕਮਾਉਣ ਲਈ ਭੇਜਣਾ ਆਰੰਭ ਕਰ ਰਿਹਾ ਹੈ। ਰਵਾਇਤੀ/ਪ੍ਰੰਪਰਕ ਖੇਤੀ ਦਾ ਤਿਆਗ ਕਰ ਕੇ ਖੇਤੀਬਾੜੀ ਦੇ ਆਧੁਨਿਕ ਢੰਗ ਤਰੀਕਿਆਂ ਨੂੰ ਅਪਣਾ ਲਿਆ ਹੈ। ਸਮਕਾਲੀ ਮਨੁੱਖ ਸਭਿਆਚਾਰਕ ਜੀਵਨ ਜਾਂਚ ਨੂੰ ਪਿੱਛੇ ਧੱਕਦਾ ਫਿਊਡਲ ਸਭਿਅਤਾ ਵੱਲ ਕੇਂਦਰਿਤ ਹੈ। ਕਿਸਾਨੀ ਜੀਵਨ ਮਾਨਸਿਕ ਸੰਕਟ ਦੇ ਚੱਲਦਿਆਂ ਨਸ਼ਿਆਂ ਵੱਲ ਕੇਂਦਰਿਤ ਹੋ ਰਿਹਾ ਹੈ। ਆਧੁਨਿਕ ਯੁੱਗ ਵਿੱਚ ਵੀ ਕਿਸਾਨਾਂ ਉੱਪਰ ਆੜ੍ਹਤੀਆ ਸਿਸਟਮ ਹਾਵੀ ਹੈ। ਪੁਰਾਤਨ ਸਮੇਂ ਵਿਚ

ਵਿਆਹ ਸੰਯੋਗ ਦੋ ਪਰਿਵਾਰਾਂ ਦਾ ਮੇਲ ਹੁੰਦਾ ਸੀ ਪਰ ਸਮਕਾਲੀ ਪ੍ਰਬੰਧ ਵਿਆਹ ਸੰਸਥਾ ਤੋਂ ਇਨਕਾਰੀ ਹੈ। ਆਧੁਨਿਕ ਯੁੱਗ ਵਿਚ ਰਵਾਇਤੀ ਪ੍ਰਬੰਧ, ਟੈਬੂ ਨੂੰ ਪਿੱਛੇ ਧੱਕ ਦਿੱਤਾ ਹੈ। ਮਨੁੱਖੀ ਜੀਵਨ ਕੇਵਲ ਪੂੰਜੀ ਕੇਂਦਰਿਤ ਹੋ ਗਿਆ ਹੈ।

ਆਰਥਿਕ, ਸਮਾਜਿਕ, ਮਾਨਸਿਕ, ਸਭਿਆਚਾਰਕ ਅਤੇ ਰਾਜਸੀ ਸੰਕਟ ਦੇ ਪ੍ਰਭਾਵ ਤੋਂ ਬਚਣ ਲਈ ਕੁੱਝ ਬਣਦੇ ਯੋਗ ਕਦਮ ਚੁੱਕਣੇ ਜ਼ਰੂਰੀ ਹਨ ਤਾਂ ਕਿ ਕਿਸਾਨੀ ਜੀਵਨ ਨਿਘਾਰ ਵੱਲ ਜਾ ਰਹੀਆਂ ਪਰਿਸਥਿਤੀਆਂ ਤੋਂ ਬਚ ਸਕੇ। ਕਿਸਾਨਾਂ ਨੂੰ ਆਪਣੀ ਖੇਤੀਬਾੜੀ ਸੰਬੰਧੀ ਸੋਚ ਵਿਚਾਰ ਕੇ ਅਹਿਮ ਫ਼ੈਸਲੇ ਲੈਣੇ ਜ਼ਰੂਰੀ ਹਨ। ਖੇਤੀਬਾੜੀ ਦੇ ਨਾਲ-ਨਾਲ ਕੋਈ ਹੋਰ ਰੁਜ਼ਗਾਰ ਵਾਲਾ ਧੰਦਾ ਅਪਣਾਉਣ ਤਾਂ ਕਿ ਦਿਨ ਪ੍ਰਤੀ ਦਿਨ ਦੇ ਖ਼ਰਚੇ ਚੱਲ ਸਕਣ। ਖੇਤੀਬਾੜੀ ਸੰਬੰਧੀ ਨਵੇਂ ਬੀਜ, ਖਾਦਾਂ ਦਵਾਈਆਂ ਤੇ ਸਕੀਮਾਂ ਬਾਰੇ ਜਾਣਕਾਰੀ ਰੱਖਣ ਅਤੇ ਇਨ੍ਹਾਂ ਵਸਤੂਆਂ ਦੀ ਲੋੜ ਤੋਂ ਵੱਧ ਵਰਤੋਂ ਨਾ ਕਰਨ। ਆਧੁਨਿਕ ਖੇਤੀ ਨੂੰ ਕਿਸੇ ਹੱਦ ਤੱਕ ਘਟਾ ਕੇ ਆਰਗੈਨਿਕ ਢੰਗ ਨਾਲ ਖੇਤੀ ਕਰਨ ਤਾਂ ਕਿ ਖੇਤੀ ਉੱਪਰ ਹੋਣ ਵਾਲੇ ਖ਼ਰਚ ਨੂੰ ਘਟਾਇਆ ਜਾ ਸਕੇ। ਜੱਟਵਾਦ ਦੀ ਭਾਵਨਾ ਦਾ ਤਿਆਗ ਕਰਨ। ਵੱਧ ਚੜ੍ਹ ਕੇ ਜ਼ਮੀਨ ਠੇਕੇ ਉੱਪਰ ਨਾ ਲੈਣ। ਵਿਆਹਾਂ-ਸ਼ਾਦੀਆਂ ਅਤੇ ਪਰਿਵਾਰਕ ਖ਼ਰਚ ਘੱਟ ਕਰਨ। ਕਿਸਾਨ ਆਪਣੇ ਬੱਚਿਆਂ ਨੂੰ ਉਚੇਰੀ ਪੜ੍ਹਾਈ ਦੇ ਨਾਲ-ਨਾਲ ਹੱਥੀਂ ਕਿਰਤ ਕਰਨ ਦੀ ਆਦਤ ਪਾਉਣ। ਆੜ੍ਹਤੀਏ ਅਤੇ ਸ਼ਾਹੂਕਾਰ ਤੋਂ ਕਰਜ਼ਾ ਲੈਣ ਤੋਂ ਪਰਹੇਜ਼ ਕਰਨ। ਸਿਰ ਉੱਪਰ ਕਰਜ਼ੇ ਦੀ ਪੰਡ ਭਾਰੀ ਹੋਣ ਕਾਰਨ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਨਾ ਹੋਣ ਅਤੇ ਨਸ਼ਿਆਂ ਦੀ ਵਰਤੋਂ ਨਾ ਕਰਨ। ਆਪਣੀ ਮਾਨਸਿਕ ਪ੍ਰੇਸ਼ਾਨੀ ਆਪਣੇ ਪਰਿਵਾਰ ਅਤੇ ਰਿਸ਼ਤੇਦਾਰਾਂ ਨਾਲ ਸਾਂਝੀ ਕਰਨ। ਖ਼ੁਦਕੁਸ਼ੀ ਵਾਲਾ ਰਾਹ ਨਾ ਅਪਣਾਉਣ ਕਿਉਂਕਿ ਖ਼ੁਦਕੁਸ਼ੀ ਕਿਸੇ ਸਮੱਸਿਆ ਦਾ ਹੱਲ ਨਹੀਂ। ਖੇਤੀਬਾੜੀ ਨਾਲ ਸੰਬੰਧਿਤ ਕਿਸੇ ਕਿਸਮ ਦੀ ਸਮੱਸਿਆ ਕਿਸਾਨ ਜਥੇਬੰਦੀਆਂ ਨਾਲ ਸਾਂਝੀ ਕਰਨ ਅਤੇ ਸਲਾਹ ਲੈਣ। ਸਿਹਤ ਵਿਭਾਗ ਵੱਲੋਂ ਦਿੱਤੀਆਂ ਜਾਂਦੀਆਂ ਸਿਹਤ ਸਹੂਲਤਾਂ ਦਾ ਲਾਭ ਉਠਾਉਣ, ਨਸ਼ਿਆਂ, ਝਗੜਿਆਂ ਅਤੇ ਮੁਕੱਦਮੇਬਾਜ਼ੀ ਤੋਂ ਗੁਰੇਜ਼ ਕਰਨ। ਸਰਕਾਰ ਵੱਲੋਂ ਦਿੱਤੀਆਂ ਜਾਂਦੀਆਂ ਸਹੂਲਤਾਂ ਅਤੇ ਸਬਸਿਡੀਆਂ (ਭਾਵੇਂ ਕਿ ਵਧੇਰੇ ਨਹੀਂ ਹਨ) ਦਾ ਲਾਭ ਪ੍ਰਾਪਤ ਕਰਨ। ਜਿੰਨੀ ਆਮਦਨ ਹੈ ਉਨੇ ਵਿੱਚ ਹੀ ਗੁਜ਼ਾਰਾ ਕਰਨ ਸਿੱਖਣ ਅਤੇ ਆਪਣੇ ਫ਼ਜ਼ੂਲ ਖ਼ਰਚੇ ਘੱਟ ਕਰਨ। ਖੇਤੀਬਾੜੀ ਸੰਦਾਂ ਲਈ ਭਾਵ ਟਰੈਕਟਰ, ਮਸ਼ੀਨ, ਟਰਾਲੀ ਆਦਿ ਉੱਪਰ ਲੋੜ ਨਾਲੋਂ ਵਧੇਰੇ ਖ਼ਰਚਾ ਨਾ ਕਰਨ ਜੇ ਖ਼ਰਚ ਕਰਦੇ ਵੀ ਹਨ ਤਾਂ ਇਨ੍ਹਾਂ 'ਤੇ ਕਰਾਇਆ ਆਦਿ ਲਗਾ ਕੇ ਆਪਣੇ ਖ਼ਰਚੇ ਚਲਾ ਸਕਦੇ ਹਨ।

ਸੂਬੇ ਦੀ ਸਰਕਾਰ ਲਈ ਅਤਿ ਜ਼ਰੂਰੀ ਹੈ ਕਿ ਉਹ ਨਿਘਾਰ ਵੱਲ ਜਾ ਰਹੀ ਨਿਮਨ ਕਿਸਾਨੀ ਦੀ ਸਥਿਤੀ ਵਿੱਚ ਬਣਦੇ ਸੁਧਾਰ ਕਰੇ। ਕਿਸਾਨਾਂ ਨੂੰ ਬਚਾਉਣ ਲਈ ਨਵੇਂ ਕਾਨੂੰਨ ਸਥਾਪਿਤ ਕਰੇ। ਮੰਡੀਕਰਨ, ਵਿਸ਼ਵੀਕਰਨ, ਉਦਾਰੀਕਰਨ ਦੀਆਂ ਨੀਤੀਆਂ ਦਾ ਜੇਕਰ ਤਿਆਗ ਨਹੀਂ ਕਰ ਸਕਦੀ ਤਾਂ ਕਿਸੇ ਹੱਦ ਤਕ ਇਸ ਨੂੰ ਘੱਟ ਜ਼ਰੂਰ ਕਰੇ। ਜੇਕਰ ਸਰਕਾਰ ਦੇਸ਼ ਦੀ ਤਰੱਕੀ ਚਾਹੁੰਦੀ ਹੈ ਤਾਂ ਖੇਤੀ ਮਾਡਲ ਨੂੰ ਆਰਥਿਕ ਪੱਖੋਂ ਖ਼ੁਸ਼ਹਾਲ ਕਰੇ। ਸਰਕਾਰ ਰਾਜਨੀਤੀ ਵਿੱਚ ਅਮਰੀਕਾ ਵਰਗੇ ਦੇਸ਼ਾਂ ਦੀ ਰੀਸ ਕਰਦੀ ਹੈ ਪਰ ਅਮਰੀਕਾ ਵਿੱਚ ਦਿੱਤੀਆਂ ਜਾਂਦੀਆਂ ਕਿਸਾਨ ਸਬਸਿਡੀਆਂ ਵਾਂਗ, ਭਾਰਤ ਸਥਿਤ ਪੰਜਾਬ ਸਰਕਾਰ ਵੀ ਕਿਸਾਨਾਂ ਨੂੰ ਸਬਸਿਡੀਆਂ ਦੇਵੇ। ਇਹ ਸਬਸਿਡੀਆਂ ਗਰੀਨ ਬਾਕਸ ਦੇ ਆਧਾਰਿਤ ਵੀ ਹੋ ਸਕਦੀਆਂ ਹਨ।

ਸਰਕਾਰ ਵੱਲੋਂ ਕਿਸਾਨਾਂ ਨੂੰ ਦਿੱਤੇ ਜਾਂਦੇ ਕਰਜ਼ੇ ਦੀ ਵਿਆਜ ਦਰ ਘੱਟ ਕਰੇ ਤੇ ਸ਼ਾਹੂਕਾਰਾਂ ਨੂੰ ਨੱਥ ਪਾਏ। ਖ਼ੁਦਕੁਸ਼ੀ ਕੀਤੇ ਕਿਸਾਨਾਂ ਨੂੰ ਮੁਆਵਜ਼ਾ ਅਤੇ ਉਨ੍ਹਾਂ ਦੇ ਬੱਚਿਆਂ ਲਈ ਨੌਕਰੀ ਦਾ ਪ੍ਰਬੰਧ ਕਰੇ। ਸਰਕਾਰ ਤੋਂ ਲਿਆ ਕਰਜ਼ਾ ਮੋੜਨ ਲਈ ਕਿਸ਼ਤਾਂ ਦਾ ਪ੍ਰਬੰਧ ਕੀਤਾ ਜਾਵੇ। ਖੇਤੀਬਾੜੀ ਅਤੇ ਸਿਹਤ ਸੰਬੰਧੀ ਨਿਮਨ ਕਿਸਾਨਾਂ ਲਈ ਯੋਜਨਾਵਾਂ ਬਣਾਵੇ ਅਤੇ ਲਾਗੂ ਕਰੇ। W.T.O. ਦੇ ਪ੍ਰਭਾਵ ਨੂੰ ਘੱਟ ਕਰੇ। ਕਿਸਾਨੀ ਜੀਵਨ/ਸੰਕਟ ਵਿੱਚ ਸੁਧਾਰ ਕਰਨ ਲਈ ਕਿਸਾਨ ਜਥੇਬੰਦੀਆਂ ਕਿਸਾਨਾਂ ਤੋਂ ਖੇਤੀਬਾੜੀ ਸੰਬੰਧੀ ਯੋਗ ਸਲਾਹ ਲੈਣ ਤਾਂ ਕਿ ਕਿਸਾਨਾਂ ਦੀਆਂ ਪ੍ਰੇਸ਼ਾਨੀਆਂ ਜਾਣ ਸਕੇ ਅਤੇ ਸੁਧਾਰ ਲਿਆਵੇ। ਸਰਕਾਰ ਫ਼ਸਲਾਂ ਦੇ ਭਾਅ ਵਧਾਵੇ ਅਤੇ ਚੋਣਾਂ ਸਮੇਂ ਕੀਤੇ ਵੱਡੇ-ਵੱਡੇ ਵਾਅਦਿਆਂ ਉੱਪਰ ਖਰੀ ਉੱਤਰਨ ਦਾ ਯਤਨ ਕਰੇ। ਉਨ੍ਹਾਂ ਪਰਿਵਾਰਾਂ ਦੀ ਨਿਸ਼ਾਨਦੇਹੀ ਕਰੇ ਜਿਨ੍ਹਾਂ ਕਿਸਾਨਾਂ ਸਿਰ ਕਰਜ਼ੇ ਹਨ, ਉਨ੍ਹਾਂ ਲਈ ਵਿਸ਼ੇਸ਼ ਪੈਕੇਜ ਤਿਆਰ ਕਰੇ। ਪੈੱਨ ਕਾਰਡ ਲਾਗੂ ਕਰੇ। ਭਾਰਤ ਵੀ ਚੀਨ ਵਾਂਗ ਕੁਦਰਤੀ ਆਫ਼ਤਾਂ ਤੋਂ ਬਚਾਉਣ ਲਈ ਫ਼ਸਲਾਂ ਦਾ ਬੀਮਾ ਕਰੇ। ਖੇਤੀਬਾੜੀ ਦੇ ਸੰਦ ਸਹਿਕਾਰੀ ਸੰਸਥਾਵਾਂ ਵਿੱਚ ਮੁਹੱਈਆ ਕਰਵਾਏ ਤਾਂ ਕਿ ਨਿਮਨ ਕਿਸਾਨ ਇਨ੍ਹਾਂ ਸੰਦਾਂ ਤੋਂ ਲਾਭ ਪ੍ਰਾਪਤ ਕਰ ਸਕਣ। ਇਸ ਨਾਲ ਕਿਸਾਨ ਸਿਰ ਕਰਜ਼ੇ ਦਾ ਕੁੱਝ ਕੁ ਭਾਰ ਘੱਟ ਕੀਤਾ ਜਾ ਸਕਦਾ ਹੈ। ਸਰਕਾਰ ਕਿਸਾਨਾਂ ਵੱਲੋਂ ਕੀਤੀਆਂ ਜਾਂਦੀਆਂ ਖ਼ੁਦਕੁਸ਼ੀਆਂ ਦਾ ਰਿਕਾਰਡ ਰੱਖੇ। ਕਿਸਾਨਾਂ ਨੂੰ ਦਿੱਤੀ ਜਾਂਦੀ ਬਿਜਲੀ ਦਰ ਸਸਤੀ ਕੀਤੀ ਜਾਵੇ। ਅੰਤਰਰਾਸ਼ਟਰੀ ਮੰਡੀ ਦੇ ਮਿਆਰ ਅਨੁਸਾਰ ਖੇਤੀ ਦੀ ਫ਼ਸਲ ਦੇ ਮਿਆਰ ਨੂੰ ਢਾਲਣ ਲਈ ਲੋੜੀਂਦੇ ਢੰਗ ਵਰਤੇ ਜਾਣ ਉਤਪਾਦਨ ਦੀ ਕੁਆਲਿਟੀ ਵਧਾਈ ਜਾਵੇ। ਖੇਤੀਬਾੜੀ ਵਿੱਚ ਵਿਭਿੰਨਤਾ ਦੀ ਘਾਟ ਹੈ, ਫ਼ਸਲੀ ਚੱਕਰ ਅਪਣਾਇਆ ਜਾਵੇ, ਬਿਜਲੀ ਦੀ ਕਮੀ ਨੂੰ ਦੂਰ ਕੀਤਾ ਜਾਵੇ ਤਾਂ ਕਿ ਕਿਸਾਨਾਂ ਨੂੰ ਮਹਿੰਗੇ ਟਿਊਬਵੈੱਲਾਂ ਉੱਪਰ ਖ਼ਰਚ ਨਾ ਕਰਨੇ ਪੈਣ। ਗੰਡੋਏ ਖੇਤੀ ਲਈ ਇੱਕ ਕੁਦਰਤੀ ਵਰਦਾਨ ਹੈ। ਇਨ੍ਹਾਂ ਨੂੰ ਖੇਤੀ ਉਤਪਾਦਨ ਲਈ ਸੰਭਾਲਿਆ ਜਾ ਸਕਦਾ ਹੈ। ਮੰਡੀਕਰਨ ਦੀਆਂ ਸਮੱਸਿਆਵਾਂ ਦੂਰ ਕੀਤੀਆਂ ਜਾਣ। ਪੇਂਡੂ ਅਤੇ ਕਿਸਾਨ ਖੇਤੀ ਖੇਤਰ ਲਈ ਉਚੇਰਾ ਵਿੱਦਿਅਕ ਢਾਂਚਾ ਅਪਣਾਇਆ ਜਾਵੇ। ਕਿਸਾਨਾਂ ਦੀ ਸਮੇਂ ਸਮੇਂ ਸਿਰ ਯੋਗ ਅਗਵਾਈ ਕੀਤੀ ਜਾਵੇ। ਅਣ ਹੋਈਆਂ ਘਟਨਾਵਾਂ ਜਿਵੇਂ ਖੇਤੀ ਦੇ ਕੰਮ ਕਾਜ ਦੌਰਾਨ ਹੱਥ ਪੈਰ ਕੱਟੇ ਜਾਣ ਉੱਪਰ ਵਿਸ਼ੇਸ਼ ਆਰਥਿਕ ਸਹਾਇਤਾ ਵਾਲਾ ਪੈਕੇਜ ਤਿਆਰ ਕਰੇ। ਕਿਸਾਨ ਚੈਨਲ ਆਰੰਭ ਕਰੇ ਤਾਂ ਕਿ ਕਿਸਾਨ ਆਪਣੀਆਂ ਸਮੱਸਿਆਵਾਂ ਦਾ ਹੱਲ ਉਨ੍ਹਾਂ ਵਿਦਵਾਨਾਂ ਤੋਂ ਵਿਚਾਰ ਚਰਚਾ ਸਮੇਂ ਲੈ ਸਕਣ। ਸਾਡੀ ਸਰਕਾਰ ਨੂੰ ਨਿਮਨ ਕਿਸਾਨੀ ਪ੍ਰਤੀ ਯੋਗ ਕਦਮ ਉਠਾਉਣ ਦੀ ਲੋੜ ਹੈ ਤਾਂ ਕਿ ਨਿਘਾਰ ਵੱਲ ਜਾ ਰਹੇ 'ਅੰਨਦਾਤੇ' ਨੂੰ ਬਚਾਇਆ ਜਾ ਸਕੇ।

, , , , ,

## ਅਧਿਆਇ ਚੌਥਾ

# ਬਲਬੀਰ ਪਰਵਾਨਾ ਦੇ ਨਾਵਲਾਂ ਵਿਚ ਪ੍ਰਸਤੁਤ ਕਿਸਾਨੀ ਜੀਵਨ ਉੱਪਰ ਪਏ ਹਰੀ ਕ੍ਰਾਂਤੀ ਦੇ ਪ੍ਰਭਾਵਾਂ ਦਾ ਮੁਲਾਂਕਣ:

## 4.1 ਹਰੀ ਕ੍ਰਾਂਤੀ ਦੀ ਆਮਦ ਤੋਂ ਪਹਿਲਾ ਦਾ ਪੰਜਾਬ ਅਤੇ ਪੰਜਾਬੀ ਕਿਸਾਨੀ

ਵੀਹਵੀਂ ਸਦੀ 'ਚ ਵਿਸ਼ਵ ਪੱਧਰ 'ਤੇ ਵਿਨਾਸ਼ਕਾਰੀ ਯੁੱਧਾਂ, ਇਤਿਹਾਸਿਕ ਘਟਨਾਵਾਂ, ਸਮਾਜਕ ਇਨਕਲਾਬ, ਆਰਥਿਕ ਸੰਕਟਾਂ, ਸਭਿਆਚਾਰਕ ਤਬਦੀਲੀਆਂ, ਵਿਚਾਰਧਾਰਕ ਸੰਵਾਦਾਂ, ਸੱਤਾ 'ਚ ਬਦਲਾਅ, ਰਾਜਸੀ ਲੁੱਟ ਦਾ ਵਿਰੋਧ, ਲੋਕ ਮੁਕਤੀ ਦਾ ਸੰਘਰਸ਼, ਸਮਾਜਵਾਦੀ ਬਲਾਕ ਦੇ ਪਤਨ, ਪੂੰਜੀਵਾਦ ਦੇ ਹੱਥਾਂ 'ਚ ਸਾਮਰਾਜ ਦੇ ਵਿਸ਼ਵੀਕਰਨ ਦੇ ਏਜੰਡੇ ਦੀ ਚੜ੍ਹਤ, ਗਿਆਨ-ਵਿਗਿਆਨ 'ਚ ਵਾਧਾ, ਸੂਚਨਾ ਤੇ ਸੰਚਾਰ ਸਾਧਨਾਂ 'ਚ ਅਸਾਧਾਰਨ ਤੇ ਬੇਮਿਸਾਲ ਤਰੱਕੀ ਦੀ ਸਦੀ ਰਹੀ ਹੈ। ਇਸ ਸਾਰੇ ਵਰਤਾਰੇ ਦੀ ਤੇਜ਼ ਰਫ਼ਤਾਰ ਅਤੇ ਵਿਸ਼ਵ ਵਿਆਪੀ ਪ੍ਰਭਾਵ ਐਨਾ ਤੀਬਰ ਰਿਹਾ ਕਿ ਇਸ ਦੀ ਉਦਾਹਰਨ ਇਸ ਤੋਂ ਪਹਿਲਾ ਕਿਤੇ ਵੀ ਇਤਿਹਾਸਿਕ ਕਾਲ ਵਿੱਚ ਨਹੀਂ ਮਿਲਦੀ। ਇਸ ਦੇ ਘੇਰੇ 'ਚ ਕੇਵਲ ਮਨੁੱਖੀ ਸਮਾਜ ਹੀ ਨਹੀਂ ਸਗੋਂ ਪੂਰੀ ਪ੍ਰਕਿਰਤੀ ਵੀ ਆਈ ਹੈ। ਬਿਜਲੀ ਸੰਚਾਰ ਸਾਧਨਾਂ ਅਤੇ ਸੂਚਨਾ ਸੰਚਾਰ ਕ੍ਰਾਂਤੀ ਨੇ ਪੂੰਜੀਵਾਦੀ ਆਰਥਿਕਤਾ ਨੂੰ ਸੰਸਾਰ ਪੱਧਰ 'ਤੇ ਪ੍ਰਚਾਰਨ ਅਤੇ ਵਿਸਥਾਰਨ 'ਚ ਅਹਿਮ ਭੂਮਿਕਾ ਨਿਭਾਈ ਹੈ। ਇਸੇ ਕਰ ਕੇ ਹੀ ਪੂੰਜੀਵਾਦੀ ਆਰਥਿਕਤਾ ਦਾ ਵਿਸ਼ਵੀ ਰੂਪ ਉੱਭਰ ਕੇ ਸਾਹਮਣੇ ਆਉਂਦਾ ਹੈ। ਪੂੰਜੀ ਦਾ ਨਿੱਜੀਕਰਨ ਆਰਥਿਕਤਾ ਦੇ ਰੂਪ ਦਾ ਇੱਕ ਤਰਕ ਹੈ। ਆਰਥਿਕ ਲੁੱਟ, ਮੁਨਾਫ਼ਾ ਅਤੇ ਮੰਡੀ ਇਸ ਦੀ ਕਾਰਜ ਸੂਚੀ ਹੈ। ਯਥਾਰਥ ਨੂੰ ਭਰਮ ਤੇ ਭਰਮ ਨੂੰ ਯਥਾਰਥ ਬਣਾਉਂਦਾ ਉਪਭੋਗੀ ਸਭਿਆਚਾਰ ਸਿਰਜਣ ਦੀ ਇੱਕ ਕਲਾ ਹੈ।

ਇਸ ਵਿਚਾਰ ਦੀ ਪੁਸ਼ਟੀ ਕਰਦੇ ਡਾ. ਸੁਰਿੰਦਰ ਕੁਮਾਰ ਦਵੇਸ਼ਵਰ ਲਿਖਦੇ ਹਨ ਕਿ, "ਤਕਨਾਲੋਜੀ (ਯਾਂਤਰਿਕੀ) ਦਾ ਵਿਕਾਸ, ਸੂਚਨਾ ਕ੍ਰਾਂਤੀ, ਵਿਸ਼ਵ ਮੰਡੀ ਦੀ ਖੁੱਲ੍ਹ ਤੇ ਪੂੰਜੀ ਦਾ ਤਰਕ ਅੱਜ ਦੇ ਭੂਮੰਡਲੀਕਰਨ ਦੇ ਦੁਜੈਲੇ ਕਾਰਨ ਹਨ, ਮੂਲ ਕਾਰਨ ਨਹੀਂ। ਇਸ ਦਾ ਮੂਲ ਕਾਰਨ ਵਿਕਸਿਤ ਸਾਮਰਾਜੀ ਪੂੰਜੀਵਾਦ ਦਾ ਆਰਥਿਕ ਸੰਕਟ ਹੈ ਜੋ ਇਸ ਦੇ ਜਟਿਲ ਅੰਤਰ ਵਿਰੋਧਾਂ ਨੇ ਪੈਦਾ ਕੀਤਾ ਹੈ। ਉਪਭੋਗਤਾਵਾਦ, ਨਿੱਜੀਕਰਨ, ਉਦਾਰੀਕਰਨ ਇਸ ਦੀਆਂ ਲੋੜਾਂ ਹਨ। ਭ੍ਰਿਸ਼ਟਾਚਾਰ, ਤਸਕਰੀ, ਦਹਿਸ਼ਤਗਰਦੀ ਆਦਿ ਇਸ ਦੇ ਰੋਗੀ ਹੋ ਜਾਣ ਦੀਆਂ ਅਲਾਮਤਾਂ ਹਨ। ਵਿਸ਼ਵ ਬੈਂਕ, ਆਈ. ਐਸ ਤੇ ਬਹੁ ਕੰਪਨੀਆਂ ਵਿਸ਼ਵ ਵਿੱਤੀ ਪੂੰਜੀ ਦੇ ਏਜੰਟ ਹਨ। ਇਹ ਸਭ ਕੁੱਝ ਨਾ ਹੀ ਉੱਤਰ ਪੂੰਜੀਕਰਨ, ਉੱਤਰ ਸਨਾਤਨਵਾਦ ਹੈ ਤੇ ਨਾ ਹੀ ਇਤਿਹਾਸ ਜਾਂ ਵਿਚਾਰਧਾਰਾ ਦਾ ਅੰਤ ਹੈ। ਇਤਿਹਾਸ

ਵਿੱਚ ਅਜਿਹੀਆਂ ਸਿਖ਼ਰਾਂ 'ਤੇ ਅੰਤ ਕਈ ਆ ਚੁੱਕੇ ਹਨ ਤੇ ਕਈ ਹੋਰ ਆਉਣਗੇ।" ("ਸਮਾਜ ਸੱਤਾ ਤੇ ਸਮਕਾਲੀ ਨਾਵਲ" 30)

ਵਿਸ਼ਵੀਕਰਨ ਦੇ ਇਸ ਸਮੁੱਚੇ ਪ੍ਰਬੰਧ ਦੇ ਪ੍ਰਸੰਗ 'ਚ ਨਾਵਲ ਵੀ ਲਿਖਿਆ ਜਾਣ ਲੱਗਾ। ਨਾਵਲ ਪੂੰਜੀਵਾਦੀ ਸੰਸਕ੍ਰਿਤੀ ਦੀ ਹੀ ਸਿਰਜਣਾ ਹੈ। ਹਿੰਦੋਸਤਾਨ ਖ਼ਾਸ ਕਰ ਕੇ ਤੀਸਰੀ ਦੁਨੀਆ ਦੇ ਦੇਸ਼ਾਂ ਦੀ ਇਤਿਹਾਸਕ ਸਥਿਤੀ, ਸਮਾਜਿਕ, ਰਾਜਸੀ, ਆਰਥਿਕ ਪ੍ਰਬੰਧ ਅਤੇ ਸਭਿਆਚਾਰਕ ਕੀਮਤਾਂ 'ਤੇ ਮਨੁੱਖੀ ਚੇਤਨਾ ਯੂਰਪ ਦੇ ਖ਼ਾਸ ਕਰ ਕੇ ਪੂੰਜੀਵਾਦੀ ਦੇਸ਼ਾਂ ਨਾਲੋਂ ਬਿਲਕੁਲ ਅਲੱਗ ਰਹੀ ਹੈ। ਪੰਜਾਬੀ ਨਾਵਲ ਦਾ ਆਰੰਭ ਵੀ ਬਸਤੀਵਾਦੀ ਪ੍ਰਭਾਵਾਂ ਅਧੀਨ ਉਪਜੀਆਂ ਨਵੀਆਂ ਪਰਿਸਥਿਤੀਆਂ, ਨਵੇਂ ਉਪਜੇ ਪ੍ਰਬੰਧ ਦੇ ਸੰਬੰਧ ਅਤੇ ਉਨ੍ਹਾਂ ਅਨੁਸਾਰ ਉੱਸਰੇ ਸਮਾਜਕ ਪਰ-ਉਸਾਰ (Super Structure) ਦੇ ਜ਼ਰੂਰੀ ਇਤਿਹਾਸਕ ਹੱਲ ਵਜੋਂ ਹੋਇਆ।

20ਵੀਂ ਸਦੀ ਦੇ ਅਖੀਰਲੇ ਦਹਾਕੇ ਅਤੇ 21ਵੀਂ ਸਦੀ ਦੇ ਸ਼ੁਰੂ ਦੇ ਸਾਲਾਂ ਦੌਰਾਨ ਪੰਜਾਬੀ 'ਚ ਕੁੱਝ ਅਜਿਹੇ ਨਾਵਲਾਂ ਦੀ ਸਿਰਜਣਾ ਕੀਤੀ ਗਈ ਜੋ ਪੂੰਜੀਵਾਦ ਦੇ ਕਠੋਰ ਯਥਾਰਥ ਦਾ ਸਿੱਧਾ ਵਰਣਨ ਕਰਦੇ ਹਨ। ਇਹ ਨਾਵਲ ਪੂੰਜੀਵਾਦੀ ਯਥਾਰਥ ਨੂੰ ਵਿਅੰਗ ਤੇ ਵਿਡੰਬਣਾ ਦੀ ਦ੍ਰਿਸ਼ਟੀ ਤੋਂ ਵੀ ਰੂਪਮਾਨ ਕਰਦੇ ਹਨ। ਇਸੇ ਸੰਦਰਭ 'ਚ ਬਲਬੀਰ ਪਰਵਾਨਾ ਵੀ ਇੱਕ ਅਜਿਹਾ ਨਾਵਲਕਾਰ ਹੈ ਜੋ ਪੂੰਜੀਵਾਦੀ ਦੌਰ ਦੇ ਪੈ ਰਹੇ ਅੰਨ੍ਹੇ ਪ੍ਰਭਾਵਾਂ ਨੂੰ ਕਲਾਮਈ ਢੰਗ ਨਾਲ ਆਪਣੇ ਨਾਵਲਾਂ ਵਿੱਚ ਪੇਸ਼ ਕਰਦਾ ਹੈ। ਬਲਬੀਰ ਪਰਵਾਨਾ ਪੰਜਾਬੀ ਸਾਹਿਤਕ ਜਗਤ 'ਚ ਇੱਕ ਬਹੁਪੱਖੀ ਸਿਰਜਕ ਵਜੋਂ ਉੱਭਰ ਕੇ ਸਾਹਮਣੇ ਆਉਂਦਾ ਹੈ। ਪਰਵਾਨਾ ਨੇ ਨਾਵਲ *'ਗਹਿਰ ਚੜ੍ਹੀ ਅਸਮਾਨ', 'ਨਿੱਕੇ-ਨਿੱਕੇ ਯੁੱਧ', 'ਆਪਣੇ-ਆਪਣੇ ਮੋਰਚੇ', 'ਕਥਾ ਇਸ ਯੁੱਗ ਦੀ', 'ਅੰਬਰ ਵੱਲ ਉਡਾਣ', 'ਖੇਤਾਂ ਦਾ ਰੁਦਨ'* ਦੀ ਲੜੀਬੱਧ ਸਿਰਜਣਾ ਕਰ ਕੇ ਹਰੀ ਕ੍ਰਾਂਤੀ ਦੀ ਆਮਦ ਨਾਲ ਕਿਸਾਨੀ ਜੀਵਨ 'ਤੇ ਪਏ ਮਾਰੂ ਪ੍ਰਭਾਵਾਂ ਨੂੰ ਪ੍ਰਗਤੀਵਾਦੀ ਦ੍ਰਿਸ਼ਟੀਕੋਣ ਤੋਂ ਪੇਸ਼ ਕੀਤਾ ਹੈ।

ਹੱਥਲੇ ਅਧਿਆਇ ਵਿੱਚ ਬਲਬੀਰ ਪਰਵਾਨਾ ਦੇ ਪਹਿਲੇ ਤਿੰਨ ਨਾਵਲ *'ਗਹਿਰ ਚੜ੍ਹੀ ਅਸਮਾਨ', 'ਨਿੱਕੇ-ਨਿੱਕੇ ਯੁੱਧ', 'ਆਪਣੇ ਆਪਣੇ ਮੋਰਚੇ'* ਦੇ ਸੰਦਰਭ 'ਚ ਕਿਸਾਨੀ ਜੀਵਨ ਦਾ ਮੁਲਾਂਕਣ ਕੀਤਾ ਜਾਵੇਗਾ। ਹਰੀ ਕ੍ਰਾਂਤੀ ਤੋਂ ਪਹਿਲਾ ਪੰਜਾਬ ਦਾ ਅਰਥਚਾਰਾ, ਕਿਸਾਨੀ ਪ੍ਰਬੰਧ, ਸਭਿਆਚਾਰ ਸੰਸਕ੍ਰਿਤੀ, ਪਰਿਵਾਰਕ ਜੀਵਨ ਸ਼ੈਲੀ, ਕਿਸਾਨੀ ਜੀਵਨ ਦੀਆਂ ਸਮੱਸਿਆਵਾਂ, ਰਿਸ਼ਤਾ ਨਾਤਾ ਸਿਸਟਮ ਆਦਿ ਦਾ ਲੜੀਬੱਧ ਪ੍ਰਗਟਾਅ ਨਾਵਲਾਂ ਵਿੱਚ ਮਿਲਦਾ ਹੈ।

*'ਗਹਿਰ ਚੜ੍ਹੀ ਅਸਮਾਨ'* ਨਾਵਲ ਵਿੱਚ ਬਲਬੀਰ ਪਰਵਾਨਾ ਨੇ ਹਰੀ ਕ੍ਰਾਂਤੀ ਤੋਂ ਪਹਿਲਾ ਦੀ ਕਿਸਾਨੀ ਜੀਵਨ ਸ਼ੈਲੀ ਨੂੰ ਰੂਪਮਾਨ ਕੀਤਾ ਹੈ। ਪੰਜਾਬ ਦੇ ਲੋਕ ਹਰੀ ਕ੍ਰਾਂਤੀ ਤੋਂ ਪਹਿਲਾ ਪ੍ਰਾਪੰਰਕ ਢੰਗ ਨਾਲ ਖੇਤੀ ਕਰਦੇ ਸਨ। ਉਨ੍ਹਾਂ ਦੀ ਆਰਥਿਕ ਅਤੇ ਮਾਨਸਿਕ ਸਥਿਤੀ, ਜ਼ਿੰਦਗੀ ਜਿਉਣ ਦਾ ਢੰਗ ਰਹਿਣ-ਸਹਿਣ ਬਾਰੇ ਵਿਸਥਾਰ ਪੂਰਵਕ ਪ੍ਰਗਟਾਅ ਕੀਤਾ ਹੈ। *'ਗਹਿਰ ਚੜ੍ਹੀ ਅਸਮਾਨ'* ਨਾਵਲ ਦਾ ਗਹਿਨ ਅਧਿਐਨ ਕਰਨ ਉਪਰੰਤ ਪਤਾ ਚੱਲਦਾ ਹੈ ਕਿ ਕਿਸਾਨ ਕਿਵੇਂ ਸਾਰਾ ਸਾਰਾ ਦਿਨ ਹੱਡ

ਤੋੜਵੀਂ ਮਿਹਨਤ ਕਰਦੇ, ਜੇਠ ਹਾੜ ਦੀਆ ਧੁੱਪਾਂ ਦੀ ਪ੍ਰਵਾਹ ਨਹੀਂ ਕਰਦੇ ਸਨ। ਹਰ ਸਮੇਂ ਆਪਣੀ ਫ਼ਸਲ ਨੂੰ ਸੇਮ, ਸੋਕੇ ਤੋਂ ਬਚਾਉਣ ਦੀ ਕੋਸ਼ਿਸ਼ ਕਰਨ ਦੇ ਟੂਕ ਨਾਵਲ ਵਿੱਚੋਂ ਪ੍ਰਾਪਤ ਹੁੰਦੇ ਹਨ ਜਿਵੇਂ:

> "ਪਤਾ ਤਾਂ ਲੱਗੇ ਜੇ ਤਪਦੇ ਵਿਸਾਖ, ਜੇਠ 'ਚ ਕਣਕ ਵੱਢਣੀ ਗਾਹੁਣੀ ਪਵੇ ਜਾਂ ਫਿਰ ਧਾਨ ਲਾਉਂਦਿਆਂ ਸਾਰੀਆਂ ਬਰਸਾਤਾਂ ਪੈਰ ਗਲੇ ਰਹਿਣ। ਜਦੋਂ ਧਾਨ ਲੱਗ ਕੇ ਹੱਟਦੇ, ਨਾਲ ਹੀ ਲੋਕੀ ਵਿੱਚੋਂ ਘਾਹ ਕੱਢਣ ਬਹਿ ਜਾਂਦੇ ਸਨ। ਬੰਨ੍ਹਿਆਂ ਤੋਂ ਲਮਕਿਆ ਖੱਬਲ ਦੋ-ਦੋ ਤਿੰਨ-ਤਿੰਨ ਸਿਆੜਾਂ ਦੀ ਵਿੱਥ ਤੱਕ ਵੱਧ ਜਾਂਦਾ ਸੀ। ਸਵੇਰ ਦੇ ਗਏ ਲੋਕ ਦੁਪਹਿਰ ਤੱਕ ਤਿੰਨ-ਤਿੰਨ ਚਾਰ-ਚਾਰ ਭਰੀਆਂ ਘਾਹ ਦੀਆਂ ਵੱਢ ਲੈਂਦੇ। ਨਾਲੇ ਧਾਨ ਸਾਫ਼ ਹੁੰਦੇ ਰਹਿੰਦੇ। ਉਂਜ ਵੀ ਬਰਸਾਤਾਂ 'ਚ ਬਚਵਾਈ 'ਚ ਪੱਠਿਆਂ ਦਾ ਇਹੀ ਘਾਹ ਸਰੋਤ ਸੀ ਮੁੱਖ ਰੂਪ 'ਚ। ਚਰੀ ਤਾਂ ਕਿਸੇ ਵਿਰਲੇ ਦੇ ਹੀ ਹੁੰਦੀ ਸੀ। ਜਿਸ ਕੋਲ ਉੱਚੀ ਜ਼ਮੀਨ ਦਾ ਕੋਈ ਟੱਕ ਸੀ, ਜਿੱਥੇ ਪਾਣੀ ਨਾ ਚੜ੍ਹਦਾ ਹੁੰਦਾ ਤੇ ਨਾ ਹੀ ਸੇਮ ਦਾ ਡਰ ਸੀ। ਅਜਿਹੀਆਂ ਟਿੱਕਰੀਆਂ ਵਿਰਲੀਆਂ ਹੀ ਸਨ। ਖੇਤਾਂ 'ਚ ਪਾਣੀ, ਰਾਹਾਂ ਤੇ, ਗਲੀਆਂ 'ਚ ਚਿੱਕੜ ਹਰ ਰੋਜ਼ ਦਾ ਮੀਂਹ...ਪੈਰ ਤਾਂ ਹਰ ਵੇਲੇ ਇੱਕ ਤਰ੍ਹਾਂ ਚਿੱਕੜ ਵਿੱਚ ਹੀ ਰਹਿੰਦੇ ਸਨ। ਜਿਸ ਕਰ ਕੇ ਜ਼ਿਮੀਂਦਾਰਾਂ ਦੇ ਪੈਰਾਂ ਦੀਆਂ ਉਂਗਲੀਆਂ ਵਿਚਾਲਿਓ ਮਾਸ ਗਲ ਜਾਂਦਾ। ਕਰੋਹੀਆ ਹੋ ਜਾਂਦੀਆਂ ਉਨ੍ਹਾਂ 'ਚੋਂ ਚਿਪਚਿਪਾ ਰੇਸ਼ਾ ਨਿਕਲਣ ਲੱਗਦਾ ਖੁਰਕ ਹੁੰਦੀ। ਲੋਕ ਪੈਰਾਂ 'ਤੇ ਰਾਤ ਨੂੰ ਸੌਣ ਤੋਂ ਪਹਿਲਾ ਕੌੜ੍ਹ ਪੀਹ ਕੇ ਮਲਦੇ ਤੇ ਉੱਪਰੋਂ ਧੂਏਂ ਦਾ ਸੇਕ ਦਿੰਦੇ। ਪਾਥੀਆਂ ਧੁਖਾ ਕੇ ਉੱਪਰ ਪਸ਼ੂਆਂ ਦੀ ਖੁਰਲੀ 'ਚੋਂ ਬਚੀ ਖੁੱਚੀਂ ਤੂੜੀ ਦੀਆਂ ਗੁਲੀਆਂ ਦਾ ਚੂਰ੍ਹ ਭੂਰ ਪਾ ਦਿੰਦੇ। ਇਹ ਧੂਏਂ ਅੱਧੀ ਅੱਧੀ ਰਾਤ ਤੱਕ ਧੁਖਦੇ ਰਹਿੰਦੇ। ਇਸ ਨਾਲ ਮੱਖੀਆਂ ਮੱਛਰਾਂ ਤੋਂ ਵੀ ਬਚਾਅ ਹੋ ਜਾਂਦਾ ਸੀ। ਪਸ਼ੂਆਂ ਵਾਲੀਆਂ ਹਵੇਲੀਆਂ 'ਚ ਵੀ ਲੋਕਾਂ ਅਜਿਹੇ ਧੂਏਂ ਧੁਖਾ ਰੱਖਦੇ।" (ਪਰਵਾਨਾ, "ਗਹਿਰ ਚੜ੍ਹੀ ਅਸਮਾਨ" 20)

ਉਪਰੋਕਤ ਟੂਕ ਤੋਂ ਕਿਸਾਨਾਂ ਦੁਆਰਾ ਕੀਤੀ ਜਾਂਦੀ ਦਿਨ ਰਾਤ ਦੀ ਮਿਹਨਤ ਮਸ਼ੱਕਤ ਬਾਰੇ ਪਤਾ ਚੱਲਦਾ ਹੈ। ਇਸ ਦੇ ਨਾਲ ਹੀ ਖੇਤੀ ਦੇ ਧੰਦੇ 'ਚ ਕਿਸ-ਕਿਸ ਕਿਸਮ ਦੇ ਦੁੱਖਾਂ ਮੁਸੀਬਤਾਂ ਦਾ ਸਾਹਮਣਾ ਕਰਨ ਪੈਂਦਾ ਸੀ ਬਾਰੇ ਜਾਣਕਾਰੀ ਵੀ ਮਿਲਦੀ ਹੈ। ਸਾਰਾ-ਸਾਰਾ ਦਿਨ ਹੀ ਨਹੀਂ ਸਗੋਂ ਰਾਤ ਦੇ ਸਮੇਂ ਵੀ ਕੋਈ ਆਰਾਮ ਨਹੀਂ, ਕਦੇ ਬਰਸਾਤ ਆ ਗਈ, ਕਦੇ ਸੇਮ, ਕਦੇ ਸੋਕਾ, ਕਦੇ ਬਾਹੀ ਗੋਡਾਈ, ਕਦੇ ਫ਼ਸਲ ਨੂੰ ਪਾਣੀ ਲਾਉਣਾ ਆਦਿ ਕੰਮ ਸਾਰਾ ਸਾਲ ਨਹੀਂ ਮੁੱਕਦੇ ਸਨ। ਪਰਵਾਨਾ ਨੇ *'ਗਹਿਰ ਚੜ੍ਹੀ ਅਸਮਾਨ'* ਨਾਵਲ ਰਾਹੀਂ ਇਹ ਦੱਸਣ ਦੀ ਸਫਲ ਕੋਸ਼ਿਸ਼ ਕੀਤੀ ਹੈ ਕਿ ਕਿਸਾਨ ਆਰਥਿਕ ਮੰਦਹਾਲੀ ਅਤੇ ਉਸ 'ਚੋਂ ਉਪਜੀਆਂ ਸਮੱਸਿਆਵਾਂ ਦਾ ਕਿਵੇਂ ਟਾਕਰਾ ਕਰਦੇ ਸਨ। ਗਿੰਦਰ ਦਾ ਪਿਤਾ ਲੱਖਾ ਸਿੰਘ ਘੱਟ ਮਿਹਨਤੀ ਹੋਣ ਅਤੇ ਖੇਤੀਬਾੜੀ ਤੋਂ ਇਲਾਵਾ ਹੋਰ ਕੋਈ ਆਮਦਨ ਦਾ ਸਾਧਨ ਨਾ ਹੋਣ ਕਾਰਨ, ਕਿਵੇਂ ਆਰਥਿਕ ਪ੍ਰੇਸ਼ਾਨੀ ਦਾ ਸ਼ਿਕਾਰ ਹੁੰਦਾ ਸੀ। ਸਾਰਾ ਪਰਿਵਾਰ ਵੱਧ ਤੋਂ ਵੱਧ ਮਿਹਨਤ ਕਰਦਾ ਫਿਰ ਵੀ ਕੋਈ ਚਾਰਾ ਨਹੀਂ ਚੱਲਦਾ।

> ਡਾ. ਸੁਰਜੀਤ ਬਰਾੜ ਦਾ ਵਿਚਾਰ ਹੈ ਕਿ ਬਲਬੀਰ ਪਰਵਾਨਾ ਦਾ, "ਨਾਵਲ ਬਹੁ ਅਰਥੀ 'ਤੇ ਬਹੁ ਦਿਸ਼ਾਵੀ ਹੈ। ਇਸ ਦੇ ਬਾਵਜੂਦ ਪੇਂਡੂ ਟੁੱਟ ਅਤੇ ਕੰਗਾਲ ਹੋ ਰਹੀ ਕਿਸਾਨੀ ਅਰਥਚਾਰਾ ਅਤੇ ਕਿਸਾਨ ਮਸਲੇ ਹੀ ਨਾਵਲ ਦੇ ਧਰਾਤਲ ਦੇ ਕੇਂਦਰ 'ਚ ਉਪਸਥਿਤ ਹਨ।" ("ਪੰਜਾਬੀ ਨਾਵਲ: ਸਮਾਜ ਸ਼ਾਸਤਰੀ ਪਰਿਪੇਖ" 66)

ਪਰਵਾਨਾ ਕਿਸਾਨੀ ਜੀਵਨ, ਉਸ ਦੇ ਅਰਥਚਾਰੇ, ਮਾਨਸਿਕਤਾ ਅਤੇ ਕੰਮ ਧੰਦਿਆਂ ਨੂੰ ਪਾਠਕਾਂ ਸਾਹਮਣੇ ਦ੍ਰਿਸ਼ਟੀਗੋਚਰ ਕਰਦਾ ਕਿਸਾਨੀ ਦੇ ਮੁੱਖ ਮਸਲਿਆ ਨੂੰ ਛੂੰਹਦਾ ਹੈ। ਉਸ ਨੇ ਕਿਸਾਨਾਂ ਨੂੰ ਖੇਤੀ ਧੰਦੇ 'ਚ ਆਉਂਦੀਆਂ ਅਨੇਕਾਂ ਸਮੱਸਿਆਵਾਂ ਦਾ ਵੀ ਵਰਣਨ ਕੀਤਾ ਹੈ। ਇਸ ਦੀ ਜਾਣਕਾਰੀ ਨਾਵਲ 'ਚੋਂ ਪ੍ਰਾਪਤ ਟੂਕਾਂ ਤੋਂ ਮਿਲਦੀ ਹੈ ਜਿਵੇਂ:

> "ਵਾਢੀ ਅਜੇ ਪਈ ਨਹੀਂ ਸੀ ਪਰ ਵਾਢੀ ਤੋਂ ਪਹਿਲਾ ਹੀ ਤਿਆਰੀ ਪੂਰੇ ਜ਼ੋਰਾਂ 'ਤੇ ਸੀ। ਦਾਤੀਆਂ ਚੰਡਾਈਆਂ ਜਾ ਰਹੀਆਂ ਸਨ। ਦੰਦੇ ਕਢਾਏ ਜਾ ਰਹੇ ਸਨ, ਭਰੀਆਂ ਬੰਨ੍ਹਣ ਲਈ ਪਰਾਲੀ ਦੇ ਸੁੱਬੇ ਵੱਟੇ ਜਾ ਰਹੇ ਸਨ। ਪੱਕੀ ਹੋਈ ਸਰ੍ਹੋਂ ਪੁੱਟੀ ਜਾ ਰਹੀ ਸੀ। ਭਾਵੇਂ ਬਚਵਾਈ 'ਚ ਸਰ੍ਹੋਂ ਘੱਟ ਹੀ ਹੁੰਦੀ ਸੀ, ਪਰ ਫਿਰ ਵੀ ਲੋਕ ਘਰ ਵਰਤਣ ਲਈ ਤੇਲ ਵਾਸਤੇ ਕਣਕ 'ਚ ਇਸ ਦੇ ਬੀਆਂ ਦਾ ਵਿਰਲਾ-ਵਿਰਲਾ ਛੱਟਾ ਹੀ ਦਿੰਦੇ ਜਾਂ ਖੇਤਾਂ ਦੇ ਬੰਨ੍ਹੀ-ਬੰਨ੍ਹੀ ਇੱਕ ਦੋ ਸਿਆੜ ਕੇਰ ਦਿੰਦੇ। ਰਤਾ ਉੱਚੇ ਥਾਈਂ ਮੈਰੇ ਵਾਲੇ ਪਾਸੇ ਇਸ ਦਾ ਚੰਗਾ ਝਾੜ ਹੋ ਜਾਂਦਾ ਸੀ। ਜਦੋਂ ਕਿ ਨੀਵੀਂ ਸੇਮ ਵਾਲੀ ਜ਼ਮੀਨ 'ਚ ਇਸ ਦੇ ਬੂਟੇ ਬੱਸ ਮਰੇ-ਮਰੇ ਜਿਹੇ ਹੀ ਰਹਿੰਦੇ। ਲੋਕ ਆਮ ਕਰ ਕੇ ਸੇਮ ਵਾਲੇ ਪਾਸੇ ਅਲਸੀ ਦਾ ਛਿੱਟਾ ਦੇ ਛੱਡਦੇ ਸਨ।" (ਪਰਵਾਨਾ, "ਗਹਿਰ ਚੜ੍ਹੀ ਅਸਮਾਨ" 20)

ਉਪਰੋਕਤ ਟੂਕ ਤੋਂ ਪਤਾ ਚੱਲਦਾ ਹੈ ਕਿ ਕਿਵੇਂ ਬਿਆਸ ਦਰਿਆ ਦੇ ਕੰਡੀ ਖੇਤਰ ਦੇ ਲੋਕ ਆਪਣੀ ਕਣਕ ਦੇ ਦੁਆਲੇ ਸਰ੍ਹੋਂ ਨੂੰ ਬੀਜਦੇ ਤਾਂ ਕਿ ਸਰ੍ਹੋਂ ਦੇ ਤੇਲ ਦੀ ਪ੍ਰਾਪਤੀ ਕੀਤੀ ਜਾ ਸਕੇ। ਪਰ ਇਸ ਦੇ ਨਾਲ ਹੀ ਬਿਆਸ ਦਰਿਆ ਦੇ ਇਲਾਕੇ 'ਚ ਸੇਮ ਆਉਣ ਕਾਰਨ ਹੁੰਦੀ ਫ਼ਸਲ ਦੀ ਖ਼ਰਾਬੀ ਬਾਰੇ ਵੀ ਜਾਣਕਾਰੀ ਮਿਲਦੀ ਹੈ। ਇਸੇ ਤਰ੍ਹਾਂ ਹੀ ਗਿੰਦਰ ਹੁਰਾਂ ਦੀ ਜ਼ਮੀਨ ਪਿੰਡ ਦੀ ਬਾਕੀ ਜ਼ਮੀਨ ਨਾਲੋਂ ਨੀਵੀਂ ਹੋਣ ਕਾਰਨ ਉੱਥੇ ਪਾਣੀ ਖੜ੍ਹ ਜਾਂਦਾ ਸੀ ਜਿਸ ਕਾਰਨ ਗਿੰਦਰ ਹੂਰਾਂ ਦੀ ਸਾਰੀ ਫ਼ਸਲ ਖ਼ਰਾਬ ਹੋ ਜਾਂਦੀ ਜਾਂ ਫਿਰ ਅੱਧ ਹੀ ਪੱਲੇ ਪੈਂਦਾ ਇਸੇ ਕਾਰਨ ਉਸ ਦੇ ਪਰਿਵਾਰ ਦੀ ਆਰਥਿਕ ਸਥਿਤੀ ਹੋਰ ਵੀ ਮਾੜੀ ਹੁੰਦੀ ਗਈ।

> ਕੁਲਵੰਤ ਸਿੰਘ ਸਿੰਧੂ ਦਾ ਵਿਚਾਰ ਹੈ ਕਿ ਪਰਵਾਨਾ ਦੁਆਰਾ, "ਨਾਵਲ ਵਿੱਚ ਛੋਟੀ ਕਿਸਾਨੀ ਦੇ ਮੁਸ਼ਕਲਾਂ ਭਰੇ ਜੀਵਨ ਨੂੰ ਵੀ ਰਚਨਾ ਵਸਤੂ ਦੇ ਰੂਪ ਵਿੱਚ ਪੇਸ਼ ਕੀਤਾ ਗਿਆ ਹੈ। ਵੈਸੇ ਤਾਂ ਖੇਤੀ ਦਾ ਕਿੱਤਾ ਕਦੇ ਵੀ ਕਿਸਾਨੀ ਲਈ ਇੰਨਾ ਲਾਹੇਵੰਦ ਨਹੀਂ ਰਿਹਾ ਕਿ ਉਹ ਸੰਤੁਸ਼ਟੀ ਭਰਿਆ ਜੀਵਨ ਗੁਜ਼ਾਰ ਸਕੇ। ਪਰ ਪਰਿਵਾਰਾਂ ਦੇ ਵਧਣ ਨਾਲ ਨਿਰੰਤਰ ਛੋਟੀਆਂ ਹੁੰਦੀਆਂ ਜਾ ਰਹੀਆਂ ਜ਼ਮੀਨ ਦੀਆਂ ਹਿੱਸੇਦਾਰੀਆਂ ਕਾਰਨ ਕਿਸਾਨੀ ਲਈ ਖੇਤੀ ਕਰਨਾ ਸੰਭਵ ਨਹੀਂ ਰਹਿ ਜਾਂਦਾ। ਇਸ ਕਰ ਕੇ ਖੇਤੀ ਤੋਂ ਬਾਹਰ ਸਹਾਇਕ ਧੰਦਿਆਂ ਨੂੰ ਅਪਣਾਉਣਾ ਕਿਸਾਨੀ ਦੀ

ਮਜਬੂਰੀ ਬਣ ਜਾਂਦਾ ਹੈ। ਪਰ ਇਸ ਦੇ ਬਾਵਜੂਦ ਆਰਥਿਕ ਤੌਰ 'ਤੇ ਖ਼ੁਸ਼ਹਾਲ ਜੀਵਨ ਜੀਊਣ ਦਾ ਸੁਪਨਾ ਕਦੇ ਵੀ ਪੂਰਾ ਨਹੀਂ ਹੁੰਦਾ।" ("ਬਦਲ ਰਹੇ ਪੰਜਾਬ ਦੀ ਪੇਸ਼ਕਾਰੀ", *ਐਤਵਾਰਤਾ, ਨਵਾਂ ਜ਼ਮਾਨਾ: ਜਲੰਧਰ*, 24 ਮਈ 2015, 3)

ਇਸੇ ਤਰ੍ਹਾਂ ਹੀ ਗਿੰਦਰ ਦਾ ਪਰਿਵਾਰ ਨਿਮਨ ਕਿਸਾਨੀ ਦੀ ਮਾੜੀ ਆਰਥਿਕਤਾ ਨਾਲ ਸਬੰਧਿਤ ਹੋਣ ਕਾਰਨ ਆਪਣੇ ਸੁਪਨਿਆਂ ਨੂੰ ਤਾਂ ਕੀ ਸਗੋਂ ਦੋ ਵਕਤ ਦੀ ਰੋਟੀ ਵੀ ਪ੍ਰਾਪਤ ਨਹੀਂ ਕਰ ਸਕਦਾ। ਇੱਥੇ ਅਜਿਹਾ ਨਹੀਂ ਕਹਿ ਸਕਦੇ ਕਿ ਹਰੀ ਕ੍ਰਾਂਤੀ ਤੋਂ ਪਹਿਲਾ ਲੋਕ ਖ਼ੁਸ਼ਹਾਲੀ ਵਾਲਾ ਜੀਵਨ ਬਤੀਤ ਨਹੀਂ ਸਨ ਕਰਦੇ ਸਗੋਂ ਹੋਰ ਵੀ ਬਹੁਤ ਕਿਸਮ ਦੀਆਂ ਪ੍ਰੇਸ਼ਾਨੀਆਂ ਦਾ ਸਾਹਮਣਾ ਉਨ੍ਹਾਂ ਨੂੰ ਕਰਨਾ ਪੈਂਦਾ ਸੀ। ਅਜਿਹੀ ਹੀ ਹਾਲਤ ਨਾਵਲ ਵਿੱਚ ਗਿੰਦਰ ਅਤੇ ਬਲਕਾਰ ਦੇ ਪਰਿਵਾਰ ਦੀ ਹੈ। ਖੇਤੀਬਾੜੀ ਵਿੱਚ ਹਰ ਸਮੇਂ ਅਣਥੱਕ ਮਿਹਨਤ ਕਰ ਕੇ ਵੀ ਘਰ ਪਰਿਵਾਰ ਦੀਆਂ ਜ਼ਰੂਰਤਾਂ ਪੂਰੀਆਂ ਨਹੀਂ ਹੁੰਦੀਆਂ।

ਕਿਸਾਨੀ ਜੀਵਨ ਵਿੱਚ ਮਾੜੀਆਂ ਆਰਥਿਕ ਸਥਿਤੀਆਂ ਕਾਰਨ ਜ਼ਮੀਨ ਦਾ ਵਿਕਣਾ ਜਾਂ ਬੈਅ ਹੋਣੀ ਇੱਕ ਆਮ ਪ੍ਰਕਿਰਿਆ ਸੀ। ਨਿਮਨ ਕਿਸਾਨੀ ਜਦੋਂ ਖੇਤੀ ਦੇ ਧੰਦੇ ਤੋਂ ਆਪਣੀਆਂ ਲੋੜਾਂ ਪੂਰੀਆਂ ਨਹੀਂ ਕਰ ਸਕਦੀ, ਇਨ੍ਹਾਂ ਲੋੜਾਂ ਦੀ ਪੂਰਤੀ ਕਰਨ ਲਈ ਉਸ ਨੂੰ ਕਰਜ਼ਾ ਚੁੱਕਣਾ ਪੈਂਦਾ ਜਾਂ ਫਿਰ ਜ਼ਮੀਨ ਵੇਚਣੀ ਪੈਂਦੀ। ਪਰਵਾਨਾ ਨੇ ਵੀ ਆਪਣੇ ਨਾਵਲ ਵਿੱਚ ਨਿਮਨ ਕਿਸਾਨੀ ਦੀ ਮਾੜੀ ਆਰਥਿਕਤਾ ਕਾਰਨ ਜ਼ਮੀਨ ਵਿਕਣ ਦੀ ਪ੍ਰਕਿਰਿਆ ਨੂੰ ਰੂਪਮਾਨ ਕੀਤਾ ਹੈ। ਲੱਖਾ ਸਿੰਘ ਦੀਆਂ ਖੇਤੀਬਾੜੀ 'ਚੋਂ ਪਰਿਵਾਰਕ ਲੋੜਾਂ ਦੀ ਪੂਰਤੀ ਨਾ ਹੋਣ ਕਾਰਨ ਜਵਾਲਾ ਸਿੰਘ ਕੋਲ ਜ਼ਮੀਨ ਵੇਚਦਾ ਹੈ। ਇਸੇ ਦੀ ਉਦਾਹਰਨ ਪਰਵਾਨਾ ਦੇ ਨਾਵਲ '*ਗਹਿਰ ਚੜ੍ਹੀ ਅਸਮਾਨ* ਵਿੱਚੋਂ ਦੇਖ ਸਕਦੇ ਹਾਂ ਜਿਵੇਂ:

> "ਵਿਸਾਖੀ ਤੱਕ ਉਸ ਨੇ ਪੰਜ-ਛੇ ਸੌ ਹੋਰ ਫੜ ਲਏ ਸਨ। ਜਦੋਂ ਰਜਿਸਟਰੀ ਕਰਵਾਈ ਜਵਾਲੇ ਹੁਰਾਂ ਨੇ ਆਪਣਾ ਉਧਾਰ ਕੱਟ ਕੇ ਉਸ ਨੂੰ ਪੈਸੇ ਦੇ ਦਿੱਤੇ ਤਾਂ ਉਨ੍ਹਾਂ ਨਾਲ ਮਸਾਂ ਕਰਜ਼ੇ ਹੀ ਲਹਿ ਸਕੇ। ਹੱਟੀਆਂ ਭੱਠੀਆਂ ਦੇ ਮੁਕਾ ਕੇ ਸ਼ਾਹ ਦੇ ਵੀ ਲਾਹੇ। ਜ਼ਮੀਨ ਵੇਚੀ ਜਾਣ ਦਾ ਸੁਣ ਕੇ ਸਾਰੇ ਲੈਣਦਾਰ ਵੀ ਦਿਨ ਰਾਤ ਗੇੜੇ ਮਾਰਨ ਲੱਗ ਪਏ ਸਨ। ਜਿਸ ਤੋਂ ਕਿਤੇ ਦਸ ਰੁਪਏ ਵੀ ਲਏ ਹੋਏ ਸਨ ਉਹ ਵੀ ਸੌ ਵਾਲੇ ਵਾਂਗ ਆ ਕੇ ਤਕਾਜ਼ਾ ਕਰਦਾ। ਬਖ਼ਸ਼ੇ ਦਾ ਢਾਈ ਸੌ ਰੁਪਿਆ ਰਹਿ ਗਿਆ ਕਿ ਪੈਸੇ ਸਾਰੇ ਖ਼ੁਰਦ-ਬੁਰਦ ਹੋ ਗਏ।" (ਪਰਵਾਨਾ, "ਗਹਿਰ ਚੜ੍ਹੀ ਅਸਮਾਨ" 91)

ਲੱਖਾ ਸਿੰਘ ਨੂੰ ਖੇਤੀ 'ਚੋਂ ਘੱਟ ਆਮਦਨ ਹੋਣ ਕਾਰਨ ਆੜ੍ਹਤੀਆਂ ਤੋਂ ਕਰਜ਼ਾ ਚੁੱਕਣਾ ਪਿਆ। ਜਦੋਂ ਇਹ ਕਰਜ਼ਾ ਵੱਧ ਗਿਆ ਤਾਂ ਉਸ ਨੂੰ ਜ਼ਮੀਨ ਵੇਚਣੀ ਪਈ ਤਾਂ ਕਿ ਲਿਆ ਕਰਜ਼ਾ ਵਾਪਸ ਕੀਤਾ ਜਾ ਸਕੇ। ਇਹ ਪ੍ਰਕਿਰਿਆ ਨਿਮਨ ਕਿਸਾਨੀ ਵਿੱਚ ਵਧੇਰੇ ਦੇਖਣ ਨੂੰ ਮਿਲਦੀ ਹੈ।

ਜ਼ਮੀਨ ਵਿਕਣ ਦੀ ਪ੍ਰਕਿਰਿਆ 'ਤੇ ਡਾ. ਸੁਖਪਾਲ ਸਿੰਘ (ਮੁੱਖੀ ਅਰਥ-ਸ਼ਾਸਤਰ ਵਿਭਾਗ, ਖੇਤੀ ਬਾੜੀ ਯੂਨੀਵਰਸਿਟੀ ਲੁਧਿਆਣਾ, 22 ਜੁਲਾਈ 2015 ਨੂੰ ਖੇਤੀ ਬਾੜੀ ਯੂਨੀਵਰਸਿਟੀ ਲੁਧਿਆਣਾ ਵਿਖੇ ਹੋਈ ਮੁਲਾਕਾਤ ਸਮੇਂ) ਨੇ ਗੱਲਬਾਤ ਕਰਦਿਆਂ ਦੱਸਿਆ ਕਿ ਘਰ ਦੀ ਮਾੜੀ ਆਰਥਿਕਤਾ ਕਾਰਨ ਨਿਮਨ ਕਿਸਾਨੀ ਸਿਰ ਕਰਜ਼ਾ ਚੜ੍ਹਦਾ ਹੈ। ਇਸ ਕਰਜ਼ੇ ਦੀ ਪੰਡ ਉਤਾਰਨ ਲਈ ਮਜਬੂਰਨ ਕਿਸਾਨ ਨੂੰ ਆਪਣੀ ਜ਼ਮੀਨ ਵੇਚਣੀ ਪੈਂਦੀ ਹੈ। ਜ਼ਮੀਨ ਵੇਚਣ ਦੀ ਪ੍ਰਕਿਰਿਆ ਵਧੇਰੇ ਕਰ ਕੇ ਨਿਮਨ ਕਿਸਾਨੀ ਦੇ ਅੰਤਰਗਤ ਹੈ। ਅਜਿਹਾ ਹੋਣ ਨਾਲ ਕਿਸਾਨੀ ਦੇ ਸਵੈਮਾਨ ਨੂੰ ਵੀ ਸੱਟ ਲੱਗਦੀ ਹੈ।

ਹਰੀ ਕ੍ਰਾਂਤੀ ਤੋਂ ਪਹਿਲਾ ਵੀ ਕਿਸਾਨ ਆਪਣੀਆਂ ਜ਼ਮੀਨਾਂ ਗਹਿਣੇ ਕਰਦੇ ਜਾਂ ਆੜ੍ਹਤੀਆਂ ਕੋਲ ਵੇਚਦੇ ਸਨ। ਕਿਉਂਕਿ ਬਹੁਤ ਸਾਰੇ ਕਿਸਾਨਾਂ ਨੇ ਆੜ੍ਹਤੀਆਂ ਤੋਂ ਕਰਜ਼ਾ ਲਿਆ ਹੁੰਦਾ ਸੀ। ਉਸ ਸਮੇਂ ਇੱਕ ਤਾਂ ਖੇਤੀ ਤੋਂ ਰੁਜ਼ਗਾਰ ਘੱਟ ਹੋਣ ਕਾਰਨ ਘਰ ਪਰਿਵਾਰ ਦੇ ਖ਼ਰਚ ਪੂਰੇ ਨਹੀਂ ਸਨ ਹੁੰਦੇ ਅਤੇ ਦੂਸਰੇ ਬਿਆਸ ਦਰਿਆ ਦੇ ਕੰਢੇ ਜ਼ਮੀਨ ਹੋਣ ਕਾਰਨ ਬਹੁਤ ਵਾਰ ਫ਼ਸਲ ਖ਼ਰਾਬ ਹੋ ਜਾਂਦੀ ਸੀ। ਅਜਿਹੇ ਹੀ ਕਾਰਨਾਂ ਦੇ ਚੱਲਦਿਆਂ ਗਿੰਦਰ ਦੇ ਪਰਿਵਾਰ ਨੂੰ ਆੜ੍ਹਤੀਆਂ ਤੋਂ ਕਰਜ਼ਾ ਲੈਣਾ ਪਿਆ। ਅਜਿਹਾ ਕਹਿ ਸਕਦੇ ਹਾਂ ਕਿ ਆੜ੍ਹਤੀਏ ਆਪਣੀਆਂ ਕੋਝੀਆਂ ਚਾਲਾਂ ਕਾਰਨ ਕਿਸਾਨਾਂ ਨੂੰ ਪਹਿਲਾ ਕਰਜ਼ੇ ਦੇ ਜਾਲ 'ਚ ਫਸਾਉਂਦੇ ਅਤੇ ਫਿਰ ਜ਼ਮੀਨ ਆਪਣੇ ਨਾਂ ਲਿਖਵਾ ਲੈਂਦੇ ਸਨ। ਜਿਵੇਂ:

"ਜਵਾਲਾ ਸਿੰਘ ਹੂਰਾਂ ਨਾਲ ਬੈਅ ਦਾ ਉਸ ਨੇ ਵਿਆਹ ਤੋਂ ਕੁੱਝ ਦਿਨ ਪਹਿਲਾ ਬਿਆਨਾ ਕਰ ਕੇ ਪੰਜ ਹਜ਼ਾਰ ਰੁਪਿਆ ਲੈ ਲਿਆ। ਪਰ ਰਜਿਸਟਰੀ ਦਾ ਕੰਮ ਅਗਾਂਹ ਵਿਸਾਖ 'ਤੇ ਪਾ ਦਿੱਤਾ। ਜਵਾਲੇ ਨੇ ਹੀ ਲੱਖੇ ਦੇ ਦਿਮਾਗ਼ 'ਚ ਨਵੀਂ ਭਸੂੜੀ ਭਰੀ ਸੀ। ਪਿੰਡਾਂ 'ਚ ਸਾਂਝੀਆਂ ਮੀਝੀਆਂ ਹੀ ਰਿਸ਼ਤੇਦਾਰੀਆਂ ਹੁੰਦੀਆਂ ਐ। ਇੱਧਰ-ਉੱਧਰ......ਤੂੰ ਪੰਜ ਹਜ਼ਾਰ ਲੈ ਤੇ ਆਪਣਾ ਕੰਮ ਸਾਰ। ਕਾਗ਼ਜ਼ ਵੀ ਘਰ ਹੀ ਲਿਖ ਲੈਨੇ ਆ ਪਈ ਗੱਲ ਬਾਹਰ ਨਾ ਨਿਕਲੇ। ਨਹੀਂ ਗੱਲ ਖਿੱਲਰਦੀ ਨੂੰ ਕਿਤੇ ਚਿਰ ਲੱਗਦਾ। ਦਿਉਲਾਂ ਵਾਲਿਆਂ ਤੱਕ ਗੱਲ ਪਹੁੰਚੀ ਤਾਂ ਬੜੀ ਹੇਠੀ ਹੋਊ ਕਿ ਇੰਨੇ ਪੈਸੇ ਵੀ ਨਾ ਨਿਕਲੇ।" (ਪਰਵਾਨਾ, "ਗਹਿਰ ਚੜ੍ਹੀ ਅਸਮਾਨ" 90)

ਗਿੰਦਰ ਦੇ ਪਿਤਾ ਲੱਖਾ ਸਿੰਘ ਨੂੰ ਜਵਾਲਾ ਸਿੰਘ ਨੇ ਆਪਣੀਆਂ ਗੱਲਾਂ ਵਿੱਚ ਫਸਾਇਆ। ਪਹਿਲਾ ਕਰਜ਼ੇ ਦੇ ਰੂਪ ਵਿੱਚ ਉਸ ਨੂੰ ਪੈਸਾ ਦਿੰਦਾ ਰਿਹਾ, ਫਿਰ ਹੌਲੀ-ਹੌਲੀ ਉਸ ਦੀ ਜ਼ਮੀਨ ਆਪਣੇ ਨਾਂ ਲਿਖਵਾਉਂਦਾ ਗਿਆ। ਇਸੇ ਕਾਰਨ ਨਿਮਨ ਕਿਸਾਨੀ ਹੋਰ ਵੀ ਨਿਘਾਰ ਵੱਲ ਜਾਣਾ ਆਰੰਭ ਹੁੰਦੀ ਹੈ। ਲੱਖਾ ਸਿੰਘ ਵੀ ਆੜ੍ਹਤੀਆ ਜਵਾਲਾ ਸਿੰਘ ਦੀਆਂ ਕੋਝੀਆਂ ਚਾਲਾਂ ਦਾ ਸ਼ਿਕਾਰ ਹੁੰਦਾ ਹੈ। ਇਸੇ ਦੀ ਉਦਾਹਰਨ ਪਰਵਾਨਾ ਦੇ ਨਾਵਲ *'ਗਹਿਰ ਚੜ੍ਹੀ ਅਸਮਾਨ'* ਵਿੱਚੋਂ ਦੇਖ ਸਕਦੇ ਹਾਂ ਜਿਵੇਂ:

"ਕੱਲਰਾਂ ਵੱਲ ਦੇ ਢਾਈ ਕਿੱਲੇ ਲੱਖਾ ਸਿੰਘ ਨੇ ਆਪਣੇ ਚਾਚੇ ਸੁਰੈਣੇ ਹੋਰਾਂ ਨੂੰ ਸਾਢੇ ਨੌਂ ਹਜ਼ਾਰ 'ਚ ਵੇਚ ਦਿੱਤੇ। ਹਾਲਾਤ ਹੀ ਇਹੋ ਜਿਹੇ ਬਣ ਗਏ ਸਨ ਕਿ ਵੇਚਣ ਤੋਂ ਬਿਨਾਂ ਹੋਰ ਕੋਈ ਰਾਹ ਨਹੀਂ ਸੀ ਬਚਿਆ। ਦੋ ਹਜ਼ਾਰ ਰੁਪਿਆ ਤਾਂ ਵਿਆਜ ਪੈ ਪੈ ਕੇ ਸੁਸਾਇਟੀ ਦਾ ਕਰਜ਼ਾ ਹੋ ਗਿਆ ਸੀ। ਜਿਸ ਲਈ ਸੈਕਟਰੀ ਅਕਸਰ ਦੂਜੇ ਚੌਥੇ ਦਿਨ ਮੋੜਨ ਦਾ ਤਕਾਜ਼ਾ ਕਰਦਾ। ਫਿਰ ਸੁਰੈਣੇ ਹੂਰਾਂ ਤੋਂ ਵੀ ਉਸ ਨੇ ਅੱਠ ਸੌ ਰੁਪਿਆ ਆਪਣੇ ਬਾਪੂ ਦੇ ਕੱਠ ਵੇਲੇ ਫੜਿਆ ਸੀ, ਦੋ ਰੁਪਏ ਸੈਂਕੜੇ ਦੇ ਹਿਸਾਬ ਨਾਲ। ਹੋਰ ਵੀ ਵੇਲੇ ਕੁਵੇਲੇ ਦਸ-ਦਸ ਵੀਹ-ਵੀਹ ਕਰ ਕੇ ਫੜੇ ਹੋਏ ਸਨ।" (ਪਰਵਾਨਾ, "ਗਹਿਰ ਚੜ੍ਹੀ ਅਸਮਾਨ" 86)

ਆੜ੍ਹਤੀਆ ਜਵਾਲਾ ਸਿੰਘ ਲੱਖਾ ਸਿੰਘ ਨੂੰ ਵੱਧ ਵਿਆਜ 'ਤੇ ਦਿੱਤੇ ਪੈਸੇ ਵਾਪਸ ਲੈਣ ਲਈ, ਜ਼ਮੀਨ ਆਪਣੇ ਨਾਂ ਕਰਵਾਉਣ ਲਈ ਕੋਝੀਆਂ ਨੀਤੀਆਂ ਚੱਲਦਾ ਹੈ। ਲੱਖਾ ਸਿੰਘ ਦੀ ਆਰਥਿਕ ਸਥਿਤੀ ਮਾੜੀ ਹੋਣ ਕਾਰਨ ਉਸ ਦੀ ਜ਼ਮੀਨ ਹੜੱਪਣਾ ਚਾਹੁੰਦਾ ਅਤੇ ਨਸ਼ੇ ਦੀ ਹਾਲਤ ਵਿੱਚ ਉਸ ਦੀ ਜ਼ਮੀਨ ਆਪਣੇ ਨਾਮ ਵੀ ਕਰਵਾਉਂਦਾ ਹੈ।

ਹਰਵਿੰਦਰ ਕੌਰ ਢਿੱਲੋਂ ਦਾ ਮੰਨਣਾ ਹੈ ਕਿ, "ਪੂੰਜੀ ਦੀ ਥੁੜ ਕਾਰਨ ਸ਼ਾਹੂਕਾਰਾਂ ਤੋਂ ਕਰਜ਼ਾ ਲੈਣ ਲਈ ਮਜਬੂਰ ਹੋ ਕੇ, ਜ਼ਮੀਨ ਦੀ ਥੋੜ੍ਹੀ ਮਾਲਕੀ ਤੇ ਜਿਨਸ ਦੇ ਮੰਦੇ ਭਾਅ ਕਰ ਕੇ ਹੱਡ ਭੰਨਵੀਂ ਮਿਹਨਤ ਤੇ ਸੰਜਮ ਦੇ ਬਾਵਜੂਦ ਵੀ ਉਸ ਦਾ ਗੁਜ਼ਾਰਾ ਬੜੀ ਮੁਸ਼ਕਿਲ ਨਾਲ ਚੱਲਦਾ ਹੈ। ਸ਼ਾਹੂਕਾਰ ਵਿਆਜ ਤੇ ਵਿਆਜ ਲਗਾ ਕੇ ਕਰਜ਼ੇ ਨੂੰ ਇੰਨਾ ਵਧਾ ਦਿੰਦਾ ਹੈ ਕਿ ਖਾਣ ਜੋਗੇ ਦਾਣੇ ਰੱਖ ਕੇ ਬਾਕੀ ਸਾਰੀ ਫ਼ਸਲ ਉਸ ਦੇ ਪੇਟੇ ਜਾਂਦੀ ਹੈ ਤੇ ਕਰਜ਼ਾ ਫਿਰ ਵੀ ਨਹੀਂ ਉੱਤਰਦਾ।" ("ਪੰਜਾਬੀ ਨਾਵਲ ਤੇ ਦੁਆਬੀ ਸਭਿਆਚਾਰ" 121)

ਹਰੀ ਕ੍ਰਾਂਤੀ ਤੋਂ ਪਹਿਲਾ ਆੜ੍ਹਤੀਏ ਕੇਵਲ ਪੈਸੇ ਵਿਆਜ 'ਤੇ ਹੀ ਨਹੀਂ ਸਨ ਦਿੰਦੇ ਸਗੋਂ ਮਾਨਸਿਕ ਤੇ ਆਰਥਿਕ ਸ਼ੋਸ਼ਣ ਵੀ ਕਰਦੇ ਸਨ। ਹਰੀ ਕ੍ਰਾਂਤੀ ਦੀ ਆਮਦ ਤੋਂ ਪਹਿਲਾ ਪੰਜਾਬ ਵਿੱਚ ਖੇਤੀ ਰਵਾਇਤੀ ਢੰਗ ਨਾਲ ਕੀਤੀ ਜਾਂਦੀ ਸੀ। ਵਾਹੀ ਬਲਦਾਂ, ਹੱਲ, ਪੰਜਾਲੀ, ਮੁੰਨੀ, ਤਰਫਾਲੀ, ਦੇਸੀ ਖਾਦਾਂ ਬੀਜਾਂ ਦੀ ਵਰਤੋਂ ਕਰਨ ਤੋਂ ਇਲਾਵਾ ਕਿਸਾਨ ਫ਼ਸਲ ਦੀ ਹੱਥੀਂ ਗੋਡਾਈ, ਬਿਜਾਈ ਅਤੇ ਕਟਾਈ ਕਰਦੇ ਸਨ। ਦਿਨ ਰਾਤ ਇਕੱਠੇ ਹੋ ਕੇ ਬਲਦਾ ਨਾਲ ਖੇਤੀ ਲਈ ਜ਼ਮੀਨ ਤਿਆਰ ਕੀਤੀ ਜਾਂਦੀ ਸੀ। ਖੇਤੀ ਦਾ ਮਾਡਲ ਸਹਿਜ ਪ੍ਰਕਿਰਿਆ ਨਾਲ ਚੱਲਦਾ ਸੀ। 'ਗਹਿਰ ਚੜ੍ਹੀ ਅਸਮਾਨ' ਨਾਵਲ 'ਚੋਂ ਸਾਮੰਤੀ ਖੇਤੀ ਅਰਥਚਾਰੇ ਦੀ ਡੂੰਘੀ ਅਤੇ ਯਥਾਰਥਕ ਜਾਣਕਾਰੀ ਪ੍ਰਾਪਤ ਹੁੰਦੀ ਹੈ। ਇਸ ਦੀ ਉਦਾਹਰਨ *'ਗਹਿਰ ਚੜ੍ਹੀ ਅਸਮਾਨ'* ਨਾਵਲ ਵਿਚੋਂ ਦੇਖ ਸਕਦੇ ਹਾਂ:

"ਆਹਰਨ ਦੇ ਚੜ੍ਹਦੀ ਵੱਲ ਸਿੱਬੂ ਦਾ ਘਰ ਸੀ ਤੇ ਲਹਿੰਦੀ ਵੱਲ ਗਲੀ। ਇਸੇ ਗਲੀ ਤੇ ਸਿੱਬੂ ਦੇ ਆਹਰਨ ਤੋਂ ਥੋੜ੍ਹਾ ਜਿਹਾ ਅੱਗੇ ਜਾ ਕੇ ਲਾਲਾ ਧਰਮਵੀਰ ਦੀ ਦੁਕਾਨ ਸੀ ਤੇ ਖੂਹ ਸੀ। ਪਿੰਡ ਦਾ ਦੂਸਰਾ ਖੂਹ ਇਸੇ ਗਲੀ ਦੇ ਧੁਰ ਦੱਖਣ ਵੰਨੀ ਜਾ ਕੇ ਸੈਣੀਆਂ ਦੀ ਪੱਤੀ 'ਚ ਸੀ। ਫਿਰ ਕੁੱਝ ਘਰਾਂ ਦੀਆਂ ਨਿਆਈਆਂ ਸਨ, ਪਸ਼ੂਆਂ ਵਾਲੇ ਬਾੜੇ ਤੇ

ਉਨ੍ਹਾਂ ਤੋਂ ਅੱਗੇ ਜਾ ਕੇ ਮਹਾਸ਼ਿਆਂ ਦੀ ਬੀਹੀ। ਇਸੇ ਵੱਡੀ ਗਲੀ 'ਚੋਂ ਖਿੰਡ ਕੇ ਇੱਕ ਗਲੀ ਸਰੈਣੇ ਹੂਰਾਂ ਦੀ ਬੀਹੀ ਨੂੰ ਜਾਂਦੀ ਸੀ। ਦੁਪਹਿਰਾ ਢਲ ਗਈਆਂ ਸਨ ਜਦੋਂ ਲੋਹੇ ਦੇ ਤਿਕੋਣੇ ਟੁਕੜਿਆਂ ਨੇ ਕਹੀਆਂ ਦੀ ਸ਼ਕਲ ਲਈ। "ਬਾਕੀ ਕੰਮ ਕੱਲ੍ਹ ਕਰਾਂਗਾ।" ਸਿੱਬੂ ਕਹੀਆਂ ਦਾ ਆਕਾਰ ਲੈਂਦੇ ਲੋਹੇ ਨੂੰ ਆਖ਼ਰੀ ਵਾਰ ਚੰਡਦਿਆਂ, ਕੋਲ ਪਏ ਛੋਟੇ ਜਿਹੇ ਟੋਏ 'ਚ ਭਰੇ ਪਾਣੀ 'ਚ ਸੁੱਟਦਾ ਗਿਆ। ਇੱਕ ਦਮ 'ਸੜੂੰਆਂ' ਹੁੰਦਾ ਤੇ ਫਿਰ ਕੁੱਝ ਚਿਰ ਭਾਫ਼ ਦੇ ਬੁਲਬੁਲੇ ਉੱਡਦੇ ਰਹਿੰਦੇ।" (ਪਰਵਾਨਾ, "ਗਹਿਰ ਚੜ੍ਹੀ ਅਸਮਾਨ" 35-36)

ਕਿਸਾਨ ਖੇਤੀ ਦੇ ਸੰਦਾਂ ਦੀ ਤਿਆਰੀ ਲੁਹਾਰ-ਤਰਖਾਣ ਤੋਂ ਖੇਤੀ ਦਾ ਕੰਮ ਆਰੰਭ ਹੋਣ ਤੋਂ ਪਹਿਲਾ ਹੀ ਕਰਵਾ ਲੈਂਦੇ ਸਨ। ਇਨ੍ਹਾਂ ਸਾਰੇ ਸੰਦਾਂ ਦੀ ਪ੍ਰਾਪਤੀ ਪਿੰਡ ਵਿੱਚੋਂ ਹੀ ਹੋ ਜਾਂਦੀ ਸੀ। *'ਗਹਿਰ ਚੜ੍ਹੀ ਅਸਮਾਨ'* ਵਿਚ ਸਿੱਬੂ ਲੁਹਾਰ ਵੀ ਖੇਤੀ ਦੇ ਸੰਦਾਂ ਦੀ ਮੁਰੰਮਤ ਕਰ ਕੇ ਰਵਾਇਤੀ ਸੰਦਾਂ ਦੀ ਨਿਸ਼ਾਨਦੇਹੀ ਕਰਦਾ ਹੈ। ਜਿੱਥੇ ਖੇਤੀ ਦਾ ਕਿਸੇ ਕਿਸਮ ਦਾ ਵੀ ਮਸ਼ੀਨੀਕਰਨ ਨਹੀਂ ਸੀ ਸਗੋਂ ਹਰੇ ਇਨਕਲਾਬ ਤੋਂ ਪਹਿਲਾ ਖੇਤੀ ਕਿਰਤ ਭਰਪੂਰ ਧੰਦਾ ਸੀ। ਪਹਿਲੇ ਸਮਿਆਂ ਵਿੱਚ ਖੇਤੀ ਲਈ ਆਧੁਨਿਕ ਖਾਦਾਂ ਦੀ ਵਰਤੋਂ ਨਹੀਂ ਕੀਤੀ ਜਾਂਦੀ ਸੀ। ਸਗੋਂ ਦੇਸੀ ਖਾਦਾਂ ਨਾਲ ਹੀ ਫ਼ਸਲ ਦਾ ਝਾੜ ਵਧਾਇਆ ਜਾਂਦਾ ਸੀ। ਇਸ ਨਾਲ ਹੀ ਫ਼ਸਲ ਦੀ ਵਧੇਰੇ ਗੁਡਾਈ ਅਤੇ ਸਾਂਭ-ਸੰਭਾਲ ਕਰਦੇ ਸਨ। ਪਰ ਹਰੇ ਇਨਕਲਾਬ ਦੀ ਆਮਦ ਦੇ ਆਰੰਭਲੇ ਸਾਲਾਂ 'ਚ ਯੂਰੀਆ ਵਰਗੀ ਖਾਦ ਦੀ ਵਰਤੋਂ ਕਿਤੇ ਨਾ ਕਿਤੇ ਹੋਣ ਲੱਗ ਪਈ। ਨਾਵਲ ਵਿੱਚ ਲੱਖਾ ਸਿੰਘ ਵੀ ਯੂਰੀਆ ਖਾਦ ਦੀ ਵਰਤੋਂ ਕਰਦਾ ਹੈ। ਇਸ ਦਾ ਨਮੂਨਾ ਨਾਵਲ ਵਿੱਚੋਂ ਦੇਖ ਸਕਦੇ ਹਾਂ। ਜਿਵੇਂ:

"ਪਹਿਲਾ ਉਸ ਨੇ ਜਦੋਂ ਝੋਨਾ ਲਵਾਇਆ ਤਾਂ ਉਸ ਨੂੰ ਸੁਸਾਇਟੀ ਤੋਂ ਖਾਦ ਨਾ ਮਿਲਿਆ। ਪਿਛਲਾ ਕਰਜ਼ਾ ਸਮੇਂ ਸਿਰ ਦਿੱਤਾ ਨਾ ਜਾਣ ਕਾਰਨ ਉਹ ਡਿਫਾਲਟਰ ਸੀ। ਉਹ ਇੱਧਰ ਉੱਧਰ ਨਹੁੰ ਅੜਾਉਂਦਾ ਰਿਹਾ ਪਰ ਜਦੋਂ ਕਿਤਿਓਂ ਗੱਲ ਨਾ ਬਣੀ ਤਾਂ ਸ਼ਾਹਾਂ ਤੋਂ ਦੋ ਹਜ਼ਾਰ ਲੈ ਕੇ, ਚੋਈ ਵੱਲ ਦੀ ਚਾਰ ਕਨਾਲਾਂ ਰੈਹਣ ਦਾ ਕਾਗ਼ਜ਼ ਲਿਖ ਦਿੱਤਾ। "ਹੁਣ ਡਾਇਆ ਪਾਉਣ ਦਾ ਤਾਂ ਫ਼ਾਇਦਾ ਨਹੀਂ......ਯੂਰੀਆ ਹੀ ਪਾ ਦਿੱਤਾ, ਦੋ ਮੁੱਠਾ ਵੱਧ ਖਲਾਰ ਦੇਵੀ ਕਨਾਲ ਦੀਆਂ। ਫਿਰ ਦੇਖੀ ਝੋਨੇ ਦੀ ਉਡਾਣ।" (ਪਰਵਾਨਾ, "ਗਹਿਰ ਚੜ੍ਹੀ ਅਸਮਾਨ" 121)

ਲੱਖਾ ਸਿੰਘ ਆਪਣੇ ਝੋਨੇ ਲਈ ਯੂਰੀਆ ਖਾਦ ਦੀ ਵਰਤੋਂ ਕਰਦਾ ਹੈ। ਹਰੇ ਇਨਕਲਾਬ ਦੇ ਆਰੰਭਲੇ ਸਾਲਾਂ 'ਚ ਇਨ੍ਹਾਂ ਖਾਦਾਂ ਦੀ ਵਰਤੋਂ ਦੇ ਪ੍ਰਮਾਣ ਦਿਖਾਈ ਦਿੰਦੇ ਹਨ। ਯੂਰੀਆ ਖ਼ਰੀਦਣ ਲਈ ਲੱਖਾ ਸਿੰਘ ਨੂੰ ਆਪਣੀ ਜ਼ਮੀਨ ਉੱਪਰ ਦੋ ਹਜ਼ਾਰ ਰੁਪਏ ਕਰਜ਼ਾ ਲੈਣਾ ਪਿਆ। ਇਸ ਤੋਂ ਕਿਸਾਨੀ ਦੀ ਮਾੜੀ ਆਰਥਿਕ ਸਥਿਤੀ ਬਾਰੇ ਪਤਾ ਚੱਲਦਾ ਹੈ ਕਿ ਕਿਵੇਂ ਨਿਮਨ ਕਿਸਾਨੀ ਹਰ ਛੋਟੀ ਤੋਂ ਛੋਟੀ ਵਸਤੂ ਖ਼ਰੀਦਣ ਲਈ ਆੜ੍ਹਤੀਏ ਜਾਂ ਸੁਸਾਇਟੀ ਤੋਂ ਕਰਜ਼ਾ ਲੈਂਦੀ ਤਾਂ ਕਿ ਆਪਣੀਆਂ ਜ਼ਰੂਰਤਾਂ ਨੂੰ ਪੂਰਾ ਕਰ ਸਕੇ।

ਕਿਸਾਨੀ ਜੀਵਨ ਰਿਵਾਇਤੀ ਸਮੇਂ ਤੋਂ ਹੀ ਰੁਝੇਵਿਆਂ ਭਰਪੂਰ ਰਿਹਾ ਹੈ। ਕਦੇ ਫ਼ਸਲ ਬੀਜਣੀ, ਵੱਢਣੀ, ਖਾਦ ਪਾਉਣਾ, ਗੁਡਾਈ ਕਰਨੀ, ਪਾਣੀ ਲਾਉਣਾ ਆਦਿ ਕੰਮ ਚੱਲਦੇ ਹੀ ਰਹਿੰਦੇ ਹਨ। *'ਗਹਿਰ ਚੜ੍ਹੀ ਅਸਮਾਨ'* ਨਾਵਲ 'ਚ ਲੱਖਾ ਸਿੰਘ ਵੀ ਦਿਨ ਰਾਤ ਖੇਤੀ ਦੇ ਕੰਮ ਧੰਦਿਆਂ 'ਚ ਉਲਝਿਆ ਰਹਿੰਦਾ ਹੈ ਜਿਵੇਂ:

"ਲਗਭਗ ਪੰਜ ਛੇ ਸਾਲਾਂ ਪਿੱਛੋਂ ਲੋਕਾਂ ਨੇ ਕੂਲ 'ਚੋਂ ਆਪਣੇ ਆਪਣੇ ਖੇਤਾਂ ਨੂੰ ਆਉਂਦੇ ਨਾਲੇ ਸਾਫ਼ ਕੀਤੇ ਸਨ। ਕਿਸੇ ਨਾਲੇ ਕੰਡੇ ਜੀਹਦੀ ਜੀਹਦੀ ਜ਼ਮੀਨ ਆਉਂਦੀ ਉਨ੍ਹਾਂ ਸਾਰਿਆਂ ਘਰਾਂ ਨੇ ਰਲ ਕੇ ਉਨ੍ਹਾਂ 'ਚੋਂ ਘਾਹ ਬੂਟੀ ਸਾਫ਼ ਕੀਤੀ ਸੀ ਕਹੀਆਂ ਨਾਲ, ਉਨ੍ਹਾਂ ਦੇ ਕੰਢਿਆਂ ਨੂੰ ਛਿੱਲ ਕੇ ਮਿੱਟੀ ਬਾਹਰ ਸੁੱਟੀ। ਨਾਲੇ ਸਾਫ਼ ਹੋਣ 'ਤੇ ਉਨ੍ਹਾਂ 'ਚ ਪਾਣੀ ਤੇਜ਼ੀ ਨਾਲ ਵਹਿਣ ਲੱਗਾ। ਲੱਖਾ ਸਿੰਘ ਪਿੰਡ ਨਾਲ ਦੇ ਕੁਰੇ 'ਚ ਤਾਂ ਔਖਾ ਸੌਖਾ ਪਾਣੀ ਲਾ ਲੈਂਦਾ। ਪਰ ਕੱਲਰਾਂ ਵੱਲ ਔੜ ਲੱਗਣ ਕਰ ਕੇ ਡੀਲੇ, ਖੱਬਲ ਤੇ ਖਰੜੇ ਨੇ ਦੱਬ ਲਈ ਸੀ ਪਰਮਲ।" (ਪਰਵਾਨਾ, "ਗਹਿਰ ਚੜ੍ਹੀ ਅਸਮਾਨ" 87)

ਪਰਵਾਨਾ ਨੇ ਕਿਸਾਨੀ ਦੇ ਕੰਮ ਧੰਦਿਆਂ ਦਾ ਵਿਸਥਾਰਪੂਰਵਕ ਵਰਣਨ ਕੀਤਾ ਹੈ। ਕਿਵੇਂ ਕਿਸਾਨ ਖੇਤੀ ਦੇ ਰੁਝੇਵਿਆਂ ਵਿੱਚ ਸਾਰਾ ਸਾਲ ਉਲਝੇ ਰਹਿੰਦੇ। ਸਠੌਵਿਆਂ ਦੇ ਕਰੀਬ ਕਿਸਾਨ ਇਨ੍ਹਾਂ ਰੁਝੇਵਿਆਂ ਨੂੰ ਆਪਸ ਵਿੱਚ ਮਿਲ ਜੁਲ ਕੇ ਪੂਰਾ ਕਰਦੇ ਸਨ।

ਕੁਲਵੰਤ ਸਿੰਘ ਸੰਧੂ ਦੇ ਲਫ਼ਜ਼ਾਂ 'ਚ ਪਰਵਾਨਾ ਦਾ, "ਹੱਥਲਾ ਨਾਵਲ ਪੰਜਾਬ ਦੇ ਪੇਂਡੂ ਤੇ ਵਿਸ਼ੇਸ਼ ਕਰ ਕੇ ਕਿਸਾਨੀ ਜੀਵਨ ਦੀ ਪੇਸ਼ਕਾਰੀ 'ਤੇ ਕੇਂਦਰਤ ਹੈ। ਖੇਤੀ ਦੁਨੀਆ ਦੇ ਪੁਰਾਤਨ ਧੰਦਿਆਂ ਵਿੱਚ ਸ਼ੁਮਾਰ ਹੁੰਦੀ ਸੀ। ਇਸ ਕਰ ਕੇ ਇਸ ਕਿੱਤੇ ਦੀ ਉੱਤਮਤਾ ਬਾਰੇ ਬਹੁਤ ਸਾਰੇ ਅਜਿਹੇ ਪ੍ਰਤਿਮਾਨਕ ਜੀਵਨ ਮੁੱਲ ਮਿਲ ਜਾਂਦੇ ਹਨ ਜੋ ਬਾਕੀ ਕਿੱਤਿਆਂ ਦੇ ਮੁਕਾਬਲੇ ਇਸ ਦੀ ਉਤਸੁਕਤਾ ਨੂੰ ਉਭਾਰਦੇ ਹਨ। ਪਰ ਇਸ ਦੇ ਬਾਵਜੂਦ ਕਿਸਾਨੀ ਕਦੇ ਵੀ ਇਸ ਧੰਦੇ ਵਿੱਚ ਲੱਗਣ ਵਾਲੀ ਮਿਹਨਤ ਦੇ ਮੁਕਾਬਲੇ ਹਾਸਲ ਤੋਂ ਕਦੇ ਵੀ ਸੰਤੁਸ਼ਟ ਨਹੀਂ ਰਹੀ।" ("ਬਦਲ ਰਹੇ ਪੰਜਾਬ ਦੀ ਪੇਸ਼ਕਾਰੀ",*ਐਤਵਾਰਤਾ, ਨਵਾਂ ਜ਼ਮਾਨਾ: ਜਲੰਧਰ*, 26 ਅਪ੍ਰੈਲ 2015, 3)

ਕਿਸਾਨੀ ਨੂੰ ਸਾਰਾ ਸਾਲ ਹੱਡ ਤੋੜਵੀਂ ਮਿਹਨਤ ਕਰਨ ਦੇ ਬਾਅਦ ਵੀ ਢਿੱਡ ਭਰਵੀਂ ਰੋਟੀ ਨਸੀਬ ਨਹੀਂ ਹੁੰਦੀ। ਆਪਣੀ ਕੀਤੀ ਮਿਹਨਤ ਦਾ ਮੁੱਲ ਪਰਤਵੇਂ ਰੂਪ ਵਿੱਚ ਨਹੀਂ ਮਿਲਦਾ। ਇਸੇ ਕਰ ਕੇ ਨਾਵਲ ਵਿੱਚ ਲੱਖਾ ਸਿੰਘ ਦੀ ਜ਼ਮੀਨ ਦਿਨ ਪ੍ਰਤੀ ਦਿਨ ਵਿਕਦੀ ਜਾਂਦੀ ਹੈ। ਘਰ ਦੀਆਂ ਜ਼ਰੂਰਤਾਂ ਵੀ ਖੇਤੀ ਤੋਂ ਪੂਰੀਆਂ ਨਹੀਂ ਹੁੰਦੀਆਂ। ਕਿਸਾਨੀ ਧੰਦੇ ਵਿੱਚ ਕੇਵਲ ਕਿਸਾਨ ਹੀ ਨਹੀਂ ਸਗੋਂ ਔਰਤਾਂ ਦਾ ਵੀ ਹਰ ਰੋਜ਼ ਘਰ ਦੇ ਰੁਝੇਵੇਂ ਨਹੀਂ ਮੁੱਕਦੇ। ਘਰਾਂ ਵਿੱਚ ਔਰਤਾਂ ਰੋਟੀ ਟੁੱਕ, ਪਸ਼ੂਆਂ ਦੀ ਸੰਭਾਲ, ਦੁੱਧ ਰਿੜਕਣਾ, ਖੂਹ ਤੋਂ ਪਾਣੀ ਭਰਨਾ, ਪੀਹਣ ਕਰਨਾ ਆਦਿ ਦੇ ਆਹਰ ਵਿਚ ਲੱਗੀਆਂ ਰਹਿੰਦੀਆਂ ਹਨ। ਜਿਵੇਂ:

"ਖੂਹ 'ਤੇ ਉਂਜ ਵੀ ਸਾਰਾ ਦਿਨ ਰੌਣਕ ਰਹਿੰਦੀ ਸੀ। ਸਵੇਰੇ ਤੜਕੇ ਤੋਂ ਲੈ ਕੇ ਪਹਿਰ ਰਾਤ ਗਈ ਤੱਕ ਮੁਟਿਆਰਾਂ ਕੁੜੀਆਂ ਵਹੁਟੀਆਂ ਪਾਣੀ ਢੋਂਦੀਆਂ ਰਹਿੰਦੀਆਂ ਸਨ ਘੜੇ ਭਰ-ਭਰ। ਗਲੀ ਦੇ ਦੂਸਰੇ ਪਾਸੇ ਅੰਕੜਿਆਂ ਦੀ ਵਾੜ ਨਾਲ ਕੁੱਝ ਉਹਲਾ ਜਿਹਾ ਵੀ ਕੀਤਾ ਹੋਇਆ ਸੀ। ਜਿੱਥੇ ਸਵੇਰੇ-ਸਵੇਰੇ ਜਾਂ ਫਿਰ ਰਾਤ ਪਈ ਕੋਈ ਔਰਤ ਜਾਂ ਕੁੜੀ ਨਹਾ ਲੈਂਦੀ। ਦਿਨੇ ਤਾਂ ਭਾਵੇਂ ਖੂਹ 'ਤੇ ਬੰਦੇ ਆਉਂਦੇ-ਜਾਂਦੇ ਰਹਿੰਦੇ ਸਨ ਪਰ ਰਾਤ ਪਈ 'ਤੇ ਉਹ ਖੂਹ 'ਤੇ ਘੱਟ ਹੀ ਜਾਂਦੇ।" (ਪਰਵਾਨਾ, "ਗਹਿਰ ਚੜ੍ਹੀ ਅਸਮਾਨ" 22)

ਪਰਵਾਨਾ ਨੇ ਆਪਣੇ ਨਾਵਲ ਵਿਚ ਕੇਵਲ ਕਿਸਾਨੀ ਜੀਵਨ ਦਾ ਹੀ ਚਿਤਰਨ ਨਹੀਂ ਕੀਤਾ ਸਗੋਂ ਔਰਤਾਂ ਦੁਆਰਾ ਕੀਤੇ ਜਾਂਦੇ ਕੰਮਾਂ ਧੰਦਿਆਂ ਦਾ ਵੀ ਵਰਣਨ ਕੀਤਾ ਕਿ ਕਿਵੇਂ ਔਰਤਾਂ ਸਾਰਾ ਦਿਨ ਘਰ ਦੇ ਰੁਝੇਵਿਆਂ ਵਿੱਚ ਲੱਗੀਆਂ ਰਹਿੰਦੀਆਂ ਸਨ।

ਹਰੀ ਕ੍ਰਾਂਤੀ ਤੋਂ ਪਹਿਲਾ ਕਿਸਾਨੀ ਦਾ ਧੰਦਾ ਹੱਥੀ ਕਿਰਤ ਭਰਪੂਰ ਹੋਣ ਕਾਰਨ ਵਧੇਰੇ ਮੁਸ਼ਕਿਲਾਂ ਭਰਪੂਰ ਸੀ। ਕਈ ਵਾਰ ਕੁਦਰਤੀ ਕਰੋਪੀ ਜਾਂ ਜਾਨਵਰਾਂ ਦੇ ਕਹਿਰ ਕਾਰਨ ਫ਼ਸਲ ਖ਼ਰਾਬ ਹੋ ਜਾਂਦੀ ਸੀ। ਉਹ ਦੁਆਬੇ ਦੇ ਬਿਆਸ ਇਲਾਕੇ ਦੇ ਕੰਢੀ ਖੇਤਰ ਨਾਲ ਸੰਬੰਧਿਤ ਹੋਣ ਕਾਰਨ ਉਸ ਖੇਤਰ 'ਚ ਫ਼ਸਲ ਉੱਪਰ ਹੁੰਦੇ ਗਿੱਦੜਾਂ ਦੇ ਹਮਲੇ ਨੂੰ ਬਹੁਤ ਹੀ ਜੀਵੰਤਤਾ ਨਾਲ ਚਿਤਰਦਾ ਹੈ। ਉਸ ਨੇ ਨਾਵਲ ਰਾਹੀਂ ਦੱਸਿਆ ਹੈ ਕਿ ਕਿਵੇਂ ਗੁਰਦਿੱਤ ਸਿੰਘ ਦੀ ਫ਼ਸਲ ਗਿੱਦੜਾਂ ਨੇ ਖ਼ਰਾਬ ਕਰ ਦਿੱਤੀ ਸੀ। ਜਿਵੇਂ:

"ਸਾਡੇ ਉੱਪਰ ਗੁਰਦਿੱਤੇ ਹੁਰਾਂ ਨੇ ਨਾਲਾ ਸਾਫ਼ ਕੀਤਾ ਹੋਇਆ......ਉਸ 'ਚੋਂ ਪਾਣੀ ਵਗਣ ਲੱਗਿਆ ਤੇ ਮਿੱਟੀ ਰੁੜ੍ਹ...... ਨਾਲੇ ਦਿਨੇ ਤਾਂ ਪੀਤਾ ਜਾ ਸਕਦਾ। ਬੰਦਾ ਦੇਖ ਲੈਂਦਾ ਕਿ ਉਸ 'ਚ ਕੱਖ ਕਾਨ ਜਾਂ ਕੋਈ ਜੀਵ ਤਾਂ ਨਹੀਂ ਤਰਦਾ ਪਰ ਮੈਂ ਰਾਤ ਡੂੰਘੀ ਹੋਣ ਤੱਕ ਉੱਥੇ ਹੀ ਰਹਾਂਗਾ...ਕਮਾਦ 'ਚ ਖ਼ਰਬੂਜ਼ਿਆਂ ਦੇ ਬੀਜ ਸੁੱਟੇ ਸੀ। ਕਮਾਦ ਤਾਂ ਭਾਵੇਂ ਮਾੜਾ ਹੀ ਆ ਪਰ ਵੇਲਾਂ ਵਾਹਵਾ ਹੋ ਗਈਆਂ। ਕਚਰੇ ਚੰਗੇ ਦੋ ਹੱਥਾਂ ਦੇ ਰੁੱਗ 'ਚ ਆਉਣ ਜੋਗੇ ਹੋਏ ਪਏ ਐ......ਉਨ੍ਹਾਂ ਨੂੰ ਹੁਣ ਗਿੱਦੜ ਪੈਣ ਲੱਗ ਪਿਆ......ਬੀਤੀ ਰਾਤ ਦੇ ਪੰਦਰਾਂ ਵੀਹ ਕਚਰੇ ਪਾੜ-ਪਾੜ ਕੇ ਸੁੱਟੇ ਪਏ ਸੀ......।" (ਪਰਵਾਨਾ, "ਗਹਿਰ ਚੜ੍ਹੀ ਅਸਮਾਨ" 16)

ਇਸ ਤਰ੍ਹਾਂ ਬਹੁਤ ਵਾਰੀ ਫ਼ਸਲਾਂ ਉੱਪਰ ਜਾਨਵਰਾਂ ਦੇ ਹਮਲੇ ਕਾਰਨ ਫ਼ਸਲ ਖ਼ਰਾਬ ਹੋ ਜਾਂਦੀ ਸੀ। ਗੁਰਦਿੱਤਾ ਸਿੰਘ ਹੁਰਾਂ ਦੀ ਫ਼ਸਲ ਵੀ ਗਿੱਦੜਾਂ ਦੇ ਹਮਲੇ ਨਾਲ ਖ਼ਰਾਬ ਹੋ ਗਈ ਸੀ। ਅਜਿਹੀਆਂ ਕਰੋਪੀਆਂ ਕਾਰਨ ਕਿਸਾਨੀ ਦਾ ਧੰਦਾ ਵਧੇਰੇ ਮੁਸ਼ਕਿਲਾਂ ਅਤੇ ਮੁਸ਼ੱਕਤਾਂ ਭਰਿਆ ਸੀ। ਬਿਆਸ ਦਰਿਆ ਦੇ ਕੰਢੀ ਖੇਤਰ 'ਚ ਅਜਿਹੇ ਜਾਨਵਰਾਂ ਦੁਆਰਾ ਫ਼ਸਲ ਖ਼ਰਾਬ ਕਰ ਦਿੱਤੀ ਜਾਂਦੀ ਸੀ। ਅਜਿਹਾ ਹੀ ਨਹੀਂ ਸਗੋਂ ਕਈ ਵਾਰ ਬਿਆਸ ਦਰਿਆ ਦੇ ਨਾਲ ਲੱਗਦੀ ਜ਼ਮੀਨ 'ਚ ਸੇਮ ਆਉਣ ਕਾਰਨ ਸਾਰੀ ਦੀ ਸਾਰੀ ਫ਼ਸਲ ਤਬਾਹ ਹੋ ਜਾਂਦੀ ਸੀ।

ਗੱਲ ਹਰੀ ਕ੍ਰਾਂਤੀ ਤੋਂ ਪਹਿਲਾ ਦੀ ਹੈ ਜਦੋਂ ਪਿੰਡ ਹਰ ਵਿਅਕਤੀ ਲਈ ਕੇਂਦਰ ਬਿੰਦੂ ਹੁੰਦਾ ਸੀ। ਹਰ ਵਸਤੂ ਪਿੰਡ ਵਿਚੋਂ ਹੀ ਪ੍ਰਾਪਤ ਹੋ ਜਾਂਦੀ ਸੀ। ਕਿਸੇ ਵੀ ਵਸਤੂ ਦੀ ਖ਼ਰੀਦ ਲਈ ਪਿੰਡੋਂ ਬਾਹਰ ਨਹੀਂ ਜਾਣਾ ਪੈਂਦਾ ਸੀ। ਔਰਤਾਂ, ਬੱਚਿਆਂ ਅਤੇ ਬਜ਼ੁਰਗਾਂ ਦੀਆਂ ਲੋੜਾਂ ਦੀ ਹਰ ਵਸਤੂ ਪਿੰਡ ਦੀ ਹੱਟੀ ਤੋਂ ਪ੍ਰਾਪਤ ਹੋ ਜਾਂਦੀ ਸੀ। *'ਗਹਿਰ ਚੜ੍ਹੀ ਅਸਮਾਨ'* ਨਾਵਲ ਵਿੱਚ ਲਾਲੇ ਦੀ ਦੁਕਾਨ ਦਾ ਦ੍ਰਿਸ਼ ਅਜਿਹੀ ਹੀ ਸਥਿਤੀ ਬਾਰੇ ਜਾਣਕਾਰੀ ਦਿੰਦਾ ਹੈ ਜਿਵੇਂ:

"ਲਾਲੇ ਦੀ ਦੁਕਾਨ ਕਾਹਦੀ, ਜਾਦੂ ਦੀ ਪਟਾਰੀ ਐ, ਕੋਈ ਸਮਾਨ ਲੈਣ ਚਲੇ ਜਾਉ ਕਿਸੇ ਨਾ ਕਿਸੇ ਕੱਛ ਕੋਨੇ 'ਚੋਂ ਕੱਢ ਹੀ ਲੈਂਦਾ। ਇਹ ਨਹੀਂ ਹੁੰਦਾ ਕਦੀ ਨਾਂਹ ਕੀਤੀ ਹੋਵੇ, ਇਹ ਮੇਰੇ ਕੋਲ ਹੈਨੀ।" (ਪਰਵਾਨਾ, "ਗਹਿਰ ਚੜ੍ਹੀ ਅਸਮਾਨ" 20)

ਉਪਰੋਕਤ ਟੂਕ ਤੋਂ ਪਤਾ ਚੱਲਦਾ ਹੈ ਕਿ ਪਿੰਡ ਵਿਚ ਲਾਲੇ ਦੀ ਹੱਟ ਤੋਂ ਪਿੰਡ ਦੇ ਲੋਕ ਹਰ ਵਸਤੂ ਖ਼ਰੀਦਦੇ ਸਨ। ਲਾਲੇ ਦੀ ਦੁਕਾਨ 'ਤੇ ਕਦੇ ਅਜਿਹਾ ਨਹੀਂ ਹੋਇਆ ਸੀ ਕਿ ਕੋਈ ਚੀਜ਼ ਨਾ ਮਿਲੇ। ਸਗੋਂ ਲਾਲੇ ਦੀ ਦੁਕਾਨ ਪਿੰਡ ਵਿੱਚ ਹੋਣ ਕਰ ਕੇ ਲੋਕਾਂ ਨੂੰ ਕਦੇ ਸ਼ਹਿਰ ਨਹੀਂ ਜਾਣਾ ਪੈਂਦਾ ਸੀ। ਇਸੇ ਦੀ ਇੱਕ ਹੋਰ ਉਦਾਹਰਨ ਨਾਵਲ ਵਿੱਚੋਂ ਦੇਖ ਸਕਦੇ ਹਾਂ ਜਿਵੇਂ:

"ਇੰਨੇ ਨੂੰ ਸੁਰੇਨੈ ਦੀ ਘਰਵਾਲੀ ਰਾਮ ਰੱਖੀ ਸੌਦਾ ਲੈਣ ਆ ਗਈ। ਉਸ ਦੀ ਚੁੰਨੀ ਦੀ ਝੋਲੀ 'ਚ ਵੱਟੀ ਕੁ ਕਣਕ ਸੀ। ਗੱਲ ਨੂੰ ਵਿਚਾਲਿਉ ਰੋਕ ਕੇ ਲਾਲਾ ਉਸ ਨੂੰ ਸੌਦਾ ਦੇਣ ਲਈ ਦੁਕਾਨ ਦੇ ਅੰਦਰ ਜਾ ਵੜਿਆ। ਉਸ ਨੇ ਪਹਿਲਾ ਤੱਕੜੀ 'ਚ ਪਾ ਕੇ ਦਾਣੇ ਤੋਲੇ। ਲੋਹੇ ਦੇ ਛਾਬਿਆਂ ਨੂੰ ਰੱਸੀਆਂ ਨਾਲ ਬੰਨ ਕੇ ਪਿੱਛੇ ਲੱਕੜੀ ਦੀ ਡੰਡੀ ਸੀ, ਜਿਸ ਦੇ ਵਿਚਾਲੇ ਛੇਕ ਕੱਢ ਕੇ, ਵਿਚੋਂ ਡੋਰ ਪਾ, ਉਸ ਨੇ ਪਿੱਛੇ ਕੱਪੜੇ ਦੀ ਬਣੀ ਹੋਈ ਗੱਠ ਬੰਨ੍ਹੀ ਹੋਈ ਸੀ। ਲਾਲੇ ਨੇ ਉਸ ਨੂੰ ਹੱਥ 'ਚ ਫੜ ਕੇ ਦਾਣੇ ਤੋਲੇ ਤੇ ਰਾਮ ਰੱਖੀ ਨੂੰ ਪੁੱਛਿਆ, "ਹਾਂ ਕੀ ਲੈਣਾ ਐ?"

"ਬਨਕਸ਼ੇ ਦੇ ਕਾਹੜੇ ਦਾ ਸਮਾਨ ਕਹਿਣ 'ਤੇ ਉਸ ਨੇ ਤਿੰਨ ਚਾਰ ਪੀਪਿਆਂ 'ਚੋਂ ਚੀਜ਼ਾਂ ਕੱਢ-ਕੱਢ ਬਿਨਾਂ ਤੋਲਿਆਂ ਅੰਦਾਜ਼ੇ ਨਾਲ ਹੀ ਪੁੜੀਆਂ ਬੰਨ੍ਹੀਆਂ ਤੇ ਪੁੜੀਆਂ ਉਸ ਦੀ ਝੋਲੀ 'ਚ ਪਾਉਂਦਿਆਂ ਕਿਹਾ, "ਹੋਰ?"

"ਨਾ ਬੱਸ.....ਕੋਈ ਪੈਸਾ ਬਚਦਾ ਤਾਂ ਉਸ ਦੀਆਂ ਦਾਲ ਫੁੱਲੀਆਂ ਦੇ-ਦੇ ਕਿਤੇ ਨਿਆਣੇ ਪਰਚਾਉਣੇ ਪੈ ਜਾਂਦੇ ਐ।"

"ਦੋ ਪੈਸੇ ਬਚਦੇ ਐ। ਕਹਿੰਦਿਆਂ ਉਸ ਨੇ ਅਖ਼ਬਾਰ ਦਾ ਇੱਕ ਹੋਰ ਕਾਗ਼ਜ਼ ਲੈ ਕੇ ਉਸ ਨੇ ਪੀਪੇ 'ਚੋਂ ਕੱਢ ਕੇ ਰੁੱਗ ਭਰ ਫੁੱਲੀਆਂ ਪਾਈਆਂ।" (ਪਰਵਾਨਾ, "ਗਹਿਰ ਚੜ੍ਹੀ ਅਸਮਾਨ" 18)

ਪੰਜਾਬ ਦੇ ਪਿੰਡ ਛੋਟੇ-ਛੋਟੇ ਗਣਤੰਤਰ ਹਨ ਜਿੰਨ੍ਹਾਂ 'ਚ ਪਿੰਡ ਵਾਸੀਆਂ ਦੀ ਹਰ ਜ਼ਰੂਰਤ ਦੀ ਚੀਜ਼ ਲਗਭਗ ਮਿਲ ਜਾਂਦੀ ਹੈ। ਇਸੇ ਤਰ੍ਹਾਂ ਹੀ ਪਿੰਡ ਵਿੱਚ ਲਾਲੇ ਦੀ ਦੁਕਾਨ ਜਿਸ 'ਚੋਂ ਹਰ ਵਸਤੂ ਲੋੜ ਅਨੁਸਾਰ ਪ੍ਰਾਪਤ ਹੁੰਦੀ ਸੀ।

ਇਸੇ ਸੰਦਰਭ 'ਚ ਸੁਰਜੀਤ ਬਰਾੜ ਦਾ ਮੰਨਣਾ ਹੈ ਕਿ, "ਪੰਜਾਬ 'ਚ ਸੱਠਵਿਆਂ ਤੋਂ ਪੂਰਵ ਪੇਂਡੂ ਧਰਾਤਲ 'ਤੇ ਪਿੰਡ ਇੱਕ ਪੂਰਨ ਇਕਾਈ ਹੁੰਦਾ ਸੀ। ਪੰਜਾਬ ਦੇ ਸਮੁੱਚੇ ਪਿੰਡਾਂ 'ਚ ਸਾਮੰਤੀ-ਕੀਮਤਾਂ ਪ੍ਰਤੀਮਾਨਾਂ ਦਾ ਬੋਲਬਾਲਾ ਸੀ।" ("ਪੰਜਾਬੀ ਨਾਵਲ: ਸਮਾਜ ਸ਼ਾਸਤਰੀ ਪਰਿਪੇਖ" 169)

ਕਹਿ ਸਕਦੇ ਹਾਂ ਕਿ ਹਰੀ ਕ੍ਰਾਂਤੀ ਦੇ ਪ੍ਰਭਾਵ ਕਬੂਲਣ ਤੋਂ ਪਹਿਲਾ ਪਿੰਡ ਇੱਕ ਸੰਪੂਰਨ ਇਕਾਈ ਦੇ ਤੌਰ 'ਤੇ ਵਿਕਸਿਤ ਸਨ। ਜਿਸ 'ਚੋਂ ਹਰ ਵਸਤੂ ਪ੍ਰਾਪਤ ਹੁੰਦੀ ਸੀ। ਪਿੰਡ ਦੇ ਲੋਕਾਂ ਨੂੰ ਕਿਸੇ ਕਿਸਮ ਦੀ ਵਸਤੂ ਦੀ ਖ਼ਰੀਦਣ ਲਈ ਪਿੰਡ ਤੋਂ ਬਾਹਰ ਨਹੀਂ ਜਾਣਾ ਪੈਂਦਾ ਸੀ।

ਸੱਠਵਿਆਂ ਤੋਂ ਪਹਿਲਾ ਪੰਜਾਬ ਦੇ ਹਰ ਪਿੰਡ ਦੇ ਲੋਕਾਂ 'ਚ ਆਪਸੀ ਸਾਂਝ ਸਾਂਝੀਵਾਲਤਾ ਸੀ। ਪਿੰਡਾਂ ਦੇ ਲੋਕ ਆਪਸ ਵਿੱਚ ਰਲ ਮਿਲ ਕੇ ਰਹਿੰਦੇ ਸਨ। ਪੁਰਸ਼ ਖੇਤੀ ਦਾ ਕੰਮ ਅਤੇ ਸੁਆਣੀਆਂ ਘਰ ਦਾ ਕੰਮ ਕਰਦੀਆਂ ਸਨ। ਕਿਤੇ ਵੀ ਆਪਸ ਵਿੱਚ ਵਿਰੋਧਾਭਾਸ ਨਹੀਂ ਸੀ। ਕਿਸੇ ਨੂੰ ਵੀ ਕੋਈ ਵਸਤੂ ਉਧਾਰ ਮੰਗਣ 'ਤੇ ਜਵਾਬ ਨਹੀਂ ਸੀ ਦਿੱਤਾ ਜਾਂਦਾ। ਲੋੜ ਪੈਣ 'ਤੇ ਇੱਕ ਦੂਜੇ ਦਾ ਬੁੱਤਾ (ਅਰਥ) ਸਾਰਿਆ ਜਾਂਦਾ ਸੀ। ਇਸ ਦਾ ਨਮੂਨਾ *'ਗਹਿਰ ਚੜ੍ਹੀ ਅਸਮਾਨ'* ਨਾਵਲ ਵਿੱਚੋਂ ਦੇਖ ਸਕਦੇ ਹਾਂ। ਜਿਵੇਂ:

"ਦਿਆਲ ਉੱਠ ਪਿਆ, ਹੇਠਾਂ ਦੂਹਰਾ ਤੀਹਰਾ ਕਰ ਰੱਖਿਆ ਪਰਨਾ ਉਸ ਨੇ ਚੁੱਕਿਆ ਤੇ ਝਾੜਦਾ ਤੁਰ ਪਿਆ, "ਪਨੀਰੀ ਨੂੰ ਪਾਣੀ ਦੇਖ ਆਵਾਂ...... ਸਵੇਰ ਦਾ ਛੱਡਿਆ ਹੋਇਆ। ਹੁਣ ਤੱਕ ਸ਼ਾਇਦ ਭਰ ਹੀ ਗਈ ਹੋਵੇਗੀ।"

"ਤੁਹਾਡੀ ਕਿੰਨੀ ਕੁ ਪਨੀਰੀ ਐ ਪਾਣੀ ਲਾਉਣ ਵਾਲੀ?" ਉਸ ਨੂੰ ਉੱਠਦਿਆਂ ਤੱਕ ਕਰਮ ਸਿੰਘ ਨੇ ਪੁੱਛਿਆ।

"ਦੋ ਕੁ ਕਨਾਲਾਂ ਥਾਂ ਹੋਣਾ।"

"ਤੁਹਾਥੋਂ ਬਾਅਦ ਕਿਸ ਨੇ ਲਾਉਣਾ?"

"ਨਾ ਮੈਨੂੰ ਨਹੀਂ ਪਤਾ?"

"ਤਾਂ ਫਿਰ ਜੇ ਤੁਹਾਡਾ ਭਰ ਗਿਆ ਹੋਇਆ ਤਾਂ ਪਿੱਛਿਉ ਬਾਘ ਬੱਚੇ ਤੋਂ ਬੰਨ੍ਹ ਨਾ ਤੋੜੀ...ਅਗਾਂਹ ਨਾਲੇ 'ਚ ਹੀ ਛੱਡ ਦੇਈਂ ਅਸੀਂ ਚਰੀ ਨੂੰ ਬੰਨ੍ਹ ਲਵਾਂਗੇ।"

"ਮੈਂ ਤਾਂ ਛੱਡ ਦਿੰਨਾ ਆ ਭਾਅ, ਪਰ ਇਹ ਨਾ ਹੋਵੇ ਕਿ ਅੱਗਿਉ ਤੁਸੀਂ ਜਾ ਕੇ ਬੰਨ੍ਹੋ ਨਾ ਤੇ ਪਾਣੀ ਲੋਕਾਂ ਦੇ ਵਾਹਣ ਭਿਉਂਦਾ ਫਿਰੇ।"

"ਨਾ ਤੂੰ ਫ਼ਿਕਰ ਨਾ ਕਰ, ਮੈਂ ਕਹੀ ਲੈ ਕੇ ਹੁਣੇ ਜਾਨਾ ਆ।" (ਪਰਵਾਨਾ, "ਗਹਿਰ ਚੜ੍ਹੀ ਅਸਮਾਨ" 14)

ਸੱਠਵਿਆਂ ਤੋਂ ਪਹਿਲਾ ਪੰਜਾਬ ਦੇ ਪਿੰਡਾਂ ਦੇ ਲੋਕਾਂ 'ਚ ਆਪਸੀ ਮਿਲਵਰਤਨ ਦੀ ਭਾਵਨਾ ਸੀ। ਕਿਸੇ ਨੂੰ ਵੀ ਕੋਈ ਵਸਤੂ ਉਧਾਰ ਮੰਗਣ 'ਤੇ ਜਵਾਬ ਨਹੀਂ ਸੀ ਦਿੱਤਾ ਜਾਂਦਾ। ਕਰਮ ਸਿੰਘ ਦੁਆਰਾ ਦਿਆਲ ਸਿੰਘ ਤੋਂ ਪਨੀਰੀ ਲਈ ਪਾਣੀ ਮੰਗਣ 'ਤੇ ਜੁਆਬ ਨਹੀਂ ਦਿੱਤਾ ਜਾਂਦਾ, ਸਗੋਂ ਪਾਣੀ ਦੇਣ ਲਈ ਹਾਂ ਕਰ ਦਿੱਤੀ ਜਾਂਦੀ ਹੈ। ਜਿਸ ਤੋਂ ਸਾਨੂੰ ਪੁਰਾਤਨ ਸਮੇਂ 'ਚ ਆਪਸੀ ਸਭਿਆਚਾਰਕ ਸਾਂਝ ਬਾਰੇ ਪਤਾ ਚੱਲਦਾ ਹੈ। ਪਰਵਾਨਾ ਨੇ ਸਾਂਝੀਵਾਲਤਾ ਨੂੰ ਹੀ ਮੂਰਤੀਮਾਨ ਨਹੀਂ ਕੀਤਾ ਸਗੋਂ ਹਰੇ ਇਨਕਲਾਬ ਤੋਂ ਪਹਿਲਾ ਦੇ ਪੇਂਡੂ ਜੀਵਨ ਦੇ ਜ਼ਿੰਦਗੀ ਜਿਉਣ ਦੇ ਢੰਗ, ਮਨੋਰੰਜਨ ਦੇ ਸਾਧਨਾਂ ਦਾ ਵੀ ਵਰਣਨ ਕੀਤਾ ਹੈ।

> ਪ੍ਰੋ. ਕੁਲਵੰਤ ਸਿੰਘ ਸੰਧੂ ਦੀ ਰਾਇ ਹੈ ਕਿ, "ਨਾਵਲ ਦਾ ਆਰੰਭ ਪੰਜਾਬ ਨੂੰ ਪ੍ਰੰਪਰਾਗਤ ਪੇਂਡੂ ਜੀਵਨ ਦੀ ਪੇਸ਼ਕਾਰੀ ਨਾਲ ਹੁੰਦਾ ਹੈ। ਹਰੇ ਇਨਕਲਾਬ ਤੋਂ ਪਹਿਲਾ ਪੰਜਾਬ ਦੇ ਪੇਂਡੂ ਜੀਵਨ ਵਿੱਚ ਤਬਦੀਲੀਆਂ ਦੀ ਰਫ਼ਤਾਰ ਬਹੁਤ ਮੱਧਮ ਸੀ। ਭਾਵੇਂ ਇਸ ਜੀਵਨ ਵਿੱਚ ਸਾਮਰਾਜ ਦੀ ਆਮਦ ਨਾਲ ਤਬਦੀਲੀਆਂ ਆਉਣੀਆਂ ਸ਼ੁਰੂ ਹੋ ਗਈਆਂ ਸਨ ਪਰ ਅਜੇ ਵੀ ਮਨੁੱਖੀ ਰਿਸ਼ਤਿਆਂ ਵਿੱਚ ਮਨੁੱਖੀ ਰੋਲ ਹੀ ਭਾਰੂ ਸੀ ਪੈਸਾ ਕੀਮਤਾਂ ਨਹੀਂ, ਲੋਕਾਂ ਲਈ ਮਨੋਰੰਜਨ ਦੇ ਸਾਧਨ ਬਹੁਤ ਸੀਮਿਤ ਸਨ। ਸਿਰਫ਼ ਮੇਲੇ-ਅਖਾੜੇ ਜਾਂ ਫਿਰ ਇਸ ਤਰ੍ਹਾਂ ਦੇ ਹੋਰ ਪ੍ਰੰਪਰਾਗਤ ਸਾਧਨਾਂ ਰਾਹੀਂ ਉਹ ਆਪਣੀ ਇਸ ਭੁੱਖ ਦੀ ਤ੍ਰਿਪਤੀ ਕਰਦੇ ਸਨ।" ("ਬਦਲ ਰਹੇ ਪੰਜਾਬ ਦੀ ਪੇਸ਼ਕਾਰੀ",*ਐਤਵਾਰਤਾ, ਨਵਾਂ ਜ਼ਮਾਨਾ: ਜਲੰਧਰ,* 24 ਮਈ 2015, 3)

ਉਪਰੋਕਤ ਹਵਾਲੇ ਤਹਿਤ ਆਖ ਸਕਦੇ ਹਾਂ ਕਿ ਹਰੇ ਇਨਕਲਾਬ ਤੋਂ ਪਹਿਲਾ ਲੋਕਾਂ ਵਿੱਚ ਮਨੋਰੰਜਨ ਦੇ ਸਾਧਨ ਕਾਫ਼ੀ ਘੱਟ ਸਨ। ਕੇਵਲ ਮੇਲਿਆਂ, ਅਖਾੜਿਆਂ, ਸੱਥਾਂ ਵਿੱਚ ਤਾਸ਼ ਖੇਡ ਕੇ ਮਨ ਪਰਚਾਵਾ ਕੀਤਾ ਜਾਂਦਾ ਸੀ। ਪਰਵਾਨਾ ਨੇ ਆਪਣੇ ਨਾਵਲ ਵਿੱਚ ਕੇਵਲ ਕਿਸਾਨੀ ਜੀਵਨ ਦੀ ਪੇਸ਼ਕਾਰੀ ਨਹੀਂ ਕੀਤੀ ਸਗੋਂ ਕਿਸਾਨਾਂ ਵੱਲੋਂ ਇਕੱਠੇ ਹੋ ਕੇ ਇੱਕ ਥਾਂ ਬੈਠਣ, ਗੱਲਬਾਤ ਕਰਨ, ਤਾਸ਼ ਖੇਡਣ, ਹਾਸਾ ਮਜ਼ਾਕ ਕਰਨ ਦੇ ਦ੍ਰਿਸ਼ ਨੂੰ ਭਰਪੂਰ ਹੋ ਕੇ ਚਿਤਰਿਆ ਹੈ। ਸੱਠਵਿਆਂ ਤੋਂ ਪਹਿਲਾ ਪਿੰਡਾਂ ਦੇ ਲੋਕ ਪਿੰਡ ਦੀ ਇੱਕ ਸਾਂਝੀ ਥਾਂ 'ਤੇ ਇਕੱਠੇ ਹੋ ਕੇ ਬੈਠਦੇ ਸਨ। ਜਿਸ ਨੂੰ ਪੰਜਾਬੀ 'ਚ ਸੱਥ ਸਭਿਆਚਾਰ ਵੀ ਕਿਹਾ ਜਾਂਦਾ ਹੈ। ਇਸ ਦਾ ਨਮੂਨਾ *'ਗਹਿਰ ਚੜ੍ਹੀ ਅਸਮਾਨ'* ਨਾਵਲ ਵਿੱਚੋਂ ਦੇਖ ਸਕਦੇ ਹਾਂ। ਜਿਵੇਂ:

> "ਟਿਕੀ ਹੋਈ ਹਾੜ ਦੀ ਸਿਖਰ ਦੁਪਹਿਰ ਸੀ, ਗਰਮੀ ਦੇ ਵੱਟ ਨਾਲ ਕਾਂ ਦੀ ਅੱਖ ਨਿਕਲਦੀ ਲੱਗਦੀ ਪਰ ਗੁਰਦੁਆਰੇ ਦੇ ਸਾਹਮਣੇ ਸੜਕ ਦੇ ਨਾਲ-ਨਾਲ ਜਾਮਣਾਂ ਦੀ ਝਿੜੀ ਹੇਠਾਂ ਬਾਹਰ ਨਾਲੋਂ ਕੁੱਝ ਠੰਢ ਠਾਹ ਸੀ। ਸੜਕ ਦੇ ਦੋਹੀਂ ਪਾਸੀਂ ਇੱਥੇ ਪੰਜ-ਪੰਜ ਸੱਤ ਕਰਮਾਂ ਦੇ ਫ਼ਾਸਲੇ 'ਤੇ ਪੰਦਰਾਂ ਵੀਹ ਜਾਮਣਾਂ ਦੇ ਰੁੱਖ ਸਨ। ਬੁੱਢ ਪੁਰਾਣੀਆਂ ਜਾਮਣਾਂ, ਜਿਨ੍ਹਾਂ ਦੇ ਤਣੇ ਦੋ ਬੰਦਿਆਂ ਦੀਆਂ ਬਾਹਾਂ ਇੱਕ ਪਾਸਿਓਂ ਹੱਥ ਫੜ ਕੇ ਦੂਸਰੇ ਸਿਰੇ 'ਤੇ ਦੂਸਰੇ ਹੱਥ ਆਪਸ 'ਚ ਛੂਹ ਨਾ ਸਕਣ। ਉੱਪਰ ਜਾ ਕੇ ਉਨ੍ਹਾਂ ਦੀਆਂ ਟਹਿਣੀਆਂ ਆਪਸ 'ਚ ਇੰਜ ਉਲਝੀਆਂ ਪਈਆਂ ਸਨ ਕਿ ਸੜਕ

ਦੇ ਉਸ ਟੋਟੇ 'ਤੇ ਧੁੱਪ ਦੀ ਲਿਸ਼ਕੋਰ ਹੇਠਾਂ ਤੱਕ ਨਾ ਪਹੁੰਚ ਸਕਦੀ। ਪੱਤਿਆਂ 'ਚ ਹੀ ਉਲਝ ਕੇ ਰਹਿ ਜਾਂਦੀਆਂ ਸਨ ਸੂਰਜ ਦੀਆਂ ਕਿਰਨਾਂ। ਇਨ੍ਹਾਂ ਵਿੱਚ ਦਸ ਬਾਰਾਂ ਅੰਬ ਦੇ ਰੁੱਖ ਵੀ ਸਨ, ਚਾਰ ਪੰਜ ਟਾਹਲੀਆਂ ਵੀ। ਇਸ ਛਾਂ ਹੇਠ ਪਿੰਡ ਦੇ ਪਰਿਵਾਰਕ ਜ਼ਿੰਮੇਵਾਰੀਆਂ ਤੋਂ ਫ਼ਾਰਗ ਹੋਏ ਬਜ਼ੁਰਗ ਤਾਂ ਛਾਹ ਕੁਵੇਲੇ ਹੀ ਜੁੜਨੇ ਸ਼ੁਰੂ ਹੋ ਜਾਂਦੇ ਸਨ। ਅੱਧਖੜ, ਗੱਭਰੂ ਤੇ ਗਭਰੀਟ ਮੁੰਡੇ ਕੰਮ ਧੰਦਿਆਂ ਤੋਂ ਵਿਹਲੇ ਹੋ, ਦੁਪਹਿਰ ਦਾ ਰੋਟੀ ਪਾਣੀ ਛੱਕ ਕੇ ਆਉਂਦੇ ਜਾਂਦੇ। ਸਿਖਰ ਦੁਪਹਿਰਾ ਹੋਣ ਤੱਕ ਰੌਣਕ ਚੰਗੀ ਭਰ ਜਾਂਦੀ। ਤਾਸ਼ ਦੀਆਂ ਢਾਣੀਆਂ ਵੀ ਲੱਗ ਜਾਂਦੀਆਂ ਤੇ ਬਾਰਾਂ ਟਹਿਣੀ ਦੀਆਂ ਵੀ। ਕੁੱਝ ਗਭਰੀਟ ਗੁਰਦੁਆਰੇ ਦੀ ਝਿੜੀ ਵਾਲੀਆਂ ਟਾਹਲੀਆਂ, ਡੇਕਾਂ, ਤੂਤ, ਅੰਬਾਂ 'ਤੇ 'ਜੱਟ-ਬ੍ਰਾਹਮਣ' ਖੇਡਣ ਲੱਗਦੇ।" (ਪਰਵਾਨਾ, "ਗਹਿਰ ਚੜ੍ਹੀ ਅਸਮਾਨ" 9)

ਉਪਰੋਕਤ ਟੂਕ ਤੋਂ ਪਤਾ ਚੱਲਦਾ ਹੈ ਕਿ ਪਿੰਡ ਦੇ ਬਜ਼ੁਰਗ ਕਿਵੇਂ ਕੰਮ ਧੰਦਿਆਂ ਤੋਂ ਵਿਹਲੇ ਹੋ ਕੇ ਪਿੰਡ ਦੀ ਸਾਂਝੀ ਥਾਂ ਸੱਥ ਵਿੱਚ ਬੈਠ ਕੇ ਤਾਸ਼ ਖੇਡਦੇ ਅਤੇ ਗੱਲਾਂ ਬਾਤਾਂ ਮਾਰਦੇ ਸਨ।

ਤਸਕੀਨ ਆਪਣੀ ਪੁਸਤਕ *'ਵਿਚਾਰਧਾਰਾ ਅਤੀਤ ਤੇ ਵਰਤਮਾਨ'* 'ਚ ਆਪਣੇ ਵਿਚਾਰ ਪੇਸ਼ ਕਰਦਾ ਲਿਖਦਾ ਹੈ ਕਿ, "ਬਲਬੀਰ ਪਰਵਾਨਾ *'ਗਹਿਰ ਚੜ੍ਹੀ ਅਸਮਾਨ'* ਨੂੰ ਰਵਾਲ ਦੁਆਰਾ ਸੁਣਾਈ ਜਾ ਰਹੀ ਵਾਰਿਸ ਦੀ 'ਹੀਰ' ਤੋਂ ਆਰੰਭ ਕਰਦਾ ਹੈ। ਰਵਾਲ ਦੁਆਰਾ ਸੁਣਾਈ ਜਾ ਰਹੀ ਹੀਰ ਨੂੰ ਜਾਗੀਰੂ ਵਿਚਾਰਾਂ ਦੀ ਨੁਕਤਾਚੀਨੀ 'ਚੋਂ ਲੰਘਾਉਂਦਾ ਹੋਇਆ ਨਾਵਲਕਾਰ ਪੰਜਾਬੀ 'ਚਿੰਤਨ' ਦੇ ਪਿੜ ਸੱਥ 'ਚੋਂ ਉਠਾਣ ਲੈਂਦਾ ਹੈ। ਇਸ ਨਾਲ ਵੰਡ ਤੋਂ ਬਾਅਦ ਬਚਵਾਹੀ ਦੇ ਸਭਿਆਚਾਰ ਦੀ ਵਿਚਾਰਧਾਰਾ 'ਚ ਸਾਮੰਤੀ ਪਕਿਆਈ ਦਾ ਪਤਾ ਲੱਗਦਾ ਹੈ। ਇਹ ਖਿੱਤਾ ਇੱਕ ਤਰ੍ਹਾਂ ਨਾਲ ਸਮਾਜ-ਆਰਥਿਕ ਸਭਿਆਚਾਰਕ ਖੜੋਤ ਨਾਲ ਜੂਝ ਰਿਹਾ ਹੈ।" (142)

ਪੁਰਾਤਨ ਸਮੇਂ ਦੀ ਸੱਥ ਨੂੰ ਪਿੰਡ ਦੀ ਖ਼ਬਰੀ ਵੀ ਆਖਿਆ ਜਾਂਦਾ ਸੀ। ਕਿਉਂਕਿ ਪਿੰਡ ਦੀ ਹਰ ਇੱਕ ਖ਼ਬਰ ਦੀ ਜਾਣਕਾਰੀ ਇੱਥੋਂ ਪ੍ਰਾਪਤ ਹੁੰਦੀ ਸੀ। ਹਾਲੇ ਵੀ ਪੰਜਾਬ ਵਿੱਚ ਵੱਸਦੇ ਪੁਰਾਤਨ ਪਿੰਡਾਂ ਵਿੱਚ ਸੱਥ ਸਭਿਆਚਾਰ ਮੌਜੂਦ ਹੈ। ਬਲਬੀਰ ਪਰਵਾਨਾ ਨੇ ਹਰੀ ਕ੍ਰਾਂਤੀ ਤੋਂ ਪਹਿਲਾ ਦੇ ਪਿੰਡਾਂ ਦਾ ਦ੍ਰਿਸ਼ ਵੀ ਆਪਣੇ ਨਾਵਲ *'ਗਹਿਰ ਚੜ੍ਹੀ ਅਸਮਾਨ'* ਵਿੱਚ ਰੂਪਮਾਨ ਕੀਤਾ ਹੈ। ਕਿਵੇਂ ਪਿੰਡਾਂ ਦੇ ਚਾਰੇ ਪਾਸੇ ਦਰਖ਼ਤ, ਨਦੀਆਂ, ਨਾਲੇ, ਕੂਲਾਂ, ਟੋਭੇ, ਪਾਥੀਆਂ, ਤੂੜੀ ਵਾਲੇ ਕੁੱਪ, ਗਿੱਦੜ, ਬਿੱਲੇ, ਕੁੱਤੇ, ਪਿੰਡ ਦੀ ਫਿਰਨੀ ਆਦਿ ਬਾਰੇ ਪਤਾ ਚੱਲਦਾ ਹੈ। ਪਿੰਡ ਦੇ ਦ੍ਰਿਸ਼ ਦੀ ਇੱਕ ਉਦਾਹਰਨ ਨਾਵਲ *'ਗਹਿਰ ਚੜ੍ਹੀ ਅਸਮਾਨ'* ਵਿੱਚੋਂ ਦੇਖ ਸਕਦੇ ਹਾਂ ਜਿਵੇਂ:

"ਰਵਾਲ ਦੁਆਲੇ ਬੈਠੇ ਸਭ ਕਿੱਸਾ ਸੁਣ ਰਹਿਆਂ 'ਚ ਹਾਸੜ ਮਚ ਗਈ। ਉਹ ਖ਼ੁਦ ਸੜਕ ਦੇ ਪਿੰਡ ਵਾਲੇ ਕੰਢੇ ਵੱਲ ਜਾਮਣ ਦੇ ਮੁੱਢ ਨਾਲ ਇੱਕ ਮੋਟੀ ਉੱਭਰੀ ਜੜ੍ਹ 'ਤੇ ਬੈਠਾ ਸੀ। ਉਸ ਦੇ ਪਿਛਲੇ ਪਾਸੇ ਉਨ੍ਹਾਂ ਦੀ ਨਿਆਈ ਸੀ ਜਿਸ 'ਚ ਬਰਸਾਤੇ ਆ ਕੇ ਉਹ ਸੁਆਂਕ ਖਲਾਰ ਛੱਡਦੇ ਸਨ। ਪਰ ਸਿਆਲੇ ਜਾਂ ਗਰਮੀਆਂ 'ਚ ਉਹ ਵਿਹਲੀ ਪਈ

ਰਹਿੰਦੀ ਸੀ। ਉਸ ਨਾਲ ਹੀ ਭਗਤੂ ਦਾ ਤੌੜ ਸੀ। ਸੜਕ ਵਾਲੇ ਪਾਸੇ ਤਾਂ ਅਕੜਿਆ ਦੀ ਵਾੜ ਸੀ। ਪਰ ਆਪਸ 'ਚ ਸਭ ਨਿਆਈਆਂ ਦੀਆਂ ਵੱਟਾਂ ਨਾਲ ਹੀ ਕੀਤੀਆਂ ਹੋਈਆਂ ਨਿਸ਼ਾਨਦੇਹੀਆਂ ਸਨ। ਸੜਕ ਤੋਂ ਲੈ ਕੇ ਪਿੰਡ ਤੱਕ ਇੰਜ ਹੀ ਖੁੱਲ੍ਹੀਆਂ ਨਿਆਈਆਂ 'ਚ ਕਿਤੇ ਕਿਸੇ ਦਾ ਬਾਲਣ ਪਿਆ ਸੀ, ਤੂੜੀ ਦਾ ਮੂਸਲ, ਪਰਾਲੀ ਦੇ ਦੰਦੇ, ਪਾਥੀਆਂ ਦੇ ਗਹੀਰੇ। ਕਿਤੇ-ਕਿਤੇ ਗੋਹੇ ਦੇ ਢੇਰ ਵੀ ਲੱਗੇ ਸਨ। ਸਿਆਲੇ ਆਪਣੇ ਭੇਡਾਂ ਦੇ ਇੱਜੜ ਨਾਲ ਆਉਂਦੇ ਜਾਂਦੇ ਗੱਦੀ ਇੱਕ ਦੋ ਦਿਨਾਂ ਦੀ ਠਹਿਰ ਇਨ੍ਹਾਂ ਨਿਆਈਆਂ 'ਚ ਹੀ ਕਰਦੇ। ਕਦੀ-ਕਦੀ ਗਡੀਲੇ ਵੀ ਆਪਣੀਆਂ ਖੋਤੀਆਂ, ਕੁੱਤਿਆਂ ਦੇ ਲਾਮ ਲਸ਼ਕਰ ਸਮੇਤ ਰੁਕਦੇ। ਉਹ ਛੋਟੇ-ਛੋਟੇ ਪਾਟੇ ਪੁਰਾਣੇ ਤੰਬੂ ਲਾਉਂਦੇ। ਉਨ੍ਹਾਂ ਦੀਆਂ ਔਰਤਾਂ ਤਾਂ ਪਿੰਡ 'ਚ ਛੱਜ, ਛਾਨਣੀਆਂ, ਸੂਈਆਂ, ਸੂਏ, ਲੁਹਾਂਡੇ, ਕੜਾਹੀਆਂ ਵੇਚਦੀਆਂ ਤੇ ਉਹ ਆਪ ਕੁੱਤਿਆਂ ਬਰਛਿਆਂ ਨੂੰ ਲੈ ਕੇ ਇਲਾਕੇ ਦੇ ਕਮਾਦ ਝੁੱਗੀਆਂ ਨੂੰ 'ਹੱਲੇ ਹੱਲੇ' ਕਰ ਗਾਹ ਮਾਰਦੇ। ਗਿੱਦੜ, ਬਿੱਲੇ ਬਿੱਲੀਆਂ ਜਲਕਾਂ ਜੋ ਕੁੱਝ ਵੀ ਮਿਲਦਾ ਸ਼ਾਮ ਨੂੰ ਮਾਰ ਕੇ ਮੁੜਦੇ। ਛੱਪੜੇ 'ਚੋਂ ਜੇ ਪਾਣੀ ਘਟਿਆ ਹੁੰਦਾ ਤਾਂ ਉਸ ਦੇ ਕੰਢੇ ਕੰਢੇ ਗਾਰੇ 'ਚੋਂ ਟੋਹ ਟੋਹ ਕੇ ਕੱਛੂ ਵੀ ਫੜ ਲੈਂਦੇ ਸਨ।" (ਪਰਵਾਨਾ, "ਗਹਿਰ ਚੜ੍ਹੀ ਅਸਮਾਨ" 10)

ਨਾਵਲੀ ਬਿਰਤਾਂਤ 'ਚੋਂ ਹਰੀ ਕ੍ਰਾਂਤੀ ਦੀ ਆਮਦ ਤੋਂ ਪਹਿਲਾ ਦੇ ਪਿੰਡ ਦੇ ਦ੍ਰਿਸ਼ ਅਤੇ ਕੰਮ ਕਾਜ ਬਾਰੇ ਪਤਾ ਚੱਲਦਾ ਹੈ। ਕਿਸਾਨ ਕਿਵੇਂ ਪ੍ਰਾਪੰਰਕ ਸੰਦਾਂ ਨਾਲ ਖੇਤੀਬਾੜੀ ਕਰਦੇ ਸਨ। ਪਿੰਡਾਂ ਦੀਆਂ ਔਰਤਾਂ ਵੀ ਪਾਥੀਆਂ ਦੇ ਗਹੀਰੇ, ਪੀਹਣ ਕਰਦੀਆਂ ਚੱਕੀ ਪੀਂਹਦੀਆਂ ਆਦਿ ਕੰਮ ਕਰਦੀਆਂ। ਕਿਸਾਨ ਫ਼ਸਲ ਦੀ ਖ਼ਰਾਬੀ ਕਰਦੇ ਗਿੱਦੜਾਂ ਬਿੱਲਿਆਂ ਨੂੰ ਕਿਵੇਂ ਮਾਰ ਮੁਕਾਉਂਦੇ ਸਨ।

ਹਰੀ ਕ੍ਰਾਂਤੀ ਦੀ ਆਮਦ ਤੋਂ ਪਹਿਲਾ ਪੰਜਾਬ ਦੇ ਲੋਕਾਂ 'ਚ ਵਿਗਿਆਨਕ ਸੂਝ ਦੀ ਘਾਟ ਸੀ। ਖ਼ਾਸ ਕਰ ਦੁਆਬੇ ਇਲਾਕੇ ਦੇ ਲੋਕ ਹਰ ਚੀਜ਼ ਨੂੰ ਕਰਮ ਧਰਮ ਨਾਲ ਜੋੜ ਕੇ ਵੇਖਦੇ ਸਨ। ਇਸੇ ਤਰ੍ਹਾਂ ਨਾਵਲ ਵਿੱਚ ਗਿੰਦਰ ਦੀ ਮਾਂ ਪਿਤਾ ਲੱਖਾ ਸਿੰਘ ਦੇ ਵਧੇਰੇ ਸ਼ਰਾਬ ਪੀਣ ਕਾਰਨ ਮਾਤਾ ਰਾਣੀ ਦੀ ਸੁੱਖਣਾ ਸੁੱਖਦੀ ਹੈ ਅਤੇ ਮਾਤਾ ਰਾਣੀ ਦੇ ਮੰਦਿਰ ਵੀ ਜਾਂਦੀ ਹੈ। ਇਸ ਦੀ ਉਦਾਹਰਨ ਨਾਵਲ *'ਗਹਿਰ ਚੜ੍ਹੀ ਅਸਮਾਨ'* ਵਿੱਚੋਂ ਦੇਖ ਸਕਦੇ ਹਾਂ ਜਿਵੇਂ:

"ਸਵੇਰੇ ਤੇਰੇ ਦਰ 'ਤੇ ਆਉਣਾ ਹੈ ਭਦਾੜੀ ਭਰਨ...ਮਾਤਾ ਰਾਣੀਏ ਸਵੇਰ ਤੱਕ ਨਿੰਬਲ ਕਰ ਦੇਵੀ।" ਤੇ ਸੱਚਮੁੱਚ ਹੀ ਤੜਕੇ ਕੁ ਆ ਕੇ ਮੀਂਹ ਬੰਦ ਹੋ ਗਿਆ ਸੀ। ਲੋਅ ਲੱਗਦੀ ਨੂੰ ਬੱਦਲ ਪਾਟਣ ਲੱਗ ਪਏ ਬਚਨੀ ਮਨ ਹੀ ਮਨ ਖ਼ੁਸ਼ੀ ਨਾਲ ਝੂਮ ਉੱਠੀ, "ਹੇ ਮਾਤਾ ਜਿਵੇਂ ਮੇਰੇ ਦਿਲ ਦੀ ਇਹ ਪੁਕਾਰ ਸੁਣੀ ਹੈ, ਉਵੇਂ ਮੇਰੇ ਘਰਵਾਲੇ ਨੂੰ ਵੀ ਸ਼ਰਾਬ ਤੋਂ ਹਟਾ ਦੇ। ਮੈਂ ਸਾਰੀ ਉਮਰ ਹਰ ਸੰਗਰਾਂਦ ਨੂੰ ਤੇਰੇ ਦਰ 'ਤੇ ਭਦਾੜੀ ਭਰਨ ਆਉਂਦੀ ਰਹਾਂਗੀ। "ਉਸ ਨੇ ਮਨ ਹੀ ਮਨ ਨਵੀਂ ਸੁੱਖਣਾ ਸੁੱਖ ਲਈ। ਪਹਿਲੀ ਸੁੱਖ ਉਸ ਨੇ ਰਾਧੀ ਪੰਡਤਾਣੀ ਦੇ ਕਹਿਣ ਤੇ ਸੁੱਖੀ ਸੀ ਕਿ "ਮੈਂ ਸਾਰਾ ਸਾਲ

ਹਰ ਸੰਗਰਾਂਦ ਤੇਰੇ ਦਰਬਾਰ 'ਚ ਭਦਾੜੀ ਭਰਨ ਆਵਾਂਗੀ......ਮਾਤਾ ਰਾਣੀ!" (ਪਰਵਾਨਾ, "ਗਹਿਰ ਚੜ੍ਹੀ ਅਸਮਾਨ" 38)

ਗਿੰਦਰ ਦੀ ਮਾਂ ਬਚਨੀ ਧਾਰਮਿਕ ਕਰਮ ਕਾਂਡਾਂ ਵਿੱਚ ਫਸ ਕੇ ਲੱਖਾ ਸਿੰਘ ਦੀ ਸ਼ਰਾਬ ਛੁਡਾਉਣਾ ਚਾਹੁੰਦੀ ਸੀ। ਉਸ ਨੂੰ ਕਰਮ ਧਰਮ ਨਾਲ ਜੋੜ ਕੇ ਵੇਖਦੀ ਹੈ ਕਿਉਂਕਿ ਹਰੀ ਕ੍ਰਾਂਤੀ ਦੀ ਆਮਦ ਤੋਂ ਪਹਿਲਾ ਮਨੁੱਖ ਹਰ ਹੋਣੀ ਅਣਹੋਣੀ ਨੂੰ ਧਰਮ ਨਾਲ ਜੋੜ ਕੇ ਦੇਖਦਾ ਸੀ।

> ਸੁਰਜੀਤ ਬਰਾੜ ਦਾ ਵਿਚਾਰ ਹੈ ਕਿ ਪਰਵਾਨਾ ਦੇ ਨਾਵਲ 'ਚ, "ਪੇਂਡੂ ਜਨ ਜੀਵਨ ਦੀਆਂ ਧਾਰਮਿਕ ਰੀਤਾਂ, ਧਾਰਮਿਕ ਪਾਖੰਡਾਂ, ਧਾਰਮਿਕ ਮਨੌਤਾਂ ਵਿਸ਼ਵਾਸਾਂ ਸੰਸਕਾਰਾਂ ਦੀ ਨਿਸ਼ਾਨਦੇਹੀ ਵੀ ਕੀਤੀ ਮਿਲਦੀ ਹੈ। ਅਨੇਕਾਂ ਮਾਨਸਿਕ ਦੁਬਿਧਾਵਾਂ, ਗੁੰਝਲਾਂ, ਪ੍ਰੇਸ਼ਾਨੀਆਂ, ਸੰਕਟਾਂ/ਝੰਜਟਾਂ ਦੀ ਭਟਕਣਾ ਤੋਂ ਨਿਜ਼ਾਤ ਪਾਉਣ ਲਈ ਦੁੱਖਾਂ ਦਰਦਾਂ ਰੋਗਾਂ ਭੋਗਾਂ ਦੇ ਨਿਵਾਰਨ ਲਈ ਮਨ ਨੂੰ ਤਸਕੀਨ ਸਕੂਨ ਪ੍ਰਦਾਨ ਕਰਨ ਲਈ ਸਾਧਾਂ ਸੰਤਾਂ ਦੇ ਡੇਰਿਆਂ ਮੱਠਾਂ ਸਮਾਧਾਂ ਮਟੀਆਂ ਤੇ ਹੋਰ ਕਈ ਕਿਸਮ ਦੇ ਪੂਜਾ ਸੱਥਲਾਂ ਦਾ ਸਹਾਰਾ ਲੈਂਦੇ ਲੋਕ ਇਸ ਨਾਵਲ ਵਿੱਚ ਦਿਖਾਏ ਗਏ ਹਨ।" ("ਪੰਜਾਬੀ ਨਾਵਲ: ਸਮਾਜ ਸ਼ਾਸਤਰੀ ਪਰਿਪੇਖ" 31-32)

ਪਰਵਾਨਾ ਨੇ ਕਈ ਥਾਵਾਂ 'ਤੇ ਸੱਠਵਿਆਂ ਤੋਂ ਪਹਿਲਾ ਦੇ ਕਰਮ ਕਾਂਡ, ਗੁੰਝਲਾਂ, ਪ੍ਰੇਸ਼ਾਨੀਆਂ, ਸਾਧ ਸੰਤਾਂ ਦੇ ਡੇਰਿਆਂ, ਲੋਕਾਂ ਦਾ ਧਰਮ ਪ੍ਰਤੀ ਅੰਧ ਵਿਸ਼ਵਾਸ, ਧਾਰਮਿਕ ਕਰਮ ਕਾਂਡ, ਪਾਖੰਡਾਂ ਨੂੰ ਪਾਠਕਾਂ ਦੇ ਸਾਹਮਣੇ ਮੂਰਤੀਮਾਨ ਕੀਤਾ ਹੈ।

> ਡਾ. ਹਰਵਿੰਦਰ ਕੌਰ ਢਿੱਲੋਂ ਨੇ (17 ਜਨਵਰੀ 2016, ਦਫ਼ਤਰ-ਨਵਾਂ ਜ਼ਮਾਨਾ, ਜਲੰਧਰ ਵਿਖੇ) ਪਰਵਾਨਾ ਦੇ ਨਾਵਲਾਂ ਬਾਰੇ ਵਿਚਾਰ ਚਰਚਾ ਕਰਦਿਆਂ ਦੱਸਿਆ ਕਿ ਦੁਆਬੇ ਦੇ ਲੋਕ ਧਰਮ ਕਾਂਡ 'ਤੇ ਬਹੁਤ ਵਿਸ਼ਵਾਸ ਰੱਖਦੇ ਸਨ। ਇਹ ਲੋਕ ਸੰਤਾਂ, ਡੇਰਿਆਂ ਅਤੇ ਬਾਬਿਆਂ ਵਿੱਚ ਵਧੇਰੇ ਵਿਸ਼ਵਾਸ ਰੱਖਦੇ ਹੋਣ ਕਾਰਨ ਇਨ੍ਹਾਂ ਦੀ ਜ਼ਿੰਦਗੀ ਦੀ ਅਗਵਾਈ ਵੀ ਇਹੀ ਲੋਕ ਕਰਦੇ ਹਨ। ਹਰ ਦੂਸਰੇ ਪਿੰਡ ਸਾਧਾਂ, ਬਾਬਿਆਂ ਦੇ ਡੇਰੇ ਸਨ। ਇਹ ਲੋਕ ਹਰ ਵਸਤੂ ਨੂੰ ਧਾਰਮਿਕ ਪ੍ਰਬੰਧ ਅਤੇ ਕਰਮ ਧਰਮ ਨਾਲ ਜੋੜ ਕੇ ਵੇਖਦੇ ਸਨ।

ਪਰਵਾਨਾ ਨੇ ਨਾਵਲ *'ਗਹਿਰ ਚੜ੍ਹੀ ਅਸਮਾਨ'* 'ਚ ਕੇਵਲ ਲੋਕਾਂ ਦੇ ਅੰਧ ਵਿਸ਼ਵਾਸ ਨੂੰ ਹੀ ਨਹੀਂ ਪੇਸ਼ ਕੀਤਾ ਸਗੋਂ ਸਾਧਾਂ, ਬਾਬਿਆਂ ਅਤੇ ਡੇਰਿਆਂ ਦੁਆਰਾ ਕੀਤੀ ਜਾਂਦੀ ਲੋਕਾਂ ਦੀ ਲੁੱਟ ਨੂੰ ਵੀ ਪੇਸ਼ ਕੀਤਾ ਹੈ। ਨਾਵਲ ਵਿੱਚ ਸੋਢੀ ਸਰਦਾਰ ਵੱਲੋਂ ਕਿਸਾਨਾਂ ਦੀ ਕਣਕ/ਧਾਨ ਲੈ ਕੇ ਕੀਤੀ ਜਾਂਦੀ ਲੁੱਟ ਅਤੇ ਫੈਲਾਏ ਜਾਂਦੇ ਅੰਧ ਵਿਸ਼ਵਾਸ ਨੂੰ ਚਿਤਰਿਆ ਹੈ। ਸੋਢੀ ਸਰਦਾਰ ਪਿੰਡ ਵਿੱਚ ਆ ਕੇ ਕਿਸਾਨਾਂ ਤੋਂ ਦਾਣੇ ਅਤੇ ਧਾਨ ਦੀ ਫ਼ਸਲ ਲੈ ਕੇ ਜਾਂਦਾ ਅਤੇ ਇਹ ਭਰਮ ਫੈਲਾਉਂਦਾ ਹੈ ਕਿ ਜੇਕਰ ਮੈਨੂੰ ਫ਼ਸਲ ਨਹੀਂ ਦੇਵੋਗੇ ਤਾਂ ਤੁਹਾਡੇ ਪਸ਼ੂ ਬਿਮਾਰ ਪੈ ਜਾਣਗੇ। ਇਸ ਦਾ ਨਮੂਨਾ ਦੇਖ ਸਕਦੇ ਹਾਂ ਜਿਵੇਂ:

"ਸੋਢੀ ਸਰਦਾਰ, ਸ਼ਾਹਾਂ ਦੀ ਬੈਠਕ 'ਚ ਆਇਆ ਹੋਇਆ ਹੈ......ਸ਼ਾਮ ਤੱਕ ਆਪਣੀ-ਆਪਣੀ ਕਾਰ ਦੇ ਜਾਇਓ ਪਈ ਸਾਰੇ......।" ਸਵੇਰੇ ਸਵੇਰੇ ਸਾਈਂ ਚੌਂਕੀਦਾਰ ਨੇ ਹੋਕਾ ਦਿੱਤਾ ਸੀ। ਤੇ ਛਾਹ ਵੇਲਾ ਹੁੰਦਿਆਂ, ਪਿੰਡ ਦੇ ਲੋਕ ਧਾਨ ਦੀ ਫ਼ਸਲ ਪਰਾਤਾਂ ਬੋਰੀਆ 'ਚ ਲੈ ਕੇ ਸ਼ਾਹਾਂ ਦੀ ਬੈਠਕ ਵੱਲ ਜਾਣ ਲੱਗ ਪਏ ਸਨ। ਕੋਈ ਆਪ ਘਰ ਨਹੀਂ ਸੀ ਤਾਂ ਘਰ ਦੀ ਕੋਈ ਅੱਧਖੜ ਜਾਂ ਬਜ਼ੁਰਗ ਔਰਤ ਲੈ ਕੇ ਜਾਂਦੀ ਦਿਸਦੀ। ਕੋਈ-ਕੋਈ ਨੌਜੁਆਨ ਮੁੰਡਾ ਵੀ, ਸਿਰਾਂ 'ਤੇ ਧਾਨ ਵਾਲੀਆਂ ਪਰਾਤਾਂ ਜਾਂ ਬੋਰੀਆਂ ਤੇ ਹੱਥ 'ਚ ਪਾਣੀ ਦੇ ਡੋਲੂ, ਗੜਵੀਆਂ ਜਾਂ ਕਮੰਡਲ। ਸ਼ਾਹਾਂ ਦੀ ਬੈਠਕ 'ਚ ਵਿਛੇ ਹੋਏ ਮੰਜੇ 'ਤੇ ਚਿੱਟੇ ਦੁੱਧ ਕੱਪੜੇ ਪਾਈ ਸੋਢੀ ਕਰਤਾਰ ਸਿੰਘ ਬੈਠਾ ਸੀ। ਅੱਧ ਮੀਟੀਆਂ ਅੱਖਾਂ, ਜਿਵੇਂ ਜਾਪ ਕਰਦਾ ਹੋਵੇ। ਕੋਲ ਉਸ ਦਾ ਇੱਕ ਸੇਵਾਦਾਰ ਜ਼ਮੀਨ 'ਤੇ ਵਿਛੀ ਹੋਈ ਸਫ਼ ਉੱਪਰ ਬੈਠਾ ਹੋਇਆ ਸੀ। ਪਿੰਡ ਦੇ ਹੀ ਦੋ ਚਾਰ ਜਣੇ ਬੈਠੇ ਹੋਏ ਸਨ। ਲੱਛੂ ਤਾਂ ਅਕਸਰ ਰਹਿੰਦਾ ਸੀ ਉਨਾ ਚਿਰ ਉੱਥੇ ਹੀ ...ਜਿੰਨ੍ਹਾਂ ਚਿਰ ਸੋਢੀ ਉਨ੍ਹਾਂ ਦੇ ਪਿੰਡ ਰਹਿੰਦਾ ਸੀ। ਪਿਛਲੇ ਪੰਚੀ ਤੀਹ ਸਾਲਾਂ ਤੋਂ ਸੋਢੀ ਉਨ੍ਹਾਂ ਦੀ ਬੈਠਕ 'ਚ ਆ ਕੇ ਹੀ ਡੇਰਾ ਲਾਉਂਦਾ ਸੀ। ਉਹ ਹੀ ਚੌਂਕੀਦਾਰ ਤੋਂ ਹੋਕਾ ਦੁਆਉਂਦਾ। ਲੋਕ ਆਪਣੀ ਨਵੀਂ ਫ਼ਸਲ ਦੇ ਦਾਣੇ ਲਿਆ ਕੇ ਬੈਠਕ ਦੇ ਇੱਕ ਕੋਨੇ 'ਚ ਢੇਰ ਲਾਉਂਦੇ ਰਹਿੰਦੇ। ਕੋਈ ਕਿੰਨੇ ਦਾਣੇ ਲਿਆ ਰਿਹਾ ਹੈ, ਸੋਢੀ ਦੇਖਦਾ ਜ਼ਰੂਰ ਭਾਵੇਂ ਬੋਲਦਾ ਕੁੱਝ ਨਾ। ਪੁੱਛ ਗਿੱਛ ਉਸ ਨਾਲ ਆਇਆ ਸੇਵਕ ਹੀ ਕਰਦਾ ਸੀ, "ਹੋਰ ਪਈ ਭਗਤਾ, ਕਿੰਨੇ ਪਸ਼ੂ ਐ ਤੇਰੇ?...ਦਾਣੇ ਤੋਲ ਕੇ ਲਿਆਇਆ ਨਾ.....ਘੱਟ ਨਾ ਹੋਣ! ਨਹੀਂ ਤਾਂ ਫਲ ਨਹੀਂ ਲੱਗਦਾ।" ਉਹ ਨਾਲੇ ਗੱਲਾਂ ਕਰਦਾ ਰਹਿੰਦਾ ਤੇ ਨਾਲੇ ਆਪਣੇ ਸਾਹਮਣੇ ਪਏ ਥਾਲ 'ਚੋਂ ਧੂਫ਼ ਦੀ ਬੱਤੀ ਵੱਟ ਕੇ ਅਗਲੇ ਨੂੰ ਫੜਾ ਦਿੰਦਾ।" (ਪਰਵਾਨਾ, "ਗਹਿਰ ਚੜ੍ਹੀ ਅਸਮਾਨ" 51)

ਇਸ ਤਰ੍ਹਾਂ ਸੋਢੀ ਸਰਦਾਰ ਪਿੰਡ ਦੇ ਸਾਰੇ ਕਿਸਾਨਾਂ ਦੀ ਕਣਕ ਅਤੇ ਧਾਨ ਲੈ ਕੇ ਧਰਮ ਦੇ ਨਾਮ ਉੱਪਰ ਲੁੱਟ ਕਰਨ ਦੇ ਨਾਲ-ਨਾਲ ਲੋਕਾਂ ਵਿੱਚ ਅੰਧ ਵਿਸ਼ਵਾਸ ਫੈਲਾਉਂਦਾ ਸੀ। ਸਾਧਾਂ ਵੱਲੋਂ ਕੀਤੀ ਜਾਂਦੀ ਲੁੱਟ ਦੀ ਇੱਕ ਉਦਾਹਰਨ ਨਾਵਲ ਵਿੱਚੋਂ ਦੇਖ ਸਕਦੇ ਹਾਂ ਜਿਵੇਂ:

"ਬਚਨੀ ਨੇ ਆਹ ਭਰੀ, "ਮੈਂ ਐਵੇਂ ਲੁੱਟ ਹੁੰਦੀ ਰਹੀ। ਜਿਹੜਾ ਆਪਣਾ ਆਪ ਛਿੱਤਰਾਂ ਤੋਂ ਨਾ ਬਚਾ ਸਕਿਆ, ਉਸ ਨੇ ਸਾਡੇ ਘਰ ਦੀ ਸੁੱਖ ਸ਼ਾਂਤੀ ਕਿੱਥੋਂ ਦੇਣੀ ਸੀ" ਬੁੱਢੇਬੜ ਕਾਲੀ ਮਾਤਾ ਦੇ ਦੋ ਤਿੰਨ ਸਾਲ ਭਦਾੜੀਆਂ ਭਰਨ ਤੋਂ ਬਾਅਦ ਉਹ ਕਿੰਨੇ ਸਾਲ ਬਾਰਠ ਸਾਹਿਬ ਮੱਸਿਆ ਨਹਾਉਣ ਜਾਂਦੀ ਰਹੀ ਸੀ ਤੇ ਉਧਰੋਂ ਹੱਟ ਕੇ ਕੁੰਤੀ ਦੇ ਕਹਿਣ 'ਤੇ, ਉਹ ਇਸ ਨਾਂਗੇ ਸਾਧ ਦੇ ਪੈਰ ਘੁੱਟਣ ਲੱਗ ਪਈ ਸੀ। ਉਸ ਨੇ ਆਪਣੀਆਂ ਵਾਲੀਆਂ ਸਾਧ ਨੂੰ ਚੜ੍ਹਾਈਆਂ ਸਨ ਟੂਣੇ ਟਾਮਣ ਕਰਨ ਲਈ ਕਿ ਲੱਖੇ ਦੀ ਸ਼ਰਾਬ ਛੁੱਟ ਜਾਵੇ। ਆਟੇ ਚੌਲਾਂ ਦੀਆਂ ਪਰਾਤਾਂ ਵੀ ਪੁੱਜਦੀਆਂ ਕਰਦੀ ਰਹੀ ਸੀ।" (ਪਰਵਾਨਾ, "ਗਹਿਰ ਚੜ੍ਹੀ ਅਸਮਾਨ" 134)

ਦੁਆਬੇ ਦੇ ਇਲਾਕੇ ਵਿੱਚ ਸਾਧਾਂ ਸੰਤਾਂ ਦੇ ਡੇਰੇ ਹੋਣ ਕਾਰਨ ਲੋਕ ਇਨ੍ਹਾਂ ਦੀਆਂ ਗੱਲਾਂ ਵਿੱਚ ਫਸ ਜਾਂਦੇ ਅਤੇ ਆਪਣੇ ਘਰ ਦੀਆਂ ਕੀਮਤੀ ਚੀਜ਼ਾਂ ਇਨ੍ਹਾਂ ਨੂੰ ਦਾਨ ਵਜੋਂ ਦਿੰਦੇ ਸਨ। ਇਸੇ ਤਰ੍ਹਾਂ ਹੀ ਨਾਵਲ ਵਿੱਚ ਦੇਖਦੇ ਹਾਂ ਕਿ ਬਚਨੀ ਨੇ ਨਾਂਗੇ ਸਾਧ ਨੂੰ ਲੱਖੇ ਦੀ ਸ਼ਰਾਬ ਛੁਡਾਉਣ ਲਈ ਘਰ ਦੀਆਂ ਹੋਰ ਵਸਤੂਆਂ ਦੇ ਨਾਲ-ਨਾਲ ਸੋਨੇ ਦੀਆਂ ਵਾਲੀਆਂ ਵੀ ਉਸ ਨੂੰ ਦੇ ਦਿੱਤੀਆਂ। ਸਾਧ ਲੋਕਾਂ ਦੀ ਮਾਨਸਿਕ ਹੀ ਨਹੀਂ ਸਗੋਂ ਆਰਥਿਕ ਲੁੱਟ ਵੀ ਕਰਦੇ ਸਨ।

> ਡਾ. ਕੁਲਵੰਤ ਸਿੰਘ ਸੰਧੂ ਦੇ ਸ਼ਬਦਾਂ 'ਚ, "ਨਾਵਲ ਵਿਚਲੇ ਹਵਾਲਿਆਂ ਤੋਂ ਕਿਸਾਨੀ ਦੀ ਮਾਨਸਿਕਤਾ ਅਤੇ ਧਰਮ ਦੇ ਪ੍ਰਭਾਵਾਂ ਦਾ ਪਤਾ ਚੱਲਦਾ ਹੈ ਪਰ ਕਿਸਾਨੀ ਦੀ ਧਰਮ ਵਿੱਚ ਆਸਥਾ ਨਿਰੋਲ ਅਧਿਆਤਮਕ ਨਜ਼ਰੀਏ ਤੋਂ ਨਹੀਂ ਸਗੋਂ ਕਿਸਾਨੀ ਦੀ ਜੀਵਨ ਜਾਂਚ ਦੇ ਨਜ਼ਰੀਏ ਤੋਂ ਪੇਸ਼ ਹੁੰਦੀ ਹੈ। ਪੰਜਾਬ ਦੀ ਵਧੇਰੇ ਕਿਸਾਨੀ ਭਾਵੇਂ ਸਿੱਖ ਧਰਮ ਵਿੱਚ ਆਸਥਾ ਰੱਖਣ ਵਾਲੀ ਹੈ ਪਰ ਦੂਸਰੇ ਧਰਮਾਂ ਪ੍ਰਤੀ ਵੀ ਉਸ ਦਾ ਨਜ਼ਰੀਆ ਸ਼ਰਧਾਭਾਵੀ ਹੈ।" ("ਬਦਲ ਰਹੇ ਪੰਜਾਬ ਦੀ ਪੇਸ਼ਕਾਰੀ", ਐਤਵਾਰਤਾ, *ਨਵਾਂ ਜ਼ਮਾਨਾ: ਜਲੰਧਰ,* 22 ਮਾਰਚ 2015, 3)

ਕਿਸਾਨੀ ਜੀਵਨ ਦੀ ਧਰਮ ਵਿੱਚ ਅਥਾਹ ਸ਼ਰਧਾ ਹੈ। ਉਹ ਕਿਸੇ ਵੀ ਧਰਮ ਦੇ ਖ਼ਿਲਾਫ਼ ਨਹੀਂ ਭਾਵੇਂ ਉਹ ਸਾਧਾਂ ਸੰਤਾਂ ਦੁਆਰਾ ਕੀਤੀ ਜਾਂਦੀ ਲੁੱਟ ਹੀ ਕਿਉਂ ਨਾ ਹੋਵੇ। ਦੁਆਬੇ ਦੇ ਇਲਾਕੇ ਦੀ ਕਿਸਾਨੀ ਅਤੇ ਸੱਠਵਿਆਂ ਦੇ ਕਰੀਬ ਧਾਰਮਿਕ ਅੰਧ ਵਿਸ਼ਵਾਸ ਦਾ ਬੋਲਬਾਲਾ ਹੋਣ ਕਾਰਨ ਕਿਸਾਨਾਂ ਦੀ ਡੇਰਾਵਾਦ ਲੁੱਟ ਕਰਦਾ ਸੀ।

> ਹਰਵਿੰਦਰ ਕੌਰ ਵਿੱਲੋਂ ਦੀ ਧਾਰਨਾ ਹੈ ਕਿ, "ਬਲਬੀਰ ਪਰਵਾਨਾ ਦੇ ਨਾਵਲ *'ਗਹਿਰ ਚੜ੍ਹੀ ਅਸਮਾਨ'* (2010) ਵਿੱਚ ਧਰਮ ਦੇ ਨਾਂ 'ਤੇ ਦੁਆਬੇ ਦੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਦੌਲਤਪੁਰ ਤੇ ਉਸ ਦੇ ਨੇੜਲੇ ਇਲਾਕੇ ਵਿੱਚ ਕੀਤੀ ਜਾ ਰਹੀ ਲੁੱਟ-ਖਸੁੱਟ ਨੂੰ ਨਾਵਲੀ ਬਿਰਤਾਂਤ ਦਾ ਵਸਤੂ ਬਣਾਇਆ ਗਿਆ ਹੈ। ਸੋਢੀ ਪਾਤਸ਼ਾਹ ਵਰਗੇ ਅਖੌਤੀ ਸਾਧ ਸੰਤ ਲੋਕਾਂ ਦੀ ਚੇਤਨਾ ਨੂੰ ਅਖੌਤੀ ਰੀਤਾਂ ਰਸਮਾਂ ਅਤੇ ਜਾਦੂ ਟੂਣੇ ਦੇ ਭਰਮਾਂ ਰਾਹੀਂ ਭਰਮਿਤ ਕਰ ਕੇ ਆਪਣੇ ਲੋਟੂ ਹਿੱਤਾਂ ਨੂੰ ਜਾਇਜ਼ ਕਰਾਰ ਦਿੰਦੇ ਹਨ।" ("ਪੰਜਾਬੀ ਨਾਵਲ ਤੇ ਦੁਆਬੀ ਸਭਿਆਚਾਰ" 108)

ਇਸੇ ਨਾਲ ਸਬੰਧਿਤ ਨਾਵਲੀ ਬਿਰਤਾਂਤ 'ਚੋਂ ਇੱਕ ਉਦਾਹਰਨ ਨਾਵਲ *'ਗਹਿਰ ਚੜ੍ਹੀ ਅਸਮਾਨ'* ਵਿੱਚੋਂ ਦੇਖ ਸਕਦੇ ਹਾਂ:

> "ਕੋਈ ਨਾ ਭਗਤੋ ਸਿਰ ਪਏ ਤੋਂ ਹੀ ਰੱਬ ਵੀ ਨਜ਼ਰ ਆਉਣਾ। ਸਾਡਾ ਕਰਮ ਹੈ ਹਰ ਇੱਕ ਦਾ ਚੰਗਾ ਸੋਚਣਾ, ਭਲਾ ਚਾਹੁਣ...ਉਹ ਦੀ ਉਹ ਜਾਣੇ।" (ਪਰਵਾਨਾ, "ਗਹਿਰ ਚੜ੍ਹੀ ਅਸਮਾਨ" 53)

ਇਸ ਤਰ੍ਹਾਂ ਦੁਆਬੇ ਦੇ ਲੋਕ ਟਿੱਲਿਆਂ ਅਤੇ ਡੇਰਿਆਂ ਦੀ ਪੂਜਾ ਕਰਦੇ ਧਾਰਮਿਕ ਚੇਲਿਆਂ ਦੀ ਅਗਵਾਈ ਕਬੂਲਦੇ ਸਨ। ਦੁਆਬੇ ਦੇ ਇਲਾਕੇ ਵਿੱਚ ਹਰੀ ਕ੍ਰਾਂਤੀ ਦੀ ਆਮਦ ਤੋਂ ਪਹਿਲਾ ਵਿਗਿਆਨਕ ਸੂਝ ਦੀ ਘਾਟ ਸੀ।

ਔਰਤ ਅਤੇ ਮਰਦ ਸਮਾਜ ਦੇ ਦੋ ਪਹਿਲੂ ਹਨ। ਔਰਤ ਜਣਨ ਪ੍ਰਕਿਰਿਆ ਰਾਹੀਂ ਸਮਾਜ ਨੂੰ ਅੱਗੇ ਤੋਰਦੀ ਹੈ। ਭਾਵੇਂ ਉਹ ਮਾਂ, ਧੀ, ਭੈਣ ਅਤੇ ਪਤਨੀ ਦੇ ਰੂਪ 'ਚ ਕਿਉਂ ਨਾ ਹੋਵੇ। ਪਰ ਮਰਦ ਉਸ ਨੂੰ ਆਪਣੇ ਪੈਰ ਦੀ ਜੁੱਤੀ ਸਮਝਦਾ ਹੈ। ਪੰਜਾਬ ਵਿੱਚ ਹਰੀ ਕ੍ਰਾਂਤੀ ਤੋਂ ਪਹਿਲਾ ਔਰਤ ਨੂੰ ਦਾਸੀ, ਗ਼ੁਲਾਮੀ, ਸ਼ੋਸ਼ਣ ਅਤੇ ਫੱਫੇਕੁਟਣੀ ਆਦਿ ਆਖਿਆ ਜਾਂਦਾ ਸੀ। ਔਰਤ ਨੂੰ ਘਰ ਵਿੱਚ ਸਮਾਨ ਅਧਿਕਾਰ ਤਾਂ ਕੀ ਸਗੋਂ ਆਪਣੇ ਹੱਕ ਲਈ ਬੋਲਣ ਦਾ ਅਧਿਕਾਰ ਵੀ ਨਹੀਂ ਸੀ। ਅਜਿਹੀ ਸਥਿਤੀ ਦੀ ਪੇਸ਼ਕਾਰੀ ਪਰਵਾਨਾ ਨੇ ਆਪਣੇ ਨਾਵਲ *'ਗਹਿਰ ਚੜ੍ਹੀ ਅਸਮਾਨ'* ਵਿੱਚ ਬਚਨੀ ਪਾਤਰ ਰਾਹੀਂ ਕੀਤੀ ਹੈ ਜਿਵੇਂ:

> "ਜ਼ਿਆਦਾ ਸ਼ਰਾਬ ਪੀਤੀ ਹੋਣ ਕਰ ਕੇ, ਲੱਖੇ ਦੇ ਪੈਰ ਡੋਲ ਰਹੇ ਸਨ। ਉਸ ਤੋਂ ਬਚਨੀ ਦੀ ਕੀਤੀ ਜਾ ਰਹੀ ਪੁੱਛਗਿੱਛ ਬਰਦਾਸ਼ਤ ਨਾ ਹੋ ਸਕੀ। ਸੋਫ਼ੀ ਹੁੰਦਾ ਤਾਂ ਉਹ ਕਈ ਵਾਰ ਟਾਲਾ ਵੱਟ ਜਾਂਦਾ। ਪਰ ਪੀਤੀ ਤੋਂ ਬਰਦਾਸ਼ਤ ਨਾ ਹੁੰਦਾ ਕਿ ਕੋਈ ਉਸ ਦੀ ਕਿਸੇ ਗੱਲ 'ਚ ਦਖ਼ਲ ਅੰਦਾਜ਼ੀ ਕਰੇ ਤੇ ਘਰਵਾਲੀ ਨੂੰ ਥਾਂ ਸਿਰ ਰੱਖਣ ਬਾਰੇ ਉਹ ਸਾਫ਼ ਸੀ......ਤੀਵੀਂ ਦੀ ਕੀ ਹਿੰਮਤ ਕਿ ਉਹ ਮਰਦ ਦੇ ਬਾਹਰਲੇ ਕੰਮਾਂ 'ਚ ਲੱਤ ਅੜਾਏ। ਉਸ ਦਾ ਕੰਮ ਹੈ ਘਰ ਚਲਾਉਣਾ। ਜੋ ਮਰਦ ਲਿਆਉਂਦਾ ਹੈ ਉਸ ਨਾਲ ਘਰ ਤੋਰਨਾ, ਨਾ ਕਿ ਵਾਧੂ ਦੀਆਂ ਲੱਤਾਂ ਅੜਾਉਣੀਆਂ। ਮਨਮਰਜ਼ੀਆਂ ਭਾਲਣੀਆਂ। ਤੇ ਸ਼ਾਇਦ ਉਸ ਦੇ ਮਨ 'ਚ ਅਜਿਹੀਆਂ ਹੀ ਕੁੱਝ ਹੋਰ ਗੁੰਝਲਾਂ ਸਨ ਕਿ ਉਹ ਬਚਨੀ ਦੀ ਪੁੱਛਗਿੱਛ ਤੋਂ ਚਿੜ੍ਹ ਗਿਆ... "ਕੁੱਤੀ ਭੌਂਕਣੋਂ ਨਹੀਂ ਹੱਟਦੀ...ਤੂੰ ਪੇਕਿਆਂ ਤੋਂ ਰੋਕੜਾਂ ਲੈ ਕੇ ਆਈ ਸੀ ਜਿਹੜੀਆਂ ਮੈਂ ਰੋਹੜ ਦਿੱਤੀਆਂ...? ਮੇਰੇ ਬਾਪ ਦੀ ਜ਼ਮੀਨ ਐ, ਚਾਹੇ ਮੈਂ ਰੱਖਾਂ ਚਾਹੇ ਫੂਕਾਂ......ਤੂੰ ਕੌਣ ਹੁੰਦੀ ਐ ਭੌਂਕਣ ਵਾਲੀ......।" ਉਸ ਨੇ ਉਸ ਨੂੰ ਕੁੱਟਣਾ ਸ਼ੁਰੂ ਕਰ ਦਿੱਤਾ।" (ਪਰਵਾਨਾ, "ਗਹਿਰ ਚੜ੍ਹੀ ਅਸਮਾਨ" 136)

ਲੱਖੇ ਦੇ ਸ਼ਰਾਬ ਪੀਣ ਸਮੇਂ ਬਚਨੀ ਦੇ ਕੁੱਝ ਕਹਿਣ 'ਤੇ ਉਹ ਉਸ ਨੂੰ ਗਾਲ੍ਹਾਂ ਕੱਢਦਾ, ਅਪਸ਼ਬਦਾਂ ਦੀ ਵਰਤੋਂ ਕਰਦਾ ਹੈ। ਉਸ ਦਾ ਮਾਨਸਿਕ ਸ਼ੋਸ਼ਣ ਹੀ ਨਹੀਂ ਕਰਦਾ ਸਗੋਂ ਕੁੱਟ ਮਾਰ ਕਰ ਕੇ ਸਰੀਰਕ ਸ਼ੋਸ਼ਣ ਵੀ ਕਰਦਾ ਹੈ। ਬਚਨੀ ਨੂੰ ਲੱਖਾ ਸਿੰਘ ਪੈਰ ਦੀ ਜੁੱਤੀ ਸਮਝਦਾ ਹੈ। ਇੱਕ ਗੁਲਾਮ ਔਰਤ ਵਾਂਗ ਉਸ ਨੂੰ ਨਪੀੜਦਾ ਜਿਸ ਕਾਰਨ ਬਚਨੀ ਮਾਨਸਿਕ ਸੰਤਾਪ ਭੋਗਦੀ ਹੈ।

> ਸੁਰਜੀਤ ਬਰਾੜ ਦੇ ਲਫ਼ਜ਼ਾਂ 'ਚ, "ਔਰਤ ਗੁਲਾਮਦਾਰੀ ਤੇ ਸਾਮੰਤੀ ਯੁੱਗ ਤੋਂ ਲੈ ਕੇ ਆਧੁਨਿਕ ਵਿਕਸਤ ਪੂੰਜੀਵਾਦੀ ਤੱਕ ਉਤਪੀੜਣ, ਲੁੱਟ, ਸ਼ੋਸ਼ਣ, ਜਬਰ ਜ਼ੁਲਮ ਅਤੇ ਅਨਿਆਂ ਦਾ ਸ਼ਿਕਾਰ ਰਹੀ ਹੈ। ਮਰਦ ਪ੍ਰਧਾਨ ਸਮਾਜ ਉਸ ਨੂੰ ਸਮਕਾਲ 'ਚ ਵੀ ਇਨਸਾਫ਼ ਨਹੀਂ ਦਿੰਦਾ। ਪਰਿਸਥਿਤੀਆਂ ਔਰਤ ਲਈ ਅੱਜ ਵੀ ਬਦਤਰ ਹਨ ਕਿਉਂਕਿ ਔਰਤ ਨੂੰ ਹਕੀਕੀ ਆਜ਼ਾਦੀ ਪ੍ਰਾਪਤ ਨਹੀਂ ਹੋ ਸਕੀ। ਜਿਸ ਦੀ ਇਨ੍ਹਾਂ ਸਮਿਆਂ 'ਚ ਉਸ ਨੂੰ ਲੋੜ ਹੈ। ਔਰਤ ਇੱਕ ਖ਼ਰੀਦੀ ਹੋਈ ਵਸਤੂ ਵਾਂਗ ਭੋਗੀ ਜਾ ਰਹੀ ਹੈ। ਇਨਸਾਨੀਅਤ ਦਾ ਤਕਾਜ਼ਾ ਹੈ ਕਿ ਔਰਤ ਨੂੰ ਸਮਾਨਤਾ ਯੋਗ ਰੁਤਬਾ ਮਿਲੇ ਪ੍ਰੰਤੂ ਅਜਿਹਾ ਨਹੀਂ ਹੈ। ਔਰਤ ਦਾ ਸਰੀਰਕ ਮਾਨਸਿਕ ਸ਼ੋਸ਼ਣ ਹੀ ਨਹੀਂ ਹੋ ਰਿਹਾ

ਸਗੋਂ ਉਸ ਨੂੰ ਪੈਸੇ ਤੋਂ ਵੀ ਹੇਠਾਂ ਦੀ ਵਸਤੂ ਗਰਦਾਨਿਆ ਜਾ ਰਿਹਾ ਹੈ।" ("ਪੰਜਾਬੀ ਨਾਵਲ: ਸਮਾਜ ਸ਼ਾਸਤਰੀ ਪਰਿਪੇਖ" 160)

ਔਰਤ ਨਾਲ ਮਾਨਸਿਕ, ਸਰੀਰਕ ਸ਼ੋਸ਼ਣ ਹੀ ਨਹੀਂ ਸਗੋਂ ਉਸ ਨੂੰ ਵੇਚਿਆ ਵੀ ਜਾਂਦਾ ਹੈ। ਮਰਦ ਪ੍ਰਧਾਨ ਸਮਾਜ ਔਰਤ ਨੂੰ ਪੈਰ ਦੀ ਜੁੱਤੀ ਸਮਝਦਾ ਹੈ। ਔਰਤ ਨੂੰ ਪਹਿਲਾ ਪਿਤਾ ਆਪਣੇ ਘਰ ਨਪੀੜਦਾ ਅਤੇ ਫਿਰ ਪਤੀ ਅਤੇ ਪੁੱਤਰ ਦੇ ਘਰ ਦਾਸੀ ਬਣ ਕੇ ਆਪਣਾ ਜੀਵਨ ਜਿਊਂਦੀ ਹੈ। ਅਜਿਹਾ ਹੀ ਬਚਨੀ ਨਾਲ ਹੁੰਦਾ ਹੈ। ਪਿਤਾ ਵੱਲੋਂ ਅਯੋਗ ਵਰ ਲੱਭਣ ਅਤੇ ਪਤੀ ਵੱਲੋਂ ਮਾਨਸਿਕ ਤੇ ਸਰੀਰਕ ਸ਼ੋਸ਼ਣ ਦੀ ਸ਼ਿਕਾਰ ਹੁੰਦੀ ਹੈ।

ਸੱਠਵਿਆਂ ਤੋਂ ਪਹਿਲਾ ਅਣਜੋੜ ਵਿਆਹ ਦੀ ਸਮੱਸਿਆ ਪ੍ਰਮੁੱਖ ਰੂਪ ਵਿੱਚ ਪੰਜਾਬੀ ਸਮਾਜ ਵਿੱਚ ਪ੍ਰਚਲਿਤ ਸੀ। ਔਰਤ ਦੀ ਮਰਜ਼ੀ ਤਾਂ ਕੀ ਸਗੋਂ ਉਸ ਦੇ ਹਾਣ ਪ੍ਰਵਾਣ ਦਾ ਵਰ ਵੀ ਨਹੀਂ ਲੱਭਿਆ ਜਾਂਦਾ ਸੀ। ਜਿਸ ਨਾਲ ਮਰਜ਼ੀ ਦੇਖ ਕੇ ਔਰਤ ਦਾ ਵਿਆਹ ਕਰ ਦਿੱਤਾ ਜਾਂਦਾ ਸੀ। ਭਾਵੇਂ ਉਸ ਦਾ ਪਤੀ ਸ਼ਰਾਬੀ, ਨਖੱਟੂ, ਅਮਲੀ, ਵੈਲੀ ਹੀ ਹੋਵੇ। ਅਜਿਹਾ ਹੀ ਪਰਵਾਨਾ ਨੇ ਨਾਵਲ *'ਗਹਿਰ ਚੜ੍ਹੀ ਅਸਮਾਨ'* ਵਿੱਚ ਲੱਖਾ ਸਿੰਘ ਅਤੇ ਬਚਨੀ ਦੇ ਅਣਜੋੜ ਵਿਆਹ ਨੂੰ ਪੇਸ਼ ਕਰ ਕੇ ਸਮਾਜਿਕ ਪਰਿਸਥਿਤੀਆਂ ਉੱਪਰ ਚਾਨਣਾ ਪਾਇਆ ਹੈ। ਇਸ ਦੀ ਉਦਾਹਰਨ ਨਾਵਲ ਵਿੱਚੋਂ ਦੇਖ ਸਕਦੇ ਹਾਂ ਜਿਵੇਂ:

"ਨਵੀਂ ਵਿਆਹੀ ਆਈ ਬਚਨੀ, ਘਰ ਬਾਰ ਦੇਖ ਕੇ ਖ਼ੁਸ਼ ਹੋ ਗਈ ਸੀ। ਬਾਹਰ ਜ਼ਮੀਨ ਦਾ ਖੁੱਲ੍ਹਾ ਟੱਕ, ਘਰ 'ਚ ਕਰਮ ਸਿੰਘ ਤੇ ਬਸੰਤ ਕੌਰ ਦੋਵੇਂ ਉਸ ਦੀ ਦੀਦ ਕਰਦੇ। ਵਿਆਹ ਤੋਂ ਛੇਤੀ ਬਾਅਦ ਹੀ ਭਾਵੇਂ ਉਸ ਨੂੰ ਇਹ ਪਤਾ ਲੱਗ ਗਿਆ ਸੀ ਕਿ ਲੱਖਾ ਪੂਰਾ ਵੈਲੀ ਹੈ, ਪਰ ਉਸ ਨੂੰ ਇਹ ਵੀ ਲੱਗਦਾ ਸੀ ਕਿ ਉਹ ਉਸ ਨੂੰ ਠੀਕ ਰਾਹ 'ਤੇ ਤੋਰ ਲਵੇਗੀ। ਉਸਨੂੰ ਆਪਣੇ ਰੂਪ, ਆਪਣੇ ਹੁਸਨ, ਆਪਣੀ ਲਿਆਕਤ 'ਤੇ ਏਨਾ ਕੁ ਤਾਂ ਮਾਣ ਸੀ। ਪਰ ਲੱਖਾ ਉਸ ਵੱਲ ਅੱਖਾਂ ਪੂਰੀਆਂ ਖੋਲ੍ਹ ਕੇ ਦੇਖਦਾ ਤਾਂ ਵੀ ਉਸ ਦੇ ਹੁਸਨ ਦੇ ਜਾਦੂ ਦਾ ਕੋਈ ਅਸਰ ਨਹੀਂ ਹੁੰਦਾ। ਉਹ ਤੇ ਕਿੰਨੇ-ਕਿੰਨੇ ਦਿਨ ਘਰ ਨਹੀਂ ਸੀ ਵੜਦਾ ਤੇ ਉਹ ਆਪਣੇ ਆਪ 'ਚ ਝੁਰਦੀ, ਰੋਂਦੀ ਰਹਿੰਦੀ।" (ਪਰਵਾਨਾ, "ਗਹਿਰ ਚੜ੍ਹੀ ਅਸਮਾਨ" 40)

ਪਰਵਾਨਾ ਨੇ ਬਚਨੀ ਅਤੇ ਲੱਖਾ ਸਿੰਘ ਰਾਹੀਂ ਉਸ ਸਮੇਂ ਦੇ ਅਣਜੋੜ ਵਿਆਹ ਦੀ ਸਥਿਤੀ ਨੂੰ ਮੂਰਤੀਮਾਨ ਕੀਤਾ ਹੈ। ਬਚਨੀ ਭਾਵੇਂ ਬਹੁਤ ਸੋਹਣੀ ਸੁਨੱਖੀ ਮੁਟਿਆਰ ਸੀ ਪਰ ਉਸ ਦੇ ਪਿਤਾ ਨੇ ਬਿਨਾਂ ਕੁੱਝ ਦੇਖੇ ਸ਼ਰਾਬੀ ਵੈਲੀ ਨਖੱਟੂ ਕਿਸਮ ਦੇ ਲੱਖਾ ਸਿੰਘ ਨਾਲ ਵਿਆਹ ਕਰ ਦਿੱਤਾ। ਉੱਪਰੋਂ ਦੀ ਲੱਖਾ ਸਿੰਘ ਘਰ ਦੇ ਕਿਸੇ ਕੰਮ ਨੂੰ ਵੀ ਹੱਥ ਨਹੀਂ ਸੀ ਲਾਉਂਦਾ। ਬਚਨੀ ਦੇ ਕੁੱਝ ਕਹਿਣ 'ਤੇ ਅਪਸ਼ਬਦ ਹੀ ਬੋਲਦਾ ਨਹੀਂ ਸਗੋਂ ਉਸ ਦੀ ਕੁੱਟ ਮਾਰ ਵੀ ਕਰਦਾ ਸੀ।

ਹਰਿੰਦਰ ਸਿੰਘ ਬਰਾੜ ਦੇ ਸ਼ਬਦਾਂ 'ਚ, "ਜਾਗੀਰੂ ਵਿਆਹ ਪ੍ਰਣਾਲੀ ਅਨੁਸਾਰ ਮੁੰਡੇ ਕੁੜੀ ਦੀਆਂ ਸੂਹਜ ਭਾਵਨਾਵਾਂ ਦਾ ਖ਼ਿਆਲ ਰੱਖਣ ਦੀ ਥਾਂ ਮੁੱਖ ਖ਼ਿਆਲ ਆਰਥਿਕ ਆਧਾਰ ਜ਼ਮੀਨ ਦਾ ਹੀ ਰੱਖਿਆ ਜਾਂਦਾ ਸੀ। ਇਸ ਤਰ੍ਹਾਂ

ਹੋਇਆ ਵਿਆਹ ਅਕਸਰ ਅਣਜੋੜ ਹੁੰਦਾ ਹੈ।" ("ਪਰਵੇਸ਼ਵਰੀ ਦੇ ਪਾਤਰ ਨੰਜੂ ਨੇ ਮਸਤਕ ਮੱਲ ਰੱਖਿਆ ਹੈ!", *ਐਤਵਾਰਤਾ, ਨਵਾਂ ਜ਼ਮਾਨਾ: ਜਲੰਧਰ,* 25 ਮਈ 2014, 3)

ਪਰਵਾਨਾ ਨੇ ਕੇਵਲ ਅਣਜੋੜ ਵਿਆਹ ਦੀ ਸਮੱਸਿਆ ਨੂੰ ਹੀ ਨਹੀਂ ਪੇਸ਼ ਕੀਤਾ ਸਗੋਂ ਔਰਤ ਮਰਦ ਦੇ ਆਪਸੀ ਰਿਸ਼ਤੇ ਨੂੰ ਵੀ ਮੂਰਤੀਮਾਨ ਕੀਤਾ ਹੈ।

ਸੁਰਜੀਤ ਬਰਾੜ ਦਾ ਲਿਖਣਾ ਹੈ ਕਿ, "ਨਾਵਲ ਮਰਦ ਔਰਤ ਦੇ ਦਵੰਦਾਤਮਕ ਰਿਸ਼ਤੇ ਨੂੰ ਪੇਸ਼ ਕਰਦਿਆਂ ਮਰਦ ਔਰਤ ਦੀ ਪਰਸਪਰ ਲੋੜ ਦਾ ਬੜੀ ਸ਼ਿੱਦਤ ਨਾਲ ਇਜ਼ਹਾਰ ਕਰਦਾ ਹੈ ਤੇ ਅਹਿਸਾਸ ਕਰਵਾਉਂਦਾ ਹੈ।" ("ਪੰਜਾਬੀ ਨਾਵਲ: ਸਮਾਜ ਸ਼ਾਸਤਰੀ ਪਰਿਪੇਖ" 29)

ਔਰਤ ਮਰਦ ਦੇ ਆਪਸੀ ਰਿਸ਼ਤੇ ਦੇ ਨਾਲ-ਨਾਲ ਨਾਜਾਇਜ਼ ਸੰਬੰਧ ਦਾ ਹੋਣਾ ਵੀ ਇੱਕ ਸਮਾਜਿਕ ਵਰਤਾਰਾ ਹੈ। ਹਰ ਸਮੇਂ ਪਿੰਡ ਵਿੱਚ ਕਿਸੇ ਨਾ ਕਿਸੇ ਰੂਪ ਵਿੱਚ ਔਰਤ ਮਰਦ ਦੇ ਨਾਜਾਇਜ਼ ਸੰਬੰਧ ਸਥਾਪਿਤ ਹੁੰਦੇ ਸਨ। ਪਰਵਾਨਾ ਨੇ '*ਗਹਿਰ ਚੜ੍ਹੀ ਅਸਮਾਨ*' ਨਾਵਲ ਵਿੱਚ ਨੰਦੂ ਤੇ ਪੁਸ਼ਪਾ ਦੇ ਨਾਜਾਇਜ਼ ਸੰਬੰਧ ਨੂੰ ਵਰਣਨ 'ਚ ਲਿਆ ਕੇ ਸੱਠਵਿਆਂ ਤੋਂ ਪਹਿਲਾ ਦੀ ਪਰਿਸਥਿਤੀ ਦਾ ਬਿਆਨ ਕੀਤਾ ਹੈ। ਇਸ ਦੇ ਨਾਲ ਹੀ ਉਸ ਨੇ ਆਪਣੀਆਂ ਘਰ ਦੀਆਂ ਲੋੜਾਂ ਲਈ ਜਾਂ ਰਿਸ਼ਵਤਖ਼ੋਰੀ ਵਜੋਂ ਨਾਜਾਇਜ਼ ਸਰੀਰਕ ਸੰਬੰਧ ਨੂੰ ਵੀ ਬਿਆਨ ਕੀਤਾ ਹੈ। ਕਿਵੇਂ ਰਣੀਏ ਨੇ ਆਪਣੀ ਆਰਥਿਕ ਸਥਿਤੀ ਨੂੰ ਉੱਚਾ ਕਰਨ ਲਈ ਉਹ ਦੀ ਛੋਟੀ ਭੈਣ ਪਟਵਾਰੀ ਨਾਲ ਸਰੀਰਕ ਸੰਬੰਧ ਬਣਾਉਂਦੀ ਅਤੇ ਆਪਣੀ ਜ਼ਮੀਨ ਨੂੰ ਇੱਕ ਥਾਂ ਇਕੱਠਾ ਕਰਵਾਉਂਦੇ ਹਨ।

"ਦੂਸਰੀ ਵੱਡੀ ਚਰਚਾ ਰਣੀਏ ਕੇ ਜ਼ਮੀਨ ਦੇ ਟੱਕ ਦੀ ਸੀ। ਜਿਹੜਾ ਲਹਿੰਦੀ ਵੱਲ ਫਿਰਨੀ ਦੇ ਨਾਲੋਂ ਹੀ ਸ਼ੁਰੂ ਕਰ ਕੇ ਮਿਰਾਜ਼ਪੁਰ ਨੂੰ ਜਾਂਦੇ ਪਹੇ ਨਾਲ ਪਾਇਆ ਗਿਆ ਸੀ। ਉੱਥੇ ਉਨ੍ਹਾਂ ਦੀ ਪਹਿਲਾ ਪੰਜ ਕੁ ਘੁਮਾ ਜ਼ਮੀਨ ਸੀ। ਬਾਕੀ ਦੀ ਰਾਮਪੁਰ ਦੇ ਵਸੀਮੇ ਨਾਲ ਜਾ ਪੈਂਦੀ ਸੀ। ਪਰ ਉਨ੍ਹਾਂ ਦੀ ਜ਼ਮੀਨ ਦਾ ਮੇਜਰ ਪਤਾ ਨਹੀਂ ਕਿਵੇਂ ਕੱਟ ਕਟਾ ਕੇ ਪੰਜ ਕਿੱਲੇ ਫਿਰਨੀ ਨਾਲ ਕਰ ਦਿੱਤਾ ਗਿਆ। ਵਸੀਮੇ ਕੋਲ ਉਨ੍ਹਾਂ ਨੂੰ ਦੋ ਕਿੱਲੇ ਹੀ ਪਏ ਸਨ। ਪਿੰਡ 'ਚ ਖੁੱਲ੍ਹਮ-ਖੁੱਲ੍ਹੀ ਚਰਚਾ ਹੁੰਦੀ... "ਇਹ ਟੱਕ ਤਾਂ ਪਟਵਾਰੀ ਨੇ ਗੁੱਡੋ ਦੇ ਪਿੰਡੇ ਦੀ ਜਿਹੜੀ ਗਰਦੌਰੀ ਕਰਦਾ ਰਿਹਾ ਨਾ, ਉਸ ਕਰ ਕੇ ਪਾਇਆ।"

"ਸਾਲੇ ਨੂੰ ਕੋਈ ਸ਼ਰਮ ਹੀ ਨਹੀਂ......ਪਟਵਾਰੀ ਦਿਨੇ ਰਾਤ ਘਰ ਵੜਿਆ ਰਹਿੰਦਾ।" (ਪਰਵਾਨਾ, "ਗਹਿਰ ਚੜ੍ਹੀ ਅਸਮਾਨ" 83)

ਪਿੰਡਾਂ ਵਿੱਚ ਜ਼ਮੀਨ ਹੜੱਪਣ ਲਈ ਜਾਂ ਤਬਾਦਲੇ ਲਈ ਸਰਕਾਰੀ ਪੁਰਸ਼ ਅਧਿਕਾਰੀ ਇਸਤਰੀਆਂ ਨਾਲ ਨਾਜਾਇਜ਼ ਸਰੀਰਕ ਸੰਬੰਧ ਬਣਾਉਂਦੇ ਜਿਸ ਨੂੰ ਆਮ ਤੌਰ 'ਤੇ ਰਿਸ਼ਵਤਖ਼ੋਰੀ ਕਹਿ ਸਕਦੇ ਹਾਂ। ਇਹ ਸੰਬੰਧ ਕਾਮ ਲੋੜ ਦੀ ਪੂਰਤੀ ਲਈ ਪ੍ਰਯਤਨ ਵੀ ਕਾਰਜਸ਼ੀਲ ਹੁੰਦੇ ਸਨ। ਇਹ ਨਿੱਕੀਆਂ ਮੋਟੀਆਂ ਗ਼ਰਜ਼ਾਂ, ਲੋਭਾਂ ਅਤੇ ਲੋੜਾਂ ਹੀ ਰਿਸ਼ਵਤਖ਼ੋਰੀ ਲਈ ਮੁੱਖ ਰੋਲ ਵੀ ਨਿਭਾਉਂਦੀਆਂ ਸਨ। ਰਿਸ਼ਵਤਖ਼ੋਰੀ ਸਾਰੇ ਸਮਾਜ ਵਿੱਚ ਗਹਿਰੀਆਂ ਜੜ੍ਹਾਂ ਪਾ ਚੁੱਕੀ ਸੀ।

> ਹਰਵਿੰਦਰ ਕੌਰ ਢਿੱਲੋਂ ਦੀ ਰਾਇ ਹੈ ਕਿ ਗਿੰਦਰ ਨੂੰ, "ਫ਼ੀਸ ਮਾਫ਼ ਕਰਵਾਉਣ, ਪਿਤਾ ਦੇ ਇਲਾਜ ਲਈ ਸਿਫ਼ਾਰਸ਼ ਕਰਵਾਉਣ ਆਦਿ ਘਟਨਾਵਾਂ ਵਿੱਚੋਂ ਜਿਨਸੀ ਸੰਬੰਧਾਂ ਦੀ ਰਿਸ਼ਵਤਖ਼ੋਰੀ ਦਾ ਰੂਪ ਉਜਾਗਰ ਹੁੰਦਾ ਹੈ। ਸਕੂਲ ਦਾ ਮੈਨੇਜਰ, ਸਿੱਖਿਆ ਮਹਿਕਮੇ ਦਾ ਕਲਰਕ ਅਤੇ ਚੇਅਰਮੈਨ ਉਸ ਦਾ ਜਿਨਸੀ ਸ਼ੋਸ਼ਣ ਕਰਨਾ ਚਾਹੁੰਦੇ ਹਨ। ਇਸ ਤਰ੍ਹਾਂ ਸਾਡੇ ਸਮਾਜ ਦਾ ਮਨੁੱਖ ਔਰਤ ਨੂੰ ਭੋਗਣ ਦੀ ਵਸਤੂ ਤੋਂ ਵੱਧ ਦਰਜਾ ਨਹੀਂ ਦਿੰਦਾ।" ("ਪੰਜਾਬੀ ਨਾਵਲ ਤੇ ਦੁਆਬੀ ਸਭਿਆਚਾਰ" 141)

ਹਰੀ ਕ੍ਰਾਂਤੀ ਦੀ ਆਮਦ ਤੋਂ ਪਹਿਲਾ ਪੈਸੇ ਦੇ ਜ਼ੋਰ 'ਤੇ ਕੰਮ ਕਰਵਾਏ ਜਾਂਦੇ ਸਨ। ਉੱਚ ਘਰਾਣੇ ਜ਼ਮੀਨ ਖ਼ਰੀਦਣ ਲਈ ਜਾਂ ਹੋਰ ਕਿਸਮ ਦਾ ਸ਼ੋਸ਼ਣ ਕਰਨ ਲਈ ਪੈਸੇ ਦੇ ਜ਼ੋਰ ਉੱਪਰ ਨਿਮਨ ਵਰਗ ਨੂੰ ਦਿਵਾਉਂਦੇ ਸਨ। ਸਰਕਾਰੀ ਤੌਰ 'ਤੇ ਪੈਸਾ ਲਾ ਕੇ ਨਿਮਨ ਵਰਗ, ਨਿਮਨ ਕਿਸਾਨਾਂ ਦੀ ਲੁੱਟ ਕਰਦੇ ਸਨ। ਸੱਠਵਿਆਂ ਤੋਂ ਪਹਿਲਾ ਲੋਕ ਨਸ਼ਿਆਂ ਦੀ ਵਰਤੋਂ ਖ਼ੁਸ਼ੀ ਮੌਕੇ ਕਰਦੇ ਸਨ। ਜਿਵੇਂ ਸ਼ਰਾਬ, ਭੁੱਕੀ, ਫ਼ੀਮ। ਪਰ ਸੁੱਖਾ, ਗਿੰਦਰ ਦਾ ਪਿਤਾ ਲੱਖਾ ਸਿੰਘ ਵੀ ਅਨ੍ਹੇਵਾਹ ਨਸ਼ਿਆਂ ਦੀ ਵਰਤੋਂ ਕਰਦੇ ਹਨ। ਜਿਸ ਕਾਰਨ ਉਸ ਸਿਰ ਕਰਜ਼ਾ ਚੜ੍ਹਦਾ ਅਤੇ ਜ਼ਮੀਨ ਵਿਕਣੀ ਆਰੰਭ ਹੋ ਜਾਂਦੀ ਹੈ। ਇਸ ਦੀ ਉਦਾਹਰਨ ਨਾਵਲ *'ਗਹਿਰ ਚੜ੍ਹੀ ਅਸਮਾਨ'* 'ਚੋਂ ਦੇਖ ਸਕਦੇ ਹਾਂ ਜਿਵੇਂ:

> "ਚੱਲ ਤੂੰ ਹੀ ਰੱਖ......ਸ਼ਾਮ ਨੂੰ ਹਵੇਲੀ ਲੈ ਆਵੀ ਬਣਾ ਕੇ, ਬੋਤਲ ਮੇਰੇ ਕੋਲ ਹੈ ਲਾਵਾਂਗੇ ਘੁੱਟ-ਘੁੱਟ, ਲੱਖੇ ਨੇ ਉਸ ਨੂੰ ਪਰਨੇ ਦਾ ਲੜ ਖੋਲ੍ਹਦਿਆਂ ਤੱਕ ਕੇ ਕਿਹਾ।" (ਪਰਵਾਨਾ, "ਗਹਿਰ ਚੜ੍ਹੀ ਅਸਮਾਨ" 68)

ਗਿੰਦਰ ਦਾ ਪਿਤਾ ਲੱਖਾ ਸਿੰਘ ਵੀ ਵਧੇਰੇ ਨਸ਼ਿਆਂ ਦੀ ਵਰਤੋਂ ਕਰਦਾ ਹੈ। ਇਸੇ ਕਾਰਨ ਉਸ ਦਾ ਪਰਿਵਾਰ ਆਰਥਿਕ ਹੀ ਨਹੀਂ ਸਗੋਂ ਮਾਨਸਿਕ ਸੰਤਾਪ ਦਾ ਸ਼ਿਕਾਰ ਹੁੰਦਾ ਹੈ। ਇਸੇ ਕਰ ਕੇ ਬਚਨੀ ਦੀ ਜ਼ਿੰਦਗੀ ਵਧੇਰੇ ਦੁੱਖਾਂ ਕਸ਼ਟਾਂ ਨਾਲ ਭਰੀ ਹੋਈ ਦਿਖਾਈ ਦਿੰਦੀ ਹੈ।

ਸੱਠਵਿਆਂ ਤੋਂ ਪਹਿਲਾ ਕਿਸਾਨੀ ਜੀਵਨ 'ਤੇ ਇਹ ਪ੍ਰਵਿਰਤੀ ਵਧੇਰੇ ਹਾਵੀ ਸੀ ਕਿ ਉਹ ਆਪਣੀ ਸਮਰੱਥਾ ਤੋਂ ਵੱਧ ਖ਼ਰਚ ਕਰਦੇ ਸਨ। ਭਾਵੇਂ ਉਸ ਲਈ ਉਨ੍ਹਾਂ ਕੋਲ ਪੈਸਾ ਜ਼ਮੀਨ ਵੇਚ ਕੇ ਆਵੇ ਜਾਂ ਫਿਰ ਆੜ੍ਹਤੀਆਂ ਤੋਂ ਕਰਜ਼ਾ ਚੁੱਕਣਾ ਪਵੇ।

ਨਾਵਲ *'ਗਹਿਰ ਚੜ੍ਹੀ ਅਸਮਾਨ'* 'ਚ ਲੱਖਾ ਸਿੰਘ ਆਪਣੀ ਪਤਨੀ ਬਚਨੀ ਦੀ ਭੈਣ ਦੇ ਵਿਆਹ ਉੱਪਰ ਆਪਣੀ ਆਮਦਨ ਨਾਲੋਂ ਵਧੇਰੇ ਖ਼ਰਚ ਕਰਦਾ ਹੈ ਜਿਵੇਂ:

> "ਲੱਖੇ ਨੇ ਵਿਆਹ 'ਚ ਖੁੱਲ੍ਹੇ ਹੱਥੀਂ ਖ਼ਰਚ ਕੀਤਾ। ਨਾਲ ਉਸ ਨੇ ਸੁਸਾਇਟੀ ਦਾ ਕਰਜ਼ਾ ਵੀ ਲਾਹ ਦਿੱਤਾ। ਉਹ ਪੰਜ ਹਜ਼ਾਰ ਮੁੱਕ ਗਿਆ ਤਾਂ ਦਸ-ਦਸ ਵੀਹ-ਵੀਹ ਕਰ ਕੇ ਜਦੋਂ ਸ਼ਰਾਬ ਦੀ ਤੋਟ ਲੱਗਦੀ, ਜਵਾਲਾ ਸਿੰਘ ਤੋਂ ਹੋਰ ਵੀ ਫੜਦਾ ਰਿਹਾ।" (ਪਰਵਾਨਾ, "ਗਹਿਰ ਚੜ੍ਹੀ ਅਸਮਾਨ" 91)

ਲੱਖਾ ਸਿੰਘ ਨੇ ਆਪਣੀ ਜੱਦੀ ਜ਼ਮੀਨ ਜਵਾਲਾ ਸਿੰਘ ਹੂਰਾਂ ਕੋਲ ਵੇਚ ਕੇ ਆਪਣੀ ਸਾਲੀ ਦੇ ਵਿਆਹ 'ਤੇ ਖੁੱਲ੍ਹਾ ਖ਼ਰਚਾ ਕੀਤਾ। ਇੱਥੇ ਹੀ ਬੱਸ ਨਹੀਂ ਸਗੋਂ ਪੇਂਡੂ ਸਭਿਆਚਾਰ 'ਚ ਧਨੀ ਲੋਕਾਂ ਵੱਲੋਂ ਵਧੇਰੇ ਖ਼ਰਚ ਕਰਨ ਦੀ ਫੂਕ ਵੀ ਲੋਕਾਂ ਨੂੰ ਛਕਾਈ ਜਾਂਦੀ ਸੀ। ਲੋੜ ਤੋਂ ਵੱਧ ਖ਼ਰਚਾ ਕਰਨਾ ਜਾਂ ਖ਼ਰਚ ਕਰਨ ਲਈ ਕਰਜ਼ਾ ਚੁੱਕਣਾ ਆਦਿ ਪੁਰਾਤਨ ਸਮੇਂ ਤੋਂ ਹੀ ਕਿਸਾਨੀ ਦੇ ਖ਼ੂਨ 'ਚ ਰਚਿਆ ਹੋਇਆ ਹੈ। ਪਰ ਉੱਥੇ ਹੀ ਨਿਮਨ ਕਿਸਾਨੀ ਜੀਵਨ ਆਪਣੀਆਂ ਲੋੜਾਂ ਪੂਰੀਆਂ ਕਰਨ ਲਈ ਆਰਥਿਕ ਸਥਿਤੀ ਨਾਲ ਜੂਝ ਰਿਹਾ ਹੈ।

ਹਮੇਸ਼ਾ ਤੋਂ ਹੀ ਪੰਜਾਬ 'ਚ ਲੜਾਈਆਂ ਝਗੜੇ ਹੁੰਦੇ ਆਏ। ਖ਼ਾਸ ਤੌਰ 'ਤੇ ਕਿਸਾਨੀ ਜੀਵਨ ਵਿੱਚ ਅਕਸਰ ਜ਼ਮੀਨ ਨੂੰ ਲੈ ਕੇ ਲੜਾਈਆਂ ਕਤਲ ਵੀ ਹੁੰਦੇ ਹਨ। ਲੜਾਈ ਦਾ ਕਾਰਨ ਭਾਵੇਂ ਪਾਣੀ ਦੀ ਵਾਰੀ, ਵੱਟ ਦਾ ਰੌਲਾ, ਕਿੱਕਰ ਦਾ ਮਸਲਾ ਜਾਂ ਫਿਰ ਜ਼ਮੀਨ ਦੀ ਸਾਂਝੀ ਵੱਟ ਦਾ ਮਸਲਾ ਹੋਵੇ। ਪਰਵਾਨਾ ਨੇ ਕਿਸਾਨੀ ਜੀਵਨ ਵਿੱਚ ਹੁੰਦੀਆਂ ਅਜਿਹੀਆਂ ਲੜਾਈਆਂ ਨੂੰ ਬਿਆਨ ਕੀਤਾ ਹੈ। ਜਿਵੇਂ:

> "ਜਦੋਂ ਵਿਚਾਲੇ ਮਸਾਂ ਵੀਹ ਪੰਝੀ ਕਰਮਾਂ ਦਾ ਫ਼ਾਸਲਾ ਰਹਿ ਗਿਆ ਤਾਂ ਜਿੰਦਾ ਗਾਲ ਕੱਢ ਕੇ ਅਗਾਂਹ ਵਧਿਆ, "ਆ ਸਾਲਿਆ......ਦਿੰਨਾ ਤੇਰੀ......ਤੂੰ ਜਿਹੜਾ ਪਿੰਡ 'ਚ ਖੌਰੂ ਚੱਕਿਆਂ ਨਾ।" ਉਸ ਨਾਲ ਹੀ ਬਾਕੀ ਢਾਣੀ ਵੀ ਬਾਂਹਾਂ ਟੰਗਦੀ ਅਗਾਂਹ ਵਧੀ। ਜਿੰਦੇ ਦੇ ਹੱਥ 'ਚ ਗੰਡਾਸੀ ਸੀ। ਉਹ ਇੱਕ ਪਲ ਤਾਂ ਠਠੰਬਰ ਜਿਹੇ ਗਏ ਪਰ ਦੂਸਰੇ ਪਲ ਹੀ ਗੁਰਮੇਲ ਨੇ ਅੱਗੋਂ ਬਰਾਬਰ ਦਾ ਲਲਕਾਰਾ ਮਾਰ ਦਿੱਤਾ। ਸ਼ਾਹਾਂ ਦੇ ਘਰ ਦੇ ਸਾਹਮਣੇ ਗਲੀ ਦੇ ਦੂਸਰੇ ਪਾਸੇ, ਨਿਆਈ ਉਦਾਲੇ ਕੀਤੀ ਵਾੜਾਂ 'ਚੋਂ ਉਸ ਵੰਝ ਧੂਹ ਲਿਆ। ਉਸ ਦਾ ਇੱਕ ਸਿਰਾ ਜ਼ਮੀਨ 'ਤੇ ਰੱਖ ਵਿਚਾਲੇ ਜ਼ੋਰ ਨਾਲ ਪੈਰ ਮਾਰਿਆ ਤਾਂ ਉਹ ਕੜੱਕ ਕਰਦਾ ਟੁੱਟ ਗਿਆ। ਪਤਾ ਨਹੀਂ ਉਸ 'ਚ ਏਨਾ ਅੰਨ੍ਹਾ ਜ਼ੋਰ ਕਿਥੋਂ ਆ ਗਿਆ ਸੀ। ਉਸ ਨੇ ਮਰੋੜਾਂ ਦੇ ਕੇ ਫਸੀਆਂ ਰਹਿ ਗਈਆਂ ਛਿਲਤਰਾਂ ਨੂੰ ਤੋੜਿਆ ਤੇ ਉਸ ਨੂੰ ਗੁੱਸੇ ਨਾਲ ਉਲਾਰਦਾ ਅਗਾਂਹ ਵਧਿਆ। ਉਸ ਨੇ ਪੂਰੇ ਜ਼ੋਰ ਨਾਲ ਵੰਝ ਦੀ ਡਾਂਗ ਜਿੰਦੇ ਦੇ ਸਿਰ 'ਚ ਮਾਰੀ। ਉਸ ਨੇ ਗੰਡਾਸੀ ਦੀ ਡਾਂਗ ਅੱਗੇ ਕਰ ਕੇ ਵਾਰ ਰੋਕਣ ਦੀ ਕੋਸ਼ਿਸ਼ ਕੀਤੀ ਪਰ ਇਸ ਦੇ ਬਾਵਜੂਦ ਵੰਝ ਉਸ ਦੀ ਗੰਡਾਸੀ ਤੋਂ ਤਿਲਕ ਕੇ ਉਸ ਦੇ ਸਿਰ ਜਾ ਵੱਜਾ। ਉਸ ਦੀ ਗੰਡਾਸੀ ਦੀ ਡਾਂਗ ਵੀ ਵਿਚਾਲਿਓਂ ਦੋ ਟੋਟੇ ਹੋ ਗਈ। ਨਾਲ ਹੀ ਉਸ ਦੇ ਸਿਰ 'ਚ ਮੁੱਘ

ਖੁੱਲ੍ਹ ਗਿਆ। ਉਸ ਦੇ ਸਿਰ 'ਚੋਂ ਮੁੱਘ ਖੁੱਲ੍ਹਦਾ ਦੇਖ ਕੇ ਗੁਰਮੇਲ ਨਾਲ ਦੀ ਢਾਣੀ ਨੇ ਹੌਂਸਲਾ ਫੜ ਲਿਆ। ਪੰਦਰਾਂ ਵੀਹ ਮਿੰਟ ਫਿਰ ਗਹਿ-ਗੱਚ ਲੜਾਈ ਹੋਈ।" (ਪਰਵਾਨਾ, "ਗਹਿਰ ਚੜ੍ਹੀ ਅਸਮਾਨ" 71)

ਪਰਵਾਨਾ ਨੇ ਪਿੰਡ ਵਿੱਚ ਜ਼ਮੀਨ ਦੇ ਝਗੜੇ ਨੂੰ ਲੈ ਕੇ ਗੁਰਮੇਲ ਅਤੇ ਜਿੰਦੇ ਵਿਚਕਾਰ ਹੋਈ ਲੜਾਈ ਨੂੰ ਬਿਆਨ ਕੀਤਾ ਹੈ। ਕਿਵੇਂ ਜ਼ਮੀਨ ਪਿੱਛੇ ਇੱਕ ਦੂਸਰੇ ਨੂੰ ਮਾਰਨ ਲਈ ਤਿਆਰ ਹੋ ਜਾਂਦੇ ਸਨ। ਜਿਸ ਵਿੱਚ ਕਿਸੇ ਦੀ ਜਾਨ ਜਾਣ ਦੀ ਕੋਈ ਪਰਵਾਹ ਨਹੀਂ ਕੀਤੀ ਜਾਂਦੀ ਸੀ।

ਹਰਿੰਦਰ ਸਿੰਘ ਬਰਾੜ ਦਾ ਮੰਨਣਾ ਹੈ ਕਿ ਪਰਵਾਨਾ ਨੇ, "ਨਾਵਲ ਵਿੱਚ ਪੰਜਾਬੀਆਂ ਦੇ ਖ਼ਾਸ ਕਰ ਕੇ ਕਿਸਾਨੀ ਦੇ ਜ਼ਰ ਜ਼ੋਰੂ ਜ਼ਮੀਨ ਲਈ ਹੋਣ ਵਾਲੇ ਲੜਾਈ ਝਗੜਿਆਂ ਤੇ ਉਨ੍ਹਾਂ ਝਗੜਿਆਂ ਦੇ ਉਨ੍ਹਾਂ ਦੀ ਜ਼ਿੰਦਗੀ 'ਤੇ ਪੈਣ ਵਾਲੇ ਪ੍ਰਭਾਵਾਂ ਨੂੰ ਅੰਕਿਤ ਕੀਤਾ ਗਿਆ ਹੈ।" ("ਪਰਵੇਸ਼ਵਰੀ ਦੇ ਪਾਤਰ ਨੰਜੂ ਨੇ ਮਸਤਕ ਮੱਲ ਰੱਖਿਆ ਹੈ!", *ਐਤਵਾਰਤਾ, ਨਵਾਂ ਜ਼ਮਾਨਾ: ਜਲੰਧਰ,* 25 ਮਈ 2014, 3)

ਜ਼ਮੀਨ ਲਈ ਲੜਾਈ ਅਤੇ ਕਤਲ ਪੰਜਾਬੀ ਸਮਾਜ ਦੀ ਇੱਕ ਆਮ ਪ੍ਰਕਿਰਿਆ ਹੈ। ਕਈ ਵਾਰ ਅਜਿਹੇ ਝਗੜਿਆਂ 'ਚ ਕਿਸਾਨਾਂ ਦੀ ਸਾਰੀ-ਸਾਰੀ ਜ਼ਿੰਦਗੀ ਬਰਬਾਦ ਹੋ ਜਾਂਦੀ ਹੈ। ਕਿਹਾ ਜਾਂਦਾ ਹੈ ਕਿ ਕਿਸਾਨ ਆਪਣੀ ਜ਼ਮੀਨ ਲਈ ਹਰ ਵਸਤੂ ਨੂੰ ਵਾਰਨ ਅਤੇ ਛੱਡਣ ਲਈ ਤਿਆਰ ਹੋ ਜਾਂਦੇ ਹਨ।

ਕਿਸਾਨੀ ਜੀਵਨ ਮਿਹਨਤੀ, ਹਿੰਮਤੀ ਦਲੇਰ ਹੋਣ ਦੇ ਨਾਲ-ਨਾਲ ਜੱਟਵਾਦ ਦੀ ਭਾਵਨਾ ਵਧੇਰੇ ਹਾਵੀ ਹੈ। ਸੱਠਵਿਆਂ ਤੋਂ ਪਹਿਲਾ ਧਨੀ ਕਿਸਾਨ ਉੱਪਰ ਜੱਟਵਾਦ ਦੀ ਹਉਮੈਂ ਵਧੇਰੇ ਸੀ। ਧਨੀ ਕਿਸਾਨ ਆਪਣੇ ਅੱਗੇ ਹੋਰ ਕਿਸੇ ਨੂੰ ਇਨਸਾਨ ਹੀ ਨਹੀਂ ਸੀ ਸਮਝਦਾ। ਅਜਿਹਾ ਹੀ ਨਾਵਲ ਵਿੱਚ ਲੱਖਾ ਸਿੰਘ ਦਾ ਕਿਰਦਾਰ ਹੈ। ਲੱਖਾ ਸਿੰਘ ਉੱਪਰ ਜੱਟਵਾਦ ਦੀ ਪ੍ਰਕਿਰਿਆ ਵਧੇਰੇ ਹਾਵੀ ਸੀ। ਜਿਵੇਂ:

"ਤੀਹ ਬਿਘੇ ਬੰਦੇ ਦੀ ਹਿੱਕ ਵਰਗੇ......ਜੱਟ ਕੀ ਜਾਣਦਾ ਐ ਕਿਸੇ ਨੂੰ!" ਉਹ ਲਲਕਾਰਾ ਮਾਰਦਾ। ਉਸ ਨਾਲ ਸੌਣ ਵੇਲੇ ਵੀ ਉਹ ਆਪਣੀ ਹੈਂਕੜ ਨਾ ਛੱਡਦਾ।" (ਪਰਵਾਨਾ, "ਗਹਿਰ ਚੜ੍ਹੀ ਅਸਮਾਨ" 41)

ਲੱਖਾ ਸਿੰਘ ਉੱਪਰ ਜੱਟਵਾਦ ਦੀ ਹੈਂਕੜ ਵਧੇਰੇ ਭਾਰੂ ਸੀ। ਜਿਸ ਕਾਰਨ ਉਹ ਹੱਥੀਂ ਮਿਹਨਤ ਕਰਨ ਦੀ ਥਾਂ ਜ਼ਮੀਨ ਵੇਚਣਾ ਜਾਂ ਕਰਜ਼ਾ ਚੁੱਕ ਕੇ ਸ਼ਰਾਬ ਪੀਣਾ, ਵੈਲ ਪੁਣਾ ਕਰਨਾ ਅਤੇ ਆਰਾਮ ਨਾਲ ਜ਼ਿੰਦਗੀ ਕੱਟਣ ਵਿੱਚ ਯਕੀਨ ਰੱਖਦਾ ਸੀ।

ਪਰਵਾਨਾ ਆਪਣੇ ਨਾਵਲ ਰਾਹੀਂ ਕਮਿਊਨਿਸਟ ਲਹਿਰ, ਨਕਸਲਵਾਦੀ ਲਹਿਰ, ਸਮਾਜਵਾਦ ਆਦਿ ਸਮਾਨ ਅਰਥੀ ਸ਼ਬਦ ਦੀ ਵਰਤੋਂ ਕਰਦਾ ਹੈ ਜੋ ਪੰਜਾਬੀ ਮਾਨਸਿਕਤਾ ਵਿੱਚ ਰਚਦੇ ਦਿਖਾਈ ਦਿੰਦੇ ਹਨ। ਨਾਵਲ ਵਿੱਚ ਨਕਸਲਵਾਦੀ ਲਹਿਰ ਦਾ ਉਥਾਨ ਹੁੰਦਾ ਦਿਖਾਈ ਦਿੰਦਾ ਹੈ। ਪਰਵਾਨਾ ਨੇ ਇਨ੍ਹਾਂ ਲਹਿਰਾਂ ਬਾਰੇ ਜਾਣਕਾਰੀ ਮੁਹੱਈਆ ਕਰਵਾਇਆ ਕਿ ਕਿਵੇਂ ਬਲਕਾਰ ਵਰਗੇ ਨੌਜੁਆਨ ਇਨ੍ਹਾਂ ਲਹਿਰਾਂ 'ਚ ਸ਼ਾਮਿਲ ਹੁੰਦੇ ਅਤੇ ਨਵੀਂ ਵਿਚਾਰਧਾਰਾ ਨੂੰ ਅਪਣਾਉਂਦੇ ਨਜ਼ਰ ਆਉਂਦੇ ਹਨ।

ਸਮੁੱਚੇ ਅਧਿਐਨ ਉਪਰੰਤ ਕਹਿ ਸਕਦੇ ਹਾਂ ਕਿ ਬਲਬੀਰ ਪਰਵਾਨਾ ਨੇ ਪੰਜਾਬੀ ਮਾਨਸਿਕਤਾ, ਧਰਮ 'ਚ ਅੰਧਵਿਸ਼ਵਾਸੀ ਜੀਵਨ, ਕਰਮ ਦਾ ਸਿਧਾਂਤ, ਕਿਸਾਨੀ ਜੀਵਨ ਪ੍ਰਬੰਧ, ਦੁੱਖਾਂ ਮੁਸੀਬਤਾਂ, ਕਿਸਾਨੀ ਦੇ ਕੰਮ ਧੰਦੇ, ਬੇਰੁਜ਼ਗਾਰੀ, ਮਾੜੀ ਆਰਥਿਕਤਾ, ਦੇਵੀ ਸਰਾਪ ਨੂੰ ਚਿਤਰਦਿਆਂ ਮਨੁੱਖ ਉੱਪਰ ਇਨ੍ਹਾਂ ਦੇ ਸਿੱਧੇ-ਅਸਿੱਧੇ ਪ੍ਰਭਾਵਾਂ ਨੂੰ ਰੂਪਮਾਨ ਕੀਤਾ ਹੈ। ਨਾਵਲ ਆਜ਼ਾਦੀ ਦੇ ਅੰਦਰ-ਵਾਰ ਵਾਲੇ ਸਾਲਾਂ ਤੋਂ ਆਰੰਭ ਹੋ ਕੇ ਹਰੀ ਕ੍ਰਾਂਤੀ ਦੇ ਆਰੰਭ ਹੋਣ ਤੱਕ ਦੇ ਕਿਸਾਨੀ ਜੀਵਨ ਦੀਆਂ ਪਰਿਸਥਿਤੀਆਂ ਅਤੇ ਮਾਨਸਿਕਤਾ ਨੂੰ ਚਿਹਨਤ ਕੀਤਾ ਹੈ। ਸੰਖੇਪ ਰੂਪ 'ਚ ਬਲਬੀਰ ਪਰਵਾਨਾ ਨੇ ਦੁਆਬੇ ਇਲਾਕੇ ਦੇ ਕੰਢੀ ਖੇਤਰ ਨੂੰ ਮੁੱਖ ਰੱਖਦਿਆਂ ਨਿਮਨ ਕਿਸਾਨੀ ਜੀਵਨ ਦੀਆਂ ਸਮੱਸਿਆਵਾਂ, ਭਿੰਨ-ਭਿੰਨ ਪ੍ਰਕਾਰ ਦੀਆਂ ਪਰਿਸਥਿਤੀਆਂ ਕਾਰਨ ਕਿਸਾਨੀ ਜੀਵਨ 'ਚ ਉਤਪੰਨ ਹੋਈ ਵਿਚਾਰਧਾਰਾ ਦੇ ਪਰਿਪੇਖ ਨੂੰ ਰੂਪਾਂਤਰਿਤ ਕੀਤਾ ਹੈ।

## 4.2 ਹਰੀ ਕ੍ਰਾਂਤੀ ਦੀ ਆਮਦ ਤੋਂ ਬਾਅਦ ਦਾ ਪੰਜਾਬ ਅਤੇ ਪੰਜਾਬੀ ਕਿਸਾਨੀ

ਹਰ ਸਮਾਜਿਕ ਸਥਿਤੀ ਆਪਣੇ ਸਮਕਾਲ ਨੂੰ ਪ੍ਰਭਾਵਿਤ ਕਰਦੀ ਹੈ। ਪੰਜਾਬ ਦੀ ਧਰਤੀ 'ਤੇ 20ਵੀਂ ਸਦੀ ਦੇ ਛੇਵੇਂ ਦਹਾਕੇ ਦੇ ਅੰਤ ਵਿੱਚ ਸ਼ੁਰੂ ਹੋਈ ਹਰੀ ਕ੍ਰਾਂਤੀ ਜਿਸ ਨੇ ਖੇਤੀਬਾੜੀ ਨੂੰ ਹਰ ਪੱਖੋਂ ਪ੍ਰਭਾਵਿਤ ਕੀਤਾ। ਮਨੁੱਖ ਦੇ ਜੀਵਨ ਦੀਆਂ ਸਮਾਜਿਕ, ਆਰਥਿਕ, ਸਭਿਆਚਾਰਕ, ਮਾਨਸਿਕ ਅਤੇ ਰਾਜਸੀ ਪਰਿਸਥਿਤੀਆਂ ਨੂੰ ਪ੍ਰਭਾਵਿਤ ਕਰਨ ਦੇ ਨਾਲ-ਨਾਲ ਇਨ੍ਹਾਂ ਪਰਿਸਥਿਤੀਆਂ 'ਚ ਤਬਦੀਲੀਆਂ ਵੀ ਲਿਆਦੀਆਂ।

> ਡਾ. ਗਿਆਨ ਸਿੰਘ ਦੀ ਰਾਇ ਹੈ ਕਿ, "ਵੱਖ-ਵੱਖ ਸਮਾਜਿਕ ਖੇਤਰਾਂ ਵਿੱਚ ਫੈਲੇ ਇਸ ਸੰਕਟ ਦੀ ਮੂਲ ਜੜ੍ਹ ਸਾਂਝੀ ਹੈ। ਇਸ ਚੌਤਰਫ਼ੇ ਸੰਕਟ ਦੀਆਂ ਜੜ੍ਹਾਂ ਭਾਰਤ ਦੇ ਪੂੰਜੀਵਾਦੀ ਪ੍ਰਬੰਧ ਤੇ ਇਸ ਵੱਲੋਂ ਖੇਤੀਬਾੜੀ ਵਿਕਾਸ ਲਈ 1960 ਵਿਆਂ ਦੌਰਾਨ ਅਪਣਾਏ 'ਹਰੇ ਇਨਕਲਾਬ' ਦੇ ਵਿਕਾਸ ਮਾਡਲ ਵਿੱਚ ਹੀ ਲੱਭੀਆਂ ਜਾ ਸਕਦੀਆਂ ਹਨ। ਕਿਉਂਕਿ ਇਹ ਵਿਕਾਸ ਮਾਡਲ ਭਾਰਤ ਦੀ ਕੇਂਦਰ ਸਰਕਾਰ ਵੱਲੋਂ ਸਾਮਰਾਜੀ ਸ਼ਕਤੀਆਂ ਨਾਲ ਮਿਲ ਕੇ ਲਾਗੂ ਕੀਤਾ ਗਿਆ ਸੀ। ਇਸ ਲਈ ਇਸ ਸੰਕਟ ਨੂੰ ਭਾਰਤ ਸਰਕਾਰ ਅਤੇ ਸਾਮਰਾਜ ਮੁਲਕਾਂ ਦੀਆਂ ਨੀਤੀਆਂ ਨਾਲੋਂ ਨਿਖੇੜ ਕੇ ਨਹੀਂ ਦੇਖਿਆ ਜਾ ਸਕਦਾ।" ("ਪੰਜਾਬ ਦੀ ਪੇਂਡੂ ਆਰਥਿਕਤਾ" 27)

ਹਰੀ ਕ੍ਰਾਂਤੀ ਦੀ ਆਮਦ ਨਾਲ ਖੇਤੀ ਵਧੇਰੇ ਪ੍ਰਫੁਲਿਤ ਹੋਈ। ਆਮਦਨ ਦੇ ਸਾਧਨ ਵਧੇ। ਖੇਤੀਬਾੜੀ ਦਾ ਵਿਸ਼ਵੀਕਰਨ, ਉਦਾਰੀਕਰਨ ਅਤੇ ਮੰਡੀਕਰਨ ਕੀਤਾ ਗਿਆ। ਪਰ ਕੁੱਝ ਸਮੇਂ ਬਾਅਦ ਪੰਜਾਬੀ ਸਮਾਜ ਉੱਪਰ ਇਸ ਦੇ ਮਾਰੂ ਪ੍ਰਭਾਵ ਵੀ ਵੇਖਣ ਨੂੰ ਮਿਲੇ। ਖੇਤੀ ਉੱਪਰ ਲਾਗਤ ਵਧੇਰੇ ਆਉਣ ਲੱਗ ਪਈ ਜਿਸ ਕਾਰਨ ਕਿਸਾਨੀ ਦੀ ਆਰਥਿਕ ਸਥਿਤੀ ਡਗਮਗਾ ਗਈ। ਆਰਥਿਕ ਸਥਿਤੀਆਂ ਉਚੇਰੀਆਂ ਨਾ ਰਹਿਣ ਕਾਰਨ ਸਮਾਜਿਕ ਅਤੇ ਮਾਨਸਿਕ ਪਰਿਸਥਿਤੀਆਂ ਵੀ ਪ੍ਰਭਾਵਿਤ ਹੋਈਆਂ। ਕਿਸਾਨੀ ਨੂੰ ਘੋਰ ਨਿਰਾਸ਼ਾ ਦਾ ਸਾਹਮਣਾ ਕਰਨਾ ਪਿਆ। ਪੰਜਾਬੀ ਸਭਿਆਚਾਰ ਵੀ ਗਿਰਾਵਟ ਦਾ ਸ਼ਿਕਾਰ ਹੋਇਆ। ਕਿਸਾਨੀ ਜੀਵਨ ਉੱਪਰ ਰਾਜਨੀਤੀਵਾਨਾਂ ਵੱਲੋਂ ਕੋਝੀਆਂ ਚਾਲਾਂ/ਨੀਤੀਆਂ ਚਲਾਈਆਂ ਗਈਆਂ। ਪੰਜਾਬੀ ਜਨ ਜੀਵਨ ਪੂੰਜੀਵਾਦੀ/ਵਿਦੇਸ਼ੀ ਜੀਵਨ ਜਾਂਚ ਵਾਲੇ ਪ੍ਰਭਾਵ ਨੂੰ ਕਬੂਲਦਾ ਹੈ। ਇਨ੍ਹਾਂ ਸਮੱਸਿਆਵਾਂ ਵਿੱਚ ਹੀ ਮਨੁੱਖ ਮਾਨਸਿਕ ਸੰਤਾਪ ਦੇ ਚੱਲਦਿਆਂ ਨਸ਼ਿਆਂ ਵਰਗੀ ਲਾਹਨਤ ਦਾ ਸ਼ਿਕਾਰ ਹੁੰਦਾ ਹੈ। ਸਾਂਝੇ ਪਰਿਵਾਰ, ਰਿਸ਼ਤੇ ਨਾਤੇ ਟੁੱਟਣ ਲੱਗੇ, ਮਨੁੱਖ ਦੀ ਸੋਚ ਪਦਾਰਥਵਾਦੀ ਬਣ ਗਈ। ਮਨੁੱਖ ਸਵੈ ਕੇਂਦਰਿਤ ਹੋਣ ਲੱਗਾ। ਹਰੇ ਇਨਕਲਾਬ ਦੀ ਆਮਦ ਨਾਲ ਜੋ ਨਾਕਾਰਾਤਮਕ ਸਾਕਰਾਤਮਕ ਪ੍ਰਭਾਵ ਪੰਜਾਬੀ ਕਿਸਾਨੀ, ਸਭਿਆਚਾਰ, ਜੀਵਨ ਜਾਂਚ, ਰਿਸ਼ਤੇ ਨਾਤਿਆਂ, ਪਰਿਵਾਰਕ ਸਾਂਝ ਉੱਪਰ ਪਏ ਪ੍ਰਭਾਵਾਂ ਨੂੰ ਬਲਬੀਰ ਪਰਵਾਨਾ ਆਪਣੇ ਨਾਵਲਾਂ ਰਾਹੀਂ ਪੇਸ਼ ਕਰਦਾ ਹੈ।

ਬਲਬੀਰ ਪਰਵਾਨਾ ਸੰਵੇਦਨਸ਼ੀਲ ਕਵੀ ਹੋਣ ਦੇ ਨਾਲ-ਨਾਲ ਇੱਕ ਪ੍ਰਤੀਬੱਧ ਕਥਾਕਾਰ ਵੀ ਹੈ। ਪਰਵਾਨਾ ਇੱਕ ਨਾਮਵਰ ਸੰਪਾਦਕ ਅਤੇ ਇੱਕ ਉੱਚ ਕੋਟੀ ਦਾ ਅਨੁਵਾਦਕਾਰ ਹੈ। ਇਸ ਤੋਂ ਇਲਾਵਾ ਪਰਵਾਨਾ ਇੱਕ ਸਥਾਪਤ ਹੋ ਰਿਹਾ ਨਾਵਲਕਾਰ ਵੀ ਹੈ। ਬਲਬੀਰ ਪਰਵਾਨਾ ਨਾਵਲ ਜਗਤ ਦਾ ਬਹੁ ਵਿਧਾਵੀ ਸਿਰਜਨਾਤਮਕ ਨਾਵਲਕਾਰ ਅਤੇ ਚਿੰਤਕ ਹੈ।

ਉਸ ਦੀ ਸਿਰਜਣਾ ਅਤੇ ਚਿੰਤਕ ਦਾ ਪ੍ਰਮੁੱਖ ਆਧਾਰ ਵਿਵੇਕਸ਼ੀਲ ਰਚਨਾ ਦ੍ਰਿਸ਼ਟੀ ਹੈ। ਉਸ ਨੇ ਸਾਹਿਤਕ ਰੂਪ ਨਾਵਲ ਦੀ ਹੋਂਦ ਵਿਧੀ 'ਚ ਆਪਣਾ ਸਰੂਪ ਗ੍ਰਹਿਣ ਕੀਤਾ। ਉਸ ਦਾ ਅਨੁਭਵ ਕਿਸਾਨੀ ਜ਼ਿੰਦਗੀ ਨਾਲ ਸੰਬੰਧਿਤ ਹੋਣ ਕਰ ਕੇ ਉਸ ਦਾ ਬਹੁਤਾ ਸਿਰਜਨਾਤਮਕ ਨਾਵਲ ਕਾਰਜ ਖ਼ਾਸ ਤੌਰ 'ਤੇ ਕਿਸਾਨੀ ਜੀਵਨ ਦੀਆਂ ਸਮੱਸਿਆਵਾਂ ਦੁਆਲੇ ਘੁੰਮਦਾ ਹੈ। ਭਾਵੇਂ ਉਹ ਪੇਂਡੂ ਜਨ ਜੀਵਨ ਦਾ ਰਚੇਤਾ ਹੈ ਪਰ ਉਹ ਪੇਂਡੂ ਖੇਤੀ ਅਰਥਚਾਰੇ, ਪੇਂਡੂ ਸਮਾਜਿਕ ਸਭਿਆਚਾਰਕ, ਧਾਰਮਿਕ ਅਤੇ ਮਨੋਵਿਗਿਆਨਕ ਪਰਿਸਥਿਤੀਆਂ ਬਾਰੇ ਵਿਸ਼ਾਲ ਅਤੇ ਡੂੰਘਾ ਵੀ ਗਿਆਨ ਰੱਖਦਾ ਹੈ।

> ਡਾ. ਮੋਹਨ ਤਿਆਗੀ ਦੀ ਰਾਇ ਹੈ ਕਿ, "ਬਲਬੀਰ ਪਰਵਾਨਾ ਦੀ ਇਹ ਵੱਡੀ ਪ੍ਰਾਪਤੀ ਹੈ ਕਿ ਉਸ ਦੀ ਹਰ ਇੱਕ ਸਾਹਿਤਕ ਰਚਨਾ ਸਮਾਜਿਕ ਪ੍ਰਤੀਬੱਧਤਾ ਅਤੇ ਪ੍ਰਗਤੀਸ਼ੀਲ ਮੁਹਾਵਰੇ ਨਾਲ ਆਪਣਾ ਅਹਿਦ ਪਾਲਦੀ ਹੈ। ਇਹ 'ਕਲਾ ਸਮਾਜ ਲਈ' ਸਿਧਾਂਤਕ ਧਾਰਨਾ ਨੂੰ ਆਪਣੀ ਸਿਰਜਣ ਪ੍ਰਕਿਰਿਆ ਦਾ ਆਧਾਰ ਬਣਾਉਂਦਾ ਹੋਇਆ, ਸਾਹਿਤ ਨੂੰ ਸਮਾਜਿਕ ਤਬਦੀਲੀ ਦੇ ਇੱਕ ਸ਼ਕਤੀਸ਼ਾਲੀ ਹਥਿਆਰ ਵਜੋਂ ਵਰਤਦਾ ਹੈ।" ("ਘਿਨਾਉਣੇ ਯਥਾਰਥ ਦਾ ਗਲਪੀ ਰਮਜ਼ਾਂ ਤੇ ਸੈਨਤਾਂ ਵਿਚ ਪ੍ਰਗਟਾਵਾ", *ਐਤਵਾਰਤਾ, ਨਵਾਂ ਜ਼ਮਾਨਾ: ਜਲੰਧਰ,* 7 ਦਸੰਬਰ 2014, 3)

ਪਰਵਾਨਾ ਸਾਹਿਤ ਰਾਹੀਂ ਪੇਂਡੂ ਜਨ ਜੀਵਨ ਦੀ ਤਰਜਮਾਨੀ ਕਰਦਾ ਕਿਸਾਨੀ ਜੀਵਨ ਉੱਪਰ ਪਏ ਹਰੀ ਕ੍ਰਾਂਤੀ ਦੇ ਪ੍ਰਭਾਵਾਂ ਨੂੰ ਵੀ ਦ੍ਰਿਸ਼ਟੀਮਾਨ ਕਰਦਾ ਹੈ। ਸੱਠਵਿਆਂ 'ਚ ਹਰੀ ਕ੍ਰਾਂਤੀ ਦੀ ਆਮਦ ਨਾਲ ਖੇਤੀ ਮਾਡਲ ਵਿੱਚ ਜੋ ਬਦਲਾਅ ਆਇਆ ਉਸ ਨੇ ਖੇਤੀ ਦੇ ਰਵਾਇਤੀ ਸਾਮੰਤੀ ਮਾਡਲ ਨੂੰ ਤੋੜਿਆ ਅਤੇ ਨਵੇਂ ਬਦਲਾਵਾਂ ਨੂੰ ਉਜਾਗਰ ਕੀਤਾ ਹੈ। ਹਰੇ ਇਨਕਲਾਬ ਦੇ ਆਉਣ ਨਾਲ ਕਿਸਾਨੀ ਜੀਵਨ ਨਵੇਂ ਦਿਸਹੱਦੇ ਰਾਹਾਂ 'ਤੇ ਤੁਰਨਾ ਆਰੰਭ ਕਰਦਾ ਹੈ। ਜਿਸ ਕਾਰਨ ਕਿਸਾਨੀ ਜੀਵਨ 'ਚ ਅਨੇਕਾਂ ਤਬਦੀਲੀਆਂ ਵਾਪਰਦੀਆਂ ਹਨ। ਇਨ੍ਹਾਂ ਤਬਦੀਲੀਆਂ ਨੂੰ ਉਹ ਨੇ ਆਪਣੇ ਨਾਵਲ *'ਨਿੱਕੇ ਨਿੱਕੇ ਯੁੱਧ'* ਅਤੇ *'ਆਪਣੇ ਆਪਣੇ ਮੋਰਚੇ'* ਰਾਹੀਂ ਰੂਪਮਾਨ ਕੀਤਾ ਹੈ।

ਪਰਵਾਨਾ ਨੇ ਨਾਵਲੀ ਬਿਰਤਾਂਤ 'ਚ ਕਿਸਾਨੀ ਜੀਵਨ ਦੀਆਂ ਪਰਿਸਥਿਤੀਆਂ ਨੂੰ ਕੇਂਦਰ 'ਚ ਰੱਖਿਆ ਹੈ। ਨਾਵਲੀ ਬਿਰਤਾਂਤਕ ਦਾ ਕੇਂਦਰੀ ਫੋਕਸ ਪੰਜਾਬ ਦੀ ਨਿਮਨ ਕਿਸਾਨੀ ਅਤੇ ਉਸ ਦੀਆਂ ਸਮੱਸਿਆਵਾਂ ਹਨ। ਇਨ੍ਹਾਂ ਨਾਵਲਾਂ ਦੇ ਬਿਰਤਾਂਤਕ ਚਿਤਰਨ ਉੱਪਰ ਪੰਜਾਬ ਦੇ ਕਿਸਾਨੀ ਜੀਵਨ ਦੇ ਨਿੱਕੇ-ਵੱਡੇ ਵੇਰਵਿਆਂ ਨੂੰ ਇਸ ਤਰ੍ਹਾਂ ਉਭਾਰਿਆ ਹੈ ਕਿ ਨਿਸ਼ਚਿਤ ਕਾਲ ਖੰਡ 'ਚ ਉਸ ਦਾ ਇਤਿਹਾਸ ਸਾਹਮਣੇ ਆ ਜਾਂਦਾ ਹੈ। ਪੰਜਾਬ 'ਚ ਹਰੇ ਇਨਕਲਾਬ ਦੀ ਆਮਦ ਨਾਲ ਕਈ ਪ੍ਰਕਾਰ ਦੀਆਂ ਤਬਦੀਲੀਆਂ ਵਾਪਰੀਆਂ। ਕਿਸਾਨੀ ਧੰਦਾ ਆਪਣੇ ਰਵਾਇਤੀ ਢੰਗ ਤਰੀਕਿਆਂ ਨੂੰ ਛੱਡ ਕੇ ਆਧੁਨਿਕ ਮਸ਼ੀਨੀਕਰਨ ਵੱਲ ਵਧਿਆ। ਇਸ ਦੇ ਪ੍ਰਭਾਵ ਪਿੰਡਾਂ ਉੱਪਰ ਸੰਪੂਰਨ ਰੂਪ ਵਿੱਚ ਦੇਖੇ ਗਏ। ਇਸੇ ਦਾ ਇੱਕ ਨਮੂਨਾ ਹੇਠ ਲਿਖੇ ਟੂਕ ਰਾਹੀਂ ਦੇਖ ਸਕਦੇ ਹਾਂ ਜਿਵੇਂ:

"ਦੌਲਤਪੁਰ ਦੇ ਕਿਸਾਨ ਆਪਣੇ ਖੇਤਾਂ 'ਚ ਧੜਾਧੜ ਬੋਰ ਕਰਵਾ ਰਹੇ ਸਨ। ਸਾਰੀ-ਸਾਰੀ ਰਾਤ ਸਾਰਾ-ਸਾਰਾ ਦਿਨ ਪਿੰਡ ਦੀ ਫ਼ਿਜ਼ਾ 'ਚ ਜ਼ਮੀਨ 'ਚ ਧਸਦੀ ਪਾਈਪ 'ਤੇ ਵੱਡੇ ਭਾਰੀ ਹਥੌੜੇ ਦੇ 'ਟਨਨ......ਟਨਨ' ਵੱਜਣ ਦੀ ਆਵਾਜ਼ ਗੂੰਜਦੀ ਰਹਿੰਦੀ। ਦਿਨੇ ਤਾਂ ਭਾਵੇਂ ਇਹ ਆਵਾਜ਼ ਬਹੁਤਾ ਉੱਭਰ ਕੇ ਧਿਆਨ ਨਾ ਖਿੱਚਦੀ, ਪਰ ਰਾਤ ਦੀ ਟਿੱਕੀ ਚੁੱਪ 'ਚ ਇਹ ਦਿਸ਼ਾ ਦਾ ਨਾਲ-ਨਾਲ ਦੂਰੀ ਦਾ ਆਭਾਸ ਵੀ ਕਰਾ ਜਾਂਦੀ ਸੀ। ਖੂਹ ਵਾਲੇ ਚੌਂਕ 'ਚ ਬੈਠੇ ਲੋਕ ਕਿਆਸ ਅਰਾਈਆਂ ਕਰਦੇ, 'ਅੱਜ ਲੱਗਦਾ ਗਿਆਨੇ ਹੋਰਾਂ ਦੇ ਬੋਰ ਹੋ ਰਿਹਾ।"

"ਨਹੀਂ, ਇਹ ਮਸਤ ਹੋਰੀਂ ਕਰਵਾ ਰਹੇ ਐ, ਮੈਂ ਸ਼ਾਮੀ ਉਧਰੋਂ ਲੰਘਿਆ ਤਾਂ ਰਾਣੇ ਦਾ ਟਰੈਕਟਰ ਉਨ੍ਹਾਂ ਦੀ ਪੈਲੀ ਮੂਹਰੇ ਖੜ੍ਹਾ ਸੀ ਤੇ ਮਜ਼ਦੂਰ ਟਰਾਲੀ 'ਚੋਂ ਸਮਾਨ ਲਾਹ ਰਹੇ ਸਨ।" (ਪਰਵਾਨਾ, "ਆਪਣੇ ਆਪਣੇ ਮੋਰਚੇ" 9)

ਹਰੀ ਕ੍ਰਾਂਤੀ ਦੇ ਆਉਣ ਨਾਲ ਫ਼ਸਲਾਂ ਨੂੰ ਖੂਹਾਂ ਦੇ ਪਾਣੀ ਦੀ ਬਜਾਏ ਮੋਟਰਾਂ ਦਾ ਪਾਣੀ ਲਾਉਣਾ ਆਰੰਭ ਕੀਤਾ ਗਿਆ। ਇਸੇ ਦੀ ਆਮਦ ਨਾਲ ਕਿਸਾਨ ਆਪਣੇ ਖੇਤਾਂ ਵਿੱਚ ਮਾਰੋ ਮਾਰ ਬੋਰ ਕਰਵਾਉਣ ਲੱਗ ਪਏ। ਨਾਵਲਕਾਰ ਨੇ ਖੇਤੀ ਦੇ ਹੋਏ ਮਸ਼ੀਨੀਕਰਨ ਅਤੇ ਹਰੇ ਇਨਕਲਾਬ ਦੇ ਤੇਜ਼ੀ ਨਾਲ ਪੈਂਦੇ ਪ੍ਰਭਾਵਾਂ ਨੂੰ ਨਾਵਲੀ ਬਿਰਤਾਂਤ ਦਾ ਹਿੱਸਾ ਬਣਾਇਆ ਹੈ। ਇਸੇ ਦੀ ਇੱਕ ਹੋਰ ਉਦਾਹਰਨ ਨਾਵਲ *'ਆਪਣੇ ਆਪਣੇ ਮੋਰਚੇ'* 'ਚੋਂ ਵੇਖ ਸਕਦੇ ਹਾਂ ਜਿਵੇਂ:

"ਜਿਉਂ ਕਣਕ ਦੀ ਵਾਢੀ ਮੁੱਕੀ ਸੀ, ਸ਼ਾਇਦ ਹੀ ਕੋਈ ਦਿਨ ਲੰਘਦਾ ਹੋਵੇ ਜਦੋਂ ਪਿੰਡ ਦੀ ਕਿਸੇ ਦਿਸ਼ਾ 'ਚੋਂ ਕਿਸੇ ਨਾ ਕਿਸੇ ਦੇ ਖੇਤ 'ਚੋਂ ਬੋਰ ਕਰਨ ਦੀ ਆਵਾਜ਼ ਨਾ ਆਉਂਦੀ ਹੋਵੇ। ਕੋਈ ਸਰਦੀ ਪੁੱਜਦੀ ਵਾਲਿਆਂ, ਜਿਨ੍ਹਾਂ ਨੇ ਪਹਿਲਾ ਦੀਆਂ ਮੋਟਰਾਂ ਲਵਾਈਆਂ ਹੋਈਆਂ ਸਨ, ਉਹ ਹੁਣ ਦੂਸਰਿਆਂ ਨੂੰ ਛੇੜਦੇ, "ਉਦੋਂ ਕਹਿੰਦੇ ਸੀ, ਅਖੇ ਫਲਾਣਾ ਸਿੰਹੁ ਤਾਂ ਐਵੇਂ ਪੁੱਠਾ ਕੰਮ ਕਰੀ ਜਾ ਰਿਹਾ ਹੈ! ਭਲਾ ਬਚਵਾਈ 'ਚ ਖੂਹ ਜਾਂ ਮੋਟਰ ਲਾਉਣ ਦੀ ਕੀ ਜ਼ਰੂਰਤ ਐ।" (ਪਰਵਾਨਾ, "ਆਪਣੇ ਆਪਣੇ ਮੋਰਚੇ" 10)

ਹਰੀ ਕ੍ਰਾਂਤੀ ਨੇ ਪੰਜਾਬ ਦੇ ਰਵਾਇਤੀ ਕਿਸਾਨੀ ਜੀਵਨ ਜੀਉਣ ਦੇ ਢੰਗ ਨੂੰ ਪਿੱਛੇ ਧੱਕ ਕੇ ਕਿਸਾਨੀ ਜੀਵਨ ਵਿੱਚ ਅਨੇਕਾਂ ਪ੍ਰਕਾਰ ਦੀਆਂ ਤਬਦੀਲੀਆਂ ਲਿਆਂਦੀਆਂ। ਪੰਜਾਬੀ ਕਿਸਾਨ ਦੀ ਸੋਚ ਬਦਲਣੀ ਆਰੰਭ ਹੋ ਗਈ। ਇਸ ਦੀ ਆਮਦ ਨਾਲ ਨਵੀਆਂ ਸੰਭਾਵਨਾਵਾਂ ਦੇ ਬੀਜ ਪੁੰਗਰਨੇ ਆਰੰਭ ਹੋਏ। ਕਿਸਾਨਾਂ ਦੀ ਰਵਾਇਤੀ ਸੋਚ ਬਦਲਣ ਲੱਗੀ ਅਤੇ ਨਵੇਂ ਢੰਗਾਂ ਨੂੰ ਅਪਣਾਉਣਾ ਆਰੰਭ ਕੀਤਾ। ਪਰ ਯਥਾਰਥ ਤਾਂ ਇਹ ਹੈ ਕਿ ਹਰੀ ਕ੍ਰਾਂਤੀ ਨੇ ਕਿਸਾਨੀ ਉੱਪਰ ਕਈ ਕਿਸਮ ਦੇ ਮਾਰੂ ਪ੍ਰਭਾਵ ਵੀ ਪਾਏ। ਨਿਮਨ ਕਿਸਾਨੀ ਹਰੇ ਇਨਕਲਾਬ ਦੇ ਪ੍ਰਭਾਵ ਹੇਠ ਦੱਬਣ ਲੱਗੀ। ਪਰਵਾਨਾ ਨੇ ਆਪਣੇ ਨਾਵਲਾਂ ਵਿੱਚ ਨਿਮਨ ਕਿਸਾਨੀ ਦੀ ਤ੍ਰਾਸਦੀ ਨੂੰ ਪੇਸ਼ ਕੀਤਾ ਕਿਉਂਕਿ ਨਵੇਂ ਬੋਰ ਖਾਦਾਂ, ਬੀਜਾਂ ਦੀ ਵਰਤੋਂ ਕਰਨਾ ਇਸ ਦੀ ਪਹੁੰਚ ਤੋਂ ਬਾਹਰ ਸੀ।

ਕੁਲਵੰਤ ਸਿੰਘ ਸੰਧੂ ਆਪਣੇ ਲੇਖ *"ਕਾਲੇ ਦਿਨਾਂ ਦੀ ਦਾਸਤਾਨ"* 'ਚ ਲਿਖਦੇ ਹਨ ਕਿ, "ਨਾਵਲ ਵਿੱਚ ਛੋਟੀ ਕਿਸਾਨੀ ਦੇ ਮੁਸ਼ਕਲਾਂ ਭਰੇ ਜੀਵਨ ਨੂੰ ਰਚਨਾ ਵਸਤੂ ਦੇ ਰੂਪ ਵਿੱਚ ਪੇਸ਼ ਕੀਤਾ ਗਿਆ ਹੈ। ਵੈਸੇ ਤਾਂ ਖੇਤੀ ਦਾ ਕਿੱਤਾ ਕਦੇ ਵੀ ਕਿਸਾਨ ਲਈ ਇੰਨਾ ਲਾਹੇਵੰਦ ਨਹੀਂ ਰਿਹਾ ਕਿ ਉਹ ਸੰਤੁਸ਼ਟੀ ਭਰਿਆ ਜੀਵਨ ਬਤੀਤ ਕਰ ਸਕੇ, ਪਰ ਪਰਿਵਾਰਾਂ ਦੇ ਵਧਣ ਨਾਲ ਨਿਰੰਤਰ ਛੋਟੀਆਂ ਹੁੰਦੀਆਂ ਜਾ ਰਹੀਆਂ ਜ਼ਮੀਨਾਂ ਦੀਆਂ ਹਿੱਸੇਦਾਰੀਆਂ ਕਾਰਨ ਕਿਸਾਨੀ ਲਈ ਖੇਤੀ ਕਰਨਾ ਸੰਭਵ ਨਹੀਂ ਰਹਿ ਜਾਂਦਾ।" (*ਐਤਵਾਰਤਾ, ਨਵਾਂ ਜ਼ਮਾਨਾ: ਜਲੰਧਰ*, 24 ਮਈ 2015, 3)

ਹਰੀ ਕ੍ਰਾਂਤੀ ਦੀ ਆਮਦ ਨਾਲ ਭਾਵੇਂ ਬਹੁਤ ਤਬਦੀਲੀਆਂ ਆਈਆਂ ਪਰ ਨਿਮਨ ਕਿਸਾਨੀ ਵਧੇਰੇ ਮਾੜੀਆਂ ਪਰਿਸਥਿਤੀਆਂ ਦੀ ਸ਼ਿਕਾਰ ਹੋਈ। ਜਿਸ ਕਾਰਨ ਮਾਨਸਿਕ ਅਤੇ ਆਰਥਿਕ ਸੰਤਾਪ ਵੀ ਝੱਲਣਾ ਪਿਆ। ਇਸੇ ਕਿਸਮ ਦੀਆਂ ਪਰਿਸਥਿਤੀਆਂ ਨੂੰ ਪਰਵਾਨਾ ਨੇ ਵੀ ਆਪਣੇ ਨਾਵਲ ਵਿੱਚ ਚਿਤਰਿਆ ਹੈ ਜਿਵੇਂ:

> "ਸਭ ਤੋਂ ਮਾੜਾ ਹਾਲ ਉਨ੍ਹਾਂ ਗ਼ਰੀਬ ਕਿਸਾਨਾਂ ਦਾ ਸੀ ਜਿਨ੍ਹਾਂ ਦੀ ਜ਼ਮੀਨ ਦੋ-ਦੋ ਤਿੰਨ-ਤਿੰਨ ਥਾਵਾਂ 'ਤੇ ਥੋੜ੍ਹੀ-ਥੋੜ੍ਹੀ ਕਰ ਖਿੰਡੀ ਹੋਈ ਸੀ। ਕਿਤੇ ਚਾਰ ਕਨਾਲ਼ਾਂ, ਕਿਤੇ ਛੇ ਕਨਾਲ਼ਾਂ, ਕਿਤੇ ਕਿੱਲਾ। ਉਹ ਔਖੇ ਸੌਖੇ ਹੋ ਕੇ ਕਿਤਿਓਂ ਕਰਜ਼ਾ ਚੁੱਕ ਕੇ ਫਾਹਾ ਲੈਂਦੇ ਵੀ ਤਾਂ ਵੀ ਉਨ੍ਹਾਂ ਦਾ ਇਨੇ ਪੈਸੇ ਇੱਕ ਥਾਂ ਲਾ ਕੇ, ਬਾਕੀ ਥਾਈਂ ਫ਼ਸਲ ਨੂੰ ਪਾਣੀ ਦਾ ਮਸਲਾ ਹੱਲ ਨਹੀਂ ਹੁੰਦਾ ਸੀ।" (ਪਰਵਾਨਾ, "ਆਪਣੇ ਆਪਣੇ ਮੋਰਚੇ" 11)

ਹਰੀ ਕ੍ਰਾਂਤੀ ਦੇ ਆਉਣ ਨਾਲ ਅਮੀਰ ਕਿਸਾਨ ਤਾਂ ਆਪਣੀਆਂ ਜ਼ਮੀਨਾਂ 'ਚ ਬੋਰ ਕਰਵਾਉਣ ਲੱਗ ਪਏ ਪਰ ਨਿਮਨ ਕਿਸਾਨ ਲਈ ਬੋਰ ਕਰਵਾਉਣਾ ਵਧੇਰੇ ਮੁਸ਼ਕਿਲ ਸੀ। ਇੱਕ ਤਾਂ ਉਨ੍ਹਾਂ ਕੋਲ ਇੰਨੇ ਪੈਸੇ ਨਹੀਂ ਸਨ ਦੂਸਰਾ ਇਸ ਪ੍ਰਕਿਰਿਆ ਦਾ ਹਿੱਸਾ ਬਣਨ ਲਈ ਕਰਜ਼ੇ ਦੇ ਜਾਲ ਵਿੱਚ ਫਸਣ ਲੱਗੇ। ਹਰੀ ਕ੍ਰਾਂਤੀ ਦੇ ਕਾਰਨ ਹੋਏ ਖੇਤੀਬਾੜੀ ਦੇ ਮਸ਼ੀਨੀਕਰਨ ਨੇ ਪਿੰਡਾਂ ਦਾ ਸ਼ਹਿਰੀਕਰਨ ਕਰਨ ਦਾ ਝਰੋਖਾ ਆਰੰਭ ਕੀਤਾ। ਜਿਸ ਕਾਰਨ ਪੈਸੇ ਦਾ ਵਰਤਾਰਾ ਕੇਂਦਰ 'ਚ ਆ ਗਿਆ।

> ਡਾ. ਅੰਮ੍ਰਿਤਪਾਲ ਕੌਰ ਦੇ ਅਨੁਸਾਰ, "ਸੱਠਵੇਂ ਸੱਤਰਵੇਂ ਦਹਾਕੇ ਵਿੱਚ, ਪੰਜਾਬ ਵਿੱਚ ਆਏ ਹਰੇ ਇਨਕਲਾਬ ਕਾਰਨ ਬੜੀ ਤੇਜ਼ੀ ਨਾਲ ਵਾਪਰੇ ਇਸ ਬਦਲਾਉ ਨੂੰ ਪਰਵਾਨੇ ਨੇ ਸਿਧਾਂਤਾਂ, ਵਿਚਾਰਾਂ, ਵਿਹਾਰਾਂ ਤੇ ਵਰਤਾਰਿਆਂ ਰਾਹੀਂ ਰੂਪਮਾਨ ਕੀਤਾ ਹੈ। ਹਰ ਫ਼ਸਲ ਲਈ ਆਸਵੰਦ ਹੁੰਦਾ ਕਿਸਾਨ ਪੀੜੀ ਦਰ ਪੀੜੀ ਕਰਜ਼ੇ ਦੇ ਸੰਤਾਪ ਨੂੰ ਭੋਗ ਰਿਹਾ ਹੈ।" ("ਪੂੰਜੀਵਾਦੀ ਦੌਰ 'ਚ 'ਖੇਤਾਂ ਦਾ ਰੁਦਨ", *ਕਹਾਣੀ ਧਾਰਾ*, ਅਕਤੂਬਰ-ਦਸੰਬਰ 2013, 65)

ਨਾਵਲ ਵਿੱਚ ਅਜਿਹੀ ਹੀ ਹਾਲਤ ਗਿੰਦਰ ਦੀ ਬਣਦੀ ਹੈ। ਉਸ ਦੇ ਪਿੰਡ 'ਚ ਹਰ ਘਰ ਬੋਰ ਕਰਵਾ ਰਿਹਾ ਹੈ। ਪਰ ਗਿੰਦਰ ਅਤੇ ਉਸ ਦੇ ਪਰਿਵਾਰ ਦੀ ਆਰਥਿਕ ਸਥਿਤੀ ਚੰਗੀ ਨਾ ਹੋਣ ਕਾਰਨ ਕਰਜ਼ੇ ਦੀ ਪ੍ਰਕਿਰਿਆ ਵਿੱਚ ਫਸਦੇ ਹਨ।

ਇਸੇ ਕਾਰਨ ਸਮਾਜਿਕ ਸਥਿਤੀ ਹੋਰ ਵੀ ਨਿਘਾਰ ਵੱਲ ਜਾਣ ਲੱਗਦੀ ਹੈ। ਸ਼ਰੀਕੇ ਦੇ ਤਾਹਨੇ ਮਿਹਣੇ, ਜ਼ਮੀਨ ਦਾ ਵਿਕਣਾ, ਗਿੰਦਰ ਦੇ ਪਿਤਾ ਲੱਖਾ ਸਿੰਘ ਦਾ ਸ਼ਰਾਬੀ ਹੋਣਾ, ਜਿਸ ਕਾਰਨ ਆਰਥਿਕ ਸਥਿਤੀ ਹੋਰ ਵੀ ਪਤਲੀ ਹੁੰਦੀ ਜਾਂਦੀ ਹੈ। ਭਾਵੇਂ ਹਰੀ ਕ੍ਰਾਂਤੀ ਨੇ ਖੇਤੀ ਉਪਜ ਵਿੱਚ ਬੇਸ਼ੁਮਾਰ ਵਾਧਾ ਕੀਤਾ ਪਰ ਇਸ ਨਾਲ ਕਿਸਾਨੀ ਪੈਸੇ ਦੀ ਦੌੜ ਵਿੱਚ ਦੌੜਨ ਲੱਗੀ।

> ਡਾ. ਮੀਨਾਕਸ਼ੀ ਰਾਠੌਰ ਦੇ ਲਫ਼ਜ਼ਾਂ ਵਿੱਚ, "ਹਰੇ ਇਨਕਲਾਬ ਦੀ ਆਮਦ ਨੇ ਨਵੀਆਂ ਤਕਨੀਕਾਂ ਦੀ ਸਹਾਇਤਾ ਨਾਲ ਜਿੱਥੇ ਖੇਤੀ ਦੀ ਉਪਜ ਵਿੱਚ ਵਾਧਾ ਕੀਤਾ, ਉਸ ਦੇ ਨਾਲ ਇਸ ਵਰਤਾਰੇ ਨੇ ਕਿਸਾਨੀ ਵਿੱਚ ਪੈਸੇ ਦੀ ਦੌੜ ਨੂੰ ਵੀ ਉਤਪੰਨ ਕੀਤਾ। ਪੈਸੇ ਦੀ ਅੰਨ੍ਹੀ ਦੌੜ ਨੇ ਨੌਜਵਾਨਾਂ ਨੂੰ ਕੁਰਾਹੇ ਪਾ ਦਿੱਤਾ। ਜੋ ਰਾਤੋਂ ਰਾਤ ਅਮੀਰ ਹੋਣ ਦੇ ਸੁਪਨੇ ਦੇਖਦੇ ਹੋਏ ਕਈ ਬੁਰਾਈਆਂ ਦਾ ਸ਼ਿਕਾਰ ਹੋ ਗਏ।" ("ਕਿਸਾਨੀ ਜੀਵਨ ਦੇ ਯਥਾਰਥ-ਬੋਧ ਦਾ ਬਿਰਤਾਂਤ", *ਐਤਵਾਰਤਾ, ਨਵਾਂ ਜ਼ਮਾਨਾ: ਜਲੰਧਰ,* 31 ਅਗਸਤ 2014, 3)

ਹਰੀ ਕ੍ਰਾਂਤੀ ਨੇ ਨੌਜੁਆਨਾਂ ਵਿੱਚ ਅਮੀਰ ਹੋਣ ਦੇ ਸੁਪਨੇ ਪੈਦਾ ਕੀਤੇ ਪਰ ਉੱਥੇ ਹੀ ਨਿਮਨ ਕਿਸਾਨੀ ਵਰਗ ਨਿਘਾਰ ਵੱਲ ਜਾਣਾ ਆਰੰਭ ਹੋ ਗਿਆ। *'ਆਪਣੇ ਆਪਣੇ ਮੋਰਚੇ'* ਨਾਵਲ ਵਿੱਚ ਰਾਣਾ ਬੋਰ ਕਰਨ ਅਤੇ ਕਾਲੋਨੀ ਕੱਟਣ ਦਾ ਕੰਮ ਕਰ ਕੇ ਰਾਤੋਂ ਰਾਤ ਅਮੀਰ ਬਣਨਾ ਚਾਹੁੰਦਾ ਹੈ। ਇਸ ਕੰਮ ਵਿੱਚ ਉਹ ਰਿਸ਼ਵਤਖ਼ੋਰੀ ਅਤੇ ਧੋਖੇਬਾਜ਼ੀ ਵੀ ਕਰਦਾ ਹੈ ਜਿਵੇਂ:

> "ਤੇ ਇਸ ਨਵੇਂ ਵਰਤਾਰੇ ਦਾ ਫ਼ਾਇਦਾ ਹੋ ਰਿਹਾ ਸੀ ਰਾਣੇ ਨੂੰ, ਉਹ ਇੱਕ ਬੋਰ ਕਰਨ ਦਾ ਚਾਰ ਹਜ਼ਾਰ ਰੁਪਿਆ ਲੈਂਦਾ। ਇਹਦੇ 'ਚੋਂ ਉਹ ਦਾ ਪੰਜ ਫੁੱਟ ਪਾਈਪ ਦਾ ਖ਼ਰਚਾ ਹੀ ਲੱਗਦਾ ਜਾਂ ਫਿਰ ਬੋਰ ਚਲਾਉਣ ਲੱਗਿਆ ਟਰੈਕਟਰ ਦਾ ਡੀਜ਼ਲ ਜਿਹੜਾ ਬਲਦਾ।" (ਪਰਵਾਨਾ, "ਆਪਣੇ ਆਪਣੇ ਮੋਰਚੇ" 10)

ਰਾਣੇ ਵਰਗੇ ਅਮੀਰ ਕਿਸਾਨਾਂ ਨੇ ਖੇਤੀ ਦੇ ਨਾਲ ਕਈ ਹੋਰ ਸਹਾਇਕ ਧੰਦੇ ਅਪਣਾਏ ਜਿਵੇਂ ਬੋਰ ਕਰਨਾ ਆਦਿ। ਪਰ ਇਸ 'ਚ ਵਧੇਰੇ ਪੈਸਾ ਕਮਾਉਣ ਦੀ ਪ੍ਰਕਿਰਿਆ ਕੇਂਦਰਿਤ ਰਹੀ। ਭਾਵੇਂ ਉਸ ਦਾ ਤੌਰ ਤਰੀਕਾ ਕੋਈ ਵੀ ਹੋਵੇ। ਹਰੀ ਕ੍ਰਾਂਤੀ ਨੇ ਅਮੀਰ ਅਤੇ ਗ਼ਰੀਬ ਕਿਸਾਨ ਵਿਚਲਾ ਆਰਥਿਕ ਪਾੜਾ ਤਿੱਖਾ ਕੀਤਾ। ਸਮੇਂ ਦੇ ਹਿਸਾਬ ਨਾਲ ਇਹ ਤੋਰ ਹੋਰ ਵੀ ਛੜਯੋਂ ਮਾਰਨ ਲੱਗੀ।

> ਬਲਬੀਰ ਪਰਵਾਨਾ ਆਪਣੇ ਨਾਵਲਾਂ ਬਾਰੇ ਲਿਖਦੇ ਹਨ ਕਿ, *"ਆਪਣੇ ਆਪਣੇ ਮੋਰਚੇ'* ਉਸ ਸਥਿਤੀ 'ਤੇ ਕੇਂਦਰਿਤ ਹੈ ਜਦੋਂ ਵੀਹਵੀਂ ਸਦੀ ਦੇ ਅਖੀਰਲੇ ਦਹਾਕੇ 'ਚ ਹਰੇ ਇਨਕਲਾਬ ਦੇ ਛੋਟੀ ਤੇ ਦਰਮਿਆਨੀ ਕਿਸਾਨੀ 'ਤੇ ਤਬਾਹਕੁੰਨ ਪ੍ਰਭਾਵ ਸਪਸ਼ਟ ਰੂਪ 'ਚ ਸਾਹਮਣੇ ਆਉਣ ਲੱਗ ਪਏ। ਦਰਮਿਆਨੀ ਕਿਸਾਨੀ ਦਾ ਇੱਕ ਹਿੱਸਾ ਤੇ ਵੱਡੀ ਕਿਸਾਨੀ ਇਨ੍ਹਾਂ ਬਰਕਤਾਂ ਅਤੇ ਮੌਕਿਆਂ ਨੂੰ ਵਰਤ ਕੇ ਅਗਾਂਹ ਵੱਲ ਛਾਲਾਂ ਵੀ ਮਾਰਨ ਲੱਗ ਪਏ। ਇਸ ਨੇ

ਪਿੰਡਾਂ ਵਿੱਚ ਆਰਥਿਕ ਪਾੜੇ ਨੂੰ ਹੋਰ ਵੀ ਤਿੱਖਾ ਕਰ ਦਿੱਤਾ ।" ("ਕਮਿਊਨਿਸਟ ਲਹਿਰ ਬਾਰੇ ਮੇਰੀ ਨਾਵਲ ਚੌਲੜੀ", *ਸਿਰਜਣਾ-175,* ਜਨਵਰੀ-ਮਾਰਚ 2015, 64)

ਹਰੀ ਕ੍ਰਾਂਤੀ ਨੇ ਕੇਵਲ ਆਰਥਿਕ ਵਰਤਾਰੇ ਨੂੰ ਸ਼ਹਿਰਾਂ ਵਿੱਚ ਹੀ ਤਿੱਖਾ ਨਹੀਂ ਕੀਤਾ ਸਗੋਂ ਪਿੰਡ ਵੀ ਇਸ ਦੇ ਪ੍ਰਭਾਵ ਤੋਂ ਵਾਂਝੇ ਨਾ ਰਹਿ ਸਕੇ। *'ਨਿੱਕੇ ਨਿੱਕੇ ਯੁੱਧ'* ਨਾਵਲ ਵਿਚਲਾ ਪਾਤਰ ਗਿੰਦਰ ਵੀ ਅਜਿਹੇ ਪ੍ਰਭਾਵਾਂ ਤੋਂ ਵਾਂਝਾ ਨਹੀਂ ਰਹਿ ਸਕਿਆ। ਇਸੇ ਕਾਰਨ ਮਾਨਸਿਕ ਅਤੇ ਆਰਥਿਕ ਸੰਤਾਪ ਦਾ ਸ਼ਿਕਾਰ ਹੁੰਦਾ ਹੈ। ਉਸ ਦੇ ਨਾਵਲਾਂ 'ਚੋਂ ਸਾਮੰਤੀਆਂ ਅਤੇ ਪੂੰਜੀਵਾਦੀ ਖੇਤੀ ਅਰਥਚਾਰੇ ਦੀ ਡੂੰਘੀ ਤੇ ਯਥਾਰਥਕ ਜਾਣਕਾਰੀ ਪ੍ਰਾਪਤ ਹੁੰਦੀ ਹੈ। 60ਵਿਆਂ ਤੋਂ ਪਹਿਲਾ ਖੇਤੀ ਵਿੱਚ ਸਾਮੰਤੀ ਰਿਸ਼ਤੇ ਨਾਤੇ ਸਨ ਜਿਸ ਕਾਰਨ ਗੁਰਬਤ ਦਾ ਪਾਸਾਰ ਸੀ। ਇਸ ਜ਼ਿੰਦਗੀ ਵਿੱਚ ਸਾੜਾ ਕੀੜਾ ਅਤੇ ਨਫ਼ਰਤ ਘੱਟ ਸੀ। ਸੱਤਰਵਿਆਂ ਤੋਂ ਬਾਅਦ ਹਰੀ ਕ੍ਰਾਂਤੀ ਦੀ ਭਰਮਾਰ ਨਾਲ ਖੇਤੀ 'ਚ ਪੂੰਜੀਵਾਦੀ ਮਾਡਲ ਅਤੇ ਰਿਸ਼ਤੇ ਭਾਰੂ ਹੋਣ ਕਾਰਨ ਪਿੰਡ ਪੱਧਰ 'ਤੇ ਨਵਾਂ ਰੂਪ ਦ੍ਰਿਸ਼ਟੀਮਾਨ ਹੁੰਦਾ ਹੈ। ਖੇਤੀ ਦਾ ਇਹ ਮਾਡਲ ਸਹਿਜ ਵਿਕਸਿਤ ਨਹੀਂ ਹੋਇਆ ਸਗੋਂ ਪੱਛਮ 'ਚੋਂ ਆਯਾਤ ਕੀਤਾ ਗਿਆ, ਬਿਨ੍ਹਾਂ ਸੋਚੇ ਸਮਝੇ ਇਸ ਮਾਡਲ ਨੂੰ ਥੋਪਣ ਕਾਰਨ ਪੇਂਡੂ ਅਰਥਚਾਰੇ 'ਚ ਅਨੇਕਾਂ ਪ੍ਰਕਾਰ ਦੀ ਟੁੱਟ ਭੱਜ ਹੋਈ। ਜਿਸ ਕਾਰਨ ਸਾਡੇ ਨੈਤਿਕ ਮੁੱਲਾਂ ਦਾ ਟੁੱਟਣਾ ਆਰੰਭ ਹੋ ਗਿਆ। ਨਿਮਨ ਕਿਸਾਨੀ ਕੰਗਾਲੀਕਰਨ ਵੱਲ ਧੱਕੀ ਜਾਣ ਲੱਗੀ। ਗਿੰਦਰ ਵੀ ਇਸ ਨਾਵਲ 'ਚ ਨਿੱਜ ਤੇ ਸੀਮਤ ਕਿਸਾਨੀ ਦਾ ਚਿਹਨਕ ਹੈ, ਜਿਸ ਨੂੰ ਆਪਣੀ ਮਾੜੀ ਆਰਥਿਕ ਸਥਿਤੀ ਕਾਰਨ ਪੜ੍ਹਾਈ ਛੱਡ ਕੇ ਮਜਬੂਰਨ ਖੇਤੀ ਦਾ ਧੰਦਾ ਅਪਣਾਉਣਾ ਪੈਂਦਾ ਹੈ।

ਸੱਠਵਿਆਂ ਤੋਂ ਬਾਅਦ ਖੇਤੀ ਦੇ ਧੰਦੇ ਦਾ ਬੇਲੋੜਾ ਮਸ਼ੀਨੀਕਰਨ ਕੀਤਾ ਗਿਆ। ਹਰ ਮਨੁੱਖ ਦੀ ਸੋਚਣੀ ਉਪਭੋਗਵਾਦੀ ਬਣਨੀ ਆਰੰਭ ਹੋ ਗਈ। ਹਰੀ ਕ੍ਰਾਂਤੀ ਨੇ ਨਿਮਨ ਕਿਸਾਨ ਨੂੰ ਆਪਣੇ ਮੋਹ ਜਾਲ ਵਿੱਚ ਇਸ ਤਰ੍ਹਾਂ ਜਕੜਿਆ ਕਿ ਮੁੜ ਨਿਕਲ ਨਹੀਂ ਸਕਿਆ। ਇਸ ਦੀ ਆਮਦ ਨਾਲ ਲੋਕ ਕਿਸ਼ਤਾਂ ਉੱਪਰ ਟਰੈਕਟਰ ਖ਼ਰੀਦਣ ਲੱਗੇ। ਭਾਵੇਂ ਇਸ ਦੀਆਂ ਕਿਸ਼ਤਾਂ ਮੋੜਨ ਦੀ ਸਮਰੱਥਾ ਨਾ ਹੋਵੇ। ਇਸ ਦੌਰ ਨੇ ਮਨੁੱਖ ਦੀ ਸਮਾਜਿਕ ਹੈਸੀਅਤ ਦਾ ਆਧਾਰ ਪੂੰਜੀ ਨੂੰ ਬਣਾ ਦਿੱਤਾ। ਇਸ ਨਮੋਸ਼ੀ ਦਾ ਸ਼ਿਕਾਰ ਗਿੰਦਰ ਵੀ ਹੁੰਦਾ ਹੈ ਜਿਵੇਂ:

> "ਅਜਿਹੀਆਂ ਹੋਰ ਬਹੁਤ ਸਾਰੀਆਂ ਗੱਲਾਂ-ਵਰਤਾਰਿਆਂ ਬਾਰੇ ਉਹ ਸੋਚਦਾ ਰਹਿੰਦਾ। ਸੋਚਦਾ ਤਾਂ ਉਹ ਇਹ ਵੀ ਸੀ ਕਿ ਭੰਗਾਲੇ ਦੇ ਅੱਡੇ ਤੋਂ ਉਤਰ ਕੇ, ਪਿੰਡ ਵੱਲ ਤੁਰਦਿਆਂ ਹੀ ਕਿੰਝ ਉਸ ਨਾਲ ਪਰਿਵਾਰ ਸ਼ਰੀਕੇ ਭਾਈਚਾਰੇ ਦੀਆਂ ਪਰੰਪਰਾਵਾਂ ਵੀ ਤੁਰ ਪੈਂਦੀਆਂ ਸਨ। ਉਹ ਸਿਰਫ਼ ਇੱਕ ਵਿਅਕਤੀਤਵ ਗਿੰਦਰ ਨਾ ਰਹਿ ਜਾਂਦਾ। ਉਹ ਲੱਖਾ ਸਿੰਘ ਸ਼ਰਾਬੀ ਦਾ ਪੁੱਤ ਹੋ ਜਾਂਦਾ ਜਿਸ ਨੇ ਆਪਣੀ ਬਾਰਾਂ ਕਿੱਲਿਆਂ ਤੋਂ ਵੱਧ ਦੀ ਜ਼ਮੀਨ ਸ਼ਰਾਬ ਤੇ ਰੰਡੀਬਾਜ਼ ਦੇ ਲੇਖੇ ਲਾ ਛੱਡੀ। ਉਹ ਹੁਣ ਡੇਢ ਕਿੱਲੇ ਦਾ ਮਾਲਕ ਗ਼ਰੀਬ ਕਿਸਾਨ ਸੀ, ਜਿਸ ਦੀਆਂ ਭੈਣਾਂ ਵੀ ਦਰਮਿਆਨੇ ਪਰਿਵਾਰਾਂ 'ਚ ਵਿਆਹੀਆਂ ਹੋਈਆਂ ਸਨ।" (ਪਰਵਾਨਾ, "ਨਿੱਕੇ ਨਿੱਕੇ ਯੁੱਧ" 81)

ਪਰਵਾਨਾ ਨੇ ਗਿੰਦਰ ਅਤੇ ਉਸ ਦੇ ਪਰਿਵਾਰ ਦੀ ਸਮਾਜਿਕ ਤੇ ਆਰਥਿਕ ਸਥਿਤੀ ਨੂੰ ਪੇਸ਼ ਕਰਨ ਦੇ ਨਾਲ-ਨਾਲ ਗਿੰਦਰ ਦੇ ਮਨ ਵਿੱਚ ਉਪਜੀ ਹੀਣ ਭਾਵਨਾ ਅਤੇ ਨਿਰਾਸ਼ਾ ਨੂੰ ਵੀ ਰੂਪਮਾਨ ਕੀਤਾ ਹੈ। ਆਰਥਿਕ ਤੰਗੀਆਂ ਕਾਰਨ ਗਿੰਦਰ ਮਾਨਸਿਕ ਪ੍ਰੇਸ਼ਾਨੀ ਦਾ ਸ਼ਿਕਾਰ ਹੁੰਦਾ ਹੈ। ਸ਼ਰਾਬੀ ਲੱਖਾ ਸਿੰਘ ਵੱਲੋਂ ਜ਼ਮੀਨ ਵੇਚਣ ਅਤੇ ਕਰਜ਼ਾਈ ਹੋਣ ਉਪਰੰਤ ਉਸ ਦੀਆਂ ਭੈਣਾਂ ਦਾ ਵਿਆਹ ਵੀ ਸੁਚੱਜੇ ਅਤੇ ਚੰਗੇ ਪਰਿਵਾਰਾਂ 'ਚ ਨਹੀਂ ਹੁੰਦਾ। ਪਰਿਵਾਰ ਦੀ ਪਤਲੀ ਆਰਥਿਕਤਾ ਕਾਰਨ ਗਿੰਦਰ ਨੂੰ ਪਿੰਡ ਦੇ ਲੋਕਾਂ ਦੇ ਤਾਹਨੇ-ਮਿਹਣੇ ਸੁਣਨੇ ਪੈਂਦੇ ਹਨ।

> ਹਰਵਿੰਦਰ ਕੌਰ ਢਿੱਲੋਂ ਦਾ ਮੰਨਣਾ ਹੈ ਕਿ, "*ਨਿੱਕੇ ਨਿੱਕੇ ਯੁੱਧ* (2008) ਨਾਵਲ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਦੌਲਤਪੁਰ ਦੇ ਇਲਾਕੇ ਦੇ ਕਿਸਾਨੀ ਪਰਿਵਾਰ ਦੀਆਂ ਹੀਣ ਆਰਥਿਕ ਸਥਿਤੀਆਂ ਦੀ ਪੇਸ਼ਕਾਰੀ ਕਰਦਾ ਹੈ। ਦੁਆਬੀ ਗ੍ਰਾਮ ਸਮਾਜ ਵਿੱਚ ਜ਼ਮੀਨ ਦੀ ਮਲਕੀਅਤ ਵਿਅਕਤੀ ਦੀ ਸਮਾਜਿਕ, ਆਰਥਿਕ ਹੈਸੀਅਤ ਦਾ ਆਧਾਰ ਹੈ। ਕਿਸੇ ਵਿਅਕਤੀ ਦੀ ਜ਼ਮੀਨ ਦਾ ਖੁੱਸਣਾ ਉਸ ਲਈ ਸਮਾਜਿਕ ਨਮੋਸ਼ੀ ਦਾ ਕਾਰਨ ਬਣਦਾ।" ("ਪੰਜਾਬੀ ਨਾਵਲ ਤੇ ਦੁਆਬੀ ਸਭਿਆਚਾਰ" 143)

ਜ਼ਮੀਨ ਵਿਕਣ ਅਤੇ ਸਮਾਜਿਕ ਸਥਿਤੀ ਉਚੇਰੀ ਨਾ ਹੋਣ ਕਾਰਨ ਗਿੰਦਰ ਨਮੋਸ਼ੀ ਦਾ ਸ਼ਿਕਾਰ ਹੁੰਦਾ ਹੈ। ਜਿਸ ਕਾਰਨ ਉਹ ਪਿੰਡ ਦੀਆਂ ਗਤੀਵਿਧੀਆਂ 'ਚ ਹਿੱਸਾ ਲੈਣ ਲੱਗੇ ਝਿਜਕਦਾ ਹੈ। ਕਈ ਵਾਰ ਪਿੰਡ ਦੇ ਲੋਕ ਵੀ ਲੱਖਾ ਸ਼ਰਾਬੀ ਦਾ ਮੁੰਡਾ ਆਖ ਕੇ ਬੁਲਾਉਂਦੇ ਤਾਂ ਸ਼ਰਮਿੰਦਗੀ ਮਹਿਸੂਸ ਕਰਦਾ ਹੈ।

> ਡਾ. ਸਿਮਰਨ ਕੰਗ ਸਿੱਧੂ ਨੇ (ਅਰਥ-ਸ਼ਾਸਤਰ ਵਿਭਾਗ, ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ, 22 ਜੂਨ 2015 ਨੂੰ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵਿਖੇ ਹੋਈ ਮੁਲਾਕਾਤ ਸਮੇਂ) ਹਰੇ ਇਨਕਲਾਬ ਦੇ ਕਿਸਾਨੀ ਜੀਵਨ ਅਤੇ ਪ੍ਰਭਾਵਾਂ ਬਾਰੇ ਗੱਲਬਾਤ ਕਰਦਿਆਂ ਦੱਸਿਆ ਕਿ ਹਰੇ ਇਨਕਲਾਬ ਦੇ ਆਉਣ ਨਾਲ ਅਮੀਰ ਕਿਸਾਨਾਂ ਨੇ ਪੈਦਾਵਾਰੀ ਸਾਧਨਾਂ ਦੀ ਵਧੇਰੇ ਮਾਤਰਾ 'ਚ ਵਰਤੋਂ ਕਰ ਕੇ ਖੇਤੀ ਦੇ ਧੰਦੇ 'ਚੋਂ ਭਰਪੂਰ ਲਾਭ ਲਇਆ। ਮੱਧਲੇ ਕਿਸਾਨ ਅਮੀਰ ਕਿਸਾਨਾਂ ਦੀ ਸਤਰ 'ਚ ਖੜ੍ਹ ਹੋ ਗਏ। ਪਰ ਨਿਮਨ ਕਿਸਾਨ ਨੂੰ ਇਸ ਦੀ ਮਾਰੂ ਮਾਰ ਝੱਲਣੀ ਪਈ। ਨਿਮਨ ਕਿਸਾਨੀ ਦੀ ਆਰਥਿਕਤਾ 'ਤੇ ਗਹਿਰਾ ਪ੍ਰਭਾਵ ਪਿਆ। ਨਿਮਨ ਕਿਸਾਨੀ ਨੂੰ ਹਰ ਕਾਰਜ ਪੂਰਾ ਕਰਨ ਲਈ ਪੈਸੇ ਦੀ ਲੋੜ ਪੈਂਦੀ ਹੈ। ਇਸੇ ਕਾਰਨ ਕਿਸਾਨ ਕਰਜ਼ੇ ਦੀ ਪ੍ਰਕਿਰਿਆ ਦਾ ਸ਼ਿਕਾਰ ਹੋਇਆ। ਕੁੱਝ ਸਮਾਂ ਬਾਅਦ ਇਹੀ ਪ੍ਰਕਿਰਿਆ ਭਿਆਨਕ ਸੰਕਟ ਦਾ ਰੂਪ ਧਾਰਨ ਕਰ ਗਈ। ਜਿਸ ਕਾਰਨ ਨਿਮਨ ਕਿਸਾਨੀ ਦੀ ਸਥਿਤੀ ਨਿਘਾਰ ਵੱਲ ਜਾਣੀ ਆਰੰਭ ਹੋ ਗਈ।

ਹਰੀ ਕ੍ਰਾਂਤੀ ਦੇ ਆਉਣ ਨਾਲ ਖੇਤੀ ਧੰਦੇ ਦਾ ਸਰੂਪ ਹੀ ਬਦਲ ਗਿਆ। ਰਵਾਇਤੀ ਖਾਦਾਂ, ਬੀਜਾਂ ਦੀ ਵਰਤੋਂ ਦੀ ਥਾਂ ਆਧੁਨਿਕ ਖਾਦਾਂ ਅਤੇ ਬੀਜਾਂ ਦੀ ਵਰਤੋਂ ਹੋਣ ਲੱਗੀ। ਇਨ੍ਹਾਂ ਰਸਾਇਣਿਕ ਬੀਜਾਂ ਦੀ ਵਰਤੋਂ ਲੋਕ ਅੰਨ੍ਹੇਵਾਹ ਕਰਨ ਲੱਗ

ਪਏ। ਬਲਬੀਰ ਪਰਵਾਨਾ ਨੇ ਵੀ ਆਪਣੇ ਨਾਵਲਾਂ 'ਚ ਹਰੀ ਕ੍ਰਾਂਤੀ ਦੀ ਆਮਦ ਨਾਲ ਕਿਸਾਨਾਂ ਵੱਲੋਂ ਰਸਾਇਣਿਕ ਖਾਦਾਂ ਦੀ ਅੰਨ੍ਹੇਵਾਹ ਕੀਤੀ ਜਾਂਦੀ ਵਰਤੋਂ ਬਾਰੇ ਜ਼ਿਕਰ ਕੀਤਾ ਹੈ। ਇਸ ਦੀ ਉਦਾਹਰਨ ਨਾਵਲ *'ਨਿੱਕੇ ਨਿੱਕੇ ਯੁੱਧ'* 'ਚ ਦੇਖ ਸਕਦੇ ਹਾਂ ਜਿਵੇਂ:

> "ਉਂਜ ਇਸ ਨਵੀਂ ਤਕਨੀਕ ਤੋਂ ਬਿਨਾਂ ਗੁਜ਼ਾਰਾ ਵੀ ਕਿੱਥੇ ਸੀ? ਦੋ ਕਿਲਿਆਂ 'ਚ ਜੇ ਨਵੇਂ ਬੀਜਾਂ ਖਾਦਾਂ ਦੁਆਈਆਂ ਨਾ ਹੋਣ ਤਾਂ ਮਸਾਂ ਖਾਣ ਜੋਗੇ ਦਾਣੇ ਹੀ ਹੋਣ। ਫਿਰ ਹੋਰ ਖ਼ਰਚੇ ਕਿਥੋਂ ਤੁਰਨ। ਜੇ ਨਵੇਂ ਢੰਗ ਸਨ ਤਾਂ ਉਨ੍ਹਾਂ ਨਾਲ ਆ ਰਹੀਆਂ ਸਮੱਸਿਆਵਾਂ ਨਵੀਆਂ ਹੀ ਹੋਣਗੀਆਂ।" (ਪਰਵਾਨਾ, "ਨਿੱਕੇ ਨਿੱਕੇ ਯੁੱਧ" 63)

ਇਸ ਦੀ ਇੱਕ ਹੋਰ ਉਦਾਹਰਨ ਨਾਵਲ *'ਆਪਣੇ ਆਪਣੇ ਮੋਰਚੇ'* ਨਾਵਲ 'ਚੋਂ ਦੇਖ ਸਕਦੇ ਹਾਂ ਜਿਵੇਂ:

> "ਆਸੇ ਪਾਸੇ ਦੇ ਖੇਤਾਂ ਦੀ ਢਾਲ ਇਸ ਨਿਵਾਣ ਵੱਲ ਸੀ, ਜਿਸ 'ਚ ਮੀਂਹ ਦਾ ਪਾਣੀ ਵਹਿ ਕੇ ਨਿਕਲ ਜਾਂਦਾ। ਟਰੈਕਟਰ ਆਏ ਤਾਂ ਲੋਕਾਂ ਨੇ ਆਪਣੀਆਂ ਜ਼ਮੀਨਾਂ ਵੱਡੀ ਪੱਧਰ 'ਤੇ ਕਰਾਹ ਕੇ ਇਕਸਾਰ ਕਰ ਲਈਆਂ। ਖਾਦ ਤੇ ਦੁਆਈਆਂ ਵੀ ਆ ਗਈਆਂ। ਹਰੇਕ ਨੇ ਆਪਣੇ ਖੇਤਾਂ ਦੇ ਵੱਟ ਬੰਨ੍ਹੇ ਉੱਚੇ ਤੇ ਮਜ਼ਬੂਤ ਕਰ ਲਏ ਤਾਂ ਕਿ ਖਾਦ ਤੇ ਦੁਆਈਆਂ ਦੇ ਅਸਰ ਵਾਲਾ ਪਾਣੀ ਬਾਹਰ ਨਾ ਨਿਕਲੇ।" (ਪਰਵਾਨਾ, "ਆਪਣੇ ਆਪਣੇ ਮੋਰਚੇ" 29)

ਹਰੀ ਕ੍ਰਾਂਤੀ ਦੇ ਆਉਣ ਨਾਲ ਕਿਸਾਨ ਆਪਣੀਆਂ ਫ਼ਸਲਾਂ 'ਚ ਭਿੰਨ-ਭਿੰਨ ਪ੍ਰਕਾਰ ਦੇ ਬੀਜਾਂ ਰਸਾਇਣਿਕ ਖਾਦਾਂ ਦੀ ਵਰਤੋਂ ਬੇਸ਼ੁਮਾਰ ਕਰਨ ਲੱਗ ਪਏ। ਜਿਸ ਨਾਲ ਫ਼ਸਲ ਦਾ ਝਾੜ ਜਾਂ ਫ਼ਸਲ ਦੀ ਪੈਦਾਵਾਰ ਤਾਂ ਬਹੁਤ ਵਧੀ ਪਰ ਇਹ ਰਸਾਇਣਿਕ ਖਾਦਾਂ ਬਹੁਤ ਮਹਿੰਗੀਆਂ ਸਨ। ਇਸ ਤੋਂ ਬਿਨਾਂ ਫ਼ਸਲਾਂ ਦਾ ਝਾੜ ਘੱਟ ਨਿਕਲਦਾ। ਮਸਾਂ ਗੁਜ਼ਾਰੇ ਜੋਗੇ ਹੀ ਦਾਣੇ ਹੁੰਦੇ ਸਨ। ਕਿਸਾਨਾਂ ਨੇ ਆਪਣੇ ਖੇਤਾਂ ਵਿੱਚ ਖਾਦਾਂ ਅਤੇ ਬੀਜਾਂ ਦੀ ਵਰਤੋਂ ਅੰਨ੍ਹੇਵਾਹ ਕਰਨੀ ਸ਼ੁਰੂ ਕਰ ਦਿੱਤੀ।

> ਸੁਰਜੀਤ ਬਰਾੜ ਦਾ ਕਥਨ ਵਿਚਾਰਨਯੋਗ ਹੈ ਕਿ, "ਨਵੇਂ ਸੁਧਰੇ ਬੀਜਾਂ, ਰਸਾਇਣਿਕ ਖਾਦਾਂ, ਦਵਾਈਆਂ ਦੀ ਅਣਜੋੜ ਤੇ ਬੇਸ਼ੁਮਾਰ ਵਰਤੋਂ ਕੀਤੀ ਗਈ। ਗ਼ੈਰ ਕੁਦਰਤੀ ਢੰਗ ਨਾਲ ਖੇਤੀ ਆਰੰਭ ਹੋਣ ਕਾਰਨ ਜ਼ਮੀਨ ਦੀ ਸਿਹਤ ਵਿਗੜਨ ਲੱਗੀ। ਪਾਣੀ ਦਾ ਸੰਕਟ ਉਤਪੰਨ ਹੋਣਾ ਸ਼ੁਰੂ ਹੋ ਗਿਆ। ਪ੍ਰਦੂਸ਼ਣ ਵੱਧਣ ਲੱਗਾ। ਇਸ ਦੇ ਵਿਪਰੀਤ ਕਿਸਾਨਾਂ ਨੂੰ ਲਾਗਤਾਂ ਅਨੁਸਾਰ ਸਮੱਰਥਕ ਕੀਮਤਾਂ ਨਹੀਂ ਮਿਲੀਆਂ। ਸ਼ਾਹੂਕਾਰਾਂ, ਆੜ੍ਹਤੀਆਂ ਅਤੇ ਧਨੀ ਕਿਸਾਨਾਂ ਨੂੰ ਗ਼ਰੀਬ, ਨਿਮਨ ਅਤੇ ਸੀਮਾਂਤ ਕਿਸਾਨੀ ਨੂੰ ਲੁੱਟਣ ਅਤੇ ਸ਼ੋਸ਼ਣ ਕਰਨ ਦਾ ਮੌਕਾ ਮਿਲ ਗਿਆ।" ("ਪੰਜਾਬੀ ਨਾਵਲ: ਸਮਾਜ ਸ਼ਾਸਤਰੀ ਪਰਿਪੇਖ" 36)

ਖੇਤੀ ਦੇ ਮਸ਼ੀਨੀਕਰਨ ਨਾਲ ਪੈਦਾਵਾਰ 'ਚ ਬੇਸ਼ੁਮਾਰ ਵਾਧਾ ਹੋਇਆ ਪਰ ਕਿਸਾਨਾਂ ਨੇ ਇਸ ਦੀ ਵਰਤੋਂ ਬੇਮੁਹਾਰੀ ਕੀਤੀ। ਜਿਸ ਦੇ ਕਾਰਨ ਕਿਸਾਨੀ ਜੀਵਨ 'ਚ ਬਹੁਤ ਸਾਰੇ ਸੰਕਟ ਖੜੇ ਹੋ ਗਏ। ਜਿਸ 'ਚ ਇੱਕ ਮੁੱਖ ਸੰਕਟ ਕਰਜ਼ੇ ਦੀ

ਪ੍ਰਕਿਰਿਆ ਸੀ। ਖੂਹਾਂ ਦੀ ਥਾਂ 'ਤੇ ਟਿਊਬੈੱਲ ਅਤੇ ਬੱਲਦਾਂ ਦੀ ਥਾਂ ਟਰੈਕਟਰਾਂ ਦਾ ਪ੍ਰਵੇਸ਼ ਹੋਇਆ ਹੈ। ਜਿਸ ਕਾਰਨ ਪੰਜਾਬ ਦੇ ਪੇਂਡੂ ਸਮਾਜ 'ਚ ਇੱਕ ਨਵਾਂ ਚਿਹਨ ਉੱਭਰ ਕੇ ਸਾਹਮਣੇ ਆਉਂਦਾ ਹੈ। ਅਜਿਹੀ ਸਥਿਤੀ ਕਾਰਨ ਗਿੰਦਰ ਦਾ ਪਰਿਵਾਰ ਪਛੜਨਾ ਆਰੰਭ ਹੁੰਦਾ ਹੈ।

> ਰਜਨੀਸ਼ ਬਹਾਦਰ ਦੇ ਸ਼ਬਦਾਂ 'ਚ, "ਇਸ ਪ੍ਰਬੰਧ ਵਿਚ ਸਭ ਤੋਂ ਪਹਿਲਾ ਗਿੰਦਰ ਦਾ ਪਰਿਵਾਰ ਪਛੜਦਾ ਹੈ। ਗਿੰਦਰ ਦਾ ਪਰਿਵਾਰ ਆਰਥਿਕ ਪੱਖ ਤੋਂ ਹੀ ਨਹੀਂ ਸਗੋਂ ਸਮਾਜਿਕ ਪੱਖ ਤੋਂ ਵੀ ਪਛੜ ਜਾਂਦਾ ਹੈ। ਨਾਵਲ ਵਿੱਚ ਗਿੰਦਰ ਦੇ ਅਸਤਿਤਵ ਦਾ ਸੰਕਟ ਡੂੰਘਾ ਹੁੰਦਾ ਹੈ। ਉਹ ਕਈ ਪਾਸੇ ਤੋਂ ਰਸਾਤਲ ਵੱਲ ਜਾਂਦਾ ਹੈ। ਅਜਿਹੀ ਸਥਿਤੀ ਵਿੱਚ ਮੁੱਢਲੇ ਦੌਰ ਦਾ ਖੱਬੇ ਪੱਖੀ ਚਿੰਤਨ ਅਤੇ ਰਾਜਨੀਤੀ ਉਸ ਲਈ ਠਾਹਰ ਬਣਦੀ ਹੈ। ਪਰਵਾਨਾ ਇੱਥੇ ਸਾਹਿਤ ਦੀ ਭੂਮਿਕਾ ਨੂੰ ਹੀ ਨਹੀਂ ਸਗੋਂ ਚੌਤਰਫ਼ੀ ਰਸਾਤਲ ਵੱਲ ਜਾ ਰਹੇ ਵਿਅਕਤੀ ਨੂੰ ਸਾਹਿਤ ਰਾਹੀਂ ਜੀਵਨ ਜੀਊਣ ਦਾ ਇੱਕ ਸਲੀਕਾ ਵੀ ਉਭਾਰਦਾ ਹੈ।" ("ਦੌਲਤਪੁਰ ਤੋਂ ਸਿੱਧੂਪੁਰ ਵਾਇਆ ਜਲੰਧਰ: ਬਹੁਤ ਸਾਰੇ ਚੁਰੱਸਤੇ", *ਪ੍ਰਵਚਨ, ਅਪ੍ਰੈਲ-ਜੂਨ 2015* 34)

ਪਰਵਾਨਾ ਨੇ ਗਿੰਦਰ ਪਾਤਰ ਰਾਹੀਂ ਸਮਾਜਿਕ ਅਤੇ ਆਰਥਿਕ ਤੌਰ 'ਤੇ ਪਛੜ ਰਹੇ ਗਿੰਦਰ ਅਤੇ ਉਸ ਦੇ ਪਰਿਵਾਰ ਦੀਆਂ ਪਰਿਸਥਿਤੀਆਂ ਨੂੰ ਰੂਪਮਾਨ ਕੀਤਾ ਹੈ। ਇਸੇ ਕਾਰਨ ਗਿੰਦਰ ਮਾਨਸਿਕ ਸੰਤਾਪ ਵੀ ਭੋਗਦਾ ਹੈ। ਇਸ ਸਮੇਂ ਇੱਕੋ ਇੱਕ ਸਹਾਰਾ ਸਾਹਿਤ ਜਿਸ ਰਾਹੀਂ ਗਿੰਦਰ ਜ਼ਿੰਦਗੀ ਜਿਉਣ ਦਾ ਫ਼ਲਸਫ਼ਾ ਸਿੱਖਦਾ ਹੈ।

ਹਰੀ ਕ੍ਰਾਂਤੀ ਨੇ ਖੇਤੀ ਦੀ ਪੈਦਾਵਾਰ 'ਚ ਚਾਰ ਗੁਣਾਂ ਵਾਧਾ ਕੀਤਾ। ਇਸ ਪ੍ਰਕਿਰਿਆ 'ਚ ਸ਼ਾਮਲ ਹੋਈ ਨਿਮਨ ਕਿਸਾਨੀ ਆਪਣੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਕਰਜ਼ੇ ਦੇ ਰੂਪ ਵਿੱਚ ਪੈਸਾ ਲੈਣ ਲੱਗੀ। ਖਾਦਾਂ ਬੀਜਾਂ ਦੀ ਆਮਦ ਨੇ ਕਿਸਾਨੀ ਦੀ ਆਰਥਿਕ ਸਥਿਤੀ ਇੰਨੀ ਪਤਲੀ ਕਰ ਦਿੱਤੀ ਕਿ ਕਿਸਾਨਾਂ ਨੂੰ ਆੜ੍ਹਤੀਆਂ ਕੋਲੋਂ ਕਰਜ਼ਾ ਲੈਣਾ ਪਿਆ। ਹਰੀ ਕ੍ਰਾਂਤੀ ਨੇ ਕਿਸਾਨੀ ਦੀ ਆਰਥਿਕ ਸਥਿਤੀ ਨੂੰ ਜੜ੍ਹੋਂ ਹਿਲਾ ਕੇ ਰੱਖ ਦਿੱਤਾ। ਜਿਵੇਂ:

> "ਰਾਣੇ ਹੋਰਾਂ ਨੇ ਵੀ ਪਿਛਲੇ ਸਾਲ ਆਪਣੇ ਮੈਰੇ ਵਾਲੇ ਖੇਤ 'ਚ ਉਸ ਤੋਂ ਹੀ ਬੋਰ ਕਰਵਾਇਆ ਸੀ। ਇਹ ਬੋਰ ਕਰਵਾਉਂਦਿਆਂ ਹੀ ਉਸ ਦੇ ਦਿਮਾਗ਼ 'ਚ ਖੁੜਕੀ ਸੀ, 'ਕਣਕ ਵੱਢਦਿਆਂ ਲੋਕਾਂ ਨੇ ਪਨੀਰੀਆਂ ਬੀਜਣੀਆਂ ਤਪਦੇ ਮਈ ਜੂਨ 'ਚ ਪੱਠਿਆਂ ਨੂੰ ਪਾਣੀ ਨਾ ਲੱਗਾ' ਤਾਂ ਉਹ ਵੀ ਨਹੀਂ ਹੋਣੇ। ਕਿਉਂ ਨਾ ਬੋਰ ਕਰਨ ਦਾ ਸਮਾਨ ਖ਼ਰੀਦ ਲਵਾਂ। ਤੇ ਉਸ ਦੇ, ਕੁੱਝ ਪੈਸੇ ਉਸ ਕੋਲ ਜਮ੍ਹਾ ਸੀ, ਕੁੱਝ ਬੈਂਕ ਤੋਂ ਕਰਜ਼ਾ ਲੈ ਲਿਆ।" (ਪਰਵਾਨਾ, "ਆਪਣੇ ਆਪਣੇ ਮੋਰਚੇ" 12)

ਰਾਣਾ ਜੋ ਕਿ ਨਿਮਨ ਕਿਸਾਨੀ ਨਾਲ ਸੰਬੰਧਿਤ ਪਾਤਰ ਹੈ। ਆਰਥਿਕ ਸਥਿਤੀ ਉਚੇਰੀ ਨਾ ਹੋਣ ਕਾਰਨ ਬੈਂਕ ਤੋਂ ਕਰਜ਼ਾ ਲੈਂਦਾ ਹੈ। ਪਰਵਾਨਾ ਨੇ ਨਿਮਨ ਕਿਸਾਨੀ ਵੱਲੋਂ ਕਰਜ਼ਾ ਲੈਣ ਦੀ ਪ੍ਰਕਿਰਿਆ ਨੂੰ ਬੜੀ ਨੀਝ ਨਾਲ ਚਿਤਰਿਆ ਹੈ।

ਪੁਰਾਤਨ ਸਮੇਂ ਵਿੱਚ ਆੜ੍ਹਤੀਆਵਾਦ ਜੋ ਕਿਸਾਨਾਂ ਨੂੰ ਕਰਜ਼ਾ ਦਿੰਦਾ ਸੀ। ਪਰ ਅੰਗਰੇਜ਼ਾਂ ਦੇ ਆਉਣ ਨਾਲ ਬੈਂਕ ਸਿਸਟਮ ਆਰੰਭ ਹੋ ਗਿਆ। ਜਿਸ ਕਾਰਨ ਕਿਸਾਨਾਂ ਨੇ ਬੈਂਕ ਤੋਂ ਕਰਜ਼ਾ ਲੈਣਾ ਆਰੰਭ ਕਰ ਦਿੱਤਾ। ਇਸੇ ਦੀ ਇੱਕ ਉਦਾਹਰਨ ਨਾਵਲ *'ਆਪਣੇ ਆਪਣੇ ਮੋਰਚੇ'* ਵਿੱਚੋਂ ਦੇਖ ਸਕਦੇ ਹਾਂ ਜਿਵੇਂ:

"ਪੈਸੇ ਵੀ ਤਾਂ ਚਾਹੀਦੇ ਐ ਕੰਮ ਖੋਲ੍ਹਣ ਲਈ।"

"ਪੈਸੇ ਤਾਂ ਅੱਜਕੱਲ੍ਹ ਸਵੈ ਰੁਜ਼ਗਾਰ ਲਈ ਬੈਂਕਾਂ ਘਰ ਘਰ ਆ ਕੇ ਸੁੱਟ ਰਹੀਆਂ ਐ......ਤੂੰ ਮਨ ਬਣਾ। ਪਿੰਡ 'ਚ ਕਿਸੇ ਦੀ ਗਲੀ ਨਾਲ ਲੱਗਵੀਂ ਬੈਠਕ ਕਿਰਾਏ 'ਤੇ ਲੈ ਕੇ ਕੰਮ ਸ਼ੁਰੂ ਕਰ ਦੇ......ਪੈਸੇ ਜਿੰਨੇ ਚਾਹੀਦੇ ਐ ਕਰਜ਼ਾ ਲੈ ਲੈ।"

"ਕਰਜ਼ਾ ਮਿਲ ਜਾਵੇਗਾ ਆਰਾਮ ਨਾਲ?" (ਪਰਵਾਨਾ, "ਆਪਣੇ ਆਪਣੇ ਮੋਰਚੇ" 16)

ਦੀਪੀ ਨੇ ਆਪਣੀ ਆਰਥਿਕ ਸਥਿਤੀ ਚੰਗੀ ਕਰਨ ਅਤੇ ਆਪਣਾ ਕੰਮ ਚਲਾਉਣ ਲਈ ਬੈਂਕ ਤੋਂ ਕਰਜ਼ਾ ਲਿਆ। ਇਹ ਕਰਜ਼ਾ ਰਾਣੇ ਨੇ ਮਨਜ਼ੂਰ ਕਰਵਾ ਕੇ ਦਿੱਤਾ ਸੀ। ਭਾਵੇਂ ਕਿ ਇਸ 'ਤੇ ਵਿਆਜ ਵਧੇਰੇ ਸੀ ਕਿਉਂਕਿ ਆਰਥਿਕ ਸਥਿਤੀ ਉਚੇਰੀ ਨਾ ਹੋਣ ਕਾਰਨ ਆਪਣੀਆਂ ਜ਼ਰੂਰਤਾਂ ਪੂਰੀਆਂ ਕਰਨਾ ਚਾਹੁੰਦੀ ਸੀ। ਇੱਥੇ ਹੀ ਬੱਸ ਨਹੀਂ ਸਗੋਂ ਨਿਮਨ ਕਿਸਾਨੀ ਆਪਣੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਆੜ੍ਹਤੀਆਂ ਦੇ ਮੱਕੜ ਜਾਲ ਵਿੱਚ ਫਸਦੀ ਦਿਖਾਈ ਦਿੰਦੀ ਹੈ। ਜਿਵੇਂ:

"ਕੱਲਰਾ ਵੱਲ ਦੇ ਢਾਈ ਕਿੱਲੇ ਲੱਖਾ ਸਿੰਘ ਨੇ ਆਪਣੇ ਚਾਚੇ ਸਰੈਣੇ ਹੋਰਾਂ ਨੂੰ ਸਾਢੇ ਨੌਂ ਹਜ਼ਾਰ 'ਚ ਵੇਚ ਦਿੱਤੇ। ਹਾਲਾਤ ਹੀ ਇਹੋ ਜਿਹੇ ਬਣ ਗਏ ਸਨ ਕਿ ਵੇਚਣ ਤੋਂ ਬਿਨਾਂ ਹੋਰ ਕੋਈ ਰਾਹ ਨਹੀਂ ਸੀ ਬਚਿਆ। ਦੋ ਹਜ਼ਾਰ ਰੁਪਿਆਂ 'ਤੇ ਵਿਆਜ ਪੈ ਪੈ ਕੇ ਸੁਸਾਇਟੀ ਦਾ ਕਰਜ਼ਾ ਹੋ ਗਿਆ ਸੀ। ਜਿਸ ਲਈ ਸੈਕਟਰੀ ਅਕਸਰ ਦੂਜੇ ਚੌਥੇ ਦਿਨ ਮੋੜਨ ਦਾ ਤਕਾਜ਼ਾ ਕਰਦਾ। ਫਿਰ ਸੁਰੈਣੇ ਹੁਰਾਂ ਤੋਂ ਵੀ ਉਸ ਨੇ ਅੱਠ ਸੌ ਰੁਪਿਆ ਆਪਣੇ ਬਾਪੂ ਦੇ ਕੱਠ ਵੇਲੇ ਫੜਿਆ ਸੀ ਦੋ ਰੁਪਏ ਸੈਂਕੜੇ ਦੇ ਹਿਸਾਬ। ਹੋਰ ਵੀ ਵੇਲੇ ਕੁਵੇਲੇ ਦਸ-ਦਸ ਵੀਹ-ਵੀਹ ਕਰ ਕੇ ਫੜੇ ਹੋਏ ਸਨ।" (ਪਰਵਾਨਾ, "ਗਹਿਰ ਚੜ੍ਹੀ ਅਸਮਾਨ" 86)

ਲੱਖਾ ਸਿੰਘ ਨੂੰ ਸਿਰ ਚੜ੍ਹੇ ਕਰਜ਼ੇ ਨੂੰ ਉਤਾਰਨ ਲਈ ਮਜਬੂਰਨ ਆੜ੍ਹਤੀਏ ਸੁਰੈਣੇ ਹੁਰਾਂ ਕੋਲ ਜ਼ਮੀਨ ਬੈਅ ਕਰਨੀ ਪਈ, ਕਿਉਂਕਿ ਖੇਤੀਬਾੜੀ ਅਤੇ ਹੋਰ ਘਰ ਦੀਆਂ ਜ਼ਰੂਰਤਾਂ ਲਈ ਉਸ ਨੇ ਕਰਜ਼ਾ ਲਿਆ ਹੋਇਆ ਸੀ ਅਤੇ ਸੁਸਾਇਟੀ ਤੋਂ ਲਿਆ ਕਰਜ਼ਾ ਵੀ ਵਾਪਸ ਕਰਨਾ ਸੀ। ਜ਼ਮੀਨ ਵਿਕਣ ਕਾਰਨ ਲੱਖਾ ਸਿੰਘ ਅਤੇ ਗਿੰਦਰ ਦੀ ਆਰਥਿਕ ਤੇ ਸਮਾਜਿਕ ਹਾਲਤ ਹੋਰ ਵੀ ਪਤਲੀ ਹੋ ਗਈ। ਇੱਥੋਂ ਹੀ ਉਨ੍ਹਾਂ ਦਾ ਪਰਿਵਾਰ ਪਛੜਨਾ ਆਰੰਭ ਹੋ ਜਾਂਦਾ ਹੈ।

ਕੁਲਵੰਤ ਸਿੰਘ ਆਪਣੇ ਲੇਖ *"ਕਿਸਾਨੀ ਦੇ ਦੁਖਾਂਤ ਦੀ ਪੇਸ਼ਕਾਰੀ"* 'ਚ ਲਿਖਦੇ ਹਨ ਕਿ, "ਗਿੰਦਰ ਨੂੰ ਪੰਜਾਬ ਦੀ ਕਿਸਾਨੀ ਦਾ ਪ੍ਰਤੀਨਿੱਧ ਕਿਹਾ ਜਾ ਸਕਦਾ ਹੈ। ਜਿਸ ਦੀ ਮਾਨਸਿਕਤਾ ਜ਼ਮੀਨ ਦੀ ਮਾਲਕੀ ਨਾਲ ਜੁੜੇ ਜੀਵਨ ਮੁੱਲਾਂ ਅਨੁਸਾਰ ਢਲੀ ਹੋਈ ਹੈ। ਹਾਲਾਂਕਿ ਇਸ ਮਾਲਕੀ ਨੇ ਉਸ ਨੂੰ ਗੁਰਬਤ ਤੋਂ ਵੱਧ ਹੋਰ ਕੁੱਝ ਵੀ ਨਹੀਂ ਦਿੱਤਾ। ਇਸ ਦੇ ਬਾਵਜੂਦ ਜ਼ਮੀਨ ਦੀ ਮਾਲਕੀ ਵਿੱਚ ਵਾਧਾ ਕਰਨ ਦੇ ਸੁਪਨੇ ਨੇ ਉਸ ਦੀ ਮਾਨਸਿਕਤਾ ਨੂੰ ਪੂਰੀ ਤਰ੍ਹਾਂ ਮੱਲਿਆ ਹੋਇਆ ਹੈ। ਇਸ ਮਕਸਦ ਦੀ ਪੂਰਤੀ ਲਈ ਉਹ ਜ਼ਮੀਨ ਮੁੱਲ ਨਾ ਲੈ ਸਕਣ ਦੀ ਸਥਿਤੀ ਵਿੱਚ ਜ਼ਮੀਨ ਹਿੱਸੇ ਠੇਕੇ ਤੋਂ ਲੈ ਕੇ ਵੱਡੇ ਜ਼ਿਮੀਂਦਾਰ ਹੋਣ ਦੇ ਭਰਮ ਵਿੱਚ ਫਸ ਕੇ ਹੋਰ ਵੀ ਨਿਘਾਰਗ੍ਰਸਤ ਆਰਥਿਕ ਅਵਸਥਾ ਵਿੱਚ ਪਹੁੰਚ ਜਾਂਦਾ ਹੈ।"(*ਐਤਵਾਰਤਾ, ਨਵਾਂ ਜ਼ਮਾਨਾ: ਜਲੰਧਰ,* 26 ਅਪ੍ਰੈਲ 2015, 3)

ਪੰਜਾਬ ਵਿੱਚ ਹਾਲੇ ਵੀ ਉੱਚ ਕਿਸਾਨੀ ਦੀ ਮਾਨਸਿਕਤਾ ਉੱਪਰ ਵਧੇਰੇ ਜ਼ਮੀਨ ਇਕੱਠੀ ਕਰਨ ਦੀ ਤ੍ਰਿਪਤੀ ਪੂਰੀ ਤਰ੍ਹਾਂ ਹਾਵੀ ਹੈ। ਪਰ ਉੱਥੇ ਹੀ ਨਿਮਨ ਕਿਸਾਨੀ ਇਨ੍ਹਾਂ ਦੇ ਮਾਇਆ ਜਾਲ ਵਿੱਚ ਫਸ ਕੇ ਕਰਜ਼ੇ ਦਾ ਸ਼ਿਕਾਰ ਹੋ ਰਹੀ ਹੈ। ਇਸੇ ਤਰ੍ਹਾਂ ਹੀ ਲੱਖਾ ਸਿੰਘ ਨੂੰ ਸੁਰੇਨੈ ਵਰਗੇ ਆੜ੍ਹਤੀਏ ਆਪਣੇ ਮਾਇਆ ਜਾਲ ਵਿੱਚ ਫਸਾ ਕੇ ਉਸ ਦੀ ਜ਼ਮੀਨ ਹੜੱਪਦੇ ਹਨ। ਨਿਮਨ ਕਿਸਾਨੀ ਕਰਜ਼ੇ ਕਾਰਨ ਜ਼ਮੀਨ ਤੋਂ ਵਾਂਝੀ ਹੀ ਨਹੀਂ ਹੁੰਦੀ ਸਗੋਂ ਇਨ੍ਹਾਂ ਪਰਿਸਥਿਤੀਆਂ ਕਾਰਨ ਹੋਰ ਵੀ ਕਈ ਕਿਸਮ ਦੀਆਂ ਸਮੱਸਿਆਵਾਂ ਦਾ ਸਾਹਮਣਾ ਕਰਦੀ ਹੈ। ਨਿਮਨ ਕਿਸਾਨੀ ਦੀ ਲਗਾਤਾਰ ਘੱਟ ਰਹੀ ਜ਼ਮੀਨ ਕਾਰਨ ਆਰਥਿਕ ਸਥਿਤੀ ਤਾਂ ਡਾਵਾਂਡੋਲ ਹੁੰਦੀ ਹੈ ਸਗੋਂ ਸਮਾਜਿਕ ਸਥਿਤੀ ਵੀ ਨਿਘਾਰ ਵੱਲ ਜਾਂਦੀ ਹੈ। *'ਨਿੱਕੇ ਨਿੱਕੇ ਯੁੱਧ'* ਨਾਵਲ ਦਾ ਪਾਤਰ ਗਿੰਦਰ ਦੀ ਨਿਘਾਰ ਵੱਲ ਜਾ ਰਹੀ ਆਰਥਿਕ ਸਥਿਤੀ ਕਾਰਨ ਉਸ ਦਾ ਵਿਆਹ ਨਹੀਂ ਹੁੰਦਾ। ਜਿਸ ਕਾਰਨ ਕੇਵਲ ਸਮਾਜਿਕ ਸਥਿਤੀ ਵੀ ਨਿਘਾਰ ਵੱਲ ਨਹੀਂ ਜਾਂਦੀ ਸਗੋਂ ਮਾਨਸਿਕ ਸੰਤਾਪ ਵੀ ਭੋਗਣਾ ਪੈਂਦਾ ਹੈ। ਇਸ ਦੀ ਉਦਾਹਰਨ ਨਾਵਲ *'ਨਿੱਕੇ ਨਿੱਕੇ ਯੁੱਧ'* ਵਿੱਚੋਂ ਦੇਖ ਸਕਦੇ ਹਾਂ ਜਿਵੇਂ:

> "ਬਚਨੀ ਚਾਹੁੰਦੀ ਸੀ ਗਿੰਦਰ ਵਿਆਹ ਕਰਵਾ ਲਵੇ, ਫਿਰ ਪਰਮੋ ਦਾ ਸਾਕ ਕਿਤੇ ਢੂੰਡੀਏ। 'ਮੇਰੇ 'ਚ ਨਹੀਂ ਰਹੀ ਸੱਤਿਆ ਹੁਣ ਘਰ ਦਾ ਖਲਜਗਣ ਤੋਰਨ ਜੋਗੀ।' ਪਰ ਜਦੋਂ ਵੀ ਕਿਤੇ ਗੱਲ ਤੁਰਦੀ ਗਿੰਦਰ ਨੰਨਾ ਫੜ ਲੈਂਦਾ। ਬਾਹਰੋਂ ਉਸ ਦੀ ਦਲੀਲ ਇਹੀ ਹੁੰਦੀ "ਪਰਮੋ ਦਾ ਪਹਿਲਾ ਕਰ ਲਈਏ, ਮੈਂ ਫਿਰ ਕਰਵਾ ਲਵਾਂਗਾ। ਪਰ ਅਸਲ 'ਚ ਉਸ ਦੀ ਅੰਦਰਲੀ ਤਾਰ ਕੰਵਲ ਨਾਲ ਜੁੜਦੀ ਸੀ। ਕੰਬਲ ਵੀ ਉਸ ਤੋਂ ਪ੍ਰਭਾਵਿਤ ਸੀ ਪਰ ਦੋਹਾਂ ਦੇ ਰਿਸ਼ਤੇ ਦੀ ਗੱਲ ਤੋਰਨ ਵਾਲੀ ਸਾਂਝੀ ਤਾਰ ਉਨ੍ਹਾਂ ਨੂੰ ਕਿਤਿਓਂ ਨਹੀਂ ਸੀ ਲੱਭਦੀ ਤੇ ਜਿੱਥੇ ਕਿਤੇ ਰਿਸ਼ਤੇਦਾਰਾਂ ਜਾਣਕਾਰਾਂ ਰਾਹੀਂ ਗੱਲ ਤੁਰਦੀ ਕੁੜੀ ਦਸਵੀਂ ਪਾਸ ਹੁੰਦੀ ਜਾਂ ਇੱਕ ਦੋ ਥਾਣੀ ਇਸ ਤੋਂ ਵੀ ਘੱਟ ਸੀ। ਇਲਾਕੇ 'ਚ ਭਾਵੇਂ ਉਹ ਲੀਡਰ ਸੀ ਤੇ ਸ਼ਹਿਰ ਕਸਬੇ 'ਚ ਤੁਰੇ ਜਾਂਦਿਆਂ, ਪੰਜ ਦਸ ਜਣੇ ਉਸ ਨੂੰ ਸਲਾਮ ਕਰਨ ਵਾਲੇ ਟੱਕਰ ਜਾਂਦੇ ਸਨ

ਪਰ ਰਿਸ਼ਤਾ ਤਾਂ ਘਰ ਦੀ ਹੈਸੀਅਤ ਨੂੰ ਦੇਖ ਕੇ ਹੀ ਕੋਈ ਕਰਦਾ ਤੇ ਉਹ ਬਾਵਜੂਦ ਮਿਹਨਤ ਕਰਨ 'ਤੇ ਮਸਾਂ ਤੋਰ-ਤੋਰਨ ਜੋਗਾ ਹੀ ਸੀ।" (ਪਰਵਾਨਾ, "ਨਿੱਕੇ ਨਿੱਕੇ ਯੁੱਧ" 55)

ਉਪਰੋਕਤ ਟੂਕ 'ਚੋ ਗਿੰਦਰ ਦੇ ਘਰ ਪਰਿਵਾਰ ਦੀ ਆਰਥਿਕ ਸਥਿਤੀ ਚੰਗੀ ਨਾ ਹੋਣ ਕਾਰਨ ਉਸ ਦੇ ਸਿਰ ਕਰਜ਼ਾ ਚੜ੍ਹਦਾ ਰਹਿੰਦਾ ਹੈ। ਕਰਜ਼ੇ ਤੋਂ ਤੰਗ ਆ ਕੇ ਗਿੰਦਰ ਦੇ ਪਿਤਾ ਲੱਖਾ ਸਿੰਘ ਨੇ ਕਈ ਵਾਰ ਜ਼ਮੀਨ ਬੈ ਵੀ ਕੀਤੀ। ਜਿਸ ਕਾਰਨ ਆਰਥਿਕ ਸਥਿਤੀ ਦੇ ਨਾਲ-ਨਾਲ ਉਸ ਦੀ ਸਮਾਜਿਕ ਸਥਿਤੀ 'ਚ ਵੀ ਗਿਰਾਵਟ ਆਉਂਦੀ ਹੈ। ਘਰ ਪਰਿਵਾਰ ਦੀ ਮਾੜੀ ਆਰਥਿਕ ਸਥਿਤੀ ਕਾਰਨ ਗਿੰਦਰ ਦਾ ਵਿਆਹ ਨਹੀਂ ਹੁੰਦਾ। ਇਸੇ ਦੀ ਇੱਕ ਹੋਰ ਉਦਾਹਰਨ ਨਾਵਲ *'ਨਿੱਕੇ ਨਿੱਕੇ ਯੁੱਧ'* ਵਿੱਚੋਂ ਦੇਖ ਸਕਦੇ ਹਾਂ ਜਿਵੇਂ:

> "ਗਿੰਦਰ ਆਮ ਕਰ ਕੇ ਇਨ੍ਹਾਂ ਵਿਹਲੇ ਇਕੱਠਾ 'ਚ ਘੱਟ ਹੀ ਬਹਿੰਦਾ ਸੀ। ਅੱਵਲ ਤਾਂ ਉਸ ਨੂੰ ਖ਼ਬਰਾਂ ਦੇ ਫੇਰੇ ਤੋਰੇ ਤੋਂ ਸਮਾਂ ਹੀ ਨਾ ਲੱਗਦਾ। ਜੇ ਕਿਤੇ ਵਿਹਲ ਹੁੰਦੀ ਤਾਂ ਕਿਤਾਬ ਫੜ ਲੈਂਦਾ। ਕਿਤਾਬਾਂ ਉਸ ਦੇ ਮਨ ਨੂੰ ਠੁੰਮ੍ਹਣਾ ਦਿੰਦੀਆਂ ਸਨ। ਤਲਖ਼ੀਆਂ ਭੁਲਾਉਣ 'ਚ ਸਹਾਈ ਹੁੰਦੀਆਂ। ਆਰਥਕ ਪੱਖੋਂ ਸਾਹ ਸੌਖਾ ਹੋਣ 'ਤੇ ਸਮਾਜੀ ਹੈਸੀਅਤ ਪੱਖੋਂ ਵੀ ਇਲਾਕੇ 'ਚ ਇੱਕ ਥਾਂ ਬਣ ਜਾਣ ਦੇ ਬਾਵਜੂਦ ਵੀ, ਅੰਦਰੋਂ ਅੰਦਰੀ ਉਹ ਉਦਾਸ ਸੀ। ਔਰਤ ਦੇ ਸਾਥ ਲਈ ਬੁਰੀ ਤਰ੍ਹਾਂ ਤੜਪਦਾ। ਇਹ ਤੜਪ ਉਸ ਨੂੰ ਉਦੋਂ ਵੀ ਚੁੱਭਦੀ ਜਦੋਂ ਕਿਤਿਓਂ ਇਸ ਵੱਲ ਇਸ਼ਾਰਾ ਹੋ ਜਾਂਦਾ। ਕੋਈ ਭਾਵੇਂ ਹਮਦਰਦੀ ਨਾਲ ਹੀ ਆਖਦਾ, "ਉਹ ਗਿੰਦਰਾ ਹੁਣ ਤੂੰ ਵਿਆਹ ਕਰਵਾ ਲੈ।" ਪਰ ਉਸ ਨੂੰ ਲੱਗਦਾ ਜਿਵੇਂ ਉਹ ਉਸ ਨਾਲ ਮਜ਼ਾਕ ਕਰ ਰਿਹਾ ਹੋਵੇ, ਉਸ ਦੇ ਔਕੜਾਂ ਭਰੇ ਪਿਛੋਕੜ ਉੱਪਰ ਹੱਸ ਰਿਹਾ ਹੋਵੇ। ਉਨ੍ਹਾਂ ਦੇ ਘਰ ਦੀ ਅੱਲ 'ਸ਼ਰਾਬੀ ਲੱਖੇ ਦਾ ਘਰ' ਦੀ ਯਾਦ ਦੁਆ ਰਹੀ ਹੋਵੇ। ਜਿਸ ਕਰ ਕੇ ਉਸ ਦਾ ਵਿਆਹ ਨਹੀਂ ਹੋ ਰਿਹਾ ਸੀ।" (ਪਰਵਾਨਾ, "ਨਿੱਕੇ ਨਿੱਕੇ ਯੁੱਧ" 105)

ਇਸ ਟੂਕ ਤੋਂ ਪਤਾ ਚੱਲਦਾ ਹੈ ਕਿ ਜ਼ਿੰਦਗੀ ਵਿੱਚ ਔਰਤ ਦਾ ਸਾਥ ਮਾਣਨ ਦੀ ਇੱਛਾ ਹਰ ਇਨਸਾਨ ਰੱਖਦਾ ਹੈ, ਭਾਵੇਂ ਉਸ ਦੀ ਸਮਾਜਿਕ ਸਥਿਤੀ ਕਿਹੋ ਜਿਹੀ ਵੀ ਹੋਵੇ। ਹਰ ਇਨਸਾਨ ਆਪਣੀ ਜ਼ਿੰਦਗੀ 'ਚ ਵਿਆਹ ਕਰਵਾਉਣਾ ਚਾਹੁੰਦਾ ਹੈ। ਪਰ ਕਈ ਵਾਰ ਪਰਿਸਥਿਤੀਆਂ ਅਜਿਹੀਆਂ ਬਣ ਜਾਂਦੀਆਂ ਹਨ ਕਿ ਅਜਿਹਾ ਹੋਣਾ ਅਸੰਭਵ ਹੋ ਜਾਂਦਾ ਹੈ। ਅਜਿਹਾ ਹੀ ਗਿੰਦਰ ਨਾਲ ਹੁੰਦਾ ਹੈ। ਇੱਕ ਪਾਸੇ ਜ਼ਮੀਨ ਵਿਕਣ ਦੇ ਕਾਰਨ ਆਰਥਿਕ ਪੱਖੋਂ ਪਛੜਨਾ ਤੇ ਦੂਸਰਾ ਪਿਤਾ ਲੱਖਾ ਸਿੰਘ ਦਾ ਸ਼ਰਾਬੀ ਹੋਣਾ ਦੋ ਅਜਿਹੇ ਵੱਡੇ ਕਾਰਨ ਹਨ ਜੋ ਉਸ ਦੀ ਸਮਾਜਿਕ ਸਥਿਤੀ ਨੂੰ ਨਿਘਾਰ ਵੱਲ ਲਿਜਾ ਰਹੇ ਹਨ। ਇਨ੍ਹਾਂ ਦੋ ਕਾਰਨਾਂ ਕਰ ਕੇ ਹੀ ਗਿੰਦਰ ਦਾ ਵਿਆਹ ਨਹੀਂ ਹੋ ਸਕਿਆ। ਜਿਸ ਕਾਰਨ ਗਿੰਦਰ ਮਾਨਸਿਕ ਸੰਤਾਪ ਦਾ ਵੀ ਸ਼ਿਕਾਰ ਹੁੰਦਾ ਹੈ।

ਹਰਵਿੰਦਰ ਕੌਰ ਢਿੱਲੋਂ ਆਪਣੀ ਪੁਸਤਕ *'ਪੰਜਾਬੀ ਨਾਵਲ ਤੇ ਦੁਆਬੀ ਸਭਿਆਚਾਰ'* 'ਚ ਲਿਖਦੀ ਹੈ ਕਿ, "ਪਰਵਾਨਾ ਨੇ ਨਾਵਲ ਵਿੱਚ ਜੱਟ ਕਿਸਾਨੀ ਦੀ ਸਮਾਜਿਕ, ਆਰਥਿਕ ਸਥਿਤੀ ਦੀ ਪੇਸ਼ਕਾਰੀ ਕੀਤੀ ਹੈ। ਗ੍ਰਾਮ ਸਮਾਜ ਵਿੱਚ ਭੂਮੀ ਦੀ ਮਾਲਕੀਅਤ ਦਾ ਅਧਿਕਾਰ ਜੱਟਾਂ ਨੂੰ ਪ੍ਰਾਪਤ ਹੈ। ਇਸ ਨਾਲ ਉਨ੍ਹਾਂ ਦੀ ਸਮਾਜਿਕ, ਆਰਥਿਕ, ਰਾਜਨੀਤਿਕ ਹੈਸੀਅਤ ਜੁੜੀ ਹੋਈ ਹੈ। ਹੈਸੀਅਤ ਹੀ ਕੁੜਮਚਾਰੀ ਦੇ ਸੰਬੰਧਾਂ ਦਾ ਆਧਾਰ ਬਣਦੀ ਹੈ। ਘੱਟ ਜ਼ਮੀਨ ਦੇ ਮਾਲਕ ਕਿਸਾਨ ਪਰਿਵਾਰਾਂ ਦੇ ਮੁੰਡਿਆਂ ਦੇ ਵਿਆਹ ਹੋਣੇ ਮੁਸ਼ਕਿਲ ਹੋ ਜਾਂਦੇ ਹਨ, ਜੋ ਉਨ੍ਹਾਂ ਲਈ ਸਮਾਜਿਕ ਨਮੋਸ਼ੀ ਦਾ ਕਾਰਨ ਬਣਦੇ ਹਨ।" (131)

ਕਿਸਾਨੀ ਸਮਾਜ 'ਚ ਜ਼ਮੀਨੀ ਪ੍ਰਬੰਧ ਹੀ ਕਿਸਾਨੀ ਦੀ ਸਮਾਜਿਕ, ਆਰਥਿਕ ਸਥਿਤੀ ਨਿਰਧਾਰਿਤ ਕਰਦਾ ਹੈ। ਪਰ ਕਿਸਾਨੀ ਦੀ ਆਰਥਿਕ ਸਥਿਤੀ ਮਾੜੀ ਹੋਣ ਕਾਰਨ ਸਮਾਜਿਕ ਪੱਧਰ ਵੀ ਡਾਵਾਂਡੋਲ ਹੋ ਜਾਂਦਾ ਹੈ। ਮਾੜੇ ਆਰਥਿਕ ਪ੍ਰਬੰਧ ਜਾਂ ਘੱਟ ਜ਼ਮੀਨ ਹੋਣ ਕਾਰਨ ਕਈ ਵਾਰ ਕਿਸਾਨਾਂ ਦੇ ਮੁੰਡਿਆਂ ਦੇ ਵਿਆਹ ਹੋਣੇ ਮੁਸ਼ਕਿਲ ਹੋ ਜਾਂਦੇ ਹਨ, ਜੋ ਉਨ੍ਹਾਂ ਲਈ ਸਮਾਜਿਕ, ਮਾਨਸਿਕ ਨਮੋਸ਼ੀ ਦਾ ਕਾਰਨ ਬਣਦੇ ਹਨ। ਕੇਵਲ ਵਿਆਹ ਨਾ ਹੋਣਾ ਹੀ ਨਹੀਂ ਸਗੋਂ ਕਈ ਵਾਰ ਧੀਆਂ ਦੇ ਵਿਆਹ ਕਰਨ ਲਈ ਵੀ ਕਰਜ਼ਾ ਲੈਣਾ ਜਾਂ ਜ਼ਮੀਨ ਨੂੰ ਬੈਅ ਕਰਨਾ ਪੈਂਦਾ ਹੈ। ਪਰਵਾਨਾ ਨੇ ਵੀ ਨਾਵਲ *'ਨਿੱਕੇ ਨਿੱਕੇ ਯੁੱਧ'* ਰਾਹੀਂ ਇਹ ਦੱਸਣ ਦੀ ਕੋਸ਼ਿਸ਼ ਕੀਤੀ ਹੈ ਕਿ ਕਿਵੇਂ ਗਿੰਦਰ ਦੀ ਭੈਣ ਗਿੰਦਰੋ ਦੇ ਵਿਆਹ ਲਈ ਪਹਿਲਾ ਕਰਜ਼ਾ ਲੈਣਾ ਪੈਂਦਾ ਹੈ ਫਿਰ ਕਰਜ਼ਾ ਉਤਾਰਨ ਲਈ ਜ਼ਮੀਨ ਨੂੰ ਬੈਅ ਕਰਨਾ ਪੈਂਦਾ ਹੈ। ਜਿਵੇਂ:

"ਗਿੰਦਰੋ ਦਾ ਵਿਚੋਲਾ ਟੱਕਰਿਆ ਸੀ ਅੱਜ ਹਾਜੀਪੁਰ ਬਾਜ਼ਾਰ 'ਚ ਕਹਿੰਦਾ ਇੱਕ ਦੋ ਦਿਨਾਂ ਤੱਕ ਮੈਂ ਆਵਾਂਗਾ। ਉਹ ਦੇ ਸਹੁਰੇ ਮੱਘਰ ਦਾ ਵਿਆਹ ਮੰਗਦੇ ਐ।" ਲੱਖੇ ਨੇ ਸੋਫੇ ਕੋਲ ਮੰਜੇ 'ਤੇ ਬਹਿੰਦਿਆਂ ਕਿਹਾ। ਸ਼ਹਿਰ ਸੌਦਾ ਪੱਤਾ ਲੈਣ ਗਿਆ ਉਹ ਹੁਣੇ ਹੀ ਮੁੜਿਆ ਸੀ।

"ਕਰਨਾ ਤਾਂ ਹੈ ਈ, ਦੋ ਮਹੀਨੇ ਠਹਿਰ ਕੇ ਵੀ ਤੇ ਹੁਣ ਵੀ......ਜਦੋਂ ਦਾ ਆਂਹਦੇ ਐ ਕਰ ਦਿੰਦੇ ਹਾਂ......।"

"ਪਰ ਪੈਸਿਆਂ ਦਾ ਕੀ ਬਣੂੰ?"

"ਉਹ ਦੋ-ਚਾਰ ਜਾਂ ਛੇ ਮਹੀਨੇ ਠਹਿਰ ਕੇ ਵੀ ਕਿਥੋਂ ਆਉਣੈ ਆ? ਵੇਚਣੀ ਤਾਂ ਜ਼ਮੀਨ ਹੀ ਹੈ......ਉਹ ਹੁਣੇ ਵੇਚ ਦਿੰਦੇ ਹਾਂ। ਨਾਲੇ ਉਨ੍ਹਾਂ ਦੀ ਗੱਲ ਰਹਿ ਜਾਊ।"

"ਵਿਆਹ ਤਾਂ ਆਪਾਂ ਫੜ ਦੜ ਕੇ ਭੁਗਤਾ ਦਿੰਦੇ ਹਾਂ। ਜ਼ਮੀਨ ਛੇ ਮਹੀਨੇ ਠਹਿਰ ਕੇ ਵੇਚ ਦਿਆਂਗੇ।......ਗੱਲ ਰਹਿ ਜਾਊ। ਨਹੀਂ ਤਾਂ ਹਰ ਇੱਕ ਨੇ ਇਹੀ ਆਖਣਾ ਪਈ ਜ਼ਮੀਨ ਵੇਚ ਕੇ ਵਿਆਹ ਕੀਤਾ।"

"ਉਦਾਂ ਕਿਹੜਾ ਨਹੀਂ ਕਹਿਣਾ। ਤੇ ਨਾਲੇ ਸਾਡੇ ਘਰ ਦੀ ਹਾਲਤ ਪਤਾ ਨਹੀਂ? ਪਹਿਲਾ ਉਧਾਰ ਲਉ ਸੌ ਦੀ ਚੀਜ਼ ਸਵਾ ਸੌ 'ਚ......ਤੇ ਮਿੰਨਤਾਂ ਵੱਖਰੀਆਂ ਛੱਤੀ ਬੰਦਿਆਂ ਅੱਗੇ ਦੰਦ ਘਸਾਓ......ਨਹੀਂ ਇਹ ਨਹੀਂ ਕਰਨਾ। ਤੂੰ ਰੋਹੀ ਵੱਲ ਦੀ ਚਾਰ ਕਨਾਲ਼ਾਂ ਦਾ ਸੌਦਾ ਮਾਰ। ਸੋਲ੍ਹਾਂ ਸਤਾਰਾਂ ਹਜ਼ਾਰ ਵੀ ਵਟਿਆਂ ਜਾਵੇ ਤਾਂ ਵਿਆਹ ਭੁਗਤ ਜਾਊ।"

"ਜ਼ਮੀਨ ਪਹਿਲਾ ਵੇਚੀ ਤਾਂ ਸ਼ਰੀਕਾਂ 'ਚ ਹੋਏ ਹੋਏ ਬੜੀ ਹੋਣੀ ਐ..।"

"ਅੱਗੇ ਝੰਡੇ ਝੁੱਲਦੇ ਹੋਣੇ ਐ। ਬਾਰਾਂ ਕਿੱਲਿਆਂ 'ਚੋਂ ਰਹਿ ਤਾਂ ਇਹੀ ਢਾਈ ਕਿੱਲੇ ਗਏ ਨਾ।" ਗੱਲ ਮੂੰਹੋਂ ਨਿਕਲ ਗਈ ਤਾਂ ਗਿੰਦਰ ਨੂੰ ਅਹਿਸਾਸ ਹੋਇਆ ਕਿ ਉਹ ਐਵੇਂ ਚੱਲਦੀ ਗੱਲ ਨੂੰ ਤਲਖ਼ ਮੋੜ ਦੇ ਬੈਠਿਆ ਹੈ।

ਫਿਰ ਉਸ ਨੇ ਗੱਲ ਮੋੜਨ ਦਾ ਯਤਨ ਕੀਤਾ, "ਦੋ ਚਹੁੰਆਂ ਨੂੰ ਕਹਿ ਛੱਡ......ਅਜੇ ਦੋ ਮਹੀਨੇ ਪਏ ਐ...ਸ਼ਾਇਦ ਚਾਰ ਪੈਸੇ ਵੱਧ ਮਿਲ ਜਾਣ।" (ਪਰਵਾਨਾ, "ਨਿੱਕੇ ਨਿੱਕੇ ਯੁੱਧ" 31)

ਗਿੰਦਰ ਦੇ ਪਰਿਵਾਰ ਨੂੰ ਗਿੰਦਰੋ ਦਾ ਵਿਆਹ ਕਰਨ ਲਈ ਕੇਵਲ ਕਰਜ਼ਾ ਹੀ ਲੈਣਾ ਨਹੀਂ ਪੈਂਦਾ ਸਗੋਂ ਜ਼ਮੀਨ ਵੀ ਵੇਚਣੀ ਪੈਂਦੀ ਹੈ। ਕਿਸਾਨੀ ਪਰਿਵਾਰ ਨੂੰ ਕੇਵਲ ਮੁੰਡੇ ਦੇ ਵਿਆਹ ਲਈ ਨਮੋਸ਼ੀ ਦਾ ਸ਼ਿਕਾਰ ਨਹੀਂ ਹੋਣਾ ਪੈਂਦਾ ਸਗੋਂ ਧੀ ਦੇ ਵਿਆਹ ਸਮੇਂ ਵੀ ਅਜਿਹੀ ਹੀ ਸਥਿਤੀ ਬਰਕਰਾਰ ਰਹਿੰਦੀ ਹੈ। ਅਜਿਹੀ ਹੀ ਨਮੋਸ਼ੀ ਦਾ ਸ਼ਿਕਾਰ ਗਿੰਦਰ ਦਾ ਪਰਿਵਾਰ ਵੀ ਹੁੰਦਾ ਹੈ। ਆਰਥਿਕ ਸਥਿਤੀ ਉਚੇਰੀ ਨਾ ਹੋਣ ਕਾਰਨ ਗਿੰਦਰ ਦੇ ਪਰਿਵਾਰ ਨੂੰ ਮਜਬੂਰਨ ਜ਼ਮੀਨ ਵੇਚਣੀ ਪੈਂਦੀ ਹੈ।

ਡਾ. ਸੁਖਦੇਵ ਸਿੰਘ ਨੇ (ਅਰਥ-ਸ਼ਾਸਤਰ ਵਿਭਾਗ, ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ, 22 ਜੁਲਾਈ 2016 ਨੂੰ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵਿਖੇ ਹੋਈ ਮੁਲਾਕਾਤ ਸਮੇਂ) ਕਿਸਾਨੀ ਦੀ ਆਰਥਿਕ, ਸਮਾਜਿਕ ਸਥਿਤੀ ਬਾਰੇ ਵਿਚਾਰ ਚਰਚਾ ਕਰਦਿਆਂ ਦੱਸਿਆ ਕਿ ਹਰੀ ਕ੍ਰਾਂਤੀ ਦੀ ਆਮਦ ਨੇ ਕਿਸਾਨੀ ਜੀਵਨ ਦੀ ਮੱਠੀ ਤੋਰ ਨੂੰ ਤੇਜ਼ ਰਫ਼ਤਾਰ 'ਚ ਤੋਰਨਾ ਸ਼ੁਰੂ ਕਰ ਦਿੱਤਾ। ਜਿਸ ਕਾਰਨ ਕਿਸਾਨਾਂ ਸਿਰ ਕਰਜ਼ਾ ਚੜ੍ਹਨ ਲੱਗਾ। ਤੇਜ਼ ਹੁੰਦੀ ਕਰਜ਼ੇ ਦੀ ਇਸ ਪ੍ਰਕਿਰਿਆ ਨੂੰ ਸਿਰੋਂ ਉਤਾਰਨ ਲਈ ਜ਼ਮੀਨਾਂ ਵੇਚਣੀਆਂ ਆਰੰਭ ਕਰ ਦਿੱਤੀਆਂ। ਕਿਸਾਨਾਂ ਵੱਲੋਂ ਜ਼ਮੀਨ ਵੇਚਣ ਦਾ ਮੁੱਖ ਕਾਰਨ ਆਰਥਿਕ ਸਥਿਤੀ ਚੰਗੀ ਨਾ ਹੋਣਾ ਅਤੇ ਆਪਣੀ ਆਰਥਿਕ ਅਤੇ ਸਮਾਜਿਕ ਸਥਿਤੀ ਉਚੇਰੀ ਕਰਨ ਲਈ ਜਾਂ ਫਿਰ ਮੁੰਡੇ ਕੁੜੀਆਂ ਦੇ ਵਿਆਹ ਕਰਨ ਲਈ ਜ਼ਮੀਨ ਵੇਚਣ ਦੀ ਪ੍ਰਕਿਰਿਆ ਆਰੰਭ ਹੋਈ।

ਹਰੀ ਕ੍ਰਾਂਤੀ ਦੇ ਆਉਣ ਨਾਲ ਖੇਤੀ ਪ੍ਰਬੰਧ ਵਿੱਚ ਬਹੁਤ ਸਾਰੀਆਂ ਤਬਦੀਲੀਆਂ ਵਾਪਰੀਆਂ। ਪਰ ਇਸ ਦੇ ਨਾਲ ਹੀ ਪੰਜਾਬੀ ਰਿਸ਼ਤਾ ਪ੍ਰਬੰਧ ਵਿੱਚ ਵੀ ਬਦਲਾਅ ਆਉਣੇ ਸ਼ੁਰੂ ਹੋ ਗਏ। ਰਿਸ਼ਤੇ ਨਾਤੇ ਆਪਸੀ ਪਿਆਰ ਤੋਂ ਸੱਖਣੇ ਅਤੇ ਤਿੜਕਣ ਲੱਗੇ। ਪਹਿਲਾ ਅਜਿਹੀ ਆਪਸੀ ਸਾਂਝ ਅਤੇ ਪਿਆਰ ਨਾ ਰਿਹਾ। ਜਦੋਂ ਕਿ ਸੱਠਵਿਆਂ ਤੋਂ ਪਹਿਲਾ ਪਰਿਵਾਰਕ

ਰਿਸ਼ਤੇ ਨਾਤਿਆਂ 'ਚ ਇੰਨੀ ਆਪਸੀ ਸਾਂਝ ਅਤੇ ਪਿਆਰ ਸੀ ਕਿ ਹਰ ਦੁੱਖ-ਸੁੱਖ ਸਮੇਂ ਇੱਕ ਦੂਸਰੇ ਦਾ ਸਾਥ ਦਿੱਤਾ ਜਾਂਦਾ ਸੀ। ਤਿੜਕ ਰਹੇ ਰਿਸ਼ਤੇ ਨਾਤਿਆਂ ਦੀ ਉਦਾਹਰਨ ਨਾਵਲ *'ਆਪਣੇ ਆਪਣੇ ਮੋਰਚੇ'* 'ਚੋਂ ਦੇਖ ਸਕਦੇ ਹਾਂ ਜਿਵੇਂ:

> "ਉਸ ਨੇ ਤਾਂ ਬੱਸ ਇੰਨਾ ਕਿਹਾ ਸੀ, "ਕਾਂਤਾ ਭੋਲੀ ਨੂੰ ਲੈ ਆਈਏ? ਉਸ ਨੇ ਗਿਆਰ੍ਹਵੀਂ 'ਚ ਦਾਖ਼ਲਾ ਤਾਂ ਕਿਤੇ ਨਾ ਕਿਤੇ ਲੈਣਾ ਹੀ ਹੈ.....ਇੱਥੇ ਕਿਸੇ ਚੰਗੇ ਸਕੂਲ 'ਚ ਪੜ੍ਹ ਜਾਵੇਗੀ, ਨਾਲੇ ਮਾਂ ਨੂੰ ਆਸਰਾ ਹੋਜੂ।"
>
> "ਐਵੇਂ ਨਹੀਂ ਕਿਸੇ ਦੇ ਧੀ ਪੁੱਤ ਨੂੰ ਸਿਰ ਚੁੱਕ ਕੇ ਲਿਆਈ ਦਾ......ਆਂਟੀ ਦੀ ਜ਼ਿੰਮੇਵਾਰੀ ਤਾਂ ਪਤਾ ਨਹੀਂ ਘਟਦੀ ਵੀ ਐ ਕਿ ਨਹੀਂ, ਪਰ ਨਵੀਂ ਜ਼ਿੰਮੇਵਾਰੀ ਪੈ ਜਾਵੇਗੀ।" (ਪਰਵਾਨਾ, "ਆਪਣੇ ਆਪਣੇ ਮੋਰਚੇ" 57)

ਤਿੜਕ ਰਹੇ ਰਿਸ਼ਤੇ ਨਾਤਿਆਂ ਦੀ ਇੱਕ ਹੋਰ ਉਦਾਹਰਨ ਨਾਵਲ *'ਨਿੱਕੇ ਨਿੱਕੇ ਯੁੱਧ'* ਵਿੱਚੋਂ ਦੇਖ ਸਕਦੇ ਹਾਂ ਜਿਵੇਂ:

> "ਜ਼ਿੰਦਗੀ ਮੇਰੇ ਨਾਲ ਕਿਹੋ ਜਿਹੇ ਮਜ਼ਾਕ ਖੇਡ ਰਹੀ ਐ। ਕਦੀ-ਕਦੀ ਉਹ ਆਪਣੀ ਇੱਕਲਤਾ 'ਚ ਸੋਚਦਾ, "ਕਿੰਨੇ ਛਲਾਵੇ ਦਿਖਾਉਂਦੀ ਐ ਪਰ ਹਕੀਕਤ 'ਚ ਕੁੱਝ ਵੀ ਨਹੀਂ।" ਅਜਿਹੇ ਉਦਾਸ ਪਲਾਂ ਵੇਲੇ ਸਾਹਿਤ ਹੀ ਉਸ ਦੀ ਰਾਹਤ ਬਣਦਾ। ਸਾਹਿਤ ਉਸ ਲਈ ਡੀ. ਐਮ. ਸੀ. 'ਚ ਵੀ ਸਹਾਈ ਬਣਿਆ, ਸਗੋਂ ਪਾਰਟੀ ਦੇ ਕਾਮਰੇਡਾਂ ਨਾਲੋਂ ਵੀ ਵਧੇਰੇ। ਪਾਰਟੀ ਵੱਲੋਂ ਤਾਂ ਕਾਮਰੇਡ ਗੁਰਮੇਲ ਨੇ ਇੱਕ ਵਾਰ ਦੱਬੀ ਜਿਹੀ ਜੀਭ ਨਾਲ ਕਿਹਾ ਸੀ, "ਜੇ ਕੋਈ ਲੋੜ ਹੋਈ ਤਾਂ ਦੱਸੀ ਮੁਸੀਬਤ ਵੇਲੇ ਆਪਣੇ ਹੀ ਕੰਮ ਆਉਂਦੇ ਐ।" ਮੁੜ ਉਸ ਨੇ ਹਾਲਚਾਲ ਤਾਂ ਕਈ ਵਾਰ ਸਰਸਰੀ ਜਿਹੇ ਪੁੱਛਿਆ, ਪਰ ਕਦੀ ਇਹ ਨਹੀਂ ਕਿਹਾ ਕਿ ਬਹੁਤ ਪੈਸੇ ਲੱਗਦੇ ਹੋਣੇ ਐ। ਪੰਜ ਦਸ ਹਜ਼ਾਰ ਆਹ ਲੈ, ਫੜ ਜਦੋਂ ਹੋਏ ਮੋੜ ਦੇਵੀਂ। ਇੱਕ ਵਾਰ ਸਰਵਣ ਉਸ ਨਾਲ ਡੀ. ਐਮ. ਸੀ. ਤੱਕ ਨਾਲ ਗਿਆ ਸੀ, ਜਦੋਂ ਉਹ ਪਹਿਲੀ ਵਾਰ ਚੈੱਕਅੱਪ ਕਰਵਾਉਣ ਗਏ ਸਨ ਕਾਰ ਲੈ ਕੇ। ਸ਼ਰੀਕੇ ਵਾਲਿਆਂ ਵੀ ਬੱਸ ਹਾਲ ਚਾਲ ਪੁੱਛ ਕੇ ਸਾਰ ਲਿਆ ਸੀ।" (ਪਰਵਾਨਾ, "ਨਿੱਕੇ ਨਿੱਕੇ ਯੁੱਧ" 74)

ਸੱਠਵਿਆਂ ਤੋਂ ਪਹਿਲਾ ਸਾਰੇ ਆਪਸ ਵਿੱਚ ਮਿਲ ਜੁਲ ਕੇ ਰਹਿੰਦੇ ਸਨ ਪਰ ਹੁਣ ਹਾਲਾਤ ਬਦਲ ਗਏ ਹਨ। ਗਿੰਦਰ ਦੇ ਕਹਿਣ 'ਤੇ ਕਿ ਭੋਲੀ ਨੂੰ ਆਪਾਂ ਆਪਣੇ ਕੋਲ ਲੈ ਆਈਏ ਨਾਲੇ ਮਾਂ ਦੀ ਦੇਖ ਰੇਖ ਹੋ ਜਾਉ। ਪਰ ਕਾਂਤਾ ਇਸ ਗੱਲ ਤੋਂ ਸਾਫ਼ ਇਨਕਾਰ ਕਰ ਦਿੰਦੀ ਹੈ। ਉਹ ਭੋਲੀ ਦੇ ਘਰ ਆਉਣ ਨੂੰ ਵਾਧੂ ਖਿਲਾਰਾ ਅਤੇ ਜ਼ਿੰਮੇਵਾਰੀ ਸਮਝਦੀ ਹੈ। ਰਿਸ਼ਤੇ ਨਾਤਿਆਂ 'ਚ ਹੀ ਨਹੀਂ ਸਗੋਂ ਇਸ ਦੌਰ ਨੇ ਪਤੀ ਪਤਨੀ ਦੇ ਰਿਸ਼ਤੇ 'ਚ ਵੀ ਕੜਵਾਹਟ ਪੈਦਾ ਕਰ ਦਿੱਤੀ ਹੈ। ਗਿੰਦਰ ਅਤੇ ਕਾਂਤਾ ਦਾ ਰਿਸ਼ਤਾ ਵੀ ਆਪਸੀ ਪਿਆਰ ਤੇ ਸਾਂਝ ਤੋਂ ਸੱਖਣਾ ਹੈ। ਗਿੰਦਰ ਦੇ ਪਿਤਾ ਲੱਖਾ ਸਿੰਘ ਦਾ ਹਸਪਤਾਲ ਵਿੱਚ ਦਾਖ਼ਲ ਹੋਣ 'ਤੇ ਕਿਸੇ ਨੇ ਵੀ ਗਿੰਦਰ ਦੀ ਡੱਟ ਕੇ ਸਹਾਇਤਾ ਨਹੀਂ ਕੀਤੀ ਸਗੋਂ ਸਾਰੇ ਸਰਸਰੀ ਜਿਹਾ ਹਾਲ ਚਾਲ ਪੁੱਛਦੇ

ਹਨ। ਸਾਰੇ ਇਹ ਜਾਣਦੇ ਹੋਏ ਕਿ ਗਿੰਦਰ ਦੀ ਆਰਥਿਕ ਸਥਿਤੀ ਚੰਗੀ ਨਹੀਂ ਫਿਰ ਵੀ ਕੋਈ ਆਰਥਿਕ ਸਹਾਇਤਾ ਕਰਨ ਲਈ ਅੱਗੇ ਨਹੀਂ ਆਉਂਦਾ।

> ਪ੍ਰੋ. ਕੁਲਵੰਤ ਸਿੰਘ ਸੰਧੂ ਦਾ ਵਿਚਾਰ ਹੈ ਕਿ, "ਪੈਸੇ ਦੀ ਸਰਦਾਰੀ ਤੇ ਰਿਸ਼ਤਿਆਂ ਦੀ ਟੁੱਟ ਭੱਜ ਦਾ ਹਰੇ ਇਨਕਲਾਬ ਦੀ ਆਮਦ ਤੋਂ ਬਾਅਦ ਹੀ ਜੀਵਨ ਦਾ ਹਿੱਸਾ ਬਣਦੀ ਹੈ। ਕਿਸਾਨੀ ਦੀ ਮਾਨਸਿਕਤਾ ਨੂੰ ਪੈਸਾ, ਕੀਮਤਾਂ 'ਤੇ ਆਧਾਰਿਤ ਕਰਨ ਵਿੱਚ ਮੋਹਰੀ ਭੂਮਿਕਾ ਨਿਭਾਉਂਦੀ ਹੈ।" ("ਕਾਲੇ ਦਿਨਾਂ ਦੀ ਦਾਸਤਾਨ", *ਐਤਵਾਰਤਾ, ਨਵਾਂ ਜ਼ਮਾਨਾ: ਜਲੰਧਰ,* 24 ਮਈ 2015, 3)

ਹਰੀ ਕ੍ਰਾਂਤੀ ਦੀ ਆਮਦ ਨੇ ਹਰ ਮਨੁੱਖ ਨੂੰ ਪੈਸੇ ਵੱਲ ਕੇਂਦਰਤ ਕਰ ਦਿੱਤਾ। ਜਿਸ ਕਾਰਨ ਕਿਸਾਨੀ ਜੀਵਨ ਦੀ ਮਾਨਸਿਕਤਾ ਤਾਂ ਬਦਲੀ ਨਾਲ ਹੀ ਰਿਸ਼ਤੇ ਨਾਤਿਆਂ 'ਚ ਵੀ ਤ੍ਰੇੜਾਂ ਆ ਗਈਆਂ। ਇਸੇ ਕਾਰਨ ਰਿਸ਼ਤਿਆਂ ਵਿਚਲੀ ਆਪਸੀ ਸਾਂਝ ਤੇ ਪਿਆਰ ਘਟਣਾ ਸ਼ੁਰੂ ਹੋ ਗਿਆ।

60ਵਿਆਂ ਤੋਂ ਪਹਿਲਾ ਪੰਜਾਬ ਦੇ ਪਿੰਡ ਇੱਕ ਸੰਪੂਰਨ ਇਕਾਈ ਸਨ। ਆਮ ਅਤੇ ਖ਼ਾਸ ਲੋੜ ਦੀ ਹਰ ਵਸਤੂ ਪਿੰਡ ਵਿੱਚੋਂ ਹੀ ਪ੍ਰਾਪਤ ਹੋ ਜਾਂਦੀ ਸੀ। ਪਰ 70ਵਿਆਂ ਤੋਂ ਬਾਅਦ ਪਿੰਡਾਂ ਵਿੱਚ ਅਨੇਕਾਂ ਤਬਦੀਲੀਆਂ ਆਈਆਂ। ਪੰਜਾਬ ਦੇ ਲੋਕ ਆਪਣੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਪਿੰਡ ਉੱਪਰ ਨਿਰਭਰ ਹੋਣ ਦੀ ਬਜਾਇ ਸ਼ਹਿਰ ਵੱਲ ਕੇਂਦਰਿਤ ਹੋਣ ਲੱਗੇ। ਪਿੰਡਾਂ ਦੀਆਂ ਗਲੀਆਂ ਨਾਲੀਆਂ ਪੱਕੀਆਂ ਹੋਣ ਲੱਗੀਆਂ ਅਤੇ ਪਿੰਡਾਂ ਵਿੱਚ ਬਿਜਲੀ ਆਉਣੀ ਆਰੰਭ ਹੋ ਗਈ।

ਇਸੇ ਦੀ ਇੱਕ ਉਦਾਹਰਨ ਨਾਵਲ *'ਨਿੱਕੇ ਨਿੱਕੇ ਯੁੱਧ'* ਵਿੱਚੋਂ ਦੇਖ ਸਕਦੇ ਹਾਂ ਜਿਵੇਂ:

> "ਗਲੀਆਂ ਨਾਲੀਆਂ ਪੱਕੀਆਂ ਹੋ ਰਹੀਆਂ ਸਨ। ਜਿਨ੍ਹਾਂ ਘਰਾਂ ਦੇ ਮੂਹਰਿਉ ਨਾਲੀ ਬਣ ਰਹੀ ਹੁੰਦੀ ਜਾਂ ਗਲੀ 'ਚ ਇੱਟਾਂ ਲੱਗ ਰਹੀਆਂ ਹੁੰਦੀਆਂ, ਉਹ ਪਰਿਵਾਰ ਵੀ ਮਜ਼ਦੂਰਾਂ ਦੇ ਨਾਲ ਲੱਗੇ ਹੁੰਦੇ। ਕੰਮ ਨਾਲੋਂ ਮੇਲੇ ਜਿਹੇ ਦਾ ਮਾਹੌਲ ਵੱਧ ਬਣਿਆ ਰਹਿੰਦਾ ਸੀ, ਉਤਸ਼ਾਹ ਭਰਪੂਰ। ਨੌਜੁਵਾਨ ਸਭਾ ਵਾਲੇ ਮੁੰਡੇ ਹਰ ਰੋਜ਼ ਹੀ ਪੰਜ-ਪੰਜ ਜਣੇ ਕੰਮ 'ਚ ਹੱਥ ਵਟਾਉਣ ਲਈ ਡਿਊਟੀ ਦਿੰਦੇ। ਕਾਮਰੇਡ ਗੁਰਮੇਲ ਤਾਂ ਅਕਸਰ ਰੋਜ਼ ਹੀ ਹੁੰਦਾ। ਸਰਪੰਚ ਇੱਕ ਦੋ ਪੰਚ। ਸਭ ਤੋਂ ਵੱਧ ਸ਼ਿਕਾਰੀ ਖ਼ੁਸ਼ ਸੀ, "ਗੰਦ ਨਿਕਲ ਗਿਆ ਪਿੰਡ ਦਾ ਬਰਸਾਤਾਂ 'ਚ ਤਾਂ ਗਲੀਆਂ 'ਚੋਂ ਚਿੱਕੜ ਨਹੀਂ ਸੀ ਸੁੱਕਦਾ। ਕੋਈ ਪ੍ਰਾਹੁਣਾ ਆਇਆ ਗਿਆ ਹੁੰਦਾ ਤਾਂ ਬੜੀ ਸ਼ਰਮ ਆਉਂਦੀ ਸੀ।" (ਪਰਵਾਨਾ, "ਨਿੱਕੇ ਨਿੱਕੇ ਯੁੱਧ" 52)

ਗਿੰਦਰ ਦੇ ਪਿੰਡ ਵਿੱਚ ਆਈਆਂ ਤਬਦੀਲੀਆਂ ਨੂੰ ਪਰਵਾਨਾ ਨੇ ਬੜੀ ਹੀ ਸ਼ਿੱਦਤ ਨਾਲ ਪੇਸ਼ ਕੀਤਾ ਹੈ। ਕਿਵੇਂ ਪਿੰਡ ਦੀਆਂ ਗਲੀਆਂ ਨਾਲੀਆਂ ਪੱਕੀਆਂ ਹੋਣ 'ਤੇ ਲੋਕ ਖ਼ੁਸ਼ ਹਨ। ਇੱਥੇ ਹੀ ਪਰਵਾਨਾ ਨੇ ਗਿੰਦਰ ਵਰਗੇ ਪਾਤਰ ਰਾਹੀਂ ਇਹ

ਦੱਸਣ ਦੀ ਸਫਲ ਕੋਸ਼ਿਸ਼ ਕੀਤੀ ਹੈ ਕਿ ਕਿਵੇਂ ਗਿੰਦਰ ਆਪਣੀ ਆਰਥਿਕ ਸਥਿਤੀ ਨੂੰ ਚੰਗਾ ਕਰਨ ਲਈ ਕਿਸੇ ਨੌਕਰੀ ਦੀ ਭਾਲ ਲਈ ਸ਼ਹਿਰ ਵਿੱਚ ਰੁਜ਼ਗਾਰ ਲੱਭਦਾ ਅਤੇ ਉਸ ਕਿੱਤੇ ਨੂੰ ਅਪਣਾਉਂਦਾ ਹੈ। ਗਿੰਦਰ ਪਿੰਡ ਦੀ ਪ੍ਰਕਿਰਿਆ ਵਿਚੋਂ ਬਾਹਰ ਨਿਕਲ ਕੇ ਸ਼ਹਿਰ ਜਾ ਕੇ ਪੱਤਰਕਾਰੀ ਦੇ ਕਿੱਤੇ ਨੂੰ ਅਪਣਾਉਂਦਾ ਹੋਇਆ ਭਰਪੂਰ ਹੋ ਕੇ ਜ਼ਿੰਦਗੀ ਜਿਊਂਦਾ ਹੈ।

> ਬਲਬੀਰ ਪਰਵਾਨਾ ਆਪਣੇ ਲੇਖ *"ਮੇਰੇ ਨਾਵਲਾਂ ਦੇ ਸਿਰਜਨਾਤਮਕ ਆਧਾਰ 'ਤੇ ਵਿਚਾਰਧਾਰਕ ਪਿੱਠ ਭੂਮੀ"* ਵਿਚ ਲਿਖਦਾ ਹੈ ਕਿ, "ਨਾਵਲ *'ਨਿੱਕੇ ਨਿੱਕੇ ਯੁੱਧ'* ਜਦੋਂ ਮੈਂ ਲਿਖਣਾ ਸ਼ੁਰੂ ਕੀਤਾ ਤਾਂ ਮੇਰੇ ਮਨ 'ਚ ਪੰਜਾਬ ਦੇ ਬਦਲੇ ਹੋਏ ਪਿੰਡ 'ਤੇ ਇਸ ਤਬਦੀਲੀ ਨੇ ਭਰਪੂਰ ਹੋ ਕੇ ਜੀਊਣ ਦੀਆਂ ਜਿਹੜੀਆਂ ਸੰਭਾਵਨਾਵਾਂ ਪੈਦਾ ਕੀਤੀਆਂ, ਇਹ ਚਿਤਰਨ ਦਾ ਮੁੱਖ ਫੋਕਸ ਸੀ। ਸੱਠਵਿਆਂ ਤੋਂ ਸ਼ੁਰੂ ਹੋਏ ਹਰੇ ਇਨਕਲਾਬ ਨਾਲ ਪੰਜਾਬ ਦੀ ਰਵਾਇਤੀ ਪੇਂਡੂ ਰਹਿਤਲ ਦੀ ਤੋਰ 'ਚ ਵੱਡਾ ਬੰਨ੍ਹ ਮਾਰਿਆ ਗਿਆ। ਇਸ ਨਾਲ ਪੰਜਾਬੀ ਸਮਾਜ 'ਚ ਖ਼ੁਸ਼ਹਾਲੀ ਤਾਂ ਆਈ ਨਾਲ ਦੀ ਨਾਲ ਸਮਾਜਕ ਸਭਿਆਚਾਰ 'ਚ ਮਾਨਸਿਕ ਤੌਰ 'ਤੇ ਵੀ ਵੱਡੀ ਉਥੱਲ ਪੁੱਥਲ ਮਚੀ।" (*ਸਿਰਜਣ ਪ੍ਰਕਿਰਿਆ,* ਅਕਤੂਬਰ-ਦਸੰਬਰ 2013, 16)

ਪਰਵਾਨਾ ਨੇ 60ਵਿਆਂ ਤੋਂ ਬਾਅਦ ਆਏ ਪਿੰਡਾਂ ਵਿਚਲੇ ਸਭਿਆਚਾਰਕ, ਆਰਥਿਕ, ਸਮਾਜਿਕ, ਮਾਨਸਿਕ ਬਦਲਾਵਾਂ ਨੂੰ ਦ੍ਰਿਸ਼ਟੀਮਾਨ ਕੀਤਾ ਹੈ। ਇਨ੍ਹਾਂ ਬਦਲਾਵਾਂ ਕਾਰਨ ਪੰਜਾਬੀ ਮਨੁੱਖ ਨੇ ਆਪਣੀ ਜ਼ਿੰਦਗੀ ਨੂੰ ਭਰਪੂਰ ਹੋ ਕੇ ਜਿਊਣਾ ਆਰੰਭ ਕਰ ਦਿੱਤਾ। ਕਈ ਖੇਤਰਾਂ ਵਿੱਚ ਨੌਜੁਆਨਾਂ ਨੂੰ ਰੁਜ਼ਗਾਰ ਦੇ ਸਾਧਨ ਵੀ ਪ੍ਰਾਪਤ ਹੋਏ।

ਹਰੀ ਕ੍ਰਾਂਤੀ ਦੇ ਆਉਣ ਨਾਲ ਪਿੰਡਾਂ ਵਿੱਚਲੇ ਰਸਮਾਂ ਰਿਵਾਜ਼ਾਂ ਵਿੱਚ ਵੀ ਬਦਲਾਅ ਆਉਂਦਾ ਹੈ। ਇਸ ਨਾਲ ਪੰਜਾਬੀ ਜੀਵਨ ਵਿੱਚ ਰੂੜ੍ਹ ਹੋ ਚੁੱਕੀਆਂ ਰਸਮਾਂ ਰਿਵਾਜ਼ਾਂ ਦਾ ਟੁੱਟਣਾ ਆਰੰਭ ਹੁੰਦਾ ਹੈ। ਨਵੇਂ ਰਸਮਾਂ ਰਿਵਾਜ਼ਾਂ ਦਾ ਉਦੈ ਹੁੰਦਾ ਹੈ। ਇਸ ਦਾ ਨਮੂਨਾ ਨਾਵਲ *'ਨਿੱਕੇ ਨਿੱਕੇ ਯੁੱਧ'* ਵਿੱਚੋਂ ਦੇਖ ਸਕਦੇ ਹਾਂ ਜਿਵੇਂ:

> "ਗਿੰਦਰੋ ਦਾ ਵਿਆਹ ਕਈ ਗੱਲਾਂ ਕਰ ਕੇ ਪਿੰਡ 'ਚ ਚਰਚਾ 'ਚ ਆ ਗਿਆ। ਇੱਕ ਤਾਂ ਵਿਆਹ 'ਤੇ ਆਏ ਗਿੰਦਰ ਦੇ ਕਾਮਰੇਡ ਦੋਸਤ ਮੁੰਡਿਆ ਨੇ ਇੰਨੇ ਸਲੀਕੇ ਨਾਲ ਬਰਾਤ ਦੀ ਸੇਵਾ ਤੇ ਹੋਰ ਦੂਸਰੇ ਕੰਮਾਂ ਨੂੰ ਸੰਭਾਲਿਆ ਕਿ ਕਿਤੇ ਕੋਈ ਅਣਗਹਿਲੀ ਹੋਈ ਹੀ ਨਾ। ਤੇ ਦੂਸਰਾ ਗਿੰਦਰੋ ਨੇ ਫੇਰੇ ਨੰਗੇ ਮੂੰਹ ਲਏ ਸੀ, ਇਸ ਲਈ ਗਿੰਦਰ ਨੇ ਭਾਵੇਂ ਪਹਿਲਾ ਉਸ ਦੇ ਸਹੁਰਿਆਂ ਨਾਲ ਸਲਾਹ ਕਰ ਕੇ ਉਨ੍ਹਾਂ ਦੀ ਰਜ਼ਾਮੰਦੀ ਲੈ ਲਈ ਸੀ। ਗਿੰਦਰੋ ਦਾ ਸਹੁਰਾ ਰਿਟਾਇਰਡ ਫ਼ੌਜੀ ਸੀ ਤੇ ਉਸ ਦਾ ਹੋਣ ਵਾਲਾ ਘਰਵਾਲਾ ਪੌਂਗ ਡੈਮ 'ਤੇ ਸਟੋਰ ਕੀਪਰ। ਦੋਹਾਂ ਨੂੰ ਕੁੱਝ-ਕੁੱਝ ਬਾਹਰ ਦੀ ਹਵਾ ਲੱਗੀ ਹੋਈ ਸੀ। ਸਹੁਰੇ ਨੇ ਸਗੋਂ ਖ਼ੁਸ਼ੀ ਨਾਲ ਸਵੀਕਾਰ ਕੀਤਾ, "ਬਹੁਤ ਸਾਰੀਆਂ ਰਸਮਾਂ ਤਾਂ ਹੁਣ ਫ਼ਜ਼ੂਲ ਦੀਆਂ ਬਣੀਆਂ ਹੋਈਆਂ ...ਚੰਗਾ ਹੀ ਹੈ ਇਨ੍ਹਾਂ ਤੋਂ ਖਹਿੜਾ ਛੁਡਾਇਆ ਜਾਵੇ।" (ਪਰਵਾਨਾ, "ਨਿੱਕੇ ਨਿੱਕੇ ਯੁੱਧ" 32)

ਇਸ ਤਰ੍ਹਾਂ ਗਿੰਦਰ ਦੀ ਭੈਣ ਦਾ ਵਿਆਹ ਫ਼ਜ਼ੂਲ ਦੀਆਂ ਰਸਮਾਂ ਰਿਵਾਜ਼ਾਂ ਤੋਂ ਬਿਨਾਂ ਹੋਇਆ। ਕਈ ਲੋਕ ਇਸ ਨਾਲ ਸਹਿਮਤ ਅਤੇ ਕਈ ਅਸਹਿਮਤ ਸਨ। ਪਰ ਸੱਚੀ ਗੱਲ ਤਾਂ ਇਹ ਹੈ ਕਿ ਸੱਠਵਿਆਂ ਤੋਂ ਬਾਅਦ ਪੰਜਾਬੀ ਸਭਿਆਚਾਰ ਨਾਲ ਜੁੜੇ ਫ਼ਜ਼ੂਲ ਦੇ ਰਸਮ ਰਿਵਾਜ ਪਿੱਛੇ ਧੱਕੇ ਜਾਣੇ ਆਰੰਭ ਹੋ ਗਏ। ਪੰਜਾਬੀ ਮਾਨਸਿਕਤਾ ਵਿਗਿਆਨਕ ਦ੍ਰਿਸ਼ਟੀ ਨਾਲ ਹਰ ਚੀਜ਼ ਨੂੰ ਸੋਚਣ ਵਿਚਾਰਨ ਲੱਗੀ।

ਹਰੀ ਕ੍ਰਾਂਤੀ ਤੋਂ ਪਹਿਲਾ ਪੰਜਾਬੀ ਜਨ ਜੀਵਨ ਕਰਮ ਧਰਮ ਨਾਲ ਜੁੜਿਆ ਹੋਇਆ ਸੀ। ਹਰ ਹੋਣੀ ਅਣਹੋਣੀ ਨੂੰ ਧਰਮ ਨਾਲ ਜੋੜ ਕੇ ਦੇਖਿਆ ਜਾਂਦਾ ਸੀ। ਪਰ ਹਰੇ ਇਨਕਲਾਬ ਤੋਂ ਬਾਅਦ ਇਹ ਭਰਮ ਟੁੱਟਣੇ ਆਰੰਭ ਹੋਏ। ਹਰ ਹੋਣੀ ਅਣਹੋਣੀ ਨੂੰ ਕਰਮ ਧਰਮ ਨਾਲ ਜੋੜ ਕੇ ਵੇਖਣ ਦੀ ਬਜਾਇ ਸਮਾਜਿਕ ਪ੍ਰਬੰਧ ਨਾਲ ਜੋੜ ਕੇ ਵੇਖਿਆ ਜਾਣ ਲੱਗਾ ਜਿਵੇਂ:

> "ਲੌਂਢੇ ਕੁਵੇਲੇ ਚੌਂਕੀਦਾਰ ਜਦੋਂ ਦੁਬਾਰਾ ਹੋਕਾ ਦੇਣ ਲੱਗਾ ਤਾਂ ਖੂਹ ਵਾਲੇ ਚੌਂਕ 'ਚ ਖੜੇ ਕਾਮਰੇਡ ਗੁਰਮੇਲ ਨੇ ਉਸ ਨੂੰ ਟੋਕਿਆ, "ਇਸ ਸੋਢੀ ਪਾਤਸ਼ਾਹ ਨੂੰ ਕਾਹਦੀ ਕਾਰ? ਜੇ ਇੰਝ ਟੂਣਿਆਂ ਨਾਲ ਪਸ਼ੂਆਂ ਦੀਆਂ ਬਿਮਾਰੀਆਂ ਠੀਕ ਹੋਣ ਲੱਗਣ ਤਾਂ ਸਰਕਾਰ ਨੂੰ ਪਸ਼ੂਆਂ ਦੇ ਹਸਪਤਾਲ ਖੋਲ੍ਹਣ ਦੀ ਕੀ ਲੋੜ ਐ...ਸਾਲੇ ਲੋਕਾਂ ਨੂੰ ਮੂਰਖ ਬਣਾ ਕੇ ਆਪਣਾ ਹਲਵਾ-ਮੰਡਾ ਚਲਾਉਂਦੇ ਐ।" (ਪਰਵਾਨਾ, "ਗਹਿਰ ਚੜ੍ਹੀ ਅਸਮਾਨ" 52)

ਨਾਵਲ 'ਚ ਲੋਕ ਸੋਢੀ ਪਾਤਸ਼ਾਹ ਦੁਆਰਾ ਕੀਤੀ ਜਾਂਦੀ ਕਈ ਸਾਲਾਂ ਤੋਂ ਲੁੱਟ ਦੇ ਖ਼ਿਲਾਫ਼ ਹੁੰਦੇ ਦਿਖਾਈ ਦਿੰਦੇ ਹਨ। ਟੂਣਿਆਂ ਵਹਿਮਾਂ ਭਰਮਾਂ ਨੂੰ ਨਕਾਰਦੇ ਪਸ਼ੂਆਂ ਦਾ ਹਸਪਤਾਲ ਤੋਂ ਇਲਾਜ ਕਰਵਾਉਂਦੀ ਵਿਗਿਆਨਕ ਦ੍ਰਿਸ਼ਟੀ ਨੂੰ ਪਹਿਲ ਦਿੰਦੇ ਹਨ।

ਬਲਬੀਰ ਪਰਵਾਨਾ '*ਹਾਸ਼ੀਆ ਲੋਕ*' 'ਚ ਲਿਖਦੇ ਹਨ ਕਿ, "ਇਸ ਨੇ ਪੰਜਾਬੀ ਮਾਨਸਿਕਤਾ 'ਚੋਂ ਧਰਮ ਦੀ ਅੰਧ ਵਿਸ਼ਵਾਸੀ ਜਕੜ ਨੂੰ ਤੋੜਿਆ। ਕਰਮ ਦੇ ਸਿਧਾਂਤ ਦਾ ਦਖ਼ਲ ਘਟਾਇਆ ਅਤੇ ਦੁੱਖਾਂ, ਮੁਸੀਬਤਾਂ, ਬੇਰੁਜ਼ਗਾਰੀ, ਗ਼ਰੀਬੀ ਵਰਗੇ ਕਾਰਨਾਂ ਨੂੰ ਕਿਸੇ ਦੈਵੀ ਸਰਾਪ ਦੀ ਬਜਾਇ ਪ੍ਰਬੰਧ ਨਾਲ ਜੋੜ ਕੇ ਦੇਖਣ ਦੀ ਪਿਰਤ ਤਕੜੀ ਕੀਤੀ। ਵੀਹਵੀਂ ਸਦੀ ਦੇ ਪਿਛਲੇ ਸੱਤ ਦਹਾਕਿਆਂ ਦਾ ਬੰਦਾ ਸਿੱਧੇ ਜਾਂ ਅਸਿੱਧੇ ਰੂਪ 'ਚ ਇਸ ਵਿਚਾਰਧਾਰਾ ਦੇ ਪ੍ਰਭਾਵ ਹੇਠ ਪਰਵਾਨ ਚੜ੍ਹਿਆ ਹੈ।" ("ਮੇਰੇ ਨਾਵਲਾਂ ਦੇ ਸਿਰਜਨਾਤਮਕ ਆਧਾਰ ਤੇ ਵਿਚਾਰਧਾਰਕ ਪਿੱਠਭੂਮੀ", ਜਨਵਰੀ13-ਮਾਰਚ14, ਅੰਕ 2014, 223)

ਹਰੀ ਕ੍ਰਾਂਤੀ ਦੇ ਆਉਣ ਨਾਲ ਪੰਜਾਬੀ ਮਾਨਸਿਕਤਾ ਉੱਪਰ ਭਾਰੂ ਕਰਮ ਧਰਮ ਟੁੱਟਣੇ ਆਰੰਭ ਹੁੰਦੇ ਹਨ। ਹਰ ਸਮੱਸਿਆ ਨੂੰ ਸਮਾਜਿਕ ਪ੍ਰਬੰਧ ਨਾਲ ਜੋੜ ਕੇ ਵੇਖਿਆ ਜਾਣ ਲੱਗਾ। ਇਸ ਦੌਰ ਦੇ ਆਰੰਭ ਨਾਲ ਦੈਵੀ ਸਰਾਪ ਦਾ ਪ੍ਰਬੰਧ ਖੰਡਿਤ ਹੋਣ ਦੇ ਨਾਲ ਲੋਕਾਂ ਵਿੱਚ ਵਿਗਿਆਨਕ ਦ੍ਰਿਸ਼ਟੀ ਦਾ ਆਭਾਸ ਹੁੰਦਾ ਹੈ।

ਇਸ ਦੌਰ 'ਚ ਆਰਥਿਕ ਪੱਖੋਂ ਪਿਛੜੇ ਵਿਅਕਤੀ ਕੁੱਝ ਸਾਲਾਂ ਬਾਅਦ ਨਸ਼ਿਆਂ ਦੀ ਵਰਤੋਂ ਕਰਨ ਲੱਗੇ। ਗਿੰਦਰ ਦਾ ਪਿਤਾ ਲੱਖਾ ਸਿੰਘ ਸ਼ਰਾਬ ਦੀ ਅੰਨ੍ਹੇਵਾਹ ਵਰਤੋਂ ਕਰਦਾ। ਜਿਸ ਕਾਰਨ ਉਸ ਨੇ ਬਹੁਤੀ ਜ਼ਮੀਨ ਬੈਅ ਕਰ ਦਿੱਤੀ ਸੀ। ਗਾਮੋ ਦਾ ਪਤੀ ਸ਼ਰਾਬ ਤੋਂ ਇਲਾਵਾ ਹੋਰ ਵੀ ਕਈ ਪ੍ਰਕਾਰ ਦੇ ਨਸ਼ਿਆਂ ਦੀ ਵਰਤੋਂ ਕਰਦਾ, ਜਿਸ ਦਾ ਹਵਾਲਾ ਸਾਨੂੰ ਨਾਵਲ ਵਿੱਚੋਂ ਪ੍ਰਾਪਤ ਹੁੰਦਾ ਹੈ।

> "ਉਹ ਜਦੋਂ ਵਿਆਹੀ ਆਈ ਸੀ ਤਾਂ ਵਿਆਹ ਦੇ ਪਹਿਲੇ ਇੱਕ ਦੋ ਮਹੀਨਿਆਂ 'ਚ ਉਸ ਨੂੰ ਇਹ ਅਹਿਸਾਸ ਹੋ ਗਿਆ ਸੀ ਕਿ ਉਸ ਦਾ ਪਤੀ ਕੈਲਾ ਕਾਸੇ ਜੋਗਾ ਨਹੀਂ। ਸ਼ਰਾਬ ਪੀ-ਪੀ ਕੇ ਉਸ ਦਾ ਸਰੀਰ ਜਿਵੇਂ ਗਲ ਗਿਆ ਹੋਇਆ ਸੀ। ਉਸ ਨਾਲ ਪੈਣ ਲੱਗਦੀ ਤਾਂ ਉਸ ਨੂੰ ਸਰੀਰ 'ਚੋਂ ਮੁਸ਼ਕ ਆਉਣ ਲੱਗਦੀ।" (ਪਰਵਾਨਾ, "ਨਿੱਕੇ ਨਿੱਕੇ ਯੁੱਧ" 88)

ਨਾਵਲ ਵਿਚਲੇ ਟੂਕ 'ਚ ਦੇਖਦੇ ਹਾਂ ਕਿ ਗਾਮੋ ਦਾ ਪਤੀ ਸ਼ਰਾਬ ਦੀ ਲੋੜ ਨਾਲੋਂ ਵਧੇਰੇ ਵਰਤੋਂ ਕਰਦਾ ਹੈ। ਜਿਸ ਕਾਰਨ ਗਾਮੋ ਨੂੰ ਸਰੀਰਕ ਅਤੇ ਮਾਨਸਿਕ ਸੰਤਾਪ ਭੋਗਣਾ ਪੈਂਦਾ ਹੈ। ਬਹੁਤ ਵਾਰ ਉਹ ਨਸ਼ੇ ਦੀ ਹਾਲਤ 'ਚ ਗਾਮੋ ਦੀ ਮਾਰ ਕੁੱਟ ਵੀ ਕਰਦਾ। ਜਗਵਿੰਦਰ ਸਮਾਜਿਕ ਅਤੇ ਆਰਥਿਕ ਪ੍ਰੇਸ਼ਾਨੀ ਕਾਰਨ ਮਾਨਸਿਕ ਸੰਤਾਪ ਭੋਗਦਾ ਸ਼ਰਾਬ ਵਰਗੇ ਨਸ਼ੇ ਦਾ ਸਹਾਰਾ ਲੈਂਦਾ ਹੈ ਜਿਵੇਂ:

> "ਅਜਿਹੀਆਂ ਬਾਹਰੀ, ਘਰੇਲੂ ਤੇ ਮਾਨਸਿਕ ਪਰਿਸਥਿਤੀਆਂ ਤੋਂ ਪ੍ਰੇਸ਼ਾਨ ਜਗਵਿੰਦਰ ਨੂੰ ਬਸ ਦੋ ਹੀ ਠਾਹਰਾਂ ਸਨ ਸਾਹਿਤ ਤੇ ਸ਼ਰਾਬ।" (ਪਰਵਾਨਾ, "ਆਪਣੇ ਆਪਣੇ ਮੋਰਚੇ" 70)

ਜਗਵਿੰਦਰ ਮਾਨਸਿਕ ਪ੍ਰੇਸ਼ਾਨੀ ਦੇ ਚੱਲਦਿਆਂ ਬਹੁਤ ਵਾਰ ਨਾਵਲੀ ਬਿਰਤਾਂਤ 'ਚ ਸ਼ਰਾਬ ਵਰਗੇ ਨਸ਼ੇ ਦਾ ਸੇਵਨ ਕਰਦਾ ਦਿਖਾਈ ਦਿੰਦਾ ਹੈ। ਸਮਕਾਲੀ ਦੌਰ ਵਿੱਚ ਨੌਜਵਾਨ ਪੀੜੀ 'ਚ ਨਸ਼ਿਆਂ ਦੀ ਵਰਤੋਂ ਅੰਨ੍ਹੇਵਾਹ ਵੱਧ ਰਹੀ ਹੈ।

ਸੱਠਵਿਆਂ ਤੋਂ ਪਹਿਲਾ ਔਰਤ ਨੂੰ ਮਰਦ ਦੇ ਪੈਰ ਦੀ ਜੁੱਤੀ ਸਮਝਿਆ ਜਾਂਦਾ ਸੀ। ਔਰਤ ਦੀ ਘਰ ਜਾਂ ਬਾਹਰ ਕਿਸੇ ਕੰਮ 'ਚ ਦਖ਼ਲ ਅੰਦਾਜ਼ੀ ਬਰਦਾਸ਼ਤ ਨਹੀਂ ਕੀਤੀ ਜਾਂਦੀ ਸੀ। ਪਰ ਸੱਠਵਿਆਂ ਤੋਂ ਬਾਅਦ ਹਰ ਪੱਧਰ 'ਤੇ ਤਬਦੀਲੀਆਂ ਆਈਆਂ ਉੱਥੇ ਔਰਤ ਵੀ ਘਰ ਦੀ ਚਾਰ ਦੀਵਾਰੀ 'ਚੋਂ ਬਾਹਰ ਨਿਕਲਣ ਲੱਗੀ। ਉਹ ਪੜ੍ਹ ਲਿਖ ਕੇ ਨੌਕਰੀ ਕਰਨ ਲੱਗੀ। ਪਰਵਾਨਾ ਨੇ ਸੁਤੰਤਰਤਾ ਵੱਲ ਰਾਹ ਫੜਦੀ ਔਰਤ ਅਤੇ ਸ਼ਕਤੀਕਰਨ ਦੇ ਮਸਲੇ ਨੂੰ ਉਭਾਰਿਆ ਹੈ। ਪੜ੍ਹੀ ਲਿਖੀ ਔਰਤ ਵੱਲੋਂ ਨੌਕਰੀ ਕਰਨ ਦੀ ਉਦਾਹਰਨ ਨਾਵਲ *'ਨਿੱਕੇ ਨਿੱਕੇ ਯੁੱਧ'* 'ਚੋਂ ਦੇਖ ਸਕਦੇ ਹਾਂ ਜਿਵੇਂ:

"ਕੰਵਲ ਉਨ੍ਹਾਂ ਦੇ ਪਿੰਡ ਸਰਕਾਰੀ ਪ੍ਰਾਇਮਰੀ ਸਕੂਲ 'ਚ ਆਈ ਨਵੀਂ ਮਾਸਟਰਨੀ ਸੀ। ਛੇ ਸੱਤ ਮਹੀਨੇ ਪਹਿਲਾ ਉਸ ਦੀ ਉਨ੍ਹਾਂ ਦੇ ਪਿੰਡ 'ਚ ਨਿਯੁਕਤੀ ਹੋਈ ਸੀ। ਜੇ. ਬੀ. ਟੀ ਤੋਂ ਪਿੱਛੋਂ ਉਹ ਦੀ ਪਹਿਲੀ ਨਿਯੁਕਤੀ, ਉਨ੍ਹਾਂ ਦੇ ਪਿੰਡ ਵਿੱਚ ਹੀ ਹੋਈ ਸੀ।" (ਪਰਵਾਨਾ, "ਨਿੱਕੇ ਨਿੱਕੇ ਯੁੱਧ" 32)

ਇਸੇ ਦੀ ਇੱਕ ਹੋਰ ਉਦਾਹਰਨ ਨਾਵਲ *'ਆਪਣੇ ਆਪਣੇ ਮੋਰਚੇ'* ਵਿੱਚੋਂ ਦੇਖ ਸਕਦੇ ਹਾਂ ਜਿਵੇਂ:

"ਬੰਤ ਨੇ ਵੀ ਬੀ. ਐੱਡ ਕਰ ਕੇ ਦੋ ਕੁ ਸਾਲ ਮੁਕੇਰੀਆਂ ਦੇ ਇੱਕ ਪ੍ਰਾਈਵੇਟ ਸਕੂਲ 'ਚ ਪੜਾਇਆ ਤੇ ਫਿਰ ਸਰਕਾਰੀ ਨੌਕਰੀ ਮਿਲ ਗਈ।" (ਪਰਵਾਨਾ, "ਆਪਣੇ ਆਪਣੇ ਮੋਰਚੇ" 18)

ਪਰਵਾਨਾ ਨੇ ਕੰਵਲ ਅਤੇ ਬੰਤ ਨੂੰ ਨੌਕਰੀ ਪੇਸ਼ਾ ਔਰਤ ਵਜੋਂ ਪੇਸ਼ ਕੀਤਾ। ਉਨ੍ਹਾਂ ਨੂੰ ਨਵੇਂ ਰਾਹਾਂ ਵੱਲ ਉਡਾਣ ਭਰਦੀਆਂ ਦਿਖਾਇਆ ਹੈ। ਇਹ ਔਰਤਾਂ ਰਵਾਇਤੀ ਜੀਵਨ ਨੂੰ ਪਿੱਛੇ ਛੱਡ ਕੇ ਨੌਕਰੀ ਪੇਸ਼ਾ ਜ਼ਿੰਦਗੀ ਵਿੱਚ ਪੈਰ ਧਰਦੀਆਂ ਦਿਖਾਈ ਦਿੰਦੀਆਂ ਹਨ। ਨਾਰੀਵਾਦ ਵੀ ਇਸ ਕੇਂਦਰਿਤ ਗਿਆਨ ਦੀ ਚਰਚਾ ਕਰਦਾ ਹੈ ਜਿਵੇਂ:

"ਨਾਰੀਵਾਦ ਇੱਕ ਰਾਜਨੀਤਿਕ ਸੰਕਲਪ ਹੈ ਜੋ ਸ਼ਕਤੀ ਦੇ ਸੰਬੰਧਾਂ, ਔਰਤਾਂ ਦੀਆਂ ਡੂੰਘੀਆਂ ਸਥਿਤੀਆਂ ਅਤੇ ਉਨ੍ਹਾਂ ਸਥਿਤੀਆਂ ਨੂੰ ਬਦਲਣ ਨਾਲ ਸੰਬੰਧਿਤ ਹੈ। ਉਹ ਬਰਾਬਰੀ ਲਈ ਇਸ ਸਮਾਜ ਨੂੰ ਬਦਲਣ ਦਾ ਕੰਮ ਕਰਦਾ ਹੈ। ਇਹੋ ਹੀ ਨਾਰੀਵਾਦ ਦਾ ਮਨੋਰਥ ਹੈ। ਬਰਾਬਰਤਾ ਦਾ ਅਰਥ ਮਾਨਸਿਕ ਦਮਨ ਤੇ ਸਰੀਰਕ ਦਮਨ ਨੂੰ ਠੁਕਰਾਉਣਾ ਹੈ। ਜੋ ਖੁੱਲ੍ਹੇ ਆਮ ਵੀ ਹੋ ਸਕਦਾ ਹੈ ਤੇ ਲੁਕਿਆ ਹੋਇਆ ਵੀ ਹੈ।" (ਪਰਮਜੀਤ ਕੌਰ ਤੇ ਮਿੱਤਲ, "ਨਾਰੀਵਾਦ ਤੇ ਸਾਹਿਤ ਸਮੀਖਿਆ" 12)

ਨਾਰੀਵਾਦ ਜਿੱਥੇ ਔਰਤ ਦੀ ਬਰਾਬਰਤਾ ਦੀ ਗੱਲ ਕਰਦਾ ਹੈ। ਉਵੇਂ ਹੀ ਪਰਵਾਨਾ ਨੇ ਵੀ ਹਰੇ ਇਨਕਲਾਬ ਨਾਲ ਔਰਤ ਦੀ ਬਦਲਦੀ ਸਥਿਤੀ ਰਾਹੀਂ ਔਰਤ ਨੂੰ ਉਸ ਦੇ ਬਣਦੇ ਹੱਕਾਂ ਦੀ ਪ੍ਰਾਪਤੀ ਕਰਵਾਈ ਹੈ। ਉਸ ਦੇ ਨਾਵਲਾਂ ਵਿੱਚ ਇਸਤਰੀ ਪਾਤਰ ਕਾਂਤਾ, ਕੰਵਲ, ਦੀਪੀ ਨਵੇਂ ਰਾਹਾਂ ਦੀ ਤਲਾਸ਼ 'ਚ ਉੱਭਰਦੀਆਂ ਦਿਖਾਈ ਦਿੰਦੀਆਂ ਹਨ।

ਹਰੀ ਕ੍ਰਾਂਤੀ ਦੀ ਆਮਦ ਨਾਲ ਭਾਵੇਂ ਅਨੇਕਾਂ ਤਬਦੀਲੀਆਂ ਆਈਆਂ ਪਰ ਇਸ ਦੌਰ 'ਚ ਸਰਕਾਰ ਦੁਆਰਾ ਨਿਯੁਕਤ ਅਫ਼ਸਰਸ਼ਾਹੀ ਕਿਸਾਨਾਂ ਦੀ ਆਰਥਿਕ ਪੱਖੋਂ ਲੁੱਟ ਕਰਨ ਲੱਗੀ। ਵੱਡੇ ਅਫ਼ਸਰ ਤੋਂ ਲੈ ਕੇ ਛੋਟੇ ਨੌਕਰ ਦੁਆਰਾ ਲੁੱਟ ਕੀਤੀ ਜਾਣ ਲੱਗੀ। ਕਿਸਾਨਾਂ ਦਾ ਮਾਮੂਲੀ ਕੰਮ ਵੀ ਪੈਸੇ ਤੋਂ ਬਿਨਾਂ ਨਾ ਹੋਣ ਲੱਗਾ। ਹਰ ਪਾਸੇ ਭ੍ਰਿਸ਼ਟਾਚਾਰ ਹੋਣਾ ਆਰੰਭ ਹੋਇਆ। ਅਫ਼ਸਰਸ਼ਾਹੀ ਵੱਲੋਂ ਕੀਤੀ ਜਾਂਦੀ ਆਰਥਿਕ ਲੁੱਟ ਦੀ ਉਦਾਹਰਨ ਨਾਵਲ *'ਨਿੱਕੇ ਨਿੱਕੇ ਯੁੱਧ'* 'ਚੋਂ ਦੇਖ ਸਕਦੇ ਹਾਂ ਜਿਵੇਂ:

"ਇਸ ਲੇਖ ਦੇ ਅੰਕੜੇ ਇਕੱਠੇ ਕਰਦਿਆਂ ਉਸ ਨੂੰ ਬੜੀ ਹੈਰਾਨੀ ਹੋਈ ਸੀ ਕਿ ਸਰਕਾਰ ਨੀਤੀਆਂ ਕਾਹਦੇ ਲਈ ਬਣਾਉਂਦੀ ਹੈ, ਜੇ ਬਣਾਉਣ ਵਾਲਿਆਂ ਨੇ ਆਪ ਹੀ ਤੋੜਨੀਆਂ ਹੁੰਦੀਆਂ। ਪੰਜ ਪਿੰਡਾਂ 'ਚ ਖੇਤ ਮਜ਼ਦੂਰਾਂ ਨੂੰ ਐਲਾਨੇ ਪਲਾਟਾਂ ਦਾ ਉਨ੍ਹਾਂ ਨੂੰ ਇਸ ਲਈ ਕਬਜ਼ਾ ਨਹੀਂ ਸੀ ਮਿਲ ਸਕਿਆ ਕਿ ਉਸ ਜ਼ਮੀਨ 'ਤੇ ਪਹਿਲਾ ਕਾਬਜ਼ ਧਨੀ ਕਿਸਾਨ ਦੇ ਪਰਿਵਾਰਾਂ, ਇਲਾਕੇ 'ਚੋਂ ਬਣੇ ਮੰਤਰੀ ਦੇ ਹਿਮਾਇਤੀ ਸਨ। ਉਨ੍ਹਾਂ ਨੇ ਉਹ ਪਲਾਟ ਤਾਂ ਰੱਦ ਕਰਵਾ ਦਿੱਤੇ, ਪਰ ਬਦਲਵੇਂ ਉਨ੍ਹਾਂ ਨੂੰ ਮਿਲੇ ਨਾ। ਤਿੰਨ ਚਾਰ ਛੱਪੜਾਂ ਟੋਇਆਂ ਵਾਲੀ ਥਾਂ ਉਨ੍ਹਾਂ ਨੂੰ ਦਿੱਤੀ ਗਈ ਸੀ। ਦੋ ਪਿੰਡਾਂ 'ਚ ਪਿੰਡੋਂ ਦੂਰ ਸਿਵਿਆਂ ਦੇ ਨੇੜੇ ਇਹ ਪਲਾਟ ਦਿੱਤੇ ਗਏ ਸਨ, ਜਿੱਥੇ ਜਾ ਕੇ ਵੱਸਣ ਦੀ ਉਨ੍ਹਾਂ 'ਚ ਮਾਨਸਿਕ ਹਿੰਮਤ ਨਹੀਂ ਸੀ ਹੋ ਸਕੀ। ਉਸ ਦੇ ਆਪਣੇ ਪਿੰਡ ਵੀ ਤਾਂ ਇਹੀ ਹਾਲਤ ਸੀ।" (ਪਰਵਾਨਾ, "ਨਿੱਕੇ ਨਿੱਕੇ ਯੁੱਧ" 95)

ਇਸ ਤਰ੍ਹਾਂ ਸਰਕਾਰ ਨਿਮਨ ਕਿਸਾਨਾਂ ਨੂੰ ਪਲਾਟ ਦੇਣ ਦਾ ਨਾ ਕਰ ਕੇ ਧਨੀ ਕਿਸਾਨੀ ਦਾ ਕਬਜ਼ਾ ਕਰਵਾਉਂਦੀ ਹੈ। ਨਿਮਨ ਕਿਸਾਨੀ ਦਾ ਹਰ ਪੱਖੋਂ ਸ਼ੋਸ਼ਣ ਹੀ ਨਹੀਂ ਕਰਦੀ ਸਗੋਂ ਉਨ੍ਹਾਂ ਨੂੰ ਉਨ੍ਹਾਂ ਦੇ ਬਣਦੇ ਹੱਕ ਵੀ ਨਹੀਂ ਦਿੰਦੀ। ਸਰਕਾਰ ਵੱਲੋਂ ਜੋ ਸਹਾਇਤਾ ਕਿਸਾਨਾਂ ਨੂੰ ਦਿੱਤੀ ਜਾਂਦੀ ਹੈ ਉਹ ਸਿਰਫ਼ ਕਾਗ਼ਜ਼ਾਂ ਵਿੱਚ ਹੀ ਹੁੰਦੀ ਹੈ ਨਾ ਕਿ ਅਮਲੀ ਰੂਪ ਵਿੱਚ। ਇੱਥੋਂ ਤੱਕ ਕਿ ਅਫ਼ਸਰਸ਼ਾਹੀ ਕੰਮ ਕਰਨ ਲਈ ਰਿਸ਼ਵਤ ਲੈਂਦੀ ਹੈ। ਇਸੇ ਦੌਰ 'ਚ ਰਿਸ਼ਵਤਖ਼ੋਰੀ ਦੀ ਸਮੱਸਿਆ ਉਤਪੰਨ ਹੁੰਦੀ ਹੈ।

ਹਰਵਿੰਦਰ ਕੌਰ ਢਿੱਲੋਂ ਦੀ ਰਾਇ ਹੈ ਕਿ, "ਰਿਸ਼ਵਤਖ਼ੋਰੀ ਵਰਗੀਆਂ ਕੁਰੀਤੀਆਂ ਸਮਾਜ ਵਿੱਚ ਗਹਿਰੀਆਂ ਜੜ੍ਹਾਂ ਜਮ੍ਹਾ ਚੁੱਕੀਆਂ ਹਨ। ਪੈਸੇ ਦੇ ਨਾਲ-ਨਾਲ ਰਿਸ਼ਵਤਖ਼ੋਰੀ ਦਾ ਦੂਸਰਾ ਰੂਪ ਜਿਨਸੀ ਸੰਬੰਧ ਬਣਾਉਣ ਦੇ ਰੂਪ ਵਿੱਚ ਉਜਾਗਰ ਕੀਤਾ ਹੈ।" ("ਪੰਜਾਬੀ ਨਾਵਲ ਤੇ ਦੁਆਬੀ ਸਭਿਆਚਾਰ" 141)

ਅਫ਼ਸਰਸ਼ਾਹੀ ਦਾ ਹਰ ਮਹਿਕਮਾ ਰਿਸ਼ਵਤ ਲੈ ਕੇ ਕੰਮ ਕਰਦਾ ਹੈ। ਉਹ ਚਾਹੇ ਐਸ.ਡੀ.ਐਮ, ਐਸ.ਡੀ.ਓ., ਨਾਇਬ, ਪਟਵਾਰੀ, ਤਹਿਸੀਲਦਾਰ, ਕਾਨੂੰਗੋ ਜਾਂ ਪੁਲਿਸ ਅਧਿਕਾਰੀ ਕਿਉਂ ਨਾ ਹੋਵੇ। ਇੱਥੇ ਹੀ ਬਸ ਨਹੀਂ ਇਹ ਅਧਿਕਾਰੀ ਆਰਥਿਕ ਸ਼ੋਸ਼ਣ ਦੇ ਨਾਲ-ਨਾਲ ਸਰੀਰਕ ਸ਼ੋਸ਼ਣ ਵੀ ਕਰਦੇ ਹਨ।

ਬਲਬੀਰ ਪਰਵਾਨਾ ਨੇ 1984 ਈ. ਵਿੱਚ ਵਾਪਰੇ ਨੀਲਾ ਸਾਕਾ ਤਾਰਾ ਦੇ ਦੁਖਾਂਤ ਨੂੰ ਨਾਵਲੀ ਬਿਰਤਾਂਤ ਦਾ ਹਿੱਸਾ ਬਣਾਇਆ ਹੈ। ਪਰਵਾਨਾ ਪੰਜਾਬ ਦੀ ਯਥਾਰਥ ਸਥਿਤੀ ਨੂੰ ਕਿਸੇ ਨਿਵੇਕਲੇ ਸੰਕਟ ਦੇ ਰੂਪ 'ਚ ਗ੍ਰਹਿਣ ਨਹੀਂ ਕਰਦਾ। ਚੱਲ ਰਹੀ ਵਿਵਸਥਾ ਦੇ ਖ਼ਿਲਾਫ਼ ਸੰਘਰਸ਼ ਦੀ ਚੇਤਨਾ ਦੇ ਬਦਲਵੇਂ ਰੂਪ ਨੂੰ ਮਾਨਤਾ ਦਿੰਦਾ ਜਾਪਦਾ ਹੈ। ਪਰਵਾਨਾ ਨੇ ਨਾਵਲੀ ਬਿਰਤਾਂਤ 'ਚ ਸਿੱਖੀ/ਕਿਸਾਨੀ ਦੇ ਨੁਕਤੇ ਤੋਂ ਕੀਤਾ ਜਾਣ ਵਾਲਾ ਸੰਘਰਸ਼ ਵਿਭਿੰਨ ਕਮਿਊਨਿਸਟ ਲਹਿਰਾਂ ਦੇ ਬਦਲ ਵਜੋਂ ਪੇਸ਼ ਕੀਤਾ ਹੈ। ਕਿਸਾਨਾਂ ਦੀਆਂ ਸਮੱਸਿਆਵਾਂ ਦੇ ਰੋਸ ਪ੍ਰਗਟਾਵੇ ਨੂੰ ਵੀ ਅੱਤਵਾਦੀ ਲਹਿਰ ਵਜੋਂ ਜਾਣਿਆ ਜਾਂਦਾ ਹੈ।

ਸੁਰਜੀਤ ਬਰਾੜ ਪੁਸਤਕ *'ਪੰਜਾਬੀ ਨਾਵਲ: ਸਮਾਜ ਸ਼ਾਸਤਰੀ ਪਰਿਪੇਖ'* 'ਚ ਲਿਖਦੇ ਹਨ ਕਿ, "ਪੰਜਾਬ ਨੇ 1980 ਤੋਂ 1990 ਤੱਕ ਆਤੰਕਵਾਦ ਦਾ ਘੋਰ ਸੰਤਾਪ ਆਪਣੇ ਪਿੰਡੇ 'ਤੇ ਜਰਿਆ ਹੈ। ਲੁੱਟਮਾਰ ਅਤੇ ਬੇਮਤਲਬੇ ਕਤਲ, ਦਹਿਸ਼ਤ ਵਹਿਸ਼ਤ ਇਸ ਲਹਿਰ ਦੇ ਪ੍ਰਮੁੱਖ ਸਰੋਕਾਰ ਸਨ। ਭਾਵੇਂ ਇਹ ਲਹਿਰ ਕਾਰਨ ਪੰਜਾਬ ਅਤੇ ਪੰਜਾਬ ਦੇ ਲੋਕਾਂ ਦਾ ਵੱਡਾ ਨੁਕਸਾਨ ਹੋਇਆ ਸੀ। ਇਸ ਲਹਿਰ ਨੂੰ ਪ੍ਰਫੁਲਿਤ ਕਰਨ ਵਿੱਚ ਸੌੜੀ ਤੇ ਭੱਦੀ ਰਾਜਨੀਤੀ ਦਾ ਗਹਿਰਾ ਹੱਥ ਸੀ। ਆਤੰਕਵਾਦ ਨੂੰ ਵਧਾਉਣ-ਫੈਲਾਉਣ 'ਚ ਰਾਜਸੀ ਮਸ਼ੀਨਰੀ ਭਾਵ ਸਰਕਾਰ ਤੇ ਪੁਲਸ ਵੱਲੋਂ ਅਖੌਤੀ ਪੁਲਸ ਮੁਕਾਬਲਿਆਂ ਰਾਹੀਂ ਬੇਕਸੂਰੇ ਲੋਕਾਂ ਦਾ ਘਾਣ ਵੀ ਕੀਤਾ ਗਿਆ ਸੀ।" (45)

ਇਸ ਦੌਰ 'ਚ ਮਿਲੇ ਸੰਤਾਪ ਨੂੰ ਪੰਜਾਬ ਦੇ ਲੋਕਾਂ ਨੇ ਆਪਣੇ ਪਿੰਡੇ 'ਤੇ ਹੰਢਾਇਆ। ਬੇਕਸੂਰ ਨੌਜਵਾਨਾਂ ਦੀ ਕੁੱਟ ਮਾਰ ਕਰ ਕੇ ਕਤਲ ਕੀਤਾ ਗਿਆ। ਇਨ੍ਹਾਂ ਹਾਲਤਾਂ ਨੂੰ ਪੈਦਾ ਕਰਨ 'ਚ ਸਮੇਂ ਦੀ ਸਰਕਾਰ ਦਾ ਬਹੁਤ ਵੱਡਾ ਹੱਥ ਸੀ। ਉਹ ਉਸ ਨੂੰ ਘਟਾਉਣ ਦੀ ਬਜਾਇ ਵਧਾਵਾ ਦੇ ਰਹੀ ਸੀ। ਪੁਲਿਸ ਮੁਕਾਬਲਿਆਂ ਵਿੱਚ ਮਾਰੇ ਜਾਂਦੇ ਨੌਜਵਾਨਾਂ ਦੀ ਉਦਾਹਰਨ *'ਨਿੱਕੇ ਨਿੱਕੇ ਯੁੱਧ'* ਨਾਵਲ 'ਚੋਂ ਦੇਖ ਸਕਦੇ ਹਾਂ ਜਿਵੇਂ:

"ਚੋਣ ਚਰਚਾ ਅਜੇ ਮੱਠੀ ਨਹੀਂ ਸੀ ਹੋਈ ਕਿ ਰਵਿੰਦਰ ਦੇ ਪੁਲਿਸ ਮੁਕਾਬਲੇ 'ਚ ਮਾਰੇ ਜਾਣ ਦੀ ਖ਼ਬਰ ਪਿੰਡ 'ਚ ਆਣ ਪਹੁੰਚੀ। ਪ੍ਰਤੀਕਰਮ ਦੋ ਤਰ੍ਹਾਂ ਦਾ ਹੋਇਆ ਤੇ ਉਹ ਵੀ ਬੜੇ ਤਿੱਖੇ ਰੂਪ 'ਚ। ਲਗਭਗ ਅੱਧੇ ਪਿੰਡ 'ਚ ਸੋਗ ਪਸਰ ਗਿਆ ਸੀ। ਉਨ੍ਹਾਂ ਘਰਾਂ 'ਚ ਨਾ ਚੁੱਲ੍ਹਿਆਂ 'ਚ ਅੱਗ ਬਲੀ, ਨਾ ਰੋਟੀਆਂ ਪੱਕੀਆਂ ਤੇ ਨਾ ਹੀ ਰਾਤ ਨੂੰ ਦੀਵਾ ਬੱਤੀ ਜਗੀ। ਪਰ ਅੱਧੇ ਪਿੰਡ ਨੇ ਰਾਹਤ ਵੀ ਮਹਿਸੂਸ ਕੀਤੀ। ਇੱਕ ਸੁੱਖ ਦਾ ਸਾਹ ਲਿਆ ਜਿਵੇਂ 'ਚੰਗਾ ਹੀ ਹੋਇਆ, ਮੁਸੀਬਤ ਗਲੋਂ ਟਲੀ।' ਸਵੇਰੇ ਸਵੇਰੇ ਪੁਲਿਸ ਦੀ ਭਰੀ ਜਿਪਸੀ ਰਵਿੰਦਰ ਦੇ ਬਾਪ ਤੇ ਸਰਪੰਚ ਨੂੰ ਬਿਠਾ ਲੈ ਕੇ ਗਈ ਸੀ ਕਿ ਮੁਕੇਰੀਆਂ ਨੇੜੇ ਪੁਲਿਸ ਮੁਕਾਬਲਾ ਹੋਇਆ, ਜਿਸ ਵਿੱਚ ਤਿੰਨ ਅੱਤਵਾਦੀ ਮਾਰੇ ਗਏ ਹਨ। ਪਛਾਣ ਲਈ ਲੈ ਕੇ ਗਏ ਉਸ ਦੇ ਬਾਪ ਨੂੰ। ਲਾਸ਼ ਉਹ ਉੱਥੋਂ ਚੁੱਕ ਕੇ ਪਹਿਲਾ ਹੀ ਪੋਸਟ ਮਾਰਟਮ ਲਈ ਹਸਪਤਾਲ ਲੈ ਗਏ ਸਨ। ਪਿੱਛੋਂ ਪਿੰਡ ਦੇ ਕੁੱਝ ਹੋਰ ਲੋਕ ਵੀ ਚਲੇ ਗਏ, ਜਿਨ੍ਹਾਂ ਨੂੰ ਗਿਆਨੀ ਜੋਗਿੰਦਰ ਸਿੰਘ ਨੇ 'ਕੱਠੇ ਕਰ ਖੜਿਆ। ਲਾਸ਼ ਰਵਿੰਦਰ ਦੀ ਹੀ ਸੀ। ਪਰ ਪੁਲਿਸ ਵਾਲੇ ਲਾਸ਼ ਦੇਣ ਤੋਂ ਆਨਾਕਾਨੀ ਕਰਨ। ਫਿਰ ਇਸ ਸ਼ਰਤ 'ਤੇ ਦਿੱਤੀ ਕਿ ਲਾਸ਼ ਘਰ ਨਹੀਂ ਲਿਜਾਈ ਜਾਵੇਗੀ। ਲੱਕੜਾਂ ਵਗੈਰਾ ਦਾ ਇੰਤਜ਼ਾਮ ਪਹਿਲਾ ਹੀ ਸਿਵਿਆਂ 'ਚ ਕਰ ਲਵੋ, ਲਾਸ਼ ਪੁਲਿਸ ਦੀ ਗੱਡੀ ਉੱਥੇ ਹੀ ਲੈ ਕੇ ਜਾਵੇਗੀ ਤੇ ਪੁਲਿਸ ਦੀ ਨਿਗਰਾਨੀ ਵਿੱਚ ਹੀ ਅੰਤਿਮ ਸੰਸਕਾਰ ਹੋਵੇਗਾ ਤੇ ਫਿਰ ਇੰਜ ਹੀ ਹੋਇਆ।" (ਪਰਵਾਨਾ, "ਨਿੱਕੇ ਨਿੱਕੇ ਯੁੱਧ" 92)

ਅੱਤਵਾਦੀ ਲਹਿਰ ਦਾ ਹਿੱਸਾ ਬਣੇ ਰਵਿੰਦਰ ਨੂੰ ਪੁਲਿਸ ਨੇ ਪਹਿਲਾ ਭਗੌੜਾ ਕਰਾਰ ਦਿੱਤਾ। ਫਿਰ ਕੁੱਝ ਸਮੇਂ ਬਾਅਦ ਪੁਲਿਸ ਮੁਕਾਬਲੇ 'ਚ ਮਾਰ ਦਿੱਤਾ। ਜਿਸ ਕਾਰਨ ਪਿੰਡ 'ਚ ਸੋਗ ਦੀ ਲਹਿਰ ਸੀ। 1984 ਦੇ ਦੁਖਾਂਤ ਸਮੇਂ ਪੁਲਿਸ ਅਤੇ ਸਰਕਾਰ ਨੇ ਮਿਲ ਕੇ ਖ਼ੂਨੀ ਖੇਡ ਖੇਡੀ। ਪੰਜਾਬ ਦੇ ਕਿਸਾਨਾਂ ਨੂੰ ਇਸ ਘੋਰ ਤਸ਼ੱਦਦ ਦਾ ਸਾਹਮਣਾ ਕਰਨਾ ਪਿਆ।

ਸੱਠਵਿਆਂ ਤੋਂ ਬਾਅਦ ਜਿੱਥੇ ਕਰਮ ਧਰਮ ਦਾ ਸਿਧਾਂਤ ਟੁੱਟਦਾ ਹੈ ਉੱਥੇ ਧਾਰਮਿਕ ਸਥਾਨਾਂ 'ਤੇ ਰਾਜਨੀਤੀ ਹੋਣੀ ਆਰੰਭ ਹੁੰਦੀ ਹੈ। ਧਾਰਮਿਕ ਸਥਾਨ ਰਾਜਨੀਤੀ ਦਾ ਅਖਾੜਾ ਬਣਦੇ ਨਜ਼ਰ ਆਉਂਦੇ ਹਨ। ਗੁਰਦੁਆਰਿਆਂ ਦੀ ਸੱਤਾ ਨੂੰ ਲੈ ਕੇ ਪਿੰਡਾਂ ਦੇ ਲੋਕ ਧੜਿਆਂ 'ਚ ਵੰਡੇ ਜਾਣ ਲੱਗੇ। ਜਿਵੇਂ:

> "ਗਰਮੀਆਂ 'ਚ ਲੋਕਾਂ ਦੇ ਬਹਿਣ ਉੱਠਣ ਲਈ ਛਾਂ ਐ, ਨਿਆਣੇ ਖੇਡਦੇ ਰਹਿੰਦੇ ਐ...ਉਹ ਵੀ ਗੁਰਪੁਰਬ, ਮੱਸਿਆ, ਸੰਗਰਾਂਦ ਮਨਾਉਣ ਲਈ ਪਿੰਡ ਵਾਲੇ ਗੁਰਦੁਆਰੇ ਜਾਂਦੇ ਬਾਹਰਵਾਰ ਕਿੰਨੇ ਜਾਣਾ?" ਗੁਰਮੇਲ ਨੇ ਰਾਇ ਦਿੱਤੀ ਤਾਂ ਸ਼ਿਕਾਰੀ ਨੇ ਇੱਕਦਮ ਉਸ ਦੇ ਖ਼ਿਲਾਫ਼ ਪੈਂਤੜਾ ਮੱਲ ਲਿਆ, "ਕਾਮਰੇਡ ਤੁਸੀਂ ਆਪ ਤਾਂ ਗੁਰਦੁਆਰੇ ਮੰਦਰ ਕਦੇ ਜਾਣਾ ਨਹੀਂ ਹੁੰਦਾ ਨਾ ਮੱਥਾ ਟੇਕਣਾ......ਤੁਸੀਂ ਲੋਕਾਂ ਦੀ ਸ਼ਰਧਾ 'ਚ ਕਿਉਂ ਟੰਗ ਅੜਾਉਂਦੇ ਓ।"
>
> "ਟੰਗ ਅੜਾਉਣ ਵਾਲੀ ਕਿਹੜੀ ਗੱਲ ਐ ਚਾਚਾ ਇਸ ਵਿੱਚ, ਗਰਮੀਆਂ 'ਚ ਜੇ ਪਿੰਡ ਦਾ ਕੱਠ ਕਰਨਾ ਪੈ ਜਾਵੇ ਤਾਂ ਕਿਹੜੀ ਥਾਂ ਐ ਪਿੰਡ 'ਚ......ਉੱਥੇ ਛਾਵੇਂ ਕੋਈ ਆਈ ਗਈ ਬਰਾਤ ਵੀ ਠਹਿਰ ਜਾਂਦੀ ਆ ਕਦੇ।"
>
> "ਵੱਡਾ ਬਾਗ਼ ਵੇਚਣ 'ਚ ਤਾਂ ਤੂੰ ਮੋਹਰੀ ਸੀ, ਉਦੋਂ ਤੈਨੂੰ ਇਹ ਗੱਲਾਂ ਨਾ ਸੁੱਝੀਆਂ।"
>
> "ਉਹ ਪਿੰਡੋਂ ਦੂਰ ਸੀ। ਉੱਥੇ ਕਦੀ ਕੋਈ ਗਿਆ ਸੀ ਕੰਮ ਤੋਂ ਬਿਨਾਂ?"
>
> "ਆਪਾ ਪਿੰਡ ਦੀ ਗੁਰਦੁਆਰੇ ਜਾਣ ਵਾਲੀ ਸੰਗਤ 'ਚੋਂ ਇੱਕ ਕਮੇਟੀ ਬਣਾ ਲੈਨੇ ਆ...... ਉਹ ਜਿਵੇਂ ਫ਼ੈਸਲਾ ਕਰੂ ਕਰ ਲਵਾਂਗੇ।" ਗਿਆਨੀ ਨੇ ਦਾੜ੍ਹੀ 'ਤੇ ਹੱਥ ਫੇਰਦਿਆਂ ਕਿਹਾ। ਉਸ ਨੇ ਤਾਜ਼ਾ-ਤਾਜ਼ਾ ਅੰਮ੍ਰਿਤ ਛਕਿਆ ਸੀ। ਸ਼ਿਕਾਰੀ ਕਾਮਰੇਡ ਨਾਲ ਆਪਣੀ ਖੁੰਦਕ 'ਚੋਂ ਗਿਆਨੀ ਨਾਲ ਹੋ ਗਿਆ ਸੀ। ਕਾਮਰੇਡ ਕਈ ਵਾਰ ਇਕੱਠ 'ਚ ਉਸ ਨੂੰ ਠਿੱਠ ਕਰ ਜਾਂਦਾ ਸੀ, ਜਿਸ ਕਾਰਨ ਉਸ ਨੂੰ ਅੰਦਰੋਂ ਅੰਦਰ ਹੀ ਕਾਮਰੇਡ ਨਾਲ ਚਿੜ ਸੀ। ਇਹ ਚਿੜ ਏਨੀ ਵੀ ਨਹੀਂ ਸੀ ਕਿ ਉਹ ਕਾਮਰੇਡ ਦਾ ਕੋਈ ਸਿਰ ਵੱਢਵਾਂ ਵੈਰੀ ਹੋਵੇ, ਤੇ ਏਨੀ ਵੀ ਨਹੀਂ ਕਿ ਉਹ ਕਾਮਰੇਡ ਦੇ ਵਿਰੋਧ ਦਾ ਕੋਈ ਮੌਕਾ ਜਾਣ ਦੇਵੇ।" (ਪਰਵਾਨਾ, "ਨਿੱਕੇ ਨਿੱਕੇ ਯੁੱਧ" 53)

ਉਪਰੋਕਤ ਟੂਕ ਰਾਹੀਂ ਗਿੰਦਰ ਦੇ ਪਿੰਡ 'ਚ ਗੁਰਦੁਆਰੇ ਉੱਪਰ ਹੁੰਦੀ ਰਾਜਨੀਤੀ ਬਾਰੇ ਪਤਾ ਲੱਗਦਾ ਹੈ। ਕਾਮਰੇਡ ਦੀਆਂ ਉਚਿੱਤ ਨੀਤੀਆਂ ਦੇ ਖ਼ਿਲਾਫ਼ ਕੋਝੀਆਂ ਚਾਲਾਂ ਰੱਖਣ ਵਾਲਾ ਸ਼ਿਕਾਰੀ ਬੋਲਦਾ ਗੁਰਦੁਆਰੇ ਉੱਪਰ ਕੇਵਲ ਆਪਣਾ

ਹੱਕ ਜਮਾਉਣਾ ਚਾਹੁੰਦਾ ਹੈ। ਇੱਥੇ ਹੀ ਬਸ ਨਹੀਂ ਸਗੋਂ ਸ਼ਿਕਾਰੀ ਆਪਣੀ ਵੱਖਰੀ ਕਮੇਟੀ ਬਣਾ ਕੇ ਕਾਮਰੇਡਾਂ ਨੂੰ ਇਸ ਗੁਰਦੁਆਰੇ 'ਚੋਂ ਕੱਢਣ ਦੀਆਂ ਕੋਝੀਆਂ ਚਾਲਾਂ ਚੱਲਦਾ ਹੈ।

> ਸੁਰਜੀਤ ਸਿੰਘ ਦਾ ਮੰਨਣਾ ਹੈ ਕਿ, "ਗੁਰਦੁਆਰੇ ਦੀ ਜ਼ਮੀਨ ਵੇਚ ਕੇ ਇਸ 'ਤੇ ਸ਼ਾਨਦਾਰ ਇਮਾਰਤ ਉਸਾਰਨ ਦੇ ਮਸਲੇ ਦੀ ਓਟ ਵਿੱਚ ਪਿੰਡ ਦੀ ਇੱਕ ਧਿਰ ਖਾੜਕੂ ਰਾਜਨੀਤੀ ਨੂੰ ਪਿੰਡ ਵਿੱਚ ਖਿੱਚ ਕੇ ਲਿਆਉਂਦੀ ਹੈ। ਪਿੰਡ ਦੀ ਨਵੀਂ ਸਫ਼ਬੰਦੀ ਵਿੱਚ ਨੌਜਵਾਨ ਸਭਾ ਵਾਲੇ ਅਲੱਗ ਅਲੱਗ ਪੈ ਜਾਂਦੇ ਹਨ।" ("ਪੰਜਾਬੀ ਨਾਵਲ: ਦ੍ਰਿਸ਼ ਤੇ ਦ੍ਰਿਸ਼ਟੀ" 222)

ਗੁਰਦੁਆਰਿਆਂ ਦੀਆਂ ਜ਼ਮੀਨਾਂ 'ਤੇ ਕਬਜ਼ਾ ਜਾਂ ਵੇਚਣ ਦੀ ਪ੍ਰਕਿਰਿਆ ਨੇ ਪਿੰਡਾਂ ਦੇ ਨੌਜਵਾਨਾਂ ਵਿੱਚ ਰੋਸ ਦੀ ਲਹਿਰ ਪੈਦਾ ਕੀਤੀ ਜਿਸ ਨੂੰ ਖਾੜਕੂ ਲਹਿਰ ਵੀ ਕਿਹਾ ਜਾਂਦਾ ਹੈ। ਇਸ ਲਹਿਰ ਨੇ ਧਰਮ ਅਤੇ ਰਾਜਨੀਤੀ 'ਚ ਉਥੱਲ ਪੁੱਥਲ ਮਚਾ ਦਿੱਤੀ ਜਿਸ ਦੇ ਪੰਜਾਬ ਨੂੰ ਮਾਰੂ ਪ੍ਰਭਾਵ ਝੱਲਣੇ ਪਏ। ਇਨ੍ਹਾਂ ਪਰਿਸਥਿਤੀਆਂ ਵਿੱਚ ਗਿੰਦਰ ਨੌਜਵਾਨਾਂ ਅਤੇ ਖਾੜਕੂ ਪਰਿਵਾਰਾਂ ਦੀ ਅੱਗੇ ਹੋ ਕੇ ਮਦਦ ਕਰਦਾ ਨਵਾਂ ਪ੍ਰਤੀਮਾਨ ਸਿਰਜਦਾ ਅਤੇ ਨੌਜਵਾਨਾਂ ਦੀਆਂ ਸਮੱਸਿਆਵਾਂ ਦੇ ਕੁੱਝ ਹੱਲ ਵੀ ਕਰਦਾ ਦਿਖਾਈ ਦਿੰਦਾ ਹੈ।

ਪਰਵਾਨਾ ਨੇ ਆਪਣੇ ਨਾਵਲਾਂ ਵਿੱਚ ਨਿਮਨ ਵਰਗ ਦੀ ਸਮਾਜਿਕ, ਆਰਥਿਕ ਪ੍ਰਕਿਰਿਆ ਨੂੰ ਰੂਪਮਾਨ ਕੀਤਾ ਹੈ। *'ਨਿੱਕੇ ਨਿੱਕੇ ਯੁੱਧ'* ਅਤੇ *'ਆਪਣੇ ਆਪਣੇ ਮੋਰਚੇ'* ਨਾਵਲਾਂ ਵਿੱਚ ਗਿੰਦਰ ਆਪਣੀ ਪ੍ਰੰਪਰਾਗਤ ਰਵਾਇਤ ਨੂੰ ਤਿਆਗਦਾ ਆਰਥਿਕ ਲੋੜਾਂ ਪੂਰੀਆਂ ਕਰਨ ਲਈ ਜ਼ਮੀਨ ਨੂੰ ਵੇਚਦਾ ਹੈ। ਨਵੀਂ ਚੇਤਨਾ ਵਿਕਸਿਤ ਹੋਣ ਕਰ ਕੇ ਕਿਸਾਨੀ ਨਵੇਂ ਆਰਥਿਕ ਪ੍ਰਬੰਧ 'ਚੋਂ ਪੇਂਡੂ ਆਰਥਿਕਤਾ ਦੀ ਅਨਿਸ਼ਚਿਤਤਾ ਨੂੰ ਇੱਕ ਬਦਲਾਅ ਸਰਕਾਰੀ ਨੌਕਰੀ ਦੇ ਖੇਤਰ ਵਿੱਚ ਲੱਭਣ ਦੀ ਕੋਸ਼ਿਸ਼ ਕਰਦਾ ਹੈ। ਪਰ ਸਰਕਾਰੀ ਪ੍ਰਬੰਧ ਗ਼ੈਰ ਕਾਨੂੰਨੀ ਹੋਣ ਕਾਰਨ ਨਿਮਨ ਵਰਗ ਨੂੰ ਇਸ ਵਿੱਚ ਦਾਖ਼ਲ ਹੋਣਾ ਜਾਂ ਪਰਿਸਥਿਤੀਆਂ ਦਾ ਲਾਭ ਉੱਠਣਾ ਵਧੇਰੇ ਮੁਸ਼ਕਿਲ ਹੈ।

ਬਲਬੀਰ ਪਰਵਾਨਾ ਦੀ ਖ਼ੂਬਸੂਰਤੀ ਵਾਸਤਵਿਕਾ ਦੇ ਯਥਾਰਥਕ ਰੂਪਾਂਤਰਨ 'ਚ ਨਿਹਿਤ ਹੈ। ਉਹ ਪਾਤਰਾਂ ਨੂੰ ਪਰਿਸਥਿਤੀਆਂ ਦੇ ਪ੍ਰਸੰਗ 'ਚ ਰੱਖ ਕੇ ਚਿਤਰਦਾ ਹੋਇਆ ਕਿਸਾਨੀ ਜੀਵਨ ਦੀਆਂ ਆਰਥਿਕ, ਮਾਨਸਿਕ, ਸਮਾਜਿਕ ਬਰੀਕੀਆਂ ਨੂੰ ਰੂਪਮਾਨ ਕਰਦਾ ਹੈ। ਪਰਵਾਨਾ ਦੇ ਇਨ੍ਹਾਂ ਨਾਵਲਾਂ 'ਚ ਕਿਸਾਨੀ ਜੀਵਨ ਉੱਪਰ ਹਰੀ ਕ੍ਰਾਂਤੀ ਦੀ ਆਮਦ ਕਾਰਨ ਆਈਆਂ ਤਬਦੀਲੀਆਂ ਨੂੰ ਚਿਤਰਿਆ ਹੈ ਅਤੇ ਇਨ੍ਹਾਂ ਤਬਦੀਲੀਆਂ ਕਾਰਨ ਕਿਸਾਨੀ ਜੀਵਨ 'ਚ ਕਿਵੇਂ ਵੱਖਰੀ ਕਿਸਮ ਦੀ ਵਿਚਾਰਧਾਰਾ ਪੈਦਾ ਹੁੰਦੀ ਅਤੇ ਇਸ ਦੇ ਕਿਸਾਨੀ ਜੀਵਨ/ਧੰਦੇ ਉੱਪਰ ਕਿਹੜੇ-ਕਿਹੜੇ ਪ੍ਰਭਾਵ ਪਏ ਬਾਰੇ ਚਿਤਰਨ ਸਪੱਸ਼ਟ ਹੁੰਦਾ ਹੈ। ਕਲਪਨਾਤਮਿਕਤਾ ਦੇ ਦ੍ਰਿਸ਼ਟੀਕੋਣ ਦਾ ਸੰਤੁਲਨ ਪਰਵਾਨਾ ਦੀ ਵੱਖਰੀ ਸ਼ਖ਼ਸੀਅਤ ਦੀ ਪਹਿਚਾਣ ਹੈ। ਇਹ ਪਹਿਚਾਣ ਹੀ ਬਲਬੀਰ ਪਰਵਾਨਾ ਦੀ ਵਿਲੱਖਣਤਾ ਹੈ।

, , , , ,

### ਅਧਿਆਇ ਪੰਜਵਾਂ

## ਬਲਬੀਰ ਪਰਵਾਨਾ ਦੇ ਨਾਵਲਾਂ ਵਿਚ ਪ੍ਰਸਤੁਤ ਕਿਸਾਨੀ ਜੀਵਨ ਉੱਪਰ ਆਰਥਿਕ, ਮਾਨਸਿਕ, ਸਮਾਜਿਕ, ਰਾਜਨੀਤਿਕ ਅਤੇ ਸਭਿਆਚਾਰਕ ਸ਼ੋਸ਼ਣ ਦੇ ਪ੍ਰਭਾਵ:

ਸਾਹਿਤਕ ਪ੍ਰਕਿਰਿਆ 'ਚ ਹਰ ਸਾਹਿਤਕਾਰ ਤਤਕਾਲੀਨ ਵਰਤਮਾਨ ਦਾ ਫੋਟੋ ਚਿੱਤਰ ਪੇਸ਼ ਕਰਦਾ ਹੈ। ਉਹ ਭੂਤ, ਵਰਤਮਾਨ 'ਤੇ ਭਵਿੱਖ ਦੇ ਰਾਜਸੀ, ਸਭਿਆਚਾਰਕ, ਸਮਾਜਿਕ, ਆਰਥਿਕ, ਮਾਨਸਿਕ ਵਰਤਾਰੇ ਨੂੰ ਵੀ ਮੂਰਤੀਮਾਨ ਕਰਦਾ ਹੈ। ਜਦੋਂ ਇਹ ਵਰਤਾਰਾ ਨਾਵਲੀ ਰੂਪ ਧਾਰਦਾ ਹੈ ਤਾਂ ਇਹ ਹੋਰ ਵੀ ਵਿਸ਼ਾਲ ਅਰਥ ਧਾਰਣ ਕਰ ਜਾਂਦਾ ਹੈ, ਜਿਸ ਵਿੱਚ ਨਾਵਲਕਾਰ ਦਾ ਆਰਥਿਕ ਅਤੇ ਸਮਾਜਿਕ ਵਰਤਾਰਿਆਂ ਪ੍ਰਤੀ ਦ੍ਰਿਸ਼ਟੀਕੋਣ ਵੀ ਸ਼ਾਮਲ ਹੁੰਦਾ ਹੈ। ਇਸ ਸਾਰੀ ਪ੍ਰਕਿਰਿਆ 'ਚ ਨਾਵਲ ਦੀ ਵਿਧਾ ਪੂਰੀਆਂ ਸੰਭਾਵਨਾਵਾਂ ਸਮੇਤ ਉੱਭਰ ਕੇ ਸਾਹਮਣੇ ਆਉਂਦੀ ਹੈ। ਵਰਤਮਾਨ ਨੂੰ ਸੰਬੋਧਨ ਕਰਨਾ ਕਠਿਨ ਪ੍ਰਕਿਰਿਆ ਹੁੰਦੀ ਹੈ, ਕਿਉਂਕਿ ਪਾਠਕ ਵਰਗ ਵੀ ਇਸੇ ਵਰਤਮਾਨ ਵਿੱਚ ਰਹਿ ਰਿਹਾ ਹੁੰਦਾ ਹੈ।

ਸਮਕਾਲੀ ਦੌਰ 'ਚ ਨਵ ਸਾਮਰਾਜਵਾਦ ਦੇ ਉਛਾੜ ਨੇ ਪੂਰੇ ਵਿਸ਼ਵ ਨੂੰ ਢੱਕ ਲਿਆ ਹੈ। ਇਹ ਸਮਾਂ ਇਤਿਹਾਸ 'ਚੋਂ ਉਨ੍ਹਾਂ ਪਲਾਂ ਤੋਂ ਪ੍ਰੇਰਨਾ ਲੈਣ ਦਾ ਵੀ ਹੈ ਜਿਸ ਰਾਹੀਂ ਅਸੀਂ ਭਵਿੱਖ ਦੇ ਸੁਨਹਿਰੀ ਪਲਾਂ ਨੂੰ ਵੇਖਿਆ ਅਤੇ ਮਾਣਿਆ ਹੈ। ਦੱਖਣੀ ਅਮਰੀਕਾ ਇਸ ਨਵ ਸਾਮਰਾਜੀ ਉਛਾੜ ਨੂੰ ਖਿਲਾਰਨ ਵਿੱਚ ਸਫਲ ਹੋਣ ਦਾ ਯਤਨ ਕਰ ਰਿਹਾ ਹੈ। ਜਿਸ ਨੂੰ ਸਾਮਰਾਜੀ ਵਿਚਾਰ ਰਫੂ ਕਰਨ 'ਚ ਅਸਫਲ ਨਜ਼ਰ ਆ ਰਿਹਾ ਹੈ। ਉੱਥੇ ਸਤਾਲਿਨਵਾਦ ਦੀ ਛਾਇਆ ਦੀ ਥਾਂ ਮਾਰਕਸਵਾਦ ਦੇ ਲੜਾਕੂ ਸੰਦ ਨਵੇਂ ਅਤੇ ਤਿੱਖੇ ਹਨ। ਪਰ ਭਾਰਤ ਵਰਗੇ ਮਹਾਨ ਦੇਸ਼ 'ਚ ਕਮਿਊਨਿਸਟ ਪਾਰਟੀਆਂ ਝਰੀ ਵਾਲਾ ਰਿਕਾਰਡ ਵਜਾ ਰਹੀਆਂ ਹਨ।

> ਤਸਕੀਨ ਆਪਣੀ ਪੁਸਤਕ *'ਵਿਚਾਰਧਾਰਾ ਅਤੀਤ ਤੇ ਵਰਤਮਾਨ'* 'ਚ ਲਿਖਦੇ ਹਨ ਕਿ, "ਸੋਵੀਅਤ ਸੰਘ ਦੇ ਢਹਿ ਢੇਰੀ ਹੋਣ ਨਾਲ ਉਸ ਦੇ ਆਸਰੇ 'ਤੇ ਖੜੇ ਦੇਸ਼ ਦੇ ਵਿਚਾਰ ਵੀ ਹੌਲੀ-ਹੌਲੀ ਢਹਿ ਢੇਰੀ ਹੋ ਰਹੇ ਹਨ ਅਤੇ ਇਸ ਗੱਲ ਉੱਪਰ ਲੰਬੀ ਚੌੜੀ ਚਰਚਾ ਵੀ ਹੋ ਚੁੱਕੀ ਹੈ ਕਿ ਸੋਵੀਅਤ ਸੰਘ ਮਾਰਕਸਵਾਦ ਦੇ ਆਸਰੇ ਚੱਲ ਰਿਹਾ ਸੀ ਜਾਂ ਸਤਾਲਿਨਵਾਦ ਦੇ ਆਸਰੇ। ਸਤਾਲਿਨਵਾਦ ਦੀ ਔਧ ਦੇ ਇੰਨੀ ਕੁ ਹੀ ਹੋ ਸਕਦੀ ਸੀ। ਸਾਰੇ ਸੰਸਾਰ ਖ਼ਾਸ ਕਰ ਕੇ ਭਾਰਤ ਵਿੱਚ ਕਮਿਊਨਿਸਟ ਪਾਰਟੀਆਂ ਦਾ ਪਾਲਨ ਪੋਸ਼ਣ ਸਤਾਲਿਨਵਾਦੀ ਬਿਰਤੀ ਰਾਹੀਂ ਹੋਇਆ ਹੈ। ਸਤਾਲਿਨਵਾਦ ਇੱਕ ਤਰ੍ਹਾਂ ਦਾ ਦਫ਼ਤਰੀ ਮਾਰਕਸਵਾਦ ਹੈ ਜੋ ਵਿਰੋਧ ਵਿਕਾਸ ਨੂੰ ਮਕਾਨਕੀ ਸ਼ਕਲ ਵਿੱਚ ਢਾਲ ਕੇ ਦੋ ਦੂਣੀ ਚਾਰ ਤੱਕ ਸੀਮਿਤ ਕਰ ਦਿੰਦਾ ਹੈ।" (95)

ਸੋਵੀਅਤ ਸੰਘ ਦੇ ਟੁੱਟਣ ਨਾਲ ਦੇਸ਼ ਦਾ ਆਰਥਿਕ ਢਾਂਚਾ ਬਿਖਰਨ ਲੱਗਾ। ਮਕਾਨਕੀ ਮਾਰਕਸਵਾਦ ਵਿਕਾਸਵਾਦੀ ਚਿੰਤਨੀ ਸੋਚ ਦੇ ਬੂਹੇ ਬੰਦ ਕੀਤੇ ਗਏ ਅਤੇ ਕੇਂਦਰੀ ਲੋਕਤੰਤਰ 'ਤੇ ਪਹਿਰਾ ਦੇਣਾ ਆਰੰਭ ਹੋਇਆ। ਜਿਸ ਕਾਰਨ ਭਾਰਤ ਦੀਆਂ ਕਮਿਊਨਿਸਟ ਪਾਰਟੀਆਂ ਸਤਾਲਿਨ ਦੇ 'ਮਹਾਨ' ਉਦੇਸ਼ ਹਿੱਤ ਸਤਾਲਿਨਵਾਦ 'ਤੇ ਪੈਰ ਜਮਾਈ ਖੜ੍ਹੀਆਂ ਹਨ। ਭਾਰਤੀ ਕਮਿਊਨਿਸਟ ਪਾਰਟੀਆਂ ਸੋਵੀਅਤ ਸੰਘ ਦੇ ਉਦੇਸ਼ ਹਿੱਤ ਬਸਤੀ ਦੇ ਕਾਰਜ ਨੂੰ ਪੂਰੀ ਮਿਹਨਤ ਨਾਲ ਪੂਰਾ ਕਰ ਰਹੀਆਂ ਹਨ। ਸੋਵੀਅਤ ਸੰਘ ਦੇ ਟੁੱਟਣ ਕਾਰਨ ਆਰਥਿਕ ਅਤੇ ਸਮਾਜਿਕ ਪੱਧਰ ਉੱਪਰ ਬਹੁਤ ਸਾਰੀਆਂ ਤਬਦੀਲੀਆਂ ਵਾਪਰੀਆਂ।

ਪੰਜਾਬੀ ਨਾਵਲ 'ਚ ਵਰਤਮਾਨ ਸੰਸਾਰ ਦੀ ਰਾਜਨੀਤੀ ਵਿੱਚ ਮਾਨਵ ਮੁਕਤੀ ਦੇ ਸਮਾਜਵਾਦੀ ਸੁਪਨੇ ਦੀ ਪ੍ਰਾਪਤੀ ਦੇ ਸੰਘਰਸ਼ ਦੀ ਰੂਪਰੇਖਾ ਨੂੰ ਪੇਸ਼ ਕੀਤਾ ਜਾ ਰਿਹਾ ਹੈ। ਆਰਥਿਕ ਢਾਂਚੇ ਵਿੱਚ ਮੁਨਾਫ਼ੇ ਅਤੇ ਮੰਡੀ ਦੇ ਕੇਂਦਰੀ ਸਥਾਨ ਕਾਰਨ ਉਪਜੇ ਸਭਿਆਚਾਰ ਦੇ ਰਚਨਾਤਮਿਕ ਪ੍ਰਤੀਕਰਮ ਵਜੋਂ ਪ੍ਰਮੁੱਖ ਤੌਰ 'ਤੇ ਜਿਹੜੀਆਂ-ਜਿਹੜੀਆਂ ਦਿਸ਼ਾਵਾਂ ਵਿੱਚ ਆਪਣੇ ਪੈਰ ਫੈਲਾਅ ਰਿਹਾ ਹੈ, ਇਨ੍ਹਾਂ 'ਚੋਂ ਇੱਕ ਦਿਸ਼ਾ ਆਪਣੀਆਂ ਵਰਤਮਾਨ ਪਰਿਸਥਿਤੀਆਂ ਦੀ ਪੁਨਰ ਪੜਚੋਲ ਵਾਲਾ ਬਿਰਤਾਂਤ ਸਿਰਜਣ ਦੀ ਹੈ। ਪੰਜਾਬੀ ਦੇ ਕੁੱਝ ਖੱਬੇ ਪੱਖੀ ਲਹਿਰ ਨਾਲ ਜੁੜੇ ਹੋਏ ਨਾਵਲਕਾਰਾਂ ਨੇ ਆਪਣੇ ਨਾਵਲਾਂ 'ਚ ਵਰਤਮਾਨ ਰਾਜਨੀਤਿਕ, ਸਮਾਜਿਕ, ਆਰਥਿਕ, ਮਾਨਸਿਕ ਦੇ ਉਭਾਰ ਅਤੇ ਨਿਘਾਰ ਵੱਲ ਜਾ ਰਹੀਆਂ ਪਰਿਸਥਿਤੀਆਂ ਦਾ ਬਿਰਤਾਂਤ ਸਿਰਜਿਆ ਹੈ।

> ਸੁਰਜੀਤ ਸਿੰਘ ਪੁਸਤਕ *'ਪੰਜਾਬੀ ਨਾਵਲ: ਦ੍ਰਿਸ਼ ਤੇ ਦ੍ਰਿਸ਼ਟੀ'* 'ਚ ਆਪਣੇ ਵਿਚਾਰ ਪੇਸ਼ ਕਰਦੇ ਲਿਖਦੇ ਹਨ ਕਿ ਇਨ੍ਹਾਂ ਪ੍ਰਸਥਿਤੀਆਂ ਨਾਲ ਸੰਬੰਧਿਤ, "ਰਚਨਕਾਰ ਆਪਣੇ ਸਮਾਜਿਕ ਕਰਤੱਵ ਪ੍ਰਤਿ ਚੇਤੰਨ ਹੋਣ ਦੀ ਥਾਂ ਚਿੰਤਾਤੁਰ ਨਜ਼ਰ ਆਉਂਦੇ ਹਨ। ਇਸ ਚਿੰਤਾ ਦਾ ਕਾਰਨ ਉਨ੍ਹਾਂ ਦੀ ਰਾਜਸੀ ਤੇ ਵਿਚਾਰਧਾਰਕ ਪ੍ਰਤੀਬੱਧਤਾ ਹੈ ਜਿਸ ਦੇ ਨਿਭਾਊ ਲਈ ਉਹ ਨਾਵਲ ਦੇ ਸਿਰਜਕ ਹੋਣ ਦੀ ਥਾਂ ਨਾਵਲ ਦੇ ਉਪਭੋਗੀ ਵਾਂਗ ਕਾਰਜਸ਼ੀਲ ਨਜ਼ਰ ਆਉਂਦੇ ਹਨ। ਉਨ੍ਹਾਂ ਲਈ ਨਾਵਲ ਉਨ੍ਹਾਂ ਦੇ ਵਿਚਾਰਧਾਰਕ ਮਾਡਲਾਂ ਦੇ ਪ੍ਰਚਾਰ ਲਈ ਸਿਰਫ਼ ਇੱਕ ਮਾਧਿਅਮ ਹੈ। ਨਾਵਲ ਨੂੰ ਇੱਛਿਤ ਵਿਚਾਰ-ਮਾਡਲ ਦੇ ਪ੍ਰਚਾਰ ਦਾ ਇੱਕ ਮਾਧਿਅਮ ਬਣਾਉਂਦੇ ਹਨ।" (60)

ਉਪਰੋਕਤ ਵਿਚਾਰ ਨਾਲ ਸਹਿਮਤ ਹੁੰਦੇ ਹੋਏ ਆਖ ਸਕਦੇ ਹਾਂ ਕਿ ਸੋਵੀਅਤ ਸੰਘ ਦੇ ਢਹਿ ਢੇਰੀ ਹੋਣ ਨਾਲ ਪੰਜਾਬੀ ਨਾਵਲਕਾਰ ਸਮਾਜਿਕ ਕਰਤੱਵਾਂ ਪ੍ਰਤੀ ਜਾਗਰੂਕ ਹੁੰਦੇ ਹਨ। ਨਾਵਲ ਨੂੰ ਇੱਕ ਵਿਚਾਰਧਾਰਕ ਸਾਧਨ ਵਜੋਂ ਵਰਤਦੇ ਨਜ਼ਰ ਆਉਂਦੇ ਹਨ। ਬਲਬੀਰ ਪਰਵਾਨਾ ਵੀ ਖੱਬੇ ਪੱਖੀ ਲਹਿਰ ਨਾਲ ਜੁੜਿਆ ਚੇਤੰਨ ਨਾਵਲਕਾਰ ਹੈ। ਪਰਵਾਨਾ ਪੰਜਾਬੀ ਸਮਾਜ 'ਚ ਆਈਆਂ ਤਬਦੀਲੀਆਂ ਕਾਰਨ ਪੈਦਾ ਹੋਏ ਸੰਕਟ ਨੂੰ ਪੇਸ਼ ਕਰਦਾ ਹੈ। ਇਨ੍ਹਾਂ ਵਿੱਚ ਘਿਰ ਕੇ ਭਵੰਤਰੀ ਹੋਏ ਪੰਜਾਬੀ ਮਾਨਸਿਕਤਾ ਅਤੇ ਸਮਾਜਿਕਤਾ ਕਿਤੇ ਤਾਂ ਉਲਾਰ ਜਾਂ ਹੀਣ ਪ੍ਰਵਿਰਤੀਆਂ ਦੀ ਸ਼ਿਕਾਰ ਹੋ ਕੇ ਭੋਗਵਾਦ ਵਿੱਚ ਗ੍ਰਸਤ

ਹੋਈ ਹੈ ਅਤੇ ਕਿਤੇ ਰਾਜਨੀਤਿਕ 'ਤੇ ਸਭਿਆਚਾਰਕ ਹੇਰਵੇ ਦਾ ਸ਼ਿਕਾਰ ਹੁੰਦੀ ਮਾਨਸਿਕਤਾ ਦਾ ਚਿੱਤਰਪੱਟ ਕਰਦੀ ਹੈ। ਅਜਿਹੇ ਹੀ ਕਾਰਨਾਂ ਕਰ ਕੇ ਪੰਜਾਬ ਦਾ ਨਿਮਨ ਕਿਸਾਨੀ ਵਰਗ ਰਾਜਨੀਤਿਕ, ਮਾਨਸਿਕ, ਸਮਾਜਿਕ, ਆਰਥਿਕ ਅਤੇ ਸਭਿਆਚਾਰਕ ਹੇਰਵੇ ਕਾਰਨ ਦੁਖਾਂਤ ਭੋਗ ਰਿਹਾ ਹੈ। ਪਰਵਾਨਾ ਵੀ ਆਪਣੇ ਨਾਵਲਾਂ 'ਚ ਕਿਸਾਨੀ ਜੀਵਨ ਦੀਆਂ ਇਨ੍ਹਾਂ ਪਰਿਸਥਿਤੀਆਂ ਨੂੰ ਆਧਾਰ ਬਣਾ ਕੇ ਨਾਵਲੀ ਬਿਰਤਾਂਤ ਦੀ ਸਿਰਜਣਾ ਕਰਦਾ ਹੈ।

## 5.1 ਆਰਥਿਕ ਸ਼ੋਸ਼ਣ ਦੇ ਪ੍ਰਭਾਵ

ਪੰਜਾਬ ਦੇ ਪੇਂਡੂ ਸਮਾਜ ਦੀ ਆਰਥਿਕਤਾ ਦਾ ਮੁੱਖ ਆਧਾਰ ਖੇਤੀ ਹੈ। ਕਿਸਾਨਾਂ ਦੀ ਆਰਥਿਕ ਸਥਿਤੀ ਮੁੱਖ ਰੂਪ 'ਚ ਜ਼ਮੀਨ ਦੀ ਨਿੱਜੀ ਮਲਕੀਅਤ ਉੱਪਰ ਨਿਰਭਰ ਕਰਦੀ ਹੈ, ਕਿਉਂਕਿ ਸ਼੍ਰੇਣੀ ਸਮਾਜ ਦੀ ਆਰਥਿਕਤਾ ਦਾ ਆਧਾਰ ਨਿੱਜੀ ਮਲਕੀਅਤ ਹੁੰਦੀ ਹੈ। ਨਿੱਜੀ ਜਾਇਦਾਦ ਹੀ ਮੂਲ ਰੂਪ ਵਿੱਚ ਸਮਾਜਿਕ, ਆਰਥਿਕ ਅਤੇ ਰਿਸ਼ਤਿਆਂ ਦੇ ਮੁੱਲਾਂ ਨੂੰ ਅੰਤਿਮ ਰੂਪ ਵਿੱਚ ਨਿਰਧਾਰਿਤ ਕਰਦੀ ਹੈ। ਇੱਥੇ ਹੀ ਨਿੱਜੀ ਜਾਇਦਾਦ ਨਾਲ ਮੂਲ ਰੂਪ ਵਿੱਚ ਕਿਸਾਨੀ ਦਾ ਨਿੱਜੀ ਮੋਹ ਵੀ ਨਜ਼ਰ ਆਉਂਦਾ ਹੈ। ਨਿੱਜੀ ਜਾਇਦਾਦ ਨਾਲ ਮੋਹ ਸਮਾਜ/ਸ਼੍ਰੇਣੀਆਂ ਵਿੱਚ ਪਰਿਵਰਤਨ ਲੈ ਕੇ ਆਉਂਦਾ ਹੈ। ਨਿੱਜੀ ਜਾਇਦਾਦ ਉੱਪਰ ਆਧਾਰਿਤ ਪੇਂਡੂ ਅਰਥਚਾਰਾ ਮਨੁੱਖ ਲਈ ਵਿਵਿਧ ਪ੍ਰਕਾਰ ਦੀਆਂ ਅਮਾਨਵੀ ਪਰਿਸਥਿਤੀਆਂ ਪੈਦਾ ਕਰਦਾ ਹੈ। ਇਸ ਆਰਥਿਕ ਆਧਾਰ ਉੱਪਰ ਉੱਸਰੀਆਂ ਕਦਰਾਂ-ਕੀਮਤਾਂ ਉਨ੍ਹਾਂ ਲਈ ਸਰੀਰਕ ਅਤੇ ਮਾਨਸਿਕ ਸੰਤਾਪ ਦਾ ਕਾਰਨ ਵੀ ਬਣਦੀਆਂ ਹਨ। ਪਰਵਾਨਾ ਨੇ *'ਅੰਬਰ ਵੱਲ ਉਡਾਣ'* ਨਾਵਲ ਰਾਹੀਂ ਕਿਸਾਨੀ ਜੀਵਨ ਵਿਚਲੀਆਂ ਆਰਥਿਕ ਸਥਿਤੀਆਂ ਨੂੰ ਬਿਰਤਾਂਤ ਵਿਚ ਸੰਯੋਜਿਤ ਕੀਤਾ ਹੈ। ਮੀਤੋ ਅਤੇ ਜਗੀਰੀ ਦੀ ਮਾੜੀ ਆਰਥਿਕ ਸਥਿਤੀ ਕਾਰਨ ਉਨ੍ਹਾਂ ਨੂੰ ਮਾਨਸਿਕ ਸੰਤਾਪ ਵੀ ਝੱਲਣਾ ਪੈਂਦਾ ਹੈ। ਇਸ ਦੀ ਉਦਾਹਰਨ ਨਾਵਲ *'ਅੰਬਰ ਵੱਲ ਉਡਾਣ'* ਵਿੱਚੋਂ ਦੇਖ ਸਕਦੇ ਹਾਂ ਜਿਵੇਂ:

> "ਤੂੰ ਕਦੀ ਇਹ ਵੀ ਸੋਚਿਆ, ਘਰ ਚੱਲ ਕਿਵੇਂ ਰਿਹਾ ਹੈ? ਦੋ ਮਹੀਨੇ ਹੋ ਗਏ ਆ ਤੈਨੂੰ ਘਰ ਤਨਖ਼ਾਹ ਲਿਆਇਆਂ.......ਉੱਪਰੋਂ ਹਰ ਦੂਜੇ ਤੀਜੇ ਸੌ ਦਾ ਨੋਟ ਮੰਗ ਲੈਨਾ।......ਮੇਰੇ ਕੋਲ ਖਾਣ ਬਣੀ ਹੋਈ ਐ, ਜਿੱਥੋਂ ਕੱਢ-ਕੱਢ ਕੇ ਦੇਈਂ ਜਾਵਾਂ...." ਜਗੀਰੀ ਦੇ ਪੈਸੇ ਮੰਗਣ 'ਤੇ ਮੀਤੋ ਸੜ ਬਲ ਗਈ ਸੀ।
>
> "ਬੈਂਕ 'ਚੋਂ ਕਢਾਇਆ ਤਾਂ ਹੈ ਵੀਹ ਹਜ਼ਾਰ ਅਜੇ ਪਰਸੋਂ ਹੀ.......ਤੂੰ ਪੈਸੇ ਫੜਾਉਂਦੀ ਹੀ ਔਖੀ ਹੁੰਨੀ ਐ।"
>
> "ਕਢਾਇਆ ਸੀ ਕੁਲਜੀਤੋ ਦੇ ਮੁੰਡੇ ਦੀ ਛੂਛਕ ਲਈ, ਨਾ ਕਿ ਤੇਰੀ ਸ਼ਰਾਬ ਲਈ......ਬੰਦੇ ਨੂੰ ਕੋਈ ਸ਼ਰਮ ਹੁੰਦੀ ਐ ਪਈ ਜੇ ਘਰ 'ਚ ਕੁੱਝ ਦੇ ਨਹੀਂ ਸਕਦਾ, ਘੱਟੋ ਘੱਟ ਮੰਗੇ ਤਾਂ ਨਾ......।"

"ਲਿਆ ਕੇ ਵੀ ਤਾਂ ਤੈਨੂੰ ਹੀ ਦਿੰਨਾ......ਉਦੋਂ ਕਦੀ ਕਿਹਾ ਕਿ ਨਹੀਂ ਮੈਂ ਨਹੀਂ ਰੱਖਣੇ।" ਜਗੀਰੀ ਕੁੱਝ ਤੈਸ਼ 'ਚ ਆ ਗਿਆ.....ਜਦੋਂ ਦੇਖੋ ਵੱਡੂੰ ਟੁੱਕੂੰ , ਵੱਡੂੰ ਟੁੱਕੂੰ......।" (ਪਰਵਾਨਾ, "ਅੰਬਰ ਵੱਲ ਉਡਾਣ" 31)

ਮੀਤੋ ਅਤੇ ਜਗੀਰੀ ਦੀ ਘਰ ਦੀ ਆਰਥਿਕ ਸਥਿਤੀ ਉਚੇਰੀ ਨਾ ਹੋਣ ਕਾਰਨ ਮੀਤੋ ਵਧੇਰੇ ਮਾਨਸਿਕ ਪ੍ਰੇਸ਼ਾਨੀ ਦਾ ਸ਼ਿਕਾਰ ਹੁੰਦੀ ਹੈ। ਉਸ ਨੂੰ ਹਰ ਸਮੇਂ ਘਰ ਦੇ ਖ਼ਰਚ ਤੋਰਨ ਅਤੇ ਸੌਦੇ-ਪੱਤੇ ਦੀ ਚਿੰਤਾ ਲੱਗੀ ਰਹਿੰਦੀ ਹੈ। ਇੱਥੇ ਹੀ ਆਰਥਿਕ ਸਥਿਤੀ ਮਾੜੀ ਹੋਣ ਦਾ ਮੁੱਖ ਕਾਰਨ ਸਰਕਾਰ ਵੱਲੋਂ ਕਿਸਾਨੀ ਦੀ ਮਿਹਨਤ ਦਾ ਪੂਰਾ ਮੁੱਲ ਨਾ ਦੇਣਾ ਵੀ ਹੈ। ਜਿਸ ਕਾਰਨ ਨਿਮਨ ਕਿਸਾਨੀ ਜੀਵਨ ਆਰਥਿਕ ਤੰਗੀਆਂ ਨਾਲ ਜੂਝ ਰਿਹਾ ਹੈ।

ਕੁਲਵੰਤ ਸਿੰਘ ਸੰਧੂ ਦਾ ਮੰਨਣਾ ਹੈ ਕਿ, "ਨਾਵਲ ਵਿੱਚ ਛੋਟੀ ਕਿਸਾਨੀ ਦੇ ਮੁਸ਼ਕਲਾਂ ਭਰੇ ਜੀਵਨ ਨੂੰ ਵੀ ਰਚਨਾ ਵਸਤੂ ਦੇ ਰੂਪ ਵਿੱਚ ਪੇਸ਼ ਕੀਤਾ ਹੈ। ਵੈਸੇ ਤਾਂ ਖੇਤੀ ਦਾ ਕਿੱਤਾ ਕਦੇ ਵੀ ਕਿਸਾਨੀ ਲਈ ਇੰਨਾ ਲਾਹੇਵੰਦ ਨਹੀਂ ਰਿਹਾ ਕਿ ਉਹ ਸੰਤੁਸ਼ਟੀ ਭਰਿਆ ਜੀਵਨ ਗੁਜ਼ਾਰ ਸਕੇ। ਪਰ ਪਰਿਵਾਰਾਂ ਦੇ ਵਧਣ ਨਾਲ ਨਿਰੰਤਰ ਛੋਟੀਆਂ ਹੁੰਦੀਆਂ ਜਾ ਰਹੀਆਂ ਜ਼ਮੀਨ ਦੀਆਂ ਹਿੱਸੇਦਾਰੀਆਂ ਕਾਰਨ ਕਿਸਾਨੀ ਲਈ ਖੇਤੀ ਕਰਨਾ ਸੰਭਵ ਨਹੀਂ ਰਹਿ ਜਾਂਦਾ। ਇਸੇ ਕਰ ਕੇ ਖੇਤੀ ਤੋਂ ਬਾਹਰ ਸਹਾਇਕ ਧੰਦਿਆਂ ਨੂੰ ਅਪਣਾਉਣਾ ਕਿਸਾਨੀ ਦੀ ਮਜਬੂਰੀ ਬਣ ਗਈ ਹੈ। ਪਰ ਇਸ ਦੇ ਬਾਵਜੂਦ ਆਰਥਿਕ ਤੌਰ 'ਤੇ ਖ਼ੁਸ਼ਹਾਲ ਜੀਵਨ ਜੀਊਣ ਦਾ ਸੁਪਨਾ ਕਦੇ ਵੀ ਪੂਰਾ ਨਹੀਂ ਹੁੰਦਾ। ਸੁਪਨੇ ਤੇ ਲਾਲਸਾਵਾਂ ਦੀ ਇਹ ਭਟਕਣ ਕਿਸਾਨੀ ਦੀ ਹੋਣੀ ਬਣਦੀ ਨਜ਼ਰ ਆਉਂਦੀ ਹੈ।" ("ਕਾਲੇ ਦਿਨਾਂ ਦੀ ਦਾਸਤਾਨ", *ਐਤਵਾਰਤਾ, ਜਲੰਧਰ: ਨਵਾਂ ਜ਼ਮਾਨਾ*, 24 ਮਈ 2013, 3)

ਕਿਸਾਨੀ ਜੀਵਨ ਵਿੱਚ ਕੋਈ ਵੀ ਰਾਹ ਖ਼ੁਸ਼ੀ ਜਾਂ ਸੰਤੁਸ਼ਟੀ ਭਰਿਆ ਨਹੀਂ ਹੈ। ਇੱਥੋਂ ਤੱਕ ਕਿ ਕਿਸਾਨ ਅਤੇ ਉਸ ਦੇ ਪਰਿਵਾਰ ਦੇ ਮੈਂਬਰ ਆਪਣੇ ਸੁਪਨਿਆਂ ਨੂੰ ਭਰਪੂਰ ਹੋ ਕੇ ਨਹੀਂ ਮਾਣ ਸਕਦੇ। ਇਵੇਂ ਹੀ ਮੀਤੋ ਦਾ ਮਾੜੀ ਆਰਥਿਕ ਸਥਿਤੀ ਕਾਰਨ ਜਗੀਰੀ ਨਾਲ ਵਿਆਹ ਹੁੰਦਾ ਹੈ ਅਤੇ ਆਰਥਿਕ, ਮਾਨਸਿਕ ਸੰਤਾਪ ਭੋਗਦੀ ਹੈ। ਉੱਥੇ ਜਗੀਰੀ ਖ਼ੁਦ ਆਪ ਸੁਪਨਿਆਂ ਨੂੰ ਟੁੱਟਦੇ ਹੋਏ ਵੇਖਦਾ ਹੈ। ਇਸੇ ਦੀ ਉਦਾਹਰਨ ਹੇਠ ਲਿਖੇ ਟੂਕ 'ਚੋਂ ਦੇਖ ਸਕਦੇ ਹਾਂ ਜਿਵੇਂ:

"ਪੈਸੇ ਤਾਂ ਸਾਰੇ ਇੰਜ ਖੁਰੀ ਜਾ ਰਹੇ ਐ.....ਜ਼ਮੀਨ ਕਾਹਦੀ ਲਵਾਂਗੇ"

ਜਗੀਰੀ ਦੇ ਮਨ 'ਚ ਟਰੈਕਟਰ ਲੈਣ ਦਾ ਸੁਪਨਾ ਸੀ, ਲਹਿਰਾਉਂਦੇ ਖੁੱਲ੍ਹੇ ਖੇਤਾਂ ਦਾ। ਉਸ ਨੂੰ ਇਹ ਭੁੱਲ ਗਿਆ ਸੀ ਕਿ ਜੇ ਉਹ ਪਿੰਡ ਦੀ ਆਪਣੀ ਇਹ ਜੱਦੀ ਜ਼ਮੀਨ ਉਪਜਾਊ ਨਹੀਂ ਸੀ ਬਣਾ ਸਕਿਆ ਤਾਂ ਇਸ ਤੋਂ ਵੀ ਵੱਧ ਬੰਜਰ, ਰੇਤੜ, ਉਜਾੜ ਜ਼ਮੀਨ ਉਸ ਤੋਂ ਕਿਵੇਂ ਉਪਜਾਊ ਹੋ ਸਕਣੀ ਹੈ।" (ਪਰਵਾਨਾ, "ਅੰਬਰ ਵੱਲ ਉਡਾਣ" 26)

ਇਸ ਤਰ੍ਹਾਂ ਜਗੀਰੀ ਮਿਹਨਤ ਕਰ ਕੇ ਜ਼ਮੀਨ ਨੂੰ ਉਪਜਾਊ ਕਰਨੀ ਅਤੇ ਜ਼ਮੀਨ ਵਿਕਣ ਉਪਰੰਤ ਕਿਤੇ ਹੋਰ ਜ਼ਮੀਨ ਖ਼ਰੀਦਣਾ ਚਾਹੁੰਦਾ ਹੈ। ਪਰ ਉਸ ਦਾ ਇਹ ਸੁਪਨਾ ਕਦੇ ਪੂਰਾ ਨਹੀਂ ਹੋ ਸਕਿਆ। ਉੱਥੇ ਹੀ ਜਗੀਰੀ ਦੀ ਪਤਨੀ ਮੀਤੋ ਵੀ ਆਰਥਿਕ ਤੰਗੀ ਕਾਰਨ ਆਪਣੇ ਸੁਪਨਿਆਂ ਨੂੰ ਪੂਰਾ ਨਹੀਂ ਕਰ ਸਕੀ।

ਇੱਥੇ ਹੀ ਬੱਸ ਨਹੀਂ ਸਗੋਂ ਕਿਸਾਨਾਂ ਨੂੰ ਆਪਣੀ ਆਰਥਿਕ ਤੰਗੀ ਕਾਰਨ ਬਹੁਤੀ ਵਾਰ ਜ਼ਮੀਨ ਵੀ ਵੇਚਣੀ ਪੈਂਦੀ ਹੈ ਤਾਂ ਕਿ ਘਰ ਪਰਿਵਾਰ ਦੀਆਂ ਲੋੜਾਂ ਦੀ ਪੂਰਤੀ ਕੀਤੀ ਜਾ ਸਕੇ। *'ਖੇਤਾਂ ਦਾ ਰੁਦਨ'* ਨਾਵਲ ਵਿੱਚ ਦੇਖਦੇ ਹਾਂ ਕਿ ਰਵਿੰਦਰ ਰਵੀ ਦੇ ਪਿਤਾ ਨੂੰ ਘਰ ਪਰਿਵਾਰ ਦੀਆਂ ਲੋੜਾਂ ਦੀ ਪੂਰਤੀ ਲਈ ਜ਼ਮੀਨ ਵੇਚਣੀ ਪੈਂਦੀ ਹੈ ਜਿਵੇਂ:

> "ਪਿੰਡ 'ਚ ਉਨ੍ਹਾਂ ਦੇ ਘਰ ਆਏ ਦਾਜ ਦੀਆਂ ਗੱਲਾਂ ਚੱਲਦੀਆਂ। ਪਰ ਘਰ ਦਾ ਬਣਿਆ ਹੋਇਆ ਭਰਮ ਭਾਅ ਇਸ ਵਿਆਹ ਦੇ ਸਾਲ ਵਿੱਚ ਹੀ ਛੇਕੋ ਛੇਕ ਹੋਣ ਲੱਗ ਪਿਆ। ਬੈਂਕਾਂ ਦੀਆਂ ਕਿਸ਼ਤਾਂ ਟੁੱਟਣ ਲੱਗੀਆਂ। ਉਧਰੋਂ ਆੜ੍ਹਤੀਆ ਪੈਸੇ ਮੋੜਨ ਜਾਂ ਇੱਕ ਕਿੱਲਾ ਬੈਅ ਲਿਖ ਦੇਣ ਲਈ ਦਬਾਅ ਬਣਾਉਣ ਲੱਗਾ। ਉਸ ਦੇ ਮੂਲ 'ਚ ਵਿਆਜ ਪੈ-ਪੈ ਕੇ ਢਾਈ ਲੱਖ ਦੀ ਰਕਮ ਬਣ ਗਈ। ਉਸ ਨੇ ਜ਼ਮੀਨ ਰੈਹਣ ਦੀ ਰਜਿਸਟਰੀ ਕਰਵਾਉਣ ਦੇ ਬਾਵਜੂਦ ਜ਼ਮੀਨ ਦਾ ਠੇਕਾ ਲੈਣ ਦੀ ਥਾਂ ਦੋ ਪ੍ਰਤੀਸ਼ਤ ਮਹੀਨੇ ਦੇ ਹਿਸਾਬ ਨਾਲ ਵਿਆਜ ਲੈਣਾ ਤਹਿ ਕੀਤਾ ਹੋਇਆ ਸੀ। ਹੋਰ ਕੋਈ ਚਾਰਾ ਨਾ ਚੱਲਦਾ ਦੇਖ ਕੇ ਉਸ ਨੇ ਦੋ ਕਿੱਲਿਆਂ ਦਾ ਬੈਅ ਦਾ ਸੌਦਾ ਕਰ ਲਿਆ ਛੇ ਲੱਖ 'ਚ।" (ਪਰਵਾਨਾ, "ਖੇਤਾਂ ਦਾ ਰੁਦਨ" 66)

ਰਵਿੰਦਰ ਰਵੀ ਦਾ ਪਰਿਵਾਰ ਆਪਣੇ ਘਰ ਦੇ ਖ਼ਰਚ ਪੂਰੇ ਕਰਨ ਅਤੇ ਵਿਆਹ ਕਰਨ ਕਾਰਨ ਕਰਜ਼ੇ ਦੀ ਪ੍ਰਕਿਰਿਆ ਵਿੱਚ ਫਸ ਜਾਂਦਾ ਹੈ। ਜਿਸ ਕਾਰਨ ਉਨ੍ਹਾਂ ਨੂੰ ਜ਼ਮੀਨ ਵੇਚਣੀ ਪੈਂਦੀ ਹੈ। ਜ਼ਮੀਨ ਕਿਸਾਨ ਦੀ ਨਿੱਜੀ ਮਲਕੀਅਤ ਹੋਣ ਕਾਰਨ ਇਸ ਦੇ ਵਿਕਣ 'ਤੇ ਮਾਨਸਿਕ ਸੰਤਾਪ ਦੇ ਨਾਲ-ਨਾਲ ਸਮਾਜਿਕ ਹੀਣਤਾ ਵੀ ਭੋਗਣੀ ਪੈਂਦੀ ਹੈ। ਰਵਿੰਦਰ ਰਵੀ ਵੀ ਪਤਲੀ ਆਰਥਿਕਤਾ ਕਾਰਨ ਉਸ ਦੀ ਮਜ਼ਬੂਤ ਮਾਨਸਿਕਤਾ ਵੀ ਥਿੜਕਣ ਲੱਗਦੀ ਹੈ। ਪਰਵਾਨਾ ਨੇ ਰਵਿੰਦਰ ਰਵੀ ਦਾ ਆਰਥਿਕ ਪੱਖੋਂ ਹੀਣ ਹੋਣ ਕਾਰਨ ਸਦਾਚਾਰਕ ਸ਼ੋਸ਼ਣ ਦੇ ਨਾਲ-ਨਾਲ ਮਾਨਸਿਕ 'ਤੇ ਸਮਾਜਿਕ ਸ਼ੋਸ਼ਣ ਦਾ ਜ਼ਿਕਰ ਕੀਤਾ ਹੈ।

> ਡਾ. ਸਾਕ ਮੁਹੰਮਦ ਆਪਣੇ ਲੇਖ *"ਬਲਬੀਰ ਪਰਵਾਨਾ ਦੇ ਨਾਵਲਾਂ ਦਾ ਯਥਾਰਥ ਬੋਧ"* ਵਿੱਚ ਲਿਖਦੇ ਹਨ ਕਿ, "ਨਾਵਲਕਾਰ ਦੀ ਮੱਧਲੀ ਕਿਸਾਨੀ ਵਾਲੀ ਵਿਚਾਰਧਾਰਕ ਪਹੁੰਚ ਹੋਣ ਦੇ ਫਲਸਰੂਪ ਬਿਰਤਾਂਤਕ ਜਗਤ ਦੀ ਸਿਰਜਣ ਪ੍ਰਕਿਰਿਆ ਵਿੱਚ ਮੱਧਵਰਗੀ ਕਿਸਾਨੀ ਪਾਤਰਾਂ ਦੇ ਸਰੋਕਾਰ ਫੋਕਸ ਹੋਏ ਹਨ। ਨਾਵਲਕਾਰ ਦੇ ਚਾਰੇ ਨਾਵਲਾਂ ਦੀ ਲੜੀ ਵਿੱਚ ਗੁਰਮੇਲ, ਗਿੰਦਰ ਇਤਿਆਦੀ ਵੰਨਗੀ ਦੇ ਮੱਧ ਤੇ ਨਿਮਨ ਕਿਸਾਨੀ ਪਾਤਰ ਹੀ ਨਹੀਂ ਸਗੋਂ *'ਅੰਬਰ ਵੱਲ ਉਡਾਣ'* ਵਿਚਲੇ ਨਿਮਨ ਕਿਸਾਨੀ ਪਾਤਰਾਂ ਦੀ ਦਸ਼ਾ ਤੇ ਦਿਸ਼ਾ ਨੂੰ ਫੋਕਸ ਕਰਦਿਆਂ

ਹਾਸ਼ੀਆਗਤ ਧਿਰਾਂ ਦੇ ਹੋ ਰਹੇ ਸ਼ੋਸ਼ਣ ਦਾ ਗਲਪੀ ਰੂਪਾਂਤਰਨ ਕੀਤਾ ਹੈ।" (*ਹਾਸ਼ੀਆ ਲੋਕ,* ਜਨਵਰੀ-ਮਾਰਚ 2014, 227)

ਕੁੱਲੀ, ਗੁੱਲੀ, ਜੁੱਲੀ ਮਨੁੱਖ ਦੀਆਂ ਤਿੰਨ ਬੁਨਿਆਦੀ ਲੋੜਾਂ ਹਨ। ਹਰੀ ਕ੍ਰਾਂਤੀ ਦੇ ਮਾਰੂ ਪ੍ਰਭਾਵਾਂ ਨੇ ਮਨੁੱਖ ਦੀਆਂ ਇਨ੍ਹਾਂ ਤਿੰਨਾਂ ਲੋੜਾਂ ਦਾ ਘੇਰਾ ਵਸੀਹ ਕਰ ਦਿੱਤਾ। ਇਨ੍ਹਾਂ ਤਿੰਨਾਂ ਜ਼ਰੂਰਤਾਂ ਦੀ ਸੂਚੀ ਅਣਮੁੱਕ ਕਰ ਦਿੱਤੀ ਅਤੇ ਜਿਨ੍ਹਾਂ ਦੀ ਪੂਰਤੀ ਕਰਨ ਲਈ ਪੈਸੇ ਦੇ ਹੜ੍ਹ ਨੂੰ ਪੈਦਾ ਕਰ ਦਿੱਤਾ। ਹੁਣ ਇਹ ਇਮਾਨਦਾਰੀ ਦੀ ਕਮਾਈ ਨਾਲ ਪ੍ਰਾਪਤ ਨਹੀਂ ਕੀਤੇ ਜਾ ਸਕਦੇ। ਦਸਾਂ ਨਹੁੰਆਂ ਦੀ ਕਿਰਤ ਕਮਾਈ ਦਾ ਸੰਕਲਪ ਮਾਨਵੀ ਮੁੱਲਾਂ ਅਤੇ ਨੈਤਿਕਤਾ ਵਿਚੋਂ ਮਨਫ਼ੀ ਕਰ ਕੇ ਨਵੀਂ ਸੋਚ ਬੜੀ ਤੀਬਰਤਾ ਨਾਲ ਪੈਦਾ ਕਰ ਦਿੱਤੀ ਗਈ ਹੈ। ਜਿਸ ਮਨੁੱਖ ਕੋਲ ਵਧੇਰੇ ਪੈਸਾ ਹੋਵੇਗਾ, ਉਹ ਹੀ ਸੁਪਨਿਆਂ ਦੀ ਪੂਰਤੀ ਕਰ ਸਕਣਗੇ। ਪੈਸਾ ਕਮਾਉਣ ਦੇ ਹੜ੍ਹ 'ਚ ਫਸ ਕੇ ਕਈ ਲੋਕ ਨਿਮਨ ਵਰਗ ਦਾ ਸ਼ੋਸ਼ਣ ਵੀ ਕਰਦੇ ਹਨ ਅਤੇ ਪੈਸਾ ਕਮਾਉਣ ਲਈ ਨਾਜਾਇਜ਼ ਢੰਗ ਵੀ ਵਰਤਦੇ ਹਨ।

"ਪ੍ਰੋ. ਉੱਪਲ ਦਾ ਮੋਬਾਇਲ ਕਲਾਸ ਵਿੱਚ ਵੀ ਕਦੇ ਬੰਦ ਨਹੀਂ ਹੁੰਦਾ। ਉਸ ਦੇ ਕੰਮ ਕਰਨ ਦਾ ਤਰੀਕਾ ਵੀ ਆਮ ਲੋਕਾਂ ਨਾਲੋਂ ਵੱਖਰਾ ਹੁੰਦਾ ਹੈ। ਉਹ ਕਿਸੇ ਨਵੀਂ ਕੱਟੀ ਜਾ ਰਹੀ ਕਾਲੋਨੀ 'ਚ ਤਿੰਨ ਚਾਰ ਪਲਾਟ ਖ਼ਰੀਦ ਲੈਂਦਾ। ਉਨ੍ਹਾਂ 'ਤੇ ਚੰਗੇ ਨਕਸ਼ੇ ਬਣਵਾ ਕੇ ਉਸਾਰੀ ਕਰਵਾਉਂਦਾ। ਕਿਉਂਕਿ ਉਸ ਦਾ ਕੰਮ ਅਕਸਰ ਚੱਲਦਾ ਹੀ ਰਹਿੰਦਾ ਸੀ, ਇਸ ਲਈ ਠੇਕੇਦਾਰ, ਰਾਜ ਮਿਸਤਰੀ ਵੀ ਉਸ ਨਾਲ ਬਹੁਤ ਵਾਰ ਪੱਕੇ ਹੀ ਰਹਿੰਦੇ ਹਨ। ਕੋਠੀਆਂ ਬਣਾ ਕੇ ਜਦੋਂ ਗਾਹਕ ਲੱਗ ਜਾਂਦਾ ਉਨ੍ਹਾਂ ਨੂੰ ਵੇਚ ਦਿੰਦਾ ਸੀ। "ਕੋਠੀ ਪੰਜ ਤੋਂ ਅੱਠ ਲੱਖ ਮੁਨਾਫ਼ਾ ਮੇਰਾ ਟੀਚਾ ਹੁੰਦਾ ਇਉਂ ਸਾਲ ਦੀਆਂ ਤਿੰਨ ਚਾਰ ਕੋਠੀਆਂ ਵੀ ਨਿਕਲ ਜਾਣ, ਵੀਹ ਪੰਝੀ ਲੱਖ ਬਣ ਜਾਂਦਾ...ਨਾਲੇ ਵਿਹਲੇ ਵਿਹਲੇ ਕਾਲਜ ਅੱਜ ਕੱਲ੍ਹ ਬੱਚੇ ਪੜ੍ਹਨ ਕਿੱਥੇ ਆਉਂਦੇ ਹਨ? ਜੇ ਉਹ ਪੜ੍ਹਨ ਲਈ ਨਹੀਂ ਆਉਂਦੇ ਤਾਂ ਉਨ੍ਹਾਂ ਨਾਲ ਮੱਥਾ ਹੀ ਕਿਉਂ ਮਾਰਿਆ ਜਾਵੇ। ਜਿਨ੍ਹਾਂ ਪੜ੍ਹਨਾ ਹੁੰਦਾ, ਉਹ ਤਾਂ ਦੂਸਰੀਆਂ ਸਟੱਡੀਆਂ ਵੱਲ ਚਲੇ ਜਾਂਦੇ ਹਨ, ਇੰਜੀਨੀਅਰਿੰਗ ਜਾਂ ਮੈਡੀਕਲ ਵਾਲੇ ਪਾਸੇ...ਪੰਜਾਬੀ 'ਚ ਤਾਂ ਉਹੀ ਆਉਂਦਾ ਜਿਸ ਨੂੰ ਕਿਸੇ ਹੋਰ ਪਾਸੇ ਦਾਖ਼ਲਾ ਨਹੀਂ ਮਿਲਦਾ। ਇਹ ਡਾਇਲਾਗ ਤਾਂ ਉਹ ਅਕਸਰ ਆਖਦਾ ਹੈ।" (ਪਰਵਾਨਾ, "ਖੇਤਾਂ ਦਾ ਰੁਦਨ" 100)

ਪ੍ਰੋ. ਉੱਪਲ ਭਾਵੇਂ ਕਾਲਜ ਵਿੱਚ ਪੱਕੇ ਤੌਰ 'ਤੇ ਲੈਕਚਰਾਰ ਹੈ ਪਰ ਵਧੇਰੇ ਪੈਸਾ ਕਮਾਉਣ ਲਈ ਉਹ ਬਾਹਰ ਹੋਰ ਵੀ ਧੰਦੇ ਚਲਾਉਂਦਾ ਹੈ। ਉੱਥੇ ਹੀ ਐਡਹਾਕ ਵੇਸ ਨੌਕਰੀ ਕਰਦੇ ਰਵਿੰਦਰ ਰਵੀ ਉੱਪਰ ਆਪਣੇ ਪੀਰੀਅਡਾਂ ਦਾ ਭਾਰ ਪਾ ਕੇ ਉਸ ਦਾ ਮਾਨਸਿਕ ਤੌਰ 'ਤੇ ਸ਼ੋਸ਼ਣ ਵੀ ਕਰਦਾ ਹੈ। ਜਦੋਂ ਕਿ ਰਵੀ ਦੀ ਪਹਿਲਾ ਹੀ ਆਰਥਿਕ ਸਥਿਤੀ ਚੰਗੀ ਨਹੀਂ। ਹਰੇ ਇਨਕਲਾਬ ਦੀ ਆਮਦ ਦੇ ਪ੍ਰਭਾਵਾਂ ਨੇ ਮਨੁੱਖ ਨੂੰ ਉਪਭੋਗਵਾਦੀ ਬਿਰਤੀ ਵਾਲਾ ਬਣਾ ਦਿੱਤਾ ਹੈ। ਇਸ ਬਾਰੇ ਟਿੱਪਣੀ ਕਰਦੇ ਰੈਫ਼ ਕਾਰਮੈਨ ਲਿਖਦੇ ਹਨ:

> "ਲੋਕਾਂ ਨੂੰ ਦਵਾਉਣ ਦੇ ਵੱਖ-ਵੱਖ ਤਰੀਕੇ ਹਨ। ਮਸਲਨ, ਉਨ੍ਹਾਂ ਨੂੰ ਬੇਘਰ, ਬੇਰੁਜ਼ਗਾਰ, ਅਸੁਰੱਖਿਅਤ, ਕੁਪੋਸ਼ਿਤ ਆਦਿ ਬਣਾ ਕੇ ਉਨ੍ਹਾਂ ਦੀ ਸਰੀਰਿਕ ਲੁੱਟ ਕੀਤੀ ਜਾ ਸਕਦੀ ਹੈ। ਉਨ੍ਹਾਂ ਨੂੰ ਨਸ਼ੇੜੀ ਜਾਂ ਉਪਭੋਗਤਾ ਦਾ ਦੀਵਾਨਾ ਬਣਾ ਕੇ ਉਨ੍ਹਾਂ ਦੀ ਮਾਨਸਿਕ ਲੁੱਟ ਕੀਤੀ ਜਾ ਸਕਦੀ ਹੈ। ਉਨ੍ਹਾਂ ਨੂੰ ਲੋਟੂਆਂ ਤੇ ਅਮੀਰਾਂ ਦੀ ਵਿਚਾਰਧਾਰਾ ਦਾ ਪਿਛਲੱਗ ਬਣਾ ਕੇ ਉਨ੍ਹਾਂ ਨੂੰ ਬੌਧਿਕ ਲੁੱਟ ਦਾ ਸ਼ਿਕਾਰ ਵੀ ਬਣਾਇਆ ਜਾ ਸਕਦਾ ਹੈ। ਹਰ ਤਰ੍ਹਾਂ ਦੀ ਲੁੱਟ ਮਨੁੱਖ ਨੂੰ ਗੈਰ-ਮਨੁੱਖੀ ਬਣਾ ਦਿੰਦੀ ਹੈ।" (ਪਰਵਾਨਾ (ਸੰਪਾ.), "ਕਾਰਪੋਰੇਟ ਵਿਕਾਸ ਮਾਡਲ ਅਤੇ ਖਪਤ ਸਭਿਆਚਾਰ" 41)

ਇਸ ਦੌਰ ਨੇ ਮਨੁੱਖ ਦੀ ਆਰਥਿਕ ਲੁੱਟ ਕਰਨ ਦੇ ਨਾਲ-ਨਾਲ ਮਾਨਸਿਕ ਪ੍ਰਵਿਰਤੀ ਨੂੰ ਉਪਭੋਗਵਾਦੀ ਬਣਾ ਦਿੱਤਾ ਹੈ। ਮਨੁੱਖ ਦਾ ਵਿਵਹਾਰ ਵੀ ਗ਼ੈਰ ਮਨੁੱਖੀ ਵਿਵਹਾਰ ਬਣ ਗਿਆ ਹੈ। ਇਸੇ ਕਾਰਨ ਮਨੁੱਖ ਦਾ ਨਸ਼ਿਆਂ ਵੱਲ ਵੀ ਰੁਝਾਨ ਵੱਧ ਰਿਹਾ ਹੈ। ਸੱਠਵਿਆਂ ਦੇ ਆਰੰਭ 'ਚ ਹਰੀ ਕ੍ਰਾਂਤੀ ਨਾਲ ਪੰਜਾਬ ਦੀ ਰਵਾਇਤੀ ਪੇਂਡੂ ਧਰਾਤਲ ਅਤੇ ਖ਼ਾਸ ਤੌਰ 'ਤੇ ਕਿਸਾਨੀ ਜੀਵਨ ਵਿੱਚ ਵੱਡਾ ਪਰਿਵਰਤਨ ਆਇਆ। ਇਸ ਨਾਲ ਕਿਸਾਨੀ ਜੀਵਨ ਵਿੱਚ ਬੇਸ਼ੁਮਾਰ ਖ਼ੁਸ਼ਹਾਲੀ ਤਾਂ ਆਈ ਪਰ ਨਾਲ ਹੀ ਆਰਥਿਕ, ਸਮਾਜਿਕ, ਸਭਿਆਚਾਰਕ, ਰਾਜਨੀਤਿਕ ਤੇ ਮਾਨਸਿਕ ਤੌਰ 'ਤੇ ਵੀ ਵੱਡੀ ਉਥਲ-ਪੁਥਲ ਮਚਾਈ। ਜਿੱਥੇ ਛੋਟੀ ਕਿਸਾਨੀ ਦੇ ਬੇਜ਼ਮੀਨੇ ਹੋਣ ਦੀ ਪ੍ਰਕਿਰਿਆ ਆਰੰਭ ਹੋਈ ਉੱਥੇ ਹੀ ਨਵੀਂ ਕਿਸਮ ਦੇ ਧੰਦਿਆਂ ਅਤੇ ਭਾਈਚਾਰਕ ਸੰਬੰਧ ਕਮਜ਼ੋਰ ਪੈਣੇ ਤੇਜ਼ੀ ਨਾਲ ਆਰੰਭ ਹੋਏ। ਹਰੀ ਕ੍ਰਾਂਤੀ ਪਿੱਛੋਂ ਉਪਜੇ ਸਮਾਜਿਕ, ਆਰਥਿਕ, ਰਾਜਸੀ, ਮਾਨਸਿਕ ਸੰਕਟਾਂ ਨੇ ਕਿਸਾਨੀ ਜੀਵਨ ਨੂੰ ਡੂੰਘੀ ਖਾਈ ਵਿੱਚ ਸੁੱਟ ਦਿੱਤਾ।

> ਸੁਰਿੰਦਰ ਕੁਮਾਰ ਦਵੇਸ਼ਵਰ ਦੇ ਵਿਚਾਰ ਹਨ ਕਿ, "ਕੁੱਝ ਕੁ ਵਿਕਸਤ ਪੂੰਜੀਵਾਦੀ ਮੁਲਕਾਂ ਦਾ ਆਪਣੀਆਂ ਬੇਰਹਿਮ ਤੇ ਅਨੈਤਿਕ ਨੀਤੀਆਂ ਰਾਹੀਂ ਸਮੁੱਚੇ ਸੰਸਾਰ ਦੇ ਪ੍ਰਕ੍ਰਿਤਕ ਤੇ ਮਾਨਵੀ ਸ੍ਰੋਤਾਂ ਦਾ ਆਪਣੇ ਨਿੱਜੀ ਹਿੱਤਾਂ ਲਈ ਆਰਥਿਕ ਸ਼ੋਸ਼ਣ ਕਰਨਾ ਹੈ। ਖੁੱਲ੍ਹੀ ਤੇ ਉਲਾਰ ਆਰਥਿਕਤਾ ਦੇ ਨਾਂ ਉੱਤੇ ਇਹ ਲੁੱਟ ਦੀ ਅਨੈਤਿਕ ਆਜ਼ਾਦੀ ਹੈ। ਸਥਿਤੀ ਦਾ ਵਿਅੰਗ ਇਹ ਹੈ ਕਿ ਆਪਣੀਆਂ ਅਨੈਤਿਕ ਕਾਰਵਾਈਆਂ ਰਾਹੀਂ ਇਹ ਨੈਤਿਕ ਮਸਲਿਆਂ ਦੇ ਹੱਲ ਕਰਨ ਦੀ ਗੱਲ ਕਰਦਾ ਹੈ। ਇਹ ਵਰਤਾਰਾ ਵਿਤਕਰਿਆਂ ਵਾਲਾ ਹੈ ਪਰ ਸਦੀਵੀਂ ਨਹੀਂ। ਜੇ ਆਰਥਿਕਤਾ ਦਾ ਵਿਸ਼ਵੀਕਰਨ ਹੋ ਰਿਹਾ ਹੈ ਤਾਂ ਇਸ ਦੇ ਨਾਲ-ਨਾਲ ਕਿਰਤ ਤੇ ਕੰਗਾਲੀ ਦਾ ਵੀ ਤਾਂ ਵਿਸ਼ਵੀਕਰਨ ਹੋ ਰਿਹਾ ਹੈ। ਇਸ ਦੌਰ ਵਿੱਚ ਪੂੰਜੀ ਦੀ ਜਿਹੜੀ ਹੋੜ ਤਿੱਖੀ ਹੋ ਰਹੀ ਹੈ, ਇਸ ਨੇ ਕਿਰਤ ਤੇ ਪੂੰਜੀ ਦੀਆਂ ਵਿਰੋਧਤਾਵਾਂ ਨੂੰ ਵੀ ਤਿੱਖਾ ਕੀਤਾ ਹੈ।" ("ਸਮਾਜ ਸੱਤਾ ਤੇ ਸਮਕਾਲੀ ਨਾਵਲ" 33)

ਹਰੀ ਕ੍ਰਾਂਤੀ ਨੇ ਜਿੱਥੇ ਪੈਦਾਵਾਰੀ ਸਾਧਨਾਂ 'ਚ ਵਾਧਾ ਕੀਤਾ, ਉੱਥੇ ਕਿਸਾਨੀ ਜੀਵਨ ਨੂੰ ਕੰਗਾਲੀ ਕਰਨ ਅਤੇ ਉਜਾੜੇ ਵੱਲ ਵੀ ਧੱਕਿਆ। ਨਿਮਨ ਕਿਸਾਨੀ ਰਾਜਸੀ ਅਤੇ ਆਰਥਿਕ ਵਿਤਕਰਿਆਂ ਦਾ ਸ਼ਿਕਾਰ ਹੋਣ ਲੱਗ ਪਈ। ਰਵਾਇਤੀ ਕਿਰਤ ਨੂੰ ਪਿੱਛੇ ਧੱਕ ਕੇ ਸਮਾਜਿਕ ਵਿਰੋਧਤਾਵਾਂ ਨੂੰ ਹੋਰ ਤਿੱਖਾ ਕੀਤਾ ਜਾ ਰਿਹਾ ਹੈ। ਪੰਜਾਬ ਵਿੱਚ ਪਹਿਲਾ ਵਾਂਗ ਕਿਸਾਨੀ

ਦੀ ਇੱਕ ਜਮਾਤ ਨਹੀਂ ਰਹੀ। ਸਮਾਜ ਅੰਦਰ ਜਾਗੀਰਦਾਰਾਂ ਤੋਂ ਬਦਲ ਕੇ ਸਰਮਾਏਦਾਰਾਂ ਦੀ ਇੱਕ ਅਜਿਹੀ ਜਮਾਤ ਪੈਦਾ ਹੋ ਗਈ ਹੈ ਜਿਸ ਨੇ ਪੰਜਾਬ ਦੀ ਆਰਥਿਕਤਾ, ਸਭਿਆਚਾਰ, ਰਾਜਸੀ ਅਤੇ ਮਾਨਸਿਕਤਾ ਉੱਪਰ ਆਪਣਾ ਕਬਜ਼ਾ ਕਰ ਲਿਆ ਹੈ। ਹਰੀ ਕ੍ਰਾਂਤੀ ਤੋਂ ਬਾਅਦ ਜ਼ਾਹਰਕੋਟ ਪਿੰਡ 'ਚ ਸਮਾਜਿਕ, ਆਰਥਿਕ ਪਰਿਸਥਿਤੀਆਂ 'ਚ ਕਈ ਕਿਸਮ ਦੇ ਪਰਿਵਰਤਨ ਆਏ। ਇਸ ਦਾ ਕੇਂਦਰੀ ਧੁਰਾ ਜ਼ਾਹਰਕੋਟ ਦਾ ਸੰਘਾ ਰਿਜ਼ੋਰਟ ਵੀ ਬਣਦਾ ਹੈ ਜਿਸ ਦੇ ਚਿਹਨ-ਚੱਕਰ ਤਿਉੜੇ, ਪੰਡੋਰੀ, ਟਾਂਡਾ, ਬਸੰਤਪੁਰ, ਧਰਮਪੁਰ ਆਦਿ ਖੇਤਰ ਤੱਕ ਫੈਲਦੇ ਹਨ। ਪਰਵਾਨਾ ਨੇ ਆਪਣੇ ਨਾਵਲਾਂ 'ਚ ਕੰਡੀ ਖੇਤਰ ਦੀ ਛੋਟੀ ਕਿਸਾਨੀ ਦੀਆਂ ਸਮੱਸਿਆਵਾਂ ਨੂੰ ਪੇਸ਼ ਕੀਤਾ ਹੈ। ਕੰਡੀ ਖੇਤਰ 'ਚ ਰੇਤਲੀ, ਪਥਰੀਲੀ, ਬੰਜਰ ਜ਼ਮੀਨ ਹੋਣ ਕਰ ਕੇ ਖੇਤੀ ਦੇ ਧੰਦੇ ਲਈ ਲਾਹੇਵੰਦ ਸਿੱਧ ਨਹੀਂ ਹੁੰਦੀ। ਇਹ ਗੱਲ ਨਾਵਲ 'ਚੋਂ ਪ੍ਰਾਪਤ ਹੇਠ ਲਿਖੀਆਂ ਸਤਰਾਂ ਤੋਂ ਸਪੱਸ਼ਟ ਹੁੰਦੀ ਹੈ ਜਿਵੇਂ:

> "ਜ਼ਾਹਰਕੋਟ ਵਿੱਚ ਕਈ-ਕਈ ਘਰ ਤਾਂ ਅਜਿਹੇ ਵੀ ਸਨ ਜਿਨ੍ਹਾਂ ਦੀ ਸਾਰੀ ਜ਼ਮੀਨ ਪਹਾੜ ਵੰਨੀ ਹੋਣ ਕਰ ਕੇ, ਤੇ ਉਹ ਦਰਿਆ ਬੁਰਦ ਹੋ ਜਾਣ ਕਰ ਕੇ, ਉਹ ਘਰ ਬੁਰੀ ਤਰ੍ਹਾਂ ਬਰਬਾਦ ਹੋ ਗਏ ਸਨ। ਇਨ੍ਹਾਂ ਬਰਬਾਦ ਹੋਏ ਘਰਾਂ 'ਚੋਂ ਹੀ ਇੱਕ ਜਗੀਰੀ ਹੁਰਾਂ ਦਾ ਘਰ।" (ਪਰਵਾਨਾ, "ਅੰਬਰ ਵੱਲ ਉਡਾਣ" 40)

ਪਰਵਾਨਾ ਨੇ ਨਾਵਲੀ ਬਿਰਤਾਂਤ 'ਚ ਜਗੀਰੀ ਪਾਤਰ ਨੂੰ ਆਧਾਰ ਬਣਾ ਕੇ ਕੰਢੀ ਖੇਤਰ ਦੀ ਨਿਮਨ ਕਿਸਾਨੀ ਦੀਆਂ ਸਮੱਸਿਆਵਾਂ ਨੂੰ ਉਜਾਗਰ ਕੀਤਾ ਹੈ ਕਿ ਕਿਵੇਂ ਰੇਤਲੀ ਪਥਰੀਲੀ ਜ਼ਮੀਨ ਹੋਣ ਕਾਰਨ ਆਮਦਨ ਘੱਟਦੀ ਹੈ। ਆਰਥਿਕਤਾ ਕਮਾਉਣ ਦਾ ਕੋਈ ਹੋਰ ਸਾਧਨ ਨਾ ਹੋਣ ਕਾਰਨ ਜਗੀਰੀ ਜ਼ਮੀਨ ਵੇਚਣ ਲਈ ਮਜਬੂਰ ਹੁੰਦਾ ਹੈ। ਪਰਵਾਨਾ ਨਾਵਲੀ ਕਥਾ ਵਿੱਚ ਦਰਸਾਉਂਦਾ ਹੈ ਕਿ ਬਲਜੀਤ ਸਿੰਘ ਸੰਘਾ ਕੈਨੇਡਾ ਤੋਂ ਕਮਾਈ ਕਰ ਕੇ ਕਰੋੜਾਂ ਰੁਪਏ ਪੰਜਾਬ ਵਿੱਚ ਲੈ ਕੇ ਆਉਂਦਾ ਹੈ। ਫਿਰ ਜ਼ਾਹਰਕੋਟ ਪਿੰਡ ਦੀ ਜ਼ਮੀਨ ਖ਼ਰੀਦਦਾ ਹੈ ਜਿਸ ਦਾ ਮੁੱਖ ਕਾਰਨ ਇੱਕ ਤਾਂ ਉਹ ਰਮਣੀਕ ਖੇਤਰ ਹੈ ਅਤੇ ਦੂਸਰਾ ਵਪਾਰਕ ਪੱਖ ਤੋਂ ਵੀ ਮਹੱਤਵਪੂਰਨ ਹੈ। ਇਸ ਪਿੰਡ ਦੀ ਜ਼ਮੀਨ ਰੇਤਲੀ ਅਤੇ ਪਥਰੀਲੀ ਹੋਣ ਕਾਰਨ ਇੱਥੇ ਕੋਈ ਫ਼ਸਲ ਨਹੀਂ ਹੁੰਦੀ ਜਿਸ ਕਾਰਨ ਇਸ ਦੀ ਕੀਮਤ ਵੀ ਬਹੁਤ ਘੱਟ ਹੈ। ਸੰਘਾ ਵੱਡਾ ਪੂੰਜੀਪਤੀ ਨਹੀਂ ਪਰ ਵਧੇਰੇ ਸਾਧਨ ਸੰਪੰਨ ਹੋਣ ਕਾਰਨ ਉਹ ਨਿਮਨ ਕਿਸਾਨ ਜਿਵੇਂ ਸੁਜਾਨ ਸਿੰਘ ਅਤੇ ਜਗੀਰ ਸਿੰਘ ਜੋ ਪਹਿਲਾ ਹੀ ਆਰਥਿਕ ਪੱਖੋਂ ਕਮਜ਼ੋਰ ਹਨ ਤੋਂ ਵੱਧ ਕੀਮਤ 'ਤੇ ਜ਼ਮੀਨ ਖ਼ਰੀਦ ਲੈਂਦਾ ਹੈ। ਇਸ ਗਿਆਰਾਂ ਬਾਰ੍ਹਾਂ ਕਿੱਲੇ ਜ਼ਮੀਨ 'ਚ ਸੰਘਾ ਰਿਜ਼ੋਰਟ ਦੀ ਸਥਾਪਨਾ ਕਰਦਾ ਹੈ। ਇਸ ਨਾਲ ਉੱਥੋਂ ਦੇ ਪੇਂਡੂ ਲੋਕਾਂ ਦੀ ਜ਼ਿੰਦਗੀ ਵਿੱਚ ਨਵੇਂ ਮੋੜ ਆਉਂਦੇ ਹਨ ਜਿਵੇਂ:

> "ਰਿਜ਼ੋਰਟ ਮੁੰਡੇ ਕੁੜੀਆਂ ਦੇ ਮਿਲਣ ਦੀ ਥਾਂ ਬਣਨ ਲੱਗਾ। ਉੱਥੋਂ ਦੀ ਰੰਗੀਨ ਜ਼ਿੰਦਗੀ ਦੀਆਂ ਅੱਖੀਂ ਡਿੱਠੀਆਂ ਝਲਕੀਆਂ, ਨਵੀਂ ਮੁੰਡੀਰ ਦੇ ਨਾਲ-ਨਾਲ ਪਿੰਡ ਦੇ ਆਮ ਲੋਕਾਂ ਦੇ ਮਨਾਂ 'ਚ ਵੀ ਨਵੇਂ ਸੁਪਨੇ ਜਗਾਉਂਦੀਆਂ, ਜੀਉਣ ਦੀਆਂ ਨਵੀਆਂ ਤਰੰਗਾਂ ਪੈਦਾ ਹੁੰਦੀਆਂ।" (ਪਰਵਾਨਾ, "ਅੰਬਰ ਵੱਲ ਉਡਾਣ" 72)

ਜ਼ਾਹਰਕੋਟ ਵਿੱਚ ਰਿਜ਼ੌਰਟ ਬਣਨ ਨਾਲ ਕੁੜੀਆਂ ਮੁੰਡਿਆਂ ਦੀ ਆਮ ਚੱਲ ਰਹੀ ਜ਼ਿੰਦਗੀ ਵਿੱਚ ਵੱਡਾ ਉਛਾਲ ਆਇਆ। ਕੁੜੀਆਂ ਮੁੰਡੇ ਇਕੱਠੇ ਹੋ ਕੇ ਰੰਗੀਨ ਸੁਪਨੇ ਸਜਾਉਣ ਲੱਗੇ। ਹਰੀ ਕ੍ਰਾਂਤੀ ਨੇ ਖੇਤੀ ਨੂੰ ਉਦਯੋਗ ਦੇ ਰੂਪ ਵਿੱਚ ਬਦਲ ਦਿੱਤਾ। ਖੇਤੀ ਦਾ ਧੰਦਾ ਘਾਟੇ ਦਾ ਧੰਦਾ ਬਣ ਗਿਆ। ਇਸ ਦੀ ਇੱਕ ਉਦਾਹਰਨ *'ਖੇਤਾਂ ਦਾ ਰੁਦਨ'* ਨਾਵਲ ਵਿੱਚੋਂ ਦੇਖ ਸਕਦੇ ਹਾਂ ਜਿਵੇਂ:

> "ਖੇਤੀ ਦੇ ਸੰਦਰਭ 'ਚ, ਖ਼ਾਸ ਕਰ ਕੇ ਪੰਜਾਬ ਦੀ ਖੇਤੀ ਆਪਣਾ ਸਰੂਪ ਬਦਲ ਕੇ ਲਗਭਗ ਉਦਯੋਗ 'ਚ ਬਦਲ ਚੁੱਕੀ ਹੈ। ਜਿਸ 'ਚ ਪੂੰਜੀ ਤੇ ਤਕਨੀਕ ਦੀ ਸਰਦਾਰੀ ਹਾਵੀ ਹੋ ਗਈ ਹੈ ਤੇ ਹੱਥੀਂ ਕਿਰਤ ਦਾ ਮਹੱਤਵ ਗੌਣ। ਜਿੰਨਾ ਵੱਡਾ ਜ਼ਮੀਨ ਦਾ ਟੁਕੜਾ ਹੈ, ਉਨ੍ਹਾਂ ਹੀ ਮੁਨਾਫ਼ਾ ਵੱਧ ਤੇ ਜਿੰਨਾ ਛੋਟਾ ਟੁਕੜਾ ਉਨ੍ਹਾਂ ਹੀ ਉਸ ਦਾ ਭਵਿੱਖ ਧੁੰਦਲਾ। ਕਦੀ ਜਗੀਰਦਾਰਾਂ ਤੇ ਵੱਡੇ ਕਿਸਾਨਾਂ ਦੇ ਕਈ ਕਈ ਮੁਜ਼ਾਰੇ ਹੁੰਦੇ ਸਨ ਪਰ ਅੱਜ ਇਹ ਆਪਣੀਆਂ ਜ਼ਮੀਨਾਂ ਦੇ ਨਾਲ ਛੋਟੇ ਕਿਸਾਨਾਂ ਦੀਆਂ ਜ਼ਮੀਨਾਂ ਵੀ ਠੇਕੇ 'ਤੇ ਲੈ ਕੇ ਵਾਹ ਰਹੇ ਹਨ। ਬਿਲਕੁਲ ਉਲਟ ਚੁੱਕਾ ਹੈ ਖੇਤੀ ਧੰਦੇ ਦਾ ਕਿਰਤ ਸਰੂਪ।" (ਪਰਵਾਨਾ, "ਖੇਤਾਂ ਦਾ ਰੁਦਨ" 30)

ਹਰੀ ਕ੍ਰਾਂਤੀ ਨੇ ਕਿਸਾਨਾਂ ਨੂੰ ਕੇਵਲ ਆਰਥਿਕ ਸੰਤਾਪ ਹੀ ਨਹੀਂ ਦਿੱਤਾ ਸਗੋਂ ਖੇਤੀ ਨੂੰ ਉਦਯੋਗ ਦੇ ਰੂਪ ਵਿੱਚ ਬਦਲ ਦਿੱਤਾ। ਇਸੇ ਕਾਰਨ ਅੱਜ ਪੰਜਾਬ ਵਿੱਚ ਉਦਯੋਗ ਦਾ ਵਿਕਾਸ ਹੋਇਆ, ਜਿਸ ਕਾਰਨ ਨਿਮਨ ਕਿਸਾਨਾਂ ਨੇ ਆਪਣੀਆਂ ਜ਼ਮੀਨਾਂ ਵੇਚ ਕੇ ਖੇਤੀ ਦੀ ਪ੍ਰਕਿਰਿਆ 'ਚੋਂ ਬਾਹਰ ਨਿਕਲਣਾ ਆਰੰਭ ਕੀਤਾ। ਪਿੰਡਾਂ ਵਿੱਚ ਆਈ ਇਸ ਨਵੀਂ ਪ੍ਰਕਿਰਿਆ ਨੇ ਪਿੰਡਾਂ ਦੀ ਜੀਵਨ ਜਾਂਚ ਹੀ ਨਹੀਂ ਬਦਲੀ ਉੱਥੇ ਖ਼ਰਚ ਵੀ ਵਧੇਰੇ ਵਧਾ ਦਿੱਤੇ। ਜਿਸ ਕਾਰਨ ਪਿੰਡ ਵੀ ਪੂੰਜੀ ਪ੍ਰਤੀ ਕੇਂਦਰਿਤ ਹੋਣ ਲੱਗੇ।

> ਸੁਰਜੀਤ ਬਰਾੜ ਇਸ ਬਾਰੇ ਆਪਣੇ ਵਿਚਾਰ ਲਿਖਦੇ ਹਨ, "ਐਂਟਰਟੇਨਮੈਂਟ ਪਾਰਕ ਬਣਨ ਕਾਰਨ ਪਿੰਡ ਵਾਸੀਆਂ (ਭਾਵ ਇਲਾਕਾ ਵਾਸੀਆਂ) ਦੇ ਖ਼ਰਚੇ ਵੀ ਵੱਧ ਗਏ ਹਨ। ਇੱਕ ਪਾਸੇ ਇਹ ਪਾਰਕ ਪੈਸਾ ਖਿੱਚ ਰਿਹਾ ਹੈ, ਦੂਜੇ ਪਾਸੇ ਢਾਬੇ ਦਾ ਖਾਣਾ ਵੀ ਮਹਿੰਗਾ ਹੈ। ਇਹ ਵੀ ਪੈਸਾ ਬਣਾ ਰਿਹਾ ਹੈ। ਸੰਘੇ ਨੇ ਜੋ ਪੈਸਾ ਨਿਵੇਸ਼ ਕੀਤਾ ਹੈ, ਉਹ ਪੂੰਜੀ ਤੇ ਸੰਪਤੀ 'ਚ ਵਾਧਾ ਕਰ ਰਿਹਾ ਹੈ। ਪੂੰਜੀਵਾਦੀ ਵਿਸ਼ਵੀਕਰਨ ਪੂੰਜੀ ਦੇ ਇਕੱਤਰੀਕਰਨ ਦਾ ਦੂਜਾ ਨਾਮ ਹੈ ਜੋ ਸਾਨੂੰ ਇਸ ਨਾਵਲ ਦੇ ਧਰਾਤਲ 'ਤੇ ਪਸਰਿਆ ਨਜ਼ਰ ਆਉਂਦਾ ਹੈ।" (*ਮੁਹਾਂਦਰਾ*, ਜੁਲਾਈ-ਸਤੰਬਰ 2013, 71)

ਇਸ ਨਵੇਂ ਜਲੌਅ ਨੇ ਕਿਸਾਨਾਂ ਵਿੱਚ ਆਰਥਿਕਤਾ ਦੇ ਨਾਲ-ਨਾਲ ਮਾਨਸਿਕ ਸੰਤਾਪ ਨੂੰ ਵੀ ਪੈਦਾ ਕੀਤਾ ਹੈ। ਨਵੇਂ ਦੌਰ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਪੈਸਾ ਕਿਥੋਂ ਆਵੇਗਾ।

## 5.2 ਮਾਨਸਿਕ ਸ਼ੋਸ਼ਣ ਦੇ ਪ੍ਰਭਾਵ

ਪਰਵਾਨਾ ਨਿਮਨ ਕਿਸਾਨੀ ਜੀਵਨ ਦੀਆਂ ਸਮੱਸਿਆਵਾਂ ਨੂੰ ਪੇਸ਼ ਕਰਦਾ ਹੋਇਆ ਦੱਸਦਾ ਹੈ ਕਿ ਕਿਸ ਤਰ੍ਹਾਂ ਰਵਿੰਦਰ ਰਵੀ, ਜਗੀਰੀ, ਜਗਵਿੰਦਰ ਆਰਥਿਕ ਤੰਗੀ ਕਾਰਨ ਮਾਨਸਿਕ ਸ਼ੋਸ਼ਣ ਦੇ ਸ਼ਿਕਾਰ ਹੁੰਦੇ ਹਨ। *'ਅੰਬਰ ਵੱਲ ਉਡਾਣ'* ਨਾਵਲ ਦਾ ਪਾਤਰ ਜਗੀਰੀ ਵੀ ਆਪਣੀਆਂ ਲੋੜਾਂ ਦੀ ਪੂਰਤੀ ਕਰਨ ਲਈ ਜ਼ਮੀਨ ਬੈਅ ਕਰਨ ਕਾਰਨ ਮਾਨਸਿਕ ਸੰਤਾਪ ਭੋਗਦਾ ਹੈ। ਜਿਵੇਂ:

> "ਤੇ ਇੱਧਰ ਉੱਧਰ ਹੱਥ ਪੈਰ ਮਾਰ, ਨੱਠ ਭੱਜ ਕਰ ਉਂਕਾਰ ਸਿੰਘ ਨਾਲ ਇੱਕ ਕਿੱਲੇ ਦਾ ਪੰਦਰਾਂ ਲੱਖ ਦਾ ਸੌਦਾ ਹੋ ਗਿਆ। ਸੰਘੇ ਵੱਲੋਂ ਨਾਂਹ ਕਰਨ ਤੋਂ ਪਿੱਛੋਂ ਜਿਸ ਤੋਂ ਕਿ ਜਗੀਰੀ ਨੂੰ ਵੱਧ ਪੈਸੇ ਮਿਲਣ ਦੀ ਆਸ ਸੀ, ਉਸ ਨੇ ਉਂਕਾਰ ਸਿੰਘ ਕੋਲ ਪਹੁੰਚ ਕੀਤੀ ਸੀ। ਸੰਘੇ ਨੇ ਇਸ ਲਈ ਵੀ ਨਾਂਹ ਕਰ ਦਿੱਤੀ ਸੀ ਕਿ ਜਗੀਰੀ ਹੋਰੀਂ ਰਿਜ਼ੌਰਟ ਨਾਲ ਜੁੜਵਾਂ ਕਿੱਲਾ ਨਹੀਂ ਵੇਚ ਰਹੇ ਕਿਉਂਕਿ ਇਸ 'ਚ ਉਨ੍ਹਾਂ ਦਾ ਘਰ ਸੀ।" (ਪਰਵਾਨਾ, "ਅੰਬਰ ਵੱਲ ਉਡਾਣ" 110)

ਜਗੀਰੀ ਆਪਣੀ ਜ਼ਮੀਨ ਇਸ ਲਈ ਵੇਚਦਾ ਹੈ ਕਿਉਂਕਿ ਪਾਲ ਦਾ ਵਿਦੇਸ਼ ਵਿਚ ਐਕਸੀਡੈਂਟ ਹੋਣ ਕਾਰਨ ਉਸ ਦੇ ਇਲਾਜ ਲਈ ਜਗੀਰੀ ਨੂੰ ਪੈਸਿਆਂ ਦੀ ਬਹੁਤ ਜ਼ਰੂਰਤ ਹੈ। ਪਰ ਜਗੀਰੀ ਦੀ ਜ਼ਮੀਨ ਸੰਘਾ ਰਿਜ਼ੋਰਟ ਵਾਲੇ ਸਸਤੇ ਭਾਅ ਖ਼ਰੀਦਣਾ ਚਾਹੁੰਦੇ ਹਨ। ਜਗੀਰੀ ਦੀ ਜ਼ਮੀਨ ਸਸਤੇ ਭਾਅ ਖ਼ਰੀਦ ਕੇ ਉਸ ਦਾ ਆਰਥਿਕ ਸ਼ੋਸ਼ਣ ਤਾਂ ਕਰਦੇ ਹਨ ਸਗੋਂ ਮਾਨਸਿਕ ਤੌਰ 'ਤੇ ਵੀ ਪੀੜਦੇ ਹਨ।

> ਜਸਬੀਰ ਭੁੱਲਰ ਦਾ ਮੰਨਣਾ ਹੈ ਕਿ, "ਛੋਟੀ ਕਿਰਸਾਨੀ ਨਾਲ ਜੁੜੀ ਹੋਈ ਉੱਜੜੀ-ਪੁੱਜੜੀ ਆਰਥਿਕਤਾ ਦੇ ਮਾਰੇ ਹੋਏ ਕਿਸਾਨ ਹਰ ਪਿੰਡ ਦੀ ਗੁਰਬਤ ਦੇ ਪ੍ਰਤੀਨਿਧ ਪਾਤਰ ਹਨ। ਉਸ ਦਾ ਦਰਦ ਪੰਜਾਬ ਦੇ ਲੱਖਾਂ ਲੋਕਾਂ ਦਾ ਦਰਦ ਹੈ।" (*ਐਤਵਾਰਤਾ, ਜਲੰਧਰ: ਨਵਾਂ ਜ਼ਮਾਨਾ,* 1 ਮਾਰਚ 2015, 3)

ਪਰਵਾਨਾ ਦੇ ਪਾਤਰ ਕੇਵਲ ਨਾਵਲੀ ਬਿਰਤਾਂਤ ਦੀ ਸਿਰਜਣਾ ਹੀ ਨਹੀਂ ਕਰਦੇ ਸਗੋਂ ਪੰਜਾਬ ਦੇ ਕਿਸਾਨਾਂ ਦੀਆਂ ਸਮੱਸਿਆਵਾਂ ਅਤੇ ਉਨ੍ਹਾਂ ਦੇ ਹੋ ਰਹੇ ਸ਼ੋਸ਼ਣ ਨੂੰ ਵੀ ਰੂਪਮਾਨ ਕਰਦੇ ਹਨ। ਜਿੱਥੇ ਜਗੀਰੀ, ਜਗਵਿੰਦਰ, ਰਵਿੰਦਰ ਆਰਥਿਕ ਕਾਰਨਾਂ ਕਰ ਕੇ ਆਪਣੇ ਸੁਪਨਿਆਂ ਨੂੰ ਪੂਰਾ ਕਰਨ ਵਿੱਚ ਅਸਮਰਥ ਹਨ। ਉੱਥੇ ਹੀ ਆਪਣੀਆਂ ਸਥਿਤੀਆਂ ਨੂੰ ਉਚੇਰਾ ਕਰਨ ਲਈ ਸੰਘਰਸ਼ ਕਰਦੇ ਮਾਨਸਿਕ ਅਤੇ ਸਮਾਜਿਕ ਸੰਤੁਸ਼ਟੀ ਪ੍ਰਾਪਤ ਕਰਨ ਦਾ ਯਤਨ ਵੀ ਕਰਦੇ ਹਨ। ਜ਼ਮੀਨ ਵਿਕਣ ਦੀਆਂ ਪਰਿਸਥਿਤੀਆਂ ਵਿੱਚ ਜਗੀਰੀ ਵਧੇਰੇ ਮਾਨਸਿਕ ਸੰਤਾਪ ਭੋਗਦਾ ਹੈ। ਜਿਸ ਦਾ ਨਮੂਨਾ ਨਾਵਲ 'ਚੋਂ ਦੇਖ ਸਕਦੇ ਹਾਂ ਜਿਵੇਂ:

"ਘਰ 'ਚ ਸਭ ਤੋਂ ਵੱਧ ਮਾਨਸਿਕ ਸੰਤਾਪ ਜਗੀਰੀ ਹੰਢਾ ਰਿਹਾ ਸੀ। ਉਸ ਦਾ ਪੁੱਤ ਜੇਲ੍ਹ ਵਿਚ ਸੀ ਤੇ ਕੇਸ ਵਿੱਚ ਫਸਿਆ ਹੋਇਆ ਸੀ। ਉਹ ਹਰ ਹੀਲੇ ਉਸ ਨੂੰ ਛੁਡਵਾਉਣਾ ਚਾਹੁੰਦਾ ਸੀ। ਕੁੱਝ ਵੀ ਵੇਚ-ਵੱਟ ਕੇ, ਸਭ ਕੁੱਝ ਦਾਅ 'ਤੇ ਲਾ ਕੇ ਵੀ, ਦੂਸਰੇ ਪਾਸੇ ਜ਼ਮੀਨ ਵੇਚ ਦੇਣ ਨਾਲ ਉਸ ਨੂੰ ਇਸ ਧਰਤੀ ਤੋਂ ਆਪਣੀ ਜੜ੍ਹ ਹੀ ਮੁੱਕ ਗਈ ਲੱਗਦੀ ਸੀ। ਇਸ ਪਿੰਡ 'ਚੋਂ, ਇਸ ਇਲਾਕੇ ਤੋਂ। ਹੋਰ ਕਿੱਥੇ ਸੀ ਉਸ ਦੀ ਕਿਤੇ ਸੀਰ। ਪਰ ਹੋਰ ਕੋਈ ਵੀ ਰਾਹ ਨਹੀਂ ਸੀ ਸਾਹਮਣੇ। ਇਸ ਤੋਂ ਵੀ ਵੱਡੀ ਗੱਲ ਸੀ ਕਿ ਬਹੁਤੀ ਸੋਚ ਵਿਚਾਰ ਲਈ ਵੀ ਸਮਾਂ ਨਹੀਂ ਸੀ। ਜਿੰਨੀ ਛੇਤੀ ਹੋ ਸਕੇ ਉੱਨੀ ਛੇਤੀ ਪੈਸੇ ਭੇਜਣੇ ਸਨ। ਉਹ ਰਿਸ਼ਤੇਦਾਰਾਂ ਵੱਲ ਵੀ ਗੇੜੀ ਮਾਰ ਆਇਆ ਸੀ ਇੱਕ ਇੱਕ ਕਰ ਕੇ, ਪਰ ਕਿਸੇ ਨੇ ਪੰਜ ਸੱਤ ਹਜ਼ਾਰ ਤੋਂ ਵੱਧ ਹਾਮੀ ਨਾ ਭਰੀ। ਕਈਆਂ ਨੇ ਤਾਂ ਕੋਰਾ ਜਵਾਬ ਹੀ ਦੇ ਦਿੱਤਾ ਸੀ, "ਨਾ......ਘਰ 'ਚ ਤਾਂ ਕੋਈ ਪੈਸਾ ਹੈ ਹੀ ਨਹੀਂ। ਫ਼ਸਲ ਆਈ 'ਤੇ ਹੀ ਕੁੱਝ ਕੀਤਾ ਜਾ ਸਕਦਾ।" (ਪਰਵਾਨਾ, "ਅੰਬਰ ਵੱਲ ਉਡਾਣ" 110)

ਜਗੀਰੀ ਆਪਣੇ ਪੁੱਤਰ ਨੂੰ ਬਚਾਉਣ ਲਈ ਆਪਣੀ ਜ਼ਮੀਨ ਤੱਕ ਵੇਚ ਦਿੰਦਾ ਹੈ, ਜਦੋਂ ਕਿ ਸਿਆਣੇ ਕਹਿੰਦੇ ਹਨ ਕਿ ਜ਼ਮੀਨ ਜੱਟ ਦੀ ਮਾਂ ਹੁੰਦੀ ਹੈ। ਜਗੀਰੀ ਆਪਣੀ ਮਾਂ ਵਰਗੀ ਜ਼ਮੀਨ ਨੂੰ ਵੇਚ ਕੇ ਆਪਣੇ ਪੁੱਤ ਪਾਲ ਨੂੰ ਛਡਾਉਣ ਦੀ ਹਰ ਹੀਲੇ ਕੋਸ਼ਿਸ਼ ਕਰਦਾ ਹੈ। ਜ਼ਮੀਨ ਵਿਕਣ ਦੀ ਪ੍ਰਕਿਰਿਆ ਵਿੱਚ ਪਰਿਵਾਰ ਦੇ ਬਾਕੀ ਮੈਂਬਰਾਂ ਨਾਲੋਂ ਜਗੀਰੀ ਵਧੇਰੇ ਸੰਤਾਪ ਹੰਢਾਉਂਦਾ ਹੈ। ਪੰਜਾਬ ਦੇ ਕਿਸਾਨ ਲਈ ਜ਼ਮੀਨ ਵੇਚਣੀ ਸਭ ਤੋਂ ਵੱਡੀ ਦੁਖਾਂਤਕ ਘਟਨਾ ਹੈ। ਜ਼ਮੀਨ ਦੀ ਮਾਲਕੀਅਤ ਤੋਂ ਹੀ ਕਿਸਾਨੀ ਜੀਵਨ ਦੀ ਸਮਾਜਿਕ ਸਥਿਤੀ ਨਿਰਧਾਰਿਤ ਹੁੰਦੀ ਹੈ। ਜਗੀਰੀ ਇਸ ਕਰ ਕੇ ਵੀ ਮਾਨਸਿਕ ਪ੍ਰੇਸ਼ਾਨੀ ਦਾ ਵਧੇਰੇ ਸ਼ਿਕਾਰ ਹੁੰਦਾ ਹੈ ਕਿਉਂਕਿ ਜ਼ਮੀਨ ਵਿਕਣ ਕਾਰਨ ਪਿੰਡ ਵਿੱਚ ਉਸ ਦੀ ਸਮਾਜਿਕ ਸਥਿਤੀ ਪਛੜ ਜਾਂਦੀ ਹੈ।

ਨੇਤਰ ਸਿੰਘ ਇਕੋਲਾਹੀ ਨੇ (4 ਸਤੰਬਰ 2016 ਨੂੰ ਪਿੰਡ-ਇਕੋਲਾਹੀ, ਤਹਿਸੀਲ-ਖੰਨਾ ਵਿਖੇ ਮੁਲਾਕਾਤ ਕੀਤੀ) ਨਿਮਨ ਕਿਸਾਨੀ ਬਾਰੇ ਗੱਲਬਾਤ ਕਰਦਿਆਂ ਦੱਸਿਆ ਕਿ ਕਿਸਾਨੀ ਜੀਵਨ ਉੱਪਰ ਦਿਨ ਪ੍ਰਤੀ ਦਿਨ ਕਰਜ਼ੇ ਦਾ ਭਾਰ ਦੁੱਗਣਾ ਹੋ ਰਿਹਾ ਹੈ। ਕਿਸਾਨ ਆਪਣੀਆਂ ਆਰਥਿਕ ਲੋੜਾਂ ਨੂੰ ਪੂਰਾ ਕਰਨ ਲਈ ਆੜ੍ਹਤੀਆਂ ਅਤੇ ਬੈਂਕ ਤੋਂ ਕਰਜ਼ਾ ਲੈਂਦੇ ਹਨ। ਇਸ ਕਰਜ਼ੇ ਦੀ ਵਿਆਜ ਦਰ ਵੱਧ ਹੋਣ ਕਾਰਨ ਕਰਜ਼ੇ ਨੂੰ ਵਾਪਸ ਕਰਨ ਵਿੱਚ ਅਸਫਲ ਰਹਿੰਦੇ ਹਨ। ਜਿਸ ਕਾਰਨ ਕਿਸਾਨ ਆਪਣੀ ਮਾਂ ਵਰਗੀ ਜ਼ਮੀਨ ਵੇਚਣ ਲਈ ਮਜਬੂਰ ਹੋ ਰਹੇ ਹਨ। ਕਰਜ਼ੇ ਦੇ ਭਾਰ ਹੇਠ ਜ਼ਮੀਨ ਵਿਕਣ ਕਾਰਨ ਕਿਸਾਨ ਆਰਥਿਕ ਪੱਖੋਂ ਤਾਂ ਪ੍ਰੇਸ਼ਾਨ ਹੋ ਰਹੇ ਹਨ ਸਗੋਂ ਇਸੇ ਕਾਰਨ ਉਹ ਮਾਨਸਿਕ ਸੰਤਾਪ ਵੀ ਹੰਢਾ ਰਹੇ ਹਨ।

ਹਰੀ ਕ੍ਰਾਂਤੀ ਦੀ ਆਮਦ ਨਾਲ ਪੰਜਾਬ ਦੀ ਖੇਤੀਬਾੜੀ 'ਚ ਮਸ਼ੀਨੀਕਰਨ ਪੱਖੋਂ ਬੇਸ਼ੁਮਾਰ ਵਾਧਾ ਹੋਇਆ ਜਿਸ ਕਾਰਨ ਫ਼ਸਲਾਂ ਦੀ ਪੈਦਾਵਾਰ ਵਧੀ। ਨਵੀਆਂ-ਨਵੀਆਂ ਖਾਦਾਂ, ਬੀਜਾਂ ਅਤੇ ਦਵਾਈਆਂ ਦੀ ਵਰਤੋਂ ਹੋਣ ਲੱਗੀ ਹੈ। ਫ਼ਸਲ ਦੀ ਪੈਦਾਵਾਰ 'ਚ ਵਾਧੇ ਦੇ ਪ੍ਰਭਾਵ ਲੰਬੇ ਸਮੇਂ ਤੱਕ ਕਾਇਮ ਨਾ ਰਹੇ। ਖੇਤੀਬਾੜੀ 'ਤੇ ਵਧੇਰੇ ਖ਼ਰਚ ਆਉਣ ਲੱਗਾ। ਜਿਸ ਕਾਰਨ ਕਿਸਾਨਾਂ ਨੂੰ ਪਹਿਲਾ ਆੜ੍ਹਤੀਆਂ ਤੋਂ ਕਰਜ਼ਾ ਚੁੱਕਣਾ ਪਿਆ ਅਤੇ ਫਿਰ ਬੈਂਕ ਤੋਂ ਕਰਜ਼ਾ ਲੈਣਾ ਪਿਆ। ਕਿਸਾਨ ਆਪਣੀਆਂ ਆਰਥਿਕ ਲੋੜਾਂ ਦੀ ਪੂਰਤੀ ਲਈ ਆੜ੍ਹਤੀਆਂ ਦੀਆਂ ਕੋਝੀਆਂ ਨੀਤੀਆਂ ਦਾ ਸ਼ਿਕਾਰ ਹੋਣ ਲੱਗੇ। ਇਸ ਦੀ ਇੱਕ ਉਦਾਹਰਨ *'ਖੇਤਾਂ ਦਾ ਰੁਦਨ'* ਨਾਵਲ ਵਿੱਚੋਂ ਦੇਖ ਸਕਦੇ ਹਾਂ ਜਿਵੇਂ:

> "ਸੋਲ੍ਹਾਂ ਸਤਾਰਾਂ ਹਜ਼ਾਰ ਉਸ ਦੇ ਬੈਂਕ 'ਚ ਪਏ ਸਨ ਜਿਸ 'ਚੋਂ ਉਸ ਨੇ ਦਸ ਹਜ਼ਾਰ ਕੱਢਾ ਕੇ ਦੇ ਦਿੱਤੇ। ਉਸ ਨੂੰ ਸੀ ਕਿ ਇੰਨੇ ਹੀ ਬਹੁਤ ਐ, ਉਹ ਦੱਬ ਘੁੱਟ ਕੇ ਸਾਰ ਲਵੇਗਾ, ਪਰ ਘਰਦਿਆਂ ਨੇ ਪੰਜਾਹ ਹਜ਼ਾਰ ਆੜ੍ਹਤੀਆਂ ਤੋਂ ਵੀ ਫੜ੍ਹ ਲਏ ਸਨ।" (ਪਰਵਾਨਾ, "ਖੇਤਾਂ ਦਾ ਰੁਦਨ" 23)

ਰਵਿੰਦਰ ਰਵੀ ਦਾ ਪਰਿਵਾਰ ਆਪਣੀ ਧੀ ਦੇ ਘਰ ਅਖੰਡ ਪਾਠ ਦੇ ਭੋਗ ਉੱਪਰ ਜਾਣ ਲਈ ਆੜ੍ਹਤੀਆਂ ਤੋਂ ਕਰਜ਼ਾ ਲੈਂਦਾ ਹੈ। ਰਵਿੰਦਰ ਰਵੀ ਅਤੇ ਉਸ ਦਾ ਪਰਿਵਾਰ ਆਰਥਿਕ ਸੰਰਚਨਾ ਦੇ ਨਿਯਮ ਅਨੁਸਾਰ ਇੱਕ ਨਿਮਨ ਕਿਸਾਨੀ ਦਾ ਲਖਾਇਕ ਹੈ। ਰਵਿੰਦਰ ਰਵੀ ਦੇ ਪਿਤਾ ਨੂੰ ਪਹਿਲਾ ਪਰਿਵਾਰਕ ਵੰਡ ਸਮੇਂ ਜ਼ਮੀਨ ਘੱਟ ਮਿਲਦੀ ਹੈ, ਦੂਜਾ ਆਰਥਿਕ ਸਥਿਤੀਆਂ ਚੰਗੀਆਂ ਨਾ ਹੋਣ ਕਾਰਨ ਪਰਿਵਾਰ ਅਤੇ ਖੇਤੀ ਦੇ ਖ਼ਰਚੇ ਲਈ ਕਰਜ਼ਾ ਲੈਣਾ ਪੈਂਦਾ ਹੈ।

> ਡਾ. ਸੁਰਜੀਤ ਬਰਾੜ ਲੇਖ *'ਸਮਾਜਕ ਦੁਖਾਂਤ ਰਾਹੀਂ ਚੇਤਨਾ ਦਿੰਦੀ ਕ੍ਰਿਤ'* 'ਚ ਲਿਖਦੇ ਹਨ ਕਿ ਪਰਵਾਨਾ ਨੇ, "ਧਰਤੀ ਤੇ ਟੁੱਟ ਰਹੀ ਸੀਮਾਂਤ ਕਿਸਾਨੀ ਦੇ ਸੰਕਟ ਨੂੰ ਅੰਕਿਤ ਕੀਤਾ ਹੈ। ਕਿਸਾਨੀ ਘਰਾਂ 'ਚ ਗੁਰਬਤ ਹੈ, ਸਿਰ 'ਤੇ ਭਾਰੀ ਕਰਜ਼ੇ ਦੀ ਪੰਡ ਹੈ।" (*ਐਤਵਾਰਤਾ, ਜਲੰਧਰ: ਨਵਾਂ ਜ਼ਮਾਨਾ,* 27 ਜੁਲਾਈ 2014 3)

ਪਰਵਾਨਾ ਨੇ ਰਵਿੰਦਰ ਰਵੀ ਦੀਆਂ ਪਰਿਵਾਰਕ ਸਥਿਤੀਆਂ ਨੂੰ ਨਾਵਲੀ ਬਿਰਤਾਂਤ ਦਾ ਹਿੱਸਾ ਬਣਾ ਕੇ ਪੰਜਾਬ ਦੀ ਕਿਸਾਨੀ ਸਿਰ ਚੜ੍ਹੇ ਕਰਜ਼ੇ ਅਤੇ ਉਨ੍ਹਾਂ ਦੀਆਂ ਆਰਥਿਕ ਅਤੇ ਮਾਨਸਿਕ ਸਥਿਤੀ ਦੀ ਪੇਸ਼ਕਾਰੀ ਕੀਤੀ ਹੈ। ਕਿਸਾਨਾਂ ਨੂੰ ਆਪਣੀਆਂ ਲੋੜਾਂ ਦੀ ਪੂਰਤੀ ਲਈ ਆੜ੍ਹਤੀਆਂ ਤੋਂ ਹੀ ਨਹੀਂ ਸਗੋਂ ਬੈਂਕਾਂ ਤੋਂ ਵੀ ਕਰਜ਼ਾ ਲੈਣਾ ਪੈਂਦਾ ਹੈ। ਜਿਵੇਂ:

> "ਬਾਕੀ ਤਿੰਨ ਲੱਖ ਲਈ ਪਹਿਲਾ ਜ਼ਮੀਨ ਵੇਚਣ ਦੀ ਗੱਲ ਚਲਾਈ, ਪਰ ਜਦੋਂ ਮਨ ਇੱਛਤ ਪੈਸੇ ਨਾ ਮਿਲੇ ਤਾਂ ਬੈਂਕ ਵਾਲਿਆਂ ਨਾਲ ਮਿਲ ਕੇ ਪੰਜ ਲੱਖ ਦਾ; ਘਰ ਦੀ ਉਸਾਰੀ ਲਈ ਕਰਜ਼ਾ ਪਾਸ ਕਰਵਾ ਲਿਆ, ਪਹਿਲੇ ਘਰ ਦੇ ਉੱਪਰ ਹੀ। ਇਹ ਕਰਜ਼ਾ ਹਫਤੇ ਦੇ ਵਿੱਚ ਪਾਸ ਕਰਨ ਲਈ ਮੈਨੇਜਰ ਨੇ ਵੱਖਰਾ ਤੀਹ ਹਜ਼ਾਰ ਲੈ ਲਿਆ।" (ਪਰਵਾਨਾ, "ਅੰਬਰ ਵੱਲ ਉਡਾਣ" 95)

*'ਅੰਬਰ ਵੱਲ ਉਡਾਣ'* ਨਾਵਲ ਵਿੱਚ ਦੇਖਦੇ ਹਾਂ ਕਿ ਜਗੀਰੀ ਆਪਣੇ ਪੁੱਤਰ ਪਾਲ ਦੀ ਆਰਥਿਕ ਸਹਾਇਤਾ ਕਰਨ ਲਈ ਬੈਂਕ ਤੋਂ ਕਰਜ਼ਾ ਲੈਂਦਾ ਹੈ ਤਾਂ ਕਿ ਉਸ ਦਾ ਪੁੱਤਰ ਵਿਦੇਸ਼ ਵਿੱਚ ਪੱਕਾ ਹੋ ਸਕੇ। ਪਰ ਇਹ ਝੂਠ ਬੋਲ ਕੇ ਲੋਨ ਪਾਸ ਕਰਵਾਉਂਦਾ ਹੈ ਕਿ ਉਸ ਨੇ ਘਰ ਦੀ ਉਸਾਰੀ ਕਰਨੀ ਹੈ। ਇਸ ਸਭ ਪਿੱਛੇ ਜਗੀਰੀ ਅਤੇ ਉਸ ਦਾ ਪਰਿਵਾਰ ਆਪਣੀ ਆਰਥਿਕ ਸਥਿਤੀ ਵਿੱਚ ਸੁਧਾਰ ਕਰਨਾ ਚਾਹੁੰਦਾ ਹੈ। ਜਗੀਰੀ ਕੇਵਲ ਬੈਂਕ ਤੋਂ ਲਏ ਕਰਜ਼ੇ ਕਾਰਨ ਪ੍ਰੇਸ਼ਾਨ ਹੀ ਨਹੀਂ ਹੁੰਦਾ ਸਗੋਂ ਬੈਂਕ ਮੈਨੇਜਰ ਦੁਆਰਾ ਲੋਨ ਪਾਸ ਕਰਵਾਉਣ 'ਚ ਤੀਹ ਹਜ਼ਾਰ ਰਿਸ਼ਵਤ ਵਜੋਂ ਲੈਣ ਕਾਰਨ ਵੀ ਪ੍ਰੇਸ਼ਾਨ ਹੈ। ਪਰਵਾਨਾ ਨੇ ਬੈਂਕ ਮੈਨੇਜਰ ਦੁਆਰਾ ਤੀਹ ਹਜ਼ਾਰ ਦੀ ਰਿਸ਼ਵਤ ਲੈਣ ਦੀ ਪ੍ਰਕਿਰਿਆ ਨੂੰ ਪੇਸ਼ ਕਰ ਕੇ ਲੁੱਟ ਖਸੁੱਟ ਵਾਲੇ ਜਾਤੀ ਚਰਿੱਤਰ ਦਾ ਚਿਹਰਾ ਵੀ ਸਪਸ਼ੱਟ ਕੀਤਾ ਹੈ। ਅਨਪੜ੍ਹਤਾ ਗ਼ਰੀਬੀ ਦੀ ਦਲਦਲ 'ਚ ਫਸੇ ਜਗੀਰੀ ਵਰਗੇ ਮਨੁੱਖ ਪੀੜ੍ਹੀ ਦਰ ਪੀੜ੍ਹੀ ਹੱਡ ਤੋੜਵੀਂ ਮਿਹਨਤ ਕਰ ਕੇ ਵੀ ਆਪਣੀਆਂ ਆਰਥਿਕ ਲੋੜਾਂ ਦੀ ਪੂਰਤੀ ਨਹੀਂ ਕਰ ਸਕਦੇ। ਸਗੋਂ ਕਰਜ਼ੇ ਵਰਗੀਆਂ ਪਰਿਸਥਿਤੀਆਂ ਦਾ ਸ਼ਿਕਾਰ ਹੁੰਦੇ ਹਨ। ਜਗੀਰੀ ਅਤੇ ਰਵਿੰਦਰ ਰਵੀ ਦੇ ਪਰਿਵਾਰ ਕੋਲ ਆਪਣੀਆਂ ਸਮੱਸਿਆਵਾਂ ਦਾ ਕੋਈ ਹੱਲ ਨਹੀਂ ਹੁੰਦਾ।

## 5.3 ਸਮਾਜਿਕ ਸ਼ੋਸ਼ਣ ਦੇ ਪ੍ਰਭਾਵ

ਆਰਥਿਕਹੀਣਤਾ ਉਨ੍ਹਾਂ ਦੇ ਪਰਿਵਾਰਾਂ ਲਈ ਸਮਾਜਿਕਹੀਣਤਾ ਦਾ ਮੁੱਖ ਕਾਰਨ ਬਣਦੀ ਹੈ। ਇਸੇ ਤਰ੍ਹਾਂ *'ਖੇਤਾਂ ਦਾ ਰੁਦਨ'* ਨਾਵਲ ਵਿੱਚ ਰਵਿੰਦਰ ਰਵੀ ਦੇ ਪਰਿਵਾਰ ਦੁਆਰਾ ਬੈਂਕ ਤੋਂ ਲਏ ਕਰਜ਼ੇ ਬਾਰੇ ਪਤਾ ਚੱਲਣ 'ਤੇ ਸਮਾਜਿਕ ਸ਼ੋਸ਼ਣ ਦਾ ਸ਼ਿਕਾਰ ਹੁੰਦਾ ਹੈ ਜਿਵੇਂ:

> "ਜਦੋਂ ਕੁੱਝ ਦੇਣਾ ਨਹੀਂ ਤਾਂ ਫਿਰ ਮੱਤਾਂ ਵੀ ਨਾ ਦੇਹ...... ਜਿਹੜਾ ਲੈਂਡ ਮਰਗੇਜ਼ ਬੈਂਕ ਵਾਲਾ ਢਾਈ ਲੱਖ ਐ ਨਾ, ਉਹ ਲਾਹੁਣ ਦਾ ਚਾਰਾ ਜ਼ਰੂਰ ਕਰ......ਕਿਤੇ ਇਹ ਨਾ ਹੋਵੇ, ਕੁਰਕੀ ਦੇ ਵਾਰੰਟ ਬਣ ਜਾਣ 'ਤੇ ਸਾਰੇ ਇਲਾਕੇ 'ਚ 'ਲਾ-ਲਾ ਲਾ-ਲਾ' ਹੁੰਦੀ ਫਿਰੇ।" (ਪਰਵਾਨਾ, "ਖੇਤਾਂ ਦਾ ਰੁਦਨ" 23)

ਬੈਂਕ ਵੱਲੋਂ ਜ਼ਮੀਨ ਦੀ ਕੁਰਕੀ ਦੇ ਵਰੰਟ ਕੱਢੇ ਜਾਣ ਦੇ ਡਰ ਕਾਰਨ ਰਵਿੰਦਰ ਰਵੀ ਦਾ ਪਰਿਵਾਰ ਆਰਥਿਕ ਹੀਣਤਾ ਦੇ ਨਾਲ-ਨਾਲ ਸਮਾਜਿਕਹੀਣਤਾ ਦਾ ਵੀ ਸ਼ਿਕਾਰ ਹੁੰਦਾ ਹੈ। ਇਨ੍ਹਾਂ ਪਰਿਸਥਿਤੀਆਂ ਵਿੱਚ ਰਵੀ ਵਧੇਰੇ ਮਾਨਸਿਕ ਸੰਤਾਪ ਭੋਗਦਾ ਹੈ। ਪੰਜਾਬ ਦੀ ਨਿਮਨ ਕਿਸਾਨੀ ਦੀ ਗਿਣਤੀ 60% ਹੈ। ਇਹ ਵਰਗ ਵਧੇਰੇ ਪੀੜਾਜਨਕ ਅਤੇ ਸੰਕਟ ਗ੍ਰਸਤ ਹੈ ਕਿਉਂਕਿ ਇਸ ਵਰਗ ਜ਼ੁੰਮੇ ਆੜ੍ਹਤੀਆਂ, ਬੈਂਕਾਂ, ਸ਼ਾਹੂਕਾਰਾਂ ਅਤੇ ਰਿਸ਼ਤੇਦਾਰਾਂ ਦਾ ਕਰਜ਼ਾ ਹੈ। ਜਗੀਰੀ ਅਤੇ ਰਵੀ ਵਰਗੇ ਵੀ ਅਜਿਹੇ ਕਰਜ਼ੇ ਦੇ ਸ਼ਿਕਾਰ ਹਨ ਜਿਨ੍ਹਾਂ ਸਿਰ ਕਰਜ਼ਾ ਉਤਾਰਨ ਦੀ ਥਾਂ ਹੋਰ ਕਰਜ਼ਾ ਚੜ੍ਹ ਰਿਹਾ ਹੈ।

> ਸੁਰਜੀਤ ਬਰਾੜ ਦੇ ਲਫ਼ਜ਼ਾਂ ਵਿੱਚ ਪਰਵਾਨਾ ਨੇ *'ਖੇਤਾਂ ਦਾ ਰੁਦਨ'*, *'ਕਥਾ ਇਸ ਯੁੱਗ ਦੀ'*, *'ਅੰਬਰ ਵੱਲ ਉਡਾਣ'* ਨਾਵਲਾਂ ਵਿੱਚ, "ਪੰਜਾਬ ਦੇ ਮੌਜੂਦਾ ਕਿਸਾਨੀ ਜ਼ਰੱਈ/ਸੰਕਟ, ਕਿਸਾਨੀ ਤ੍ਰਾਸਦੀ/ਦੁਖਾਂਤ ਨੂੰ ਉਤਪੰਨ ਕਰਨ ਅਤੇ ਇਸ ਦੀ ਗਤੀ ਤੇਜ਼ ਕਰਨ ਵਾਲੇ ਪ੍ਰਮੁੱਖ ਅਤੇ ਗੌਣ ਕਾਰਨਾਂ ਨੂੰ ਠੀਕ ਅਤੇ ਠੋਸ ਰੂਪ 'ਚ ਸਮਝਿਆ, ਪਕੜਿਆ ਤੇ ਨਿਭਾਇਆ ਹੈ। ਇਹ ਨਾਵਲ ਕ੍ਰਿਸ਼ੀ ਸਮਾਜ ਦੀਆਂ ਨਾ ਨਿਵਾਰਨਯੋਗ ਵਿਰਾਟ ਸਮੱਸਿਆਵਾਂ ਅਤੇ ਸੰਕਟਾਂ ਦਾ ਪ੍ਰਮਾਣਿਕ ਅਤੇ ਯਥਾਰਥਵਾਦੀ ਰੂਪਾਂਤਰਨ ਹੈ। ਨਿੱਜੀ ਕਿਸਾਨੀ ਦੀ ਆਰਥਿਕ ਤੰਗੀ, ਕੰਗਾਲੀ ਗੁਰਬਤ, ਉਸ ਜ਼ੁੰਮੇ ਚੜ੍ਹਿਆ ਕਰਜ਼ਾ, ਉਸ ਦੀਆਂ ਧੀਆਂ-ਪੁੱਤਰਾਂ ਦਾ ਨਿਕੰਮੇ ਵਿਹਲੜ ਤੇ ਬਾਗ਼ੀ ਰੁਚੀਆਂ ਦੇ ਧਾਰਕ ਹੋਣਾ, ਇਨ੍ਹਾਂ ਕਾਰਨਾਂ ਕਰ ਕੇ ਉਸ ਦਾ ਮਾਨਸਿਕ ਦਵੰਦਾਂ/ਪ੍ਰੇਸ਼ਾਨੀਆਂ ਵਿੱਚ ਘਿਰਨਾ" ("ਪੰਜਾਬੀ ਨਾਵਲ: ਸਮਾਜ ਸ਼ਾਸਤਰੀ ਪਰਿਪੇਖ" 60) ਆਦਿ ਸਥਿਤੀਆਂ ਨੂੰ ਨਾਵਲੀ ਬਿਰਤਾਂਤਕ ਜਗਤ ਦਾ ਹਿੱਸਾ ਬਣਾਇਆ ਹੈ।

ਪਰਵਾਨਾ ਨੇ ਨਿਮਨ ਕਿਸਾਨੀ ਦੇ ਆਰਥਿਕ, ਮਾਨਸਿਕ ਅਤੇ ਸਮਾਜਿਕ ਪਰਿਸਥਿਤੀਆਂ ਨੂੰ ਨਾਵਲਾਂ ਵਿੱਚ ਰੂਪਮਾਨ ਕੀਤਾ ਹੈ। ਉਸ ਨੇ ਕਿਸਾਨੀ ਸਿਰ ਚੜ੍ਹਦੇ ਕਰਜ਼ੇ, ਜ਼ਮੀਨ ਦਾ ਵਿਕਣਾ, ਆਰਥਿਕ ਤੰਗੀ, ਆੜ੍ਹਤੀਆਂ ਅਤੇ ਬੈਂਕਾਂ ਤੋਂ ਕਰਜ਼ਾ ਲੈਣਾ ਅਤੇ ਕਰਜ਼ੇ ਕਾਰਨ ਮਾਨਸਿਕ ਤੇ ਆਰਥਿਕ ਸ਼ੋਸ਼ਣ ਨੂੰ ਆਪਣੇ ਨਾਵਲਾਂ ਦਾ ਹਿੱਸਾ ਬਣਾਇਆ ਹੈ। ਪਰਵਾਨਾ ਨੇ ਰਵਿੰਦਰ ਰਵੀ ਅਤੇ ਜਗੀਰੀ ਦੇ ਪਰਿਵਾਰਾਂ ਸਿਰ ਚੜ੍ਹਦੇ ਕਰਜ਼ੇ ਦੀ ਪ੍ਰਕਿਰਿਆ ਨੂੰ ਪੇਸ਼ ਕਰ ਕੇ ਆਰਥਿਕ ਸੰਕਟ ਕਾਰਨ ਕੰਗਾਲੀਕਰਨ ਦੀ ਪ੍ਰਕਿਰਿਆ 'ਚ ਫਸੀ ਕਿਸਾਨੀ ਨੂੰ ਆਧਾਰ ਬਣਾ ਕੇ ਨਾਵਲੀ ਜਗਤ ਦੀ ਸਿਰਜਣਾ ਕੀਤੀ ਹੈ।

## 5.4 ਰਾਜਨੀਤਿਕ ਸ਼ੋਸ਼ਣ ਦੇ ਪ੍ਰਭਾਵ

ਨਿਮਨ ਵਰਗ ਕੇਵਲ ਸਮਾਜਿਕ, ਆਰਥਿਕ ਅਤੇ ਮਾਨਸਿਕ ਸ਼ੋਸ਼ਣ ਦਾ ਸ਼ਿਕਾਰ ਨਹੀਂ ਹੋ ਰਿਹਾ ਸਗੋਂ ਸਰਕਾਰ ਦੀਆਂ ਕੋਝੀਆਂ ਨੀਤੀਆਂ ਕਾਰਨ ਵੀ ਮਾਨਸਿਕ ਸੰਤਾਪ ਭੋਗ ਰਿਹਾ ਹੈ। ਪਹਿਲੀ ਗੱਲ ਕਿ ਸਰਕਾਰ ਨਿਮਨ ਵਰਗ ਲਈ ਕਦੇ ਯੋਗ ਕਦਮ ਨਹੀਂ ਚੁੱਕਦੀ। ਦੂਸਰਾ ਜੇ ਕਦੇ ਕੋਈ ਕਦਮ ਚੁੱਕਦੀ ਵੀ ਹੈ ਤਾਂ ਉਹ ਸਿਰਫ ਕਾਗਜ਼ੀ ਕਾਰਵਾਈ ਹੁੰਦੀ ਹੈ। ਇਹ ਵੀ ਦੇਖਣ ਵਿੱਚ ਆਉਂਦਾ ਹੈ ਕਿ ਜਦੋਂ ਵਿਕਾਸ ਦੇ ਕੰਮ ਹੁੰਦੇ ਹਨ ਤਾਂ ਸਰਕਾਰੀ ਨੁਮਾਇੰਦੇ ਮਿਲੀ ਭੁਗਤ ਕਾਰਨ ਵਿਕਾਸ ਦੇ ਨਾਮ 'ਤੇ ਆਉਂਦੇ ਵਿਕਾਸ ਫ਼ੰਡ ਆਪਣੀ ਜੇਬ ਵਿੱਚ ਪਾ ਜਾਂਦੇ ਹਨ। ਇਸੇ ਦੀ ਇੱਕ ਉਦਾਹਰਨ ਨਾਵਲ *'ਅੰਬਰ ਵੱਲ ਉਡਾਣ'* ਵਿੱਚੋਂ ਦੇਖ ਸਕਦੇ ਹਾਂ ਜਿਵੇਂ:

"ਸੰਘਾ ਰਿਜ਼ੌਰਟ ਦੇ ਸਾਹਮਣੇ ਜ਼ਾਹਰਕੋਟ ਨੂੰ ਜਾਂਦੀ ਲਿੰਕ ਸੜਕ ਦੇ ਨਾਲ-ਨਾਲ ਦੱਖਣੀ ਪਾਸੇ, ਮੁਕੇਰੀਆਂ ਦੀ ਇੱਕ ਪੈਟਰੋਲ ਪੰਪ ਪਾਰਟੀ ਨੇ ਗੁੱਜਰ ਸਿੰਘ ਤੋਂ ਦੋ ਕਿੱਲੇ ਖ਼ਰੀਦ ਲਏ ਪੰਝੀ ਲੱਖ ਨੂੰ ਕਿੱਲੇ ਦੇ ਹਿਸਾਬ ਨਾਲ। ਇਸ ਦਾ ਜੀ.ਟੀ. ਰੋਡ ਨਾਲ ਸਾਹਮਣਾ ਪਾਸਾ ਤਾਂ ਕਿੱਲਾ ਕੁ ਲੱਗਦਾ ਸੀ, ਬਾਕੀ ਸੜਕ ਦੇ ਨਾਲ-ਨਾਲ ਪਿੱਛੇ ਨੂੰ ਸੀ। ਸੰਘਾ ਰਿਜ਼ੌਰਟ ਦੇ ਬਰਾਬਰ-ਬਰਾਬਰ। ਲਿੰਕ ਸੜਕ ਵੀ ਹੁਣ ਤਾਂ ਪ੍ਰਧਾਨ ਮੰਤਰੀ ਰੁਜ਼ਗਾਰ ਯੋਜਨਾ ਤਹਿਤ ਬੜੀ ਸੋਹਣੀ ਬਣ ਗਈ ਸੀ, ਪੂਰੀ ਖੁੱਲ੍ਹੀ ਡੁੱਲ੍ਹੀ 'ਤੇ ਇਕਸਾਰ। ਰਾਹ 'ਚ ਪੈਂਦੀਆਂ ਸਭ ਚੋਈਆਂ ਕੂਲ੍ਹਾਂ ਉੱਪਰਲੇ ਪੁਲ ਨਵੇਂ ਬਣ ਗਏ ਸਨ। ਜਦੋਂ ਇਹ ਸੜਕ ਪਹਿਲੀ ਵਾਰ ਪੱਕੀ ਹੋਈ ਸੀ, ਸੱਤਰ ਦੇ ਆਸ ਪਾਸ ਤਾਂ ਇੰਨੀ ਭੈੜੀ ਤਰ੍ਹਾਂ ਬਣੀ ਸੀ ਕਿ ਛੇ ਮਹੀਨਿਆਂ ਵਿੱਚ ਹੀ ਇਸ ਦੇ ਉੱਪਰ ਵਾਲੀ ਲੁੱਕ ਬਜਰੀ ਦੀ ਤਹਿ ਉੱਖੜ ਗਈ ਸੀ ਤੇ ਹੇਠਾਂ ਪਏ ਖਿੰਘਰ ਪੱਥਰ 'ਤੇ ਤੁਰਨਾ ਬਹੁਤ ਔਖਾ ਲੱਗਦਾ। ਉਦੋਂ ਲੋਕ ਆਮ ਕਹਿੰਦੇ, "ਇਸ ਨਾਲੋਂ ਤਾਂ ਕੱਚੀ ਹੀ ਚੰਗੀ ਸੀ......ਮੀਂਹ ਕਣੀ ਦੇ ਦਿਨਾਂ ਨੂੰ ਛੱਡਕੇ ਸਾਫ਼ ਤਾਂ ਰਹਿੰਦੀ ਸੀ ਨਾ......।"

"ਲੁੱਕ ਬਜਰੀ ਤਾਂ ਸਾਰੀ ਚੇਤੰਨ ਖਾ ਗਿਆ......ਸੜਕ ਸੁਆਹ ਦੀ ਠੀਕ ਰਹਿਣੀ ਸੀ......ਉਸ ਨੂੰ ਕੋਈ ਪੁੱਛਣ ਵਾਲਾ ਨਹੀਂ ਸੀ......।" ਚੇਤੰਨ ਇਲਾਕੇ ਦੇ ਵਿਧਾਇਕ ਦਾ ਸਾਲਾ ਸੀ। ਉਦੋਂ ਉਸ ਨੇ ਤਾਜ਼ੀ-ਤਾਜ਼ੀ ਠੇਕੇਦਾਰੀ ਸ਼ੁਰੂ ਕੀਤੀ ਸੀ ਤੇ ਇਲਾਕੇ ਦੀਆਂ ਲਗਭਗ ਸਭ ਲਿੰਕ ਸੜਕਾਂ ਉਸ ਨੇ ਹੀ ਪੱਕੀਆਂ ਕੀਤੀਆਂ ਸਨ ਜਾਂ ਪੱਕੀਆਂ ਕਰਨ ਦੇ ਨਾਂ 'ਤੇ ਮੋਟੀ ਕਮਾਈ ਕੀਤੀ ਸੀ।" (ਪਰਵਾਨਾ, "ਅੰਬਰ ਵੱਲ ਉਡਾਣ" 68)

ਸਰਕਾਰ ਦੇ ਨੁਮਾਇੰਦੇ ਕਿਸੇ ਵੀ ਖੇਤਰ ਵਿੱਚ ਰਿਸ਼ਵਤ ਤੋਂ ਬਿਨਾਂ ਜਨਤਾ ਦਾ ਕੋਈ ਕੰਮ ਨਹੀਂ ਕਰਦੇ। ਇੱਥੋਂ ਤੱਕ ਕਿ ਸਰਕਾਰੀ ਕੰਮਾਂ ਲਈ ਆਏ ਫ਼ੰਡ ਵੀ ਆਪਣੀ ਜੇਬ ਵਿੱਚ ਪਾਉਂਦੇ ਅਤੇ ਜਨਤਾ ਦੇ ਵਿਕਾਸ ਕਾਰਜ ਲਈ ਕੀਤੇ ਜਾਂਦੇ ਕੰਮਾਂ ਦਾ ਬੁਰਾ ਹਾਲ ਕਰ ਦਿੰਦੇ ਹਨ। ਇਸ ਤਰ੍ਹਾਂ ਹੀ ਠੇਕੇਦਾਰ ਚੇਤੰਨ ਵੱਲੋਂ ਬਣਾਈ ਗਈ ਲਿੰਕ ਸੜਕ ਜਿਸ ਦੇ ਪੈਸੇ ਉਹ ਆਪ ਖਾ ਜਾਂਦਾ ਹੈ ਅਤੇ ਸੜਕ ਦਾ ਕੁੱਝ ਮਹੀਨਿਆਂ 'ਚ ਹੀ ਬੁਰਾ ਹਾਲ ਹੋ ਗਿਆ। ਇੱਥੇ ਹੀ ਬਸ ਨਹੀਂ ਸਗੋਂ ਵੱਡੇ ਘਰਾਣੇ ਵੀ ਸਰਕਾਰ ਦੀ ਬੋਲੀ ਬੋਲਦੇ ਹਨ। ਸਰਕਾਰ ਅਤੇ ਅਮੀਰ ਘਰਾਣੇ ਆਪਸ ਵਿੱਚ ਮਿਲ ਕੇ ਨਿਮਨ ਵਰਗ ਦਾ ਸ਼ੋਸ਼ਣ ਕਰਦੇ ਹਨ। ਇਸ ਦੀ ਉਦਾਹਰਨ ਨਾਵਲ *'ਕਥਾ ਇਸ ਯੁੱਗ ਦੀ'* ਵਿੱਚੋਂ ਦੇਖੀ ਜਾ ਸਕਦੀ ਹੈ ਜਿਵੇਂ:

"ਹਰ ਸਭਾ ਸੁਸਾਇਟੀ 'ਚ ਪ੍ਰਧਾਨਗੀ ਕਰ ਰਿਹਾ ਹੁੰਦਾ ਚਾਹੇ ਸਰਕਾਰੀ ਹੋਵੇ ਜਾਂ ਜਨਤਕ......ਕੀ ਲੋਕਾਂ ਨੂੰ ਪਤਾ ਨਹੀਂ?....ਪਰ ਕਿਉਂਕਿ ਉਹ ਕਰੋੜਾਂ ਨਹੀਂ......ਅਰਬਾਂ 'ਚ ਖੇਡਦਾ ਹੈ, ਮੁੱਖ ਮੰਤਰੀ ਤੱਕ ਪਹੁੰਚ ਹੈ, ਪੁਲਿਸ ਕੋਲੋਂ ਕਿਸੇ ਨੂੰ ਫੜਾਅ ਜਾਂ ਛੁਡਾ ਸਕਦਾ ਹੈ, ਇਸੇ ਲਈ ਆਗੂ ਹੈ....ਜਾਂ 'ਹਾਇਜ਼ਿੰਗ ਸਟਾਰ' ਵਾਲੇ ਸੰਘੇੜੇ ਨੂੰ ਕੌਣ ਨਹੀਂ ਜਾਣਦਾ? ਉਸ ਦੀਆਂ ਅੱਧੀਆਂ ਸੰਸਥਾਵਾਂ, ਕਾਰਪੋਰੇਸ਼ਨ ਦੀਆਂ

> ਥਾਵਾਂ ਮੱਲ ਕੇ ਉਸਰੀਆਂ ਹੋਈਆਂ ਹਨ ਪਰ ਉਹ ਸ਼ਹਿਰ ਦਾ ਸਭ ਤੋਂ ਵੱਡਾ ਪਤਵੰਤਾ ਹੈ, ਸਵੈ-ਸੇਵੀ, ਪਰਉਪਕਾਰੀ......ਸੋ ਕਿਉਂ ਨਾ ਅਸੀਂ ਵੀ ਵਗਦੀ ਗੰਗਾ 'ਚ ਹੱਥ ਧੋ ਲਈਏ।" (ਪਰਵਾਨਾ, "ਕਥਾ ਇਸ ਯੁੱਗ ਦੀ" 44)

ਕੇਵਲ ਸਰਕਾਰੀ ਹੀ ਨਹੀਂ ਸਗੋਂ ਅਮੀਰ ਘਰਾਣੇ ਸਰਕਾਰ ਨਾਲ ਮਿਲ ਕੇ ਆਮ ਜਨਤਾ ਦਾ ਵੀ ਆਰਥਿਕ ਅਤੇ ਸਮਾਜਿਕ ਸ਼ੋਸ਼ਣ ਕਰਦੇ ਹਨ। ਨਾਵਲ ਰਾਹੀਂ ਪਤਾ ਚੱਲਦਾ ਹੈ ਕਿ ਕਿਵੇਂ ਸੰਘੇ ਵਰਗੇ ਅਮੀਰ ਬੰਦੇ ਸਰਕਾਰ ਦੀ ਮਿਲੀ ਭੁਗਤ ਨਾਲ ਗ਼ਰੀਬਾਂ ਦਾ ਸ਼ੋਸ਼ਣ ਕਰਦੇ ਹਨ। ਕਿਸਾਨਾਂ ਨੂੰ ਆਰਥਿਕ ਪੱਖੋਂ ਤੰਗ ਕਰ ਕੇ ਉਨ੍ਹਾਂ ਦੀ ਜ਼ਮੀਨ ਨੂੰ ਖ਼ਰੀਦਦੇ ਤਾਂ ਹਨ ਪਰ ਬਹੁਤ ਘੱਟ ਭਾਅ ਉੱਪਰ। ਕਿਸਾਨ ਆਪਣੀ ਆਰਥਿਕਤਾ ਨੂੰ ਚੰਗਾ ਕਰਨ ਲਈ ਜ਼ਮੀਨ ਇਨ੍ਹਾਂ ਅਮੀਰ ਘਰਾਨਿਆਂ ਦੇ ਹੱਥਾਂ ਵਿੱਚ ਵੇਚਣ ਲਈ ਮਜਬੂਰ ਹੁੰਦੇ ਹਨ। ਸੰਘੇ ਵਰਗੇ ਲੋਕ ਪਾਲੀ ਵਰਗੀਆਂ ਸੋਹਣੀਆਂ ਕੁੜੀਆਂ ਦਾ ਸਰੀਰਕ ਤੌਰ 'ਤੇ ਸ਼ੋਸ਼ਣ ਵੀ ਕਰਦੇ ਹਨ।

ਪਰਵਾਨਾ ਨੇ ਸਰਕਾਰ ਦੁਆਰਾ ਵਰਤੀਆਂ ਜਾਂਦੀਆਂ ਚੋਣਾਂ ਸਮੇਂ ਕੋਝੀਆਂ ਚਾਲਾਂ ਨੂੰ ਵੀ ਨਾਵਲ ਵਿੱਚ ਦ੍ਰਿਸ਼ਟੀਮਾਨ ਕੀਤਾ ਹੈ। ਸਰਕਾਰ ਆਪਣੇ ਹੀ ਅਮੀਰ ਬੰਦਿਆਂ ਦੀ ਚੋਣ ਕਰਦੀ ਅਤੇ ਨਿਮਨ ਵਰਗ ਨਾਲ ਭੱਦਾ ਮਜ਼ਾਕ ਕਰਦੀਆਂ ਹਨ। ਚੋਣ ਦੀ ਪ੍ਰਕਿਰਿਆ ਨੂੰ ਪੇਸ਼ ਕਰ ਕੇ ਸਰਕਾਰ ਨਿਮਨ ਵਰਗ ਦੀਆਂ ਅੱਖਾਂ ਵਿੱਚ ਮਿੱਟੀ ਪਾਉਂਦੀ ਹੈ।

> ਬੂਟਾ ਸਿੰਘ ਧਾਰੀਵਾਲ ਦਾ ਵਿਚਾਰ ਵਿਚਾਰਨ ਯੋਗ ਹੈ ਕਿ, "ਨਾਵਲਕਾਰ ਨੇ ਸਾਡੀ ਗ਼ਲਤ ਢੰਗ ਨਾਲ ਚਲੀ ਆ ਰਹੀ ਚੋਣ ਪ੍ਰਣਾਲੀ ਦੀ ਸਮੱਸਿਆ ਨੂੰ ਵੀ ਇਸ ਨਾਵਲ ਵਿੱਚ ਛੂਹਿਆ ਹੈ। ਸਾਡੇ ਦੇਸ਼ ਦੀ ਚੋਣ ਪ੍ਰਣਾਲੀ ਅਜਿਹੀ ਹੈ ਕਿ ਇਸ ਦੁਆਰਾ ਕੇਵਲ ਅਮੀਰ ਬੰਦੇ ਹੀ ਜਾਤ ਬਰਾਦਰੀਆਂ ਦੇ ਨਾਂ 'ਤੇ ਵੋਟਾਂ ਲੈ ਕੇ ਚੁਣੇ ਜਾਂਦੇ ਹਨ।" ("ਆਧੁਨਿਕ ਪੰਜਾਬੀ ਗਲਪ ਅਧਿਐਨ" 14)

ਸਾਡੀ ਸਰਕਾਰ ਚੋਣਾਂ ਸਮੇਂ ਅਮੀਰ ਬੰਦਿਆਂ ਦੀ ਚੋਣ ਕਰਦੀ ਹੈ। ਆਮ ਲੋਕਾਂ ਸਾਹਮਣੇ ਚੋਣਾਂ ਦਾ ਸਿਰਫ਼ ਦਿਖਾਵਾ ਹੀ ਕੀਤਾ ਜਾਂਦਾ ਹੈ। ਪਰਵਾਨਾ ਆਪਣੇ ਨਾਵਲਾਂ ਵਿੱਚ ਸਰਕਾਰ ਦੀਆਂ ਮਾੜੀਆਂ ਵਿਕਾਸ ਨੀਤੀਆਂ ਨੂੰ ਆਪਣੇ ਨਾਵਲ ਵਿੱਚ ਪੇਸ਼ ਕਰਨ ਦੇ ਨਾਲ-ਨਾਲ ਪਾਠਕ ਵਰਗ ਨੂੰ ਚੋਣ ਪ੍ਰਕਿਰਿਆ ਬਾਰੇ ਵੀ ਚੇਤੰਨ ਕਰਦਾ ਹੈ।

ਸਮਾਜ ਦੇ ਕਿਸੇ ਵੀ ਵਰਗ ਦੇ ਹਾਲਾਤਾਂ ਨੂੰ ਨਿਰਧਾਰਿਤ ਕਰਨ ਵਾਲਾ ਮੁੱਖ ਕਾਰਨ ਉਸ ਦੀ ਆਰਥਿਕਤਾ ਹੁੰਦੀ ਹੈ। ਵਿਸ਼ੇਸ਼ ਭੂਗੋਲਿਕ ਖੇਤਰ, ਸੰਸਕ੍ਰਿਤੀ, ਇਤਿਹਾਸਕ ਅਤੇ ਵਾਤਾਵਰਨ ਆਦਿ ਤੱਤ ਜਿਨ੍ਹਾਂ ਦੀ ਬੁਨਿਆਦ ਵੀ ਆਰਥਿਕਤਾ ਹੈ, ਪਰਤਵੇਂ ਰੂਪ 'ਚ ਆਰਥਿਕ ਢਾਂਚੇ ਨੂੰ ਪ੍ਰਭਾਵਿਤ ਕਰਦੇ ਹਨ। ਨਿਮਨ ਕਿਸਾਨੀ ਦੀ

ਉਤਪਾਦਨ ਵਿਧੀ ਆਮ ਤੌਰ 'ਤੇ ਪ੍ਰੰਪਰਕ ਅਤੇ ਮੁੱਖ ਪੈਦਾਵਾਰੀ ਸਾਧਨ ਜ਼ਮੀਨ ਹੋਣ ਕਾਰਨ ਪੇਂਡੂ ਵਰਗ ਦੀ ਸੋਚ ਵੀ ਇਨ੍ਹਾਂ ਸਥਿਤੀਆਂ ਤੋਂ ਸਿੱਧੇ ਅਸਿੱਧੇ ਤੌਰ 'ਤੇ ਪ੍ਰਭਾਵਿਤ ਹੁੰਦੀ ਹੈ। ਆਰਥਿਕ ਤੰਗੀ ਦੇ ਕਾਰਨ ਪੰਜਾਬ ਦੇ ਕਿਸਾਨਾਂ ਨੂੰ ਜਿੱਥੇ ਵੀ ਕਿਤੇ ਰੁਜ਼ਗਾਰ ਦੇ ਮੌਕੇ ਮਿਲਦੇ ਹਨ, ਉੱਧਰ ਹੀ ਰੁੱਖ ਕਰ ਲੈਂਦੇ ਹਨ। ਇਸੇ ਤਰ੍ਹਾਂ ਹੀ ਜਗੀਰੀ ਦਾ ਵੱਡਾ ਭਰਾ ਕੇਵਲ ਫ਼ੌਜ 'ਚ ਭਰਤੀ ਹੁੰਦਾ ਹੈ ਅਤੇ ਰਿਟਾਇਰਡ ਹੋਣ ਤੋਂ ਬਾਅਦ ਖੇਤੀ ਦਾ ਕਿੱਤਾ ਅਪਣਾਉਂਦਾ ਹੈ। ਪਰ ਖੇਤੀ 'ਚ ਕੁੱਝ ਲਾਭ ਨਾ ਹੋਣ ਕਾਰਨ ਉਹ ਕਿਸੇ ਨਿੱਜੀ ਨੌਕਰੀ ਲਈ ਇੱਧਰ ਉੱਧਰ ਹੱਥ ਪੈਰ ਮਾਰਦਾ ਹੈ।

> ਇਸੇ ਪਰਿਸਥਿਤੀਆਂ ਨਾਲ ਸੰਬੰਧਿਤ ਡਾ. ਰਾਜਿੰਦਰ ਸਿੰਘ ਕੰਬੋਜ ਇੱਕ ਥਾਂ ਲਿਖਦੇ ਹਨ, "ਕਦੇ ਪੰਜਾਬ ਦੇ ਕਿਸਾਨ ਫ਼ੌਜ ਵਿੱਚ ਭਰਤੀ ਹੋਣ ਲੱਗ ਪਏ, ਕਦੇ ਪੰਜਾਬ ਵਿੱਚ ਟਰੱਕ ਹੀ ਟਰੱਕ ਨਜ਼ਰ ਆਉਣ ਲੱਗੇ ਤੇ ਕਦੇ ਪੰਜਾਬੀ ਕਿਸਾਨ ਤਰਾਈ ਵੱਲ ਚੱਲਿਆ ਗਿਆ। ਇਸ ਤੋਂ ਇਲਾਵਾ ਵਿਦੇਸ਼ੀ ਮੁਲਕਾਂ 'ਚ ਵੀ ਪੰਜਾਬੀ ਕਿਸਾਨਾਂ ਨੇ ਭਰਵੀਂ ਹਾਜ਼ਰੀ ਲੁਆਈ ਪਰ ਆਰਥਿਕ ਤੰਗੀਆਂ ਤਰੁੱਟੀਆਂ ਅੱਗੇ ਹਾਰਨ ਦਾ ਅਮਲ ਇਨ੍ਹਾਂ ਕਿਸਾਨਾਂ ਵਿੱਚ ਪਹਿਲੀ ਵਾਰ ਵੇਖਣ ਨੂੰ ਮਿਲ ਰਿਹਾ ਹੈ।" ("ਪੰਜਾਬੀ ਕਹਾਣੀ: ਕਿਸਾਨੀ ਦੇ ਹੋਂਦ ਮੂਲਕ ਸਰੋਕਾਰ" 64)

ਪੰਜਾਬ ਦੀ ਕਿਸਾਨੀ ਹਰ ਸਮੇਂ ਨਵੇਂ ਤਜਰਬੇ ਨੂੰ ਅਪਣਾਉਣ ਲਈ ਤਿਆਰ ਰਹੀ ਹੈ। ਚਾਹੇ ਉਹ ਫ਼ੌਜ ਦੀ ਨੌਕਰੀ, ਟਰੱਕ ਚਲਾਉਣਾ ਜਾਂ ਵਿਦੇਸ਼ ਜਾਣਾ ਹੋਵੇ। ਨਾਵਲ *'ਅੰਬਰ ਵੱਲ ਉਡਾਣ'* 'ਚ ਜਗੀਰੀ ਦੇ ਭਰਾ ਕੇਵਲ ਨੇ ਫ਼ੌਜ ਵਿੱਚ ਭਰਤੀ ਹੋਣ ਪਿੱਛੇ ਘਰ ਦੀ ਆਰਥਿਕ ਸਥਿਤੀ ਨੂੰ ਪਕੜਨ ਦੀ ਕੋਸ਼ਿਸ਼ ਕੀਤੀ ਹੈ। ਹਰੇ ਇਨਕਲਾਬ ਦੇ ਆਉਣ ਨਾਲ ਆਰਥਿਕਤਾ, ਸਮਾਜਿਕਤਾ ਨੂੰ ਹੀ ਪ੍ਰਭਾਵਿਤ ਨਹੀਂ ਕੀਤਾ ਸਗੋਂ ਰੋਟੀ ਕਮਾਉਣ ਲਈ ਅਪਣਾਏ ਜਾਂਦੇ ਧੰਦਿਆਂ ਦਾ ਰੂਪ ਵੀ ਬਦਲ ਦਿੱਤਾ ਹੈ। ਨਵੀਂ ਪੀੜ੍ਹੀ ਲਈ ਖੇਤੀ ਦਾ ਧੰਦਾ ਬਹੁਤ ਹੀ ਮਹਿੰਗਾ ਹੋਣ ਕਾਰਨ ਇਸ ਧੰਦੇ 'ਚੋਂ ਬਾਹਰ ਨਿਕਲਣਾ ਆਰੰਭ ਕੀਤਾ। ਇਸ ਦੇ ਵੀ ਕਈ ਕਾਰਨ ਹਨ। ਜਿਵੇਂ ਜ਼ਮੀਨਾਂ ਦਾ ਬੰਜਰ ਹੋਣਾ, ਰੇਤਲੀ, ਕੀਟਨਾਸ਼ਕ ਦਵਾਈਆਂ ਦਾ ਮਹਿੰਗਾ ਜਾਂ ਨਕਲੀ ਹੋਣਾ, ਬੀਜਾਂ ਦਾ ਮਹਿੰਗਾ ਹੋਣਾ। ਇਸੇ ਕਾਰਨ ਹੀ ਪਿੰਡਾਂ ਦੇ ਕਈ ਦਸਤਕਾਰਾਂ ਨੇ ਆਪਣੇ ਪਿਤਾ ਪੁਰਖੀ ਧੰਦਿਆਂ ਦੀ ਤਕਨੀਕ ਅਤੇ ਆਕਾਰ 'ਚ ਲੋੜੀਂਦੇ ਸੁਧਾਰ ਕੀਤੇ। ਪਿੰਡਾਂ ਨੂੰ ਛੱਡ ਕੇ ਸ਼ਹਿਰਾਂ ਕਸਬਿਆਂ 'ਚ ਜਾ ਕੇ ਗੈਰ ਖੇਤੀ ਕਿੱਤਿਆਂ ਨੂੰ ਅਪਣਾਉਣਾ ਆਰੰਭ ਕੀਤਾ। ਨਾਵਲ ਵਿੱਚ ਜਗੀਰੀ ਅਤੇ ਭਾਨੇ ਨੇ ਵੀ ਅਜਿਹੇ ਧੰਦੇ ਨੂੰ ਅਪਣਾਇਆ। ਇਸੇ ਦੀ ਉਦਾਹਰਨ ਨਾਵਲ *'ਅੰਬਰ ਵੱਲ ਉਡਾਣ'* ਵਿੱਚੋਂ ਲਈਆਂ ਹੇਠ ਲਿਖੀਆਂ ਸਤਰਾਂ 'ਚੋਂ ਮਿਲਦੀ ਹੈ ਜਿਵੇਂ:

> "ਇੱਥੇ ਪੀਣ ਵਾਲੇ ਬਹੁਤੇ ਚੱਕੀ ਦੇ ਰੇਤ ਬਜਰੀ ਉਦਯੋਗ ਨਾਲ ਜੁੜੇ ਲੋਕ ਹੀ ਹੁੰਦੇ। ਰੇਤ ਪੱਥਰ ਭਰਨ ਵਾਲੀਆਂ ਐਸ. ਯੂ. ਬੀ. ਮਸ਼ੀਨਾਂ ਦੇ ਚਾਲਕ, ਕਰੈਸ਼ਰਾਂ ਦੀ ਪ੍ਰਵਾਸੀ ਲੇਬਰ, ਟਰੱਕਾਂ ਟਰਾਲੀਆਂ ਦੇ

> ਡਰਾਈਵਰ ਕਲੀਨਰ...... ਕਦੀ-ਕਦੀ ਵਿੱਚ ਨਾਲ ਦੇ ਗੁਲੇਲਪੁਰ ਪਿੰਡ ਦਾ ਕੋਈ ਜਾਣਾ ਵੀ ਆ ਰਲਦਾ।" (ਪਰਵਾਨਾ, "ਅੰਬਰ ਵੱਲ ਉਡਾਣ" 19)

ਜਗੀਰੀ ਅਤੇ ਭਾਨ ਸਿੰਘ ਇਕੱਠੇ ਕਰੈਸ਼ਰ 'ਤੇ ਕੰਮ ਕਰਦੇ ਹਨ। ਉੱਥੇ ਹੀ ਭਾਨ ਸਿੰਘ ਸਮਾਨ ਇੱਧਰ-ਉੱਧਰ ਲੈ ਕੇ ਜਾਣ ਲਈ ਟਰੱਕ ਚਲਾਉਂਦਾ ਹੈ। ਇਸ ਤਰ੍ਹਾਂ ਜਗੀਰੀ ਅਤੇ ਭਾਨ ਸਿੰਘ ਆਪਣੇ ਘਰ ਦੀਆਂ ਆਰਥਿਕ ਤੰਗੀਆਂ ਕਾਰਨ ਖੇਤੀ ਤੋਂ ਇਲਾਵਾ ਹੋਰ ਸਹਾਇਕ ਧੰਦਿਆਂ ਨੂੰ ਅਪਣਾਉਂਦੇ ਹਨ।

ਹਰੇ ਇਨਕਲਾਬ ਨੇ ਕੇਵਲ ਉਪਜ ਵਿੱਚ ਹੀ ਵਾਧਾ ਨਹੀਂ ਕੀਤਾ ਸਗੋਂ ਨਦੀਆਂ ਦੇ ਪਾਣੀਆਂ ਦਾ ਪ੍ਰਦੂਸ਼ਿਤ ਹੋਣਾ, ਨਸ਼ਟ ਹੋ ਰਹੇ ਜੰਗਲ, ਰਸਾਇਣਿਕ ਦਵਾਈਆਂ, ਖਾਦਾਂ ਦੀ ਬੇਲੋੜੀ ਵਰਤੋਂ, ਹਰ ਥਾਂ ਖੁੱਲ੍ਹੇ ਕਰੈਸ਼ਰ ਆਦਿ ਨੇ ਕੁਦਰਤੀ ਰਮਣੀਕਤਾ ਨੂੰ ਭੰਗ ਕਰ ਦਿੱਤਾ। ਇਸੇ ਦੀ ਉਦਾਹਰਨ ਨਾਵਲ ਵਿੱਚ ਹੇਠ ਲਿਖੀਆਂ ਸਤਰਾਂ ਰਾਹੀਂ ਦੇਖ ਸਕਦੇ ਹਾਂ, ਜਿਵੇਂ:

> "ਸਤੰਬਰ ਲੰਘਿਆ, ਅਕਤੂਬਰ ਲੰਘਿਆ, ਨਵੰਬਰ ਵੀ ਅੱਧਾ ਬੀਤਣ 'ਤੇ ਆ ਗਿਆ ਸੀ ਪਰ ਇਸ ਵਾਰ ਮੁਰਗਾਬੀਆਂ ਦੀ ਇੱਕ ਦੋ ਢਾਈ ਸੌ ਦੀ ਛੋਟੀ ਜਿਹੀ ਡਾਰ ਤੋਂ ਬਿਨਾਂ, ਝੀਲ ਸੱਖਣੀ ਰਹੀ।" "ਇਹ ਤਾਂ ਕਿਸੇ ਸਾੜ੍ਹਸਤੀ ਦੀ ਆਹਟ ਐ" ਬੰਸਾ ਲੰਬੜ ਮੰਡ 'ਚ ਆਪਣੇ ਖੇਤ ਦੇ ਬੰਨੇ 'ਤੇ ਖੜ੍ਹਾ ਹੋ ਕੇ ਦਲਦਲੀ ਝੀਲ ਵੱਲ ਤੱਕਦਾ ਤਾਂ ਉਸ ਨੂੰ ਆਸ-ਪਾਸ ਸਾਰਾ ਸੁੰਨਾ-ਸੁੰਨਾ ਉਦਾਸ ਜਿਹਾ ਲੱਗਦਾ, 'ਇਹ ਝੀਲ ਸਦਾ ਮੁਰਗ਼ਾਬੀਆਂ ਨਾਲ ਕਾਲੀ ਹੋਈ ਰਹਿੰਦੀ ਸੀ......ਸੈਂਕੜਿਆਂ ਦੀ ਤਾਦਾਦ 'ਚ ਇੱਥੇ ਸਿਆਲ 'ਚ ਆ ਕੇ ਡਾਰਾਂ ਉੱਤਰਦੀਆਂ......ਭਰ ਸਿਆਲ ਆਉਣ 'ਤੇ ਤਾਂ ਝੀਲ 'ਚ ਜਿੱਧਰ ਵੀ ਨਜ਼ਰ ਜਾਂਦੀ, ਹਰ ਪਾਸੇ ਮੁਰਗ਼ਾਬੀਆਂ ਹੀ ਮੁਰਗ਼ਾਬੀਆਂ ਹੁੰਦੀਆਂ ਸਨ, ਪਾਣੀ 'ਚ ਤੈਰਦੀਆਂ। ਉਹ ਬੋਹੜ ਹੇਠਾਂ ਬੈਠਾ ਅਕਸਰ ਇਹ ਗੱਲ ਛੋਹ ਲੈਂਦਾ, ਉਸ ਲਈ ਇਹ ਬਹੁਤ ਵੱਡੀ ਘਟਨਾ ਸੀ।" (ਪਰਵਾਨਾ, "ਅੰਬਰ ਵੱਲ ਉਡਾਣ" 83)

ਹਰੀ ਕ੍ਰਾਂਤੀ ਨੇ ਕਿਸਾਨੀ ਜੀਵਨ ਦੇ ਨਾਲ-ਨਾਲ ਕੁਦਰਤੀ ਵਾਤਾਵਰਨ ਨੂੰ ਵੀ ਤਹਿਸ-ਨਹਿਸ ਕਰ ਦਿੱਤਾ। ਕੁਦਰਤੀ ਵਾਤਾਵਰਨ ਦੇ ਉਜਾੜੇ ਨੇ ਮਨੁੱਖ ਨੂੰ ਪ੍ਰਕਿਰਤੀ ਨਾਲੋਂ ਤੋੜਨ ਦੇ ਨਾਲ-ਨਾਲ ਮਾਨਸਿਕ ਸੰਤਾਪ ਵੀ ਦਿੱਤਾ ਹੈ।

> ਰਾਜਿੰਦਰ ਸਿੰਘ ਕੰਬੋਜ ਦੀ ਰਾਇ ਹੈ ਕਿ, "ਹਰੇ ਇਨਕਲਾਬ ਦੇ ਆਉਣ ਨਾਲ ਡੰਗਰਾਂ ਦੀਆਂ ਚਰਾਗਾਹਾਂ, ਜੂਹਾਂ, ਸ਼ਿਕਾਰਗਾਹਾਂ ਖ਼ਤਮ ਹੋ ਗਈਆਂ, ਇਸ ਨਾਲ ਮਾਲ ਡੰਗਰ ਚਾਰਨ ਵਾਲਾ ਵਾਗੀ ਤੇ ਆਜੜੀ ਦਾ ਕਿੱਤਾ ਵੀ ਜਾਂਦਾ ਰਿਹਾ।" ("ਪੰਜਾਬੀ ਕਹਾਣੀ: ਕਿਸਾਨੀ ਦੇ ਹੋਂਦ ਮੂਲਕ ਸਰੋਕਾਰ" 64)

ਹਰੀ ਕ੍ਰਾਂਤੀ ਦੀ ਆਮਦ ਨੇ ਕਿਸਾਨੀ ਨੂੰ ਆਰਥਿਕ ਅਤੇ ਸਮਾਜਿਕ ਸੰਤਾਪ ਹੀ ਨਹੀਂ ਦਿੱਤਾ ਸਗੋਂ ਕੁਦਰਤੀ ਤੌਰ 'ਤੇ ਪਸ਼ੂਆਂ ਦੀਆਂ ਚਰਾਗਾਹਾਂ ਨੂੰ ਵੀ ਆਪਣੀ ਲਪੇਟ ਵਿੱਚ ਲਿਆ। ਖੇਤੀ ਧੰਦਾ ਅਪਣਾਉਣ ਵਾਲਿਆਂ ਨੂੰ ਆਪਣੇ ਧੰਦੇ 'ਚੋਂ ਮਜਬੂਰਨ ਬਾਹਰ ਨਿਕਲਣਾ ਪਿਆ।

ਪਰਵਾਨਾ ਕਾਮਰੇਡ ਗੁਰਦਿਆਲ ਸਿੰਘ ਦੇ ਮੂੰਹੋਂ ਪੂੰਜੀਵਾਦ ਦੇ ਮਾਰੂ ਪ੍ਰਭਾਵਾਂ ਤੋਂ ਜਾਣੂ ਹੀ ਨਹੀਂ ਕਰਵਾਉਂਦਾ ਸਗੋਂ ਇਸ ਦੇ ਸੰਭਾਵੀ ਹੱਲ ਵੱਲ ਵੀ ਸੰਕੇਤ ਕਰਦਾ ਹੈ। ਪਰਵਾਨਾ ਸਿੱਧੀ ਸਿੱਖਿਆ ਦੇਣ ਦੀ ਬਜਾਏ ਸੰਕੇਤਕ ਵਿਧੀ ਅਤੇ ਖੁੱਲ੍ਹੇ ਅੰਤ ਦੀ ਵਰਤੋਂ ਕਰਦਾ ਹੈ। ਉਹ ਸਮਾਜ ਦੇ ਵਿਭਚਾਰੀ, ਸਾਮਰਾਜਵਾਦੀ, ਰਿਸ਼ਵਤਖ਼ੋਰੀ ਤੱਤਾਂ ਵੱਲ ਇਸ਼ਾਰਾ ਕਰਦਾ ਨਜ਼ਰ ਆਉਂਦਾ ਹੈ। *'ਖੇਤਾਂ ਦਾ ਰੁਦਨ'* ਨਾਵਲ ਦੀਆਂ ਸਤਰਾਂ 'ਚੋਂ ਇਸ ਦੀ ਉਦਾਹਰਨ ਦੇਖ ਸਕਦੇ ਹਾਂ ਜਿਵੇਂ:

> "ਤਾਂ ਫਿਰ ਕਹਿ ਦਿੰਦਾ ਕਿਉਂ ਨਹੀਂ? ਕੀ ਤੇਰੇ ਵਾਲੀ ਫ਼ੈਕਟਰੀ 'ਚ ਕਿਸੇ ਵਰਕਰ ਦੀ ਲੁੱਟ ਨਹੀਂ ਹੁੰਦੀ। ਕੀ ਉੱਥੇ ਸਮਾਜਵਾਦ ਆ ਗਿਆ ਹੋਇਆ ਹੈ? ਜਾਂ ਫਿਰ ਤੇਰੀ ਯੂਨੀਅਨ ਦੀ ਮਾਲਕਾਂ ਨਾਲ ਮਿਲੀ ਭੁਗਤ ਹੈ? ਉਨ੍ਹਾਂ ਨੂੰ ਯੂਨੀਅਨ ਰਾਸ ਆ ਗਈ ਹੈ ਤੇ ਯੂਨੀਅਨ ਨੂੰ ਮਾਲਕ......ਤੇ ਦੋਹਾਂ ਦੇ ਗੱਠਜੋੜ ਦੇ ਵਿਚਾਲੇ ਪਿਸ ਰਹੇ ਹਨ ਵਿਚਾਰੇ ਵਰਕਰ।" (ਪਰਵਾਨਾ, "ਖੇਤਾਂ ਦਾ ਰੁਦਨ" 30)

ਰਵੀ ਅਤੇ ਸ਼ਿਵ ਦੀ ਬਹਿਸ ਰਾਹੀਂ ਪਰਵਾਨਾ ਨੇ ਵਰਕਰਾਂ ਦੀ ਕੀਤੀ ਜਾਂਦੀ ਲੁੱਟ ਖਸੁੱਟ ਵੱਲ ਇਸ਼ਾਰਾ ਕਰ ਕੇ ਸਮਾਜਵਾਦ ਲੈ ਕੇ ਆਉਣ ਦੀ ਗੱਲ ਕੀਤੀ ਹੈ। ਇਸ ਦੌਰ ਵਿੱਚ ਕੇਵਲ ਕਿਸਾਨਾਂ ਦੀ ਲੁੱਟ ਖਸੁੱਟ ਹੀ ਨਹੀਂ ਹੋ ਰਹੀ ਸਗੋਂ ਫ਼ੈਕਟਰੀਆਂ ਵਿੱਚ ਕੰਮ ਕਰਦੇ ਮਜ਼ਦੂਰਾਂ ਦਾ ਵੀ ਆਰਥਿਕ ਪੱਖੋਂ ਸ਼ੋਸ਼ਣ ਹੋ ਰਿਹਾ ਹੈ।

ਇਸੇ ਤਰ੍ਹਾਂ ਹੀ ਮਾੜੀ ਆਰਥਿਕਤਾ ਦੇ ਕਾਰਨ ਜ਼ਿਆਦਾ ਸੰਤਾਪ *'ਅੰਬਰ ਵੱਲ ਉਡਾਣ'* ਨਾਵਲ ਦਾ ਪਾਤਰ ਜਗੀਰੀ ਹੀ ਹੰਢਾਉਂਦਾ ਹੈ। ਉਸ ਦੀ ਪਤਨੀ ਮੀਤੋ, ਧੀ ਪਾਲੀ, ਪੁੱਤਰ ਹਰਪਾਲ ਕੋਈ ਵੀ ਉਸ ਦੀ ਪ੍ਰਵਾਹ ਨਹੀਂ ਕਰਦਾ। ਨਾਵਲੀ ਬਿਰਤਾਂਤ ਦੇ ਅੰਤ ਵਿੱਚ ਜਗੀਰੀ ਦੀ ਵਧੇਰੇ ਸ਼ਰਾਬ ਪੀਣ ਕਾਰਨ ਮੌਤ ਹੋ ਜਾਂਦੀ ਹੈ। ਇਹ ਸਭ ਆਰਥਿਕਤਾ ਦਾ ਪ੍ਰਭਾਵ ਹੈ ਕਿ ਕਿਸ ਤਰ੍ਹਾਂ ਪੈਸੇ ਦੀ ਚਕਾਚੌਂਧ 'ਚ ਮੋਹ ਪਿਆਰ ਰਿਸ਼ਤੇ ਨਾਤੇ ਆਦਿ ਇਸ ਦੀ ਲਪੇਟ ਵਿੱਚ ਆਉਂਦੇ ਹਨ। ਇੱਕ ਸਮੇਂ ਜਗੀਰੀ ਨੂੰ ਘਰ ਵਿੱਚ ਕੋਈ ਰੋਟੀ ਨਹੀਂ ਪੁੱਛਦਾ ਪਰ ਦੂਸਰੇ ਪਾਸੇ ਉਸ ਦੀ ਮੌਤ ਤੋਂ ਪਿੱਛੋਂ ਹਰਪਾਲ ਆਪਣੀ ਮਿਹਨਤ ਦੀ ਕਮਾਈ 'ਚੋਂ ਉਸ ਦੇ ਨਾਮ ਉੱਪਰ ਪਿੰਡ 'ਚ ਯਾਦਗਾਰੀ ਗੇਟ ਬਣਾਉਂਦਾ ਹੈ। ਇਸ ਬਾਰੇ ਪਿੰਡ ਦੇ ਬਜ਼ੁਰਗ ਇਸ ਤਰ੍ਹਾਂ ਗੱਲਾਂ ਕਰਦੇ ਹਨ;

"ਦੇਖ ਲੈ ਰਤਨਿਆ ਰੱਬ ਦੇ ਰੰਗ......ਜਗੀਰੀ ਵਿਚਾਰਾ ਸਾਰੀ ਉਮਰ ਰੁਲਦਾ ਮਰ ਗਿਆ। ਹੁਣ ਉਸ ਦੇ ਨਾਂ 'ਤੇ ਗੇਟ ਲੱਗ ਗਏ ਐ...ਜਦੋਂ ਨਸ਼ਾ ਟੁੱਟਾ ਹੁੰਦਾ ਸੀ ਨਾ, ਮੈਂ ਉਸ ਨੂੰ ਦਸ-ਦਸ ਰੁਪਿਆਂ ਲਈ ਲੇਲੜ੍ਹੀਆਂ ਵੀ ਕੱਢਦਾ ਦੇਖਿਆ।" (ਪਰਵਾਨਾ, "ਅੰਬਰ ਵੱਲ ਉਡਾਣ" 155)

ਬਜ਼ੁਰਗਾਂ ਦੀ ਆਪਸੀ ਗੱਲਬਾਤ ਤੋਂ ਪਤਾ ਚੱਲਦਾ ਹੈ ਕਿ ਕਿਵੇਂ ਪੈਸੇ ਦੇ ਜ਼ੋਰ 'ਤੇ ਜਗੀਰੀ, ਸਰਦਾਰ ਜਗੀਰ ਸਿੰਘ ਸਹੋਤਾ ਬਣ ਜਾਂਦਾ ਹੈ। ਪੈਸੇ ਦੇ ਜ਼ੋਰ ਨਾਲ ਅੱਜ ਦਾ ਮਨੁੱਖ ਹਰ ਵਸਤੂ ਖ਼ਰੀਦ ਸਕਦਾ ਹੈ। ਪਰ ਨਿਮਨ ਕਿਸਾਨੀ ਲਈ ਇਹ ਵਧੇਰੇ ਸੰਤਾਪ ਦਾ ਕਾਰਨ ਬਣਦਾ ਹੈ। ਆਰਥਿਕਤਾ ਹੀ ਸਮਾਜਿਕ ਢਾਂਚੇ ਦਾ ਬੁਨਿਆਦੀ ਆਧਾਰ ਹੈ। ਇਸੇ ਕਰ ਕੇ ਆਰਥਿਕ ਖੇਤਰ 'ਚ ਆਈਆਂ ਤਬਦੀਲੀਆਂ ਸਮਾਜ 'ਚ ਰਹਿੰਦੇ ਮਨੁੱਖ ਦੀ ਸੋਚਣੀ ਨੂੰ ਵੀ ਤਬਦੀਲ ਕਰਦੀਆਂ ਹਨ। ਇਸ ਕਰ ਕੇ ਸਮਾਜਿਕ ਪ੍ਰਬੰਧ ਵੀ ਆਰਥਿਕ ਨੀਤੀਆਂ ਅਨੁਸਾਰ ਅੱਗੇ ਵੱਧਣਾ ਆਰੰਭ ਹੁੰਦਾ ਹੈ।

ਇਸ ਦੌਰ 'ਚ ਮਨੁੱਖੀ ਹੱਕਾਂ ਅਤੇ ਸਮਾਜਿਕ ਨਿਆਂ ਲਈ ਸੰਘਰਸ਼ ਕਰਨ ਵਾਲੇ ਜਨਤਕ ਸੰਗਠਨਾਂ ਦੀ ਪਕੜ ਕਮਜ਼ੋਰ ਹੋ ਗਈ ਹੈ। ਖੱਬੇ ਪੱਖੀ ਤਾਕਤਾਂ, ਰਾਜਨੀਤਿਕ ਪਾਰਟੀਆਂ ਅਤੇ ਜਨਤਕ ਜਥੇਬੰਦੀਆਂ 'ਚ ਧੜੇਬਾਜ਼ੀ ਅਤੇ ਆਪਸੀ ਫੁੱਟ ਦਾ ਸ਼ਿਕਾਰ ਹੋ ਗਈਆਂ ਹਨ। ਇਨ੍ਹਾਂ ਦੀ ਸ਼ਕਤੀ ਦਿਨ ਪ੍ਰਤੀ ਦਿਨ ਘੱਟਦੀ ਜਾ ਰਹੀ ਹੈ। ਪਰ ਜਦੋਂ ਕੋਈ ਖੱਬੇ ਪੱਖੀ ਪਾਰਟੀ ਨਾਲ ਸੰਬੰਧਿਤ ਵਿਅਕਤੀ ਇਨ੍ਹਾਂ ਮਾਰੂ ਨੀਤੀਆਂ ਦਾ ਵਿਰੋਧ ਕਰਦਾ ਹੈ ਤਾਂ ਉਸ ਦਾ ਕੋਈ ਮੁੱਲ ਨਹੀਂ ਪੈਂਦਾ। ਪਰਵਾਨਾ ਨੇ ਵੀ ਗੁਰਦਿਆਲ ਸਿੰਘ ਨਾਂ ਦੇ ਪਾਤਰ ਨੂੰ ਇਸੇ ਸਥਿਤੀਆਂ 'ਚ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ।

> ਸੁਰਜੀਤ ਬਰਾੜ ਦਾ ਮੰਨਣਾ ਹੈ ਕਿ, "ਪਰਵਾਨਾ ਦੇ ਨਾਵਲ 'ਚ ਗੁਰਦਿਆਲ ਸਿੰਘ ਨਕਸਲੀ ਕਾਮਰੇਡ ਹੈ। ਉਸ ਦੇ ਆਪਣੇ ਪਿੰਡ ਦੇ ਕੁੱਝ ਲੋਕ ਉਸ ਨਾਲ ਖੜ੍ਹਦੇ ਹਨ। ਉਹ ਵਪਾਰੀ ਜਗਤ ਦੀਆਂ ਕੁਚਾਲਾਂ-ਕੁਨੀਤੀਆਂ ਨੂੰ ਚੰਗੀ ਤਰ੍ਹਾਂ ਸਮਝਦਾ ਹੈ ਅਤੇ ਬੜੇ ਧੜੱਲੇ ਨਾਲ ਇਨ੍ਹਾਂ ਦਾ ਉਹ ਵਿਰੋਧ ਵੀ ਕਰਦਾ ਹੈ। ਬਲਜੀਤ ਸਿੰਘ ਸੰਘਾ 'ਗੁਰਦਿਆਲ ਸਿੰਘ' ਦੀ ਸਰਗਰਮੀ ਅਤੇ ਦਖ਼ਲਅੰਦਾਜ਼ੀ ਨੂੰ ਬਰਦਾਸ਼ਤ ਨਹੀਂ ਕਰਦਾ। ਸੰਘਾ ਗੁਰਦਿਆਲ ਸਿੰਘ ਨੂੰ ਸਬਕ ਸਿਖਾਉਣਾ ਚਾਹੁੰਦਾ ਹੈ।" (*ਮੁਹਾਂਦਰਾ,* ਜੁਲਾਈ-ਸਤੰਬਰ 2013, 72)

ਪਰਵਾਨਾ ਨੇ ਗੁਰਦਿਆਲ ਸਿੰਘ ਨਾਮ ਦੇ ਪਾਤਰ ਰਾਹੀਂ ਖੱਬੇ ਪੱਖੀ ਨੀਤੀਆਂ ਨੂੰ ਪੇਸ਼ ਕਰਨ ਦੇ ਨਾਲ-ਨਾਲ ਇਸ ਦੌਰ ਕਾਰਨ ਮਾਨਸਿਕ, ਆਰਥਿਕ ਸ਼ੋਸ਼ਣ ਦਾ ਸ਼ਿਕਾਰ ਹੋ ਰਹੇ ਲੋਕਾਂ ਨੂੰ ਜਾਗਰੂਕ ਕੀਤਾ ਹੈ। ਉਹ ਸਮਕਾਲੀ ਦੌਰ ਦੇ ਆਰਥਿਕ, ਸਮਾਜਿਕ ਸ਼ੋਸ਼ਣ ਦੀਆਂ ਬਾਰੀਕੀਆਂ ਨੂੰ ਬਹੁਤ ਹੀ ਪਚੇਦਗੀ ਨਾਲ ਚਿਤਰਦਾ ਹੈ। ਇਸ ਅੰਨ੍ਹੇ ਜਲੌਅ ਦੇ ਕਾਰਨ ਨਿਮਨ ਕਿਸਾਨੀ ਦਾ ਆਰਥਿਕ ਸ਼ੋਸ਼ਣ ਤਾਂ ਹੋਇਆ ਹੀ ਸਗੋਂ ਮਾਨਸਿਕ, ਰਾਜਸੀ ਤੌਰ 'ਤੇ ਵੀ ਸ਼ੋਸ਼ਣ ਕੀਤਾ ਗਿਆ। ਕਿਸਾਨੀ ਕੰਗਾਲੀਕਰਨ ਵੱਲ ਧੱਕੀ ਗਈ। ਇਸ ਕੰਗਾਲੀਕਰਨ ਦਾ ਨਿਰਾਸ਼ ਪ੍ਰਗਟਾਅ ਆਤਮ ਹੱਤਿਆਵਾਂ ਦਾ ਰੂਪ ਧਾਰਨ ਕਰ

ਗਿਆ। ਆਰਥਿਕ ਅਤੇ ਮਾਨਸਿਕ ਪ੍ਰੇਸ਼ਾਨੀ ਦੇ ਚੱਲਦਿਆਂ ਅਤੇ ਸਮਾਜਿਕ ਹੀਣਤਾ ਤੋਂ ਬਚਣ ਲਈ ਪੰਜਾਬ ਵਿੱਚ ਬਹੁਤ ਸਾਰੇ ਕਿਸਾਨਾਂ ਨੇ ਖ਼ੁਦਕੁਸ਼ੀਆਂ ਕੀਤੀਆਂ। ਬਲਬੀਰ ਪਰਵਾਨਾ ਨੇ ਨਾਵਲ *'ਖੇਤਾਂ ਦਾ ਰੁਦਨ'* 'ਚ ਕਿਸਾਨਾਂ ਵੱਲੋਂ ਕੀਤੀਆਂ ਜਾਂਦੀਆਂ ਖ਼ੁਦਕੁਸ਼ੀਆਂ ਬਾਰੇ ਵਿਚਾਰ ਚਰਚਾ ਕੀਤੀ ਹੈ। ਜਿਵੇਂ:

> "ਬੁਲਾਰਪੁਰ 'ਚ ਤਾਜ਼ਾ ਖ਼ੁਦਕੁਸ਼ੀ ਕਰਨ ਵਾਲਾ ਕਿਸਾਨ ਪੰਜਤਾਲੀ ਸਾਲਾ ਕਰਨਵੀਰ ਪਲੱਸ ਟੂ ਤੱਕ ਪੜ੍ਹਿਆ ਹੋਇਆ ਸੀ। ਘਰ ਦੀ ਛੇ ਕਿੱਲੇ ਜ਼ਮੀਨ ਹੁੰਦੀ ਸੀ, ਜਿਹੜੀ ਹੁਣ ਖੁਰਦੀ ਢਾਈ ਕਿੱਲੇ ਰਹਿ ਗਈ ਸੀ। ਤਿੰਨ ਭੈਣਾਂ ਦਾ ਉਹ ਇੱਕੋ ਇੱਕ ਭਰਾ ਦੋ ਭੈਣਾਂ ਉਸ ਤੋਂ ਵੱਡੀਆਂ ਸਨ ਤੇ ਇੱਕ ਛੋਟੀ। ਉਸ ਦੇ ਬਾਪ ਪ੍ਰੀਤਮ ਸਿੰਘ ਦੀ ਪਿੰਡ 'ਚ ਚੰਗੀ ਇੱਜ਼ਤ ਸੀ। ਉਹ ਮਿਹਨਤੀ ਵੀ ਸੀ ਤੇ ਫਿਰ ਸੰਗ ਸਰਫ਼ੇ ਨਾਲ ਗੁਜ਼ਾਰਾ ਕਰਨ ਵਾਲਾ ਵੀ, ਪਰ ਆਪਣੀਆਂ ਧੀਆਂ ਦੇ ਵਿਆਹ 'ਤੇ ਹੁੰਦੇ ਖ਼ਰਚੇ ਨੇ ਘਰ ਦੀ ਆਰਥਿਕ ਚੂਲ ਹਿਲਾ ਦਿੱਤੀ ਸੀ। ਪਹਿਲੀ ਧੀ ਉਸ ਨੇ ਘਰ 'ਚ ਪਹਿਲਾ ਦੀ ਜਮ੍ਹਾ ਪੂੰਜੀ, ਕੁੱਝ ਖੇਤਾਂ ਬੰਨ੍ਹਿਆਂ ਤੇ ਟਾਹਲੀਆਂ ਕਿੱਕਰਾਂ ਦੇ ਰੁੱਖਾਂ ਨੂੰ ਵੇਚ ਕੇ ਆਰਾਮ ਨਾਲ ਵਿਆਹ ਲਈ। ਕੁੱਝ ਉਹ ਸਮੇਂ ਵੀ ਸਸਤੇ ਸਨ ਤੇ ਏਨੀ ਸ਼ੌਅ-ਸ਼ਾਅ ਦਾ ਰਿਵਾਜ ਵੀ ਨਹੀਂ ਸੀ। ਪੰਜ ਸਾਲ ਬਾਅਦ ਦੂਸਰੀ ਵਿਆਹੀ ਤਾਂ ਉਸ ਨੇ ਆੜ੍ਹਤੀਏ ਤੋਂ ਚਾਲ੍ਹੀਂ ਹਜ਼ਾਰ ਵਿਆਜ 'ਤੇ ਫੜ੍ਹ ਲਿਆ। ਪੰਜਾਹ ਹਜ਼ਾਰ ਉਸ ਨੇ ਖੇਤੀਬਾੜੀ ਬੈਂਕ ਤੋਂ ਲੈ ਲਿਆ। ਖੇਤੀਬਾੜੀ ਬੈਂਕ ਤੋਂ ਲਏ ਕਰਜ਼ੇ ਦਾ ਤਾਂ ਪਿੰਡ 'ਚ ਪਤਾ ਸੀ, ਕਿਉਂਕਿ ਕਾਗ਼ਜ਼ ਪੱਤਰ ਮੁਕੰਮਲ ਕਰਦਿਆਂ ਗਵਾਹਾਂ ਦੀ ਜ਼ਰੂਰਤ ਸੀ ਤੇ ਉਨ੍ਹਾਂ ਤੋਂ ਹੌਲੀ-ਹੌਲੀ ਗੱਲ ਇੱਕ ਦੂਸਰੇ ਤੱਕ ਪੁੱਜਦੀ-ਪੁੱਜਦੀ ਲਗਭਗ ਹਰ ਕੰਨ ਤੱਕ ਪੁੱਜ ਚੁੱਕੀ ਸੀ। ਪਰ ਆੜ੍ਹਤੀਏ ਤੋਂ ਲਏ ਕਰਜ਼ੇ ਦਾ ਉਸ ਨੇ ਕਿਤੇ ਧੂੰਆਂ ਨਾ ਕੱਢਿਆ। ਨਾਲ ਹੀ ਤਿੰਨ ਕਿੱਲਿਆਂ ਦੀ ਫ਼ਰਦ ਦੇ ਕੇ ਡੇਢ ਲੱਖ ਹੋਰ ਟਰੈਕਟਰ ਵਾਸਤੇ ਲੈਂਡ ਮਾਰਗੇਜ਼ ਬੈਂਕ ਤੋਂ ਲੈ ਕੇ ਚੱਲਿਆ ਹੋਇਆ ਐਸਕਾਰਟ ਟਰੈਕਟਰ ਨੱਬੇ ਹਜ਼ਾਰ 'ਚ ਖ਼ਰੀਦ ਲਿਆ ਤੇ ਬਾਕੀ ਪੈਸੇ ਆਪਣੀਆਂ ਗ਼ਰਜ਼ਾਂ 'ਚ ਇੱਧਰ ਉੱਧਰ ਕੱਛਾ ਕੋਨਿਆਂ 'ਚ ਲਾ ਦਿੱਤੇ। ਕਦੀ ਕਿਸੇ ਕੁੜੀ ਦੀ ਲੋਹੜੀ ਆ ਗਈ, ਕਦੀ ਵਰਤ। ਫਿਰ ਵੱਡੀ ਕੁੜੀ ਦੇ ਮੁੰਡਾ ਹੋਣ 'ਤੇ ਉਸ ਦੇ ਸਹੁਰਿਆਂ ਨੇ ਮੰਗ ਕੇ ਵਿੱਤੋਂ ਬਾਹਰਾ ਖ਼ਰਚ ਕਰਵਾ ਦਿੱਤਾ। ਜਦੋਂ ਉਸ ਨੇ ਕਰਨਵੀਰ ਦਾ ਵਿਆਹ ਕੀਤਾ ਤਾਂ ਤਿੰਨ ਕਿੱਲੇ ਜ਼ਮੀਨ ਬੈਂਕ ਕੋਲ ਪਲੱਜ਼ ਸੀ, ਆੜ੍ਹਤੀਏ ਦਾ ਵਿਆਜ ਪੈ-ਪੈ ਕੇ ਇੱਕ ਲੱਖ ਬਣ ਗਿਆ ਹੋਇਆ ਸੀ। ਇੱਕ ਲੱਖ ਹੋਰ ਲੈ ਕੇ ਉਸ ਨੂੰ ਦੋ ਕਿੱਲੇ ਰੈਹਣ ਲਿਖ ਦਿੱਤੀ ਸੀ। ਵਿਆਹ ਗੱਜ ਬੱਜ ਕੇ ਕੀਤਾ ਉਧਰੋਂ ਦੀ ਦਾਜ 'ਚ ਮੋਟਰ ਸਾਈਕਲ ਆਇਆ, ਹੋਰ ਵੀ ਬਹੁਤ ਸਾਰਾ ਵਧੀਆ ਸਮਾਨ।"
> (ਪਰਵਾਨਾ, "ਖੇਤਾਂ ਦਾ ਰੁਦਨ" 66)

ਪਰਵਾਨਾ ਨੇ ਬੁਲਾਰਪੁਰ ਵਿੱਚ ਕਿਸਾਨ ਕਰਨਬੀਰ ਸਿੰਘ ਵੱਲੋਂ ਕੀਤੀ ਖ਼ੁਦਕੁਸ਼ੀ ਕਰਨ ਦੇ ਕਾਰਨਾਂ 'ਤੇ ਚਾਨਣਾ ਪਿਆ। ਕਿਵੇਂ ਕਰਨਬੀਰ ਸਿੰਘ ਆਪਣੀਆਂ ਆਰਥਿਕ ਲੋੜਾਂ ਦੀ ਪੂਰਤੀ ਲਈ ਪਹਿਲਾ ਬੈਂਕ ਫਿਰ ਆੜ੍ਹਤੀਆਂ ਤੋਂ ਕਰਜ਼ਾ

ਲੈਂਦਾ ਹੈ। ਉਸ ਉੱਪਰ ਵਧੇਰੇ ਵਿਆਜ ਹੋਣ ਕਾਰਨ ਵਾਪਸ ਨਹੀਂ ਕਰ ਸਕਿਆ ਅਤੇ ਇਸੇ ਕਾਰਨ ਮਾਨਸਿਕ ਪ੍ਰੇਸ਼ਾਨੀ ਦੇ ਚੱਲਦਿਆਂ ਉਸ ਨੇ ਆਤਮ ਹੱਤਿਆ ਕਰ ਲਈ।

> ਕਿਸਾਨ ਖ਼ੁਦਕੁਸ਼ੀਆਂ ਬਾਰੇ ਜਸਬੀਰ ਭੁੱਲਰ ਲਿਖਦੇ ਹਨ ਕਿ ਪੰਜਾਬ ਦੀ ਕਿਸਾਨੀ ਦਾ ਇੱਕ ਰੂਪ ਉਹ ਵੀ ਹੈ, "ਜੋ ਨਿੱਕੇ ਕਿਰਸਾਨ ਦੇ ਰੂਪ ਵਿੱਚ ਨਿੱਤ ਖ਼ੁਦਕੁਸ਼ੀਆਂ ਕਰਦਾ ਹੈ। ਛੋਟੀ ਕਿਰਸਾਨੀ ਨਾਲ ਜੁੜੀ ਹੋਈ ਉੱਜੜੀ-ਪੁੱਜੜੀ ਆਰਥਿਕਤਾ ਦੇ ਮਾਰੇ ਹੋਏ ਕਿਸਾਨ ਹਰ ਪਿੰਡ ਦੀ ਗ਼ੁਰਬਤ ਦੇ ਪ੍ਰਤੀਨਿਧ ਪਾਤਰ ਹਨ। ਉਸ ਦਾ ਦਰਦ ਪੰਜਾਬ ਦੇ ਲੱਖਾਂ ਲੋਕਾਂ ਦਾ ਦਰਦ ਹੈ।" ("ਦੋਜ਼ਖ਼ੀਏ ਵਿਚਲਾ ਭੁੱਲਰਾਂ ਦਾ ਘੁੰਨਾ", *ਐਤਵਾਰਤਾ, ਜਲੰਧਰ: ਨਵਾਂ ਜ਼ਮਾਨਾ,* 1 ਮਾਰਚ 2015, 3)

ਪੰਜਾਬ ਦੀ ਨਿਮਨ ਕਿਸਾਨੀ ਸਿਰ ਪ੍ਰਤੀ ਦਿਨ ਕਰਜ਼ੇ ਦੀ ਪੰਡ ਭਾਰੀ ਹੋਣ ਕਾਰਨ ਖ਼ੁਦਕੁਸ਼ੀਆਂ ਦਾ ਰਾਹ ਅਪਣਾ ਰਹੀ ਹੈ। ਪੰਜਾਬ ਦਾ ਹਰ ਨਿਮਨ ਕਿਸਾਨ ਕਰਜ਼ੇ ਹੇਠ ਦੱਬਿਆ ਪਿਆ ਹੈ। ਪਰਵਾਨਾ ਦੇ ਨਾਵਲ *'ਖੇਤਾਂ ਦਾ ਰੁਦਨ'* ਵਿੱਚੋਂ ਦਿੱਤੇ ਉਪਰੋਕਤ ਟੂਕ ਦੇ ਆਧਾਰ 'ਤੇ ਪੰਜਾਬ ਵਿੱਚ ਨਿਮਨ ਕਿਸਾਨੀ ਵੱਲੋਂ ਕੀਤੀਆਂ ਖ਼ੁਦਕੁਸ਼ੀਆਂ ਵਾਲੇ ਪਰਿਵਾਰਾਂ ਨਾਲ ਮੁਲਾਕਾਤ ਕਰ ਕੇ ਕੁੱਝ ਕੇਸ ਸਟੱਡੀ ਕੀਤੇ ਗਏ ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ। ਜਿਵੇਂ:

- ਪਰਮਿੰਦਰ ਸਿੰਘ (43) ਪੁੱਤਰ ਗੁਰਚਰਨ ਸਿੰਘ ਪਿੰਡ ਰੂਮੀ, ਤਹਿਸੀਲ ਜਗਰਾਓ, ਜ਼ਿਲ੍ਹਾ ਲੁਧਿਆਣਾ ਨੇ 6 ਜਨਵਰੀ 2016 ਨੂੰ ਕੀਟਨਾਸ਼ਕ ਦਵਾਈ ਪੀ ਕੇ ਆਤਮ ਹੱਤਿਆ ਕੀਤੀ। 19 ਮਾਰਚ 2016 ਨੂੰ ਮ੍ਰਿਤਕ ਕਿਸਾਨ ਦੀ ਪਤਨੀ ਹਰਮੀਤ ਕੌਰ ਨਾਲ ਹੋਈ ਮੁਲਾਕਾਤ ਸਮੇਂ ਉਸ ਨੇ ਦੱਸਿਆ ਕਿ ਉਨ੍ਹਾਂ ਕੋਲ 5 ਏਕੜ ਦੀ ਆਪਣੀ ਮਲਕੀਅਤ ਸੀ ਅਤੇ ਖੇਤੀਬਾੜੀ ਦੇ ਨਾਲ-ਨਾਲ ਪਸ਼ੂ ਪਾਲਨ ਦਾ ਧੰਦਾ ਅਪਣਾਇਆ ਹੋਇਆ ਸੀ। ਖੇਤੀਬਾੜੀ ਤੇ ਪਸ਼ੂ ਪਾਲਨ ਵਿੱਚ ਲਗਾਤਾਰ ਘਾਟਾ ਪੈਣ ਕਾਰਨ ਉਸ ਨੇ ਆਪਣੇ ਪਸ਼ੂ ਵੇਚ ਕੇ ਪਰਿਵਾਰਕ ਖ਼ਰਚ ਪੂਰੇ ਕਰਨੇ ਸ਼ੁਰੂ ਕਰ ਦਿੱਤੇ। ਮ੍ਰਿਤਕ ਕਿਸਾਨ ਦੀ ਪਤਨੀ ਨੇ ਦੱਸਿਆ ਕਿ ਸਾਰੇ ਪਸ਼ੂ ਵਿਕਣ ਤੋਂ ਬਾਅਦ ਜਦੋਂ ਪਰਿਵਾਰਕ ਖ਼ਰਚ, ਬੱਚਿਆ ਦੀ ਪੜ੍ਹਾਈ ਦੇ ਖ਼ਰਚ ਪੂਰੇ ਨਾ ਹੋਏ ਤਾਂ ਆੜ੍ਹਤੀਆਂ ਤੋਂ ਲਏ ਕਰਜ਼ੇ ਕਾਰਨ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਰਹਿੰਦਾ ਸੀ। ਸਿਰ ਚੜ੍ਹਦੇ ਕਰਜ਼ੇ ਦੇ ਭਾਰ ਕਾਰਨ ਮਾਨਸਿਕ ਪ੍ਰੇਸ਼ਾਨੀ ਦੇ ਚੱਲਦਿਆਂ ਇੱਕ ਦਿਨ ਕੀਟਨਾਸ਼ਕ ਦਵਾਈ ਪੀ ਕੇ ਆਤਮਹੱਤਿਆ ਕਰ ਲਈ। ਮ੍ਰਿਤਕ ਕਿਸਾਨ ਦੀ ਪਤਨੀ ਨੇ ਦੱਸਿਆ ਕਿ ਉਸ ਦੀਆਂ ਤਿੰਨ ਧੀਆਂ, ਦੋ ਲੜਕੇ ਅਤੇ ਸੱਸ ਸਹੁਰਾ ਉਸ ਨਾਲ ਰਹਿੰਦੇ ਹਨ। ਹੁਣ ਘਰ ਵਿੱਚ ਕਮਾਈ ਕਰਨ ਵਾਲਾ ਕੋਈ ਵੀ ਨਹੀਂ ਹੈ।

- ਸੁਖਜੰਟ ਸਿੰਘ (37) ਪੁੱਤਰ ਸਵ. ਬਲਵਿੰਦਰ ਸਿੰਘ ਪਿੰਡ ਹੰਬੜਾਂ, ਤਹਿਸੀਲ ਜਗਰਾਓ, ਜ਼ਿਲ੍ਹਾ ਲੁਧਿਆਣਾ ਨੇ 17 ਫਰਵਰੀ 2016 ਨੂੰ ਫਾਹਾ ਲੈ ਕੇ ਆਪਣੀ ਜੀਵਨ ਲੀਲ੍ਹਾ ਸਮਾਪਤ ਕਰ ਲਈ ਹੈ। ਮ੍ਰਿਤਕ ਨੌਜਵਾਨ ਦੀ ਉਮਰ ਸਿਰਫ਼ 29 ਸਾਲ ਦੀ ਸੀ। 3 ਮਈ 2016 ਨੂੰ ਹੋਈ ਮੁਲਾਕਾਤ ਸਮੇਂ ਮ੍ਰਿਤਕ ਕਿਸਾਨ ਦੀ ਬਿਰਧ ਮਾਤਾ ਮਨਜੀਤ ਕੌਰ ਅਤੇ ਭੈਣ ਕੰਵਲਜੀਤ ਕੌਰ ਨੇ ਜਾਣਕਾਰੀ ਅਨੁਸਾਰ ਦੱਸਿਆ ਕਿ ਉਨ੍ਹਾਂ ਦੇ ਪਿਤਾ ਬਚਪਨ ਵਿੱਚ ਹੀ ਸਵਰਗਵਾਸ ਹੋ ਗਏ ਸਨ। ਘਰ ਦੀ ਆਰਥਿਕ ਸਥਿਤੀ ਠੀਕ ਨਾ ਹੋਣ ਕਾਰਨ ਮ੍ਰਿਤਕ ਨੌਜਵਾਨ ਪੜ੍ਹਾਈ ਨਾ ਕਰ ਸਕਿਆ। ਉਸ ਕੋਲ ਕੇਵਲ 2 ਏਕੜ ਜ਼ਮੀਨ ਹੀ ਸੀ। ਮ੍ਰਿਤਕ ਨੌਜਵਾਨ ਦੀ ਮਾਤਾ ਨੇ ਦੱਸਿਆ ਕਿ ਖੇਤੀਬਾੜੀ 'ਚੋਂ ਬਹੁਤੀ ਆਮਦਨ ਨਹੀਂ ਸੀ ਹੁੰਦੀ। ਭੈਣ ਦੇ ਵਿਆਹ ਸਮੇਂ ਮ੍ਰਿਤਕ ਨੌਜਵਾਨ ਨੇ ਬੈਂਕ ਤੋਂ ਕਰਜ਼ਾ ਲਿਆ ਸੀ। ਭੈਣ ਦੇ ਸਹੁਰਿਆਂ ਨੇ ਕੰਵਲਜੀਤ ਕੌਰ ਨੂੰ ਦਾਜ ਲਈ ਤੰਗ ਕਰਨਾ ਸ਼ੁਰੂ ਕਰ ਦਿੱਤਾ। ਮ੍ਰਿਤਕ ਭਰਾ ਹੋਰ ਦਾਜ ਦੇਣ ਤੋਂ ਅਸਮਰੱਥ ਸੀ। ਇਸ ਕਰ ਕੇ ਉਸ ਦੀ ਭੈਣ ਸਹੁਰਿਆਂ ਤੋਂ ਵਾਪਸ ਪੇਕੇ ਘਰ ਆ ਗਈ। ਜਿਸ ਕਾਰਨ ਮਾਨਸਿਕ ਪ੍ਰੇਸ਼ਾਨੀ ਦੇ ਚੱਲਦਿਆਂ ਆਤਮਹੱਤਿਆ ਦਾ ਰਾਹ ਚੁਣ ਲਿਆ। ਮ੍ਰਿਤਕ ਨੌਜਵਾਨ ਦੀ ਮਾਤਾ ਅਤੇ ਭੈਣ ਬਹੁਤ ਹੀ ਦਰਦ ਭਰੀ ਜ਼ਿੰਦਗੀ ਬਤੀਤ ਕਰ ਰਹੀਆਂ ਹਨ। ਇਸ ਦੁੱਖ ਦੀ ਘੜੀ ਵਿੱਚ ਕੋਈ ਵੀ ਉਨ੍ਹਾਂ ਦੀ ਸਾਰ ਨਹੀਂ ਲੈ ਰਿਹਾ।

- ਨਾਜ਼ਰ ਸਿੰਘ (56) ਪੁੱਤਰ ਕੇਹਰ ਸਿੰਘ ਪਿੰਡ ਬੀਜਾ, ਤਹਿਸੀਲ ਖੰਨਾ ਨੇ 20 ਸਤੰਬਰ 2015 ਨੂੰ ਨਹਿਰ 'ਚ ਛਾਲ ਮਾਰ ਕੇ ਆਤਮ ਹੱਤਿਆ ਕਰ ਲਈ। 28 ਅਗਸਤ 2016 ਨੂੰ ਮੁਲਾਕਾਤ ਸਮੇਂ ਮ੍ਰਿਤਕ ਕਿਸਾਨ ਦੇ ਪਿਤਾ ਕੇਹਰ ਸਿੰਘ ਤੋਂ ਮਿਲੀ ਜਾਣਕਾਰੀ ਅਨੁਸਾਰ ਸਾਡੇ ਪਰਿਵਾਰ ਕੋਲ ਸਿਰਫ਼ 3 ਏਕੜ ਜ਼ਮੀਨ ਸੀ। ਇਸ ਜ਼ਮੀਨ ਦੇ ਸਿਰ 'ਤੇ ਹੀ ਉਸ ਦੇ ਪੁੱਤਰ ਨੇ ਚਾਰ ਭੈਣਾਂ ਦੇ ਵਿਆਹ ਕੀਤੇ। ਉਸ ਦੀ ਮਾਤਾ ਨੂੰ ਟੀ.ਬੀ. ਦੀ ਬਿਮਾਰੀ ਸੀ ਜਿਸ ਦਾ ਇਲਾਜ ਬਹੁਤ ਮਹਿੰਗਾ ਹੈ। ਜਿਸ ਦੇ ਇਲਾਜ ਲਈ ਕਦੇ ਆੜ੍ਹਤੀਆਂ ਅਤੇ ਕਦੇ ਰਿਸ਼ਤੇਦਾਰਾਂ ਤੋਂ ਪੈਸੇ ਫੜ ਲਏ, ਹੌਲੀ ਹੌਲੀ ਕਰਜ਼ਾ ਚੜ੍ਹਨਾ ਸ਼ੁਰੂ ਹੋ ਗਿਆ। ਆੜ੍ਹਤੀਆਂ ਅਤੇ ਰਿਸ਼ਤੇਦਾਰਾਂ ਦਾ ਪੈਸਾ ਮੋੜਨ ਲਈ ਜ਼ਮੀਨ ਵਿਕਣੀ ਸ਼ੁਰੂ ਹੋ ਗਈ। ਜਿਸ ਕਾਰਨ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਰਹਿਣ ਲੱਗਾ। ਬਹੁਤ ਸਾਰੇ ਸਰਕਾਰੀ ਹਸਪਤਾਲਾਂ ਵਿੱਚ ਦਿਖਾਇਆ ਪਰ ਆਰਾਮ ਨਹੀਂ ਆਇਆ, ਪਰ ਪੈਸੇ ਬਹੁਤ ਲੱਗ ਗਏ। ਫਿਰ ਘਰ ਦੇ ਖ਼ਰਚ ਤੇ ਮਾਨਸਿਕ ਪ੍ਰੇਸ਼ਾਨੀ ਕਾਰਨ ਆਤਮ ਹੱਤਿਆ ਕਰ ਲਈ। ਮ੍ਰਿਤਕ ਕਿਸਾਨ ਦੇ ਪਿਤਾ ਅਤੇ ਉਸ ਦਾ ਪਰਿਵਾਰ ਵਧੇਰੇ ਪ੍ਰੇਸ਼ਾਨੀ 'ਚ ਹੈ। ਜਾਣਕਾਰੀ ਲਈ ਪੁੱਛਣ 'ਤੇ ਉਨ੍ਹਾਂ ਦੱਸਿਆ ਕਿ ਕਿਸੇ ਵੀ ਸਰਕਾਰ ਜਾਂ ਕਿਸਾਨ ਜਥੇਬੰਦੀ ਨੇ ਉਨ੍ਹਾਂ ਦੀ ਕੋਈ ਸਾਰ ਨਹੀਂ ਲਈ।

- ਸੁਰਿੰਦਰ ਸਿੰਘ (49) ਪਿੰਡ ਦਾਉਮਾਜਰਾ, ਤਹਿਸੀਲ ਖੰਨਾ ਨੇ 19 ਅਪ੍ਰੈਲ 2010 ਨੂੰ ਕਰਜ਼ੇ ਤੋਂ ਤੰਗ ਆ ਕੇ ਕੀੜੇਮਾਰ ਦਵਾਈ ਪੀ ਕੇ ਆਤਮ ਹੱਤਿਆ ਕਰ ਲਈ। 1 ਜੂਨ 2016 ਨੂੰ ਹੋਈ ਮੁਲਾਕਾਤ ਸਮੇਂ ਮ੍ਰਿਤਕ ਕਿਸਾਨ ਦੀ ਪੁੱਤਰੀ ਰਮਨਜੀਤ ਕੌਰ ਨੇ ਦੱਸਿਆ ਕਿ 2010 'ਚ ਉਸ ਦੇ ਪਿਤਾ ਨੇ ਕਰਜ਼ੇ ਦੇ ਬੋਝ ਕਾਰਨ ਅਤੇ ਆੜ੍ਹਤੀਏ ਵੱਲੋਂ ਤੰਗ ਪ੍ਰੇਸ਼ਾਨ ਕੀਤੇ ਜਾਣ ਕਰ ਕੇ ਕੀੜੇਮਾਰ ਦਵਾਈ ਪੀ ਕੇ ਆਪਣੀ ਜ਼ਿੰਦਗੀ ਖ਼ਤਮ ਕਰ ਲਈ। ਉਸ ਦੇ ਬਾਅਦ ਉਸ ਦੇ ਪਰਿਵਾਰ ਦੀ ਆਰਥਿਕ ਸਥਿਤੀ ਹੋਰ ਵੀ ਖ਼ਰਾਬ ਹੋ ਗਈ। ਹੁਣ ਖ਼ੁਦ ਖੇਤੀ ਦਾ ਧੰਦਾ ਕਰ ਕੇ ਹਰ ਫ਼ਸਲ 'ਚੋਂ 2.5 ਲੱਖ ਰੁਪਏ ਕਰਜ਼ੇ ਦੀਆਂ ਕਿਸ਼ਤਾਂ ਮੋੜ ਰਹੀ ਹੈ। ਇਸ ਦੇ ਨਾਲ ਹੀ ਪਰਿਵਾਰ 'ਚ ਮਾਤਾ ਅਤੇ ਭੈਣ ਭਰਾ ਦੀ ਪੜ੍ਹਾਈ ਅਤੇ ਪਰਿਵਾਰ ਦੀਆਂ ਹੋਰ ਲੋੜਾਂ ਨੂੰ ਪੂਰੀਆਂ ਕਰਨ 'ਚ ਬਹੁਤ ਮੁਸ਼ਕਿਲ ਆ ਰਹੀ ਹੈ। ਪਿਤਾ ਵੱਲੋਂ ਖ਼ੁਦਕੁਸ਼ੀ ਕੀਤੇ ਜਾਣ ਉਪਰੰਤ ਉਸ ਨੂੰ ਬਹੁਤ ਸਾਰੀਆਂ ਮੁਸ਼ਕਿਲਾਂ ਦਾ ਵੀ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਆੜ੍ਹਤੀਆ ਅਲੱਗ ਤੰਗ ਕਰ ਰਿਹਾ ਹੈ।

ਇਸ ਤਰ੍ਹਾਂ ਪੰਜਾਬ 'ਚ ਬਹੁ ਗਿਣਤੀ ਕਿਸਾਨਾਂ ਨੇ ਮਾਨਸਿਕ, ਆਰਥਿਕ ਜਾਂ ਸਮਾਜਿਕ ਪ੍ਰੇਸ਼ਾਨੀ ਦੇ ਚੱਲਦਿਆਂ ਖ਼ੁਦਕੁਸ਼ੀਆਂ ਕੀਤੀਆਂ। ਖ਼ੁਦਕੁਸ਼ੀ ਕਰਨ ਤੋਂ ਬਾਅਦ ਉਨ੍ਹਾਂ ਦੇ ਪਰਿਵਾਰਕ ਮੈਂਬਰ ਵੀ ਮਾਨਸਿਕ ਅਤੇ ਆਰਥਿਕ ਪ੍ਰੇਸ਼ਾਨੀ ਦਾ ਸ਼ਿਕਾਰ ਹੋ ਰਹੇ ਹਨ। ਹਰੀ ਕ੍ਰਾਂਤੀ ਨੇ ਕਿਸਾਨੀ ਜੀਵਨ ਵਿਚ ਅੰਨ੍ਹੇਵਾਹ ਉਥੱਲ ਪੁਥਲ ਮਚਾ ਦਿੱਤੀ। ਜਿਸ ਕਾਰਨ ਨਿਮਨ ਕਿਸਾਨੀ ਨਿਘਾਰ ਵੱਲ ਜਾਣ ਕਾਰਨ ਆਤਮ ਹੱਤਿਆਵਾਂ ਦੇ ਰਾਹ ਪੈ ਗਈ।

> ਰਣਜੀਤ ਸਿੰਘ ਚੌਹਾਨ (ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਨਾਲ ਮੁਲਾਕਾਤ 23 ਮਾਰਚ 2015 ਨੂੰ ਪਿੰਡ-ਰੁੜਕਾ, ਜ਼ਿਲ੍ਹਾ-ਜਲੰਧਰ ਵਿਖੇ ਕੀਤੀ ਗਈ) ਨੇ ਕਿਸਾਨੀ ਜੀਵਨ ਦੀ ਸਥਿਤੀ ਬਾਰੇ ਵਿਚਾਰ ਚਰਚਾ ਕਰਦਿਆਂ ਦੱਸਿਆ ਕਿ ਹਰੇ ਇਨਕਲਾਬ ਦੇ ਅੰਨ੍ਹੇ ਵਿਕਾਸ ਨੇ ਖੇਤੀ ਦਾ ਅੰਨ੍ਹੇਵਾਹ ਮਸ਼ੀਨੀਕਰਨ ਕੀਤਾ, ਉੱਥੋਂ ਹੀ ਖੇਤੀ ਦੇ ਧੰਦੇ ਨੂੰ ਰਵਾਇਤੀ ਢੰਗ ਨਾਲੋਂ ਤੋੜ ਕੇ ਭਾਵੇਂ ਆਧੁਨਿਕਤਾ ਤਾਂ ਲਿਆਂਦੀ ਹੈ। ਪਰ ਇਸ ਆਧੁਨਿਕਤਾ ਨੇ ਖੇਤੀਬਾੜੀ ਨੂੰ ਬਹੁਤ ਮਹਿੰਗਾ ਕਰ ਦਿੱਤਾ ਹੈ। ਇਸ ਨਾਲ ਕਿਸਾਨੀ ਦਾ ਆਰਥਿਕ, ਸਮਾਜਿਕ ਅਤੇ ਮਾਨਸਿਕ ਸ਼ੋਸ਼ਣ ਹੋਣ ਲੱਗਾ। ਨਿਰਾਸ਼ਾ ਦੇ ਚੱਲਦਿਆਂ ਪੰਜਾਬ ਦੇ ਕਿਸਾਨਾਂ ਨੇ ਆਤਮ ਹੱਤਿਆਵਾਂ ਦਾ ਰਾਹ ਅਪਣਾਇਆ। ਹਰੇ ਇਨਕਲਾਬ ਦੇ ਪ੍ਰਭਾਵ ਕੇਵਲ ਕਿਸਾਨੀ ਜੀਵਨ ਉੱਪਰ ਹੀ ਨਹੀਂ ਸਗੋਂ ਇਸ ਨਾਲ ਰਿਸ਼ਤੇ ਨਾਤਿਆਂ ਵਿੱਚ ਬਦਲਾਅ ਆਏ। ਰਿਸ਼ਤੇ ਨਾਤੇ ਪਹਿਲਾ ਵਰਗੇ ਵਿਸ਼ਵਾਸ ਭਰਪੂਰ ਸਹਿਯੋਗ ਪੂਰਨ ਨਹੀਂ ਰਹੇ। ਰਿਸ਼ਤੇ ਬਿਖਰਨੇ ਆਰੰਭ ਹੋ ਗਏ, ਜਿਸ ਕਾਰਨ ਪੰਜਾਬੀ ਕਿਸਾਨ ਨੇ ਵਧੇਰੇ ਮਾਨਸਿਕ ਸੰਤਾਪ ਹੰਢਾਇਆ।

## 5.5 ਸਭਿਆਚਾਰਕ ਸ਼ੋਸ਼ਣ ਦੇ ਪ੍ਰਭਾਵ

ਇਸੇ ਦੌਰ ਨੇ ਰਵਾਇਤੀ ਅਤੇ ਸਭਿਆਚਾਰਕ ਜੀਵਨ ਜਾਂਚ ਨੂੰ ਪਿੱਛੇ ਧੱਕਣ ਦੇ ਨਾਲ-ਨਾਲ ਇਸ ਪ੍ਰਬੰਧ ਦੇ ਵਰਤਾਰੇ ਨੇ ਮਨੁੱਖ ਨੂੰ ਸਵੈ ਕੇਂਦਰਿਤ ਬਣਾ ਦਿੱਤਾ। ਜਿਸ ਨੇ ਮਨੁੱਖ ਨੂੰ ਆਪਣੇ ਆਪ ਨਾਲੋਂ ਵੀ ਤੋੜ ਦਿੱਤਾ। *'ਖੇਤਾਂ ਦਾ ਰੁਦਨ'* ਅਤੇ *'ਕਥਾ ਇਸ ਯੁੱਗ ਦੀ'* ਨਾਵਲ ਦੇ ਪਾਤਰ ਰਵਿੰਦਰ ਅਤੇ ਜਗਵਿੰਦਰ ਇੱਕਲਤਾ, ਉਦਾਸੀਨਤਾ ਅਤੇ ਬੇਗਾਨਗੀ ਵਰਗੀਆਂ ਭਾਵਨਾਵਾਂ ਦਾ ਸ਼ਿਕਾਰ ਹੋ ਰਹੇ ਹਨ। ਇਨ੍ਹਾਂ ਪਾਤਰਾਂ ਦੀ ਮਾਨਸਿਕ ਸੰਰਚਨਾ ਅਜਿਹੀ ਬਣ ਚੁੱਕੀ ਹੈ ਕਿ ਉਹ ਇਹ ਸਮਝਣ ਤੋਂ ਅਸਮਰੱਥ ਹਨ ਕਿ ਮੈਂ ਕੀ ਹਾਂ? ਇਸ ਦੌਰ ਨੇ ਮਨੁੱਖ ਨੂੰ ਇੰਨਾ ਪੇਚੀਦਾ, ਲਾਲਚੀ, ਕਰੂਪ ਅਤੇ ਲਾਚਾਰ ਬਣਾ ਦਿੱਤਾ ਹੈ ਕਿ ਉਹ ਇੱਕੋ ਸਮੇਂ ਕਈ ਪ੍ਰਕਾਰ ਦੀਆਂ ਜ਼ਿੰਦਗੀਆਂ ਜਿਉਂ ਰਿਹਾ ਹੈ। ਨਾਵਲ ਵਿੱਚ ਰਵੀ ਵੀ ਇਨ੍ਹਾਂ ਪਰਿਸਥਿਤੀਆਂ ਦਾ ਸ਼ਿਕਾਰ ਹੁੰਦਾ ਦਿਖਾਈ ਦਿੰਦਾ ਹੈ। ਜਿਵੇਂ:

> "ਉਦੋਂ ਇਹ ਨਹੀਂ ਸੀ ਪਤਾ ਕਿ ਮਈ ਜੂਨ 'ਚ ਆ ਕੇ ਇੰਨਾ ਭੱਠ ਵੀ ਬਣਿਆ ਕਰੇਗਾ। ਫਿਰ ਉਸ ਨੂੰ ਇਹ ਪਹਿਲੇ ਸਾਲਾਂ 'ਚ ਇਸ ਲਈ ਵੀ ਘੱਟ ਮਹਿਸੂਸ ਹੋਇਆ ਸੀ ਕਿ ਕਾਲਜੋਂ ਫ਼ਾਰਗ ਹੋਣ 'ਤੇ ਉਹ ਪਿੰਡ ਚਲਾ ਜਾਂਦਾ। ਮਈ ਜੂਨ ਤਾਂ ਉਹ ਘੱਟ ਹੀ ਰਿਹਾ ਸੀ ਇੱਥੇ। ਪਰ ਹੁਣ...ਜਿਵੇਂ ਬਾਪ ਨੇ ਘਰ ਨਾਲੋਂ ਉਸ ਦਾ ਵਰਕਾ ਪਾੜਿਆ ਸੀ, ਉਸ ਦਾ ਪਿੰਡ ਵੱਲ ਮੂੰਹ ਕਰਨ ਨੂੰ ਚਿੱਤ ਹੀ ਨਹੀਂ ਕਰਦਾ ਸੀ। ਭਰਾ ਨੇ ਵੀ ਉਸ ਨਾਲੋਂ ਨਜ਼ਰਾਂ ਫੇਰ ਲਈਆਂ ਸਨ। ਉਹ ਉਸ ਨੂੰ ਬਾਪ ਤੋਂ ਵੀ ਵੱਧ ਔਖਿਆਂ ਕਰਦੀਆਂ। ਤਰਕ ਉਸ ਦਾ ਭਾਵੇਂ ਇਹ ਸੀ, "ਅਸੀਂ ਕੀ ਕਰ ਸਕਦੇ ਹਾਂ...ਜੇ ਮੈਂ ਕੋਈ ਤਿੜ-ਫਿੜ ਕੀਤੀ ਤਾਂ ਉਸ ਨੇ ਮੈਨੂੰ ਬੇਦਖ਼ਲ ਕਰਨ ਲੱਗਿਆ ਪਲ ਕਿਹੜਾ ਲਾਉਣਾ ਐ। ਮੈਂ ਬਾਲ ਬੱਚੇਦਾਰ ਬੰਦਾ ਮੈਂ ਕਿਵੇਂ ਤੇਰੇ ਵਾਂਗ ਮਰਜ਼ੀ ਪੁਗਾ ਸਕਦਾ ਹਾਂ।" ਭਾਵੇਂ ਉਹ ਇਹ ਜਾਣਦਾ ਸੀ ਕਿ ਇਹ ਭਰਾ ਦੇ ਬੋਲ ਹੀ ਹਨ, ਇਨ੍ਹਾਂ ਬੋਲਾਂ ਦੇ ਪਿੱਛੇ ਸੋਚ ਤਾਂ ਭਰਜਾਈ ਦੀ ਕੰਮ ਕਰਦੀ ਸੀ, ਜਿਹੜੀ ਅੰਦਰੋਂ-ਅੰਦਰੀ ਖ਼ੁਸ਼ ਸੀ ਕਿ ਜ਼ਮੀਨ ਦੀ ਢੇਰੀ ਦੋ ਥਾਵਾਂ 'ਚ ਵੰਡੀ ਜਾਣ ਦੀ ਬਜਾਏ, ਉਨ੍ਹਾਂ ਕੱਲਿਆ ਕੋਲ ਹੀ ਰਹਿ ਜਾਵੇਗੀ। ਅੱਠ ਕਿੱਲੇ ਜਿਸ ਚੋਂ ਪਹਿਲਾ ਉਨ੍ਹਾਂ ਨੂੰ ਚਾਰ ਕਿੱਲੇ ਆਉਣੇ ਸੀ, ਉਹ ਸਾਰੀ ਉਨ੍ਹਾਂ ਦੀ ਬਣ ਰਹੀ ਸੀ।" (ਪਰਵਾਨਾ, "ਖੇਤਾਂ ਦਾ ਰੁਦਨ" 44)

ਰਵੀ ਆਪਣੀ ਅਤੇ ਆਪਣੇ ਪਰਿਵਾਰ ਦੀ ਮਾੜੀ ਆਰਥਿਕਤਾ ਕਰ ਕੇ ਇੱਕ ਪਾਸੇ ਕਾਲਜ ਵਿੱਚ ਨੌਕਰੀ ਦੌਰਾਨ ਆਰਥਿਕਤਾ ਕਾਰਨ ਸ਼ੋਸ਼ਿਤ ਹੋ ਰਿਹਾ ਹੈ ਅਤੇ ਦੂਸਰੇ ਪਾਸੇ ਘਰ ਪਰਿਵਾਰ ਨਾਲੋਂ ਟੁੱਟਣ 'ਤੇ ਉਹ ਮਾਨਸਿਕ ਸੰਤਾਪ ਹੰਢਾ ਰਿਹਾ ਹੈ। ਇਸ ਸਮਾਜ ਨੇ ਹਰ ਵਸਤੂ, ਰਿਸ਼ਤੇ ਨੂੰ ਪੈਸੇ 'ਤੇ ਕੇਂਦਰਿਤ ਕਰ ਦਿੱਤਾ ਹੈ। ਜਿਸ ਕਾਰਨ ਮਨੁੱਖ ਦਾ ਸੁਭਾਅ ਵੀ ਚਿੜਚਿੜਾ ਹੋ ਗਿਆ ਹੈ।

ਸੁਰਿੰਦਰ ਕੁਮਾਰ ਦਵੇਸ਼ਵਰ ਲਿਖਦੇ ਹਨ, "ਪੈਸਾ ਕੀਮਤਾਂ ਨੇ ਇਸ ਯੁੱਗ ਵਿੱਚ ਪੈਸੇ ਨੂੰ ਮਹੱਤਵਪੂਰਨ ਬਣਾ ਦਿੱਤਾ ਹੈ। ਪੈਸੇ ਦੀ ਪ੍ਰਧਾਨਤਾ ਪੁਰਾਣੇ ਸਮਾਜ ਦੀਆਂ ਸਦਾਚਾਰਕ ਕੀਮਤਾਂ ਨੂੰ ਕੁਚਲ ਦਿੰਦੀ ਹੈ। ਇਸੇ ਕਾਰਨ ਇਸ ਯੁੱਗ ਦਾ ਵਿਅਕਤੀ ਸਮਾਜਿਕ ਕੀਮਤਾਂ ਜਾਂ ਸਦਾਚਾਰ ਵਿੱਚ ਇੰਨਾ ਕੱਟੜ ਨਹੀਂ ਰਹਿੰਦਾ। ਪੈਸਾ ਕੀਮਤਾਂ ਇਸ ਦੇ ਸੁਭਾਅ ਨੂੰ ਛੜਯੰਤਰੀ ਬਣਾ ਦਿੰਦੀਆਂ ਹਨ।" ("ਨਾਵਲ ਸ਼ਾਸਤਰ ਤੇ ਪੰਜਾਬੀ ਨਾਵਲ" 67)

ਇਸ ਦੌਰ ਨੇ ਹਰ ਵਸਤੂ, ਹਰ ਰਿਸ਼ਤੇ ਨਾਤੇ ਨੂੰ ਪੈਸੇ ਨਾਲ ਜੋੜ ਦਿੱਤਾ ਹੈ। ਹਰ ਮਨੁੱਖ ਆਪਣੀਆਂ ਸਦਾਚਾਰਕ ਨੀਤੀਆਂ ਬਦਲ ਕੇ ਕੋਝੀਆਂ ਨੀਤੀਆਂ ਨੂੰ ਅਪਣਾ ਕੇ ਵਧੇਰੇ ਪੈਸਾ ਕਮਾਉਣ ਵੱਲ ਕੇਂਦਰਿਤ ਹੈ।

ਹਰੀ ਕ੍ਰਾਂਤੀ ਨੇ ਕੇਵਲ ਕਿਸਾਨੀ ਜੀਵਨ ਨੂੰ ਹੀ ਪ੍ਰਭਾਵਿਤ ਨਹੀਂ ਕੀਤਾ ਸਗੋਂ ਹੋਰ ਵੀ ਬਹੁਤ ਸਾਰੀਆਂ ਤਬਦੀਲੀਆਂ ਲਿਆਂਦੀਆਂ। ਇਨ੍ਹਾਂ ਤਬਦੀਲੀਆਂ ਨੇ ਪੰਜਾਬੀ ਸਭਿਆਚਾਰ/ਸਭਿਆਚਾਰਕ ਜੀਵਨ ਉੱਪਰ ਗਹਿਰਾ ਅਸਰ ਪਾਇਆ। ਹਰ ਵਿਅਕਤੀ ਦੀ ਸੋਚ ਦ੍ਰਿਸ਼ਟੀ ਨੂੰ ਪ੍ਰਭਾਵਿਤ ਕੀਤਾ। ਮਨੁੱਖ ਸਵੈ ਕੇਂਦਰਿਤ ਹੋ ਕੇ ਜ਼ਿੰਦਗੀ ਜਿਊਣ ਵੱਲ ਖਿੱਚਿਆ ਗਿਆ।

ਇਸ ਦੌਰ ਦੀ ਔਰਤ ਨੇ ਨਵੇਂ ਰਾਹ ਤਲਾਸ਼ਣੇ ਆਰੰਭ ਕੀਤੇ। ਔਰਤ ਘਰ ਦੀ ਚਾਰ ਦੀਵਾਰੀ 'ਚੋਂ ਨਿਕਲ ਕੇ ਨੌਕਰੀ ਕਰਨੀ ਆਰੰਭ ਕਰਦੀ ਹੈ। ਆਪਣੀ ਜ਼ਿੰਦਗੀ ਲਈ ਆਪ ਉਪਜੀਵਿਕਾ ਕਮਾਉਂਦੀ ਹੈ। ਪਰਵਾਨਾ ਦੇ ਨਾਵਲਾਂ ਵਿੱਚ ਦੇਖਦੇ ਹਾਂ ਕਿ ਦੀਪੀ, ਪ੍ਰਿੰਯਕਾ, ਪਾਲੀ, ਮਾਲਤੀ ਇਸ ਪੈਦਾਵਾਰੀ ਦੌਰ ਵਿੱਚ ਨੌਕਰੀ ਕਰਦੀਆਂ ਆਪਣੇ ਢੰਗ ਨਾਲ ਆਪਣੀ ਜ਼ਿੰਦਗੀ ਜਿਊਂਦੀਆਂ ਹਨ। ਪਰਵਾਨਾ ਨੇ ਮਾਲਤੀ ਪਾਤਰ ਨੂੰ ਇਸ ਗਲੈਮਰੀ ਜੀਵਨ ਸ਼ੈਲੀ ਦੀ ਚਮਕ ਦਮਕ ਵੱਲੋਂ ਪੇਸ਼ ਕੀਤਾ ਹੈ ਜੋ ਸਭ ਰਿਸ਼ਤਿਆਂ ਨੂੰ ਭੁੱਲਦੀ ਜਾ ਰਹੀ ਹੈ। ਮਾਲਤੀ ਪੈਸੇ ਦੀ ਅੰਨ੍ਹੀ ਦੌੜ 'ਚ ਆਪਣੇ ਘਰ ਪਰਿਵਾਰ ਦੀ ਰਿਵਾਇਤ ਨੂੰ ਇੱਕ ਪਲ ਵਿੱਚ ਹੀ ਪਿੱਛੇ ਲਾ ਕੇ ਸੁੱਟ ਦਿੰਦੀ ਹੈ। ਹਰ ਮਿਲਦੇ ਮੌਕੇ ਨੂੰ ਬੇਜਿਝਕ ਅਪਣਾ ਲੈਂਦੀ ਹੈ ਚਾਹੇ ਮੌਕਾ ਕਿਹੋ ਜਿਹਾ ਵੀ ਹੋਵੇ। ਨਾਵਲ ਵਿੱਚੋਂ ਪ੍ਰਾਪਤ ਟੂਕ ਇਸ ਬਾਰੇ ਜਾਣਕਾਰੀ ਦਿੰਦੀ ਹੈ:

"ਅਚਨਚੇਤ ਮੋਬਾਇਲ ਦੀ ਸਕਰੀਨ 'ਤੇ ਮਾਲਤੀ ਦਾ ਨਾਂ ਉੱਭਰਿਆ ਦੇਖ ਕੇ ਪਹਿਲਾ ਤਾਂ ਉਸ ਦਾ ਜੀਅ ਕੀਤਾ ਸੀ ਨਾ ਚੁੱਕੇ, ਪਰ ਫਿਰ ਉਸ ਨੇ ਸਵੀਕਾਰ ਵਾਲਾ ਬਟਨ ਦਬਾ ਦਿੱਤਾ। ਸ਼ਾਇਦ ਉਸ ਦੀ ਆਵਾਜ਼ ਸੁਣਨ ਦੀ ਕੋਸ਼ਿਸ਼ ਸੀ ਜਾਂ ਕੁੱਝ ਹੋਰ,

"ਹਾਂ ਜੀ"

"ਹਾਂ ਜੀ ਕੀ...? ਰਵੀ ਤੂੰ ਪਾਰਟੀ 'ਤੇ ਨਹੀਂ ਆਇਆ...?...ਪਤਾ ਮੈਂ ਤੈਨੂੰ ਕਿੰਨਾ ਮਿਸ ਕੀਤਾ।" ਉਸ ਦੀ ਆਵਾਜ਼ 'ਚ ਕੋਈ ਪੀੜ, ਕਿਸੇ ਦੁੱਖ ਦਾ ਪਰਛਾਵਾਂ ਨਹੀਂ ਸੀ।

"ਮੈਨੂੰ ਅਚਨਚੇਤ ਫ਼ੀਲਡ 'ਚ ਜਾਣਾ ਪੈ ਗਿਆ ਸੀ ਕਿਤਾਬ ਦੀ ਖੋਜ ਦੇ ਸਿਲਸਿਲੇ 'ਚ...ਉਸ ਨੇ ਝੂਠ ਬੋਲਿਆ, "ਮੁਬਾਰਕਾਂ ਤੈਨੂੰ ਵਿਆਹ ਦੀਆਂ।" ਇਹ ਗੱਲ ਕਹਿੰਦਿਆਂ ਉਹ ਧੁਰ ਅੰਦਰ ਤੱਕ ਚੀਰਿਆ ਗਿਆ ਸੀ। ਪਰ ਉਸ ਨੂੰ ਲੱਗਿਆ ਉਸ ਨੂੰ ਸ਼ੁੱਭ ਇੱਛਾਵਾਂ ਦੇਣੀਆਂ ਚਾਹੀਦੀਆਂ ਹਨ। ਚਾਹੇ ਹਫ਼ਤੇ ਬਾਅਦ 'ਚ ਹੀ ਸਹੀ। ਕੁੱਝ ਉਸ ਝਟਕੇ ਦੀ ਕੰਬਣ ਤੋਂ ਵੀ ਉਹ ਸੰਭਲ ਗਿਆ ਹੋਇਆ ਸੀ। ਜਿੰਨਾ ਉਹ ਮਾਲਤੀ ਦੇ ਉਲਟ ਫੇਰ ਨੂੰ ਵਿਚਾਰਦਾ, ਉੱਨ੍ਹੀਆਂ ਹੀ ਉਲਟ ਫੇਰ ਦੀਆਂ ਨਵੀਆਂ ਉੱਘੜਦੀਆਂ ਆਉਂਦੀਆਂ ਪਰਤਾਂ ਉਸ ਨੂੰ ਰਾਹਤ ਦੇ ਜਾਂਦੀਆਂ ਸਨ। ਚੰਗਾ ਹੀ ਹੋਇਆ ਵਿਆਹ ਤੋਂ ਬਚ ਗਿਆ ਜਾਂ ਉਂਜ ਹੀ ਕੱਠੇ ਰਹਿਣ ਤੋਂ। ਨਹੀਂ ਤਾਂ ਜੇ ਉਹ ਬਾਅਦ 'ਚ ਇਸ ਰਾਹ ਤੁਰ ਪੈਂਦੀ। ਇਹ ਠੀਕ ਹੈ ਕਿ ਉਹ ਸਰੀਰਕ ਸੰਬੰਧਾਂ 'ਚ ਕਿਸੇ ਪਾਕ ਪਵਿੱਤਰਤਾ ਦਾ ਹਾਮੀ ਨਹੀਂ ਸੀ, ਪਰ ਨਾਲ ਹੀ ਇਸ ਗੱਲ ਦਾ ਵੀ ਸਮਰੱਥਕ ਸੀ ਕਿ ਇੱਕੋ ਵੇਲੇ ਇੱਕ ਨਾਲ ਹੀ। ਤੇ ਜਦੋਂ ਤੱਕ ਉਸ ਨਾਲ ਹੋ, ਸਿਰਫ਼ ਉਸੇ ਨਾਲ ਹੀ ਹੋਵੇ! ਜੇ ਸੋਚ ਜਾਂ ਸੁਪਨੇ ਨਹੀਂ ਮਿਲਦੇ ਤਾਂ ਵੱਖ ਹੋ ਜਾਓ।"

"ਥੈਂਕਸ।" ਉਹ ਇੱਕ ਪਲ ਰੁਕੀ, "ਉਂਜ ਵਿਆਹ ਹੈ ਨਈ ਉਹ ਚੀਜ਼, ਜੋ ਬੰਦਾ ਸੋਚਦਾ। ਜਨਾਬ ਪਿਛਲੇ ਢਾਈ ਘੰਟਿਆਂ ਤੋਂ ਲੈਪਟੋਪ 'ਤੇ ਜੁੜੇ ਬੈਠੇ ਹਨ। ਫ਼ਰਮ ਦੀਆਂ ਅਕਾਊਂਟਸ ਸ਼ੀਟਾਂ ਨਾਲ ਮੱਥਾ ਮਾਰਦੇ...ਤੇ ਮੈਂ ਹਾਊਸ ਬੋਟ 'ਚ ਬੈਠੀ ਕਾਹਵਾ ਪੀ ਰਹੀ ਹਾਂ...ਡਲ ਬਹੁਤ ਕਮਾਲ ਹੈ ਯਾਰ।"

"ਕਿੱਥੇ? ਸ੍ਰੀਨਗਰ ਹੈ ਯਾਰ।"

"ਹਾਂ, ਅਸੀਂ ਪਾਰਟੀ ਤੋਂ ਅਗਲੇ ਦਿਨ ਹੀ ਇੱਥੇ ਆ ਗਏ ਸੀ...ਜੰਮੂ ਤੱਕ ਟੈਕਸੀ ਤੇ ਅੱਗੇ ਬਾਈ ਏਅਰ..."

ਇਸ ਨੂੰ 'ਟੈਕਸੀ' ਜਾਂ ਬਾਈ ਏਅਰ ਦੱਸਣ ਦੀ ਕੀ ਲੋੜ ਸੀ। ਪਰ ਸ਼ਾਇਦ ਇਹ ਇਸ ਲਈ, ਕਿ ਉਹ ਦੱਸਣਾ ਚਾਹੁੰਦੀ ਸੀ ਕਿ ਉਸ ਨੇ ਵਿਆਹ ਐਵੇਂ ਕਿਵੇਂ ਨਹੀਂ ਕਰਵਾ ਲਿਆ। ਕਿੰਨਾ ਅਮੀਰ ਹੈ ਉਹ ਘਰ ਦੀਆਂ ਟੈਕਸੀਆਂ, ਹਵਾਈ ਸਫ਼ਰ-ਸ੍ਰੀਨਗਰ ਦੇ ਖ਼ਰਚੇ ਉਸ ਲਈ ਮਾਮੂਲੀ ਗੱਲਾਂ ਹਨ।" (ਪਰਵਾਨਾ, "ਖੇਤਾਂ ਦਾ ਰੁਦਨ" 153)

ਮਾਲਤੀ ਪੈਸੇ ਦੀ ਅੰਨ੍ਹੀ ਦੌੜ 'ਚ ਸ਼ਾਮਲ ਹੋਣ ਲਈ ਅਵਿਨਾਸ਼ ਜੋ ਕਿ ਐਨ. ਆਰ. ਆਈ ਹੈ, ਉਸ ਨਾਲ ਵਿਆਹ ਕਰਵਾ ਲੈਂਦੀ ਹੈ ਤਾਂ ਕਿ ਜ਼ਿੰਦਗੀ ਦੀ ਹਰ ਸੁੱਖ ਸਹੂਲਤ ਨੂੰ ਪ੍ਰਾਪਤ ਕਰ ਸਕੇ। ਇਸ ਕਰ ਕੇ ਉਹ ਰਵਿੰਦਰ ਰਵੀ ਜੋ ਕਿ ਨਿਮਨ ਕਿਸਾਨੀ ਪਰਿਵਾਰ ਨਾਲ ਸੰਬੰਧ ਰੱਖਦਾ ਹੈ, ਨੂੰ ਵਿਆਹ ਲਈ ਇਨਕਾਰ ਕਰ ਦਿੰਦੀ ਹੈ। ਇਸ ਚਮਕ ਦਮਕ ਵਾਲੀ ਜ਼ਿੰਦਗੀ ਨੇ ਔਰਤ ਨੂੰ ਵੀ ਕੁਰਾਹੇ ਪਾਇਆ ਹੈ। ਔਰਤ ਆਪਣੀ ਮਰਜ਼ੀ ਨਾਲ ਨਾਜਾਇਜ਼ ਸੰਬੰਧ ਸਥਾਪਿਤ ਕਰਦੀ ਹੈ। *'ਅੰਬਰ ਵੱਲ ਉਡਾਣ'* ਨਾਵਲ ਵਿੱਚ ਪਾਤਰ ਪਾਲੀ ਪੈਸੇ ਦੀ ਅੰਨ੍ਹੀ ਦੌੜ ਵਿੱਚ ਆਪਣੀ ਮਾਂ ਮੀਤੋ ਦੇ ਟਰੱਕ ਡਰਾਈਵਰ ਭਾਨਾ ਸਿੰਘ ਨਾਲ ਨਾਜਾਇਜ਼ ਸੰਬੰਧਾਂ ਨੂੰ ਅਣਦੇਖਿਆ ਕਰਦੀ ਹੈ। ਉੱਥੇ ਪਾਲ ਵੀ ਵਿਦੇਸ਼ ਜਾਣ ਲਈ ਸਮਝੌਤਾਵਾਦੀ ਰਾਹ

ਅਪਣਾਉਂਦਾ ਹੈ। ਮੀਤੋ ਭਾਨ ਸਿੰਘ ਦੇ ਚੱਕਰ ਵਿੱਚ ਫਸ ਕੇ ਜਗੀਰੀ ਨੂੰ ਐਨਾ ਲਾਚਾਰ ਬਣਾ ਦਿੰਦੀ ਹੈ ਕਿ ਵਧੇਰੇ ਨਸ਼ੇ ਕਰਨ ਕਾਰਨ ਉਸ ਦੀ ਮੌਤ ਹੋ ਜਾਂਦੀ ਹੈ।

> ਡਾ. ਜਸਪਾਲ ਸਿੰਘ ਲਿਖਦੇ ਹਨ ਕਿ, "ਜਿੱਥੇ ਪਹਿਲਾ ਅਮਾਨਵੀ ਆਧਾਰ ਜ਼ਮੀਨ ਜਾਂ ਘਰ ਨੂੰ ਇਕੱਠਾ ਰੱਖਣਾ ਹੁੰਦਾ ਸੀ, ਉੱਥੇ ਬਦਲਦੀਆਂ ਸਥਿਤੀਆਂ ਅਧੀਨ ਇਸ ਤਰ੍ਹਾਂ ਦੇ ਸੰਬੰਧਾਂ ਦਾ ਮੁੱਖ ਆਧਾਰ ਉਪਭੋਗੀ ਸਭਿਆਚਾਰ ਹੈ ਜੋ ਕਿ ਖਾਊ ਪੀਉ ਤੇ ਐਸ਼ ਕਰੋ ਦੀ ਪ੍ਰਵਿਰਤੀ ਰੱਖਦਾ ਹੈ। ਅਜੋਕੀਆਂ ਔਰਤਾਂ ਆਪਣੇ ਸਰੀਰਕ ਸੁੱਖ ਦੀ ਪ੍ਰਾਪਤੀ ਲਈ ਆਪਣਾ ਘਰ ਬਾਰ ਦਾਅ 'ਤੇ ਲਾ ਦਿੰਦੀਆਂ ਹਨ।" ("ਪੰਜਾਬੀ ਨਾਵਲ ਅਤੇ ਸਭਿਆਚਾਰਕ ਰੂਪਾਂਤਰ" 83)

ਮਨੁੱਖ ਨੇ ਹਰ ਵਸਤੂ ਪ੍ਰਾਪਤ ਕਰਨ ਲਈ ਪੈਸੇ ਨੂੰ ਮੁੱਖ ਆਧਾਰ ਬਣਾ ਲਿਆ ਹੈ। ਐਸ਼ ਆਰਾਮ ਕਰਨ ਦੀ ਪ੍ਰਵਿਰਤੀ ਹਾਵੀ ਹੋ ਗਈ ਹੈ। ਔਰਤ ਰਵਾਇਤੀ ਸਭਿਆਚਾਰ ਨੂੰ ਪਿੱਛੇ ਧੱਕ ਕੇ ਕੇਵਲ ਸਰੀਰਕ ਸੁੱਖ ਨੂੰ ਮਹੱਤਵ ਦੇ ਰਹੀ ਹੈ। ਇੱਥੋਂ ਤੱਕ ਕਿ ਵਿਆਹ ਪ੍ਰਬੰਧ ਵੀ ਪਹਿਲਾ ਜਿੰਨੇ ਵਿਸ਼ਵਾਸ ਪੂਰਵਕ ਨਹੀਂ ਰਹੇ। ਇਸ ਨਵੇਂ ਜਲੌਅ ਨੇ ਔਰਤ ਨੂੰ ਅੱਗੇ ਵੱਧਣ ਦੇ ਮੌਕੇ ਤਾਂ ਦਿੱਤੇ ਪਰ ਰਵਾਇਤੀ ਪ੍ਰਕਿਰਿਆ ਨੂੰ ਤੋੜਿਆ ਹੈ। ਔਰਤ ਆਪ ਵਿਆਹ ਪ੍ਰਬੰਧ ਤੋੜਦੀ ਅਤੇ ਖੁੱਲ੍ਹੇ ਰੂਪ ਵਿੱਚ ਜ਼ਿੰਦਗੀ ਜਿਉਂਦੀ ਦਿਖਾਈ ਦਿੰਦੀ ਹੈ। ਪਰਵਾਨਾ ਨੇ ਪਾਲੀ, ਦੀਪੀ, ਕਾਂਤਾ, ਮਾਲਤੀ ਰਾਹੀਂ ਆਧੁਨਿਕ ਔਰਤ ਦੇ ਬਿੰਬ ਨੂੰ ਉਜਾਗਰ ਕੀਤਾ ਹੈ ਜੋ ਵਿਆਹ ਪ੍ਰਬੰਧ ਨੂੰ ਤੋੜਦੀਆਂ ਖੁੱਲ੍ਹੇ ਰੂਪ 'ਚ ਸਮਾਜ ਵਿੱਚ ਵਿਚਰਨ ਲੱਗਦੀਆਂ ਹਨ। ਆਪਣੀ ਮਰਜ਼ੀ ਅਨੁਸਾਰ ਜਿਸ ਮਰਦ ਨਾਲ ਮਰਜ਼ੀ ਸਰੀਰਕ ਸੰਬੰਧ ਸਥਾਪਿਤ ਕਰਦੀਆਂ ਪਰ ਵਿਆਹ ਪ੍ਰਬੰਧ ਵਿੱਚ ਬੱਝਣਾ ਨਹੀਂ ਚਾਹੁੰਦੀਆਂ।

ਹਰੀ ਕ੍ਰਾਂਤੀ ਨੇ ਕੇਵਲ ਕਿਸਾਨੀ ਦੀ ਆਰਥਿਕਤਾ ਅਤੇ ਮਾਨਸਿਕਤਾ ਨੂੰ ਪ੍ਰਭਾਵਿਤ ਨਹੀਂ ਕੀਤਾ ਸਗੋਂ ਪੰਜਾਬੀ ਜੀਵਨ ਦੇ ਅਹਿਮ ਹਿੱਸੇ ਰਿਸ਼ਤਾ ਪ੍ਰਬੰਧ 'ਚ ਵੀ ਤਬਦੀਲੀਆਂ ਲਿਆਂਦੀਆਂ। ਸਾਮੰਤੀ ਕੀਮਤਾਂ ਦੇ ਟੁੱਟਣ ਨਾਲ ਪੂੰਜੀਵਾਦੀ ਪ੍ਰਤਿਮਾਨਾਂ ਦੀ ਚੜ੍ਹਤ ਹੋ ਗਈ। ਪੇਂਡੂ ਅਤੇ ਸ਼ਹਿਰੀ ਰਿਸ਼ਤਿਆਂ ਵਿੱਚ ਵੱਡਾ ਬਦਲਾਅ ਆ ਚੁੱਕਾ ਹੈ। ਰਿਸ਼ਤਿਆਂ ਦਾ ਸੁਭਾਅ/ਕਿਰਦਾਰ ਸਵੈ ਕੇਂਦਰਿਤ, ਕਰੂਰ, ਲਾਲਚੀ ਹੋਣ ਕਾਰਨ ਆਪਸੀ ਸਾਂਝ, ਪਿਆਰ, ਸਹਿਯੋਗ ਦੀ ਭਾਵਨਾ ਨੂੰ ਭੰਗ ਕਰ ਦਿੱਤਾ ਹੈ। ਪਰਵਾਨਾ ਨੇ ਵੀ ਆਪਣੇ ਨਾਵਲਾਂ ਵਿੱਚ ਬਿਖਰ ਰਹੇ ਜਾਂ ਪੂੰਜੀ 'ਤੇ ਆਧਾਰਿਤ ਰਿਸ਼ਤਿਆਂ ਨੂੰ ਦ੍ਰਿਸ਼ਟੀਮਾਨ ਕੀਤਾ ਹੈ। ਪਰਵਾਨਾ ਨੇ ਮਾਂ-ਧੀ, ਪਿਉ-ਪੁੱਤਰ, ਪਤੀ-ਪਤਨੀ, ਪਰਿਵਾਰ 'ਚ ਰਿਸ਼ਤਿਆਂ ਦੇ ਬਦਲ ਦੇ ਰੂਪ ਨੂੰ ਪੇਸ਼ ਕੀਤਾ ਹੈ। ਕਿਵੇਂ ਰਵਿੰਦਰ ਰਵੀ ਦਾ ਭਰਾ ਉਸ ਦੇ ਹਿੱਸੇ ਦੀ ਜ਼ਮੀਨ ਆਪਣੇ ਨਾਂ ਕਰਵਾ ਕੇ ਉਸ ਦਾ ਆਰਥਿਕ ਸ਼ੋਸ਼ਣ ਕਰਦਾ ਹੈ। ਸਗੋਂ ਪਿਤਾ ਦੀ ਮੌਤ ਸਮੇਂ ਵੀ ਉਸ ਨਾਲ ਓਪਰਾ ਵਿਵਹਾਰ ਕਰਨਾ ਜਿਸ ਕਾਰਨ ਰਵੀ ਨੂੰ ਮਾਨਸਿਕ ਪ੍ਰੇਸ਼ਾਨੀ ਹੁੰਦੀ ਹੈ। ਜਿਵੇਂ:

"ਜੇ ਕੁੱਝ ਲੇਟ ਹੋ ਜਾਂਦਾ, ਉਸ ਨੂੰ ਸ਼ਾਇਦ ਉਡੀਕਦੇ ਵੀ ਨਾ।

ਕੀ ਉਹ ਮੇਰਾ ਬਾਪ ਨਹੀਂ ਸੀ? ਵੱਡੇ ਭਰਾ ਦਾ ਰਵੱਈਆ ਉਸ ਨੂੰ ਚੁੱਭਿਆ।" (ਪਰਵਾਨਾ, "ਖੇਤਾਂ ਦਾ ਰੁਦਨ" 84)

ਪੰਜਾਬੀ ਰਿਸ਼ਤਾ ਪ੍ਰਣਾਲੀ ਮੈਂ ਵਾਦੀ ਹਉਮੈਂ ਦਾ ਸ਼ਿਕਾਰ ਹੋ ਗਈ ਹੈ। ਇਸ ਕਰ ਕੇ ਪਿਤਾ ਅਤੇ ਪੁੱਤਰ ਦੇ ਰਿਸ਼ਤੇ 'ਚ ਮਿਠਾਸ ਨਹੀਂ ਰਹੀ। ਰਵਿੰਦਰ ਰਵੀ ਦਾ ਵੱਡਾ ਭਰਾ ਨਰਿੰਦਰ ਆਪਣੇ ਭਰਾ ਦੇ ਹਿੱਸੇ ਦੀ ਸਾਰੀ ਜ਼ਮੀਨ ਜਾਇਦਾਦ ਆਪਣੇ ਨਾਮ ਵਸੀਅਤ ਕਰਵਾ ਲੈਂਦਾ ਹੈ। ਭਰਾ ਭਰਾ ਦਾ ਰਿਸ਼ਤਾ ਵੀ ਆਰਥਿਕਤਾ ਦੀ ਆੜ੍ਹ ਵਿੱਚ ਬਲੀ ਚੜ੍ਹ ਰਿਹਾ ਹੈ, ਜਿਸ ਵਿਚੋਂ ਬੇਗਾਨਗੀ ਦੀ ਸੁਰ ਉਪਜਦੀ ਹੈ। ਪਰਵਾਨਾ ਨੇ ਕੇਵਲ ਪਰਿਵਾਰਕ ਰਿਸ਼ਤੇ 'ਚ ਪਿਉ ਪੁੱਤਰ ਦੇ ਰਿਸ਼ਤੇ ਨੂੰ ਹੀ ਰੂਪਮਾਨ ਨਹੀਂ ਕੀਤਾ ਸਗੋਂ ਪਤੀ ਪਤਨੀ ਦੇ ਰਿਸ਼ਤੇ ਨੂੰ ਵੀ ਉਜਾਗਰ ਕੀਤਾ ਹੈ। ਪਤੀ ਪਤਨੀ ਦੇ ਰਿਸ਼ਤੇ ਵਿੱਚ ਆਪਸੀ ਪਿਆਰ ਦੀ ਥਾਂ ਪੂੰਜੀਵਾਦੀ ਮੁੱਲਾਂ ਨੇ ਲੈ ਲਈ ਹੈ।

> ਡਾ. ਅੰਮ੍ਰਿਤਪਾਲ ਕੌਰ ਆਪਣੇ ਲੇਖ *"ਪੂੰਜੀਵਾਦੀ ਦੌਰ 'ਚ 'ਖੇਤਾਂ ਦਾ ਰੁਦਨ"* ਵਿੱਚ ਲਿਖਦੀ ਹੈ ਕਿ, "ਭਰਾ ਭਰਾ ਦੀ ਸਾਂਝ ਵੀ ਆਰਥਿਕਤਾ ਦੀ ਆੜ ਹੇਠ ਖ਼ਤਮ ਹੋ ਰਹੀ ਹੈ। ਵੱਡੇ ਭਰਾ ਨੂੰ ਛੋਟੇ ਭਰਾ ਦੀ ਕੋਈ ਫ਼ਿਕਰ ਨਹੀਂ। ਉਹ ਤਾਂ ਉਸ ਦਾ ਹਿੱਸਾ ਵੀ ਨੱਪ ਲੈਂਦਾ ਹੈ। ਸਮਾਜ ਸਭਿਆਚਾਰ ਵਿੱਚ ਜਿੱਥੇ ਪਰਿਵਰਤਨ ਪੱਧਰ 'ਤੇ ਬੇਗਾਨਗੀ ਦੀ ਸੁਰ ਉੱਭਰਦੀ ਹੈ ਉੱਥੇ ਪਰਿਵਾਰ ਬਾਹਰੀ ਸੰਬੰਧ ਵੀ ਉਸ ਨਾਲ ਕੋਈ ਵਫ਼ਾ ਨਹੀਂ ਪਾਲਦੇ। ਮਾਲਤੀ ਸ਼ਰਮਾ ਉਸ ਤੋਂ ਦੇਹੀ ਸੁੱਖ ਭੋਗਦੀ ਤਾਂ ਹੈ ਪਰ ਉਸ ਨਾਲ ਇੱਕ ਰਿਸ਼ਤੇ ਵਿੱਚ ਬੱਝਣ ਤੋਂ ਇਨਕਾਰੀ ਹੈ।" (*ਕਹਾਣੀ ਧਾਰਾ,* ਅਕਤੂਬਰ-ਦਸੰਬਰ 2013, 65)

ਪਤੀ ਪਤਨੀ ਦੇ ਰਿਸ਼ਤੇ 'ਚ ਸਰੀਰਕ ਸੁੱਖ ਨੂੰ ਵਧੇਰੇ ਮਹੱਤਵ ਦਿੱਤਾ ਜਾਂਦਾ ਹੈ। ਮਾਲਤੀ ਵੀ ਰਵੀ ਨਾਲ ਕੇਵਲ ਸਰੀਰਕ ਸੁੱਖ ਲਈ ਪਿਆਰ ਕਰਦੀ ਹੈ, ਉਸ ਨਾਲ ਸਾਰੀ ਉਮਰ ਲਈ ਵਿਆਹ ਵਾਲਾ ਰਿਸ਼ਤਾ ਨਹੀਂ ਨਿਭਾਉਣਾ ਚਾਹੁੰਦੀ।

"ਉਸ ਨਾਲ ਵਿਆਹ ਬਾਰੇ ਕਦੀ ਸੋਚਿਆ ਹੀ ਨਹੀਂ ਸੀ।" (ਪਰਵਾਨਾ, "ਖੇਤਾਂ ਦਾ ਰੁਦਨ" 131)

ਮਾਲਤੀ ਸ਼ਰਮਾ ਅਜੋਕੇ ਦੌਰ ਦੀ ਨਿਸ਼ਾਨਦੇਹੀ ਕਰਦੀ ਆਪਣੀਆਂ ਕਦਰਾਂ ਕੀਮਤਾਂ ਦੇ ਗ੍ਰਾਫ਼ ਨੂੰ ਪਿੱਛੇ ਧੱਕ ਕੇ ਮੰਡੀ ਦੇ ਮੁਨਾਫ਼ੇ ਲਈ ਸਭ ਕੁੱਝ ਕਰਦੀ ਹੈ। ਸਰੀਰਕ ਸੁੱਖ ਦੇ ਗ੍ਰਾਫ਼ ਨੂੰ ਉੱਪਰ ਲੈ ਕੇ ਜਾਂਦੀ ਹੈ, ਜਿਸ ਕਾਰਨ ਰਵਿੰਦਰ ਰਵੀ ਵਧੇਰੇ ਮਾਨਸਿਕ ਸ਼ੋਸ਼ਣ ਦਾ ਸ਼ਿਕਾਰ ਹੁੰਦਾ ਹੈ। ਬਦਲ ਰਹੇ ਔਰਤ ਮਰਦ ਦੇ ਰਿਸ਼ਤੇ ਦੀ ਇੱਕ ਹੋਰ ਉਦਾਹਰਨ ਨਾਵਲ *'ਕਥਾ ਇਸ ਯੁੱਗ ਦੀ'* ਵਿੱਚੋਂ ਦੇਖ ਸਕਦੇ ਹਾਂ। ਜਿਵੇਂ:

> "ਪਹਿਲੀ ਗੱਲ, ਸਾਡਾ ਵਿਆਹ ਕਿਸੇ ਵੀ ਪਰੰਪਰਿਕ ਅਰਥ 'ਚ ਵਿਆਹ ਨਹੀਂ ਸੀ...ਉਹ ਤਾਂ ਸੈਕਸ ਦੀ ਭੁੱਖ ਨਾਲ ਹਾਬੜੇ ਹੋਏ ਦੋ ਜਿਸਮਾਂ ਦਾ ਸੀ...ਮੈਨੂੰ ਉਸ ਵੇਲੇ ਹਰ ਔਰਤ, ਹੋਰ ਕੁੱਝ ਵੀ ਦਿਸਣ ਦੀ ਬਜਾਏ ਬਸ ਸੈਕਸ-

> ਸਿੰਬਲ ਦਿੱਸਦੀ ਸੀ...ਮੇਰਾ ਵਿਆਹ ਨਹੀਂ ਸੀ ਹੋ ਸਕਿਆ। ਉਸ ਦਾ ਵਿਆਹ ਟੁੱਟ ਚੁੱਕਾ ਸੀ...ਬੇਟੀ ਦੇ ਵੱਡੇ ਹੋਣ ਕਾਰਨ ਮਰਿਆਦਾਵਾਂ 'ਚ ਘਿਰਦੀ ਉਹ ਅੰਦਰੇ ਅੰਦਰ ਉੱਬਲ ਰਹੀ ਸੀ। ਸੋ ਦੋਵੇਂ ਮਿਲੇ ਤਾਂ ਸਾਡੇ ਅੰਦਰਲੇ ਉਬਾਲ ਨੂੰ ਜਿਵੇਂ ਹੋਰ ਕੁੱਝ ਵੀ ਦਿਸਣਾ ਬੰਦ ਹੋ ਗਿਆ ਸੀ...ਤੇ ਜਦੋਂ ਕੋਈ ਵੀ ਸਾਂਝ ਨਹੀਂ ਸੀ, ਨਾ ਪਿਛੋਕੜ ਦੀ, ਨਾ ਸੋਚ, ਨਾ ਜੀਵਨ ਜਾਂਚ ਦੀ। ਚੰਗਾ ਹੋਇਆ, ਸਾਡੇ ਕੋਈ ਬੱਚਾ ਨਹੀਂ ਸੀ। ਅਸੀਂ ਆਰਾਮ ਨਾਲ ਵੱਖ ਹੋ ਗਏ।" (ਪਰਵਾਨਾ, "ਕਥਾ ਇਸ ਯੁੱਗ ਦੀ" 57)

ਇਸ ਦੌਰ 'ਚ ਕਾਂਤਾ ਜੋ ਜਗਵਿੰਦਰ ਨਾਲ ਕੇਵਲ ਸਰੀਰਕ ਸੁੱਖ ਦੀ ਪੂਰਤੀ ਲਈ ਵਿਆਹ ਕਰਵਾਉਂਦੀ ਹੈ। ਉਸ ਲਈ ਘਰ, ਮਰਿਆਦਾ, ਰਵਾਇਤ ਕੋਈ ਖ਼ਾਸ ਅਹਿਮੀਅਤ ਨਹੀਂ ਰੱਖਦੀ, ਜਿਸ ਕਾਰਨ ਜਗਵਿੰਦਰ ਵੀ ਰਵੀ ਵਾਂਗ ਮਾਨਸਿਕ ਸੰਤਾਪ ਭੋਗਦਾ ਹੈ।

ਹਰ ਨਾਵਲਕਾਰ ਨੇ ਆਪਣੇ ਨਾਵਲ 'ਚ ਸਮਕਾਲ ਨੂੰ ਪੇਸ਼ ਕਰਨਾ ਹੁੰਦਾ ਹੈ। ਪੰਜਾਬੀ ਸਮਾਜ ਜੋ ਖਪਤ ਸਭਿਆਚਾਰ ਵਿੱਚ ਗ੍ਰਸਤ ਹੈ ਤਾਂ ਨਾਵਲ ਇਸ ਦੀ ਪੇਸ਼ਕਾਰੀ ਕਰਨ ਤੋਂ ਕਿਵੇਂ ਬਚ ਸਕਦਾ ਹੈ।

> ਬਲਬੀਰ ਪਰਵਾਨਾ ਦਾ ਵਿਚਾਰ ਹੈ ਕਿ "ਹੁਣ ਫਿਊਡਲ ਤੋਂ ਅਗਾਂਹ ਕਾਰਪੋਰੇਟੀ ਜੀਵਨ ਜਾਂਚ ਆਪਣੇ ਪੰਜੇ ਪਿੰਡ 'ਤੇ ਫੈਲਾਅ ਰਹੀ ਹੈ। ਮੈਂ ਨਾਵਲ ਕਥਾ ਇਸ ਯੁੱਗ ਦੀ, ਖੇਤਾਂ ਦਾ ਰੁਦਨ ਅਤੇ ਅੰਬਰ ਵੱਲ ਉਡਾਣ 'ਚ ਇਸ ਨਵੀਂ ਆ ਰਹੀ ਜੀਵਨ ਜਾਂਚ ਦੇ ਸੰਕੇਤ ਫੜਨ ਦਾ ਯਤਨ ਕੀਤਾ ਗਿਆ ਹੈ।" ("ਮੈਨੂੰ ਇਤਿਹਾਸਕ ਨਾਵਲ ਨੇ ਬਹੁਤਾ ਪ੍ਰਭਾਵਿਤ ਨਹੀਂ ਕੀਤਾ" *ਕਹਾਣੀ ਧਾਰਾ,* ਅਪ੍ਰੈਲ-ਜੂਨ 2013, 68)

ਪਰਵਾਨਾ ਨੇ ਇਨ੍ਹਾਂ ਨਾਵਲਾਂ ਰਾਹੀਂ ਖਪਤ ਸਭਿਆਚਾਰ ਵਿੱਚ ਔਰਤ ਦੇ ਹੋ ਰਹੇ ਸ਼ੋਸ਼ਣ ਨੂੰ ਪੇਸ਼ ਕੀਤਾ ਹੈ। *'ਕਥਾ ਇਸ ਯੁੱਗ ਦੀ'* ਨਾਵਲ ਦੀ ਅਚਲਾ ਪਾਂਡੇ ਨੂੰ ਇਸ ਤਰ੍ਹਾਂ ਦੀ ਪਾਤਰ ਵਜੋਂ ਪੇਸ਼ ਕੀਤਾ ਗਿਆ ਹੈ ਜੋ ਆਪਣੀਆਂ ਸ਼ਰਤਾਂ 'ਤੇ ਜੀਵਨ ਜਿਉਂਦੀ ਹੈ। ਆਪਣੀ ਮਰਜ਼ੀ ਅਨੁਸਾਰ ਮਰਦ ਨਾਲ ਸੰਬੰਧ ਸਥਾਪਿਤ ਕਰਦੀ ਹੈ। ਇਹ ਆਹਟ ਦੀ ਕਨਸੋ ਹੈ, ਜੋ ਨਵੇਂ ਕਦਮ ਪੁੱਟ ਰਹੀ ਹੈ। ਇਸੇ ਤਰ੍ਹਾਂ *'ਅੰਬਰ ਵੱਲ ਉਡਾਣ'* ਨਾਵਲ ਦੀ ਪਾਤਰ ਪਾਲੀ ਵੀ ਮੁਕਤ ਸੰਸਾਰ ਵੱਲ ਵੱਧਦੀ ਹੈ। ਇਹ ਸਾਰਾ ਤਾਣਾ ਬਾਣਾ ਆਰਥਿਕਤਾ/ਜਾਇਦਾਦ 'ਤੇ ਆਧਾਰਿਤ ਹੈ। ਔਰਤ ਦੇ ਹੁੰਦੇ ਸ਼ੋਸ਼ਣ ਨੂੰ ਨਹੀਂ ਰੋਕਿਆ ਜਾ ਸਕਦਾ। ਇਸੇ ਕਾਰਨ ਪੰਜਾਬੀ ਸਭਿਆਚਾਰ ਫਿਊਡਲ ਸਭਿਆਚਾਰ ਵਿੱਚ ਗ੍ਰਸਤ ਹੋ ਰਿਹਾ ਹੈ ਜੋ ਮਨੁੱਖ ਨੂੰ ਵਧੇਰੇ ਮਾਨਸਿਕ ਅਤੇ ਆਰਥਿਕ ਸੰਤਾਪ ਦੇ ਰਿਹਾ ਹੈ।

ਇਸ ਦੌਰ ਦਾ ਮਨੁੱਖ ਆਰਥਿਕ ਅਤੇ ਸਮਾਜਿਕ ਸਮੱਸਿਆਵਾਂ ਦੇ ਚੱਲਦਿਆਂ ਵਧੇਰੇ ਮਾਨਸਿਕ ਤੌਰ ਤੇ ਪ੍ਰੇਸ਼ਾਨ ਰਹਿਣ ਲੱਗਾ ਹੈ। ਅਜਿਹੀ ਸਥਿਤੀ ਜਗੀਰੀ ਦੀ ਵੀ ਹੈ ਜੋ ਮਾੜੀ ਆਰਥਿਕ ਸਥਿਤੀ ਕਾਰਨ ਮਾਨਸਿਕ ਪ੍ਰੇਸ਼ਾਨੀ ਦੇ

ਚੱਲਦਿਆਂ ਸ਼ਰਾਬ ਵਰਗੇ ਨਸ਼ੇ ਦੀ ਵਰਤੋਂ ਕਰਦਾ ਹੈ। ਇਸੇ ਦੀ ਇੱਕ ਉਦਾਹਰਨ ਨਾਵਲ *'ਅੰਬਰ ਵੱਲ ਉਡਾਣ'* ਦੀਆਂ ਹੇਠ ਲਿਖੀਆਂ ਸਤਰਾਂ 'ਚੋਂ ਦੇਖ ਸਕਦੇ ਹਾਂ। ਜਿਵੇਂ:

> "ਜਿਉਂ ਜਿਉਂ ਮੀਤੋ ਦਾ ਭਾਨ ਸਿੰਘ ਨਾਲ ਨੇੜ ਵੱਧਦਾ ਗਿਆ ਓਨਾ ਹੀ ਜਗੀਰੀ ਉਸ ਨਾਲੋਂ ਟੁੱਟਦਾ ਗਿਆ, ਘਰ ਨਾਲੋਂ ਵੀ। ਉਹ ਤਾਂ ਜਿਵੇਂ ਆਪਣੇ ਆਪ ਨਾਲੋਂ ਵੀ ਟੁੱਟਦਾ ਜਾ ਰਿਹਾ ਸੀ। ਨਾ ਬਹੁਤਾ ਬੋਲ, ਨਾ ਬੁਲਾਰਾ...ਬੱਸ ਇੱਕ ਚੁੱਪ। ਘਰ ਤੋਂ ਕਰੈਸ਼ਰ 'ਤੇ, ਉੱਥੋਂ ਘਰ...ਜਾਂ ਫਿਰ ਸ਼ਰਾਬ ...ਸ਼ਰਾਬ ਵੀ ਬਹੁਤੀ ਵਾਰ ਅਕਸਰ ਉਹ ਹਰੀ ਚੰਦ ਦੇ ਅਹਾਤੇ 'ਚ ਹੀ ਪੀਂਦਾ। ਉੱਥੇ ਉਹ ਕਦੇ ਕਦੇ ਖਿੜਦਾ ਵੀ, ਪੂਰੀ ਲੋਰ 'ਚ ਆ ਕੇ ਆਪਣੇ ਬਚਪਨ ਦੀਆਂ, ਆਪਣੀ ਜਵਾਨੀ ਦੀਆਂ, ਸ਼ਰਾਬ ਦੇ ਠੇਕਿਆ 'ਤੇ ਕੰਮ ਕਰਨ ਦੇ ਸਮੇਂ ਦੀਆਂ ਗੱਲਾਂ ਨੂੰ ਮਸਾਲੇ ਲਾ ਲਾ ਕੇ ਕਰਦਾ।" (ਪਰਵਾਨਾ, "ਅੰਬਰ ਵੱਲ ਉਡਾਣ" 38)

ਜਗੀਰੀ ਆਪਣੀ ਪਤਨੀ ਮੀਤੋ ਦੇ ਭਾਨ ਸਿੰਘ ਨਾਲ ਸਰੀਰਕ ਸੰਬੰਧ ਹੋਣ ਕਾਰਨ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਰਹਿੰਦਿਆਂ ਸ਼ਰਾਬ ਵਰਗੇ ਨਸ਼ੇ ਦੀ ਵਧੇਰੇ ਮਾਤਰਾ ਵਿੱਚ ਵਰਤੋਂ ਕਰਦਾ ਹੈ। ਨਾਵਲ ਦੇ ਬਿਰਤਾਂਤ 'ਚ ਦੇਖਦੇ ਹਾਂ ਕਿ ਜਗੀਰੀ ਦੀ ਮੌਤ ਵਧੇਰੇ ਮਾਤਰਾ ਵਿੱਚ ਸ਼ਰਾਬ ਦਾ ਸੇਵਨ ਕਰਨ ਕਰ ਕੇ ਹੁੰਦੀ ਹੈ। ਇਸ ਮਾਨਸਿਕ ਦਵੰਦ ਦੇ ਸਿੱਟੇ ਵਜੋਂ ਮੀਤੋ ਭਾਨ ਸਿੰਘ ਵੱਲ ਝੁਕਦੀ ਹੈ। ਕਿਉਂਕਿ ਉਸ ਨਾਲ ਬਿਤਾਏ ਪਲ ਉਸ ਨੂੰ ਸਰੀਰਕ ਅਤੇ ਮਾਨਸਿਕ ਤ੍ਰਿਪਤੀ ਦਿੰਦੇ ਹਨ। ਫਰਾਇਡ ਦਾ ਮੰਨਣਾ ਹੈ ਕਿ ਕਾਮ ਅਤ੍ਰਿਪਤੀ ਤੋਂ ਪੈਦਾ ਹੋਈਆਂ ਮਨ ਦੀਆਂ ਗੁੰਝਲਾਂ ਕਾਰਨ ਹੀ ਪਰਿਵਾਰਕ ਤਣਾਅ; ਪ੍ਰੇਸ਼ਾਨੀ ਉੱਭਰਦੀ ਹੈ। ਇਹ ਪ੍ਰਵਿਰਤੀ ਮਨੁੱਖੀ ਜ਼ਿੰਦਗੀ ਵਿਚਲੀਆਂ ਸਾਰੀਆਂ ਪ੍ਰਤੀਕਿਰਿਆਵਾਂ ਲਈ ਉੱਤਰਦਾਈ ਹੁੰਦੀ ਹੈ। ਇਹ ਮਨੋ ਗੁੰਝਲਾਂ ਤੋਂ ਉਤਪੰਨ ਹੋਏ ਵਿਕਾਰ ਮਾਨਸਿਕ ਦਵੰਦ ਨੂੰ ਜਨਮ ਦਿੰਦੇ ਹਨ ਅਤੇ ਇਹੀ ਦਵੰਦ ਜੀਵਨ ਦੀਆਂ ਬਾਕੀ ਪਰਿਸਥਿਤੀਆਂ 'ਚ ਸੰਕਟ ਪੈਦਾ ਕਰਦੀਆਂ ਹਨ। ਮਨੋਵਿਗਿਆਨ ਦਾ ਮੰਨਣਾ ਹੈ ਕਿ ਮਨੁੱਖ ਅੰਦਰ ਪੈਦਾ ਹੋਏ ਭਾਵ ਕਦੇ ਮਰਦੇ ਨਹੀਂ ਉਹ ਅਚੇਤ ਮਨ ਅੰਦਰ ਚਲੇ ਜਾਂਦੇ ਹਨ ਅਤੇ ਕਦੇ ਨਾ ਕਦੇ ਯਤਨ ਕਰਨ ਨਾਲ ਅੰਦਰ ਆਉਣ ਦੀ ਕੋਸ਼ਿਸ਼ ਕਰਦੇ ਹਨ। ਇਸ ਆਧਾਰ 'ਤੇ ਕਹਿ ਸਕਦੇ ਹਾਂ ਕਿ ਮੀਤੋ ਵੀ ਅਤ੍ਰਿਪਤ ਭਾਵਾਂ ਦੀ ਪੂਰਤੀ ਲਈ ਸਾਰੇ ਸਮਾਜਿਕ ਬੰਧਨਾਂ ਨੂੰ ਤੋੜਦੀ ਹੈ।

ਸਾਡੇ ਬੁੱਧੀਜੀਵੀ ਨਾਵਲਕਾਰ ਪੂੰਜੀਵਾਦ ਦੀਆਂ ਬਾਰੀਕੀਆਂ ਅਤੇ ਪੇਚੀਦਗੀਆਂ ਨੂੰ ਸਮਝਣ ਤੋਂ ਅਸਮਰੱਥ ਹਨ ਕਿਉਂਕਿ ਇਹ ਜਲੌਲ ਇੰਨਾ ਚਮਕ ਦਮਕ ਭਰਪੂਰ ਹੈ ਕਿ ਕੋਈ ਵੀ ਇਸ ਦੇ ਮਾਰੂ ਪ੍ਰਭਾਵਾਂ ਤੋਂ ਬਚ ਨਹੀਂ ਸਕਦਾ। ਇਹ ਮਨੁੱਖ ਨੂੰ ਆਧੁਨਿਕਤਾ ਦੇ ਨਾਮ ਹੇਠ ਸਾਡੀਆਂ ਪ੍ਰੰਪਰਾਵਾਂ, ਕਦਰਾਂ ਕੀਮਤਾਂ ਨੂੰ ਹੀਣਤਾ ਵੱਲ ਧੱਕ ਰਹੀਆਂ ਹਨ।

> ਇਸ ਬਾਰੇ ਪਰਵਾਨਾ ਖ਼ੁਦ ਆਪਣੇ ਸ਼ਬਦਾਂ ਵਿੱਚ ਲਿਖਦੇ ਹਨ ਕਿ, "ਇਸ ਨਾਵਲ ਵਿੱਚ ਮੇਰੀ ਸਾਰੀ ਹਮਦਰਦੀ ਜਗੀਰੀ ਨਾਲ ਹੈ ਪਰ ਮੈਂ ਉਸ ਨੂੰ ਮਰਨ ਤੋਂ ਨਹੀਂ ਬਚਾ ਸਕਦਾ। ਮੇਰੀ ਸਾਰੀ ਨਫ਼ਰਤ ਬਲਜੀਤ ਸੰਘਾ ਜਾਂ ਸਚਿਨ ਠਾਕੁਰ ਵਰਗਿਆਂ ਨਾਲ ਹੈ, ਪਰ ਇਸ ਦੇ ਬਾਵਜੂਦ ਉਹ ਵੱਧ ਫੁੱਲ੍ਹ ਰਹੇ ਹਨ, ਕਿਉਂਕਿ ਉਹ ਪੂੰਜੀ ਦੇ ਅੰਬਰਾਂ 'ਤੇ ਖੜ੍ਹੇ ਹਨ। ਉਨ੍ਹਾਂ ਦੇ ਹੱਥਾਂ 'ਚ ਕਠਪੁਤਲੀ ਬਣੀ ਪਾਲੀ ਸਵੈ-ਸਿਰਜਤ ਭਰਮਾਂ ਦਾ ਸ਼ਿਕਾਰ, ਅੰਨ੍ਹੀ ਗੁਫ਼ਾ ਦੇ ਸਫ਼ਰ ਤੇ ਖ਼ੁਦ ਦੀਆਂ ਅੱਖਾਂ ਮੀਟੀ ਦੌੜੀ ਜਾ ਰਹੀ ਹੈ। ਲੇਖਕ ਦਾ ਕੰਮ ਹੈ ਚੇਤਨਾ ਬੀਜ ਬੀਜਣੇ। ਉਨ੍ਹਾਂ ਬੀਜਾਂ 'ਚੋਂ ਕਦੋਂ ਅੰਕੁਰ ਫੁੱਟਦੇ ਹਨ ਤੇ ਫਿਰ ਵੱਧ ਕੇ ਹਰਾ ਭਰਾ ਜੰਗਲ ਬਣਦੇ...ਇਹ ਸਮਾਂ ਸਥਿਤੀਆਂ 'ਤੇ ਨਿਰਭਰ ਕਰਦਾ ਹੈ।" ("ਮੇਰੇ ਨਾਵਲਾਂ ਦੇ ਸਿਰਜਨਾਤਮਕ ਆਧਾਰ 'ਤੇ ਵਿਚਾਰਧਾਰਕ ਪਿੱਠ ਭੂਮੀ", *ਪ੍ਰਤਿਮਾਨ,* ਅਕਤੂਬਰ-ਦਸੰਬਰ 2013, 17-18)

ਬਲਬੀਰ ਪਰਵਾਨਾ ਨਾਵਲੀ ਬਿਰਤਾਂਤ 'ਚ ਹਰੀ ਕ੍ਰਾਂਤੀ ਦੇ ਮਾਰੂ ਹੜ੍ਹ ਕਾਰਨ ਨਿਮਨ ਕਿਸਾਨੀ ਜੀਵਨ ਦੇ ਹੋਏ ਸਮਾਜਿਕ, ਆਰਥਿਕ, ਰਾਜਸੀ, ਸਭਿਆਚਾਰਕ, ਮਾਨਸਿਕ ਸ਼ੋਸ਼ਣ ਦੀਆਂ ਸੂਖਮ ਤੋਂ ਸੂਖਮ ਪਰਤਾਂ ਨੂੰ ਰੇਖਾਂਕਿਤ ਕਰਨ 'ਚ ਸਫਲ ਹੋਇਆ ਹੈ। ਨਿਮਨ ਕਿਸਾਨੀ ਦਾ ਨਿਘਾਰ ਵੱਲ ਜਾਣਾ, ਇਸ ਪਰਿਸਥਿਤੀ ਕਾਰਨ ਆਰਥਿਕ ਅਤੇ ਮਾਨਸਿਕ ਪ੍ਰੇਸ਼ਾਨੀ ਦਾ ਸ਼ਿਕਾਰ ਹੋਣਾ, ਸਿਰ ਚੜ੍ਹਦੇ ਕਰਜ਼ੇ, ਜ਼ਮੀਨ ਦਾ ਵਿਕਣਾ, ਆਰਥਿਕ ਸਥਿਤੀ ਚੰਗੀ ਨਾ ਹੋਣ ਕਾਰਨ ਔਰਤ ਮਰਦ ਦੇ ਰਿਸ਼ਤੇ ਵਿੱਚ ਤ੍ਰੇੜਾਂ ਨੂੰ ਰੂਪਮਾਨ ਕੀਤਾ ਹੈ। ਹਰੀ ਕ੍ਰਾਂਤੀ ਕਾਰਨ ਹੋਏ ਮਸ਼ੀਨੀਕਰਨ 'ਚ ਉਲਝੀ ਕਿਸਾਨੀ ਕੇਵਲ ਤਬਾਹ ਹੀ ਨਹੀਂ ਹੋ ਰਹੀ ਸਗੋਂ ਹੋਰ ਡੂੰਘੀ ਸੱਟ ਖਾਣ ਲਈ ਆਪਣੇ ਆਪ ਨੂੰ ਤਿਆਰ ਕਰ ਰਹੀ ਹੈ। ਸਮਕਾਲੀ ਵਰਤਾਰੇ ਨੇ ਬਹੁਤ ਤਬਦੀਲੀਆਂ ਲਿਆਂਦੀਆਂ। ਸਮਕਾਲੀ ਮਨੁੱਖ ਨੂੰ ਖ਼ੂਨਦਾਨ ਦੀ ਥਾਂ ਪੂੰਜੀ ਨੇ ਵੱਡਾ ਬਣਾ ਦਿੱਤਾ ਹੈ।

> ਟੀ. ਆਰ. ਵਿਨੋਦ ਇਸ ਬਾਰੇ ਲਿਖਦੇ ਹਨ ਕਿ, "ਇਹ ਪ੍ਰਚਾਰ ਸਾਧਨ ਮਨੁੱਖ ਦੀ ਸ਼ਖ਼ਸੀਅਤ ਵਿੱਚ ਪੈਸੇ ਦੀ ਹਵਸ ਦਾ ਸੰਸਕਾਰ ਇੰਨੀ ਡੂੰਘੀ ਤਰ੍ਹਾਂ ਵਸਾ ਦਿੰਦੇ ਹਨ ਕਿ ਇਸ ਵਿਵਸਥਾ ਵਿੱਚ ਵਿਚਰਦਾ ਹਰੇਕ ਮਨੁੱਖ ਪੈਸੇ ਲਈ ਪਿਓ ਨੂੰ ਗਧਾ ਤੇ ਗਧੇ ਨੂੰ ਪਿਓ ਆਖ ਸਕਦਾ ਹੈ। ਪੈਸੇ ਦੀ ਚਮਕ ਦਮਕ ਉਨ੍ਹਾਂ ਦੀਆਂ ਅੱਖਾਂ ਨੂੰ ਅੰਨ੍ਹਾ ਕਰੀ ਰੱਖਦੀ ਹੈ। ਜਿਸ ਕਰ ਕੇ ਬਹੁ ਗਿਣਤੀ ਮਿਹਨਤਕਸ਼ ਲੋਕ ਉੱਠ ਦੇ ਮੁੜ ਡਿੱਗਣ ਦੀ ਆਸ ਵਿੱਚ ਆਪਣੀ ਦੁਸ਼ਮਣ ਪੂੰਜੀਵਾਦੀ ਵਿਵਸਥਾ ਦਾ ਪਾਣੀ ਭਰਦੇ ਰਹਿੰਦੇ ਹਨ, ਜਦੋਂ ਉਨ੍ਹਾਂ ਦੀ ਲਾਲਸਾ ਪੂਰੀ ਨਹੀਂ ਹੁੰਦੀ ਤਾਂ ਉਹ ਭਾਗਾਂ ਨੂੰ ਦੋਸ਼ ਦੇ ਕੇ ਚੁੱਪ ਕਰ ਜਾਂਦੇ ਹਨ ਤੇ ਜਾਂ ਫੇਰ ਦਰੁਸਤ ਚੇਤਨਾ ਦੀ ਅਣਹੋਂਦ ਵਿੱਚ ਨਿਪੁੰਨ ਪ੍ਰੋਲਤਾਰੀ (ਲੁੱਚੇ ਲਫ਼ੰਗੇ) ਬਣ ਜਾਂਦੇ ਹਨ, ਜਿਸ ਕਰ ਕੇ ਉਹ ਵਿਵਸਥਾ ਦੇ ਪਹਿਲਾ ਨਾਲੋਂ ਵੀ ਵਡੇਰੇ ਗ਼ੁਲਾਮ ਬਣ ਜਾਂਦੇ ਹਨ ਅਤੇ ਆਪਣੀਆਂ ਸਫ਼ਾਂ ਦੇ ਵੈਰੀ ਹੋ ਨਿੱਬੜਦੇ ਹਨ।" (ਧਾਲੀਵਾਲ, "ਪ੍ਰਵਾਸੀ ਪੰਜਾਬੀ ਸਾਹਿਤ: ਮੁੱਲ ਤੇ ਮੁਲਾਂਕਣ" 48)

ਇਸ ਅੰਨ੍ਹੇ ਜਲੌਅ ਦੇ ਮਾਰੂ ਪ੍ਰਭਾਵਾਂ ਨੇ ਪੰਜਾਬ ਦੀ ਨਿਮਨ ਕਿਸਾਨੀ ਖ਼ਾਸ ਤੌਰ 'ਤੇ ਆਰਥਿਕ, ਰਾਜਨੀਤਿਕ, ਸਮਾਜਿਕ, ਸਭਿਆਚਾਰਕ ਅਤੇ ਮਾਨਸਿਕਤਾ ਨੂੰ ਵਧੇਰੇ ਪ੍ਰਭਾਵਿਤ ਕੀਤਾ ਹੈ। ਆਰਥਿਕਤਾ ਦੇ ਨਾਮ ਹੇਠ ਪੰਜਾਬ ਸਿੱਧੇ ਅਤੇ ਅਸਿੱਧੇ ਤੌਰ 'ਤੇ ਸ਼ੋਸ਼ਣ ਦਾ ਸ਼ਿਕਾਰ ਹੋ ਰਿਹਾ ਹੈ। ਪਰਵਾਨਾ ਨੇ ਆਪਣੇ ਨਾਵਲਾਂ ਰਾਹੀਂ ਨਿਮਨ ਕਿਸਾਨੀ ਜੀਵਨ ਦੀਆਂ ਰਾਜਨੀਤਿਕ, ਆਰਥਿਕ , ਸਮਾਜਿਕ, ਮਾਨਸਿਕ ਅਤੇ ਸਭਿਆਚਾਰਕ ਸ਼ੋਸ਼ਣ ਦੇ ਪ੍ਰਭਾਵਾਂ ਦੀ ਸਫਲ ਪੇਸ਼ਕਾਰੀ ਕੀਤੀ ਹੈ।

, , , , ,

## ਅਧਿਆਇ ਛੇਵਾਂ

# ਬਲਬੀਰ ਪਰਵਾਨਾ ਦੇ ਨਾਵਲਾਂ ਵਿਚ ਪ੍ਰਸਤੁਤ ਕਿਸਾਨੀ ਜੀਵਨ ਉੱਪਰ ਪੈਂਦੇ ਪੂੰਜੀਵਾਦ ਅਤੇ ਕਾਰਪੋਰੇਟ ਮਾਡਲ ਦੇ ਪ੍ਰਭਾਵਾਂ ਦਾ ਮੁਲਾਂਕਣ:

## 6.1 ਨਿਮਨ ਕਿਸਾਨੀ ਜੀਵਨ ਉੱਪਰ ਪੂੰਜੀਵਾਦ ਅਤੇ ਕਾਰਪੋਰੇਟ ਮਾਡਲ ਦਾ ਨੈਤਿਕ ਮੁੱਲਾਂ ’ਤੇ ਪ੍ਰਭਾਵ

ਪੰਜਾਬੀ ਸਭਿਆਚਾਰ ਉੱਪਰ ਪਏ ਵਿਸ਼ਵੀਕਰਨ ਦੇ ਪ੍ਰਭਾਵਾਂ ਬਾਰੇ ਵਿਚਾਰ ਵਟਾਂਦਰਾ ਕਰਨ ਤੋਂ ਪਹਿਲਾ ਪੰਜਾਬ ਨੂੰ ਪਿਛਲੇ ਇੱਕ ਦਹਾਕੇ ਤੋਂ ਭਾਰਤੀ ਪ੍ਰਸੰਗ 'ਚ ਸਮਝਣਾ ਅਤਿ ਜ਼ਰੂਰੀ ਹੈ। ਜਿਵੇਂ ਪਹਿਲਾ ਹੀ ਆਖ ਚੁੱਕੇ ਹਾਂ ਕਿ ਸਾਡੇ ਦੇਸ਼ 'ਚ ਵਿਸ਼ਵੀਕਰਨ ਦਾ ਵਰਤਾਰਾ ਪਿਛਲੇ ਇੱਕ ਡੇਢ ਦਹਾਕੇ ਦੌਰਾਨ ਹੀ ਤੇਜ਼ੀ ਨਾਲ ਆਇਆ ਹੈ, ਭਾਵ ਕਿ ਬੀਤ ਚੁੱਕੀ ਵੀਹਵੀਂ ਸਦੀ ਦੇ ਅੰਤਲੇ ਸਾਲਾਂ ਦੇ ਆਸ ਪਾਸ।

> ਡਾ. ਸੁਖਦੇਵ ਸਿੰਘ ਲਿਖਦੇ ਹਾਂ ਕਿ, "ਅੱਜ ਵਿਸ਼ਵ ਮੰਡੀ ਉੱਪਰ ਪੂੰਜੀਵਾਦੀ ਸਾਮਰਾਜਵਾਦ ਦਾ ਪੂਰਨ ਕੰਟਰੋਲ ਹੈ। ਪੂੰਜੀਵਾਦੀ ਸਾਮਰਾਜਵਾਦ ਨੇ ਆਪਣਾ ਉਤਪਾਦਨ ਵੇਚਣ ਲਈ ਜਿਸ ਸੂਖਮ, ਜਟਿਲ ਤੇ ਜਨ-ਵਿਰੋਧੀ ਤੰਤਰ ਦੀ ਸਿਰਜਣਾ ਕੀਤੀ ਹੈ, ਉਹ ਧਰਮ, ਖ਼ਿੱਤੇ, ਭਾਸ਼ਾ, ਕੌਮ, ਜਾਤਾਂ ਤੇ ਨਸਲਾਂ ਦੇ ਨਾਮ ਉੱਤੇ ਦੁਨੀਆ ਨੂੰ ਵੰਡ ਕਰ ਰਿਹਾ ਹੈ। ਵਿਸ਼ਵੀਕਰਨ ਕੇਵਲ ਪੂੰਜੀਪਤੀਆਂ ਦੀ ਪੂੰਜੀ ਹੋ ਰਿਹਾ ਹੈ, ਕਿਰਤ ਦੀ ਸ਼ਕਤੀ ਦਾ ਗਿਆਨ ਅਤੇ ਸੂਚਨਾ ਸਾਧਨਾਂ ਦਾ ਨਹੀਂ। ਗਿਆਨ (ਤਕਨਾਲੋਜੀ) ਅਤੇ ਸੂਚਨਾ ਸਾਧਨਾਂ ਉੱਪਰ ਵੀ ਪੂੰਜੀ ਦਾ ਹੀ ਕੰਟਰੋਲ ਹੈ। ਮਨੁੱਖ ਮਾਰੂ ਵੰਡੀਆਂ ਹੋਰ ਤੇਜ਼ ਹੋ ਰਹੀਆਂ ਹਨ।" (“ਕਾਵਿ ਸਰੋਕਾਰ” 89)

ਸਮਕਾਲੀ ਵਰਤਾਰੇ ਉੱਪਰ ਪੂੰਜੀਵਾਦੀ ਸਾਮਰਾਜਵਾਦ ਦਾ ਸੰਪੂਰਨ ਰੂਪ ਵਿੱਚ ਕੰਟਰੋਲ ਹੈ। ਇਸ ਵਰਤਾਰੇ ਦੇ ਤਿੱਖੇ ਜਲੋਅ ਨੇ ਮਨੁੱਖਤਾ ਨੂੰ ਜਾਤਾਂ, ਨਸਲਾਂ, ਖ਼ਿੱਤੇ ਦੇ ਨਾਮ 'ਤੇ ਆਪਸ ਵਿੱਚ ਵੰਡ ਦਿੱਤਾ ਹੈ। ਵਿਸ਼ਵੀਕਰਨ ਦੇ ਵਰਤਾਰੇ ਦਾ ਨਿਚੋੜ ਇਹ ਹੈ ਕਿ ਸੰਸਾਰ ਨੂੰ ਬਸਤੀਵਾਦੀ ਗ਼ੁਲਾਮ ਬਣਾਉਣ ਦੀ ਬਜਾਏ ਵਿੱਤੀ ਪੂੰਜੀ ਨੇ ਵਿਸ਼ਵ ਬੈਂਕ ਅੰਤਰ ਰਾਸ਼ਟਰੀ ਮੁਦਰਾ ਕੋਸ਼ ਅਤੇ ਵਿਸ਼ਵ ਵਪਾਰ ਸੰਗਠਨ ਵਰਗੀਆਂ ਸੰਸਥਾਵਾਂ ਰਾਹੀਂ ਆਰਥਿਕ ਪੱਖੋਂ ਗ਼ਰੀਬ ਦੇਸ਼ਾਂ ਨੂੰ ਮੰਡੀ ਆਰਥਿਕਤਾ ਦੇ ਗ਼ੁਲਾਮ ਬਣਾ ਲਿਆ ਹੈ। ਗ਼ਰੀਬ ਦੇਸ਼ਾਂ ਦੀ ਪ੍ਰਭੂਸੱਤਾ ਨੂੰ ਤਿਰਛੇ ਢੰਗ ਨਾਲ ਸੰਸਾਰ ਸਰਮਾਏਦਾਰੀ ਦੇ ਅਧੀਨ ਕਰ ਦਿੱਤਾ ਹੈ। ਇਨ੍ਹਾਂ ਵਿਸ਼ਵ-ਵਪਾਰ ਸੰਸਥਾਵਾਂ ਅਤੇ ਵਿੱਤੀ ਸੰਸਥਾਵਾਂ ਸਮਕਾਲੀ ਸਰਕਾਰ ਨਾਲੋਂ ਵੀ ਕਿਤੇ ਤਾਕਤਵਰ ਬਣ ਗਈਆਂ ਹਨ। ਇੱਕ ਅਜਿਹੀ ਵਪਾਰ ਦੀ ਮੰਡੀ ਜਿਸ 'ਚ ਬਹੁ ਰਾਸ਼ਟਰੀ ਕੰਪਨੀਆਂ ਨੂੰ ਵਿਸ਼ਵ ਮੰਡੀ ਦੇ ਕਿਸੇ ਵੀ ਦੇਸ਼ 'ਚ ਆਪਣਾ ਸਮਾਨ ਵੇਚਣ ਦੀ ਪੂਰੀ ਆਜ਼ਾਦੀ ਹੈ। ਜਿਸ ਦਾ ਮੁੱਖ ਉਦੇਸ਼ ਸਾਰੇ ਮਹੱਤਵਪੂਰਨ ਕੰਮਾਂ ਦਾ ਸੰਚਾਲਨ ਪੂੰਜੀ ਦੇ ਹੱਥਾਂ 'ਚ ਦੇ

ਕੇ ਸਰਕਾਰਾਂ ਨੂੰ ਕੇਵਲ ਸਰਹੱਦੀ ਇਲਾਕਿਆਂ ਦੀ ਰਖਵਾਲੀ ਕਰਨ ਅਤੇ ਦੇਸ਼ ਵਿਚਲੇ ਅੰਦਰੂਨੀ ਕਾਨੂੰਨੀ ਪ੍ਰਬੰਧ ਤੱਕ ਸੀਮਤ ਕਰ ਦਿੱਤਾ ਗਿਆ। ਬਹੁਤ ਸਾਰੇ ਚਿੰਤਕ ਇਸ ਦੇ ਪੱਖ 'ਚ ਹਨ ਅਤੇ ਕੁੱਝ ਚਿੰਤਕ ਇਸ ਦੇ ਖ਼ਿਲਾਫ਼ ਬੋਲ ਰਹੇ ਹਨ।

ਵਿਸ਼ਵੀਕਰਨ ਦੇ ਪੱਖ ਵਿੱਚ ਬੋਲਣ ਵਾਲੇ ਚਿੰਤਕਾਂ ਦਾ ਵਿਚਾਰ ਇਹ ਹੈ ਕਿ ਜਦੋਂ ਵਸਤਾਂ ਦੇ ਉਤਪਾਦਨ ਦਾ ਮੁਕਾਬਲਾ ਅੰਤਰਰਾਸ਼ਟਰੀ ਪੱਧਰ 'ਤੇ ਹੋਵੇਗਾ ਤਾਂ ਹੀ ਵਸਤੂਆਂ ਦਾ ਮਿਆਰ ਵਧੇਗਾ। ਖਪਤਕਾਰ ਨੂੰ ਵਧੇਰੇ ਖਪਤ ਵਸਤੂਆਂ ਦੀ ਜਾਣਕਾਰੀ ਹੋਵੇਗੀ। ਇਸੇ ਕਾਰਨ ਨਵੇਂ ਸੰਚਾਰ ਸਾਧਨਾਂ ਅਤੇ ਸੂਚਨਾ ਕ੍ਰਾਂਤੀ ਨੇ ਸਾਰੇ ਸੰਸਾਰ ਨੂੰ ਆਪਸ 'ਚ ਜੋੜ ਦਿੱਤਾ ਹੈ। ਹਰ ਥਾਂ ਨਵੇਂ ਖੁੱਲ੍ਹੇ ਹੋਟਲ ਜਿਵੇਂ ਕੈ. ਐਫ. ਸੀ, ਪੀਜ਼ਾ, ਮੈਕਡੋਨਲਜ਼ ਆਦਿ ਨੇ ਵੱਖ-ਵੱਖ ਦੇਸ਼ਾਂ ਦੇ ਭੋਜਨ ਬਾਰੇ ਪੰਜਾਬੀ ਸਭਿਆਚਾਰ ਨੂੰ ਜਾਣੂੰ ਕਰਵਾਇਆ। ਬਾਜ਼ਾਰ ਅਤੇ ਖਪਤ ਸਭਿਆਚਾਰ ਦੀਆਂ ਲੁਬਾਣੀਆਂ ਸਕੀਮਾਂ ਦਾ ਦਿਨ ਰਾਤ ਪ੍ਰਚਾਰ ਕਰ ਕੇ ਭਾਰਤੀ ਲੋਕਾਂ ਦੇ ਮਨ੍ਹਾ 'ਚ ਇਨ੍ਹਾਂ ਵਸਤੂਆਂ ਨੂੰ ਪ੍ਰਾਪਤ ਕਰਨ ਦੀ ਇੱਛਾ ਪੈਦਾ ਕਰ ਦਿੱਤੀ। ਇਨ੍ਹਾਂ ਵਸਤੂਆਂ ਨੂੰ ਪਾਉਣ ਦੀ ਲਾਲਸਾ ਨੇ ਲੋਕਾਂ ਨੂੰ ਹਰ ਹੀਲੇ ਵਸੀਲੇ ਵਰਤਣ ਲਈ ਮਜਬੂਰ ਕਰ ਦਿੱਤਾ। ਜਿਹੜੇ ਲੋਕ ਇਨ੍ਹਾਂ ਸੁਵਿਧਾਵਾਂ ਨੂੰ ਪ੍ਰਾਪਤ ਨਹੀਂ ਕਰ ਸਕੇ ਉਨ੍ਹਾਂ ਨੂੰ ਅੰਧ ਵਿਸ਼ਵਾਸ ਡੇਰਾਵਾਦ ਦੁਆਰਾ ਵਰਗਲਾਇਆ ਜਾ ਰਿਹਾ ਹੈ। ਟੀ. ਵੀ. ਚੈਨਲਾਂ ਉੱਪਰ ਦਿਨ ਪ੍ਰਤੀ ਦਿਨ ਹੁੰਦੇ ਸਾਧ ਬਾਬਿਆਂ ਦੇ ਪ੍ਰਚਾਰ ਰਾਹੀਂ ਆਡੰਬਰ ਦਾ ਸ਼ਿਕਾਰ ਬਣਾ ਕੇ ਇਨ੍ਹਾਂ ਨੂੰ ਖੁੰਢਾ ਕੀਤਾ ਜਾ ਰਿਹਾ ਹੈ। ਅਮੀਰ ਅਤੇ ਗ਼ਰੀਬ ਵਿਚਲਾ ਆਰਥਿਕ ਪਾੜਾ ਤਿੱਖਾ ਕਰ ਦਿੱਤਾ ਹੈ। ਵਿਸ਼ਵੀਕਰਨ ਪੂੰਜੀਵਾਦੀ ਦੌਰ ਪੱਛਮ ਦੀ ਸਰਦਾਰੀ ਨੂੰ ਸਾਧਾਰਨ ਲੋਕਾਂ ਉੱਪਰ ਠੋਸਣ ਦਾ ਯਤਨ ਹੋ ਰਿਹਾ ਹੈ। ਪੱਛਮੀ ਦੇਸ਼ਾਂ ਦੇ ਵਿਕਸਿਤ ਅਤੇ ਸਭਿਅਕ ਹੋਣ ਦੀ ਮਿੱਥ ਦਾ ਪ੍ਰਚਾਰ ਕੀਤਾ ਜਾ ਰਿਹਾ ਹੈ। ਪੱਛਮ ਦੇ ਵਿਕਸਤ ਲੋਕਤ੍ਰਾਂਤਿਕ ਸਭਿਅਕ ਅਤੇ ਗਿਆਨ ਸੰਪੰਨ ਹੋਣ ਦੀ ਮਿੱਥ ਦੇਸੀ ਸਭਿਆਚਾਰਾਂ ਦਾ ਨੀਵਾਂ ਅਸਭਿਆਚਾਰਕ ਅਤੇ ਪਛੜਿਆ ਹੋਣ ਦੀ ਸਾਜ਼ਿਸ਼ ਘੜੀ ਜਾ ਰਹੀ ਹੈ। ਕੇਵਲ ਆਰਥਿਕਤਾ ਨੂੰ ਵਧਾਉਣ ਲਈ ਹੀ ਨਹੀਂ ਸਗੋਂ ਖਾਣ-ਪੀਣ, ਪਹਿਨਣ-ਸੰਵਰਨ ਅਤੇ ਬੋਲ-ਬਾਣੀ 'ਚ ਵੀ ਪੱਛਮੀ ਦੇਸ਼ਾਂ ਦੀ ਨਕਲ ਕੀਤੀ ਜਾ ਰਹੀ ਹੈ। ਇਸੇ ਕਾਰਨ ਹੀ ਅੰਗਰੇਜ਼ੀ ਭਾਸ਼ਾ ਨੂੰ ਸਰਵੋਤਮ ਭਾਸ਼ਾ ਮੰਨਣ ਦੀ ਘਿਨੌਣੀ ਸਾਜ਼ਿਸ਼ ਦਾ ਸ਼ਿਕਾਰ ਹੋ ਰਹੇ ਹਾਂ। ਵਿਸ਼ਵੀਕਰਨ ਦਾ ਅਰਥ ਸਾਧਾਰਨ ਤੌਰ 'ਤੇ ਮਨੁੱਖੀ ਸ਼ਕਤੀ ਵਸਤੂਆਂ ਅਤੇ ਵਿਚਾਰਾਂ ਦਾ ਵਿਸ਼ਵ ਦੀਆਂ ਹੱਦਾਂ ਤੋਂ ਮੁਕਤ ਹੋਣਾ ਹੈ। ਵਿਸ਼ਵੀਕਰਨ ਪੱਛਮ ਦੇ ਦੇਸ਼ਾਂ ਤੋਂ ਆਰੰਭ ਹੁੰਦਾ ਹੈ। ਵਿਸ਼ਵੀਕਰਨ ਉਨ੍ਹਾਂ ਰੁਝਾਨਾਂ ਜਾਂ ਪ੍ਰਕਿਰਿਆਵਾਂ ਦਾ ਨਾਮ ਹੈ ਜਿਸ ਦਾ ਮਕਸਦ ਇੱਕ ਅਜਿਹੇ ਵਿਸ਼ਵ ਦੀ ਸਥਾਪਨਾ ਕਰਨਾ ਹੈ ਜਿਹੜੇ ਆਰਥਿਕ, ਸਭਿਆਚਾਰਕ, ਸਮਾਜਿਕ ਪੱਖੋਂ ਇੱਕੋ ਵਿਚਾਰਧਾਰਾ ਉੱਪਰ ਨਿਰਭਰ ਕਰਦੇ ਹਨ। ਇਸ ਦੀ ਸ਼ਕਤੀਸ਼ਾਲੀ ਰੂਪ ਵਿੱਚ ਅਗਵਾਈ ਅਮਰੀਕਾ ਕਰ ਰਿਹਾ ਹੈ। ਵਿਸ਼ਵੀਕਰਨ ਦੀ ਸੋਚ ਵਿਸ਼ਵ ਮੰਡੀ ਦੇ ਪੱਧਰ 'ਤੇ ਵਪਾਰ ਕਰਨਾ ਹੈ। ਇਸੇ ਕਾਰਨ ਹੀ ਹਰ ਵਸਤੂ ਦਾ ਮੰਡੀਕਰਨ ਕੀਤਾ ਜਾ ਰਿਹਾ ਹੈ। ਇੱਥੋਂ ਤੱਕ ਕਿ ਮਨੁੱਖ ਦੀ ਜ਼ਿੰਦਗੀ ਨੂੰ ਵੀ ਪੈਸੇ ਨਾਲ ਜੋੜ ਕੇ ਦੇਖਿਆ ਜਾਂਦਾ ਹੈ।

ਇਸ ਬਾਰੇ ਡਾ. ਸੁਖਦੇਵ ਸਿੰਘ ਆਪਣੇ ਸ਼ਬਦਾਂ 'ਚ ਲਿਖਦੇ ਹਨ ਕਿ, "ਅਜੋਕਾ ਸੰਸਾਰੀਕਰਨ ਦਾ ਵਰਤਾਰਾ ਕੋਈ ਨਵਾਂ ਨਹੀਂ ਪੂੰਜੀਵਾਦੀ ਦੇ ਪ੍ਰਸਾਰ ਨਾਲ ਹੀ ਇਸ ਦਾ ਆਗਾਜ਼ ਹੋ ਗਿਆ ਸੀ। ਸਾਮਰਾਜੀ ਬਸਤੀਵਾਦੀ ਦੀ ਰਾਜਸੀ ਤੇ ਆਰਥਿਕ ਪ੍ਰਭੁਤਾ (Hegemong) ਨੂੰ ਚੁਨੌਤੀ ਵੀਹਵੀਂ ਸਦੀ ਦੇ ਆਰੰਭ ਵਿੱਚ ਸਮਾਜਵਾਦੀ ਇਨਕਲਾਬਾਂ ਦੁਆਰਾ ਹੀ ਮਿਲੀ। ਪੂੰਜੀਵਾਦ ਹੁਣ ਨਵ-ਬਸਤੀਵਾਦ ਦੇ ਰੂਪ ਵਿੱਚ ਸਾਰੇ ਸੰਸਾਰ ਨੂੰ ਆਪਣੀ ਜਕੜ ਵਿੱਚ ਲੈ ਰਿਹਾ ਹੈ। ਵਿਸ਼ਵੀਕਰਨ, ਉਦਾਰੀਕਰਨ, ਨਿੱਜੀਕਰਨ, ਮੰਡੀਕਰਨ ਤੇ ਉਪਭੋਗਤਾਵਾਦੀ ਆਦਿ ਨਵ ਸਾਮਰਾਜਵਾਦ ਦੀਆਂ ਆਰਥਿਕ ਨੀਤੀਆਂ ਦਾ ਸਮਰੱਥ ਵਿਸ਼ਵੀਕਰਨ ਤੇ ਉਦਾਰੀਕਰਨ ਦੇ ਲੁਭਾਉਣੇ ਸਿਧਾਂਤਾਂ ਦੇ ਰੂਪ ਵਿੱਚ ਕੀਤਾ ਜਾ ਰਿਹਾ ਹੈ। ਵਿਸ਼ਵੀਕਰਨ ਵਿੱਤੀ ਪੂੰਜੀ ਦਾ ਹੀ ਹੋਵੇ ਕਿਰਤੀ ਦੀ ਕਿਰਤ ਦਾ ਕਿਉਂ ਨਹੀਂ? ਇਸ ਸੁਆਲ ਬਾਰੇ ਉਹ ਖ਼ਾਮੋਸ਼ ਹਨ।" (ਭੱਠਲ ਤੇ ਸੁਖਦੇਵ ਸਿੰਘ (ਸੰਪਾ.), "ਮਾਰਕਸਵਾਦੀ ਸਾਹਿਤ ਚਿੰਤਨ ਸਮਕਾਲੀ ਸਰੋਕਾਰ" 7)

ਵਿਸ਼ਵੀਕਰਨ ਨੇ ਪੂੰਜੀਵਾਦੀ ਦੌਰ ਨੂੰ ਅਹਿਮੀਅਤ ਦਿੱਤੀ। ਇਸ ਦੌਰ ਨੇ ਮਨੁੱਖ ਨੂੰ ਕੇਵਲ ਪੂੰਜੀ ਇਕੱਠੀ ਕਰਨ ਵੱਲ ਰੁਚਿਤ ਕੀਤਾ। ਇਸੇ ਪੂੰਜੀ ਦੀ ਦੌੜ ਨੇ ਬਹੁਤ ਸਾਰੀਆਂ ਤਬਦੀਲੀਆਂ ਵੀ ਲਿਆਂਦੀਆਂ। ਏਸ਼ੀਅਨ ਦੇਸ਼ ਅੱਜ ਕਾਸਮੈਟਿਕਸ ਅਤੇ ਸਾਜ਼ ਸ਼ਿੰਗਾਰ ਉਦਯੋਗ ਦੀ ਸਭ ਤੋਂ ਵੱਡੀ ਮੰਡੀ ਬਣ ਗਿਆ ਹੈ। ਭਾਰਤੀ ਲੜਕੀਆਂ ਨੂੰ ਵਿਸ਼ਵ ਸੁੰਦਰੀ ਅਤੇ ਬ੍ਰਹਿਮੰਡ ਸੁੰਦਰੀ ਦੇ ਤੌਰ 'ਤੇ ਪੇਸ਼ ਕਰ ਕੇ ਹਰ ਭਾਰਤੀ ਲੜਕੀ ਦੇ ਮਨ ਅੰਦਰ ਇਨ੍ਹਾਂ ਵਰਗੀਆਂ ਇੱਛਾਵਾਂ ਪੈਦਾ ਕਰ ਦਿੱਤੀਆਂ ਹਨ। ਉਹ ਜ਼ੀਰੋ ਫਿਗਰ ਦਾ ਨਾਅਰਾ ਲਾ ਕੇ ਇਸ ਨਾਲ ਜੀਵਨ ਦੀਆਂ ਉਪਭੋਗੀ ਵਸਤੂਆਂ ਜਿਵੇਂ ਘਰ, ਬਿਊਟੀ ਪਾਰਲਰ ਜਿਸ ਨੇ ਇੱਕ ਖਪਤ ਮੰਡੀ ਤਿਆਰ ਕਰ ਲਈ ਹੈ। ਇਸ ਆਦਰਸ਼ ਸੁੰਦਰਤਾ ਦੀ ਪੂਰਤੀ ਲਈ ਕੁੜੀਆਂ ਆਪਣੇ ਖ਼ਰਚ ਪੂਰੇ ਕਰਨ ਲਈ ਦੇਹ ਵਪਾਰ ਦਾ ਧੰਦਾ ਅਪਣਾਉਂਦੀਆਂ ਹਨ ਜੋ ਕਿ ਭਾਰਤੀ ਸਭਿਆਚਾਰ ਉੱਪਰ ਇੱਕ ਵੱਡਾ ਧੱਬਾ ਹੈ। ਇਸ ਵਿਸ਼ਵੀਕਰਨ ਪੂੰਜੀਵਾਦੀ ਦੌਰ ਦੇ ਪ੍ਰਭਾਵ ਕਾਰਨ ਸਾਡੀ ਭਾਸ਼ਾ, ਰਹਿਣ ਸਹਿਣ, ਕਲਾਵਾਂ, ਸਭਿਆਚਾਰ, ਕਿੱਤੇ, ਖਾਣ-ਪੀਣ, ਮਨੋਰੰਜਨ, ਸਿੱਖਿਆ ਦਾ ਢਾਂਚਾ, ਕਦਰਾਂ-ਕੀਮਤਾਂ ਆਦਿ ਨਿਘਾਰ ਵੱਲ ਜਾ ਰਹੇ ਹਨ। ਪੰਜਾਬੀ ਲੋਕਾਂ ਦੀ ਮਾਨਸਿਕਤਾ ਕੇਵਲ ਪੈਸੇ 'ਤੇ ਕੇਂਦਰਿਤ ਹੋ ਗਈ ਹੈ। ਲੋਕ ਵਿਅਕਤੀਵਾਦ ਦਾ ਸ਼ਿਕਾਰ ਹੋ ਕੇ ਸਮਾਜਿਕ ਆਦਰਸ਼ਾਂ, ਸਾਂਝੀ ਰਹਿਤਲ ਅਤੇ ਸਭਿਆਚਾਰਕ ਆਦਰਸ਼ਾਂ ਵਰਗੇ ਮਨੁੱਖੀ ਗੁਣਾਂ ਤੋਂ ਬੇਮੁੱਖ ਹੋ ਰਹੇ ਹਨ। ਇਸ ਪੂੰਜੀਵਾਦੀ ਦੌਰ ਨੇ ਕੇਵਲ ਸਮਾਜਿਕ ਆਦਰਸ਼ ਨੂੰ ਹੀ ਸੱਟ ਨਹੀਂ ਮਾਰੀ ਸਗੋਂ ਪੰਜਾਬੀ ਲੋਕਾਂ ਦੇ ਕਿੱਤਿਆਂ ਨੂੰ ਵੀ ਪ੍ਰਭਾਵਿਤ ਕੀਤਾ। ਪੰਜਾਬ ਦੇ ਰਵਾਇਤੀ ਕਿੱਤੇ ਖੇਤੀਬਾੜੀ ਨੂੰ ਵੀ ਇਸ ਪੂੰਜੀਵਾਦੀ ਦੌਰ/ਵਿਸ਼ਵ ਮੰਡੀ ਨੇ ਆਪਣੀ ਲਪੇਟ ਵਿੱਚ ਲੈ ਲਿਆ ਹੈ। ਖੇਤੀਬਾੜੀ ਕਿਰਤ ਭਰਪੂਰ ਹੋਣ ਦੀ ਥਾਂ 'ਤੇ ਪੈਸੇ ਉੱਪਰ ਕੇਂਦਰਿਤ ਹੋ ਗਈ। ਖੇਤੀ ਦੀ ਹਰ ਵਸਤੂ ਨੂੰ ਲੋੜਾਂ ਦੀ ਪੂਰਤੀ ਲਈ ਹੀ ਨਹੀਂ ਸਗੋਂ ਮੰਡੀ ਦੀ ਜ਼ਰੂਰਤ ਲਈ ਪੈਦਾ ਕੀਤਾ ਜਾਣ ਲੱਗਾ ਹੈ। ਪੂੰਜੀਵਾਦੀ ਕਾਰਪੋਰੇਟ ਮਾਡਲ ਨੇ ਖੇਤੀ ਦੇ ਧੰਦੇ ਵਿੱਚ ਘੁਸਪੈਠ ਕਰਨੀ ਆਰੰਭ ਕਰ ਦਿੱਤੀ। ਜਿਸ ਕਾਰਨ ਨਿਮਨ ਕਿਸਾਨ ਨਿਘਾਰ ਵੱਲ ਜਾਣ ਲੱਗਾ ਅਤੇ ਨਿਰਾਸ਼ਾ ਉਤਪੰਨ ਹੋਈ।

ਪੂੰਜੀਵਾਦ ਕਾਰਪੋਰੇਟ ਮਾਡਲ ਨੇ ਖੇਤੀ ਮਾਡਲ 'ਚ ਇੰਨੀ ਘੁਸਪੈਠ ਕੀਤੀ ਕਿ ਖੇਤੀ ਇੱਕ ਉਦਯੋਗ ਵਿਚ ਬਦਲਣੀ ਆਰੰਭ ਹੋ ਗਈ। ਇਸੇ ਕਾਰਨ ਨਿਮਨ ਕਿਸਾਨ ਕੰਗਾਲੀਕਰਨ ਦੇ ਰਾਹ ਧੱਕੇ ਗਏ। ਅਮੀਰ ਅਤੇ ਗ਼ਰੀਬ ਕਿਸਾਨ ਵਿਚਲਾ ਆਰਥਿਕ ਪਾੜਾ ਇੰਨਾ ਤੇਜ਼ ਹੋ ਗਿਆ ਅਤੇ ਸੰਬੰਧਾਂ 'ਚ ਪੂੰਜੀ ਦਾ ਜਲੋਅ ਇੰਜ ਆ ਵੜਿਆ, ਜਿਸ ਨਾਲ ਕੰਗਾਲੀਕਰਨ ਵੱਲ ਜਾਂਦਾ ਰਸਤਾ ਹੋਰ ਵੀ ਤੇਜ਼ ਅਤੇ ਤਿੱਖਾ ਹੋ ਗਿਆ।

> ਡਾ. ਮੈਨੇਜਰ ਪਾਂਡੇ ਇਸ ਸਬੰਧ ਵਿੱਚ ਲਿਖਦੇ ਹਨ ਕਿ, "ਜੇ ਪੂੰਜੀਵਾਦ ਦੀ ਵਰਤਮਾਨ ਸਥਿਤੀ ਭਵਿੱਖ ਵਿੱਚ ਲੰਮੇ ਸਮੇਂ ਤੱਕ ਜਾਰੀ ਰਹੀ ਤਾਂ ਇਹ ਮਨੁੱਖਤਾ ਲਈ ਖ਼ਤਰਨਾਕ ਸਾਬਿਤ ਹੋਵੇਗਾ, ਕਿਉਂਕਿ ਇੱਕ ਤਾਂ ਉਹ ਆਪਣੀ ਸਾਰੀ ਰਚਨਾਤਮਿਕ ਭੂਮਿਕਾ ਭੁੱਲ ਚੁੱਕਿਆ ਹੈ ਅਤੇ ਦੂਸਰਾ ਭੂਮੰਡੀਕਰਨ ਦੇ ਇਸ ਦੌਰ ਵਿੱਚ ਜਦੋਂ ਉਸ ਦਾ ਕੋਈ ਸ਼ਕਤੀਸ਼ਾਲੀ ਵਿਕਲਪ ਜਾਂ ਵਿਰੋਧ ਨਹੀਂ ਹੈ ਤਾਂ ਉਹ ਪਹਿਲਾ ਨਾਲੋਂ ਵੱਧ ਪਕੜ ਤੇ ਖ਼ੂੰਖ਼ਾਰ ਸਾਬਿਤ ਹੋਵੇਗਾ। ਅੱਜ ਕੱਲ੍ਹ ਪੂੰਜੀਵਾਦ ਇੱਕ ਅਜਿਹੀ ਬੇਲਗਾਮ ਤੇ ਉੱਤਰ-ਦਾਇਤਵ ਵਿਹੀਣ ਸਥਿਤੀ ਵਿੱਚ ਹੈ ਜਿਸ ਨੂੰ ਆਪਣੀ ਰੱਖਿਆ ਤੋਂ ਇਲਾਵਾ ਕਿਸੇ ਮਨੁੱਖੀ ਸਮੱਸਿਆ ਅਤੇ ਇਤਿਹਾਸਿਕ ਚੁਨੌਤੀ ਦੀ ਚਿੰਤਾ ਨਹੀਂ ਹੈ। ਅਜਿਹੀ ਸਥਿਤੀ ਵਿੱਚ ਉਹ ਇੱਕ ਪਾਸੇ ਘੋਰ ਗ਼ਰੀਬੀ ਤੇ ਗ਼ੁਲਾਮੀ ਪੈਦਾ ਕਰੇਗਾ, ਤਾਂ ਦੂਜੇ ਪਾਸੇ ਅਮੀਰੀ ਤੋਂ ਉਪਜਿਆ ਪਸ਼ੂਪੁਣਾ।" (ਭੱਠਲ ਤੇ ਸੁਖਦੇਵ ਸਿੰਘ (ਸੰਪਾ.), "ਮਾਰਕਸਵਾਦੀ ਸਾਹਿਤ ਚਿੰਤਨ ਸਮਕਾਲੀ ਸਰੋਕਾਰ" 73)

ਡਾ. ਪਾਂਡੇ ਦੇ ਵਿਚਾਰਾਂ ਨਾਲ ਸਹਿਮਤ ਹੁੰਦੇ ਹੋਏ ਕਹਿ ਸਕਦੇ ਹਾਂ ਕਿ ਪੂੰਜੀਵਾਦੀ ਦੌਰ ਦੇ ਅੰਨ੍ਹੇ ਵਿਕਾਸ ਨਾਲ ਇੱਕ ਪਾਸੇ ਤਾਂ ਅਮੀਰ ਹੋਰ ਅਮੀਰ ਹੋ ਗਿਆ ਅਤੇ ਗ਼ਰੀਬ ਹੋਰ ਨਿਘਾਰ ਵੱਲ ਜਾਣ ਲੱਗਾ। ਇਸ ਦੌਰ ਦੇ ਚੱਲਦਿਆਂ ਕਿਸਾਨੀ ਆਖ਼ਰੀ ਸਾਹਾਂ 'ਤੇ ਆ ਗਈ। ਹਰ ਪਾਸਿਉਂ ਉਸ ਦੀ ਲੁੱਟ ਕੀਤੀ ਜਾਣ ਲੱਗੀ। ਪੈਸੇ ਦੀ ਦੌੜ ਤੇਜ਼ ਹੋ ਗਈ ਜਿਸ ਕਾਰਨ ਕਿਸਾਨੀ ਅੱਜ ਵਧੇਰੇ ਚਿੰਤਾ ਦਾ ਵਿਸ਼ਾ ਬਣੀ ਹੋਈ ਹੈ।

ਬਲਬੀਰ ਪਰਵਾਨਾ ਦੇ ਨਾਵਲ *'ਕਥਾ ਇਸ ਯੁੱਗ ਦੀ', 'ਅੰਬਰ ਵੱਲ ਉਡਾਣ', 'ਖੇਤਾਂ ਦਾ ਰੁਦਨ'* ਅਜਿਹੇ ਹੀ ਸਮਕਾਲੀ ਵਰਤਾਰਿਆਂ ਦੁਆਲੇ ਬੁਣੇ ਹੋਏ ਹਨ। ਇਸ ਪੂੰਜੀਵਾਦੀ ਕਾਰਪੋਰੇਟ ਮਾਡਲ ਨੇ ਕਿਵੇਂ ਆਧੁਨਿਕ ਜੀਵਨ ਜਾਂਚ ਦੇ ਨਾਂ ਹੇਠ ਕਿਸਾਨੀ ਜੀਵਨ ਨੂੰ ਆਪਣੀਆਂ ਜੜ੍ਹਾਂ ਤੋਂ ਤੋੜਿਆ ਅਤੇ ਸਥਾਨ ਸੰਵੇਦਨਾ, ਕਦਰਾਂ-ਕੀਮਤਾਂ ਨੂੰ ਤਬਾਹੀ ਦੇ ਆਲਮ ਵੱਲ ਧੱਕ ਦਿੱਤਾ ਹੈ। ਇਸ ਜਲੋਅ ਨੇ ਜੀਵਨ ਜਾਂਚ ਬਦਲਣ ਦੇ ਨਾਲ-ਨਾਲ ਖੇਤੀ ਨੂੰ ਵੀ ਆਪਣੇ ਪੰਜੇ ਵਿੱਚ ਲੈ ਲਿਆ ਹੈ। ਇਸ ਦੌਰ ਨੇ ਕੇਵਲ ਪੂੰਜੀ ਇਕੱਤਰ ਕਰਨ ਦੇ ਢੰਗ ਹੀ ਨਹੀਂ ਵਰਤੇ ਸਗੋਂ ਮਨੁੱਖੀ ਜੀਵਨ ਨੂੰ ਦਿਸ਼ਾਹੀਣ ਕਰ ਦਿੰਦਾ ਹੈ।

> ਬਲਬੀਰ ਪਰਵਾਨਾ ਆਪਣੇ ਲੇਖ *"ਮੇਰੇ ਨਾਵਲਾਂ ਦੇ ਸਿਰਜਨਾਤਮਕ ਆਧਾਰ 'ਤੇ ਵਿਚਾਰਧਾਰਕ ਪਿੱਠ ਭੂਮੀ"* ਵਿਚ ਲਿਖਦੇ ਹਨ ਕਿ, "*ਅੰਬਰ ਵੱਲ ਉਡਾਣ* ਭਾਵੇਂ ਇਸ ਚੋਲੜੀ ਦਾ ਹਿੱਸਾ ਨਹੀਂ, ਪਰ ਇਸ ਵਿੱਚ ਸਮਕਾਲੀ

> ਜ਼ਿੰਦਗੀ ਦੇ ਇੱਕ ਹੋਰ ਵਹਿਣ, ਕਾਰਪੋਰੇਟ ਪੂੰਜੀ ਦੇ ਸਿੱਧੇ ਪ੍ਰਭਾਵ ਹੇਠ ਘੜੇ ਜਾ ਰਹੇ ਨਵੇਂ ਬੰਦੇ ਨੂੰ ਚਿਹਨਤ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਇਹ ਕਿਵੇਂ ਆਧੁਨਿਕਤਾ/ਨਵੇਂ ਪਣ/ਨਵੀਂ ਜੀਵਨ ਜਾਂਚ ਹੇਠ ਮਨੁੱਖ ਨੂੰ ਆਪਣੀਆਂ ਜੜ੍ਹਾਂ ਤੋਂ ਤੋੜਦੀ ਸਥਾਨਕ/ਇਲਾਕਾਈ ਸੰਵੇਦਨਾਵਾਂ, ਕਦਰਾਂ ਕੀਮਤਾਂ, ਪ੍ਰੰਪਰਾਵਾਂ ਦੇ ਪਛਾਣਾਂ ਨੂੰ ਤਬਾਹੀ ਦੇ ਆਲਮ ਵੱਲ ਧੱਕ ਰਹੀ ਹੈ। ਹਰ ਵਰਤਾਰੇ, ਸਲੀਕੇ, ਯੋਗਤਾ, ਸੁਹੱਪਣ ਇੱਥੋਂ ਤੱਕ ਕਿ ਪਿਆਰ ਦਾ ਆਧਾਰ ਵੀ ਪੂੰਜੀ ਹੀ ਬਣਦੀ ਜਾ ਰਹੀ ਹੈ। ਇਹ ਹੜ੍ਹ ਇੰਨਾ ਮਾਰੂ ਤੇ ਜਲੋਅ ਏਨਾ ਚਮਕ ਦਮਕ ਵਾਲਾ ਕਿ ਸਭ ਇਸ ਦੇ ਹੱਥਾਂ 'ਚ ਕਠਪੁਤਲੀਆਂ ਬਣਦੇ ਜਾ ਰਹੇ ਹਨ ਜਾਂ ਭਵੰਤਰੇ ਹੋਏ ਦਿਸ਼ਾਹੀਣ ਭਟਕ ਰਹੇ ਹਨ।" ( *ਪ੍ਰਤੀਮਾਨ,* ਅਕਤੂਬਰ-ਦਸੰਬਰ 2013, 17)

ਪਰਵਾਨਾ ਨੇ ਪੂੰਜੀਵਾਦੀ ਪ੍ਰਸੰਗ ਦੇ ਅੰਤਰਗਤ ਕੰਢੀ ਖੇਤਰ ਦੀ ਨਿਮਨ ਕਿਸਾਨੀ ਦੇ ਸਰੋਕਾਰਾਂ ਨੂੰ ਨਾਵਲੀ ਬਿਰਤਾਂਤ ਦਾ ਮੂਲ ਆਧਾਰ ਬਣਾਇਆ ਹੈ। ਕਿਸਾਨੀ ਦੇ ਮਨੋਜਗਤ ਅਤੇ ਬੌਧਿਕ ਜਗਤ ਨੂੰ ਨਾਵਲਕਾਰ ਨੇ ਬੜੀ ਸ਼ਿੱਦਤ ਨਾਲ ਬਿਆਨ ਕੀਤਾ ਹੈ। ਇਨ੍ਹਾਂ ਨਾਵਲਾਂ ਰਾਹੀਂ ਪੰਜਾਬ ਦੇ ਪੇਂਡੂ ਕਿਸਾਨੀ ਅਰਥਚਾਰੇ ਦਾ ਨਵਾਂ ਯਥਾਰਥਕ ਰੂਪ ਪਾਠਕਾਂ ਅੱਗੇ ਖੁੱਲ੍ਹਦਾ ਹੈ। ਨਾਵਲਕਾਰ ਨਾਵਲ ਦੇ ਸੂਚਨਾਵੀਂ ਬਿਰਤਾਂਤ 'ਚ ਮੁਕੇਰੀਆਂ ਤਹਿਸੀਲ ਦੇ ਨੀਮ ਪਹਾੜੀ ਪਿੰਡਾਂ ਵਿੱਚ ਪੂੰਜੀ ਕੇਂਦਰਿਤ ਕਾਰਪੋਰੇਟ ਵਿਕਾਸ ਮਾਡਲ ਦੀ ਭੇਟ ਚੜ੍ਹੀ ਕਿਸਾਨੀ ਦੇ ਬਿਰਤਾਂਤ ਨੂੰ ਮੁੱਖ ਆਧਾਰ ਵਜੋਂ ਸਿਰਜਦਾ ਹੈ। ਅਮੀਰ ਕਿਸਾਨੀ ਦੀ ਰੀਸੇ ਪੈਦਾ ਹੋਈਆਂ ਅਕਾਂਖਿਆਵਾਂ ਦੀ ਪੂਰਤੀ ਲਈ ਥੁੜ ਟੁੱਟੀ ਨਿਮਨ ਕਿਸਾਨੀ ਦੇ ਧੀਆਂ ਪੁੱਤਰਾਂ ਲਈ ਖੇਤੀ ਇੱਕ ਹੀਣਤਾ ਵਾਲਾ ਧੰਦਾ ਬਣਨ ਕਾਰਨ ਇਸ ਪ੍ਰਕਿਰਿਆ 'ਚੋਂ ਬਾਹਰ ਨਿਕਲ ਰਹੇ ਹਨ। ਕਿਸਾਨੀ ਆਪਣੀਆਂ ਜੜ੍ਹਾਂ ਨਾਲੋਂ ਉੱਖੜ ਕੇ ਲਗਾਤਾਰ ਨਿਘਾਰ ਦੇ ਰਾਹ ਜਾ ਰਹੀ ਹੈ। ਵਿਕਸਿਤ ਹੋ ਚੁੱਕੇ ਪੂੰਜੀਵਾਦ ਦੇ ਸੰਕਟ ਦੀ ਇੱਕ ਬਹੁਤ ਹੀ ਲਘੂ ਉਦਾਹਰਨ ਪੰਜਾਬ 'ਚ ਹਰੀ ਕ੍ਰਾਂਤੀ ਹੈ।

> ਨਾਵਲ *'ਅੰਬਰ ਵੱਲ ਉਡਾਣ'* ਬਾਰੇ ਡਾ. ਮੀਨਾਕਸ਼ੀ ਰਾਠੌਰ ਲਿਖਦੀ ਹੈ ਕਿ, "ਨਾਵਲ ਦਾ ਆਰੰਭ ਗੱਲ ਕੱਥ ਦੀ ਵਿਧੀ ਰਾਹੀਂ ਹੁੰਦਾ ਹੈ। ਸਮੁੱਚੇ ਬਿਰਤਾਂਤ ਨੂੰ ਬਿਰਤਾਂਤਕ ਵੱਲੋਂ ਪੇਸ਼ ਕੀਤਾ ਜਾਣਾ, ਇਸ ਦੀ ਪਾਠ ਮੂਲਕ ਜੁਗਤ ਬਣਦੀ ਹੈ। ਇਸ ਤਰ੍ਹਾਂ ਇਹ ਜੀਵੰਤ ਕਲਾਸਕੀ ਵਰਤਾਰਾ ਨਾਵਲੀ ਪਾਠ ਨੂੰ ਨਿਰੰਤਰਤਾ ਪ੍ਰਦਾਨ ਕਰ ਕੇ ਕਾਲ ਵਿਸ਼ੇਸ਼ ਦਾ ਚਿਤਰਨ ਕਰਦਾ ਹੈ, ਜਿਸ ਵਿੱਚ ਹਰੇ ਇਨਕਲਾਬ ਤੋਂ ਬਾਅਦ ਪੰਜਾਬ ਦੇ ਸਮਾਜਿਕ ਅਰਥਚਾਰੇ ਵਿੱਚ ਵਾਪਰੇ ਕ੍ਰਾਂਤੀਕਾਰੀ ਪਰਿਵਰਤਨ ਦੇ ਸਥਾਨਕ ਪਰਿਵੇਸ਼ ਦਾ ਚਿਹਨਕ, ਜ਼ਾਹਰਕੋਟ ਪਿੰਡ ਦਾ ਸੰਘਾ ਰਿਜ਼ੋਰਟ ਬਣਦਾ ਹੈ, ਜਿਸ ਦੇ ਚਿਹਨ ਚੱਕਰ ਬਸੰਤਪੁਰਾ, ਤਿਓੜੇ ਭਰਪੂਰ, ਭੁੰਬਲੇ, ਉਹਲੋੜੀਆ, ਟਾਂਡਾ, ਪੰਡੋਰੀ ਤਟ ਧਰਮਪੁਰ ਆਦਿ ਤੱਕ ਜਾ ਫੈਲਦੇ ਹਨ।" (*ਕਹਾਣੀ ਧਾਰਾ,* ਅਕਤੂਬਰ-ਦਸੰਬਰ 2013, 104)

ਪਰਵਾਨਾ ਨੇ *'ਅੰਬਰ ਵੱਲ ਉਡਾਣ'* ਨਾਵਲ ਰਾਹੀਂ ਹਰੀ ਕ੍ਰਾਂਤੀ ਦੇ ਪ੍ਰਭਾਵ ਕਾਰਨ ਕਿਸਾਨੀ ਜੀਵਨ ਵਿੱਚ ਆਏ ਪਰਿਵਰਤਨਾਂ ਨੂੰ ਦ੍ਰਿਸ਼ਟੀਮਾਨ ਕੀਤਾ ਹੈ। ਇਸ ਦੇ ਪ੍ਰਵੇਸ਼ ਨਾਲ ਕਿਵੇਂ ਕਿਸਾਨੀ ਜੀਵਨ ਉੱਪਰ ਪੂੰਜੀਵਾਦ ਕਾਰਪੋਰੇਟ ਮਾਡਲ ਆਪਣਾ ਜਾਲ ਬਣਾਉਂਦਾ ਹੈ। ਪੂੰਜੀ ਦਾ ਚਿਹਨਕ ਜ਼ਾਹਰਕੋਟ 'ਚ ਸੰਘਾ ਰਿਜ਼ੋਰਟ ਵੀ ਬਣਦਾ ਹੈ। ਕੇਵਲ ਇਸ ਵਿੱਚ ਹੀ ਨਹੀਂ ਸਗੋਂ ਨਾਲ ਲੱਗਦੇ ਤਿਉੜੇ, ਭੁੰਬਲੇ, ਟਾਂਡਾ, ਪੰਡੋਰੀ ਆਦਿ ਪਿੰਡਾਂ ਵਿੱਚ ਇਸ ਦੇ ਪ੍ਰਭਾਵ ਨਾਵਲ ਵਿੱਚੋਂ ਦੇਖਣ ਨੂੰ ਮਿਲਦੇ ਹਨ। ਜਦੋਂ ਕਿ ਹਰੇ ਇਨਕਲਾਬ ਨੇ ਕੋਈ ਖ਼ਾਸ ਤਬਦੀਲੀ ਇਸ ਖੇਤਰ ਵਿੱਚ ਨਹੀਂ ਲਿਆਂਦੀ ਜਿੰਨਾ ਕਿ ਪੂੰਜੀਵਾਦੀ ਕਾਰਪੋਰੇਟ ਮਾਡਲ ਨੇ ਅੰਨ੍ਹੇ ਵਾਹ ਇਸ ਖੇਤਰ ਨੂੰ ਆਪਣੀ ਜਕੜ ਵਿੱਚ ਲੈ ਲਿਆ ਹੈ। ਪਰਵਾਨਾ ਨੇ *'ਖੇਤਾਂ ਦਾ ਰੁਦਨ'* ਨਾਵਲ ਰਾਹੀਂ ਕੰਗਾਲੀਕਰਨ ਦੇ ਰਾਹ ਪਏ ਨਿਮਨ ਕਿਸਾਨੀ ਜੀਵਨ ਨੂੰ ਰੂਪਮਾਨ ਕੀਤਾ ਹੈ। ਇਸ ਨਾਵਲ ਦਾ ਮੁੱਖ ਪਾਤਰ ਰਵਿੰਦਰ ਰਵੀ ਜੋ ਕਿ ਨਿਮਨ ਕਿਸਾਨੀ ਪਰਿਵਾਰ ਨਾਲ ਸੰਬੰਧ ਰੱਖਦਾ ਹੈ, ਕਾਲਜ 'ਚ ਐਡਹਾਕ ਵੇਸ ਲੈਕਚਰਾਰ ਹੈ। ਪੰਜਾਬੀ ਭਾਸ਼ਾ ਵਿੱਚ ਪੀਐੱਚ. ਡੀ ਕਰ ਰਿਹਾ ਹੈ। ਉਹ ਨਿਮਨ ਕਿਸਾਨੀ ਪਰਿਵਾਰ ਨਾਲ ਸੰਬੰਧਿਤ ਹੋਣ ਕਾਰਨ ਕਰਜ਼ੇ ਵਰਗੀ ਭਿਆਨਕ ਪ੍ਰਕਿਰਿਆ ਦਾ ਸ਼ਿਕਾਰ ਹੈ। ਜਿਵੇਂ:

> "ਨਾਵਲ ਦਾ ਆਰੰਭ ਕੇਂਦਰੀ ਪਾਤਰ ਰਵੀ ਅਤੇ ਮਾਲਤੀ ਦੀ ਪ੍ਰੇਮ ਮਿਲਣੀ ਨਾਲ ਹੁੰਦਾ ਹੈ। ਜੋ ਕਿ ਇੱਕੋ ਕਾਲਜ ਵਿੱਚ ਪੰਜਾਬੀ ਦੇ ਅਧਿਆਪਨ ਦਾ ਕਾਰਜ ਕਰਦੇ ਹਨ। ਇੱਥੇ ਉਨ੍ਹਾਂ ਦੇ ਪ੍ਰੇਮ ਸੰਬੰਧ ਦੇ ਕਾਮੁਕ ਵਿਹਾਰ ਦਾ ਬਿਰਤਾਂਤਕ ਪ੍ਰਸੰਗ ਦਰਜ ਹੈ, ਜਿਸ ਤੋਂ ਇਨ੍ਹਾਂ ਪਾਤਰਾਂ ਦੀ ਉਪਭੋਗਵਾਦੀ ਬਿਰਤੀ ਦੀਆਂ ਕੁੱਝ ਪਰਤਾਂ ਸਨਮੁੱਖ ਹੁੰਦੀਆਂ ਹਨ। ਦੂਜੇ ਪਾਸੇ ਨਾਵਲਕਾਰ ਦੀ ਇਨਕਲਾਬੀ ਦ੍ਰਿਸ਼ਟੀ ਦਾ ਸਿਰਜਕ ਪਾਤਰ ਰਵੀ ਹੀ ਹੈ ਜਿਸ ਵਿੱਚ ਕਿਸਾਨੀ ਆਤਮ ਬਿਰਤਾਂਤ ਅਧੀਨ ਜਲਦੀ ਹੀ ਖੱਬੇ ਪੱਖੀ ਸੋਚ ਵਿਕਸਤ ਹੁੰਦੀ ਦਿਖਾਈ ਦਿੰਦੀ ਹੈ। ਨਿਮਨ ਪੁਰਖੀ ਬਿਰਤਾਂਤਕ ਵਕਤਾਂ ਦੇ ਫੋਕਸੀਕਰਨ ਰਾਹੀਂ ਰਵੀ ਦੀ ਕ੍ਰਾਂਤੀਕਾਰੀ ਆਦਰਸ਼ਵਾਦੀ ਹੋਂਦ ਨੂੰ ਸਿਰਜਤ ਕੀਤਾ ਗਿਆ ਹੈ, ਉਸ ਦੀ ਇਸ ਖੱਬੇ ਪੱਖੀ ਸੋਚ ਦਾ ਆਧਾਰ ਕਿਸਾਨੀ ਸੰਕਟ ਨਾਲ ਜੂਝਦੇ ਇਲਾਕਿਆਂ, ਪਰਿਵਾਰਾਂ ਦੇ ਇਲਾਕਾਈ ਸਰਵੇਖਣ ਉਪਰੰਤ ਪਰਿਵਾਰਾਂ ਦੀ ਤ੍ਰਾਸਦੀ ਉਸ ਦੇ ਅੰਤਰਕਰਨ ਨੂੰ ਝੰਜੋੜਨਾ ਹੈ। ਦੂਸਰਾ ਇਨ੍ਹਾਂ ਤ੍ਰਾਸਦੀਆਂ ਪਿੱਛੇ ਕਾਰਜਸ਼ੀਲ ਵਿਸ਼ਵੀਕਰਨ ਅਤੇ ਉਦਾਰੀਕਰਨ ਦੀ ਪੂੰਜੀਪਤੀ ਹਿਤੈਸ਼ੀ ਪ੍ਰਣਾਲੀ ਦੇ ਸੱਟਰਕਲਚਰ ਜਾਲ ਦੇ ਸਿਧਾਂਤਕੀ ਸਰੂਪ ਨੂੰ ਸਮਝਣ ਹਿੱਤ ਤੇ ਵਿਦਵਾਨਾਂ ਦੀਆਂ ਲਿਖਤਾਂ ਨੂੰ ਪੜ੍ਹਨ ਦਾ ਕਾਰਜ ਵੀ ਉਸ ਦੀ ਹੋਂਦ 'ਤੇ ਪ੍ਰਭਾਵੀ ਸ੍ਰੋਤ ਹੋ ਨਿੱਬੜਦਾ ਹੈ।" (ਬਾਵਾ, "ਖੇਤਾਂ ਦਾ ਰੁਦਨ (ਨਾਵਲ) ਬਲਬੀਰ ਪਰਵਾਨਾ" , *ਸਿਰਜਣਾ 171,* ਜਨਵਰੀ-ਮਾਰਚ 2014, 83)

*'ਖੇਤਾਂ ਦਾ ਰੁਦਨ'* ਨਾਵਲ ਰਾਹੀਂ ਪਰਵਾਨਾ ਨੇ ਕਿਸਾਨੀ ਸੰਕਟ ਨਾਲ ਜੂਝ ਰਹੇ ਕਿਸਾਨਾਂ ਦੀਆਂ ਸਮੱਸਿਆ ਨੂੰ ਰੂਪਮਾਨ ਕੀਤਾ ਹੈ। ਉਸ ਨੇ ਪੂੰਜੀਵਾਦੀ ਉਦਾਰਵਾਦੀ ਕਾਰਪੋਰੇਟ ਮਾਡਲ ਦੀਆਂ ਕੋਝੀਆਂ ਨੀਤੀਆਂ ਦੀ ਚਰਚਾ ਕੀਤੀ ਹੈ।

ਜਿੱਥੇ ਰਵਿੰਦਰ ਰਵੀ ਦੇ ਮਾਲਤੀ ਸ਼ਰਮਾ ਨਾਲ ਪ੍ਰੇਮ ਸੰਬੰਧ ਹਨ, ਉੱਥੇ ਹੀ ਰਵੀ ਸਰਕਾਰ ਦੀਆਂ ਕੋਝੀਆਂ ਨੀਤੀਆਂ ਪ੍ਰਤੀ ਖੱਬੇ ਪੱਖੀ ਸੋਚ ਰੱਖਦਾ ਹੈ। ਰਵੀ ਕਿਸਾਨੀ ਸੰਕਟ ਨਾਲ ਜੂਝ ਰਹੇ ਕਿਸਾਨੀ ਪਰਿਵਾਰਾਂ ਦੀ ਸਥਿਤੀ ਨੂੰ ਪੇਸ਼ ਕਰਦਾ ਹੈ। ਇਸ ਸੰਕਟ ਨਾਲ ਸੰਬੰਧਿਤ ਉਹ ਪੰਜਾਬੀ ਭਾਸ਼ਾ ਵਿੱਚ ਪੀਐੱਚ. ਡੀ. ਦੀ ਡਿਗਰੀ ਕਰ ਰਿਹਾ ਹੈ। ਕਾਰਪੋਰੇਟ ਮਾਡਲ ਅਤੇ ਸਰਮਾਏਦਾਰੀ ਨੇ ਖੇਤੀ ਦੀ ਹਰ ਪੱਖੋਂ ਲੁੱਟ ਕੀਤੀ ਹੈ। ਇਸ ਦੀ ਉਦਾਹਰਨ ਹੇਠ ਲਿਖੀਆਂ ਨਾਵਲ *'ਖੇਤਾਂ ਦਾ ਰੁਦਨ'* ਦੀਆਂ ਸਤਰਾਂ 'ਚੋਂ ਦੇਖੀ ਜਾ ਸਕਦੀ ਹੈ ਜਿਵੇਂ:

> "ਕਾਰਪੋਰੇਟ ਪੂੰਜੀ; ਜਿਹੜੀ ਆਪਣੀ ਜਕੜ ਵਿੱਚ ਸਮੁੱਚੇ ਰਾਜਤੰਤਰ ਨੂੰ ਜਕੜ ਰਹੀ ਹੈ। ਅਸੀਂ ਮੁੱਢਲੇ ਕਬਾਇਲੀ ਗੁਲਾਮਦਾਰੀ, ਜਗੀਰਦਾਰੀ, ਸਰਮਾਏਦਾਰੀ ਤੇ ਹੁਣ ਕਾਰਪੋਰੇਟ ਪੂੰਜੀ ਦੇ ਯੁੱਗ ਨੂੰ ਵੱਖ ਵੱਖ ਦੌਰਾਂ 'ਚ ਵੰਡ ਕੇ ਹੀ ਜਾਇਦਾਦ ਦੇ ਬਦਲਦੇ ਅਜੋਕੇ ਰੂਪ ਨੂੰ ਸਮਝ ਸਕਦੇ ਹਾਂ। ਇਹ ਵੀ ਕਿ ਇਸ ਨੇ ਕੁਦਰਤੀ ਖ਼ਜ਼ਾਨਿਆਂ ਦੀ ਲੁੱਟ ਲਈ ਕਿਵੇਂ ਤਬਾਹੀ ਮਚਾਈ। ਧਰਤੀ ਉਸ ਲਈ ਮਾਂ ਨਹੀਂ, ਪੂੰਜੀ ਪੈਦਾ ਕਰਨ ਵਾਲਾ ਯੰਤਰ ਮਾਤਰ ਹੈ,...ਪਰ ਇਹ ਵੀ ਇਸ ਦਾ ਉੱਚਤਮ ਤੇ ਆਖ਼ਰੀ ਰੂਪ ਨਹੀਂ ਹੈ। ਭਲਕ ਨੂੰ ਇਹ ਮੁਹਾਣ ਹੋਰ ਵੀ ਹਾਬੜੂੰ ਭਰੇ ਰਾਹ ਮੁੜ ਸਕਦਾ ਹੈ। ਬਹੁਤ ਸਾਰੀਆਂ ਮਲਟੀਨੈਸ਼ਨਲ ਦੀ ਬਜਾਇ ਕਿਤੇ ਦੋ ਚਾਰ ਹੀ ਏਨਾ ਧੜਵੈਲ ਰੂਪ ਅਖ਼ਤਿਆਰ ਕਰ ਲੈਣ ਕਿ ਸਾਰੇ ਸੰਸਾਰ ਦੀ ਆਰਥਿਕਤਾ ਤੇ ਰਾਜ-ਤੰਤਰ ਨੂੰ ਕਾਬੂ ਹੇਠ ਲੈ ਆਉਣ ਜਾਂ ਕੋਈ ਹੋਰ ਰੂਪ ਵੀ...ਪੂੰਜੀ ਦੇ ਇਹ ਬਦਲਦੇ ਸਰੂਪ, ਸਮਾਜ ਦੀ ਸੰਰਚਨਾ ਨੂੰ ਵੀ ਨਾਲੋਂ-ਨਾਲ ਬਦਲ ਰਹੇ ਹਨ।" (ਪਰਵਾਨਾ, "ਖੇਤਾਂ ਦਾ ਰੁਦਨ" 29)

ਪੂੰਜੀਵਾਦੀ ਕਾਰਪੋਰੇਟ ਮਾਡਲ ਨੇ ਜ਼ਮੀਨ ਨੂੰ ਕਿਸਾਨ ਦੀ ਮਾਂ ਨਹੀਂ ਰਹਿਣ ਦਿੱਤਾ ਸਗੋਂ ਵਧੇਰੇ ਪੂੰਜੀ ਕਮਾਉਣ ਦਾ ਇੱਕ ਯੰਤਰ ਬਣਾ ਦਿੱਤਾ ਹੈ। ਮਲਟੀਨੈਸ਼ਨਲ ਕੰਪਨੀਆਂ ਇਸ ਹੜ੍ਹ ਨੂੰ ਹੋਰ ਤੇਜ਼ ਕਰ ਰਹੀਆਂ ਹਨ। ਇਸੇ ਹੜ੍ਹ ਕਾਰਨ ਨਿਮਨ ਕਿਸਾਨ ਅਤੇ ਉਨ੍ਹਾਂ ਦੇ ਪਰਿਵਾਰ ਪਿਸ ਰਹੇ ਹਨ। ਇਸ ਵਰਤਾਰੇ ਦੀਆਂ ਕੋਝੀਆਂ ਨੀਤੀਆਂ ਨਿਮਨ ਕਿਸਾਨਾਂ ਨੂੰ ਦਿਨ ਪ੍ਰਤੀ ਦਿਨ ਨਿਗਲਣ ਦੇ ਨਾਲ-ਨਾਲ ਕਿਸਾਨੀ ਜੀਵਨ ਨੂੰ ਕੰਗਾਲੀਕਰਨ ਦੇ ਰਾਹ ਵੱਲ ਵੀ ਧੱਕ ਰਹੀਆਂ ਹਨ। ਜਿਵੇਂ:

> ਸਤਿੰਦਰਪਾਲ ਸਿੰਘ ਬਾਵਾ ਨਾਵਲ *'ਖੇਤਾਂ ਦਾ ਰੁਦਨ'* ਬਾਰੇ ਲਿਖਦੇ ਹਨ ਕਿ, "ਨਾਵਲਕਾਰ ਨਿਰੰਤਰ ਸਮਾਜਵਾਦ ਨੂੰ ਢਾਹ ਲਾਉਣ ਵਾਲੇ ਪੂੰਜੀਵਾਦ ਦੇ ਬਦਲਦੇ ਅਰਥਚਾਰੇ ਅਤੇ ਇਸ ਦੇ ਪਾਸਾਰ ਦੇ ਨਵੀਨ ਤਰਕਾ ਨੂੰ ਸਮਝਣ ਅਤੇ ਆਪਣੀਆਂ ਲਿਖਤਾਂ ਰਾਹੀਂ ਇਸ ਮਾਰੂ ਅਰਥਚਾਰੇ ਦੇ ਗ਼ਲਬੇ ਦੀਆਂ ਸਵਾਰਥੀ ਨੀਤੀਆਂ ਅਤੇ ਪ੍ਰਣਾਲੀਆਂ ਦੇ ਪਾਜ ਉਘਾੜਨ ਲਈ ਯਤਨਸ਼ੀਲ ਹੈ। ਉਸ ਦਾ ਹੱਥਲਾ ਨਾਵਲ ਵੀ ਪੂੰਜੀਵਾਦ ਦੇ ਘਾਤਕ ਹਮਲੇ ਦੀ ਡੰਗੀ ਨਿਮਨ ਕਿਸਾਨੀ ਦੇ ਹਤਾਸ਼, ਕੰਗਾਲ ਅਤੇ ਚਰਿੱਤਰਕ ਸਰੂਪ ਨੂੰ ਮੂਰਤੀਮਾਨ ਕਰਨ ਲਈ ਅਹੁਲਦਾ ਹੈ।" ( "ਖੇਤਾਂ ਦਾ ਰੁਦਨ (ਨਾਵਲ) ਬਲਬੀਰ ਪਰਵਾਨਾ" , *ਸਿਰਜਣਾ-171,* ਜਨਵਰੀ-ਮਾਰਚ 2014, 82)

ਪਰਵਾਨਾ ਨੇ *'ਖੇਤਾਂ ਦਾ ਰੁਦਨ'* ਨਾਵਲ ਰਾਹੀਂ ਪੂੰਜੀਵਾਦੀ ਦੌਰ ਕਾਰਨ ਬਦਲੀ ਆਰਥਿਕਤਾ ਅਤੇ ਇਸ ਦੇ ਕਿਸਾਨੀ ਜੀਵਨ ਉੱਪਰ ਪਏ ਮਾਰੂ ਪ੍ਰਭਾਵ ਨੂੰ ਉਘਾੜਨ ਦਾ ਯਤਨ ਕੀਤਾ ਹੈ। ਸਰਕਾਰ ਦੀਆਂ ਸਵਾਰਥੀ ਨੀਤੀਆਂ ਅਤੇ ਤੇਜ਼ ਹੋਈ ਕੰਗਾਲੀ ਕਰਨ ਦੀ ਪ੍ਰਕਿਰਿਆ ਨੂੰ ਚਿਤਰਦਾ ਹੋਇਆ ਨਿਮਨ ਕਿਸਾਨੀ ਜੀਵਨ ਵਿਚਲੀਆਂ ਸਮੱਸਿਆਵਾਂ ਨੂੰ ਰੂਪਮਾਨ ਕਰਦਾ ਹੈ।

ਇਸ ਪੂੰਜੀਵਾਦੀ ਕਾਰਪੋਰੇਟ ਮਾਡਲ ਨੇ ਕਿਸਾਨੀ ਜੀਵਨ 'ਚ ਤਬਾਹੀ ਮਚਾ ਦਿੱਤੀ ਹੈ। ਖੇਤੀ ਦਾ ਧੰਦਾ ਆਪਣੀ ਰਵਾਇਤ ਨਾਲੋਂ ਟੁੱਟ ਕੇ ਆਧੁਨਿਕ ਮਸ਼ੀਨੀਕਰਨ ਵੱਲ ਧੱਕਿਆ ਗਿਆ। ਜਿਸ ਕਾਰਨ ਉਪਜੀਵਿਕਾ ਕਮਾਉਣ ਵਾਲੇ ਛੋਟੇ ਧੰਦੇ ਖ਼ਤਮ ਹੋਣੇ ਆਰੰਭ ਹੋ ਗਏ। ਇਸ ਬਾਰੇ ਨਾਵਲ ਵਿੱਚੋਂ ਪ੍ਰਾਪਤ ਸਤਰਾਂ 'ਚੋਂ ਜਾਣਕਾਰੀ ਮਿਲਦੀ ਹੈ ਜਿਵੇਂ:

> "ਕਿਸਾਨ ਖ਼ੁਦਕੁਸ਼ੀਆਂ ਨੂੰ ਸਮੁੱਚੇ ਸਮਾਜਕ ਵਰਤਾਰੇ ਦੇ ਵਹਿਣ ਤੋਂ ਤੋੜ ਕੇ ਨਹੀਂ ਦੇਖਿਆ ਜਾ ਸਕਦਾ। ਇਹੀ ਤਾਂ ਸਟੇਟ ਦੀ ਮੰਸ਼ਾ ਹੈ। ਇਹ ਦੇਖਣ ਦੀ ਲੋੜ ਹੈ ਕਿ ਸਮਾਜਕ ਵਿਕਾਸ ਦਾ ਅਜੋਕਾ ਮਾਡਲ ਹੈ ਕਿਸ ਦੇ ਹਿੱਤ ਵਿੱਚ। ਸਥਾਨਕ ਇੰਡਸਟਰੀ ਤਬਾਹ ਹੋ ਰਹੀ ਹੈ, ਸਪੈਸ਼ਲਾਈਜੇਸ਼ਨ ਦੇ ਨਾਂ ਉੱਪਰ ਕਾਰਪੋਰੇਟ ਘਰਾਨਿਆਂ ਨੂੰ ਕੇਂਦਰ 'ਚ ਲਿਆਂਦਾ ਜਾ ਰਿਹਾ ਹੈ ਤੇ ਘਰੇਲੂ ਉਤਪਾਦਨ ਨੂੰ ਬਾਹਰ ਹਾਸ਼ੀਏ ਵੱਲ ਧੱਕਿਆ ਜਾ ਰਿਹਾ ਹੈ। ਹੱਲ, ਫਾਲੇ, ਦਾਤਰੀਆਂ ਮਧਾਣੀਆਂ, ਰੱਸੇ, ਰੱਸੀਆਂ ਵਾਣ ਵੱਟਣ ਜਿਹੇ ਉਦਯੋਗ ਆਪਣੀ ਮੁੱਢਲੀ ਸਟੇਜ ਤੋਂ ਹੀ ਗ਼ਾਇਬ ਹੋ ਗਏ ਹਨ। ਕਿਉਂਕਿ ਇਨ੍ਹਾਂ ਚੀਜ਼ਾਂ ਦੀ ਲੋੜ ਹੀ ਨਹੀਂ ਰਹੀ ਸਮਾਜ 'ਚ। ਕਣਕ ਕੁਤਰਨ ਵਾਲੇ ਥਰੈਸ਼ਰ ਬਣਾਉਣ ਨਾਲ ਸੰਬੰਧਿਤ ਸ਼ਹਿਰਾਂ, ਛੋਟੇ ਕਸਬਿਆਂ 'ਚ ਥਾਂ-ਥਾਂ ਉੱਭਰਿਆ ਧੰਦਾ ਕੰਬਾਈਨਾਂ ਨੇ ਖਾ ਲਿਆ...ਬਹੁਤ ਕੁੱਝ ਹੈ ਇਹੋ ਜਿਹਾ...ਕਿਸਾਨ ਖ਼ੁਦਕੁਸ਼ੀਆਂ ਨੂੰ ਸਮਝਣ ਲਈ ਇਸ ਅਪਣਾਏ ਗਏ ਵਿਕਾਸ ਮਾਡਲ ਦੀ ਸਮਝ ਬਹੁਤ ਜ਼ਰੂਰੀ ਹੈ।" (ਪਰਵਾਨਾ, "ਖੇਤਾਂ ਦਾ ਰੁਦਨ" 34)

ਕਿਸਾਨੀ ਜੀਵਨ ਦਾ ਨਿਘਾਰ ਵੱਲ ਜਾਣ ਦਾ ਮੁੱਖ ਕਾਰਨ ਕਾਰਪੋਰੇਟ ਪੂੰਜੀਵਾਦ ਦਾ ਅਨ੍ਹੇਵਾਹ ਵਿਕਾਸ ਹੋਣਾ ਹੈ। ਇਸ ਦੌਰ ਨੇ ਕੇਵਲ ਵਿਕਾਸ ਹੀ ਨਹੀਂ ਕੀਤਾ ਸਗੋਂ ਖੇਤੀ ਦੇ ਪੁਰਾਤਨ ਧੰਦਿਆਂ ਨੂੰ ਪਿੱਛੇ ਧੱਕ ਕੇ ਆਧੁਨਿਕ ਮਸ਼ੀਨਰੀ ਨੂੰ ਇਸ ਧੰਦੇ ਵਿੱਚ ਲੈ ਆਂਦਾ ਹੈ। ਇਸ ਨਾਲ ਪੈਦਾਵਾਰ ਤਾਂ ਵਧੀ ਪਰ ਇਸ ਦਾ ਵਧੇਰੇ ਲਾਭ ਉੱਚ ਘਰਾਣਿਆਂ ਨੂੰ ਹੋਇਆ। ਇਸ ਮਾਡਲ ਨੇ ਨਿਮਨ ਕਿਸਾਨੀ ਨੂੰ ਆਖ਼ਰੀ ਸਾਹਾਂ 'ਤੇ ਲੈ ਆਂਦਾ। ਹਰ ਵਸਤੂ ਕਿਸਾਨ ਮੰਡੀ ਲਈ ਬੀਜਣ ਲੱਗਾ। ਇਸ ਦੌਰ ਨੇ ਕਿਸਾਨੀ ਜੀਵਨ ਨੂੰ ਕੇਵਲ ਆਰਥਿਕ ਸੰਤਾਪ ਹੀ ਨਹੀਂ ਦਿੱਤਾ ਸਗੋਂ ਮਾਨਸਿਕ ਪ੍ਰੇਸ਼ਾਨੀ ਦਾ ਸ਼ਿਕਾਰ ਵੀ ਬਣਾਇਆ ਹੈ।

> ਡਾ. ਅੰਮ੍ਰਿਤਪਾਲ ਕੌਰ ਆਪਣੇ ਲੇਖ *"ਪੂੰਜੀਵਾਦੀ ਦੌਰ 'ਚ ਖੇਤਾਂ ਦਾ ਰੁਦਨ"* ਬਾਰੇ ਲਿਖਦੀ ਹੈ ਕਿ, "ਨਾਵਲੀ ਬਿਰਤਾਂਤ ਵਿੱਚ ਪੰਜਾਬ ਦੀ ਖੇਤੀਬਾੜੀ ਦਾ ਮਸ਼ੀਨੀਕਰਨ, ਪਿੰਡਾਂ ਦਾ ਸ਼ਹਿਰੀਕਰਨ ਨਾਵਲੀ ਸੰਵੇਦਨਾ ਦਾ ਇੱਕ

ਅਹਿਮ ਝਰੋਖਾ ਹੈ, ਜਿਸ ਰਾਹੀਂ ਨਾਵਲਕਾਰ ਬਦਲ ਰਹੀਆਂ ਕਦਰਾਂ ਕੀਮਤਾਂ, ਰੂਪਾਂਤਰਿਤ ਹੋ ਰਹੇ ਰਿਸ਼ਤਿਆਂ ਨੂੰ ਇਕਾਗਰਤਾ ਨਾਲ ਪੇਸ਼ ਕਰਦਾ ਹੈ। ਸੱਠਵੇਂ ਸੱਤਰਵੇਂ ਦਹਾਕੇ ਵਿੱਚ ਪੰਜਾਬ ਵਿੱਚ ਆਈ ਹਰੀ ਕ੍ਰਾਂਤੀ ਕਾਰਨ ਬੜੀ ਤੇਜ਼ੀ ਨਾਲ ਵਾਪਰੇ ਇਸ ਬਦਲਾਉ ਨੂੰ ਪਰਵਾਨਾ ਨੇ ਸਿਧਾਂਤਾਂ, ਵਿਚਾਰਾਂ, ਵਿਹਾਰਾਂ ਤੇ ਵਰਤਾਰਿਆਂ ਰਾਹੀਂ ਰੂਪਮਾਨ ਕੀਤਾ ਹੈ। ਪਰ ਹਰ ਫ਼ਸਲ ਲਈ ਆਸਵੰਦ ਹੁੰਦਾ ਕਿਸਾਨ ਪੀੜੀ ਦਰ ਪੀੜੀ ਕਰਜ਼ੇ ਦੇ ਸੰਤਾਪ ਨੂੰ ਭੋਗ ਰਿਹਾ ਹੈ।" (*ਕਹਾਣੀ ਧਾਰਾ,* ਅਕਤੂਬਰ-ਦਸੰਬਰ 2013, 65)

ਪੰਜਾਬ ਵਿੱਚ ਖੇਤੀਬਾੜੀ ਦਾ ਮਸ਼ੀਨੀਕਰਨ ਹੋਣ ਨਾਲ ਖੇਤੀ ਦਾ ਧੰਦਾ ਕੁੱਝ ਕੁ ਹੱਥਾਂ 'ਚ ਸੀਮਿਤ ਹੋ ਕੇ ਰਹਿ ਗਿਆ ਹੈ। ਇਸ ਮਸ਼ੀਨੀਕਰਨ ਨੇ ਪਿੰਡਾਂ ਅਤੇ ਸ਼ਹਿਰਾਂ ਦੇ ਜੀਵਨ ਨੂੰ ਜੜ੍ਹੋਂ ਹਿਲਾ ਕੇ ਰੱਖ ਦਿੱਤਾ। ਮਸ਼ੀਨੀਕਰਨ ਦੇ ਦੌਰ ਨੇ ਆਰਥਿਕ ਪਾੜਾ ਤੇਜ਼ ਕੀਤਾ। ਕਿਸਾਨੀ ਜੀਵਨ ਦਿਨ ਪ੍ਰਤੀ ਦਿਨ ਕਰਜ਼ੇ ਦੀ ਪ੍ਰਕਿਰਿਆ ਵਿੱਚ ਫਸਣ ਲੱਗਾ। ਪੰਜਾਬ ਦੇ 79% ਕਿਸਾਨ ਕਰਜ਼ੇ ਦੇ ਭਾਰ ਹੇਠ ਦੱਬੇ ਹੋਏ ਹਨ। ਕੇਵਲ ਕਿਸਾਨੀ ਧੰਦੇ ਲਈ ਹੀ ਨਹੀਂ ਸਗੋਂ ਆਪਣੇ ਪਰਿਵਾਰ ਦੀਆਂ ਜ਼ਰੂਰਤਾਂ ਲਈ ਵੀ ਕਰਜ਼ੇ ਦੀ ਪ੍ਰਕਿਰਿਆ ਵਿੱਚ ਫਸੇ ਹੋਏ ਹਨ। ਇਸੇ ਦੀ ਉਦਾਹਰਨ ਨਾਵਲ *'ਖੇਤਾਂ ਦਾ ਰੁਦਨ'* ਵਿੱਚੋਂ ਦੇਖ ਸਕਦੇ ਹਾਂ ਜਿਵੇਂ:

"ਇੰਜ ਕਿੰਨਾ ਕੁ ਚਿਰ ਚੱਲੇਗਾ...ਤੈਨੂੰ ਕੀ ਪਤਾ, ਜ਼ਮੀਨ 'ਚ ਕਿੰਨੀ ਕੁ ਆਮਦਨ ਨਿਕਲਦੀ ਐ...ਆਪ ਤੰਗ ਹੋ ਕੇ, ਕਰਜ਼ਾ ਚੁੱਕ ਕੇ ਤੇਰੀ ਪੜ੍ਹਾਈ 'ਤੇ ਲਾਉਂਦੇ ਰਹੇ ਕਿ ਤੂੰ ਕਿਤੇ ਲੱਗ ਗਿਆ ਤਾਂ ਆਪੇ ਘਰ ਦੇ ਧੋਣੇ ਧੋਤੇ ਜਾਣਗੇ।" (ਪਰਵਾਨਾ, "ਖੇਤਾਂ ਦਾ ਰੁਦਨ" 23)

ਇਸ ਦੌਰ ਨੇ ਕਿਸਾਨੀ ਦੀ ਆਰਥਿਕ ਸਥਿਤੀ ਇੰਨੀ ਪਤਲੀ ਕਰ ਦਿੱਤੀ ਹੈ ਕਿ ਕਿਸਾਨ ਆਪਣੇ ਬੱਚਿਆਂ ਦੀ ਪੜ੍ਹਾਈ ਲਈ ਕਰਜ਼ਾ ਚੁੱਕਣ ਲਈ ਮਜਬੂਰ ਹਨ। ਰਵਿੰਦਰ ਰਵੀ ਦਾ ਪਿਤਾ ਉਚੇਰੇ ਭਵਿੱਖ ਲਈ ਨਿਰੰਤਰ ਜੱਦੋ ਜ਼ਹਿਰ ਕਰਦਾ ਹੋਇਆ ਕਰਜ਼ੇ ਦੀ ਪ੍ਰਕਿਰਿਆ ਅੰਦਰ ਫਸਦਾ ਜਾਂਦਾ ਹੈ। ਹੋਰ ਨਿਮਾਣੇ ਹੋ ਰਹੇ ਖੇਤੀਬਾੜੀ ਆਧਾਰਿਤ ਪਰਿਵਾਰਾਂ ਦੀ ਸਥਿਤੀ ਨੂੰ ਸਿਰਜਕੇ ਪੰਜਾਬੀ ਸਭਿਆਚਾਰ 'ਚ 'ਉੱਤਮ' ਖੇਤੀ ਦੀ ਮਿੱਥ ਨੂੰ ਤੋੜਦਾ ਹੈ। ਹਰੀ ਕ੍ਰਾਂਤੀ ਦਾ ਸ਼ੋਰ ਮਚਾ ਰਹੇ ਪੰਜਾਬ ਦੇ ਖੇਤੀ ਅਰਥਚਾਰੇ ਦੀ ਜਰਜਰ ਹੋ ਰਹੀ ਸਥਿਤੀ ਦਾ ਖ਼ੌਫ਼ਨਾਕ ਪ੍ਰਮਾਣ ਸਾਡੇ ਸਾਹਮਣੇ ਪੇਸ਼ ਕੀਤਾ ਹੈ। ਨਾਵਲ ਦਾ ਮੁੱਖ ਪਾਤਰ ਰਵਿੰਦਰ ਰਵੀ ਦੁਆਰਾ ਲਿਖੀ ਜਾ ਰਹੀ ਕਿਤਾਬ 'ਨਵਾਂ ਆਰਥਿਕ ਵਰਤਾਰਾ ਤੇ ਕਿਸਾਨ ਆਤਮ ਹੱਤਿਆਵਾਂ' ਦੁਆਰਾ ਇਸ ਸਾਰੇ ਪ੍ਰਬੰਧ ਨੂੰ ਤਹਿਸ-ਨਹਿਸ ਕਰ ਰਹੀਆਂ ਪਰਿਸਥਿਤੀਆਂ ਬਾਰੇ ਚਰਚਾ ਕਰਦਾ ਹੈ ਜੋ ਕਿ ਛੋਟੀ ਕਿਸਾਨੀ ਨੂੰ ਖੂਹ 'ਚ ਧੱਕ ਰਹੀਆਂ ਹਨ।

ਇਸ ਵਿਸ਼ਵੀਕਰਨ ਕਾਰਪੋਰੇਟ ਮਾਡਲ ਦੇ ਪ੍ਰਭਾਵ ਕਾਰਨ ਪੰਜਾਬ ਦੀ ਨਿਮਨ ਕਿਸਾਨੀ ਮਾੜੀ ਆਰਥਿਕਤਾ ਦੇ ਚੱਲਦਿਆਂ ਜ਼ਮੀਨ ਵੇਚ ਕੇ ਮਜਬੂਰੀ ਵੱਸ ਇਸ ਧੰਦੇ 'ਚੋਂ ਬਾਹਰ ਨਿਕਲਣ ਦੀ ਪ੍ਰਕਿਰਿਆ ਆਰੰਭ ਹੋਈ। ਨਿਮਨ ਕਿਸਾਨ

ਕਰਜ਼ੇ ਦੇ ਚੱਲਦਿਆਂ ਜ਼ਮੀਨਾਂ ਵੇਚਣ ਲੱਗੇ। ਇਸ ਸਮਾਜਿਕ ਅਰਥਚਾਰੇ 'ਚ ਕਾਰਪੋਰੇਟ ਪੂੰਜੀ ਦਾ ਵਰਤਾਰਾ ਪਿੰਡਾਂ ਦੇ ਲੋਕਾਂ ਲਈ ਜ਼ਿੰਦਗੀ ਜਿਊਣ ਦੇ ਨਵੇਂ ਢੰਗ ਲੈ ਕੇ ਆਇਆ। ਇਹ ਵਰਤਾਰਾ ਵੀ ਲੋਕਾਂ ਦੇ ਮਨ੍ਹਾਂ 'ਚ ਨਿਰਾ ਭੁਲੇਖਾ ਹੀ ਸਿਰਜਦਾ ਹੈ। ਇਸ ਦਾ ਪ੍ਰਗਟਾਅ ਪਰਵਾਨਾ ਤੇ ਨਾਵਲੀ ਪਾਠ *'ਅੰਬਰ ਵੱਲ ਉਡਾਣ'* 'ਚ ਆਏ ਕੁੱਝ ਵੇਰਵਿਆਂ ਦਾ ਚਿਹਨਕੀ ਪਰਿਪੇਖ ਆਧੁਨਿਕਤਾ ਦੇ ਭਰਨ ਹੇਠ ਚੁੰਧਿਆਏ ਲੋਕਾਂ ਰਾਹੀਂ ਕੀਤਾ ਹੈ ਜਿਵੇਂ:

> "ਚੱਲੋ ਜਿਹੋ ਜਿਹਾ ਵੀ ਸੀ ਪੁਗਾ ਗਿਆ, "ਜਗੀਰੀ ਦੀ ਗੱਲ ਕਰਦਿਆਂ ਰਤਨੇ ਦੀਆਂ ਅੱਖਾਂ 'ਚ ਹੰਝੂ ਸਿੰਮ ਆਏ" ਅਗਾਂਹ ਔਲਾਦ ਵਧੀਆ ਸੈੱਟ ਹੋ ਗਈ...ਮੁੰਡਾ ਕਹਿੰਦੇ ਇਟਲੀ 'ਚ ਕਿਸੇ ਚੰਗੀ ਨੌਕਰੀ 'ਤੇ ਲੱਗ ਗਿਆ ਐ। ਵੱਡੀ ਕੁੜੀ ਆਪਣੇ ਘਰ ਸੁੱਖੀ ਵੱਸਦੀ ਐ...ਹੋਰ ਕੀ ਚਾਹੀਦਾ ਬੰਦੇ ਨੂੰ ...ਛੋਟੀ ਕੁੜੀ ਵੀ ਕਿਸੇ ਵੱਡੇ ਅਹੁਦੇ 'ਤੇ ਲੱਗਦੀ ਹੈ। ਮੈਂ ਪਿਛਲੇ ਦਿਨੀ ਦੇਖੀ ਸੀ। ਗੇਟ ਬਣ ਰਿਹਾ ਸੀ ਤਾਂ ਮਿਸਤਰੀ ਨੂੰ ਕੁੱਝ ਸਮਝਾ ਰਹੀ ਸੀ। ਮਗਰ ਵੱਡੀ ਸਾਰੀ ਗੱਡੀ। ਇਉਂ ਬਣੀ ਫਬੀ ਸੀ ਜਿਵੇਂ ਐਕਟਰਨੀਆਂ ਹੁੰਦੀਆਂ...ਇੰਨੀ ਤਰੱਕੀ ਕੀਤੀ ਐ ਹੋਰ ਕਿਸੇ ਕੁੜੀ ਨੇ ਪਿੰਡ 'ਚ।" (ਪਰਵਾਨਾ, "ਅੰਬਰ ਵੱਲ ਉਡਾਣ" 155-156)

ਆਧੁਨਿਕਤਾ ਕਾਰਨ ਆਈ ਨਵੀਂ ਜੀਵਨ ਜਾਂਚ ਦੇ ਪਏ ਭਾਰ ਨੂੰ ਵੀ ਪਰਵਾਨਾ ਨੇ ਜਗੀਰੀ ਦੀ ਧੀ ਪਾਲੀ ਰਾਹੀਂ ਚਿਤਰਿਆ ਹੈ। ਪਾਲੀ ਇਸ ਆਧੁਨਿਕ ਜੀਵਨ ਜਾਂਚ ਦਾ ਸ਼ਿਕਾਰ ਹੋਈ ਆਪਣੀ ਜ਼ਿੰਦਗੀ 'ਚ ਪੈਸੇ ਕਮਾਉਣ ਲਈ ਨਾਜਾਇਜ਼ ਢੰਗ ਵਰਤਦੀ ਹੈ। ਉੱਥੇ ਪਿੰਡ ਦੇ ਲੋਕ ਇਸ ਨੂੰ ਚੰਗੀ ਨੌਕਰੀ ਉੱਪਰ ਲੱਗੀ ਸਮਝਦੇ ਹਨ। ਉੱਥੇ ਹੀ ਪਾਲੀ ਖੇਤੀ ਦੇ ਧੰਦੇ ਨੂੰ ਨਕਾਰਦੀ ਹੋਈ ਜਗੀਰੀ ਨੂੰ ਜ਼ਮੀਨ ਵੇਚਣ ਲਈ ਪ੍ਰੇਰਦੀ ਹੈ। ਜਿਵੇਂ:

> "ਪਾਲੀ ਵੀ ਪਟਿਆਲਿਓਂ ਆਈ ਹੋਈ ਸੀ। ਉਹ ਜ਼ਮੀਨ ਮਹਿੰਗੀ ਸਸਤੀ ਵੇਚ ਦੇਣ ਦੇ ਹੱਕ 'ਚ ਸੀ, "ਇੱਥੇ ਹੈ ਕੀ? ਨਾ ਆਸੇ ਪਾਸੇ ਕੋਈ ਘਰ, ਨਾ ਮੁਹੱਲਾ...ਇਸੇ ਕਰ ਕੇ ਇੱਥੇ ਮੇਰੀ ਕੋਈ ਸਹੇਲੀ ਵੀ ਨਹੀਂ...ਮੁਕੇਰੀਆਂ ਜਾਂ ਭੰਗਾਲੇ ਘਰ ਖ਼ਰੀਦ ਲੈਂਦੇ ਹਾਂ...।" ਉਹ ਭੁੱਲ ਜਾਂਦੀ ਸੀ ਕਿ ਜਦੋਂ ਪਿੰਡ ਵਾਲਾ ਘਰ ਵੇਚਣ ਦੀ ਗੱਲ ਤੁਰੀ ਸੀ ਤਾਂ ਉਦੋਂ ਉਹ ਵੀ ਬਹੁਤ ਉਤਸ਼ਾਹਿਤ ਸੀ, "ਉੱਥੇ ਬਾਹਰ ਰਹਾਂਗੇ। ਨਾਲ ਲਗਵਾਂ ਰਿਜ਼ੋਰਟ...ਭਾਵੇਂ ਘਰ ਦੇ ਸਾਹਮਣੇ ਖੜ੍ਹੇ ਹੋ ਗਏ, ਮਿੰਨੀ ਬੱਸ, ਟੈਂਪੂ ਉੱਥੋਂ ਹੀ ਮਿਲ ਜਾਇਆ ਕਰਨਾ ਸ਼ਹਿਰ ਜਾਣ ਲਈ ਜਾਂ ਵੱਧ ਤੋਂ ਵੱਧ ਜੀ. ਟੀ. ਰੋਡ ਵਾਲੀ ਤਿੰਨ ਕੋਨੀ 'ਤੇ ਆ ਗਏ......ਇੱਥੋਂ ਘਰੋਂ ਅੱਧਾ-ਪੌਣਾ ਘੰਟਾ ਪਹਿਲਾ ਹੀ ਤਿਆਰੀ ਕਰ ਕੇ ਤੁਰੋ...ਫਿਰ ਵੀ ਪਤਾ ਨਹੀਂ...।"
>
> "ਮੁਕੇਰੀਆਂ ਪੁੱਤ ਕਰਾਂਗੇ ਕੀ?", ਜਗੀਰੀ ਉਸ ਨੂੰ ਸਮਝਾਉਣੀਆਂ ਦਿੰਦਾ।
>
> "ਕਿੱਲਾ ਵੇਚ ਲੈਂਦਾ ਹਾਂ।" (ਪਰਵਾਨਾ, "ਅੰਬਰ ਵੱਲ ਉਡਾਣ" 109)

ਨਿਮਨ ਕਿਸਾਨੀ ਵਰਗ ਨਾਲ ਸੰਬੰਧਿਤ ਜਗੀਰੀ ਭਾਵੇਂ ਜ਼ਮੀਨ ਨਹੀਂ ਵੇਚਣਾ ਚਾਹੁੰਦਾ ਪਰ ਆਧੁਨਿਕਤਾ ਦੇ ਪ੍ਰਭਾਵ ਨੂੰ ਕਬੂਲਦੀ ਜਗੀਰੀ ਦੀ ਧੀ ਪਾਲੀ ਜ਼ਮੀਨ ਵੇਚਣ ਲਈ ਉਸਨੂੰ ਪ੍ਰੇਰਿਤ ਕਰਦੀ ਹੈ। ਪਾਲੀ ਜ਼ਮੀਨ ਵੇਚ ਕੇ ਸ਼ਹਿਰੀ ਪੂੰਜੀਵਾਦੀ ਦੌਰ ਨਾਲ ਸੰਬੰਧਿਤ ਜ਼ਿੰਦਗੀ ਜਿਊਣਾ ਚਾਹੁੰਦੀ ਹੈ। ਅਜਿਹੇ ਪੂੰਜੀਵਾਦੀ ਦੌਰ ਕਾਰਨ ਨਿਮਨ ਕਿਸਾਨੀ ਆਪਣੀਆਂ ਜ਼ਰੂਰਤਾਂ ਅਤੇ ਐਸ਼ ਵਾਲੀ ਜ਼ਿੰਦਗੀ ਜਿਊਣ ਲਈ ਜ਼ਮੀਨੀ ਪ੍ਰਕਿਰਿਆ 'ਚੋਂ ਬਾਹਰ ਹੋ ਰਹੀ ਹੈ।

> ਡਾ. ਪਰਮਜੀਤ ਕੌਰ ਸਿੱਧੂ ਦੇ ਲਫ਼ਜ਼ਾਂ ਵਿੱਚ ਕਿ, "ਵੀਹਵੀਂ ਸਦੀ ਦੇ ਆਖ਼ਰੀ ਦਹਾਕੇ ਵਿੱਚ ਹੀ ਵਿਸ਼ਵੀਕਰਨ ਦਾ ਵਰਤਾਰਾ ਉੱਭਰ ਕੇ ਸਾਹਮਣੇ ਆਉਂਦਾ ਹੈ ਜੋ ਇੱਕੀਵੀਂ ਸਦੀ ਵਿੱਚ ਆਪਣੇ ਸਿਖਰ 'ਤੇ ਪਹੁੰਚਦਾ ਹੈ। ਇਸ ਵਰਤਾਰੇ ਦੀਆਂ ਜੜ੍ਹਾਂ ਸੋਵੀਅਤ ਯੂਨੀਅਨ ਦੇ ਟੁੱਟਣ 'ਤੇ ਸੰਸਾਰ ਪੱਧਰ 'ਤੇ ਤਾਕਤਾਂ ਦੇ ਇੱਕ ਧਰੁਵੀ ਹੋਣ ਵਿਚ ਮੌਜੂਦ ਹਨ। ਭਾਰਤੀ ਅਰਥ ਵਿਵਸਥਾ ਇਸ ਸਮੇਂ ਯੋਜਨਾਬੱਧ ਵਿਕਾਸ ਦੀ ਥਾਂ ਮੰਡੀ ਆਧਾਰਿਤ ਵਿਕਾਸ ਦਾ ਸੰਕਲਪ ਸਾਹਮਣੇ ਆਉਂਦਾ ਹੈ। ਇਸ ਦੇ ਪ੍ਰਭਾਵ ਅਧੀਨ ਪਬਲਿਕ ਮਾਡਲ ਤੋਂ ਕਾਰਪੋਰੇਟ ਮਾਡਲ ਦਾ ਸਫ਼ਰ ਪੰਜਾਬ ਦੀ ਅਰਥ ਵਿਵਸਥਾ ਦੀ ਸੋਚ ਬਣ ਕੇ ਉੱਤਰਦਾ ਹੈ। ਸਮਾਜ ਵਿੱਚ ਸਨਅਤੀਕਰਨ ਦੀ ਪ੍ਰਕਿਰਿਆ ਵੀ ਇਸੇ ਪ੍ਰਭਾਵ ਅਧੀਨ ਗਤੀਸ਼ੀਲ ਹੁੰਦੀ ਹੈ। ਇਸ ਸਨਅਤੀਕਰਨ ਦੀ ਪ੍ਰਕਿਰਿਆ ਦਾ ਮਾਨਨ ਵਿਰੋਧੀ ਪੱਖ ਮੁਨਾਫ਼ੇ ਦੀ ਅੰਨ੍ਹੀ ਦੌੜ ਨਾਲ ਜੁੜਿਆ ਹੋਇਆ ਹੈ। ਇਸ ਦੌੜ ਅਧੀਨ ਹੀ ਕਾਰਪੋਰੇਟ ਮਾਡਲ ਵੱਲੋਂ ਸਨਅਤ ਵਾਸਤੇ ਜ਼ਮੀਨ ਐਕਵਾਇਰ ਕਰਨ ਲਈ ਕਾਨੂੰਨੀ ਢੰਗ ਦੀ ਮਦਦ ਲਈ ਜਾ ਰਹੀ ਹੈ, ਇਸ ਸਥਿਤੀ ਨੇ ਪੰਜਾਬ ਦੇ ਕਿਸਾਨ ਅੰਦਰ ਬੇਜ਼ਮੀਨੇ ਹੋਣ ਦਾ ਅਹਿਸਾਸ ਪੈਦਾ ਕੀਤਾ ਹੈ। ਇਸ ਪ੍ਰਕਿਰਿਆ ਨੇ ਕਿਸਾਨ ਦੀ ਸਮਾਜਿਕ ਹੋਂਦ ਅੱਗੇ ਪ੍ਰਸ਼ਨ ਚਿੰਨ੍ਹ ਲਾ ਦਿੱਤਾ ਹੈ।" (“ਪੰਜਾਬੀ ਨਾਵਲ: ਸਿਧਾਂਤ ਤੇ ਸਮੀਖਿਆ” 57)

ਕਾਰਪੋਰੇਟ ਮਾਡਲ ਨੇ ਪੰਜਾਬ ਦੀ ਆਰਥਿਕਤਾ ਨੂੰ ਇੰਨਾ ਪ੍ਰਭਾਵਿਤ ਕੀਤਾ ਕਿ ਸ਼ਹਿਰ ਤਾਂ ਕੀ ਪਿੰਡ ਵੀ ਇਸ ਦੇ ਪ੍ਰਭਾਵ ਤੋਂ ਬਚ ਨਹੀਂ ਸਕੇ। ਹਰ ਮਨੁੱਖ ਮੁਨਾਫ਼ੇ ਦੀ ਦੌੜ ਵਿੱਚ ਸ਼ਾਮਿਲ ਹੋ ਰਿਹਾ ਹੈ। ਇਸੇ ਪ੍ਰਕਿਰਿਆ ਅਧੀਨ ਨਿਮਨ ਕਿਸਾਨੀ ਵੀ ਆਪਣੀ ਜ਼ਮੀਨ ਕਾਰਪੋਰੇਟ ਮਾਡਲ ਦੇ ਅਧੀਨ ਕਰ ਕੇ ਜ਼ਮੀਨੀ ਪ੍ਰਕਿਰਿਆ 'ਚੋ ਬਾਹਰ ਹੋਣੀ ਆਰੰਭ ਹੋਈ। ਜਿਸ ਦਾ ਹਿੱਸਾ ਜਗੀਰੀ ਅਤੇ ਉਸ ਦੇ ਬੱਚੇ ਪਾਲੀ ਅਤੇ ਪਾਲ ਬਣਦੇ ਹਨ। ਜਗੀਰੀ ਆਪਣੀ ਜ਼ਮੀਨ ਸੰਘਾ ਰਿਜ਼ੋਰਟ ਨੂੰ ਵੇਚ ਕੇ ਬੇਜ਼ਮੀਨੀ ਪ੍ਰਕਿਰਿਆ 'ਚ ਸ਼ਾਮਿਲ ਹੁੰਦਾ ਹੈ। ਪਰ ਜ਼ਮੀਨ ਵੇਚ ਕੇ ਜਗੀਰੀ ਹੋਰ ਜ਼ਮੀਨ ਬਣਾਉਣ ਬਾਰੇ ਸੋਚਦਾ ਹੈ। ਜਦੋਂ ਕਿ ਉਸ ਦੇ ਪਰਿਵਾਰ ਦੇ ਬਾਕੀ ਮੈਂਬਰ ਉਸ ਦੇ ਇਸ ਫ਼ੈਸਲੇ ਤੋਂ ਬਿਲਕੁਲ ਉਲਟ ਹਨ। ਪਾਲ ਪਹਿਲਾ ਟੈਕਸੀ ਚਲਾਉਣ ਲੱਗ ਜਾਂਦਾ ਹੈ ਅਤੇ ਫਿਰ ਵਿਦੇਸ਼ ਚਲਾ ਜਾਂਦਾ ਹੈ। ਜਗੀਰੀ ਦੀ ਪਤਨੀ ਮੀਤੋ ਨਵੇਂ ਬਣੇ ਘਰ ਵਿੱਚ ਖ਼ੁਸ਼ ਹੈ। ਕਿਉਂਕਿ ਇੱਥੇ ਆ ਕੇ ਉਸ ਨੂੰ ਭਾਨ ਸਿੰਘ ਨਾਲ ਖੁੱਲ ਖੇਡ ਖੇਡਣ ਵਿੱਚ ਕਿਸੇ ਦੀ ਰੋਕ ਟੋਕ ਨਹੀਂ ਹੈ। ਜ਼ਮੀਨ ਵੇਚਣ ਤੋਂ ਬਾਅਦ ਮੀਤੋ ਦੀ ਰਾਇ ਹੈ ਕਿ,

"ਸੰਘੋ ਕਰ ਕੇ ਆਪਾਂ ਵੀ ਰੋਟੀ ਖਾਣ ਜੋਗੇ ਹੋ ਗਏ ਆ...ਨਹੀਂ, ਨਾਂ ਜ਼ਮੀਨ 'ਚ ਕੁੱਝ ਹੁੰਦਾ ਸੀ ਤੇ ਨਾ ਹੀ ਉਸ ਦਾ ਕੋਈ ਗਾਹਕ ਕੋਈ ਲੱਖ ਕਿੱਲੇ ਨੂੰ ਵੀ ਨਹੀਂ ਸੀ ਪੁੱਛਦਾ।" ਮੀਤੋ ਨੂੰ ਬਦਲਿਆ ਦ੍ਰਿਸ਼ ਚੰਗਾ ਲੱਗਦਾ ਸੀ। ਪੁਰਾਣੇ ਘਰਦੀਆਂ ਤੰਗ ਜਿਹੀਆਂ ਦੋ ਕੋਠੜੀਆਂ ਤੇ ਮੂਹਰੇ ਬਰਾਂਡੇ ਦੀ ਬਜਾਏ ਇੱਥੇ ਖੁੱਲ੍ਹਾ ਡੁੱਲ੍ਹਾ ਘਰ ਸੀ, ਕੋਠੀ ਨੁਮਾ। ਪਾਲ ਦੀ ਸੂਮੋ ਦੀ ਕਮਾਈ ਨਾਲ ਸੌਖਾ ਹੋਇਆ ਹੱਥ। ਜਦੋਂ ਕਿਤੇ ਅੜੀ-ਥੁੜੀ ਪੈ ਜਾਂਦੀ ਤਾਂ ਬੈਂਕ 'ਚੋਂ ਕਢਾ ਲੈਂਦੇ। ਤੇ ਸਭ ਤੋਂ ਵੱਧ ਕੇ ਸੀ ਭਾਨ ਸਿੰਘ ਦਾ ਬੇਰੋਕ-ਟੋਕ ਆਉਣਾ ਜਾਣਾ।" (ਪਰਵਾਨਾ, "ਅੰਬਰ ਵੱਲ ਉਡਾਣ" 56)

ਨਿਮਨ ਕਿਸਾਨੀ ਕੋਲ ਘੱਟ ਜ਼ਮੀਨ ਹੋਣ ਕਾਰਨ ਆਮਦਨ ਵੀ ਘੱਟ ਹੁੰਦੀ ਹੈ। ਜਿਸ ਕਾਰਨ ਨਿਮਨ ਕਿਸਾਨੀ ਆਪਣੀ ਜ਼ਮੀਨ ਵੇਚ ਕੇ ਆਮਦਨ ਦੇ ਹੋਰ ਧੰਦੇ ਅਪਣਾ ਰਹੀ ਹੈ। ਜਗੀਰੀ ਅਤੇ ਉਸ ਦਾ ਪਰਿਵਾਰ ਆਪਣੀ ਜ਼ਮੀਨ ਵੇਚ ਕੇ ਵਧੇਰੇ ਪੂੰਜੀ ਕਮਾਉਣ ਵੱਲ ਰਚਿਤ ਹੁੰਦਾ ਹੈ।

ਪੂੰਜੀਵਾਦੀ ਕਾਰਪੋਰੇਟ ਮਾਡਲ ਨੇ ਆਰਥਿਕਤਾ ਦਾ ਵਰਤਾਰਾ ਇੰਨਾ ਤੇਜ਼ ਕਰ ਦਿੱਤਾ ਕਿ ਅਮੀਰ ਹੋਰ ਅਮੀਰ ਹੋਣ ਲੱਗਾ ਅਤੇ ਗ਼ਰੀਬ ਹੋਰ ਗ਼ਰੀਬ ਹੁੰਦਾ ਗਿਆ। ਇਸ ਦੌਰ ਨੇ ਕਿਸਾਨੀ ਜੀਵਨ ਦੀ ਆਰਥਿਕਤਾ ਨੂੰ ਤਹਿਸ-ਨਹਿਸ ਕਰ ਕੇ ਰੱਖ ਦਿੱਤਾ। ਇਸ ਬਾਰੇ ਨਾਵਲ *'ਖੇਤਾਂ ਦਾ ਰੁਦਨ'* ਵਿੱਚੋਂ ਪ੍ਰਾਪਤ ਵੇਰਵਿਆਂ ਤੋਂ ਪਤਾ ਚੱਲਦਾ ਹੈ ਜਿਵੇਂ:

"ਜਿਹੜੇ ਅਮੀਰ ਹਨ, ਉਹ ਹੋਰ ਅਮੀਰ ਹੋਈ ਜਾ ਰਹੇ ਹਨ ਤੇ ਜਿਹੜੇ ਗ਼ਰੀਬ, ਉਹ ਹੋਰ ਵੀ ਹਾਸ਼ੀਏ 'ਤੇ ਧੱਕੇ ਜਾ ਰਹੇ ਹਨ। ਸਰਕਾਰ ਦੀ ਇਸ ਵਿਕਾਸ ਦਰ ਦਾ ਕੀ ਅਰਥ ਹੈ ਆਮ ਲੋਕਾਂ ਲਈ?" (ਪਰਵਾਨਾ, "ਖੇਤਾਂ ਦਾ ਰੁਦਨ" 54)

ਇਸ ਆਰਥਿਕ ਵਰਤਾਰੇ ਬਾਰੇ ਸਰਕਾਰ ਕੋਈ ਸਾਰ ਨਹੀਂ ਲੈ ਰਹੀ। ਇਸ ਆਰਥਿਕ ਤਹਿਸ-ਨਹਿਸ ਨੇ ਗ਼ਰੀਬ ਨੂੰ ਹੋਰ ਗ਼ਰੀਬ ਕਰ ਕੇ ਸੰਕਟ ਦੀ ਸਥਿਤੀ ਪੈਦਾ ਕਰ ਦਿੱਤੀ ਹੈ। ਇਸ ਸੰਕਟ ਨੇ ਕਿਸਾਨੀ ਜੀਵਨ ਨੂੰ ਵਧੇਰੇ ਪ੍ਰਭਾਵਿਤ ਕਰਨ ਦੇ ਨਾਲ-ਨਾਲ ਅਮੀਰ ਅਤੇ ਗ਼ਰੀਬ ਕਿਸਾਨ ਵਿਚਲੇ ਆਰਥਿਕ ਸੰਤੁਲਨ ਨੂੰ ਜੜ੍ਹੋਂ ਹਿਲਾ ਦਿੱਤਾ ਹੈ।

ਇਸ ਬਾਰੇ ਸਤਿੰਦਰਪਾਲ ਸਿੰਘ ਬਾਵਾ ਦੇ ਵਿਚਾਰ ਵਰਨਣਯੋਗ ਹਨ ਕਿ, "ਇਤਿਹਾਸਕ ਨਿਰੰਤਰਤਾ ਦੌਰਾਨ ਸਾਮੰਤਵਾਦੀ ਦੌਰ ਵਿੱਚ ਜਗੀਰਦਾਰੀ ਤੇ ਮੁਜ਼ਾਰੇਦਾਰੀ ਵਿਚਾਲੇ ਆਰਥਿਕ, ਸਮਾਜਿਕ ਪਾੜ੍ਹੇ ਵਾਲੀ ਅਵਸਥਾ ਨੂੰ ਉਹ ਪਿਛਲੇ ਦੋ ਦਹਾਕਿਆਂ ਦੌਰਾਨ ਪੈਦਾ ਹੋਈ ਧਨੀ ਕਿਸਾਨੀ ਅਤੇ ਨਿਮਨ ਕਿਸਾਨੀ ਵਿਚਲੀਆਂ ਦੋ ਜਮਾਤਾਂ ਦੀ ਆਰਥਿਕਤਾ ਅਤੇ ਸਮਾਜਕ ਅਵਸਥਾ ਵਿਚਲੇ ਅੰਤਰ ਨੂੰ ਤੁਲਨਾਉਂਦਾ ਹੈ। ਉਸ ਅਨੁਸਾਰ ਪਿੰਡਾਂ ਦਾ ਮੰਡੀ ਮੁੱਖੀ ਵਿਕਾਸ ਅੰਗਰੇਜ਼ਾਂ ਦੇ ਆਉਣ ਨਾਲ ਸ਼ੁਰੂ ਹੁੰਦਾ ਹੈ। ਮੰਡੀਆਂ ਦੇ ਵਿਕਾਸ ਨਾਲ ਪੂੰਜੀ ਅਤੇ ਪੂੰਜੀਪਤੀਆਂ ਦਾ ਵਿਕਾਸ ਹੋਇਆ ਨਾ ਕਿ ਖੇਤੀ ਜਾਂ ਖੇਤੀ ਨਾਲ ਜੁੜੇ ਅਰਥਚਾਰੇ ਦਾ। ਯਥਾਰਥ ਪੱਧਰ 'ਤੇ ਇਸ ਬਿਰਤਾਂਤਕ ਪ੍ਰਸੰਗ

ਦੀ ਠੋਸ ਸਾਪੇਖਤਾ ਨਿਸ਼ਚਿਤ ਹੁੰਦੀ ਹੈ ਕਿਉਂਕਿ ਜੇ ਅਜਿਹਾ ਹੁੰਦਾ ਤਾਂ ਕਿਸਾਨੀ ਸੰਕਟ ਇੰਨਾ ਬੰਜਰ ਰੂਪ ਧਾਰਨ ਨਾ ਕਰਦਾ। ਪਰੰਪਰਕ ਖੇਤੀ ਦੀ ਥਾਂ ਮਸ਼ੀਨੀ ਖੇਤੀ ਅਤੇ ਫ਼ਸਲ ਦੇ ਉਤਪਾਦਨ ਨੂੰ ਵਧਾਉਣ ਵਾਲੇ ਕੀਟਨਾਸ਼ਕ ਜਾਂ ਖਾਦਾਂ 'ਤੇ ਆਧਾਰਿਤ ਹੋਣ ਕਾਰਨ ਖੇਤੀ ਦਾ ਮਹਿੰਗਾ ਹੋਣਾ ਅਤੇ ਵੱਧ ਉਤਪਾਦਨ ਹੋਣ ਕਾਰਨ ਮੰਡੀ ਦਾ ਸੰਕਟ ਕਿਸਾਨੀ ਦੀ ਪਹਿਲੀ ਸਮੱਸਿਆ ਸੀ। ਦੂਸਰੀ ਸੱਟ ਵੀਹਵੀਂ ਸਦੀ ਵਿੱਚ ਵਿਸ਼ਵੀਕਰਨ ਅਤੇ ਉਦਾਰੀਕਰਨ ਦੀ ਨੀਤੀ ਨੇ ਮਾਰੀ ਹੈ। ਜਿਸ ਵਿੱਚ ਮੀਡੀਆ, ਮੌਲਜ਼ ਆਦਿ ਕਾਰਪੋਰੇਟ ਵਰਲਡ ਨਾਲ ਜੁੜੇ ਸੰਦਰਭਾਂ ਨੇ ਲੋਕਾਂ ਦੀ ਜੀਵਨ ਜਾਂਚ ਨੂੰ ਖਪਤ ਮੰਡੀ ਦਾ ਸ਼ਿਕਾਰ ਬਣਾਇਆ।" ( "ਖੇਤਾਂ ਦਾ ਰੁਦਨ (ਨਾਵਲ) ਬਲਬੀਰ ਪਰਵਾਨਾ" , *ਸਿਰਜਣਾ 171,* ਜਨਵਰੀ-ਮਾਰਚ 2014, 83)

ਅੰਗਰੇਜ਼ੀ ਸਰਕਾਰ ਦੀ ਆਮਦ ਨਾਲ ਮੰਡੀ ਸਭਿਆਚਾਰ ਦਾ ਵਿਕਾਸ ਹੋਇਆ ਜਿਸ ਨਾਲ ਖੇਤੀ ਵਿੱਚ ਬੀਜਾਂ ਖਾਦਾਂ ਅਤੇ ਕੀਟਨਾਸ਼ਕ ਦਵਾਈਆਂ ਦੀ ਵਰਤੋਂ ਵਧੇਰੇ ਕੀਤੀ ਜਾਣ ਲੱਗੀ। ਇਸੇ ਕਾਰਨ ਫ਼ਸਲ ਉੱਪਰ ਵਧੇਰੇ ਖ਼ਰਚ ਆਉਣ ਲੱਗਾ। ਕਿਸਾਨੀ ਜੀਵਨ ਨੂੰ ਭਾਰੀ ਸੱਟ ਵਿਸ਼ਵੀਕਰਨ, ਉਦਾਰਵਾਦੀ ਅਤੇ ਵਿਸ਼ਵ ਵਪਾਰ ਨੀਤੀਆਂ ਨੇ ਮਾਰੀ। ਇਸ ਨੇ ਕਿਸਾਨੀ ਜੀਵਨ ਦੀ ਆਰਥਿਕਤਾ ਨੂੰ ਹਿਲਾ ਕੇ ਰੱਖ ਦਿੱਤਾ ਜਿਸ ਕਾਰਨ ਕਿਸਾਨੀ ਦਿਨ ਪ੍ਰਤੀ ਦਿਨ ਕਰਜ਼ੇ ਦੀ ਸ਼ਿਕਾਰ ਹੋਣ ਲੱਗੀ। ਕਾਰਪੋਰੇਟ ਮਾਡਲ ਨੇ ਪੰਜਾਬੀ ਜੀਵਨ ਜਾਂਚ ਨੂੰ ਬਦਲਣਾ ਆਰੰਭ ਕਰ ਦਿੱਤਾ। ਰਵਿੰਦਰ ਰਵੀ ਨੂੰ ਵੀ ਇਸੇ ਦੌਰ 'ਚ ਵਿਘਟਤ ਹੋ ਰਹੀਆਂ ਪਰਿਸਥਿਤੀਆਂ ਵਜੋਂ ਰੂਪਮਾਨ ਕੀਤਾ ਗਿਆ ਹੈ। ਰਵਿੰਦਰ ਰਵੀ ਦਾ ਪਹਿਲਾ ਪਿੰਡ ਅਤੇ ਸ਼ਹਿਰ 'ਚ ਰਹਿਣ ਕਾਰਨ ਪੂੰਜੀਵਾਦੀ ਨੀਤੀਆਂ ਕਿਵੇਂ ਧੱਕੇ ਨਾਲ ਉਸ ਦੀ ਮਾਨਸਿਕ ਅਤੇ ਆਰਥਿਕਤਾ ਉੱਪਰ ਹਾਵੀ ਹੁੰਦੀਆਂ ਹਨ। ਨਾਵਲਕਾਰ ਨੇ ਪੰਜਾਬ ਦੇ ਖੇਤੀ ਆਧਾਰਿਤ ਅਰਥਚਾਰੇ ਕਾਰਪੋਰੇਟ ਪੂੰਜੀ ਦੀ ਵੱਧਦੀ ਘੁਸਪੈਠ ਦੇ ਕਾਰਨਾਂ ਵੱਲ ਸਾਡਾ ਧਿਆਨ ਕੇਂਦਰਿਤ ਕਰਵਾਇਆ ਹੈ। ਇਨ੍ਹਾਂ ਗੰਭੀਰ ਅਤੇ ਨਿਘਾਰ ਵੱਲ ਲੈ ਜਾ ਰਹੇ ਸਿੱਟਿਆਂ ਤੋਂ ਚੇਤੰਨ ਕਰਦਾ ਹੈ। ਇਸ ਵਿਸ਼ਵੀਕਰਨ ਦੇ ਅੰਨ੍ਹੇ ਵਿਕਾਸ ਦੇ ਪਿਛੋਕੜ ਵਿੱਚ ਪੱਛਮ ਦੀ ਉਪਭੋਗੀ ਸੰਸਕ੍ਰਿਤੀ ਨੂੰ ਪੇਸ਼ ਕਰਨ ਦੇ ਨਾਲ ਨਾਲ ਨਿਮਨ ਕਿਸਾਨੀ ਦਾ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਵੀ ਬਦਲ ਕੀਤਾ ਗਿਆ। ਕਿਸਾਨੀ ਜੀਵਨ ਅਤੇ ਖੇਤੀਬਾੜੀ ਧੰਦੇ ਦੀ ਤਸਵੀਰ ਨੂੰ ਉਜਾਗਰ ਕੀਤਾ ਹੈ। ਇਸ ਸੰਬੰਧੀ ਨਾਵਲ 'ਚੋਂ ਪ੍ਰਾਪਤ ਟੂਕ ਵਰਨਣਯੋਗ ਹਨ ਜਿਵੇਂ:

"ਖੇਤੀਬਾੜੀ ਯੂਨੀਵਰਸਿਟੀ ਕਿਸਾਨਾਂ ਨੂੰ ਮੰਡੀ ਦੀ ਇਸ ਲੋੜ ਪੂਰਤੀ ਲਈ ਤਕਨੀਕੀ ਤੇ ਮਾਨਸਿਕ ਰੂਪ 'ਚ ਤਿਆਰ ਕਰਨ ਲੱਗੀ। ਹਰਾ ਇਨਕਲਾਬ ਤੇ ਹੁਣ ਕਾਰਪੋਰੇਟ ਪੂੰਜੀ ਦਾ ਦਖ਼ਲ...।" (ਪਰਵਾਨਾ, "ਖੇਤਾਂ ਦਾ ਰੁਦਨ" 41)

ਨਿਮਨ ਕਿਸਾਨੀ ਜੀਵਨ ਉੱਪਰ ਖੇਤੀਬਾੜੀ ਯੂਨੀਵਰਸਿਟੀ ਦੀਆਂ ਨਵੀਆਂ ਤਕਨੀਕਾਂ ਵੀ ਹਾਵੀ ਰਹੀਆਂ। ਇਨ੍ਹਾਂ ਤਕਨੀਕਾਂ ਨੇ ਖੇਤੀ ਧੰਦੇ 'ਤੇ ਆਉਂਦੇ ਖ਼ਰਚ ਵਧਾ ਦਿੱਤੇ। ਕੀਟਨਾਸ਼ਕ ਦਵਾਈਆਂ, ਬੀਜਾਂ, ਖਾਦਾਂ ਉੱਪਰ ਵਧੇਰੇ ਖ਼ਰਚ

ਆਉਣ ਲੱਗਾ। ਕੇਵਲ ਇੱਥੇ ਹੀ ਬਸ ਨਹੀਂ ਸਗੋਂ ਜਿਨਸੀ ਰੁਚੀਆਂ, ਰਿਸ਼ਤਾ ਨਾਤਾ ਪ੍ਰਬੰਧ ਵਿੱਚ ਵੀ ਵਿਗਾੜ ਪੈਦਾ ਕਰ ਦਿੱਤੇ। ਨਵੀਂ ਨੌਜਵਾਨ ਪੀੜ੍ਹੀ ਨੂੰ ਦਿਸ਼ਾਹੀਣਤਾ ਅਤੇ ਪੂੰਜੀ ਪ੍ਰਤੀ ਅੰਨ੍ਹੀ ਦੌੜ 'ਚ ਵਿਖਰ ਰਹੀ ਨੈਤਿਕਤਾ ਨੂੰ ਵੀ ਨਾਵਲ ਵਿੱਚ ਪੇਸ਼ ਕੀਤਾ ਹੈ। ਜਿਵੇਂ:

> "ਰਿਜ਼ੋਰਟ ਮੁੰਡੇ ਕੁੜੀਆਂ ਦੇ ਮਿਲਣ ਦੀ ਥਾਂ ਵੀ ਬਣਨ ਲੱਗਾ ਉੱਥੋਂ ਦੀ ਰੰਗੀਨ ਜ਼ਿੰਦਗੀ ਦੀਆਂ ਅੱਖੀਂ ਡਿੱਠੀਆਂ ਝਲਕੀਆਂ, ਨਵੀਂ ਮੁੰਡੀਰ ਦੇ ਨਾਲ-ਨਾਲ, ਪਿੰਡ ਦੇ ਆਮ ਲੋਕਾਂ ਦੇ ਮਨਾਂ 'ਚ ਵੀ ਸੁਪਨੇ ਜਗਾਉਂਦੀਆਂ, ਜੀਉਣ ਦੀਆਂ ਨਵੀਆਂ ਤਰੰਗਾਂ ਪੈਦਾ ਕਰਦੀਆਂ।" (ਪਰਵਾਨਾ, "ਅੰਬਰ ਵੱਲ ਉਡਾਣ" 72)

ਪੂੰਜੀਵਾਦੀ ਦੌਰ 'ਚ ਸਭ ਤੋਂ ਵਧੇਰੇ ਗ੍ਰਸਤ ਹੋ ਰਹੀ ਨੌਜਵਾਨ ਪੀੜੀ ਆਪਣੇ ਵਰਤਮਾਨ ਅਤੇ ਭਵਿੱਖ ਤੋਂ ਬੇਖ਼ਬਰ ਜਾਪ ਰਹੀ ਹੈ।

> ਪਰਮਜੀਤ ਕੌਰ ਸਿੱਧੂ ਆਪਣੇ ਸ਼ਬਦਾਂ 'ਚ ਲਿਖਦੀ ਹੈ ਕਿ ਪਰਵਾਨਾ ਨੇ ਆਪਣੇ ਨਾਵਲਾਂ ਵਿੱਚ, "ਵਿਸ਼ਵੀਕਰਨ ਦੀ ਪ੍ਰਕਿਰਿਆ ਅਧੀਨ ਖੇਤੀ ਮਾਡਲ ਅਤੇ ਪੇਂਡੂ ਅਰਥਚਾਰੇ ਵਿੱਚ ਆਏ ਸੰਕਟ ਤੇ ਤਬਦੀਲੀ ਨੂੰ ਪੇਸ਼ ਕੀਤਾ ਹੈ। ਇਹ ਨਾਵਲ ਕਿਸਾਨ ਦੇ ਅੰਨਦਾਤਾ ਹੋਣ ਦੀ ਮਿੱਥ ਨੂੰ ਤੋੜਦਾ ਹੋਇਆ ਕਿਸਾਨੀ ਸੰਕਟ ਅਤੇ ਉਸ ਦੇ ਨਵੇਂ ਅਰਥਚਾਰੇ ਵਿੱਚ ਪ੍ਰਵੇਸ਼ ਕਰਨ ਦੀਆਂ ਸਭਿਆਚਾਰਕ ਅਣਚੇਤਨੀ ਧੁਨੀਆਂ ਨੂੰ ਬਹੁ-ਪਰਤਾਂ ਸਮੇਤ ਫੜਦਾ ਹੈ। ਨਾਵਲ ਵਿੱਚ ਖੇਤੀ, ਖੇਤੀ ਵਿੱਚ ਮੰਡੀਕਰਨ ਦੀ ਸਮੱਸਿਆ ਅਤੇ ਕਿਸਾਨੀ ਦੇ ਬਦਲ ਵਜੋਂ ਪੇਸ਼ ਕਿੱਤਿਆਂ ਨੂੰ ਕਿਸਾਨੀ ਸਮਾਜ ਦਾ ਸੰਕਟ ਬਣਾ ਕੇ ਪੇਸ਼ ਕਰਦਾ ਹੈ।" ( "ਪੰਜਾਬੀ ਨਾਵਲ: ਸਿਧਾਂਤ ਤੇ ਸਮੀਖਿਆ" 58)

ਪਰਵਾਨਾ ਨੇ *'ਕਥਾ ਇਸ ਯੁੱਗ ਦੀ'*, *'ਅੰਬਰ ਵੱਲ ਉਡਾਣ'* ਅਤੇ *'ਖੇਤਾਂ ਦਾ ਰੁਦਨ'* ਨਾਵਲਾਂ 'ਚ ਕਿਸਾਨੀ ਜੀਵਨ ਵਿੱਚ ਖੇਤੀਬਾੜੀ ਦਾ ਧੰਦਾ, ਆਰਥਿਕ ਅਤੇ ਸਮਾਜਿਕ ਸੰਕਟ, ਖੇਤੀ ਦਾ ਮੰਡੀਕਰਨ ਆਦਿ ਸਮੱਸਿਆਵਾਂ ਨੂੰ ਆਪਣੇ ਨਾਵਲਾਂ ਵਿੱਚ ਰੂਪਮਾਨ ਕੀਤਾ ਹੈ। ਪਰਵਾਨਾ ਦੇ ਇਹ ਨਾਵਲ ਕੇਵਲ ਕਿਸਾਨੀ ਸੰਕਟ ਨੂੰ ਹੀ ਪੇਸ਼ ਨਹੀਂ ਕਰਦੇ ਸਗੋਂ ਕਿਸਾਨੀ ਸੰਕਟ ਦੇ ਹੱਲਾਂ ਦੀ ਪੇਸ਼ਕਾਰੀ ਵੀ ਕਰਦੇ ਹਨ। ਵਿਸ਼ਵੀਕਰਨ ਮੰਡੀਕਰਨ ਕਾਰਪੋਰੇਟ ਮਾਡਲ ਦੀ ਦੌੜ ਵਿੱਚ ਫਸ ਕੇ ਲੋਕ ਇਹ ਭੁੱਲ ਗਏ ਹਨ ਕਿ ਇਹ ਵਿਕਾਸ ਨਹੀਂ ਅਤੇ ਨਾ ਹੀ ਆਰਥਿਕ ਤਰੱਕੀ ਹੈ। ਇਹ ਵਿਸ਼ਵ ਮੰਡੀ ਵੱਲੋਂ ਕਿਸਾਨਾਂ ਅਤੇ ਆਮ ਲੋਕਾਂ ਨਾਲ ਕੀਤਾ ਜਾ ਰਿਹਾ ਖਿਲਵਾੜ ਹੈ। ਲੋਕਾਂ ਨੂੰ ਵੱਧ ਤੋਂ ਵੱਧ ਪੂੰਜੀਵਾਦ ਦਾ ਗ਼ੁਲਾਮ ਬਣਾਇਆ ਜਾ ਰਿਹਾ ਹੈ। ਇਹ ਮੌਲਜ਼, ਰਿਜ਼ੋਰਟ, ਸਿੱਖਿਆ ਅਦਾਰੇ ਆਦਿ ਆਮ ਮਨੁੱਖ ਦੇ ਆਰਥਿਕ ਅਤੇ ਮਾਨਸਿਕ ਪੱਧਰ ਦੇ ਨਹੀਂ ਹਨ। ਇਸ ਦੀ ਉਦਾਹਰਨ *'ਖੇਤਾਂ ਦਾ ਰੁਦਨ'* 'ਚ ਮਾਲਤੀ ਸ਼ਰਮਾ ਦੇ ਪਾਤਰ ਰਾਹੀਂ ਪਤਾ ਚੱਲਦੀ ਹੈ ਜਿਵੇਂ:

"ਜਦੋਂ ਕਦੀ ਮਾਲਤੀ ਉਸ ਕੋਲ ਰਾਤ ਰੁਕਦੀ ਤੇ ਸਵੇਰੇ ਹੀ ਉਹ ਟੀ. ਵੀ. ਦਾ ਸਵਿੱਚ ਆਨ ਕਰ ਦਿੰਦੀ ਤਾਂ ਉਸ ਨੂੰ ਬੜੀ ਚਿੜ੍ਹ ਚੜ੍ਹਦੀ, "ਯਾਰ, ਤੂੰ ਸਵੇਰੇ ਸਵੇਰੇ ਹੀ ਮਸ਼ਹੂਰੀਆਂ ਦੇਖਣੀਆਂ ਨਾ ਸ਼ੁਰੂ ਕਰ ਦਿਆਂ ਕਰ...ਹੋਇਆ ਕੋਈ ਤੁਹਾਡਾ ਫੇਵਰਿਟ ਪ੍ਰੋਗਰਾਮ ਐ, ਉਹ ਦੇਖ ਲਿਆ। ਕਿਤੇ ਕੋਈ ਖ਼ਬਰ ਦੇਖ ਲਈ...ਪਰ ਇਹ ਕੀ ...? ਹੋਰ ਨਹੀਂ ਤਾਂ ਐਡ ਹੀ ਦੇਖੀ ਜਾਊ..." ਮਾਲਤੀ ਇੱਕ ਤੋਂ ਦੂਸਰਾ ਚੈਨਲ ਬਦਲੀ ਜਾਂਦੀ। ਬਹੁਤੀ ਵਾਰ ਹੋਰ ਨਹੀਂ ਤਾਂ ਨਵੀਆਂ ਲਾਂਚ ਕੀਤੀਆਂ ਜਾ ਰਹੀਆਂ ਚੀਜ਼ਾਂ ਦੀ ਐਡ ਹੀ ਦੇਖਦੀ ਰਹਿੰਦੀ। "ਰਵੀ ਪਤਾ ਤਾਂ ਹੋਣਾ ਹੀ ਚਾਹੀਦਾ ਮਾਰਕੀਟ 'ਚ ਕੀ ਨਵਾਂ ਆ ਰਿਹਾ ਹੈ? ਉਸ ਦੇ ਵਿਸ਼ੇਸ਼ ਫੀਚਰਜ਼ ਕੀ ਹਨ ਤੇ ਕਿਸ ਰੇਂਜ 'ਚ ਹੈ।"

"ਪਰ ਜਦੋਂ ਸਾਡੀ ਲੋੜ ਹੀ ਨਹੀਂ, ਉਸ ਦੇ ਫੀਚਰਜ਼ ਜਾਂ ਰੇਂਜ ਜਾਣਨ ਦਾ ਕੀ ਫ਼ਾਇਦਾ?

"ਲੋੜ ਤਾਂ ਹਰ ਚੀਜ਼ ਦੀ ਹੀ ਹੁੰਦੀ ਹੈ?"

"ਨਹੀਂ ਮਾਲਤੀ...ਇਹ ਮੰਡੀ ਦਾ ਤਰਕ ਹੈ। ਮੰਡੀ ਤੁਹਾਡੇ ਜ਼ਿਹਨ 'ਚ ਇਹ ਕੁੱਟ-ਕੁੱਟ ਕੇ ਭਰ ਰਹੀ ਹੈ ਕਿ ਜੋ ਐਡ ਕੀਤੀ ਜਾ ਰਹੀ ਹੈ ਵਿਸ਼ੇਸ਼ ਚੀਜ਼ ਤੁਹਾਡੀ ਜ਼ਿੰਦਗੀ 'ਚ ਨਹੀਂ ਤਾਂ ਤੁਹਾਡੀ ਜ਼ਿੰਦਗੀ ਅਧੂਰੀ ਹੈ। ਤੁਹਾਡੀ ਜ਼ਿੰਦਗੀ ਸਮੇਂ ਦੇ ਹਾਣ ਦੀ ਨਹੀਂ, ਮਾਡਰਨ ਨਹੀਂ...ਤੁਸੀਂ ਪਛੜੇ ਹੋਏ ਹੋ? ਇਹ ਮੰਡੀ ਦੇ ਤਰਕ ਹਨ ਆਪਣਾ ਪ੍ਰਾਡੈਕਟ ਵੇਚਣ ਦਾ। ਪਰ ਅਫ਼ਸੋਸ ਇਹ ਤਰਕ ਅੱਜ ਦੀ ਜੀਵਨ ਜਾਂਚ ਬਣ ਰਹੇ ਹਨ। ਅਸੀਂ ਲੋੜ ਤੇ ਖਪਤ 'ਚ ਫ਼ਰਕ ਕਰਨਾ ਭੁੱਲ ਗਏ ਹਾਂ। ਚੀਜ਼ਾਂ ਸਹੂਲਤਾਂ ਆਪਣੀਆਂ ਲੋੜਾਂ ਅਨੁਸਾਰ ਨਹੀਂ, ਆਪਣੇ ਵਰਗ ਦੇ ਸਟੇਟਸ, ਸਿੰਬਲ ਅਨੁਸਾਰ ਘਰਾਂ ਦੀ ਸ਼ਾਨ ਬਣ ਰਹੀਆਂ ਹਨ...।" (ਪਰਵਾਨਾ, "ਖੇਤਾਂ ਦਾ ਰੁਦਨ" 57)

ਪੂੰਜੀਵਾਦੀ ਦੌਰ ਹਰ ਵਸਤੂ ਮਸ਼ਹੂਰੀਆਂ ਰਾਹੀਂ ਆਮ ਮਨੁੱਖ ਦੀ ਲੋੜ 'ਤੇ ਥੋਪ ਰਿਹਾ ਹੈ। ਹਰ ਮਨੁੱਖ ਇਸ ਦੌਰ ਵਿੱਚ ਅੰਨ੍ਹੇਵਾਹ ਵਸਤੂ ਨੂੰ ਖ਼ਰੀਦਣ ਦੀ ਇੱਛਾ ਰੱਖਦਾ ਹੈ। ਇਸ ਨਾਵਲ ਵਿੱਚ ਮਾਲਤੀ ਵੀ ਪੂੰਜੀਵਾਦੀ ਦੌਰ ਦਾ ਹਿੱਸਾ ਬਣਦੀ ਹੈ, ਜੋ ਅੰਨ੍ਹੇਵਾਹ ਪੂੰਜੀ ਇਕੱਠੀ ਕਰਨ ਲਈ ਨਾਜਾਇਜ਼ ਢੰਗਾਂ ਨੂੰ ਅਪਣਾਉਂਦੀ ਹੈ। ਭਾਵੇਂ ਇਸ ਦਾ ਢੰਗ ਸਰੀਰਕ ਸੰਬੰਧ ਹੀ ਕਿਉਂ ਨਾ ਹੋਵੇ। ਇਨ੍ਹਾਂ ਅਮੀਰ ਲੋਕਾਂ ਨੇ ਨਿਮਨ ਵਰਗ ਨੂੰ ਵੀ ਇਸ ਦੌਰ ਵੱਲ ਧੱਕ ਦਿੱਤਾ ਹੈ। ਰਵੀ ਵੀ ਕਿਤੇ ਨਾ ਕਿਤੇ ਪੂੰਜੀਵਾਦੀ ਦੌਰ ਦੇ ਅੰਨ੍ਹੇ ਵਿਕਾਸ ਕਾਰਨ, ਮਾਨਸਿਕ ਅਤੇ ਆਰਥਿਕ ਸ਼ੋਸ਼ਣ ਦਾ ਸ਼ਿਕਾਰ ਹੋ ਰਿਹਾ ਹੈ।

ਡਾ. ਜਗਜੀਤ ਸਿੰਘ *'ਪੰਜਾਬੀ ਕਹਾਣੀ: ਕਿਸਾਨੀ ਦੇ ਹੋਂਦਮੂਲਕ ਸਰੋਕਾਰ'* ਪੁਸਤਕ ਦੀ ਭੂਮਿਕਾ 'ਚ ਲਿਖਦੇ ਹਨ, "ਭਾਰਤੀ ਕਿਸਾਨੀ ਦਾ ਸੰਕਟ ਅੰਤਰਰਾਸ਼ਟਰੀ ਵਪਾਰ ਮੰਡੀਆਂ ਦੀਆਂ ਨੀਤੀਆਂ ਤੇ ਸਾਜ਼ਿਸ਼ਾਂ ਕਾਰਨ ਹੋਰ ਡੂੰਘਾ ਹੁੰਦਾ ਗਿਆ। ਅਜੋਕੇ ਵਿਸ਼ਵੀਕਰਨ ਦੇ ਦੌਰ ਵਿੱਚ ਇੱਕ ਨਵੀਂ ਤਰ੍ਹਾਂ ਦੀ ਗ਼ੁਲਾਮੀ ਭਾਰਤ ਵਰਗੇ ਮੁਲਕ ਦੇ ਹਿੱਸੇ ਆਈ। ਉਹ ਸਨਅਤ ਹਿੰਦੁਸਤਾਨ ਵਿੱਚ ਲਾਈ ਗਈ, ਜਿਸ ਦਾ ਪ੍ਰਦੂਸ਼ਣ ਤਾਂ ਇੱਥੇ ਫੈਲੇ, ਧਰਤੀ ਇੱਥੋਂ ਦੀ ਮੱਲ੍ਹੀ

ਜਾਵੇ ਅਤੇ ਤਿਆਰ ਮਾਲ ਇੱਥੇ ਅਤੇ ਬਾਹਰ ਵੇਚਿਆ ਜਾਵੇ। ਇਸ ਦੇ ਨਾਲ-ਨਾਲ ਕਿਸਾਨੀ ਨੂੰ ਐਸਾ ਘੇਰਿਆ ਜਾਵੇ ਕਿ ਉਸ ਦਾ ਬਹੁਤ ਵੱਡਾ ਤਬਕਾ ਆਪਣਾ ਕਿੱਤਾ ਬਦਲਣ ਲਈ ਮਜਬੂਰ ਹੋ ਜਾਵੇ। ਕਿਸਾਨੀ ਦੀ ਆਪਣੀ ਧਰਤੀ ਉੱਤੋਂ ਪ੍ਰਭੂਸੱਤਾ ਖ਼ਤਮ ਹੋਵੇ।" (ਕੰਬੋਜ (ਸੰਪਾ.), "ਪੰਜਾਬੀ ਕਹਾਣੀ: ਕਿਸਾਨੀ ਦੇ ਹੋਂਦਮੂਲਕ ਸਰੋਕਾਰ" 10)

ਇਸ ਵਿਸ਼ਵੀਕਰਨ ਨੇ ਕਿਸਾਨੀ ਤਬਕੇ ਨੂੰ ਆਰਥਿਕ ਪੱਖੋਂ ਤਬਾਹ ਹੀ ਨਹੀਂ ਕੀਤਾ ਸਗੋਂ ਨਿਮਨ ਕਿਸਾਨੀ ਜ਼ਮੀਨ ਵੇਚ ਕੇ ਇਸ ਪ੍ਰਕਿਰਿਆ 'ਚੋਂ ਬਾਹਰ ਨਿਕਲਣੀ ਆਰੰਭ ਹੋਈ। ਉੱਥੇ ਹੀ ਇਸ ਦੌਰ ਨੇ ਆਮ ਮਨੁੱਖ ਦੀ ਜੀਵਨ ਜਾਂਚ ਨੂੰ ਮੰਡੀਕਰਨ ਨਾਲ ਜੋੜ ਦਿੱਤਾ। ਜਿਸ ਕਾਰਨ ਭਾਰਤੀ ਸਭਿਆਚਾਰ ਉੱਪਰ ਸੱਟ ਵੱਜੀ। ਇਸ ਦੌਰ ਦੇ ਪ੍ਰਭਾਵ ਕਾਰਨ ਕਿਸਾਨੀ ਜੀਵਨ ਦੇ ਸਿਰ ਭਾਰੀ ਕਰਜ਼ਾ ਚੜ੍ਹਨਾ ਆਰੰਭ ਹੋ ਗਿਆ। ਫਿਰ ਵੀ ਨਿਮਨ ਕਿਸਾਨੀ ਜਾਂ ਮੱਧਮ ਕਿਸਾਨੀ ਨੇ ਆਪਣੀ ਸ਼ਾਨੋ ਸ਼ੌਕਤ ਨਹੀਂ ਛੱਡੀ। ਅਜੋਕੀ ਪੀੜ੍ਹੀ ਦਿਨ ਬਦਿਨ ਪੂੰਜੀਵਾਦ ਦੀ ਗ਼ੁਲਾਮ ਬਣਦੀ ਜਾ ਰਹੀ ਹੈ। ਜਿਵੇਂ:

> "ਘਰ 'ਚ ਸੱਚੀ ਹੀ ਉਸ ਨੂੰ ਕੋਈ ਕੰਮ ਨਹੀਂ ਸੀ ਦਿਸਦਾ, ਪੈਲੀ ਕਿਰਾਏ ਦੇ ਟਰੈਕਟਰ ਤੋਂ ਵਹਾ ਲੈਂਦੇ ਸਨ, ਵਢਾਈ ਕਟਾਈ ਵੇਲੇ ਕੰਬਾਈਨ ਲਾ ਲੈਂਦੇ। ਤੂੜੀ ਪਰਾਲੀ ਸਾਂਭਣ ਲਈ ਭਈਆਂ ਦੀ ਲੇਬਰ ਠੇਕਾ ਕਰ ਲੈਂਦੀ। ਪਸ਼ੂਆਂ ਦੇ ਨਾਂ 'ਤੇ ਇੱਕ ਮੱਝ, ਇੱਕ ਗਾਂ, ਦੋ ਉਨ੍ਹਾਂ ਦੇ ਕਟਰੂ ਸਨ। ਉਨ੍ਹਾਂ ਨੂੰ ਪੱਠੇ ਪਾਉਣ ਤੋਂ ਬਿਨਾਂ ਹੋਰ ਕੋਈ ਕੰਮ ਉਸ ਨੂੰ ਰੁਟੀਨ 'ਚ ਨਾ ਦਿਸਦਾ, ਜਿਸ 'ਚ ਉਹ ਹੱਥ ਵਟਾ ਸਕੇ। ਬਾਪ ਬਹੁਤਾ ਦਿਨ ਪੱਤਣ ਦੇ ਅੱਡੇ 'ਤੇ ਤਾਸ਼ ਵਾਲੀਆਂ ਚੌਂਕੜੀਆਂ ਕੋਲ ਬੈਠਾ ਰਹਿੰਦਾ ਤੇ ਭਰਾ ਪੱਠਿਆਂ ਦੀਆਂ ਦੋ ਭਰੀਆਂ ਲਿਆ ਕੇ ਘਰ ਪਿਆ ਰਹਿੰਦਾ। ਕਦੀ-ਕਦੀ ਤਾਂ ਉਸ ਨੂੰ ਘਰ ਦੀ ਇਹ ਵਿਹਲ, ਸੁਸਤੀ ਦੇਖ ਕੇ ਖਿਝ ਵੀ ਚੜ੍ਹਦੀ ਪਰ ਉਹ ਕੋਈ ਦਖ਼ਲ ਅੰਦਾਜ਼ੀ ਨਾ ਕਰਦਾ।" (ਪਰਵਾਨਾ, "ਖੇਤਾਂ ਦਾ ਰੁਦਨ" 25)

ਪੂੰਜੀਵਾਦੀ ਵਿਸ਼ਵੀਕਰਨ ਦੇ ਪ੍ਰਭਾਵ ਕਰ ਕੇ ਖੇਤੀਬਾੜੀ ਦੇ ਹੋਏ ਮਸ਼ੀਨੀਕਰਨ ਕਾਰਨ ਨਿਮਨ ਕਿਸਾਨ ਨੂੰ ਹੱਥੀਂ ਮਿਹਨਤ ਤੋਂ ਵਾਂਝਾ ਕਰ ਦਿੱਤਾ। ਖੇਤੀ ਦਾ ਧੰਦਾ ਕਿਰਤ ਮੁੱਖੀ ਨਹੀਂ ਰਿਹਾ ਸਗੋਂ ਕਿਰਤ ਦੀ ਥਾਂ ਮਸ਼ੀਨੀਕਰਨ ਨੇ ਲੈ ਲਈ। ਪਰਵਾਨਾ ਨੇ ਵੀ ਆਪਣੇ ਨਾਵਲਾਂ ਵਿੱਚ ਕਿਸਾਨੀ ਧੰਦੇ ਵਿੱਚ ਹੋਏ ਮਸ਼ੀਨੀਕਰਨ, ਪੂੰਜੀਵਾਦੀ ਕਾਰਪੋਰੇਟ ਮਾਡਲ ਦੇ ਪ੍ਰਭਾਵਾਂ ਨੂੰ ਦ੍ਰਿਸ਼ਟੀਮਾਨ ਕਰਦਾ ਹੈ।

> ਰਾਜਿੰਦਰ ਸਿੰਘ ਕੰਬੋਜ ਦਾ ਵਿਚਾਰ ਹੈ ਕਿ, "ਵਾਰ ਵਾਰ ਕਰਜ਼ਾਈ ਹੋਣ ਦੇ ਬਾਵਜੂਦ ਵੀ ਕਿਸਾਨੀ ਨੇ ਆਪਣੀ ਝੂਠੀ- ਫੋਕੀ ਸ਼ਾਨੋ-ਸ਼ੌਕਤ ਨੂੰ ਨਹੀਂ ਛੱਡਿਆ। ਨਿੱਕਾ ਵੱਡਾ ਹਰ ਕਿਸਾਨ ਵਿਆਹਾਂ ਨੂੰ ਮੈਰਿਜ ਪੈਲਸਾਂ ਵਿੱਚ ਕਰਨ ਦੇ ਨਾਲ-ਨਾਲ ਵਿਆਹਾਂ ਵਿੱਚ ਕਾਰ ਜਾਂ ਮੋਟਰ ਸਾਈਕਲ ਵੀ ਜ਼ਰੂਰ ਦੇ ਰਿਹਾ ਹੈ। ਉਹ ਬਾਜ਼ਾਰ ਜਾਂ ਕਿਤੇ ਹੋਰ ਬਾਹਰ ਟਰੈਕਟਰ ਜਾਂ ਜੀਪ ਤੋਂ ਬਿਨਾਂ ਜਾਣ ਨੂੰ ਉਹ ਆਪਣੀ ਹੇਠੀ ਸਮਝਦਾ ਹੈ। ਦੋ ਕਿੱਲਿਆਂ ਵਾਲਾ ਵੀ ਟਰੈਕਟਰ ਸਮੇਤ ਸਾਰੇ ਸੰਦ ਬਣਵਾ ਰਿਹਾ ਹੈ ਅਤੇ ਵਿਗਿਆਨਕ ਸਹੂਲਤਾਂ ਤੇ ਸੀਰੀ ਤੋਂ ਬਿਨਾਂ ਖੇਤੀ ਕਰਨ ਨੂੰ

ਤਿਆਰ ਨਹੀਂ। ਕਰਜ਼ੇ ਨੂੰ ਉਤਾਰਨ ਨਾਲੋਂ ਉਸ ਨੂੰ ਆਪਣੀ ਸ਼ਾਨੋ ਸ਼ੌਕਤ ਬਣਾਈ ਰੱਖਣ ਦਾ ਫ਼ਿਕਰ ਹੈ, ਹਰੇ ਇਨਕਲਾਬ ਦੇ ਸਿੱਟੇ ਵਜੋਂ ਪੰਜਾਬੀਆਂ ਦੀ ਆਮਦਨ ਦੇ ਨਾਲ-ਨਾਲ ਨਸ਼ਿਆਂ ਦੀ ਖਪਤ ਵੀ ਵਧੀ। ਨਸ਼ਿਆਂ ਨੇ ਪੰਜਾਬੀਆਂ ਨੂੰ ਨਿਕੰਮਾ ਕਰ ਦਿੱਤਾ ਅਤੇ ਉਹ ਹਰ ਸਮੇਂ ਨਸ਼ਿਆਂ ਵਿੱਚ ਮਸਤ ਰਹਿਣ ਲੱਗੇ।" (ਕੰਬੋਜ (ਸੰਪਾ.), "ਪੰਜਾਬੀ ਕਹਾਣੀ: ਕਿਸਾਨੀ ਦੇ ਹੋਂਦਮੂਲਕ ਸਰੋਕਾਰ" 65)

ਇਸ ਦੌਰ ਨੇ ਕਿਸਾਨੀ ਜੀਵਨ ਵਿੱਚ ਬਹੁਤ ਸਾਰੇ ਭਰਮ ਪਾਲ ਦਿੱਤੇ। ਮਸ਼ੀਨੀਕਰਨ ਨੇ ਕਿਸਾਨ ਨੂੰ ਬਿਲਕੁਲ ਵਿਹਲਾ ਕਰ ਦਿੱਤਾ। ਉੱਪਰੋਂ ਦੀ ਵਿਆਹ-ਸ਼ਾਦੀਆਂ ਵਿੱਚ ਝੂਠੀ ਸ਼ਾਨੋ ਸ਼ੌਕਤ ਬਣਾਉਂਦੇ ਹਨ। *'ਅੰਬਰ ਵੱਲ ਉਡਾਣ'* ਨਾਵਲ ਦਾ ਜਗੀਰੀ ਅਤੇ *'ਖੇਤਾਂ ਦਾ ਰੁਦਨ'* ਨਾਵਲ ਵਿਚ ਰਵੀ ਦਾ ਪਿਤਾ ਜੱਟਵਾਦੀ, ਸ਼ਾਨੋ ਸ਼ੌਕਤ ਵਾਲੀ ਜ਼ਿੰਦਗੀ ਜਿਉਂਦੇ ਕਰਜ਼ੇ ਦੀ ਪ੍ਰਕਿਰਿਆ ਵਿੱਚ ਫਸਦੇ ਹਨ। ਇਸੇ ਕਾਰਨ ਜਗੀਰੀ ਅਤੇ ਰਵੀ ਦਾ ਪਿਤਾ ਅਤੇ ਰਵੀ ਖ਼ੁਦ ਨਸ਼ਿਆਂ ਦੀ ਵਰਤੋਂ ਕਰਨ ਲੱਗਦੇ ਹਨ।

ਸਿਮਰਨ ਕੰਗ ਸਿੱਧੂ ਨੇ (ਅਰਥ-ਸ਼ਾਸਤਰ ਵਿਭਾਗ, ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ, 22 ਜੂਨ 2015 ਨੂੰ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵਿਖੇ ਹੋਈ ਮੁਲਾਕਾਤ ਸਮੇਂ) ਦੱਸਿਆ ਕਿ ਪੂੰਜੀਵਾਦੀ ਕਾਰਪੋਰੇਟ ਮਾਡਲ ਨੇ ਨਿਮਨ ਕਿਸਾਨੀ ਨੂੰ ਪੂਰੀ ਤਰ੍ਹਾਂ ਆਪਣੇ ਜਾਲ ਵਿੱਚ ਜਕੜ ਲਿਆ ਹੈ। ਇਸ ਨਾਲ ਫ਼ਸਲ ਉੱਪਰ ਖ਼ਰਚ ਵਧੇਰੇ ਆਉਣ ਲੱਗਾ ਅਤੇ ਆਮਦਨ ਘੱਟ ਹੋਣ ਲੱਗੀ। ਕਿਸਾਨ ਹਰ ਵਸਤੂ ਘਰ ਦੀ ਬਜਾਇ ਮੰਡੀ ਲਈ ਪੈਦਾ ਕਰਨ ਲੱਗੇ ਹਨ। ਇਸ ਦੌਰ 'ਚ ਚੜ੍ਹੇ ਕਰਜ਼ੇ ਦੀ ਪ੍ਰਕਿਰਿਆ ਤੋਂ ਮੁਕਤ ਹੋਣ ਲਈ ਨਿਮਨ ਕਿਸਾਨ ਖੇਤੀ ਦੇ ਧੰਦੇ ਨੂੰ ਤਿਆਗ ਕੇ ਇਸ ਤੋਂ ਬਾਹਰ ਹੋ ਰਿਹਾ ਹੈ। ਨਿਮਨ ਕਿਸਾਨੀ ਆਪਣੇ ਅੰਤਿਮ ਸਾਹਾਂ 'ਤੇ ਪਹੁੰਚ ਗਈ ਹੈ।

ਬਲਬੀਰ ਪਰਵਾਨਾ (15 ਫਰਵਰੀ 2015, ਦਫ਼ਤਰ-ਨਵਾਂ ਜ਼ਮਾਨਾ, ਜਲੰਧਰ ਵਿਖੇ) ਨੇ ਵਿਸ਼ਵੀਕਰਨ ਪੂੰਜੀਵਾਦੀ ਕਾਰਪੋਰੇਟ ਮਾਡਲ ਬਾਰੇ ਗੱਲਬਾਤ ਕਰਦਿਆਂ ਦੱਸਿਆ ਕਿ ਵਿਸ਼ਵੀਕਰਨ ਪੂੰਜੀਵਾਦੀ ਦੌਰ ਨੇ ਬਹੁਤ ਸਾਰੀਆਂ ਤਰੱਕੀਆਂ ਕੀਤੀਆਂ। ਖੇਤੀਬਾੜੀ ਨੂੰ ਤਕਨਾਲੋਜੀ ਭਰਪੂਰ ਬਣਾ ਦਿੱਤਾ ਪਰ ਕੁੱਝ ਸਮੇਂ ਬਾਅਦ ਇਸ ਦੇ ਮਾਰੂ ਪ੍ਰਭਾਵ ਵੀ ਵੇਖਣ ਨੂੰ ਮਿਲੇ। ਇਸ ਦੌਰ ਨੇ ਨਿਮਨ ਕਿਸਾਨੀ ਨੂੰ ਆਰਥਿਕ ਸੰਤਾਪ ਦਿੱਤਾ ਕਿ ਉਹ ਆਪਣੇ ਆਖ਼ਰੀ ਸਾਹਾਂ 'ਤੇ ਆ ਖੜ੍ਹੀ ਜਿਸ ਦਾ ਨਿਰਾਸ਼ ਪ੍ਰਗਟਾਅ ਆਤਮ ਹੱਤਿਆਵਾਂ ਵੀ ਰਿਹਾ। ਇਸ ਦੌਰ ਨੇ ਕਿਸਾਨਾਂ ਨੂੰ ਮਾਂ ਵਰਗੀ ਜ਼ਮੀਨ ਨੂੰ ਵੇਚਣ ਲਈ ਮਜਬੂਰ ਕਰ ਦਿੱਤਾ। ਜਿਸ ਕਾਰਨ ਨਿਮਨ ਕਿਸਾਨੀ ਆਪਣੀ ਜ਼ਮੀਨ ਵੇਚ ਕੇ ਬੇਜ਼ਮੀਨੇ ਹੋਣ ਦੀ ਪ੍ਰਕਿਰਿਆ ਵਿੱਚ ਸ਼ਾਮਿਲ ਹੋਣ ਲੱਗੀ।

ਵਿਸ਼ਵੀਕਰਨ ਪੂੰਜੀਵਾਦੀ ਕਾਰਪੋਰੇਟ ਮਾਡਲ ਅਤੇ ਮੰਡੀਕਰਨ ਨੇ ਨਿਮਨ ਕਿਸਾਨੀ ਜੀਵਨ ਨੂੰ ਬਹੁਤ ਪ੍ਰਭਾਵਿਤ ਕੀਤਾ। ਕਿਸਾਨੀ ਜੀਵਨ ਆਰਥਿਕ ਅਤੇ ਮਾਨਸਿਕ ਸ਼ੋਸ਼ਣ ਦਾ ਸ਼ਿਕਾਰ ਹੋਇਆ। ਇਸ ਕਾਰਪੋਰੇਟ ਮਾਡਲ ਨੇ ਪੂੰਜੀ ਦੇ ਪੰਜੇ

ਪਿੰਡਾਂ ਉੱਪਰ ਵੀ ਫੈਲਾਏ। ਕਿਸਾਨੀ ਜ਼ਮੀਨ ਵੇਚ ਕੇ ਇਸ ਪ੍ਰਕਿਰਿਆ 'ਚੋ ਬਾਹਰ ਹੋਣ ਲੱਗੀ। ਜਿਹੜੇ ਕਿਸਾਨਾਂ ਸਿਰ ਕਰਜ਼ੇ ਭਾਰ ਕਾਰਨ ਮਾਨਸਿਕ ਸੰਤਾਪ ਦੇ ਚੱਲਦਿਆਂ ਆਤਮਹੱਤਿਆ ਕਰਨ ਲੱਗੇ। ਪਰਵਾਨਾ ਨੇ *'ਖੇਤਾਂ ਦਾ ਰੁਦਨ'* ਨਾਵਲ ਵਿੱਚ ਕਿਸਾਨਾਂ ਵੱਲੋਂ ਕੀਤੀਆਂ ਜਾਂਦੀਆਂ ਆਤਮ ਹੱਤਿਆਵਾਂ ਨੂੰ ਨਵਾਲੀ ਬਿਰਤਾਂਤ ਦਾ ਹਿੱਸਾ ਬਣਾਇਆ ਜਿਵੇਂ:

"ਕਹਿੰਦੇ ਮਰਨ ਤੋਂ ਦੋ ਦਿਨ ਪਹਿਲਾ ਉਹ ਤਿਆਰ ਹੋ ਕੇ ਕਿਤੇ ਗਿਆ ਸੀ। ਕਿਸੇ ਨੂੰ ਨਹੀਂ ਪਤਾ, ਉਹ ਕਿੱਥੇ ਗਿਆ ਸੀ। ਕਿਉਂ ਗਿਆ ਸੀ? ਉਸ ਰਾਤ ਉਹ ਕਿੱਥੇ ਰਿਹਾ? ਦੂਸਰੇ ਦਿਨ ਸ਼ਾਮ ਜਿਹੀ ਨੂੰ ਉਹ ਘਰ ਵੜਿਆ ਤੇ ਘਰੋ ਇਹ ਕਹਿ ਕੇ ਖੇਤ ਨੂੰ ਚਲਾ ਗਿਆ ਕਿ ਪਨੀਰੀ ਨੂੰ ਪਾਣੀ ਦੇਖਦਾ, ਜੇ ਨਾਲੇ 'ਚ ਆਉਂਦਾ ਹੋਇਆ ਤਾਂ...।" ਫਿਰ ਅੱਧੀ ਰਾਤ ਨੂੰ ਉਸ ਦੀ ਲਾਸ਼ ਹੀ ਘਰ ਆਈ। ਕਦੋਂ ਕੀੜੇ ਮਾਰ ਦਵਾਈ ਪੀਤੀ ਤੇ ਕਦੋਂ ਅੱਡੀਆਂ ਰਗੜਦਾ ਮਰਿਆ ਪਤਾ ਨਹੀਂ...।" (ਪਰਵਾਨਾ, "ਖੇਤਾਂ ਦਾ ਰੁਦਨ" 68)

ਉਪਰੋਕਤ ਟੂਕ ਤੋਂ ਪਤਾ ਚੱਲਦਾ ਹੈ ਕਿ ਪ੍ਰੀਤਮ ਸਿੰਘ ਨੇ ਮਾੜੀ ਆਰਥਿਕਤਾ ਦੇ ਚੱਲਦਿਆਂ ਕੀਟਨਾਸ਼ਕ ਦਵਾਈ ਪੀ ਕੇ ਆਤਮ ਹੱਤਿਆ ਕਰ ਲਈ। ਕਿਉਂਕਿ ਉਸ ਨੇ ਆਪਣੀ ਧੀ ਦੇ ਵਿਆਹ ਅਤੇ ਮੁੰਡੇ ਦੀ ਪੜ੍ਹਾਈ ਲਈ ਬੈਂਕ ਅਤੇ ਆੜ੍ਹਤੀਆਂ ਤੋਂ ਕਰਜ਼ਾ ਲਿਆ ਜਿਸ ਨੂੰ ਮੋੜਨ ਵਿੱਚ ਅਸਫਲ ਰਿਹਾ ਸੀ।

> ਡਾ. ਸੁਰਜੀਤ ਬਰਾੜ ਦਾ ਵਿਚਾਰ ਹੈ ਕਿ, "ਇਹ ਨਾਵਲ ਧਰਤੀ ਤੋਂ ਟੁੱਟ ਰਹੀ ਸੀਮਾਂਤ ਕਿਸਾਨੀ ਦੇ ਸੰਕਟ ਨੂੰ ਅੰਕਿਤ ਕਰਦਾ ਹੈ। ਕਿਸਾਨੀ ਘਰਾਂ 'ਚ ਗ਼ੁਰਬਤ ਹੈ, ਸਿਰ 'ਤੇ ਭਾਰੀ ਕਰਜ਼ੇ ਦੀ ਪੰਡ ਹੈ। ਗ਼ੁਰਬਤ ਅਤੇ ਕਰਜ਼ੇ ਕਾਰਨ ਖ਼ੁਦਕੁਸ਼ੀਆਂ ਦਾ ਰੁਝਾਨ ਵਧਿਆ ਹੈ।" ( "ਸਮਾਜਕ ਦੁਖਾਂਤ ਰਾਹੀਂ ਚੇਤਨਾ ਦਿੰਦੀ ਕ੍ਰਿਤ" , *ਐਤਵਾਰਤਾ, ਜਲੰਧਰ: ਨਵਾਂ ਜ਼ਮਾਨਾ,* 27 ਜੁਲਾਈ 2014, 3)

> ਸਤਿੰਦਰਪਾਲ ਸਿੰਘ ਬਾਵਾ ਦੇ ਸ਼ਬਦਾਂ 'ਚ, "ਖੇਤੀ ਦੇ ਵਧਦੇ ਖ਼ਰਚਿਆਂ ਅਤੇ ਦਿਖਾਵੇ ਭਰਪੂਰ ਜੀਵਨ ਜਾਂਚ ਸਦਕਾ ਕਰਜ਼ੇ ਵਿੱਚ ਡੁੱਬੇ ਕਿਸਾਨ ਲਈ ਅੰਤਿਮ ਰਾਹ ਆਤਮਹੱਤਿਆ ਹੋ ਨਿੱਬੜਦਾ ਹੈ।" ( "ਖੇਤਾਂ ਦਾ ਰੁਦਨ (ਨਾਵਲ) ਬਲਬੀਰ ਪਰਵਾਨਾ" , *ਸਿਰਜਣਾ-171,* ਜਨਵਰੀ-ਮਾਰਚ 2014, 84)

ਉਪਰੋਕਤ ਹਵਾਲਿਆਂ ਨੂੰ ਆਧਾਰ ਬਣਾ ਕੇ ਨਿਮਨ ਕਿਸਾਨਾਂ ਵੱਲੋਂ ਆਰਥਿਕ ਅਤੇ ਮਾਨਸਿਕ ਸੰਤਾਪ ਦੇ ਚੱਲਦਿਆਂ ਕੀਤੀਆਂ ਗਈਆਂ ਖ਼ੁਦਕੁਸ਼ੀਆਂ ਦੇ ਕੇਸ ਸਟੱਡੀ ਕੀਤੇ ਗਏ ਹਨ ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ ਜਿਵੇਂ:

- ਹਰਬੰਸ ਸਿੰਘ ਪੱਧੇਰ (48) ਪਿੰਡ ਲਹਿਲ, ਤਹਿਸੀਲ ਖੰਨਾ, ਜ਼ਿਲ੍ਹਾ ਲੁਧਿਆਣਾ ਨੇ 31 ਜੁਲਾਈ 2015 ਨੂੰ ਕਰਜ਼ੇ ਦੇ ਤਣਾਉ 'ਚ ਚੱਲਦਿਆਂ ਖ਼ੁਦਕੁਸ਼ੀ ਕਰ ਲਈ। 23 ਮਾਰਚ 2017 ਨੂੰ ਮੁਲਾਕਾਤ ਸਮੇਂ ਮ੍ਰਿਤਕ ਕਿਸਾਨ ਦੇ ਪਿਤਾ ਬੰਤ ਸਿੰਘ ਨੇ ਜਾਣਕਾਰੀ ਅਨੁਸਾਰ ਦੱਸਿਆ ਕਿ ਡੇਢ ਏਕੜ ਜ਼ਮੀਨ ਵਿੱਚੋਂ ਘਰ ਦਾ ਗੁਜ਼ਾਰਾ ਨਾ ਹੋਣ ਕਾਰਨ ਆੜ੍ਹਤੀਆਂ ਤੋਂ ਕਰਜ਼ਾ ਲਿਆ ਸੀ। ਜੋ ਕਦੇ ਬੱਚਿਆਂ ਦੀ ਪੜ੍ਹਾਈ ਲਈ, ਬਿਮਾਰੀਆਂ ਲਈ ਵਰਤਿਆ

ਗਿਆ ਸਭ ਤੋਂ ਵੱਡੇ ਦੁੱਖ ਦੀ ਗੱਲ ਜਦੋਂ ਕੇਸਰ ਸਿੰਘ ਦੀ ਭੈਣ ਦੇ ਪਤੀ ਦੀ ਮੌਤ ਹੋਣ ਤੋਂ ਬਾਅਦ ਸਹੁਰੇ ਪਰਿਵਾਰ ਨੇ ਉਸ ਨੂੰ ਘਰੋਂ ਕੱਢ ਦਿੱਤਾ, ਜਿਸ ਕਾਰਨ ਉਸ ਦਾ ਦੁਬਾਰਾ ਵਿਆਹ ਕਰਨਾ ਪਿਆ। ਇਸੇ ਕਾਰਨ ਹੀ ਘਰ ਦੀ ਆਰਥਿਕ ਸਥਿਤੀ ਵਿਗੜ ਗਈ। ਇਸੇ ਸਥਿਤੀ ਦੇ ਚੱਲਦਿਆਂ ਕੇਸਰ ਸਿੰਘ ਨੇ ਨਹਿਰ ਵਿਚ ਛਾਲ ਮਾਰ ਕੇ ਖ਼ੁਦਕੁਸ਼ੀ ਕਰ ਲਈ।

- ਸਤਨਾਮ ਸਿੰਘ (26) ਪੁੱਤਰ ਨਛੱਤਰ ਸਿੰਘ ਪਿੰਡ ਲਸਾੜਾ ਲੱਖੋਵਾਲ, ਮਲੌਦ, ਜ਼ਿਲ੍ਹਾ ਲੁਧਿਆਣਾ ਨੇ 1 ਜੁਲਾਈ 2015 ਨੂੰ ਕੀਟਨਾਸ਼ਕ ਦਵਾਈ ਪੀ ਕੇ ਆਤਮ ਹੱਤਿਆ ਕਰ ਲਈ। 9 ਦਸੰਬਰ 2016 ਨੂੰ ਹੋਈ ਮੁਲਾਕਾਤ ਸਮੇਂ ਬਸੰਤ ਸਿੰਘ ਦੀ ਪਤਨੀ ਨਿਰਮਲ ਕੌਰ ਨੇ ਜਾਣਕਾਰੀ ਦਿੱਤੀ ਕਿ ਉਨ੍ਹਾਂ ਕੋਲ ਸਿਰਫ਼ 3 ਏਕੜ ਜ਼ਮੀਨ ਹੈ। ਘਰ ਦੀਆਂ ਨਿੱਕੀਆਂ ਮੋਟੀਆਂ ਜ਼ਰੂਰਤਾਂ ਵੀ ਖੇਤੀ 'ਚੋਂ ਪੂਰੀਆਂ ਕਰਨੀਆਂ ਮੁਸ਼ਕਿਲ ਹੁੰਦੀਆਂ ਗਈਆਂ। ਕਈ ਵਾਰ ਕੁਦਰਤੀ ਕਰੋਪੀ ਕਾਰਨ ਵੀ ਫ਼ਸਲ ਤਬਾਹ ਹੋ ਗਈ। ਇਸੇ ਕਾਰਨ ਆੜ੍ਹਤੀਆਂ ਤੋਂ 1.50 ਲੱਖ ਦੇ ਕਰੀਬ ਕਰਜ਼ਾ ਲਿਆ ਸੀ। ਬਸੰਤ ਸਿੰਘ ਨੇ ਬਹੁਤ ਮਿਹਨਤ ਕਰ ਕੇ ਕਰਜ਼ਾ ਮੋੜਨ ਦੀ ਕੋਸ਼ਿਸ਼ ਕੀਤੀ ਪਰ ਕੋਈ ਵਾਹ ਨਹੀਂ ਗਈ। ਜਿਸ ਕਾਰਨ ਆੜ੍ਹਤੀਏ ਨੇ ਅੱਧਾ ਏਕੜ ਜ਼ਮੀਨ ਆਪਣੇ ਨਾਮ ਲਿਖਵਾ ਲਈ। ਇਸੇ ਮਾਨਸਿਕ ਪ੍ਰੇਸ਼ਾਨੀ ਦੇ ਚੱਲਦਿਆਂ ਉਹ ਵਧੇਰੇ ਸ਼ਰਾਬ ਪੀਣ ਲੱਗਾ ਅਤੇ ਇੱਕ ਦਿਨ ਕੀਟਨਾਸ਼ਕ ਦਵਾਈ ਪੀ ਕੇ ਆਤਮ ਹੱਤਿਆ ਕਰ ਲਈ। ਨਿਰਮਲ ਕੌਰ ਨੇ ਦੱਸਿਆ ਕਿ ਉਹ ਇਕੱਲੀ ਹੁਣ ਆਪਣਾ ਅਤੇ ਆਪਣੇ ਬੱਚਿਆ ਦਾ ਪੇਟ ਪਾਲ ਰਹੀ ਹੈ।

- ਮਲਕੀਤ ਸਿੰਘ (63) ਪਿੰਡ ਨਿਜ਼ਾਮਪੁਰ, ਤਹਿਸੀਲ ਪਾਇਲ, ਜ਼ਿਲ੍ਹਾ ਲੁਧਿਆਣਾ ਨੇ 14 ਅਕਤੂਬਰ 2015 ਨੂੰ ਨਹਿਰ ਵਿੱਚ ਛਾਲ ਮਾਰ ਕੇ ਆਪਣੀ ਜੀਵਨ ਲੀਲ੍ਹਾ ਸਮਾਪਤ ਕਰ ਲਈ। 25 ਜੁਲਾਈ 2016 ਨੂੰ ਹੋਈ ਮੁਲਾਕਾਤ ਸਮੇਂ ਮ੍ਰਿਤਕ ਕਿਸਾਨ ਦੇ ਪਿੰਡ ਦੇ ਸਰਪੰਚ ਨੇ ਦੱਸਿਆ ਕਿ ਹਰ ਸਾਲ ਮੀਂਹ, ਹਨ੍ਹੇਰੀ, ਹੜ੍ਹ ਕਾਰਨ ਫ਼ਸਲ ਖ਼ਰਾਬ ਹੋ ਜਾਂਦੀ ਸੀ। ਜਿਸ ਦੇ ਚੱਲਦੇ ਆਰਥਿਕ ਸਥਿਤੀ ਖ਼ਰਾਬ ਹੋ ਗਈ। ਘਰ ਦੇ ਖ਼ਰਚ ਪੂਰੇ ਕਰਨ ਲਈ ਬੈਂਕ ਤੋਂ ਕਰਜ਼ਾ ਲਿਆ। ਕਰਜ਼ਾ ਨਾ ਵਾਪਸ ਕਰਨ ਦੀ ਸੂਰਤ ਵਿੱਚ ਬੈਂਕ ਵਾਲੇ ਵਾਰ-ਵਾਰ ਘਰ ਦੇ ਚੱਕਰ ਮਾਰ ਰਹੇ ਸਨ। ਬੈਂਕ ਵਾਲਿਆਂ ਵੱਲੋਂ ਧਮਕੀਆਂ ਦੇਣ ਕਾਰਨ ਉਸ ਨੇ ਇੱਕ ਦਿਨ ਖੇਤ 'ਚ ਦਰਖ਼ਤ ਨਾਲ ਫਾਹਾ ਲੈ ਕੇ ਖ਼ੁਦਕੁਸ਼ੀ ਕਰ ਲਈ। ਹੁਣ ਉਸ ਦਾ ਪਰਿਵਾਰ ਵਧੇਰੇ ਆਰਥਿਕ ਅਤੇ ਮਾਨਸਿਕ ਸੰਕਟ ਵਿੱਚੋਂ ਗੁਜ਼ਰ ਰਿਹਾ ਹੈ।

- ਨਿਰਮਲ ਸਿੰਘ (53) ਪੁੱਤਰ ਮੁਖ਼ਤਿਆਰ ਸਿੰਘ ਪਿੰਡ ਈਸੜੂ, ਤਹਿਸੀਲ ਖੰਨਾ, ਜ਼ਿਲ੍ਹਾ ਲੁਧਿਆਣਾ ਨੇ 29 ਅਕਤੂਬਰ 2015 ਨੂੰ ਆੜ੍ਹਤੀਆਂ ਅਤੇ ਸਰਕਾਰੀ ਸੁਸਾਇਟੀ ਤੋਂ ਲਏ ਕਰਜ਼ੇ ਕਾਰਨ ਉਸ ਦੀ ਜ਼ਮੀਨ ਕਬਜ਼ੇ ਵਿੱਚ ਲੈ ਲਈ ਸੀ ਜਿਸ ਦੇ ਚੱਲਦਿਆਂ ਖ਼ੁਦਕੁਸ਼ੀ ਕਰ ਲਈ। 18 ਨਵੰਬਰ 2016 ਨੂੰ ਮੁਲਾਕਾਤ ਦੌਰਾਨ ਮ੍ਰਿਤਕ ਕਿਸਾਨ ਦੀ ਮਾਤਾ ਅਤੇ ਪਤਨੀ ਨੇ ਦੱਸਿਆ ਕਿ ਉਸ ਦਾ ਪੁੱਤਰ ਦਿਲ ਦਾ ਮਰੀਜ਼ ਸੀ ਜਿਸ ਦੀ ਉਮਰ ਹਾਲੇ 15

ਸਾਲ ਹੀ ਸੀ। ਉਸ ਦਾ ਪੰਜਾਬ ਵਿੱਚ ਹਰ ਡਾਕਟਰ ਤੋਂ ਇਲਾਜ ਕਰਵਾਇਆ, ਤਿੰਨ ਆਪ੍ਰੇਸ਼ਨ ਵੀ ਹੋਏ ਜਿਸ ਨਾਲ ਆੜ੍ਹਤੀਆਂ ਅਤੇ ਸਰਕਾਰੀ ਸੁਸਾਇਟੀ ਤੋਂ ਕਰਜ਼ਾ ਲਿਆ ਸੀ। ਪੁੱਤਰ ਦੀ ਇਲਾਜ ਦੌਰਾਨ ਮੌਤ ਹੋ ਗਈ। ਜਿਸ ਕਾਰਨ ਘਰ ਦਾ ਮਾਹੌਲ ਬਦਲ ਗਿਆ। ਉੱਪਰ ਦੀ ਤਿੰਨ ਧੀਆਂ ਦਾ ਖ਼ਰਚ। ਆੜ੍ਹਤੀਆਂ ਅਤੇ ਸਰਕਾਰੀ ਸੁਸਾਇਟੀ ਵਾਲੇ ਆਪਣਾ ਪੈਸਾ ਵਾਪਸ ਲੈਣ ਲਈ ਵਾਰ-ਵਾਰ ਘਰ ਦੇ ਚੱਕਰ ਮਾਰ ਰਹੇ ਸਨ। ਖੇਤੀਬਾੜੀ ਦੀ ਫ਼ਸਲ ਤੋਂ ਕਰਜ਼ਾ ਮੁੜ ਨਹੀਂ ਸੀ ਰਿਹਾ। ਜਿਸ ਕਾਰਨ ਉਹ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਰਹਿਣ ਲੱਗਾ। ਰਾਤ ਸਮੇਂ ਸਲਫ਼ਾਸ ਦੀਆਂ ਗੋਲੀਆਂ ਖਾ ਕੇ ਖ਼ੁਦਕੁਸ਼ੀ ਕਰ ਲਈ। ਹੁਣ ਸਾਡੇ ਪਰਿਵਾਰ 'ਚ 5 ਔਰਤਾਂ ਹਨ ਪਰ ਕਮਾਉਣ ਵਾਲਾ ਕੋਈ ਵੀ ਨਹੀਂ।

- ਰੇਸ਼ਮ ਸਿੰਘ (40) ਪਿੰਡ ਸਿੰਕਦਰਪੁਰ, ਬਲਾਕ ਮਾਛੀਵਾੜਾ ਨੇ 29 ਅਕਤੂਬਰ 2013 ਨੂੰ ਆਤਮਹੱਤਿਆ ਕਰ ਲਈ। 30 ਅਗਸਤ 2016 ਮ੍ਰਿਤਕ ਕਿਸਾਨ ਦੀ ਪਤਨੀ ਸੁਖਜੀਤ ਕੌਰ ਨਾਲ ਹੋਈ ਮੁਲਾਕਾਤ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਘਰ ਦੀਆਂ ਜ਼ਰੂਰਤਾਂ ਪੂਰੀਆਂ ਨਾ ਹੋਣ ਕਾਰਨ, ਕਦੇ ਖੇਤੀਬਾੜੀ 'ਚ ਘਾਟਾ, ਕਦੇ ਮੀਂਹ ਹਨ੍ਹੇਰੀ ਕਾਰਨ ਫ਼ਸਲਾਂ ਦਾ ਖ਼ਰਾਬ ਹੋਣਾ ਅਤੇ ਇਸ ਇਲਾਕੇ ਵਿੱਚ ਆਈ ਸੇਮ ਕਾਰਨ ਸਾਰੀ ਜ਼ਮੀਨ ਨੂੰ ਠੀਕ ਕਰਨ ਅਤੇ ਉਪਜਾਊ ਬਣਾਉਣ ਲਈ ਬਹੁਤ ਖ਼ਰਚ ਹੋ ਗਿਆ। ਸਰਕਾਰ ਵੱਲੋਂ ਬਣਾਈਆਂ ਗਈਆਂ ਸਕੀਮਾਂ ਵੀ ਉਨ੍ਹਾਂ ਤੱਕ ਨਾ ਪੁੱਜੀਆਂ। ਉੱਪਰੋਂ ਦੀ ਆਮਦਨ ਦਾ ਕੋਈ ਹੋਰ ਸਾਧਨ ਨਾ ਹੋਣ ਕਾਰਨ ਬੈਂਕ ਤੋਂ ਕਰਜ਼ਾ ਲਿਆ ਸੀ। ਬੈਂਕ ਵਾਲੇ ਆਪਣਾ ਪੈਸਾ ਵਾਪਸ ਲੈਣ ਲਈ ਵਾਰ-ਵਾਰ ਘਰ ਦੇ ਚੱਕਰ ਮਾਰ ਰਹੇ ਸਨ। ਜਿਸ ਤੋਂ ਪ੍ਰੇਸ਼ਾਨ ਹੋ ਕੇ ਉਸ ਨੇ ਆਤਮਹੱਤਿਆ ਕੀਤੀ।

ਕਿਸਾਨ ਆਤਮ ਹੱਤਿਆਵਾਂ ਨਾਲ ਇਕੱਲੇ ਕਿਸਾਨ ਹੀ ਤਬਾਹ ਨਹੀਂ ਹੋ ਰਹੇ ਸਗੋਂ ਇਸ ਦਾ ਆਰਥਿਕ, ਮਾਨਸਿਕ ਅਤੇ ਸਮਾਜਿਕ ਪ੍ਰਭਾਵ ਕਿਸਾਨਾਂ ਦੇ ਪਰਿਵਾਰਾਂ ਉੱਪਰ ਵੀ ਪੈ ਰਹੇ ਹਨ। ਖ਼ੁਦਕੁਸ਼ੀਆਂ ਕਰਨ ਤੋਂ ਬਾਅਦ ਕਿਸਾਨਾਂ ਦੀ ਸਥਿਤੀ ਹੋਰ ਨਿਘਾਰ ਵੱਲ ਜਾ ਰਹੀ ਹੈ। ਪਰਿਵਾਰਾਂ ਨੂੰ ਬਹੁਤ ਸਾਰੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਖ਼ੁਦਕੁਸ਼ੀ ਕੀਤੇ ਕਿਸਾਨਾਂ ਦੇ ਧੀਆਂ ਪੁੱਤਰਾਂ ਦੇ ਵਿਆਹ ਨਹੀਂ ਹੁੰਦੇ, ਜ਼ਮੀਨ ਵਿਕਣੀ ਆਰੰਭ ਹੋ ਜਾਂਦੀ ਹੈ। ਸਮਾਜਿਕ ਦਰਜਾ ਨੀਵਾਂ ਚਲਾ ਜਾਂਦਾ ਹੈ। ਪਰਿਵਾਰ ਦਾ ਮੁੱਖੀ ਜਾਂ ਕਮਾਉਣ ਵਾਲਾ ਕੋਈ ਨਹੀਂ ਰਹਿੰਦਾ ਜਿਸ ਕਾਰਨ ਪਰਿਵਾਰ ਦਿਸ਼ਾਹੀਣ ਹੋ ਜਾਂਦਾ ਹੈ।

ਇਸ ਬਾਰੇ ਬਲਬੀਰ ਪਰਵਾਨਾ ਆਪਣੇ ਨਾਵਲ *'ਖੇਤਾਂ ਦਾ ਰੁਦਨ'* ਵਿੱਚ ਲਿਖਦੇ ਹਨ ਕਿ, "ਪੰਜਾਬ 'ਚ ਕਿਸਾਨਾਂ ਦੀਆਂ ਖੁਦਕੁਸ਼ੀਆਂ ਨਾਲ ਸਿਰਫ਼ ਕਿਸਾਨ ਹੀ ਨਹੀਂ ਮਰ ਰਹੇ ਜਾਂ ਉਹ ਪਰਿਵਾਰ ਹੀ ਤਬਾਹ ਨਹੀਂ ਹੋ ਰਹੇ ਸਗੋਂ ਇਹ ਉਸ ਮਹਾਂ ਰੋਗ ਦੇ ਲੱਛਣ ਹਨ ਜਿਹੜਾ ਖੇਤੀ ਨੂੰ ਅਜਗਰ ਵਾਂਗ ਨਿਗਲ਼ਦਾ ਜਾ ਰਿਹਾ ਹੈ। ਇਹ ਮਹਾਂਮਾਰੀ

ਹੈ। ਵਿਸ਼ਵੀਕਰਨ, ਜਿਸ ਵਰਤਾਰੇ ਤਹਿਤ ਕਾਰਪੋਰੇਟ ਪੂੰਜੀ ਦਾ ਇਸ ਖੇਤਰ 'ਚ ਨਿਵੇਸ਼, ਇਸ ਨੂੰ ਕੁੱਝ ਹੱਥਾਂ 'ਚ ਕੇਂਦਰਿਤ ਕਰ ਰਿਹਾ ਹੈ। ਗ਼ਰੀਬ ਤੇ ਦਰਮਿਆਨੀ ਕਿਸਾਨੀ ਨਾ ਕੇਵਲ ਕਰਜ਼ਿਆਂ 'ਚ ਫਸ ਰਹੀ ਹੈ ਸਗੋਂ ਕੰਗਾਲੀਕਰਨ ਦੀ ਪ੍ਰਕਿਰਿਆ 'ਚ ਪਈ ਹੋਈ, ਬੜੀ ਤੇਜ਼ੀ ਨਾਲ ਜ਼ਮੀਨ ਤੋਂ ਵਾਂਝੀ ਹੋ ਰਹੀ ਹੈ। ਪ੍ਰੰਪਰਿਕ ਖੇਤੀ ਤਬਾਹ ਹੋ ਰਹੀ ਹੈ, ਇਹ ਜੀਵਨ ਜਾਂਚ...।" (60)

ਡਾ. ਬਲਬੀਰ ਸਿੰਘ (ਸੀਨੀਅਰ ਐਨਾਲਿਸਟ ਕੀਟਨਾਸ਼ਕ ਪਰਖ ਪ੍ਰਯੋਗਸ਼ਾਲਾ, ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵਿਖੇ 21 ਅਕਤੂਬਰ 2016 ਨੂੰ ਮੁਲਾਕਾਤ ਕੀਤੀ ਗਈ) ਨੇ ਬਾਤਚੀਤ ਦੌਰਾਨ ਦੱਸਿਆ ਕਿ ਹਰੀ ਕ੍ਰਾਂਤੀ ਨੇ ਪੰਜਾਬ ਦੇ ਖੇਤੀ ਮਾਡਲ 'ਚ ਬਹੁਤ ਖ਼ੁਸ਼ਹਾਲੀ ਲਿਆਂਦੀ। ਫ਼ਸਲਾਂ ਦੀ ਪੈਦਾਵਾਰ ਵਧੀ। ਪਰ ਕੁੱਝ ਸਮੇਂ ਬਾਅਦ ਇਹ ਭਰਮ ਟੁੱਟ ਗਿਆ। ਪੰਜਾਬ ਦਾ ਕਿਸਾਨ ਕਰਜ਼ੇ ਦਾ ਸ਼ਿਕਾਰ ਹੋਣ ਲੱਗਾ। ਸਿਰ ਉੱਪਰ ਚੜ੍ਹੇ ਕਰਜ਼ੇ ਦੀ ਪੰਡ ਉਤਾਰਨ 'ਚ ਅਸਫਲ ਹੋਣ ਕਾਰਨ ਕਿਸਾਨ ਮਾਨਸਿਕ ਪ੍ਰੇਸ਼ਾਨੀ ਦੇ ਚੱਲਦਿਆਂ ਆਤਮਹੱਤਿਆ ਕਰਨ ਲੱਗੇ। ਫ਼ਸਲ ਦੀ ਪੈਦਾਵਾਰ ਲਈ ਬਣੀਆਂ ਕੀਟਨਾਸ਼ਕ ਦਵਾਈਆਂ ਕਿਸਾਨਾਂ ਦੀ ਜਾਨ ਲੈਣ ਲੱਗੀਆਂ। ਸਮਕਾਲੀ 'ਚ ਪੰਜਾਬ ਦੀ ਇਹ ਸਮੱਸਿਆ ਪੰਜਾਬੀ ਕਿਸਾਨ ਨੂੰ ਹਰ ਦਿਨ ਨਿਗਲ਼ਦੀ ਜਾ ਰਹੀ ਹੈ। ਪੰਜਾਬ ਦੇ ਕਿਸਾਨ ਦਿਨ ਪ੍ਰਤੀ ਦਿਨ ਆਤਮਹੱਤਿਆ ਕਰਨ ਲੱਗੇ। 2015-2016 ਵਿੱਚ ਕਿਸਾਨ ਖ਼ੁਦਕੁਸ਼ੀਆਂ ਨੇ ਆਪਣੀਆਂ ਸਾਰੀਆਂ ਹੱਦਾਂ ਪਾਰ ਕਰ ਦਿੱਤੀਆਂ। ਆਰਥਿਕ ਅਤੇ ਮਾਨਸਿਕ ਸੰਤਾਪ ਦੇ ਚੱਲਦਿਆਂ ਕਿਸਾਨਾਂ ਨੇ ਆਤਮ ਹੱਤਿਆਵਾਂ ਤਾਂ ਕੀਤੀਆਂ ਪਰ ਆਤਮ ਹੱਤਿਆਵਾਂ ਕਰਨ ਵਾਲੇ ਕਿਸਾਨਾਂ ਦੇ ਪਰਿਵਾਰ ਇਸ ਸਮੱਸਿਆਵਾਂ ਤੋਂ ਮੁਕਤ ਨਹੀਂ ਹੋਏ ਸਗੋਂ ਉਹ ਇਸ ਤੋਂ ਵੀ ਵੱਧ ਸੰਤਾਪ ਹੰਢਾ ਰਹੇ ਹਨ। ਕਿਸਾਨ ਖ਼ੁਦਕੁਸ਼ੀਆਂ ਦਾ ਪ੍ਰਭਾਵ ਕੇਵਲ ਕਿਸਾਨਾਂ 'ਤੇ ਹੀ ਨਹੀਂ ਸਗੋਂ ਉਨ੍ਹਾਂ ਦੇ ਪਰਿਵਾਰਾਂ 'ਤੇ ਵੀ ਨਜ਼ਰ ਆ ਰਿਹਾ ਹੈ।

ਪੰਜਾਬ ਦੇ ਕਿਸਾਨ ਦੀ ਆਮਦਨ ਦਾ ਮੁੱਖ ਧੁਰਾ ਖੇਤੀਬਾੜੀ ਹੈ। ਖੇਤੀ ਦਾ ਵਿਸ਼ਵੀਕਰਨ ਹੋਣ ਨਾਲ ਅਤੇ ਐਨ. ਆਰ. ਆਈ. ਪੂੰਜੀ ਦੀ ਆਮਦ ਨਾਲ ਪੰਜਾਬ ਦੀ ਧਨੀ ਕਿਸਾਨੀ ਆਰਥਿਕ ਪੱਖੋਂ ਮਾਲਾ ਮਾਲ ਹੋਈ ਹੈ। ਜਦੋਂ ਕਿ ਨਿਮਨ ਕਿਸਾਨੀ ਜੀਵਨ ਨਿਘਾਰ ਵੱਲ ਜਾਣ ਲੱਗਾ ਅਤੇ ਬੇਜ਼ਮੀਨੇ ਹੋਣ ਦੀ ਪ੍ਰਕਿਰਿਆ ਆਰੰਭ ਹੋਈ।

ਤਸਕੀਨ ਆਪਣੀ ਪੁਸਤਕ *'ਵਿਚਾਰਧਾਰਾ ਅਤੀਤ ਤੇ ਵਰਤਮਾਨ'* ਵਿੱਚ ਲਿਖਦੇ ਹਨ ਕਿ, "ਅਸੀਂ ਐਨ. ਆਰ. ਆਈ. ਧਨ ਨੂੰ ਵਿੱਤੀ ਪੂੰਜੀ ਕਿਉਂ ਕਹਿ ਰਹੇ ਹਾਂ। ਪੂੰਜੀ ਉਹ ਹੁੰਦੀ ਹੈ ਜੋ ਉਤਪਾਦਨ/ਪੁਨਰ-ਉਤਪਾਦਨ ਦੀ ਸ਼ਕਲ ਵਿੱਚ ਢਲਦੀ ਹੈ। ਵਿੱਤੀ ਪੂੰਜੀ ਉਤਪਾਦਨ ਦੀ ਬਜਾਏ ਸਿਰਫ਼ ਸੱਟੇ/ਉਪਭੋਗ 'ਚ ਹੀ ਲਾਈ ਜਾਂਦੀ ਹੈ। ਐਨ. ਆਰ. ਆਈ. ਧਨ ਉਤਪਾਦਨੀ ਸਾਧਨਾਂ 'ਤੇ ਖ਼ਰਚ ਨਾ ਹੁੰਦਾ ਹੋਣ ਕਾਰਨ ਸਿਰਫ਼ ਵਿੱਤ ਦਾ ਰੂਪ ਧਾਰਦਾ ਹੈ, ਜਿਸ ਕਾਰਨ ਇਹ ਆਵਾਰਾ ਸ਼ਕਲ ਵਿੱਚ ਢਲ ਜਾਂਦਾ ਹੈ। ਪਹਿਲਾ ਬਾਹਰ ਗਏ ਦੁਆਬੇ ਦੇ ਕਿਸਾਨ ਇਸ

> ਪੂੰਜੀ ਨੂੰ ਵਾਹੀ ਯੋਗ ਜ਼ਮੀਨ ਖ਼ਰੀਦਣ 'ਤੇ ਖ਼ਰਚ ਕਰਦੇ ਸਨ ਜੋ ਉਤਪਾਦਨ ਦੀ ਸ਼ਕਲ 'ਚ ਢਲ ਜਾਂਦੀ ਸੀ ਪ੍ਰੰਤੂ ਗਲੋਬਲੀ ਪੂੰਜੀ ਦੇ ਆਉਣ ਨਾਲ ਖੇਤੀ ਅਪੰਗ ਉਤਪਾਦਨੀ ਸਾਧਨ ਬਣ ਗਿਆ ਹੈ। ਜ਼ਮੀਨ ਦੀ ਕੀਮਤ ਵਧਣ ਨਾਲ ਇਸ ਨੂੰ ਖੇਤੀ ਲਈ ਖ਼ਰੀਦਣਾ ਲਾਹੇਵੰਦ ਧੰਦਾ ਨਹੀਂ ਰਿਹਾ। ਜ਼ਮੀਨ 'ਚੋਂ ਉਤਪਾਦਨ ਪੈਦਾ ਕਰ ਕੇ ਉਸ ਨੂੰ ਮੰਡੀ ਵੇਚਣ ਦੀ ਬਜਾਏ ਜ਼ਮੀਨ ਆਪ ਹੀ ਮੰਡੀ 'ਚ ਵਿਕਾਊ ਹੈ। ਜਿਨ੍ਹਾਂ ਕੋਲ ਸਿਰਫ਼ ਕਿਰਤ ਸ਼ਕਤੀ ਵੇਚਣ ਲਈ ਹੁੰਦੀ ਹੈ, ਉਹ ਹਾਸ਼ੀਏ 'ਤੇ ਜਾ ਡਿਗਦੇ ਹਨ। ਇਹ ਵਿਕੀ ਹੋਈ ਜ਼ਮੀਨ ਪੂੰਜੀ 'ਚ ਢਲਨ ਦੀ ਬਜਾਇ ਉਪਭੋਗ/ਵਿੱਤੀ ਉਗਰਾਹੀਂ ਦੇ ਕੰਮ ਆਉਂਦੀ ਹੈ। ਜ਼ਮੀਨ ਦੇ ਭਾਅ ਅਸਮਾਨ ਛੂਹਣ ਲੱਗਦੇ ਹਨ ਤੇ ਪੰਜਾਬ ਵਿਕਾਊ ਹੈ।" (185)

ਐਨ. ਆਰ. ਆਈ. ਪੂੰਜੀ ਨੇ ਕੇਵਲ ਆਰਥਿਕ ਸਥਿਤੀ ਹੀ ਨਹੀਂ ਬਦਲੀ ਸਗੋਂ ਕਿਸਾਨ ਦੀ ਵਾਹੀ ਯੋਗ ਜ਼ਮੀਨ ਨੂੰ ਉਦਯੋਗ ਲਈ ਵਰਤਣਾ ਸ਼ੁਰੂ ਕਰ ਦਿੱਤਾ ਹੈ। ਦੁਆਬੇ ਦੀ ਨਿਮਨ ਕਿਸਾਨੀ ਕੋਲ ਜ਼ਮੀਨ ਘੱਟ ਹੋਣ ਕਰ ਕੇ ਅਤੇ ਆਰਥਿਕ ਲੋੜਾਂ ਦੀ ਪੂਰਤੀ ਕਰਨ ਲਈ ਜ਼ਮੀਨ ਨੂੰ ਵੇਚਣਾ ਆਰੰਭ ਕਰ ਦਿੱਤਾ ਹੈ। 'ਅੰਬਰ ਵੱਲ ਉਡਾਣ' ਨਾਵਲ ਵਿੱਚ ਜਗੀਰੀ ਆਪਣੀ ਜ਼ਮੀਨ ਸੰਘਾ ਰਿਜ਼ੋਰਟ ਨੂੰ ਵੇਚਣ ਅਤੇ ਖੇਤੀ ਦੇ ਧੰਦੇ ਤੋਂ ਬਾਹਰ ਹੋਣ ਦੀ ਪ੍ਰਕਿਰਿਆ ਬਾਰੇ ਮੀਤੋ ਦੇ ਵਿਚਾਰਾਂ ਤੋਂ ਪਤਾ ਚੱਲਦਾ ਹੈ ਜਿਵੇਂ:

> "ਸੰਘੇ ਕਰ ਕੇ ਆਪਾਂ ਵੀ ਰੋਟੀ ਖਾਣ ਜੋਗੇ ਹੋ ਗਏ ਆ...ਨਹੀਂ...ਨਾ ਜ਼ਮੀਨ 'ਚ ਕੁੱਝ ਹੁੰਦਾ ਸੀ ਤੇ ਨਾ ਹੀ ਉਸ ਦਾ ਕੋਈ ਗਾਹਕ ਕੋਈ ਲੱਖ ਕਿੱਲੇ ਨੂੰ ਵੀ ਨਹੀਂ ਸੀ ਪੁੱਛਦਾ। ਮੀਤੋ ਨੂੰ ਬਦਲਿਆ ਦ੍ਰਿਸ਼ ਚੰਗਾ ਲੱਗਦਾ ਸੀ।" (ਪਰਵਾਨਾ, "ਅੰਬਰ ਵੱਲ ਉਡਾਣ" 56)

ਜਗੀਰੀ ਐਨ. ਆਰ. ਆਈ. ਸੰਘੇ ਨੂੰ ਜ਼ਮੀਨ ਵੇਚ ਦਿੰਦਾ ਹੈ ਜਿਸ ਕਾਰਨ ਉਸ ਦੀ ਆਰਥਿਕ ਸਥਿਤੀ ਵਿੱਚ ਕੁੱਝ ਸੁਧਾਰ ਹੁੰਦਾ ਹੈ ਪਰ ਉਹ ਜ਼ਮੀਨੀ ਪ੍ਰਕਿਰਿਆ ਤੋਂ ਵਾਂਝਾ ਹੋ ਜਾਂਦਾ ਹੈ। *'ਖੇਤਾਂ ਦਾ ਰੁਦਨ'* ਨਾਵਲ ਦਾ ਪਾਤਰ ਰਵਿੰਦਰ ਰਵੀ ਆਪਣੀ ਖੋਜ ਅਧੀਨ ਕਾਰਪੋਰੇਟ ਵਰਲਡ ਦੇ ਪੈਂਤੜੇ ਇੰਜ ਉਘਾੜਦਾ ਹੈ। ਜਿਵੇਂ:

> "ਵੀਹਵੀਂ ਸਦੀ ਦੇ ਆਖ਼ਰੀ ਦਹਾਕੇ ਤੋਂ ਸ਼ੁਰੂ ਹੋਈਆਂ ਉਦਾਰਵਾਦੀ ਆਰਥਿਕ ਨੀਤੀਆਂ ਨੇ ਪੂੰਜੀ ਦੀ ਬੇਸ਼ੁਮਾਰ ਆਮਦ ਲਈ ਰਾਹ ਪੱਧਰੇ ਕੀਤੇ। ਐਨ. ਆਰ. ਆਈ. ਪੂੰਜੀ ਅਤੇ ਕਾਰਪੋਰੇਟ ਅਦਾਰਿਆਂ ਨੇ ਹਰ ਵਸਤੂ ਵਰਤਾਰੇ ਨੂੰ ਮੰਡੀ ਨਾਲ ਜੋੜ ਦਿੱਤਾ। ਅੱਜ ਜ਼ਮੀਨ ਜੱਟ ਦੀ ਮਾਂ ਨਹੀਂ, ਪੈਸੇ ਬਣਾਉਣ ਵਾਲੀ ਜ਼ਮੀਨ ਹੈ ਤੇ ਜਿਊਣ ਦੀ ਜਾਂਚ ਉਹ ਆਪਣੇ ਘਰ ਜਾਂ ਭਾਈਚਾਰੇ ਤੋਂ ਨਹੀਂ, ਸਗੋਂ ਮੰਡੀ ਤੋਂ ਲੈ ਰਿਹਾ ਹੈ ਜਿਹੜਾ ਸਿੱਧਾ ਨਿਊਯਾਰਕ, ਟਰਾਂਟੋ ਜਾਂ ਲੰਡਨ, ਪੈਰਿਸ ਨਾਲ ਜੁੜਿਆ ਹੈ। ਵਿਸ਼ਵੀਕਰਨ ਪੂੰਜੀਵਾਦੀ ਵਰਤਾਰੇ ਵਿੱਚ ਦਿਖਾਵਾ ਜਾਂ ਐਕਸਪੋਜ਼ਰ

ਮੰਡੀਕਰਨ ਦਾ ਅਕੱਟ ਹਥਿਆਰ ਹੈ।" (ਬਾਵਾ, "ਖੇਤਾਂ ਦਾ ਰੁਦਨ (ਨਾਵਲ) ਬਲਬੀਰ ਪਰਵਾਨਾ" , *ਸਿਰਜਣਾ-171, ਜਨਵਰੀ-ਮਾਰਚ 2014,* 83)

ਐਨ. ਆਰ. ਆਈ. ਪੂੰਜੀ ਨੇ ਖੇਤੀ ਦਾ ਕਾਰਪੋਰੇਟ ਮਾਡਲ ਤੱਕ ਵਿਕਾਸ ਕੀਤਾ ਪਰ ਇਸ ਦੌਰ ਨੇ ਕਿਸਾਨ ਦੀ ਮਾਂ ਵਰਗੀ ਜ਼ਮੀਨ ਨੂੰ ਮਾਂ ਦੀ ਥਾਂ ਆਰਥਿਕਤਾ ਕਮਾਉਣ ਵਾਲਾ ਸਾਧਨ ਬਣਾ ਦਿੱਤਾ ਹੈ। ਪਰਵਾਨਾ ਦੇ ਇਹ ਨਾਵਲ ਵਿਸ਼ਵੀਕਰਨ ਨਾਲ ਸਿੱਧਾ ਸੰਵਾਦ ਰਚਾਉਂਦੇ ਹਨ। ਇਸ ਐਨ. ਆਰ. ਆਈ. ਵਰਕਤਾ ਕਾਰਨ ਪੰਜਾਬ ਦੀ ਨਿਮਨ ਕਿਸਾਨੀ ਵਧੇਰੇ ਪ੍ਰਭਾਵਿਤ ਹੋਈ।

ਡਾ. ਮੀਨਾਕਸ਼ੀ ਰਾਠੌਰ ਇਸ ਬਾਰੇ ਲਿਖਦੀ ਹੈ ਕਿ, "ਆਰਥਿਕਤਾ ਦੇ ਇਸ ਬਦਲ ਰਹੇ ਪ੍ਰਸੰਗ ਵਿੱਚ ਪੰਜਾਬ ਦੀ ਕਿਸਾਨੀ ਵੀ ਪ੍ਰਭਾਵਿਤ ਹੈ। ਖੇਤੀ ਦਾ ਧੰਦਾ ਹੁਣ ਪਹਿਲਾ ਜਿੰਨਾ ਲਾਹੇਵੰਦ ਨਹੀਂ ਰਿਹਾ। ਵਿਸ਼ਵੀਕਰਨ ਤੇ ਪੂੰਜੀਵਾਦੀ ਵਰਤਾਰੇ ਨਾਲ ਕਿਰਤ ਦੇ ਟੁੱਟਣ ਦਾ ਸੰਕਲਪ ਵੀ ਉੱਭਰਦਾ ਹੈ।"

( "ਅਜੋਕੇ ਬੰਦੇ ਦੀਆਂ ਅਕਾਂਖਿਆਵਾਂ, ਕਾਮਨਾਵਾਂ ਤੇ ਦੰਭ ਦਾ ਬਿਰਤਾਂਤ",*ਐਤਵਾਰਤਾ, ਜਲੰਧਰ: ਨਵਾਂ ਜ਼ਮਾਨਾ,* 28 ਸਤੰਬਰ 2014, 3)

ਐਨ. ਆਰ. ਆਈ ਪੂੰਜੀ ਨੇ ਨਿਮਨ ਕਿਸਾਨੀ ਦੀ ਆਰਥਿਕਤਾ ਨੂੰ ਵਧੇਰੇ ਪ੍ਰਭਾਵਿਤ ਕੀਤਾ। ਇਸ ਨੇ ਵੱਡੇ ਜਲੋਅ ਤਾਂ ਪੈਦਾ ਕੀਤੇ ਪਰ ਨਿਮਨ ਵਰਗ ਦੀ ਆਰਥਿਕਤਾ ਨੂੰ ਪ੍ਰਭਾਵਿਤ ਕਰ ਕੇ ਇਸ ਨੂੰ ਜ਼ਮੀਨ ਤੋਂ ਬੇਜ਼ਮੀਨੇ ਹੋਣ ਦੀ ਪ੍ਰਕਿਰਿਆ ਨੂੰ ਤੇਜ਼ ਕੀਤਾ। ਪਰਵਾਨਾ ਨੇ ਵਿਅੰਗ ਅਤੇ ਵਿਡੰਬਣਾ ਦੀ ਜੁਗਤ ਰਾਹੀਂ ਸਮਕਾਲੀ ਸਮੇਂ ਦੇ ਸੱਚ ਨੂੰ ਬਿਆਨ ਕੀਤਾ ਹੈ। ਪੂੰਜੀਵਾਦੀ ਯੁੱਗ 'ਚ ਪੰਜਾਬੀ ਸਮਾਜ ਦਾ ਮੰਡੀਕਰਨ ਅਤੇ ਸ਼ਹਿਰੀਕਰਨ ਹੋ ਰਿਹਾ ਹੈ। ਉਸ ਨੂੰ ਪਰਵਾਨਾ ਨੇ ਬਹੁਤ ਖ਼ੂਬਸੂਰਤੀ ਨਾਲ ਚਿਤਰਿਆ ਹੈ। ਉਹ ਪੰਜਾਬੀ ਸਮਾਜ ਅੰਦਰ ਫੈਲੀਆਂ ਵਿਕ੍ਰਤੀਆਂ, ਬੇਤਰਤੀਬੀਆਂ/ਵਿਖੰਡਨਾਵਾਂ ਦੇ ਸਜੀਵ ਰੂਪ ਨੂੰ ਸਾਡੇ ਸਾਹਮਣੇ ਉਭਾਰਦਾ ਹੈ।

ਵਿਸ਼ਵੀਕਰਨ ਪੂੰਜੀਵਾਦੀ ਦਾ ਇੱਕ ਪਾਸਾਰ ਪ੍ਰਵਾਸ ਦੀ ਬਣਦਾ ਹੈ। ਇਹ ਮੁੰਡੇ ਕੁੜੀਆਂ 'ਚ ਡਾਲਰਾਂ ਅਤੇ ਪੌਂਡਾਂ ਦੀ ਚਮਕ ਦਮਕ ਦੇ ਜਲੌਅ 'ਚ ਪ੍ਰਵਾਸ ਕਰਨ ਦੀ ਲਾਲਸਾ ਪੈਦਾ ਕਰਦਾ ਹੈ। ਪਰਵਾਨਾ ਨੇ ਨਾਵਲੀ ਬਿਰਤਾਂਤ *'ਅੰਬਰ ਵੱਲ ਉਡਾਣ'* ਵਿਚ ਹਰਪਾਲ ਪਾਤਰ ਜੋ ਆਪਣੇ ਘਰ ਦੀਆਂ ਮਾੜੀਆਂ ਆਰਥਿਕ ਪਰਿਸਥਿਤੀਆਂ ਤੋਂ ਤੰਗ ਆ ਜਾਂਦਾ ਹੈ। ਕੋਈ ਹੀਲਾ ਵਸੀਲਾ ਕਰ ਕੇ ਜਾਂ ਜੁਗਾੜ ਲਾ ਕੇ ਹਰ ਢੰਗ ਨਾਲ ਵਿਦੇਸ਼ ਜਾਣਾ ਚਾਹੁੰਦਾ ਹੈ। ਇਸ ਲਈ ਉਹ ਆਪਣੀ ਜੱਦੀ ਜ਼ਮੀਨ ਜਾਇਦਾਦ ਵੇਚ ਕੇ ਇਟਲੀ ਜਾਣ ਲਈ ਤਿਆਰ ਹੁੰਦਾ ਹੈ। ਵਿਦੇਸ਼ ਜਾਣ ਦੀ ਤਾਂਘ ਵੀ ਪੂੰਜੀ ਪ੍ਰਤੀ ਖਿੱਚ 'ਚੋਂ ਪੈਦਾ ਹੁੰਦੀ ਹੈ। ਨਾਵਲ ਵਿੱਚੋਂ ਪ੍ਰਾਪਤ ਵੇਰਵਿਆਂ ਤੋਂ ਪਤਾ ਚੱਲਦਾ ਹੈ ਕਿ ਜਿਵੇਂ:

"ਕਦੀ ਕਦੀ ਉਹ ਹੁਣ ਨਵੀਂ ਸੁਰ ਅਲਾਪਦਾ, ਡੁਬਈ 'ਚ ਡਰਾਈਵਰਾਂ ਨੂੰ ਕਹਿੰਦੇ ਪੰਦਰ੍ਹਾਂ ਹਜ਼ਾਰ ਤਨਖ਼ਾਹ ਮਿਲ ਜਾਂਦੀ ਐ...ਹਿੰਗ ਲੱਗੇ ਨਾ ਫਟਕੜੀ...ਕਿਸੇ ਏਜੰਟ ਨਾਲ ਗੱਲ ਕਰ ਕੇ, ਮੈਂ ਉੱਥੇ ਚਲੇ ਜਾਣਾ ਹੈ।" (ਪਰਵਾਨਾ, "ਅੰਬਰ ਵੱਲ ਉਡਾਣ" 53)

ਹਰਪਾਲ ਆਪਣੀ ਜੱਦੀ ਜ਼ਮੀਨ ਵੇਚ ਕੇ ਇਟਲੀ ਚਲਾ ਜਾਂਦਾ ਹੈ ਤਾਂ ਕਿ ਆਪਣੀ ਮਾੜੀ ਆਰਥਿਕ ਸਥਿਤੀ 'ਚ ਕੁੱਝ ਸੁਧਾਰ ਕਰ ਸਕੇ। ਪੂੰਜੀਵਾਦੀ ਦੌਰ ਕਾਰਨ ਬੇਜ਼ਮੀਨੀ ਹੋਈ ਨਿਮਨ ਕਿਸਾਨੀ ਵਿਦੇਸ਼ ਜਾ ਕੇ ਪੂੰਜੀ ਕਮਾਉਣ ਦੇ ਸੁਪਨੇ ਵੇਖਣ ਲੱਗੀ।

ਪ੍ਰੋ. ਕੁਲਵੰਤ ਸਿੰਘ ਸੰਧੂ ਆਪਣੇ ਲੇਖ *"ਕਿਸਾਨੀ ਦੇ ਦੁਖਾਂਤ ਦੀ ਪੇਸ਼ਕਾਰੀ"* ਵਿੱਚ ਲਿਖਦੇ ਹਨ ਕਿ, "ਇਸ ਨਾਵਲ ਦੇ ਬਿਰਤਾਂਤ ਦਾ ਦੂਸਰਾ ਪੱਖ ਗ਼ੈਰ ਕਾਨੂੰਨੀ ਤਰੀਕੇ ਨਾਲ ਵਿਦੇਸ਼ ਜਾ ਕੇ ਵੱਸਣ ਦੀ ਪੇਸ਼ਕਾਰੀ ਨਾਲ ਸੰਬੰਧਿਤ ਹੈ। ਜ਼ਮੀਨ ਦੀ ਮਾਲਕੀ ਵਿੱਚ ਵਾਧੇ ਵਾਂਗ ਵਿਦੇਸ਼ ਜਾ ਕੇ ਵੱਸਣ ਦੇ ਸੁਪਨੇ ਨੇ ਵੀ ਕਿਸਾਨੀ ਮਾਨਸਿਕਤਾ ਦਾ ਵੱਡਾ ਹਿੱਸਾ ਮੱਲਿਆ ਹੋਇਆ ਹੈ। ਇਸ ਲਈ ਪੰਜਾਬੀ ਹਰ ਸੰਕਟ ਵਿੱਚੋਂ ਦੀ ਗੁਜ਼ਰਨ ਲਈ ਤਿਆਰ ਨਜ਼ਰ ਆਉਂਦੇ ਹਨ।" (*ਐਤਵਾਰਤਾ, ਜਲੰਧਰ: ਨਵਾਂ ਜ਼ਮਾਨਾ,* 26 ਅਪ੍ਰੈਲ 2015, 3)

ਹਰਪਾਲ ਨਾਜਾਇਜ਼ ਢੰਗ ਨਾਲ ਏਜੰਟ ਨੂੰ ਪੈਸੇ ਦੇ ਕੇ ਇਟਲੀ ਚਲਾ ਜਾਂਦਾ ਹੈ। ਜਿਸ ਦਾ ਮੁੱਖ ਕਾਰਨ ਆਰਥਿਕਤਾ ਹੈ। ਹਰਪਾਲ ਵੀ ਹਰ ਇੱਕ ਮਨੁੱਖ ਦੀ ਤਰ੍ਹਾਂ ਵਿਦੇਸ਼ ਜਾ ਕੇ ਅਮੀਰ ਬਣਨਾ ਚਾਹੁੰਦਾ ਹੈ। ਪਰ ਅੰਦਰੂਨੀ ਹਾਲਤਾਂ ਦੇ ਨਾਲ-ਨਾਲ ਅਣਕਿਆਸੇ ਬਾਹਰੀ ਹਾਲਾਤ ਵੀ ਉਸ ਨੂੰ ਪ੍ਰਭਾਵਿਤ ਕਰਦੇ ਹਨ। ਇਹ ਬਾਹਰੀ ਅਣਕਿਆਸੇ ਕਾਰਨ ਇੰਨੇ ਪ੍ਰਭਾਵਸ਼ਾਲੀ ਅਤੇ ਸ਼ਕਤੀਸ਼ਾਲੀ ਹੋ ਜਾਂਦੇ ਹਨ ਕਿ ਜ਼ਿੰਦਗੀ ਦੀ ਦਿਸ਼ਾ ਬਦਲ ਕੇ ਉਸ ਨੂੰ ਦਿਸ਼ਾਹੀਣ ਕਰ ਸਕਦੇ ਹਨ। ਅਜਿਹਾ ਹੀ ਹਰਪਾਲ ਦੀ ਇਟਲੀ ਵਿੱਚ ਹੋਈ ਲੜਾਈ ਕਾਰਨ, ਜਗੀਰੀ ਦੇ ਘਰ ਦੀ ਸਥਿਤੀ ਨਿਘਾਰ ਵੱਲ ਚੱਲੀ ਜਾਂਦੀ ਹੈ।

"ਹਰਪਾਲ ਨੂੰ ਗਿਆ ਅਜੇ ਪੰਜ ਮਹੀਨੇ ਵੀ ਪੂਰੇ ਨਹੀਂ ਸਨ ਹੋਏ ਕਿ ਉਹ ਇੱਕ ਪੱਬ 'ਚ ਦਾਰੂ ਪੀਂਦਿਆਂ ਲੜ ਪਿਆ। ਇਸ ਲੜਾਈ 'ਚ ਦੂਸਰੇ ਜਣੇ ਦੀ ਬਾਂਹ ਫਰੈਕਚਰ ਹੋ ਗਈ। ਪੁਲਿਸ ਨੇ ਫੜਿਆ ਤਾਂ ਉਸ ਦੀ ਇੱਕ ਵਾਰ ਪਹਿਲਾ ਵੀ ਲੜਾਈ ਦੀ ਵਾਰਦਾਤ ਸਾਹਮਣੇ ਆ ਗਈ। ਬਲਵੰਤ ਸਿੰਘ ਜਿਸ ਨੇ ਉਸ ਨੂੰ ਛੁਡਾਇਆ ਸੀ, ਪਹਿਲੀ ਲੜਾਈ ਵੇਲੇ ਉਸ ਦੀ ਜ਼ਮਾਨਤ ਦਿੱਤੀ ਸੀ। ਹੁਣ ਦੁਬਾਰਾ ਉਸ ਦੀ ਜ਼ਮਾਨਤ ਦੇਣ ਤੋਂ ਇਨਕਾਰ ਕਰ ਦਿੱਤਾ। ਅਜਿਹੀ ਸਥਿਤੀ 'ਚ ਉਸ ਨੂੰ ਜੇਲ੍ਹ ਭੇਜ ਦਿੱਤਾ ਗਿਆ ਤੇ ਕੇਸ ਚੱਲਣ ਲੱਗਾ। ਘਰ ਉਸ ਦੇ ਫ਼ੋਨ ਤੇ ਫ਼ੋਨ ਆਉਣ ਲੱਗੇ, "ਕੇਸ ਲੜਨ ਲਈ ਪੈਸੇ ਚਾਹੀਦੇ ਐ...ਘੱਟੋਂ ਘੱਟ ਢਾਈ ਲੱਖ ਤੁਰੰਤ ਭੇਜ ਦਿਓ..." ਘਰਦਿਆਂ ਕੋਲ, ਪਰ ਕਿਹੜਾ ਖ਼ਜ਼ਾਨਾ ਦੱਬਿਆ ਹੋਇਆ ਸੀ।" (ਪਰਵਾਨਾ, "ਅੰਬਰ ਵੱਲ ਉਡਾਣ" 108)

ਹਰਪਾਲ ਉੱਪਰ ਇਟਲੀ 'ਚ ਅਣਕਿਆਸੇ ਕਾਰਨ ਪਈ ਮੁਸੀਬਤ ਜਗੀਰੀ ਨੂੰ ਆਰਥਿਕ ਪੱਖ ਤੋਂ ਹੋਰ ਵੀ ਹੌਲਾ ਕਰ ਦਿੰਦੀ ਹੈ। ਜਿਸ ਕਾਰਨ ਜਗੀਰੀ ਆਪਣੀ ਜ਼ਮੀਨ ਵੇਚਣ ਅਤੇ ਬੈਂਕ ਤੋਂ ਕਰਜ਼ਾ ਲੈਣ ਲਈ ਮਜਬੂਰ ਹੋ ਜਾਂਦਾ ਹੈ। ਵਿਦੇਸ਼ੀ ਪੂੰਜੀ ਦੀ ਖਿੱਚ ਕਾਰਨ ਹੀ *'ਖੇਤਾਂ ਦਾ ਰੁਦਨ'* ਨਾਵਲ ਦੀ ਪਾਤਰ ਮਾਲਤੀ ਸ਼ਰਮਾ ਐਨ. ਆਰ. ਆਈ. ਅਵਿਨਾਸ਼ ਨਾਲ ਵਿਆਹ ਕਰਵਾਉਂਦੀ ਹੈ ਤਾਂ ਕਿ ਵਿਦੇਸ਼ੀ ਪੂੰਜੀ ਨਾਲ ਜੀਵਨ ਨਾਲ ਸੰਬੰਧਿਤ ਸਾਰੇ ਪਦਾਰਥਕ ਸੁੱਖ ਖ਼ਰੀਦ ਸਕੇ।

ਐਨ. ਆਰ. ਆਈ. ਵਿੱਤੀ ਪੂੰਜੀ ਦੇ ਪ੍ਰਵੇਸ਼ ਨਾਲ ਸਿੱਧੇ-ਅਸਿੱਧੇ ਢੰਗ ਨਾਲ ਪੰਜਾਬੀ ਬੰਦੇ ਦੇ ਦਿਮਾਗ 'ਚ ਗੋਰਿਆਂ ਦੀ ਧਰਤੀ 'ਤੇ ਜਾਣ ਦਾ ਸੁਪਨਾ ਪੈਦਾ ਕਰ ਦਿੱਤਾ ਹੈ।

> ਪੰਜਾਬੀ ਲੋਕਾਂ ਦੀ ਮਾਨਸਿਕ ਸਥਿਤੀ ਬਾਰੇ ਟਿੱਪਣੀ ਕਰਦੇ ਤਸਕੀਨ ਲਿਖਦੇ ਹਨ ਕਿ, "ਜਦੋਂ ਵਿਦੇਸ਼ੀ ਲੁਟੇਰਿਆ ਨੇ ਆਰਥਿਕਤਾ ਦੇ ਮੋਤੀਏ ਨਾਲ ਅੱਖ ਦੀ ਲਿਸ਼ਕ ਮਾਰ ਦਿੱਤੀ ਹੈ ਤਾਂ ਸਾਮੰਤੀ ਪਕਿਆਈ ਦੀ ਲਿਸ਼ਕ ਵਿੱਚੋਂ ਸਭਿਆਚਾਰ ਖੁੱਸਣ ਦੇ ਝੋਲੇ ਉਤਪੰਨ ਹੋਣਾ ਸੁਭਾਵਿਕ ਹੈ। ਮੁਹਾਵਰਾ ਹੈ, "ਦੇਸ਼ ਚੋਰੀ ਪ੍ਰਦੇਸ਼ ਭਿੱਖਿਆ।" ਪ੍ਰਦੇਸ਼ ਵਿੱਚ ਭਿੱਖਿਆ ਵੀ ਡਾਲਰਾਂ ਵਿੱਚ ਮਿਲਦੀ ਹੈ। ਸੋ ਵਿਦੇਸ਼ ਜਾਣ ਦੀ ਕਾਹਲ ਕਿਸਾਨੀ ਅੰਦਰ ਤਿੱਖੇ ਰੂਪ ਵਿੱਚ ਹੈ, ਪਰ ਘੱਟ ਮੱਧ ਵਰਗ (ਸ਼ਹਿਰੀ) ਵੀ ਨਹੀਂ: ਤਰਕ ਵੀ ਵੱਖ-ਵੱਖ ਹਨ। IELTS ਜਮਾਤ ਦਾ ਤਰਕ ਸਿੱਧਾ ਹੈ ਕਿ ਪੰਜਾਬ/ਭਾਰਤ ਅੰਦਰ 'ਸਮਾਜਿਕ ਸੁਰੱਖਿਆ' ਅਤੇ ਬੱਚਿਆਂ ਦਾ ਕੋਈ ਭਵਿੱਖ ਨਹੀਂ। ਉਹ ਬੱਚਿਆਂ ਦਾ ਭਵਿੱਖ ਬਣਾਉਣ ਲਈ ਉਨ੍ਹਾਂ ਨੂੰ ਗੋਰੀ ਧਰਤੀ 'ਤੇ ਲਿਜਾ ਰਹੀ ਹੈ।" ("ਵਿਚਾਰਧਾਰਾ ਅਤੀਤ ਤੇ ਵਰਤਮਾਨ" 161-162)

ਇਸ ਆਈਲੈਟਸ ਵਰਗੀਆਂ ਸੰਸਥਾਵਾਂ ਨੇ ਮੱਧ ਸ਼੍ਰੇਣੀ ਤੋਂ ਲੈ ਕੇ ਉੱਚ ਸ਼੍ਰੇਣੀ ਤੱਕ ਦੇ ਹਰ ਮਨੁੱਖ ਨੂੰ ਵਿਦੇਸ਼ ਜਾਣ ਦੇ ਸੁਪਨਿਆਂ ਨੇ ਮਾਨਸਿਕਤਾ ਨੂੰ ਮੱਲਿਆ ਹੈ। ਪੰਜਾਬ ਅੰਦਰ ਬੇਰੁਜ਼ਗਾਰੀ, ਗ਼ਰੀਬੀ, ਵਿਦੇਸ਼ ਜਾਣ ਦਾ ਮੁੱਖ ਕਾਰਨ ਨਜ਼ਰ ਆ ਰਹੀ ਹੈ।

ਪੂੰਜੀਵਾਦੀ ਕਾਰਪੋਰੇਟ ਮਾਡਲ ਨੇ ਜਿੱਥੇ ਖੇਤੀਬਾੜੀ ਦੀ ਆਰਥਿਕਤਾ ਨੂੰ ਪ੍ਰਭਾਵਿਤ ਕੀਤਾ ਉੱਥੇ ਇਸ ਦੌਰ ਨੇ ਕਿਸਾਨਾਂ ਨੂੰ ਮਾਨਸਿਕ ਸੰਤਾਪ ਵੀ ਦਿੱਤਾ। ਇਸ ਸੰਤਾਪ ਦੇ ਚੱਲਦਿਆਂ ਕਿਸਾਨ ਨਸ਼ਿਆਂ ਦੇ ਸ਼ਿਕਾਰ ਹੋ ਗਏ। ਪਰਵਾਨਾ ਨੇ ਆਪਣੇ ਨਾਵਲ ਵਿੱਚ ਜਗੀਰੀ ਪਾਤਰ ਨੂੰ ਮਾਨਸਿਕ ਪ੍ਰੇਸ਼ਾਨੀ ਦੇ ਚੱਲਦਿਆਂ ਸ਼ਰਾਬ ਵਰਗੇ ਨਸ਼ੇ ਦੀ ਵਰਤੋਂ ਕਰਦਿਆਂ ਦਿਖਾਇਆ ਹੈ। ਇਸ ਦੀ ਉਦਾਹਰਨ ਨਾਵਲ *'ਅੰਬਰ ਵੱਲ ਉਡਾਣ'* ਵਿੱਚੋਂ ਦੇਖ ਸਕਦੇ ਹਾਂ ਜਿਵੇਂ:

> "ਚੱਕੀ ਨਾਲੇ ਨੂੰ ਜਾਂਦੇ ਰਾਹ ਕੰਢੇ ਵਾਲੇ ਠੇਕੇ ਦੇ ਨਾਲ ਬਣੇ ਅਹਾਤੇ 'ਚ, ਸ਼ਰਾਬੀ ਹੋਇਆ ਜਗੀਰੀ ਚਾਰ ਪੈੱਗ ਪੀਣ ਤੋਂ ਬਾਅਦ ਨਸ਼ੇ 'ਚ ਖਿੜ ਚੁੱਕਾ ਸੀ, "ਹੁਣ ਸੰਘਾ ਸਾਬ ਬਹੁਤ ਵੱਡੇ ਆਦਮੀ ਐ, ਪਰ ਖਾਂਦੇ ਤਾਂ ਉਹ ਵੀ ਦੋ ਰੋਟੀਆਂ ਹੀ ਐ...ਸੋਨੇ ਦੀਆਂ ਉਹ ਵੀ ਨਹੀਂ ਹੁੰਦੀਆਂ।" (ਪਰਵਾਨਾ, "ਅੰਬਰ ਵੱਲ ਉਡਾਣ" 18)

ਜਗੀਰੀ ਮਾੜੀ ਆਰਥਿਕਤਾ ਦੇ ਚੱਲਦਿਆਂ ਸ਼ਰਾਬ ਵਰਗੇ ਨਸ਼ੇ ਦਾ ਸਹਾਰਾ ਲੈਂਦਾ ਹੈ। ਉੱਥੇ ਹੀ *'ਖੇਤਾਂ ਦਾ ਰੁਦਨ'* ਨਾਵਲ ਦਾ ਪਾਤਰ ਰਵੀ ਅਤੇ *'ਕਥਾ ਇਸ ਯੁੱਗ ਦੀ'* ਨਾਵਲ ਦਾ ਪਾਤਰ ਜਗਵਿੰਦਰ ਵੀ ਆਪੋ-ਆਪਣੀ ਮਾੜੀ ਆਰਥਿਕਤਾ ਅਤੇ ਮਾਨਸਿਕ ਸੰਤਾਪ ਦੇ ਚੱਲਦਿਆਂ ਨਸ਼ਿਆਂ ਦੀ ਵਰਤੋਂ ਕਰਦੇ ਹਨ।

> ਡਾ. ਮਿਨਾਕਸ਼ੀ ਰਾਠੌਰ ਦੀ ਰਾਇ ਹੈ ਕਿ ਪਰਵਾਨਾ ਦੇ ਨਾਵਲਾਂ ਦਾ ਇੱਕ ਪੱਖ, "ਨੌਜਵਾਨ ਪੀੜੀ ਦਾ ਨਸ਼ਿਆਂ ਦਾ ਸ਼ਿਕਾਰ ਹੋਣਾ ਹੈ। ਮਸ਼ੀਨੀਕਰਨ ਯੁੱਗ ਵਿੱਚ ਕਿਸਾਨੀ ਨੂੰ ਮਿਲੀ ਵਿਹਲ ਕਿਸੇ ਕਾਰਗਾਰ ਪਾਸੇ ਨਾ ਲੱਗਣ ਕਾਰਨ ਉਨ੍ਹਾਂ ਨੂੰ ਨਸ਼ਿਆਂ ਦੇ ਰਾਹ ਪਾਉਂਦੀ ਹੈ। ਖੇਤਾਂ ਵਿੱਚ ਕੰਮ ਭਈਏ ਕਰ ਰਹੇ ਹਨ ਤੇ ਘਰ ਦੇ ਮਰਦ ਐਸ਼ੋ-ਇਸ਼ਰਤ ਦੇ ਰਾਹ ਪੈ ਤਰ੍ਹਾਂ-ਤਰ੍ਹਾਂ ਦੇ ਨਸ਼ੇ ਕਰਦੇ ਹਨ। ਵਧੇਰੇ ਕਮਾਈ ਦਾ ਖ਼ਾਸਾ ਆਮ ਮਨੁੱਖ ਨੂੰ ਉਪਭੋਗਵਾਦ ਤੇ ਅੱਯਾਸ਼ੀ ਵਿੱਚ ਉਲਝਾ ਕੇ ਨਸ਼ਿਆਂ ਦੇ ਰਾਹ ਤੋਰਦਾ ਹੈ।" ("ਕਿਸਾਨੀ ਜੀਵਨ ਦੇ ਯਥਾਰਥ-ਬੋਧ ਦਾ ਬਿਰਤਾਂਤ", *ਐਤਵਾਰਤਾ, ਜਲੰਧਰ: ਨਵਾਂ ਜ਼ਮਾਨਾ,* 31 ਅਗਸਤ 2014, 3)

ਇਸ ਦੌਰ ਦੇ ਵਰਤਾਰੇ ਨੇ ਜਿੱਥੇ ਖੇਤੀ ਦਾ ਮਸ਼ੀਨੀਕਰਨ ਕੀਤਾ ਉੱਥੇ ਕਿਸਾਨੀ ਨੂੰ ਹੱਥੀਂ ਮਿਹਨਤ ਤੋਂ ਵਾਂਝਿਆ ਵੀ ਕਰ ਦਿੱਤਾ। ਇਸ ਵਿਹਲ ਦੇ ਚੱਲਦਿਆਂ ਕਿਸਾਨ ਤੇ ਕਿਸਾਨਾਂ ਦੇ ਪੁੱਤਰਾਂ ਦਾ ਨਸ਼ਿਆਂ ਵੱਲ ਰੁਝਾਨ ਵਧਿਆ। ਜਿਸ ਕਾਰਨ ਅੱਜ ਦੀ ਨੌਜਵਾਨ ਪੀੜੀ ਨਸ਼ਿਆਂ ਵਿੱਚ ਗ਼ਲਤਾਨ ਹੋ ਗਈ। ਕਿਸਾਨੀ ਜੀਵਨ ਐਸ਼ੋ ਆਰਾਮ ਦੇ ਰਾਹ ਪੈ ਗਿਆ ਹੈ।

ਸਮਕਾਲੀ ਵਰਤਾਰੇ ਨੇ ਕਿਸਾਨੀ ਜੀਵਨ ਨੂੰ ਤਾਂ ਸੰਤਾਪ ਦਿੱਤਾ ਹੀ ਪਰ ਇਸ ਨਾਲ ਕਿਸਾਨਾਂ ਦੇ ਪਰਿਵਾਰਾਂ ਨੂੰ ਹੋਰ ਸਮੱਸਿਆਵਾਂ ਦਾ ਵੀ ਸਾਹਮਣਾ ਕਰਨਾ ਪਿਆ। ਨਿਮਨ ਕਿਸਾਨ ਪਹਿਲਾ ਤਾਂ ਆਪਣੇ ਬੱਚਿਆਂ ਨੂੰ ਉੱਚ ਦਰਜੇ ਦੀ ਪੜ੍ਹਾਈ ਨਹੀਂ ਕਰਵਾ ਸਕਦੇ ਕਿਉਂਕਿ ਉਨ੍ਹਾਂ ਦੀਆਂ ਆਰਥਿਕ ਸਥਿਤੀ ਚੰਗੀ ਨਹੀਂ। ਜਿਨ੍ਹਾਂ ਕਿਸਾਨਾਂ ਦੇ ਬੱਚੇ ਉੱਚੇ ਦਰਜੇ ਦੀ ਪੜ੍ਹਾਈ ਪ੍ਰਾਪਤ ਕਰ ਲੈਂਦੇ ਹਨ ਉਨ੍ਹਾਂ ਨੂੰ ਸਾਡੀਆਂ ਸਰਕਾਰਾਂ ਨੌਕਰੀ ਨਹੀਂ ਦਿੰਦੀਆਂ। ਉੱਪਰੋਂ ਦੀ ਜੇਕਰ ਇਹ ਪੜ੍ਹਿਆ-ਲਿਖਿਆ ਵਰਗ ਐਡਹਾਕ ਵੇਸ ਨੌਕਰੀ ਕਰਦਾ ਵੀ ਹੈ ਤਾਂ ਇੱਥੇ ਇਨ੍ਹਾਂ ਦਾ ਮਾਨਸਿਕ ਅਤੇ ਆਰਥਿਕ ਸ਼ੋਸ਼ਣ ਕੀਤਾ ਜਾਂਦਾ ਹੈ। *'ਖੇਤਾਂ ਦਾ ਰੁਦਨ'* ਨਾਵਲ ਦਾ ਮੁੱਖ ਪਾਤਰ ਰਵੀ ਨਿਮਨ ਕਿਸਾਨੀ ਪਰਿਵਾਰ ਨਾਲ ਸੰਬੰਧਿਤ ਹੋਣ ਕਾਰਨ ਅਤੇ ਸਿਰ ਚੜ੍ਹੇ ਕਰਜ਼ੇ ਨੂੰ ਲਾਹੁਣ ਲਈ ਕਾਲਜ ਵਿੱਚ ਐਡਹਾਕ ਵੇਸ ਲੈਕਚਰਾਰ ਵਜੋਂ ਨੌਕਰੀ ਕਰਦਾ ਹੈ। ਪਰ ਉਸ ਨੂੰ ਘੱਟ ਤਨਖ਼ਾਹ ਦੇ ਕੇ ਤੇ ਕੰਮ ਦਾ ਵਧੇਰੇ ਭਾਰ ਪਾ ਕੇ ਉਸ ਦਾ ਮਾਨਸਿਕ ਸ਼ੋਸ਼ਣ ਕੀਤਾ ਜਾਂਦਾ ਹੈ। ਨਾਵਲ ਵਿੱਚੋਂ ਪ੍ਰਾਪਤ ਟੂਕ ਜਿਵੇਂ:

> "ਆਹ ਦੇਖ ਲੈ...ਅੱਸੀ-ਅੱਸੀ, ਨੱਬੇ-ਨੱਬੇ ਹਜ਼ਾਰ ਲੈ ਰਹੇ ਐ, ਅਜੇ ਵੀ ਰੱਜ ਨਹੀਂ। ਪਈ ਸਾਡੇ ਵਰਗਿਆਂ ਬਾਰੇ ਵੀ ਕੁੱਝ ਸੋਚੋ, ਜਿਹੜੇ ਦਸ-ਦਸ ਬਾਰਾਂ ਬਾਰਾਂ ਹਜ਼ਾਰ ਤੇ ਧੱਕੇ ਖਾਂਦੇ ਫਿਰਦੈ ਐ। ਉਹ ਵੀ ਅੱਠ ਜਾਂ ਨੌਂ ਮਹੀਨੇ...ਅਗਾਂਹ ਅਗਲੇ ਸੈਸ਼ਨ ਦੀ ਵੀ ਕੋਈ ਗਾਰੰਟੀ ਨਹੀਂ..."

"ਅਜੇ ਵੀ ਚੰਗੇ ਹਾਂ...ਨਕੋਦਰ ਵਾਲਾ ਸੇਖੋਂ ਟੱਕਰਿਆ ਸੀ ਇੱਕ ਦਿਨ ਕਹਿੰਦਾ ਗਿਆਰਾਂ ਹਜ਼ਾਰ 'ਤੇ ਦਸਖ਼ਤ ਕਰੌਂਦੇ ਐ ਤੇ ਦਿੰਦੇ ਸਿਰਫ਼ ਛੇ ਹਜ਼ਾਰ।" (ਪਰਵਾਨਾ, "ਖੇਤਾਂ ਦਾ ਰੁਦਨ" 19)

ਰਵਿੰਦਰ ਰਵੀ ਵਰਗੇ ਐਡਹਾਕ ਵੇਸ ਲੈਕਚਰਾਰਾਂ ਉੱਪਰ ਕੰਮ ਦਾ ਵਧੇਰੇ ਭਾਰ ਪਾ ਕੇ ਅਤੇ ਘੱਟ ਤਨਖ਼ਾਹ ਦੇ ਕੇ ਆਰਥਿਕ ਅਤੇ ਮਾਨਸਿਕ ਸ਼ੋਸ਼ਣ ਕੀਤਾ ਜਾਂਦਾ ਹੈ। ਉੱਪਰੋਂ ਦੀ ਸਾਡੀ ਸਰਕਾਰ ਉਨ੍ਹਾਂ ਲੋਕਾਂ ਦਾ ਸਾਥ ਦਿੰਦੀ ਜਿਹੜੇ ਪੱਕੇ ਤੌਰ 'ਤੇ ਨੌਕਰੀ ਤਾਂ ਕਰਦੇ ਹਨ ਪਰ ਨਾਲ-ਨਾਲ ਵਧੇਰੇ ਪੂੰਜੀ ਕਮਾਉਣ ਲਈ ਪ੍ਰਾਈਵੇਟ ਧੰਦੇ ਵੀ ਚਲਾਉਂਦੇ ਹਨ। ਜਿਵੇਂ ਕਿ ਪ੍ਰੋ. ਉੱਪਲ ਵਰਗਾ ਲੈਕਚਰਾਰ ਦੀ ਨੌਕਰੀ ਦੇ ਨਾਲ-ਨਾਲ ਪ੍ਰਾਪਟੀ ਡੀਲਰ ਦਾ ਧੰਦਾ ਚਲਾਉਂਦਾ ਹੈ।

> ਸਤਿੰਦਰ ਪਾਲ ਸਿੰਘ ਬਾਵਾ ਲਿਖਦੇ ਹਨ ਕਿ ਬਲਬੀਰ ਪਰਵਾਨਾ ਨੇ, "ਕਿਸਾਨੀ ਸੰਕਟ ਦੀਆਂ ਦੁਸ਼ਵਾਰੀਆਂ ਨੂੰ ਚਿਤਰਨ ਦੇ ਨਾਲ-ਨਾਲ ਇਸ ਨਾਵਲ ਵਿੱਚ ਪੜ੍ਹੇ ਲਿਖੇ ਬੇਰੁਜ਼ਗਾਰਾਂ ਦੇ ਐਡਹਾਕ ਜਾਂ ਕੰਟਰੈਕਟ ਆਧਾਰਿਤ ਹੁੰਦੇ ਸ਼ੋਸ਼ਣ ਦੇ ਵਿਭਿੰਨ ਪਾਸਾਰਾਂ ਨੂੰ ਵੀ ਦ੍ਰਿਸ਼ਟੀਗੋਚਰ ਕੀਤਾ ਹੈ। ਜਿਸ ਵਿੱਚ ਪਾਤਰ ਰਵਿੰਦਰ ਸਿੰਘ ਸਹੋਤਾ ਵਰਗੇ ਲਿਆਕਤ ਭਰਪੂਰ ਸੁਹਿਰਦ ਚਿੰਤਕ ਨੂੰ ਵਿੱਦਿਅਕ ਯੋਗਤਾ ਪੱਖੋਂ ਨਿਪੁੰਨ ਹੋਣ ਦੇ ਬਾਵਜੂਦ ਕਾਲਜ ਵਿੱਚ ਦਸ ਜਾਂ ਬਾਰਾਂ ਹਜ਼ਾਰ ਦੀ ਅਸਥਾਈ ਨੌਕਰੀ ਕਰਨੀ ਪੈ ਰਹੀ ਹੈ। ਇਸ ਦੇ ਮੁਕਾਬਲੇ ਪ੍ਰੋਫੈਸਰ ਵਰਗੇ ਅਕਾਦਮਿਕ ਅਤੇ ਨਿੱਜੀ ਵਪਾਰ ਨੂੰ ਤਦਰੂਪ ਵੇਖਣ ਵਾਲੇ ਨੂੰ ਇੱਕ ਲੱਖ ਤਨਖ਼ਾਹ ਮਿਲ ਰਹੀ ਹੈ। ਸਥਿਤੀ ਦੀ ਵਿਡੰਬਣਾ ਇਹ ਹੈ ਕਿ ਇੱਕ ਲੱਖ ਤਨਖ਼ਾਹ ਲੈਣ ਵਾਲਾ ਅਧਿਆਪਕ ਆਪਣਾ ਪੀਰੀਅਡ ਲੈਣ ਦਾ ਜ਼ਿੰਮਾ ਅਸਥਾਈ ਨੌਕਰੀ ਕਰਨ ਵਾਲੇ ਅਧਿਆਪਕ 'ਤੇ ਲਾਉਂਦਾ ਅਤੇ ਆਪ ਉਸ ਸਮੇਂ ਦੌਰਾਨ ਪੂੰਜੀ ਇਕੱਤਰ ਕਰਨ ਦੇ ਵਪਾਰੀ ਢੰਗਾਂ ਜਾਂ ਕਾਰਜਾਂ ਨੂੰ ਨੇਪਰੇ ਚਾੜ੍ਹਦਾ ਹੈ।" ( "ਖੇਤਾਂ ਦਾ ਰੁਦਨ (ਨਾਵਲ) ਬਲਬੀਰ ਪਰਵਾਨਾ" , *ਸਿਰਜਣਾ-171,* ਜਨਵਰੀ-ਮਾਰਚ 2014, 84)

ਪਰਵਾਨਾ ਨੇ ਐਡਹਾਕ ਵੇਸ ਲੈਕਚਰਾਰਾਂ ਦੀ ਕੀਤੀ ਜਾਂਦੀ ਲੁੱਟ ਨੂੰ ਆਪਣੇ ਨਾਵਲੀ ਬਿਰਤਾਂਤ ਦਾ ਹਿੱਸਾ ਬਣਾਇਆ ਹੈ। ਇਸ ਨਾਲ ਹੀ ਪ੍ਰੋ. ਉੱਪਲ ਵਰਗਿਆਂ ਨੂੰ ਜੋ ਪੂੰਜੀ ਕਮਾਉਣ ਲਈ ਨਾਜਾਇਜ਼ ਤਰੀਕਿਆਂ ਦੀ ਵਰਤੋਂ ਕਰਦੇ ਹਨ, ਨੂੰ ਵੀ ਰੂਪਮਾਨ ਕੀਤਾ ਹੈ।

ਪਰਵਾਨਾ ਨੇ ਕੇਵਲ ਅਧਿਆਪਕਾਂ ਦੀ ਨੌਕਰੀ ਦੌਰਾਨ ਕੀਤੀ ਜਾਂਦੀ ਲੁੱਟ ਨੂੰ ਹੀ ਨਹੀਂ ਪੇਸ਼ ਕੀਤਾ ਸਗੋਂ ਪੂੰਜੀਵਾਦੀ ਕਾਰਪੋਰੇਟ ਮਾਡਲ ਦੌਰਾਨ ਸਿੱਖਿਆ ਢਾਂਚੇ ਦੇ ਬਿਖਰੇ ਰੂਪ ਨੂੰ ਵੀ ਪੇਸ਼ ਕੀਤਾ ਹੈ। ਸਰਕਾਰੀ ਸਿੱਖਿਆ ਦਾ ਮਿਆਰ ਹੇਠਾਂ ਡਿੱਗ ਚੁੱਕਾ ਹੈ। ਹਰ ਪਰਿਵਾਰ ਆਪਣੇ ਬੱਚੇ ਨੂੰ ਮਹਿੰਗੇ ਤੋਂ ਮਹਿੰਗੇ ਸਕੂਲ ਵਿੱਚ ਪੜ੍ਹਾਉਣਾ ਚਾਹੁੰਦਾ ਹੈ। ਇੱਥੇ ਹੀ ਬਸ ਨਹੀਂ ਸਗੋਂ ਸਰਕਾਰੀ ਯੂਨੀਵਰਸਿਟੀਆਂ ਵਿੱਚ ਵੀ ਸਿੱਖਿਆ ਲਈ ਪੈਸਾ ਮੋਹਰੀ ਬਣਦਾ ਜਾ ਰਿਹਾ ਹੈ। ਚਾਹੇ ਉਸ ਦਾ ਢੰਗ ਤਰੀਕਾ ਕੋਈ ਵੀ ਹੋਵੇ। ਇਸ ਦੀ ਉਦਾਹਰਨ ਨਾਵਲ *'ਕਥਾ ਇਸ ਯੁੱਗ ਦੀ'* 'ਚੋਂ ਉਦਾਹਰਨ ਦੇਖੀ ਜਾ ਸਕਦੀ ਹੈ ਜਿਵੇਂ:

"ਤੈਨੂੰ ਪਤਾ, ਪ੍ਰਿਯੰਕਾ ਨੇ ਪੀ ਐੱਚ. ਡੀ. ਕਿਵੇਂ ਕੀਤੀ ਐ...?"

"ਮਿਸ਼ਰੇ ਦੇ ਥੱਲੇ ਪੈ ਕੇ, ਉਸ ਨਾਲ ਰਾਤਾਂ ਗੁਜ਼ਾਰ ਕੇ...ਪਹਿਲਾ ਇਸ ਨੇ ਮਿਹਨਤ ਕਰਨ ਦੀ ਕੋਸ਼ਿਸ਼ ਕੀਤੀ ਸੀ। ਬਥੇਰੇ ਨੋਟਸ ਲਏ ਪਰ ਇਹ ਕੋਈ ਚੈਪਟਰ ਲਿਖ ਕੇ ਖੜਦੀ, ਪਹਿਲਾ ਤਾਂ ਛੇ ਮਹੀਨੇ ਉਹ ਪੜ੍ਹਦਾ ਹੀ ਨਾ। ਜੇ ਕਿਤੇ ਓਪਰੇ ਜਿਹੀ ਨਜ਼ਰ ਮਾਰੀ ਵੀ ਤਾਂ ਸਫ਼ਿਆਂ ਦੇ ਸਫ਼ੇ ਕੱਟ-ਵੱਢ ਦੇਣੇ ਕਿ ਮੁੜ ਲਿਖ ਕੇ ਲਿਆ। ਚਾਰ ਸਾਲ ਇੰਜ ਹੀ ਲੰਘਾ ਦਿੱਤੇ। ਕਦੀ ਇਹ ਖਹਿੜਾ ਹੀ ਛੱਡ ਦੇਣ ਦਾ ਸੋਚਣ ਲੱਗ ਪੈਂਦੀ...ਅਗਲੇ ਦੋ ਸਾਲ ਦੀ ਐਕਸਟੈਨਸ਼ਨ ਲਈ ਤਾਂ ਫਿਰ ਇਸ ਨੇ ਉਸ ਦੀ ਮਨਸ਼ਾ ਪੂਰੀ ਕਰ ਦਿੱਤੀ ਤੇ ਉਸ ਨੂੰ ਇਹ ਡਿਗਰੀ ਦੁਆ ਦਿੱਤੀ...ਮੁੜ ਤਾਂ ਇਸ ਨੇ ਅੱਖਰ ਤੱਕ ਨਾ ਲਿਖਿਆ। ਉਸ ਨੇ ਹੀ ਕਟਿੰਗ ਪੇਸਟਿੰਗ ਕਰਵਾਈ, ਟਾਇਪ ਕਰਵਾਈ, ਪਰੂਫ਼ ਤੱਕ ਵੀ ਉਸ ਨੇ ਪੜ੍ਹੇ...।" (ਪਰਵਾਨਾ, "ਕਥਾ ਇਸ ਯੁੱਗ ਦੀ" 156)

ਪੂੰਜੀਵਾਦੀ ਦੌਰ ਨੇ ਸਿੱਖਿਆ ਦਾ ਮਿਆਰ ਬਹੁਤ ਨੀਵਾਂ ਕਰ ਦਿੱਤਾ ਹੈ। ਅੱਜ ਹਰ ਮਨੁੱਖ ਕੇਵਲ ਡਿਗਰੀਆਂ ਇਕੱਠੀਆਂ ਕਰਨ ਦੀ ਦੌੜ ਵਿੱਚ ਲੱਗਾ ਹੋਇਆ ਹੈ। ਜਿਵੇਂ ਕਿ ਪ੍ਰਿਯੰਕਾ ਨੇ ਡਿਗਰੀ ਪ੍ਰਾਪਤ ਕਰਨ ਲਈ ਵਿਰੇਸ਼ ਮਿਸ਼ਰੇ ਨਾਲ ਨਾਜਾਇਜ਼ ਸੰਬੰਧ ਸਥਾਪਿਤ ਕੀਤੇ।

ਵਿਸ਼ਵੀਕਰਨ ਪੂੰਜੀਵਾਦ ਦੀ ਦੌੜ ਨੇ ਮਨੁੱਖ ਨੂੰ ਆਰਥਿਕ ਅਤੇ ਮਾਨਸਿਕ ਸੰਤਾਪ ਤਾਂ ਦਿੱਤੇ ਹੀ ਸਗੋਂ ਕੁਦਰਤੀ/ਪ੍ਰਕਿਰਤੀ ਵਾਤਾਵਰਨ ਨੂੰ ਵੀ ਗੰਦਾ ਕਰ ਦਿੱਤਾ। ਖੇਤੀਬਾੜੀ ਵਿੱਚ ਵਰਤੀਆਂ ਜਾਂਦੀਆਂ ਕੀਟਨਾਸ਼ਕ ਦਵਾਈਆਂ, ਖਾਦਾਂ, ਸਪਰੇਆਂ ਨੇ ਵਾਤਾਵਰਨ ਨੂੰ ਤਾਂ ਦੂਸ਼ਿਤ ਕੀਤਾ ਹੀ ਸਗੋਂ ਪਾਣੀ ਦੇ ਸ੍ਰੋਤਾਂ ਨੂੰ ਵੀ ਨੁਕਸਾਨ ਪਹੁੰਚਾਇਆ। ਪੂੰਜੀਵਾਦੀ ਕਾਰਪੋਰੇਟ ਮਾਡਲ ਦੁਆਰਾ ਸਥਾਪਿਤ ਕੀਤੇ ਗਏ ਵੱਡੇ-ਵੱਡੇ ਉਦਯੋਗਾਂ ਨੇ ਕੁਦਰਤੀ ਹਵਾ ਨੂੰ ਵੀ ਪ੍ਰਦੂਸ਼ਿਤ ਕਰ ਦਿੱਤਾ ਹੈ। ਇਸੇ ਦੀ ਇੱਕ ਉਦਾਹਰਨ '*ਕਥਾ ਇਸ ਯੁੱਗ ਦੀ*' ਨਾਵਲ ਦੇ ਹੇਠ ਲਿਖੇ ਟੂਕ 'ਚੋਂ ਮਿਲਦੀ ਹੈ ਜਿਵੇਂ:

"ਖੁੱਡ ਦੇ ਵਹਿਣ ਨੂੰ ਪ੍ਰਦੂਸ਼ਣ ਕਰਨ ਵਾਲੇ ਤਿੰਨ ਮੁੱਖ ਸਰੋਤ ਹਨ, ਗਿੱਲ ਰਿਜ਼ੋਰਟ ਐਂਡ ਫਾਰਮ, ਕਮਾਹੀ ਦੇਵੀ ਦਾ ਸੀਵਰੇਜ ਤੇ ਸਾਬਣ ਫ਼ੈਕਟਰੀ ਦਾ ਤੇਜ਼ਾਬੀ ਪਾਣੀ। ਗਿੱਲ ਰਿਜ਼ੋਟਰ ਤੇ ਸਾਬਣ ਫ਼ੈਕਟਰੀ ਦੋਵੇਂ ਨਿੱਜੀ ਮਾਲਕੀ ਵਾਲੇ ਅਦਾਰੇ ਹਨ, ਇੱਕ-ਇੱਕ ਬੰਦੇ ਨੂੰ ਹੋਰ ਅਮੀਰ ਕਰਨ ਦੇ ਸਾਧਨ, ਜਦੋਂ ਕਿ ਕੁਮਾਹੀ ਦੇਵੀ ਕਸਬੇ ਦੇ ਸੀਵਰੇਜ 'ਚ ਵੀ ਬਹੁਤਾ ਹਿੱਸਾ ਅਮੀਰਾਂ ਦਾ ਜਾਂ ਛੋਟੇ-ਮੋਟੇ ਕਾਰੋਬਾਰੀਆਂ ਦੇ ਅਦਾਰਿਆਂ ਦਾ ਹੈ। ਇਸ ਖੱਡ ਦੇ ਆਸੇ-ਪਾਸੇ ਤੇਰਾਂ ਪਿੰਡਾਂ 'ਚ ਪੰਜਾਬ ਸੱਠ ਹਜ਼ਾਰ ਦੀ ਵਸੋਂ, ਇਸ ਲਈ ਪਾਣੀ ਦੇ ਸਵੱਛ ਕੁਦਰਤੀ ਸਰੋਤ ਤੋਂ ਵਿਰਨੀ ਹੋ ਗਈ ਹੈ ਕਿ ਕੁੱਝ ਗਿਣਤੀ ਦੇ ਲੋਕਾਂ ਦੀ ਮੁਨਾਫ਼ੇ ਦੀ ਲਲ੍ਹਕ ਨੇ ਇਸ ਨੂੰ ਪਲੀਤ ਕਰ ਦਿੱਤਾ ਹੈ। ਇਹ ਪੰਜਾਹ, ਸੱਠ ਹਜ਼ਾਰ ਦੀ ਵਸੋਂ ਨੂੰ ਨਰਕ 'ਚ ਧੱਕਣ ਕੁੱਝ ਕੁ ਦਰਜਨਾਂ ਨੂੰ ਖ਼ੁਸ਼ਹਾਲ ਕਰਨ ਵਾਲੇ ਇਸ ਵਿਕਾਸ ਨੂੰ ਅਸੀਂ ਕੀ ਕਹਾਂਗੇ......? ਤੇ ਜੇ ਇਸ ਨਮੂਨੇ ਨੂੰ, ਦੇਸ਼ ਦੇ ਵਿਕਾਸ ਦੇ ਮਾਡਲ ਦੇ ਰੂਪ ਵਿੱਚ ਮੰਨ ਵੀ ਲਿਆ ਜਾਵੇ ਤਾਂ ਕੀ ਇਸ ਵਿਕਾਸ ਤੇ

ਇਸ ਪ੍ਰਬੰਧ ਬਾਰੇ ਦੁਬਾਰਾ ਸੋਚਣਾ ਨਹੀਂ ਬਣਦਾ। ਕੀ ਇਸ ਨੂੰ ਇੰਜ ਹੀ ਚੱਲਿਆ ਜਾਣ ਦੇਣਾ ਚਾਹੀਦਾ ਹੈ?" (ਪਰਵਾਨਾ, "ਕਥਾ ਇਸ ਯੁੱਗ ਦੀ" 163)

ਉਪਰੋਕਤ ਟੂਕ ਤੋਂ ਪਤਾ ਚੱਲਦਾ ਹੈ ਕਿ ਕਿਵੇਂ ਆਧੁਨਿਕ ਉਦਯੋਗਾਂ ਨੇ ਕੁਦਰਤੀ ਵਾਤਾਵਰਨ ਨੂੰ ਪ੍ਰਦੂਸ਼ਿਤ ਕਰ ਦਿੱਤਾ। ਉੱਥੇ ਹੀ ਖੇਤੀਬਾੜੀ ਲਈ ਵਰਤੇ ਜਾਂਦੇ ਕੀਟਨਾਸ਼ਕਾਂ ਅਤੇ ਖਾਦਾਂ ਨੇ ਪਾਣੀ ਦੀ ਸਤਹ ਨੂੰ ਜ਼ਹਿਰੀਲਾ ਕਰ ਦਿੱਤਾ ਹੈ। ਪਾਣੀ ਵਿੱਚ ਯੂਰੇਨੀਅਮ ਘੁੱਲਣ ਨਾਲ ਪੰਜਾਬ ਦੇ ਲੋਕ ਕੈਂਸਰ ਵਰਗੀ ਭਿਆਨਕ ਬਿਮਾਰੀ ਦੇ ਸ਼ਿਕਾਰ ਹੋ ਰਹੇ ਹਨ।

ਨਾਵਲਕਾਰ ਦੇ ਸੂਚਨਾਂਵੀਂ ਬਿਰਤਾਂਤ 'ਚ ਮੁਕੇਰੀਆਂ ਤਹਿਸੀਲ ਦੇ ਨੀਮ ਪਹਾੜੀ ਇਲਾਕੇ ਦੇ ਪਿੰਡਾਂ 'ਚ ਪੂੰਜੀ ਕੇਂਦਰਿਤ ਕਾਰਪੋਰੇਟ ਵਿਕਾਸ ਮਾਡਲ ਦੇ ਭੇਟ ਚੜ੍ਹਿਆ ਕਿਸਾਨੀ ਜੀਵਨ ਅਤੇ ਕੁਦਰਤੀ ਧਰੋਹਰ ਨੂੰ ਨਾਵਲੀ ਬਿਰਤਾਂਤ ਦਾ ਮੂਲ ਆਧਾਰ ਬਣਾਇਆ ਹੈ। ਇਸ ਪੂੰਜੀਵਾਦੀ ਦੌਰ ਨੇ ਦੁਆਬੇ ਦੇ ਹਰਿਆਲੀ ਭਰਪੂਰ ਇਲਾਕੇ ਨੂੰ ਤਹਿਸ-ਨਹਿਸ ਕਰ ਦਿੱਤਾ ਹੈ। ਜਿਵੇਂ:

> "ਜੀ. ਟੀ. ਰੋਡ ਤੋਂ ਲੈ ਕੇ ਪਿੱਛੋਂ ਕਿੱਲੋਮੀਟਰ ਕੁ ਲੰਮੀ 'ਤੇ ਏਨੀ ਕੁ ਹੀ ਚੌੜੀ ਇੱਕ ਵਿਸ਼ਾਲ ਝੀਲ ਬਣ ਗਈ ਸੀ ਜਿਸ 'ਚ ਮੀਹਾਂ, ਸ਼ੀਹਾਂ, ਚੋਈਆਂ ਦਾ ਪਾਣੀ ਆ ਕੇ ਕੱਠਾ ਹੁੰਦਾ ਰਹਿੰਦਾ ਪੁਲਾਂ ਦੀ ਪੱਧਰ ਤੱਕ। ਪੰਜ ਸੱਤ ਫੁੱਟ ਤੋਂ ਲੈ ਕੇ ਕਿਤੇ ਕਿਤੇ ਇਹ ਝੀਲ ਪੰਦਰਾਂ ਵੀਹ ਫੁੱਟ ਤੱਕ ਵੀ ਡੂੰਘੀ ਸੀ। ਇਸ ਵਿੱਚ ਬੇਥਾਹ ਮੱਛੀਆਂ ਹੁੰਦੀਆਂ। ਇਸ ਦੇ ਕੰਢਿਆ 'ਤੇ ਅਕਸਰ ਆਸ-ਪਾਸ ਪਿੰਡਾਂ ਦੇ ਮਛੇਰੇ ਕੁੰਡੀਆਂ ਲਾਈ ਬੈਠੇ ਰਹਿੰਦੇ ਸਨ। ਸਿਆਲਾਂ 'ਚ ਆ ਕੇ ਇਸ 'ਚ ਮੁਰਗ਼ਾਬੀਆਂ ਦੀਆਂ ਡਾਰਾਂ ਦੀਆਂ ਡਾਰਾਂ ਉੱਤਰਦੀਆਂ। ਹਜ਼ਾਰਾਂ ਦੀ ਤਾਦਾਦ ਵਿਚ ਪਾਣੀ 'ਤੇ ਤੈਰਦੀਆਂ ਇਹ ਮੁਰਗ਼ਾਬੀਆਂ ਬੜੀਆਂ ਸੋਹਣੀਆਂ ਲੱਗਦੀਆਂ ਸਨ।" (ਪਰਵਾਨਾ, "ਅੰਬਰ ਵੱਲ ਉਡਾਣ" 39)

ਇਸ ਦੌਰ ਨੇ ਕੇਵਲ ਬਿਮਾਰੀਆਂ, ਪਾਣੀ, ਵਾਤਾਵਰਨ ਨੂੰ ਹੀ ਦੂਸ਼ਿਤ ਨਹੀਂ ਕੀਤਾ ਸਗੋਂ ਜਾਨਵਰਾਂ ਦੇ ਜੀਵਨ ਨੂੰ ਵੀ ਬਰਬਾਦ ਕਰ ਦਿੱਤਾ ਹੈ। ਆਲੇ-ਦੁਆਲੇ ਦੇ ਇਲਾਕੇ ਵਿੱਚ ਮੁਰਗਾਬੀਆਂ ਦੀਆਂ ਡਾਰਾਂ ਖ਼ਤਮ ਹੋਣ ਲੱਗ ਪਈਆਂ ਹਨ। ਪੰਜਾਬ ਵਿਚ ਬਹੁਤ ਸਾਰੇ ਜਾਨਵਰ ਅਜਿਹੇ ਹਨ ਜੋ ਅਲੋਪ ਹੋ ਰਹੇ ਹਨ।

ਪੂੰਜੀਵਾਦੀ ਕਾਰਪੋਰੇਟ ਮਾਡਲ ਨੇ ਪੰਜਾਬੀ ਸਭਿਆਚਾਰ ਦਾ ਆਧਾਰ ਰਿਸ਼ਤੇ-ਨਾਤਿਆਂ ਨੂੰ ਵੀ ਪ੍ਰਭਾਵਿਤ ਕੀਤਾ। ਰਿਸ਼ਤੇ-ਨਾਤਿਆਂ ਵਿੱਚ ਪਹਿਲੇ ਵਰਗਾ ਵਿਸ਼ਵਾਸ਼/ਸਤਿਕਾਰ, ਆਦਰਸ਼ ਨਹੀਂ ਰਹੇ। ਪੂੰਜੀਵਾਦੀ ਦੌਰ ਨੇ ਰਿਸ਼ਤੇ-ਨਾਤੇ ਕੇਵਲ ਪੂੰਜੀ 'ਤੇ ਕੇਂਦਰਿਤ ਕਰ ਦਿੱਤੇ ਹਨ। ਪਰਵਾਨਾ ਨੇ ਭਾਰਤੀ ਸੱਤਾ ਵੱਲੋਂ ਅਪਣਾਏ ਗਏ ਵਿਕਾਸ ਮਾਡਲ ਉੱਪਰ ਪ੍ਰਸ਼ਨ ਚਿੰਨ੍ਹ ਲੱਗਾ ਦਿੱਤਾ ਹੈ। ਵਿਸ਼ਵ ਮੰਡੀ ਨੇ ਰਿਸ਼ਤੇ-ਨਾਤਿਆਂ ਨਾਲ ਵੀ ਖਿਲਵਾੜ ਕੀਤਾ। ਸਾਡੇ ਪ੍ਰੰਪਰਿਕ ਰਿਸ਼ਤੇ ਹੁਣ ਆਰਥਿਕਤਾ

ਉੱਪਰ ਆਧਾਰਿਤ ਹੋ ਗਏ ਹਨ। ਇਹ ਸਾਡੀ ਸਭਿਆਚਾਰਕ ਜੀਵਨ ਸ਼ੈਲੀ, ਕਦਰਾਂ-ਕੀਮਤਾਂ, ਰਿਸ਼ਤੇ, ਮੁਹੱਬਤੀ ਸਰੋਕਾਰ, ਨੈਤਿਕਤਾ, ਸਮੁੱਚੀ ਸੰਵੇਦਨਾ ਨੂੰ ਸੰਸਾਰ ਨੇ ਪਿੱਛੇ ਛੱਡ ਦਿੱਤਾ ਹੈ।

> ਰਿਸ਼ਤੇ-ਨਾਤਿਆਂ ਦੇ ਪ੍ਰਸੰਗ ਵਿੱਚ ਡਾ. ਸੁਰਜੀਤ ਬਰਾੜ ਲਿਖਦੇ ਹਨ ਕਿ, "ਕਿਰਸਾਨੀ ਦੇ ਯਥਾਰਥ ਸੰਕਟ ਦੇ ਇਲਾਵਾ ਪੂੰਜੀਵਾਦ ਦੀ ਕਰੂਰਤਾ ਤੇ ਬਰਾਬਰਤਾ ਕਾਰਨ ਪੰਜਾਬ 'ਚ ਸਾਂਸਕ੍ਰਿਤਕ ਅਤੇ ਸਮਾਜਿਕ ਸੰਕਟ ਵੀ ਉਪਜੇ ਹਨ। ਜਿਸ ਦੇ ਫਲਸਰੂਪ ਪੇਂਡੂ ਜਨ-ਸਮੂਹ, ਜਿੱਥੇ ਤਣਾਉ ਗ੍ਰਸਤ ਜ਼ਿੰਦਗੀ ਭੋਗ ਰਿਹਾ ਹੈ, ਉੱਥੇ ਸੰਯੁਕਤ ਪਰਿਵਾਰਕ ਇਕਾਈ ਲਬਰੇਜ਼ ਸੰਸਕ੍ਰਿਤੀ ਤੋਂ ਵੀ ਵਿੰਛੁਨਿਆ ਜਾ ਰਿਹਾ ਹੈ। ਰਿਸ਼ਤੇ ਵਿਗਠਿਤ ਹੋ ਰਹੇ ਹਨ ਅਤੇ ਇੱਕਲਤਾ-ਬੇਗ਼ਾਨਗੀ ਭਾਰੂ ਹੋ ਰਹੀ ਹੈ।" (*ਕਹਾਣੀ ਪੰਜਾਬ, ਅੰਕ*-39, 15)

ਪੂੰਜੀਵਾਦੀ ਦੌਰ ਨੇ ਰਿਸ਼ਤੇ-ਨਾਤਿਆਂ ਨਾਲ ਇਸ ਤਰ੍ਹਾਂ ਖਿਲਵਾੜ ਕੀਤਾ ਕਿ ਅੱਜ ਦਾ ਮਨੁੱਖ ਆਪਣੇ ਘਰ ਆਏ ਰਿਸ਼ਤੇਦਾਰ ਨੂੰ ਵੀ ਬੋਝ ਸਮਝਣ ਲੱਗਾ ਹੈ। ਇਸੇ ਦੀ ਇੱਕ ਉਦਾਹਰਨ *'ਕਥਾ ਇਸ ਯੁੱਗ ਦੀ'* ਨਾਵਲ 'ਚੋਂ ਦੇਖ ਸਕਦੇ ਹਾਂ ਜਿਵੇਂ:

> "ਰੋਟੀ ਖਾ ਹਟੀਆਂ ਤਾਂ ਦੋਵੇਂ ਕੁੜੀਆਂ ਟੀ. ਵੀ. ਦੇਖਣ 'ਚ ਰੁੱਝ ਗਈਆਂ। ਉਹ ਡਰਾਇੰਗ ਰੂਮ 'ਚ ਸੋਫ਼ੇ 'ਤੇ ਸਵੀਟੀ ਨਾਲ ਬਹਿ ਨੱਪੇ-ਤੁਲੇ, ਸੋਚੇ ਸਮਝੇ ਲਫ਼ਜ਼ਾਂ 'ਚ ਬੋਲੀ, "ਦੇਖ ਸਵੀਟੀ, ਤੂੰ ਇੱਥੇ ਮੇਰੀ ਜ਼ਿੰਦਗੀ ਦੇਖੀ ਹੀ ਹੈ।...ਮੇਰੇ ਕੋਲ ਇੱਕ ਮਿੰਟ ਵੀ ਵਿਹਲ ਨਹੀਂ...ਸਕੂਲ, ਟਿਊਸ਼ਨ, ਫਿਰ ਰੋਟੀ ਪਾਣੀ...ਕਿੰਨਾ ਕੁ ਸਮਾਂ ਬਚਦਾ ਹੈ ਮੇਰੇ ਕੋਲ ਵਿਹਲਾ?" ਉਹ ਇੱਕ ਪਲ ਰੁਕੀ ਆਪਣੀ ਗੱਲ ਦਾ ਪ੍ਰਭਾਵ ਦੇਖਣ ਲਈ ਤੇ ਫਿਰ ਅੱਗੇ ਕਿਹਾ, "ਬੱਚੇ ਨੂੰ ਸਾਂਭਣ ਲਈ ਜਿੰਨਾ ਸਮਾਂ ਚਾਹੀਦਾ ਹੈ ਉਹ ਮੇਰੇ ਕੋਲ ਨਹੀਂ ਹੈ।"
>
> "ਦੀਦੀ, ਇਸ ਨੇ ਤੁਹਾਡੇ ਨਾਲ ਹੀ ਸਕੂਲ ਚਲੀ ਜਾਇਆ ਕਰਨਾ। ਘਰ ਆ ਕੇ ਹੋਮ ਵਰਕ ਦੇ ਛੱਡਿਆ...ਰੋਟੀ ਪਾਣੀ ਤੁਸੀਂ ਆਪਣੇ ਲਈ ਵੀ ਬਣਾਉਣਾ ਹੀ ਹੁੰਦਾ ਆ, ਦੋ ਰੋਟੀਆਂ ਵਾਧੂ ਲਾਹ ਲਈਆਂ...।"
>
> "ਸਵੀਟੀ, ਸਿਰਫ਼ ਰੋਟੀਆਂ ਦਾ ਮਸਲਾ ਹੀ ਨਹੀਂ ਹੁੰਦਾ। ਬੰਦਾ ਆਪਣੀ ਤਰ੍ਹਾਂ ਜ਼ਿੰਦਗੀ ਨੂੰ ਜਿਊਣ ਲਈ ਗਿਝਿਆ ਹੁੰਦਾ...।
>
> "ਪਰ ਦੀਦੀ ਕਿਸੇ ਦਾ ਕੰਮ ਸਾਰਨਾ ਹੋਵੇ ਤਾਂ ਕੀਤਾ ਵੀ ਜਾ ਸਕਦਾ ਹੈ ਕੁੱਝ ਨਾ ਕੁੱਝ...ਬੱਚੇ ਮਾਮਿਆਂ, ਮਾਸੀਆਂ ਕੋਲ ਰਹਿ ਹੀ ਲੈਂਦੇ ਹੁੰਦੇ ਆ!"

"ਦੇਖ! ਕਿਤੇ ਹਜ਼ਾਰ, ਦੋ ਹਜ਼ਾਰ ਫ਼ੀਸ ਦੀ ਲੋੜ ਪੈਂਦੀ ਹੋਵੇ, ਤਾਂ ਮੈਂ ਦੇ ਸਕਦੀ ਹਾਂ...ਬੁਰਾ ਨਾ ਮੰਨੀ ਸਵੀਟੀ, ਮੈਂ ਪਾਰੁਲ ਨੂੰ ਕੋਲ ਨਹੀਂ ਰੱਖ ਸਕਦੀ...।" ਉਸ ਨੇ ਫ਼ੈਸਲਾ ਕੁੱਝ ਅਜਿਹੇ ਲਹਿਜ਼ੇ 'ਚ ਆਖਿਆ ਤਾਂ ਸਵੀਟੀ ਦਾ ਮੂੰਹ ਰੋਸੇ ਨਾਲ ਭਰ ਗਿਆ ਸੀ।" (ਪਰਵਾਨਾ, "ਕਥਾ ਇਸ ਯੁੱਗ ਦੀ" 170)

ਪੂੰਜੀਵਾਦੀ ਦੌਰ ਨੇ ਰਿਸ਼ਤਿਆਂ 'ਚ ਕੁੜੱਤਣ ਭਰ ਦਿੱਤੀ ਹੈ। ਪਹਿਲੇ ਸਮਿਆਂ ਵਾਂਗ ਕੋਈ ਮਾਮਿਆਂ, ਮਾਸੀਆਂ ਦੇ ਬੱਚਿਆਂ ਨੂੰ ਆਪਣੇ ਘਰ ਵਿੱਚ ਰੱਖਣ ਲਈ ਤਿਆਰ ਨਹੀਂ। ਇੱਥੋਂ ਤੱਕ ਕਿ ਪਤੀ-ਪਤਨੀ ਦਾ ਰਿਸ਼ਤਾ ਅਤੇ ਪਿਆਰ ਦਾ ਆਧਾਰ ਵੀ ਪੂੰਜੀ ਬਣ ਕੇ ਰਹਿ ਗਿਆ ਹੈ। ਅੱਜ ਪਿਆਰ, ਸਰੀਰਕ ਸਬੰਧ ਉਸੇ ਨਾਲ ਹੀ ਸਥਾਪਿਤ ਕੀਤੇ ਜਾਂਦੇ ਹਨ ਜਿਸ ਕੋਲ ਵਧੇਰੇ ਪੂੰਜੀ ਹੋਵੇ। *'ਖੇਤਾਂ ਦਾ ਰੁਦਨ'* ਨਾਵਲ ਦੀ ਪਾਤਰ ਮਾਲਤੀ ਵੀ ਰਵਿੰਦਰ ਰਵੀ ਨੂੰ ਉਸ ਦੀ ਮਾੜੀ ਆਰਥਿਕਤਾ ਦੇ ਕਾਰਨ ਛੱਡ ਕੇ ਐਨ. ਆਰ. ਆਈ ਅਵਿਨਾਸ਼ ਨਾਲ ਵਿਆਹ ਕਰਵਾਉਂਦੀ ਹੈ। ਜਿਵੇਂ:

"ਪਾਤਰ ਰਵਿੰਦਰ ਸਿੰਘ ਸਹੋਤਾ ਦੀ ਪ੍ਰਤੀਬੱਧਤਾ ਦੇ ਜਲੋਅ ਅਤੇ ਮਾਲਤੀ ਦੀ ਪਦਾਰਥਵਾਦੀ ਬਿਰਤੀ ਦੇ ਵਿਰੋਧਾਭਾਸ਼ੀ ਸੰਬੰਧਾਂ ਵਿਚੋਂ ਵਿਸ਼ਵੀਕਰਨ ਚਰਿੱਤਰ ਦਾ ਇੱਕ ਹੋਰ ਸੰਦਰਭ ਸਨਮੁੱਖ ਹੁੰਦਾ ਹੈ। ਮਾਲਤੀ ਵੱਲੋਂ ਰਵਿੰਦਰ ਨਾਲ ਜਿਸਮਾਨੀ ਤੇ ਜਜ਼ਬਾਤੀ ਰਿਸ਼ਤੇ ਦੀ ਸਥੂਲਤਾ ਅਤੇ ਸੂਖਮਤਾ ਉਸ ਦੀ ਉੱਚ ਮੱਧਵਰਗੀ ਸੋਚ ਅਨੁਸਾਰ ਪਰਿਭਾਸ਼ਤ ਹੁੰਦੀ ਹੈ। ਜਿਸ ਕਾਰਨ ਉਹ ਰਵਿੰਦਰ ਨਾਲੋਂ ਅਵਿਨਾਸ਼ ਵਰਗੇ ਐਨ. ਆਰ. ਆਈ ਦੀ ਪਤਨੀ ਬਣ ਕੇ ਸਮੁੱਚੀਆਂ ਪਦਾਰਥਕ ਸਹੂਲਤਾਂ ਦੇ ਸੁੱਖ ਮਾਣਨ ਨੂੰ ਤਰਜ਼ੀਹ ਦਿੰਦੀ ਹੈ।" (ਬਾਵਾ, "ਖੇਤਾਂ ਦਾ ਰੁਦਨ (ਨਾਵਲ) ਬਲਬੀਰ ਪਰਵਾਨਾ" ,*ਸਿਰਜਣਾ-171,* ਜਨਵਰੀ-ਮਾਰਚ 2014, 84)

ਮਾਲਤੀ ਸ਼ਰਮਾ ਸੰਪੂਰਨ ਰੂਪ ਵਿੱਚ ਪੂੰਜੀਵਾਦੀ ਦੌਰ ਦੀ ਖਪਤਵਾਦੀ ਔਰਤ ਹੈ ਜੋ ਰਵਿੰਦਰ ਰਵੀ ਨਾਲ ਆਪਣੀ ਹਵਸ ਲਈ ਸਰੀਰਕ ਸੰਬੰਧ ਬਣਾਉਂਦੀ ਹੈ। ਉਸ ਦੀ ਸੋਚ ਵਿਦੇਸ਼ੀ ਜੀਵਨ ਜਾਂਚ ਅਤੇ ਪੂੰਜੀ ਕੇਂਦਰਿਤ ਹੋਣ ਕਾਰਨ ਐਨ. ਆਰ. ਆਈ ਅਵਿਨਾਸ਼ ਨਾਲ ਵਿਆਹ ਕਰਵਾਉਂਦੀ ਤਾਂ ਕਿ ਆਪਣੀ ਆਰਥਿਕ ਸਥਿਤੀ ਚੰਗੀ ਅਤੇ ਪਦਾਰਥਕ ਸੁੱਖਾਂ ਪ੍ਰਾਪਤੀ ਕਰ ਸਕੇ। ਪਰਵਾਨਾ ਨੇ ਦੁਆਬੇ ਦੇ ਇਲਾਕੇ ਵਿੱਚ ਪੂੰਜੀਵਾਦੀ ਦੌਰ ਕਾਰਨ ਆਈਆਂ ਸਭਿਆਚਾਰਕ ਤਬਦੀਲੀਆਂ ਨੂੰ ਵੀ ਰੂਪਮਾਨ ਕੀਤਾ ਹੈ।

ਡਾ. ਹਰਵਿੰਦਰ ਕੌਰ ਢਿੱਲੋਂ ਅਨੁਸਾਰ ਕਿ, "*ਕਥਾ ਇਸ ਯੁੱਗ ਦੀ*' (2011) ਦਾ ਸੰਬੰਧ ਦੁਆਬਾ ਆਂਚਲ ਦੇ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਸਥਿਤ ਪਿੰਡ ਭੰਗਾਲਾ ਦੀਆਂ ਪੈਸਾ ਕੀਮਤਾਂ ਦੇ ਪ੍ਰਵੇਸ਼ ਨਾਲ ਬਦਲਦੀ ਸਭਿਆਚਾਰਕ ਤਬਦੀਲੀ ਨਾਲ ਹੈ। ਪੂੰਜੀਵਾਦ ਦੀਆਂ ਪੈਸਾ ਕੀਮਤਾਂ ਦੇ ਅਤੇ ਮਨੁੱਖ ਵਿੱਚ ਪੈਦਾ ਹੋਈ ਪਦਾਰਥਕ ਲਾਲਸਾਵਾਂ ਨਾਲ ਪਰੰਪਰਾਗਤ ਮਨੁੱਖੀ ਰਿਸ਼ਤਿਆਂ ਦਾ ਪ੍ਰਬੰਧ ਤਿੜਕ ਗਿਆ ਹੈ ਅਤੇ ਪਦਾਰਥਕ ਲਾਲਸਾਵਾਂ ਰਾਣੇ ਵਰਗੇ

ਪਾਤਰਾਂ ਨੂੰ ਮਾਨਵੀ ਰਿਸ਼ਤਿਆਂ ਨੂੰ ਪੁਗਾਉਣ ਤੋਂ ਦੂਰ ਕਰਦੀਆਂ ਹਨ ਜੋ ਆਪਣੀਆਂ ਲਾਲਸਾਵਾਂ ਦੀ ਪੂਰਤੀ ਲਈ ਹਰ ਤਰ੍ਹਾਂ ਦਾ ਕਾਰਜ ਕਰਦਾ ਹੈ।" ("ਪੰਜਾਬੀ ਨਾਵਲ ਤੇ ਦੁਆਬੀ ਸਭਿਆਚਾਰ" 168)

ਨਾਵਲ *'ਕਥਾ ਇਸ ਯੁੱਗ ਦੀ'* ਵਿਚ ਰਾਣਾ ਵਧੇਰੇ ਪੂੰਜੀ ਕਮਾਉਣ ਲਈ ਸੰਸਾਰਕ ਰਿਸ਼ਤਿਆਂ ਦੀ ਪ੍ਰਵਾਹ ਨਹੀਂ ਕਰਦਾ। ਉਹ ਜਾਇਜ਼, ਨਾਜਾਇਜ਼ ਢੰਗਾਂ ਨੂੰ ਵਰਤਦਾ ਤਿੜਕ ਰਹੇ ਮਾਨਵੀ ਰਿਸ਼ਤਿਆਂ ਦੀ ਤਰਜਮਾਨੀ ਵੀ ਕਰਦਾ ਹੈ।

ਪੂੰਜੀਵਾਦੀ ਦੌਰ ਨੇ ਕੇਵਲ ਰਿਸ਼ਤੇ ਨਾਤਿਆਂ ਨਾਲ ਖਿਲਵਾੜ ਹੀ ਨਹੀਂ ਕੀਤਾ ਸਗੋਂ ਪੂੰਜੀ ਦੀ ਦੌੜ ਵਿੱਚ ਸ਼ਾਮਲ ਹੋ ਕੇ ਔਰਤ ਨਾਜਾਇਜ਼ ਢੰਗ ਨਾਲ ਪੈਸਾ ਇਕੱਤਰ ਕਰ ਰਹੀ ਹੈ। ਉਸ ਲਈ ਕੋਈ ਮਾਣ-ਮਰਿਆਦਾ ਨਹੀਂ ਸਗੋਂ ਪੈਸਾ ਸਭ ਕੁੱਝ ਹੈ। ਪੈਸੇ ਦੀ ਦੌੜ 'ਚ ਫਸੀ ਔਰਤ ਪੂੰਜੀਵਾਦੀ ਦੌਰ ਵਿਚ ਬਾਜ਼ਾਰੂ ਵਸਤੂ ਬਣ ਕੇ ਰਹਿ ਗਈ ਹੈ। ਪਰਵਾਨਾ ਨੇ *'ਅੰਬਰ ਵੱਲ ਉਡਾਣ'* ਨਾਵਲ ਦੀ ਨਾਇਕਾ ਪਾਲੀ ਰਾਹੀਂ ਪੰਜਾਬ ਵਿਚ ਮੰਡੀ ਦੀ ਵਸਤੂ ਬਣਦੀ ਔਰਤ ਨੂੰ ਉਪਭੋਗੀ ਚਿਹਨ 'ਚ ਰੂਪਾਂਤਰਨ ਕਰ ਕੇ ਪੇਸ਼ ਕੀਤਾ ਹੈ।

"ਮਾਡਲ ਸਕੂਲ 'ਚੋਂ ਹਟ ਕੇ ਸੰਘਾ ਰਿਜ਼ੋਰਟ 'ਚ ਨੌਕਰੀ ਕਰਨ ਲੱਗੀ। ਇਸ ਸਾਰੇ ਦੌਰ 'ਚ ਉਹ ਜੱਗੀ ਨੂੰ ਮਿਲਣ ਦਾ ਕੋਈ ਨਾ ਕੋਈ ਰਾਹ ਕੱਢ ਹੀ ਲੈਂਦੀ ਭਾਵੇਂ ਇਸ ਵਿਚਾਲੇ ਉਸ ਨੇ ਗਿਣਤੀਆਂ ਮਿਣਤੀਆਂ 'ਚੋਂ ਸੰਘੇ ਨਾਲ ਵੀ ਸੰਬੰਧ ਜੋੜਿਆ ਸੀ ਤੇ ਫਿਰ ਉੱਥੇ ਆ ਕੇ ਠਹਿਰਦੇ ਟੂਰਿਸਟਾਂ ਨਾਲ ਵੀ......ਪਰ ਇਨ੍ਹਾਂ ਸੰਬੰਧਾਂ 'ਚ ਉਸ ਦੇ ਸਾਹਮਣੇ ਪੈਸੇ ਹੁੰਦੇ ਜਾਂ ਫਿਰ ਮਿਲਣ ਵਾਲੇ ਗਿਫ਼ਟਾਂ ਦੀ ਝਾਕ। ਆਪਣੇ ਜਿਸਮ ਨੂੰ ਕੈਸ਼ ਕਰਾਉਣ ਦੀ, ਉਸ ਦੀ ਇਸ ਪ੍ਰਵਿਰਤੀ ਦੇ ਵਧਦੇ ਜਾਣ ਦੇ ਬਾਵਜੂਦ ਪਰ ਜੱਗੀ ਨਾਲ ਉਸ ਦੀ ਮਾਨਸਿਕ ਸਾਂਝ ਪਹਿਲਾ ਵਾਂਗ ਹੀ ਰਹੀ। ਉਸ ਪ੍ਰਤੀ ਉਸ ਦੇ ਮਨ 'ਚ ਕੋਈ ਫ਼ਰਕ ਨਹੀਂ ਸੀ ਆਇਆ।" (ਪਰਵਾਨਾ, "ਅੰਬਰ ਵੱਲ ਉਡਾਣ" 117)

ਪਾਲੀ ਪੂੰਜੀ ਇਕੱਤਰ ਕਰਨ ਲਈ ਪਹਿਲਾ ਜਿੱਥੇ ਸੰਘਾ ਨਾਲ ਨਾਜਾਇਜ਼ ਸਰੀਰਕ ਸੰਬੰਧ ਬਣਾਉਂਦੀ ਹੈ, ਉੱਥੇ ਹੀ ਵਿਦੇਸ਼ੀ ਸੈਲਾਨੀਆਂ ਨਾਲ ਪੈਸੇ ਅਤੇ ਤੋਹਫ਼ਿਆਂ ਦੇ ਲਾਲਚ 'ਚ ਇਸ ਨਾਜਾਇਜ਼ ਢੰਗ ਨੂੰ ਵਰਤਦੀ ਹੈ। ਪਾਲੀ ਜਿੱਥੇ ਸੰਘਾ, ਸਚਿਨ, ਰੋਹਿਤ ਨਾਲ ਸੰਬੰਧ ਸਥਾਪਿਤ ਕਰਦੀ ਹੈ। ਉੱਥੇ ਹੀ *'ਖੇਤਾਂ ਦਾ ਰੁਦਨ'* ਨਾਵਲ ਦੀ ਪਾਤਰ ਮਾਲਤੀ ਸ਼ਰਮਾ ਰਵਿੰਦਰ ਰਵੀ, ਪ੍ਰੋ ਉੱਪਲ ਅਤੇ ਐਨ. ਆਰ. ਆਈ. ਅਵਿਨਾਸ਼ ਨਾਲ ਅਤੇ 'ਕਥਾ ਇਸ ਯੁੱਗ ਦੀ' ਨਾਵਲ ਦੀ ਪ੍ਰਿਯੰਕਾ ਜਗਵਿੰਦਰ, ਮਿਸ਼ਰਾ ਅਤੇ ਧਰਮਪਾਲ ਨਾਲ ਨਾਜਾਇਜ਼ ਸੰਬੰਧ ਸਥਾਪਿਤ ਕਰਦੀ ਹੈ। ਪੂੰਜੀਵਾਦੀ ਦੌਰ ਦੀ ਔਰਤ ਨੇ ਰਵਾਇਤ ਅਤੇ ਸਭਿਆਚਾਰਕ ਜੀਵਨ ਜਾਂਚ ਨੂੰ ਤਿਆਗ ਦਿੱਤਾ ਹੈ।

> ਡਾ. ਮਿਨਾਕਸ਼ੀ ਰਾਠੌਰ ਆਪਣੇ ਲੇਖ *'ਨਾਰੀ ਹੋਂਦ ਤੇ ਨਾਰੀ ਪਛਾਣ ਦਾ ਪ੍ਰਵਚਨ'* ਵਿੱਚ ਲਿਖਦੀ ਹੈ ਕਿ, "ਨਾਇਕਾ ਸਮਾਜਿਕ ਟੈਬੂ ਦੀ ਪਰਵਾਹ ਨਾ ਕਰਦੀ ਸਭ ਕੁੱਝ ਤੋਂ ਨਾਬਰ ਹੋ ਮਨਮਰਜ਼ੀ ਦਾ ਜੀਵਨ ਜਿਊਣਾ ਲੋਚਦੀ ਹੈ। ਮਨਚਾਹੇ ਅੰਬਰ ਦੀਆਂ ਉਡਾਰੀਆਂ ਮਾਰਨਾ ਚਾਹੁੰਦੀ ਹੈ।" (*ਐਤਵਾਰਤਾ, ਜਲੰਧਰ: ਨਵਾਂ ਜ਼ਮਾਨਾ,* 15 ਮਾਰਚ 2015, 3)

ਪਰਵਾਨਾ ਦੇ ਨਾਵਲਾਂ ਦੀਆਂ ਨਾਇਕਾਵਾਂ ਪਾਲੀ, ਮਾਲਤੀ, ਪ੍ਰਿਯੰਕਾ, ਦੀਪੀ ਸਮਾਜਿਕ ਵਰਜਣਾ ਟੈਬੂ ਦੀ ਪਰਵਾਹ ਨਾ ਕਰਦੀਆਂ ਨਾਜਾਇਜ਼ ਸੰਬੰਧ ਸਥਾਪਿਤ ਕਰ ਕੇ ਪੂੰਜੀਵਾਦੀ ਦੌਰ ਦਾ ਹਿੱਸਾ ਬਣਦੀਆਂ ਹਨ।

> ਡਾ. ਸਾਕ ਮੁਹੰਮਦ *'ਖੇਤਾਂ ਦਾ ਰੁਦਨ'* ਨਾਵਲ ਬਾਰੇ ਲਿਖਦੇ ਹਨ ਕਿ, "ਬਿਰਤਾਂਤਕ ਜਗਤ ਅੰਦਰ ਸਮਕਾਲੀ ਵਿਸ਼ਵੀਕਰਨ ਦੇ ਵਰਤਾਰੇ ਅੰਦਰ ਪੜ੍ਹੀ ਲਿਖੀ ਔਰਤ ਦੀ ਪੁਜ਼ੀਸ਼ਨ ਵੀ ਬਾਖ਼ੂਬੀ ਰੂਪਾਂਤਰਿਤ ਹੋਈ ਹੈ। ਨਾਵਲ ਵਿਚ ਮਾਲਤੀ ਅਜੋਕੀ ਔਰਤ ਦਾ ਨਮੂਨਾ ਹੈ। ਉਸ ਦੀ ਜ਼ਿੰਦਗੀ ਦਾ ਲਕਸ਼ ਉਪਭੋਗਤਾ, ਪੂੰਜੀ ਤੇ ਸ਼ੁਹਰਤ ਹੈ। ਉਹ ਮੌਜ ਮਸਤੀ ਵਜੋਂ ਰਵੀ ਨਾਲ ਕਵਾਰੀ ਅਵਸਥਾ ਵਿੱਚ ਸ਼ਰੇਆਮ ਸੰਬੰਧ ਬਣਾਉਂਦੀ ਹੈ ਅਤੇ ਅਕਸਰ ਉਸ ਨਾਲ ਸੈਕਸ ਕਰਨ ਮਗਰੋਂ ਆਪਣੇ ਘਰ ਪਰਤ ਜਾਂਦੀ ਹੈ।" ("ਸਮਕਾਲੀ ਸਮਾਜਕ ਵਰਤਾਰੇ ਅਤੇ ਕਿਸਾਨੀ ਦੇ ਦੁਖਾਂਤ ਦਾ ਯਥਾਰਥ", *ਐਤਵਾਰਤਾ, ਜਲੰਧਰ: ਨਵਾਂ ਜ਼ਮਾਨਾ,* 28 ਜੁਲਾਈ 2013, 3)

ਪਿੰਡ ਦੇ ਮਾਹੌਲ ਵਿੱਚ ਪਲੀ ਪਾਲੀ ਜਾਇਜ਼-ਨਾਜਾਇਜ਼ ਸੰਬੰਧਾਂ ਦੇ ਜਾਲ ਵਿੱਚ ਫਸ ਕੇ ਰਾਤੋਂ ਰਾਤ ਅਮੀਰ ਬਣਨ ਦਾ ਸੁਪਨਾ ਦੇਖਦੀ ਹੈ। ਉਹ ਵਿਆਹ ਸੰਸਥਾ ਤੋਂ ਇਨਕਾਰੀ ਸੁਤੰਤਰ ਜ਼ਿੰਦਗੀ ਜੀਊਣ ਨੂੰ ਤਰਜੀਹ ਦਿੰਦੀ ਹੈ। ਇਸ ਬਾਰੇ ਨਾਵਲ ਵਿਚੋਂ ਪ੍ਰਾਪਤ ਸਤਰਾਂ ਵਿਚਾਰਨ ਯੋਗ ਹਨ ਜਿਵੇਂ:

> "ਉਹ ਸਮਝ ਗਈ ਸੀ, ਸੁਪਨਿਆਂ ਵਰਗਾ ਹਕੀਕਤਾਂ 'ਚ ਕੁੱਝ ਨਹੀਂ। ਜੇ ਜੱਗੀ ਉਸ ਨੂੰ ਵਰਤ ਕੇ ਉਸ ਨਾਲ ਸੰਪਰਕ ਤੋੜ ਗਿਆ, ਸੰਘੇ ਨੇ ਉਸ ਨੂੰ ਕਿਸੇ ਕਾਲ ਗਰਲ ਵਾਂਗ ਵਰਤਿਆ ਤਾਂ ਇਸ ਸਚਿਨ ਤੋਂ ਉਹ ਕੀ ਆਸ ਕਰ ਸਕਦੀ ਹੈ। ਤੇ ਜੇ ਉਨ੍ਹਾਂ ਲਈ ਇਹ ਸਬੰਧ ਬਾਜ਼ਾਰੂ ਹਨ ਤਾਂ ਉਸ ਲਈ ਕਿਉਂ ਨਹੀਂ। ਉਹ ਬਾਜ਼ਾਰ ਦੇ ਕਾਨੂੰਨ ਤੋਂ ਅੱਖਾਂ ਕਿਉਂ ਮੀਟੇ। ਜਿੰਨੀ ਵੱਧ ਤੋਂ ਵੱਧ ਕੀਮਤ ਵਸੂਲੀ ਜਾ ਸਕਦੀ ਹੈ ਕਿਉਂ ਨਾ ਵਸੂਲੇ।" (ਪਰਵਾਨਾ, "ਅੰਬਰ ਵੱਲ ਉਡਾਣ" 128)

ਪਾਲੀ ਇਸ ਪੂੰਜੀਵਾਦੀ ਦੌਰ ਦਾ ਹਿੱਸਾ ਬਣ ਕੇ ਨਜਾਇਜ਼ ਢੰਗਾਂ ਨਾਲ ਪੂੰਜੀ ਇਕੱਤਰ ਕਰਨ ਵੱਲ ਰੁਚਿਤ ਹੁੰਦੀ ਹੈ। ਇਸ ਦੌਰ 'ਚ ਸਚਿਨ, ਰੌਬਿਨ, ਸੰਘੇ ਨਾਲ ਬੇਝਿਜਕ ਨਾਜਾਇਜ਼ ਸੰਬੰਧ ਸਥਾਪਿਤ ਕਰਦੀ ਹੈ। ਵਿਸ਼ਵੀਕਰਨ ਪੂੰਜੀਵਾਦੀ ਕਾਰਪੋਰੇਟ ਮਾਡਲ ਨੇ ਵਿਆਹ ਵਰਗੇ ਪਵਿੱਤਰ ਰਿਸ਼ਤੇ ਨੂੰ ਵੀ ਪ੍ਰਭਾਵਿਤ ਕੀਤਾ ਹੈ। ਜਿਵੇਂ ਰਵਾਇਤੀ ਜੀਵਨ ਜਾਂਚ ਵਿੱਚ

ਵਿਆਹ ਪ੍ਰਬੰਧ ਜ਼ਰੂਰੀ ਮੰਨਿਆ ਜਾਂਦਾ ਸੀ। ਉੱਥੇ ਪੂੰਜੀਵਾਦੀ ਦੌਰ ਦੀ ਔਰਤ ਵਿਆਹ ਵਰਗੇ ਸੰਬੰਧਾਂ ਨੂੰ ਪਿੱਛੇ ਧੱਕਦੀ ਹੈ। ਕੇਵਲ ਮਰਦ ਨਾਲ ਸਰੀਰਕ ਸੰਬੰਧ ਬਣਾਉਣ ਤੱਕ ਹੀ ਸੀਮਿਤ ਰਹਿੰਦੀ ਹੈ। ਜਿਵੇਂ:

> "ਇਹ ਹੈ ਪੋਸਟ-ਮੋਡਰਨਿਟੀ, ਕਾਰਪੋਰੇਟੀ ਜੀਵਨ ਜਾਂਚ ...ਦੋਸਤੀ ਕਿਤੇ ਵਿਆਹ ਕਿਤੇ......।" (ਪਰਵਾਨਾ, "ਖੇਤਾਂ ਦਾ ਰੁਦਨ" 152)

ਵਿਸ਼ਵੀਕਰਨ ਨੇ ਜਿੱਥੇ ਸਭਿਆਚਾਰਕ ਜੀਵਨ ਜਾਂਚ ਨੂੰ ਪ੍ਰਭਾਵਿਤ ਕੀਤਾ ਉੱਥੇ ਪੂੰਜੀਵਾਦੀ ਦੌਰ ਦੀ ਔਰਤ ਵਿਆਹ ਵਰਗੀ ਸੰਸਥਾ ਨੂੰ ਵੀ ਰੱਦ ਕਰਦੀ ਹੈ। ਪਾਲੀ, ਮਾਲਤੀ, ਦੀਪੀ, ਪ੍ਰਿਯੰਕਾ ਮਰਦ ਨਾਲ ਸਰੀਰ ਸੰਬੰਧ ਤਾਂ ਸਥਾਪਿਤ ਕਰਦੀਆਂ ਹਨ। ਇਹ ਔਰਤਾਂ ਵਿਆਹ ਦੇ ਬੰਧਨ ਵਿੱਚ ਬੱਝਣ ਤੋਂ ਇਨਕਾਰ ਕਰਦੀਆਂ ਹਨ। ਇਸ ਦੌਰ ਦੀ ਔਰਤ ਫਿਉਡਲ ਸਭਿਆਚਾਰ ਵਿੱਚ ਗ੍ਰਸਤ ਹੋ ਚੁੱਕੀ ਹੈ। ਔਰਤ ਜਿੱਥੇ ਨਾਜਾਇਜ਼ ਸੰਬੰਧ ਸਥਾਪਿਤ ਕਰਦੀ ਹੈ ਉੱਥੇ ਆਪਣੀਆਂ ਲੋੜਾਂ ਨੂੰ ਬੇਹਿਸਾਬ ਵਧਾ ਦੇ ਵਧੇਰੇ ਖ਼ਰਚ ਕਰਨ ਦੀ ਪ੍ਰਵਿਰਤੀ ਆਪਣੇ ਮਨ ਅੰਦਰ ਪਾਲ ਰੱਖੀ ਹੈ।

> "ਪਰਵਾਨਾ ਵਿਸ਼ਵੀਕਰਨ ਵਾਲੇ ਨਵ ਪੂੰਜੀਵਾਦੀ ਦੌਰ ਨੂੰ ਪੰਜਾਬੀ ਸਮਾਜ ਲਈ ਘਾਤਕ ਰੂਪ ਵਿੱਚ ਰੂਪਾਂਤਰਿਤ ਕਰਦਾ ਹੈ, ਕਿਉਂਕਿ ਗਿੰਦਰ ਵਰਗੇ ਬੁੱਧੀਜੀਵੀ ਇੱਕ ਕਿਨਾਰੇ ਲੱਗ ਕੇ ਦਿਨ ਕੱਟੀ ਕਰਨ ਹੀ ਨਹੀਂ ਲੱਗੇ, ਸਗੋਂ ਆਪਣੀ ਵਿਚਾਰਧਾਰਾ ਮਜ਼੍ਹਬ, ਸਮਾਜਕ ਕ੍ਰਾਂਤੀ ਦੇ ਮਨਸੂਬੇ ਤੋਂ ਪ੍ਰਗਤੀਸ਼ੀਲ ਵਿਵੇਕ ਨੂੰ ਇੱਕਾ ਦੁੱਕਾ ਪ੍ਰਦਾਨ ਕਰਨ ਤੱਕ ਮਹਿਦੂਦ ਹੋ ਗਏ ਹਨ। ਮੌਜੂਦਾ ਦੌਰ ਵਿੱਚ ਜ਼ਿਆਦਾਤਰ ਮਰਦ ਤੇ ਔਰਤਾਂ ਉਪਭੋਗੀ ਵਰਤਾਰੇ ਦੇ ਵਹਿਣ ਵਿੱਚ ਵਹਿ ਗਏ ਹਨ।" (ਡਾ. ਸਾਕ ਮੁਹੰਮਦ, "ਬਲਬੀਰ ਪਰਵਾਨਾ ਦੇ ਨਾਵਲਾਂ ਦਾ ਯਥਾਰਥ ਬੋਧ", *ਹਾਸ਼ੀਆ ਲੋਕ,* ਜਨਵਰੀ 13-ਮਾਰਚ 14 ਅੰਕ, 230)

ਪਰਵਾਨਾ ਨੇ ਪੂੰਜੀਵਾਦੀ ਦੌਰ ਕਾਰਨ ਬਦਲੀਆਂ ਪਰਿਸਥਿਤੀਆਂ ਨੂੰ ਰੂਪਮਾਨ ਕਰਨ ਦੇ ਨਾਲ-ਨਾਲ ਇਸ ਦੌਰ ਕਾਰਨ ਆਈ ਆਧੁਨਿਕਤਾ ਉੱਪਰ ਇੱਕ ਪ੍ਰਸ਼ਨ ਚਿੰਨ੍ਹ ਲਗਾਇਆ ਹੈ। ਇਹ ਕਿਹੋ ਜਿਹੀ ਆਧੁਨਿਕਤਾ ਹੈ ਜਿਸ ਨੇ ਸਾਡੀ ਸਮਾਨੰਤਰ ਚੱਲ ਰਹੀ ਜੀਵਨ ਜਾਂਚ ਨੂੰ ਹੀ ਬਦਲ ਦਿੱਤਾ। ਆਪਸੀ ਰਿਸ਼ਤੇ ਬਿਖਰਨ ਲੱਗੇ। ਕਿਸਾਨੀ ਆਖ਼ਰੀ ਸਾਹਾਂ 'ਤੇ ਆ ਗਈ। ਔਰਤ ਮਰਦ ਦਾ ਰਵਾਇਤੀ ਰਿਸ਼ਤਾ ਟੁੱਟਣ ਲੱਗਾ ਪਿਆ ਹੈ। ਪਰਵਾਨਾ ਆਪਣੇ ਨਾਵਲਾਂ ਵਿੱਚ ਇਸ ਕਥਨ ਉੱਪਰ ਵਿਚਾਰ ਕਰਦਾ ਹੈ ਇਹ ਕਿਹੋ ਜਿਹੀ ਆਧੁਨਿਕਤਾ ਹੈ ਜਿਸ ਨੇ ਸਾਨੂੰ ਮਨੁੱਖਤਾ ਦੇ ਅਹਿਸਾਸ ਤੋਂ ਵਾਂਝੇ ਕਰ ਦਿੱਤਾ।

ਪੂੰਜੀਵਾਦ ਨੇ ਸਾਡੇ ਪਹਿਰਾਵੇ, ਮਨੋਰੰਜਨ, ਖਾਣ-ਪੀਣ, ਜ਼ਿੰਦਗੀ ਜਿਊਣ ਦਾ ਢੰਗ ਸੋਚ ਵਿਚਾਰ ਆਦਿ ਹਰ ਪੱਖ ਉੱਪਰ ਇੰਨਾ ਮਾਰੂ ਪ੍ਰਭਾਵ ਪਾਇਆ ਹੈ ਕਿ ਬੈੱਡਰੂਮ ਵੀ ਇਸ ਦੀ ਮਾਰ ਤੋਂ ਨਹੀਂ ਬਚ ਸਕਿਆ। ਵਿਸ਼ਵੀਕਰਨ ਪੂੰਜੀਵਾਦੀ ਦੌਰ 'ਚ ਪੱਛਮੀ ਦੇਸ਼ਾਂ ਦੇ ਪ੍ਰਭਾਵ ਸਦਕਾ ਮਨੁੱਖ ਨੇ ਆਪਣੀ ਰੋਜ਼ਾਨਾ ਜ਼ਿੰਦਗੀ ਦੀਆਂ ਐਨੀਆਂ ਲੋੜਾਂ ਵਧਾ ਲਈਆਂ ਹਨ ਕਿ

ਉਹ ਖ਼ੁਦ ਸਮੱਸਿਆਵਾਂ ਦਾ ਕੇਂਦਰ ਬਣ ਗਿਆ ਹੈ। ਵਿਸ਼ਵੀਕਰਨ ਦਾ ਮੁੱਢਲਾ ਸਬੰਧ ਹੀ ਵਧੇਰੇ ਪੂੰਜੀ ਇਕੱਤਰ ਕਰਨ ਨਾਲ ਹੈ। ਇਸ ਪੂੰਜੀ ਦੇ ਜਲੌਅ 'ਚ ਫਸ ਕੇ ਮਨੁੱਖ ਆਪਣੀਆਂ ਕਦਰਾਂ-ਕੀਮਤਾਂ, ਰਵਾਇਤਾਂ ਨੂੰ ਪਿੱਛੇ ਧੱਕ ਇਸ ਦੌਰ ਦੀ ਅੰਨ੍ਹੀ ਦੌੜ ਦਾ ਸ਼ਿਕਾਰ ਹੋ ਗਿਆ।

> ਡਾ. ਮੈਨੇਜਰ ਪਾਂਡੇ ਦੀ ਰਾਇ ਹੈ ਕਿ, "ਜੇ ਪੂੰਜੀਵਾਦ ਦੀ ਵਰਤਮਾਨ ਸਥਿਤੀ ਭਵਿੱਖ ਵਿੱਚ ਲੰਬੇ ਸਮੇਂ ਤੱਕ ਜਾਰੀ ਰਹੀ ਤਾਂ ਇਹ ਮਨੁੱਖਤਾ ਲਈ ਖ਼ਤਰਨਾਕ ਸਾਬਿਤ ਹੋਵੇਗਾ, ਕਿਉਂਕਿ ਇੱਕ ਤਾਂ ਉਹ ਆਪਣੀ ਰਚਨਾਤਮਿਕ ਭੂਮਿਕਾ ਭੁੱਲ ਚੁੱਕਿਆ ਹੈ ਅਤੇ ਦੂਸਰਾ ਭੂਮੰਡੀਕਰਨ ਦੇ ਇਸ ਦੌਰ ਵਿੱਚ ਜਦੋਂ ਉਸ ਦਾ ਕੋਈ ਸ਼ਕਤੀਸ਼ਾਲੀ ਵਿਕਲਪ ਜਾਂ ਵਿਰੋਧ ਨਹੀਂ ਹੈ ਤਾਂ ਉਹ ਪਹਿਲਾ ਨਾਲੋਂ ਵੀ ਵੱਧ ਧੱਕੜ ਤੇ ਖ਼ੂੰਖ਼ਾਰ ਸਾਬਿਤ ਹੋਵੇਗਾ, ਅੱਜ ਕੱਲ੍ਹ ਪੂੰਜੀਵਾਦ ਇੱਕ ਅਜਿਹੀ ਬੇਲਗ਼ਾਮ ਅਤੇ ਉੱਤਰਦਾਇਤਵ ਵਿਹੀਣ ਸਥਿਤੀ ਵਿੱਚ ਹੈ, ਜਿਸ ਨੂੰ ਆਪਣੀ ਰੱਖਿਆ ਤੋਂ ਇਲਾਵਾ ਕਿਸੇ ਮਨੁੱਖੀ ਸਮੱਸਿਆ ਅਤੇ ਇਤਿਹਾਸਕ ਚੁਨੌਤੀ ਦੀ ਚਿੰਤਾ ਨਹੀਂ ਹੈ। ਅਜਿਹੀ ਸਥਿਤੀ ਵਿੱਚ ਉਹ ਇੱਕ ਪਾਸੇ ਘੋਰ ਗ਼ਰੀਬੀ, ਯਤਨਾਂ ਅਤੇ ਗ਼ੁਲਾਮੀ ਪੈਦਾ ਕਰੇਗਾ, ਤਾਂ ਦੂਜੇ ਪਾਸੇ ਅਮੀਰੀ ਤੋਂ ਉਪਜਿਆ ਪਸ਼ੂਪੁਣਾ।"
> (ਭੱਠਲ ਤੇ ਡਾ. ਸੁਖਦੇਵ ਸਿੰਘ (ਸੰਪਾ.), "ਮਾਰਕਸਵਾਦੀ ਸਾਹਿਤ ਚਿੰਤਨ ਸਮਕਾਲੀ ਸਰੋਕਾਰ" 73)

ਇਸ ਦੌਰ ਨੂੰ ਅਪਣਾਉਣਾ ਨਹੀਂ ਪੈਂਦਾ ਸਗੋਂ ਇਸ ਦੇ ਢੰਗ ਤਰੀਕੇ ਅਜਿਹੇ ਹਨ ਕਿ ਜਿਨ੍ਹਾਂ ਰਾਹੀਂ ਇਹ ਆਪਣੇ ਹਿੱਤ ਦੀ ਵਿਚਾਰਧਾਰਾ ਨੂੰ ਪ੍ਰਚਾਰਦਾ ਹੈ। ਲੋਕਾਂ ਨੂੰ ਇਸ ਅਨੁਸਾਰ ਜ਼ਿੰਦਗੀ ਢਾਲਣ ਲਈ ਮਜਬੂਰ ਕਰ ਦਿੰਦਾ ਹੈ। ਇਨ੍ਹਾਂ ਢੰਗਾਂ 'ਚ ਸਭਿਆਚਾਰ ਇੱਕ ਪ੍ਰਮੁੱਖ ਵਰਤਾਰਾ ਹੈ। ਸਭਿਆਚਾਰ ਰਾਹੀਂ ਆਤਮਸਾਤ ਹੁੰਦਾ ਮਨੁੱਖ ਆਧੁਨਿਕਤਾ ਦੇ ਭਰਮ ਹੇਠ ਚੁੰਧਿਆਹਟ ਦਾ ਸ਼ਿਕਾਰ ਹੋ ਰਿਹਾ ਹੈ। ਵਿਸ਼ਵੀਕਰਨ ਪੂੰਜੀਵਾਦੀ ਪਰਿਸਥਿਤੀਆਂ ਅਤੇ ਵਿਚਾਰਧਾਰਾਵਾਂ ਮਨੁੱਖ ਨੇ ਖ਼ੁਦ ਸਿਰਜੀਆਂ ਹਨ ਨਾ ਕਿ ਪ੍ਰਮਾਤਮਾ ਨੇ। ਲੋਕ ਇਨ੍ਹਾਂ ਮੁਸੀਬਤਾਂ ਤੋਂ ਬਚਣ ਲਈ ਆਪਣੇ ਯਤਨਾਂ ਨਾਲ ਬਾਹਰ ਨਿਕਲ ਸਕਦੇ ਹਨ। ਪੂੰਜੀਵਾਦੀ ਵਿਕਾਸ ਆਮ ਮਨੁੱਖ ਦੀ ਲੁੱਟ ਦਾ ਦੂਜਾ ਨਾਂ ਹੈ। ਪੂੰਜੀਵਾਦੀ ਸਮਰੱਥਕਾਂ ਨੇ ਉਦਾਰਵਾਦੀ ਮੰਡੀ ਦਾ ਜਿਹੜਾ ਭਰਮਾਉ ਨਾਹਰਾ ਲਾਇਆ ਹੈ। ਉਹ ਕਾਰਪੋਰੇਟ ਮਾਡਲ ਦੇ ਵਿਕਾਸ ਦੇ ਨਾਮ ਉੱਪਰ ਨਵਾਂ ਪਾਸਾਰਵਾਦੀ ਏਜੰਡਾ ਹੈ।

> ਡਾ. ਟੀ. ਆਰ. ਵਿਨੋਦ ਦੇ ਅਨੁਸਾਰ, "ਪੂੰਜੀਵਾਦੀ ਵਿਵਸਥਾ ਦਾ ਇੱਕੋ ਇੱਕ ਮਨੋਰਥ ਵੱਧ ਤੋਂ ਵੱਧ ਪੈਸਾ ਕਮਾਉਣਾ ਹੈ। ਇਸ ਦੀ ਪੂਰਤੀ ਲਈ ਇਹ ਵਿਵਸਥਾ ਕੁੱਲ ਦੁਨੀਆ ਦੇ ਕੁਦਰਤੀ ਤੇ ਮਨੁੱਖੀ ਸੋਮਿਆਂ ਦਾ ਲਗਾਤਾਰ ਸ਼ੋਸ਼ਣ ਕਰਦੀ ਹੈ। ਇਸ ਸ਼ੋਸ਼ਣ ਨੂੰ ਬਰਕਰਾਰ ਰੱਖਣ ਲਈ ਪੂੰਜੀਵਾਦੀ ਸਮੇਂ ਦੀ ਸਾਇੰਸ ਤੇ ਤਕਨੀਕ ਜਿੱਥੇ ਨਵੀਆਂ ਖੋਜਾਂ ਕਰਦੀ ਹੈ ਅਤੇ ਕਾਢਾਂ ਕੱਢਦੀ ਹੈ, ਉੱਥੇ ਇਹ ਆਪਣੀ ਸਟੇਟ ਦੀ ਤਾਕਤ ਦੀ ਵਰਤੋਂ ਤੇ ਮਿਹਨਤਕਸ਼ਾਂ ਨੂੰ ਆਪਣੇ ਕਾਬੂ ਵਿੱਚ ਕਰੀ ਰੱਖਦੀ ਹੈ। ਪਰ ਇਸ ਵਿਵਸਥਾ ਦੀ ਸਭ ਤੋਂ ਵੱਡੀ ਜਿੱਤ ਇਸ ਗੱਲ

ਵਿੱਚ ਹੈ ਕਿ ਇਹ ਵਿਵਸਥਾ ਉਨ੍ਹਾਂ ਅਣਗਿਣਤ ਮਿਹਨਤਕਸ਼ਾਂ ਦੇ ਮਨ੍ਹਾ ਵਿੱਚ ਵੀ ਆਪਣਾ ਮਨੋਰਥ ਦਿਖਾ ਦਿੰਦੀ ਹੈ, ਜਿਨ੍ਹਾਂ ਨੇ ਇਸ ਵਿਵਸਥਾ ਅੰਦਰ ਧੰਨਵਾਦ ਤਾਂ ਕੀ ਬਣਨਾ ਸੀ, ਦੋ ਡੰਗ ਦੀ ਰੋਟੀ ਕਮਾਉਣੀ ਵੀ ਜਿਨ੍ਹਾਂ ਵਾਸਤੇ ਮੁਸ਼ਕਿਲ ਹੁੰਦੀ ਹੈ।" (ਦਵੇਸ਼ਵਰ (ਸੰਪਾ.), "ਆਧੁਨਿਕ ਸਾਹਿਤ ਆਲੋਚਨਾ: ਸਿਧਾਂਤ ਤੇ ਵਿਸ਼ਲੇਸ਼ਣ" 66)

ਪਰਵਾਨਾ ਦੇ ਨਾਵਲਾਂ 'ਚ ਰਿਸ਼ਤਿਆਂ ਦੀ ਟੁੱਟ ਭੱਜ ਦਾ ਮੁੱਖ ਕਾਰਨ ਜੀਵਨ ਮੁੱਲਾਂ 'ਚ ਆਈ ਗਿਰਾਵਟ ਹੈ। ਪੰਜਾਬ ਦੇ ਅਰਥਚਾਰੇ 'ਚ ਪੂੰਜੀਵਾਦੀ ਵਿਕਾਸ ਦੀਆਂ ਨਿੱਕੀਆਂ ਵੱਡੀਆਂ ਦਖ਼ਲਅੰਦਾਜ਼ੀਆਂ ਤੋਂ ਲੈ ਕੇ ਕਾਰਪੋਰੇਟ ਮਾਡਲ ਦੇ ਮੱਕੜਜਾਲ ਤੱਕ ਦੀਆਂ ਪਰਤਾਂ ਨਾਵਲੀ ਬਿਰਤਾਂਤਕ ਜਗਤ ਵਿੱਚ ਸਮਾਈਆਂ ਹੋਈਆ ਹਨ। *'ਅੰਬਰ ਵੱਲ ਉਡਾਣ'* ਨਾਵਲ ਦੀ ਮੁੱਖ ਪਾਤਰ ਪਾਲੀ ਇਸ ਗਲੈਮਰੀ ਜੀਵਨ ਸ਼ੈਲੀ ਦੇ ਅੰਨ੍ਹੇ ਜਲੌਅ 'ਚ ਸਭ ਰਿਸ਼ਤਿਆਂ ਨੂੰ ਵਿਸਾਰਦੀ ਹੈ। ਪਾਲੀ ਪੂੰਜੀਵਾਦੀ ਦੌਰ 'ਚ ਆਪਣੀ ਮਾਂ ਮੀਤੋ ਦੇ ਟਰੱਕ ਡਰਾਈਵਰ ਭਾਨ ਸਿੰਘ ਨਾਲ ਨਾਜਾਇਜ਼ ਸਰੀਰਕ ਸੰਬੰਧਾਂ ਨੂੰ ਅਣਦੇਖਿਆ ਕਰਦੀ ਹੈ। ਜਿਸ ਬਾਰੇ ਜਗੀਰੀ ਸਭ ਕੁੱਝ ਜਾਣਦੇ ਹੋਏ ਵੀ ਚੁੱਪ ਰਹਿੰਦਾ ਅਤੇ ਨਸ਼ੇ ਦੀ ਵਰਤੋਂ ਕਰਦਾ ਹੈ।

ਪਰਵਾਨਾ ਨਾਵਲੀ ਬਿਰਤਾਂਤ ਦੀ ਸਿਰਜਣਾ ਕਰਦਾ ਹੋਇਆ ਨਾਵਲੀ ਘਟਨਾਵਾਂ ਨੂੰ ਵਧੇਰੇ ਭਾਰੂ ਬਣਾ ਕੇ ਪੇਸ਼ ਕਰਦਾ ਹੈ। ਉਸ ਦੇ ਨਾਵਲਾਂ ਦੇ ਮੁੱਖ ਪਾਤਰ ਅਨੇਕਾਂ ਪਰਿਸਥਿਤੀਆਂ ਵਿੱਚ ਉੱਲਝੇ ਦਿਖਾਈ ਦਿੰਦੇ ਹਨ। ਨਾਵਲੀ ਸਿਰਜਣਾ ਕਰਦਾ ਪਰਵਾਨਾ ਇੱਕ ਵਾਦ ਦੇ ਤਹਿਤ ਨਹੀਂ ਚੱਲਦਾ, ਉਹ ਕਿਤੇ ਮਾਰਕਸਵਾਦ, ਕਮਿਊਨਿਸਟ, ਨਕਸਲਵਾਦ ਨੂੰ ਆਧਾਰ ਬਣਾਉਂਦਾ ਹੈ, ਜਿਸ ਵਿੱਚ ਪਾਠਕ ਵਰਗ ਕਿਤੇ ਨਾ ਕਿਤੇ ਉਲਝਦਾ ਦਿਖਾਈ ਦਿੰਦਾ ਹੈ। ਪਾਤਰਾਂ ਦੀ ਭਾਸ਼ਣੀ ਸੁਰ ਪਾਠਕਾਂ 'ਤੇ ਭਾਰੀ ਪੈਂਦੀ ਜਾਪਦੀ ਜਿਸ ਤੋਂ ਪਾਠਕ ਕਿਤੇ ਨਾ ਕਿਤੇ ਅਕੇਵਾਂ ਮਹਿਸੂਸ ਕਰਦਾ ਹੈ। ਅੰਤ ਵਿੱਚ ਕਹਿ ਸਕਦੇ ਹਾਂ ਕਿ ਪਰਵਾਨਾ ਪੂੰਜੀਵਾਦੀ ਦੇ ਮਾਰੂ ਪ੍ਰਭਾਵਾਂ ਉੱਪਰ ਸਿਰਫ਼ ਟਿੱਪਣੀਆਂ ਹੀ ਨਹੀਂ ਕਰਦਾ ਸਗੋਂ ਇਹ ਸਮੱਸਿਆਵਾਂ ਦੇ ਸੰਭਾਵੀ ਹੱਲਾਂ ਵੱਲ ਇਸ਼ਾਰਾ ਵੀ ਕਰਦਾ ਦਿਖਾਈ ਦਿੰਦਾ ਹੈ। ਪਰ ਇਸ਼ਾਰਾ ਕਰਨ ਦੀ ਵਿਧੀ ਦੀ ਥਾਂ ਸੰਕੇਤਕ ਵਿਧੀ ਤੇ ਖੁੱਲ੍ਹੇ ਅੰਤ ਦੀ ਵਿਧੀ ਵਰਤਦਾ ਹੈ। ਇਹ ਇਸ਼ਾਰਾ ਸਿਰਫ਼ ਸਮਾਜ ਦੇ ਰਿਸ਼ਵਤ ਖੋਰ ਸਾਮਰਾਜਵਾਦੀ ਹਿੱਤਾਂ ਵੱਲ ਵੀ ਨਜ਼ਰ ਆਉਂਦਾ ਹੈ।

ਆਰਥਿਕਤਾ ਹੀ ਸਮਾਜਿਕਤਾ ਦਾ ਮੁੱਢਲਾ ਆਧਾਰ ਹੈ। ਆਰਥਿਕ ਖੇਤਰ ਵਿੱਚ ਆਉਂਦੀਆਂ ਤਬਦੀਲੀਆਂ ਸਮਾਜ 'ਚ ਰਹਿੰਦੇ ਮਨੁੱਖ ਦੀ ਸੋਚਣ ਸ਼ਕਤੀ ਨੂੰ ਵੀ ਤਬਦੀਲ ਕਰਦੀਆਂ ਹਨ। ਨਤੀਜੇ ਵਜੋਂ ਸਮਾਜਿਕ ਪ੍ਰਬੰਧ ਵੀ ਆਰਥਿਕ ਨੀਤੀਆਂ ਦੇ ਤਹਿਤ ਉੱਸਰਨਾ ਆਰੰਭ ਹੁੰਦਾ ਹੈ। ਵਿਸ਼ਵੀਕਰਨ ਪੂੰਜੀਵਾਦੀ ਦੌਰ ਨੇ ਸਮਾਜਿਕ ਅਤੇ ਆਰਥਿਕ ਵਰਤਾਰੇ ਵਿੱਚ ਉਥਲ-ਪੁਥਲ ਮਚਾਈ। ਉੱਥੋਂ ਨਿਮਨ ਕਿਸਾਨੀ ਦੇ ਜੀਵਨ ਵਿੱਚ ਅਨੇਕਾਂ ਤਬਦੀਲੀਆਂ ਲਿਆਂਦੀਆਂ। ਇਸ ਨਾਲ ਨਿਮਨ ਕਿਸਾਨੀ ਨਿਘਾਰ ਵੱਲ ਜਾਣ ਦੇ ਨਾਲ-ਨਾਲ ਬੇਜ਼ਮੀਨੇ ਹੋਣ ਦੀ ਪ੍ਰਕਿਰਿਆ ਵਿੱਚ ਫਸੀ ਹੈ। ਕਿਸਾਨ ਆਪਣੀਆਂ ਜ਼ਮੀਨਾਂ ਵੇਚ ਕੇ ਕਾਰਪੋਰੇਟ ਮਾਡਲ ਦੇ ਜਾਲ ਵਿੱਚ ਫਸ ਕੇ ਹਰ ਹੀਲੇ ਵਸੀਲੇ ਨਾਲ ਵਧੇਰੇ ਪੂੰਜੀ ਇਕੱਤਰ ਕਰਨ ਵੱਲ

ਰੁਚਿਤ ਹੋਏ। ਇਸ ਦੌਰ ਨੇ ਕੇਵਲ ਕਿਸਾਨੀ ਜੀਵਨ ਨੂੰ ਹੀ ਨਹੀਂ ਸਗੋਂ ਹਰ ਸੁਖਾਵੇਂ ਮੰਨੇ ਜਾਣ ਵਾਲੇ ਰਿਸ਼ਤੇ ਵਿੱਚ ਆਈਆਂ ਤਬਦੀਲੀਆਂ ਇਸ ਨੂੰ ਅਣਸੁਖਾਵੇਂ ਦਾ ਰੂਪ ਪ੍ਰਦਾਨ ਕਰ ਰਹੀਆਂ ਹਨ।

> ਡਾ. ਰਜਨੀਸ਼ ਬਹਾਦਰ ਸਿੰਘ ਦਾ ਵਿਚਾਰ ਹੈ ਕਿ, "ਬਲਬੀਰ ਪਰਵਾਨਾ 2012 ਵਿੱਚ ਆਪਣੇ ਨਾਵਲ *'ਅੰਬਰ ਵੱਲ ਉਡਾਣ'* ਰਾਹੀਂ ਸੰਬੋਧਿਤ ਹੁੰਦਾ ਹੈ। ਇਸ ਤੋਂ ਪਹਿਲਾ ਉਹ ਆਪਣੀ ਨਾਵਲੀ ਲੜੀ ਵਿੱਚ ਲਗਭਗ ਅੱਧੀ ਸਦੀ ਦੇ ਪੰਜਾਬ ਵਿਚੋਂ ਵੱਖ-ਵੱਖ ਵਿਕਾਸ ਦੇ ਮਾਡਲਾਂ ਵਿੱਚੋਂ ਪੰਜਾਬੀ ਬੰਦੇ ਦੇ ਵਿਹਾਰ ਨੂੰ ਤਲਾਸ਼ਣ ਉੱਤੇ ਲੱਗਾ ਹੋਇਆ ਸੀ। *'ਖੇਤਾਂ ਦਾ ਰੁਦਨ'* ਨਾਵਲ ਵਿੱਚ ਉਹ ਪੰਜਾਬੀ ਜੀਵਨ ਵਿਹਾਰ ਨੂੰ ਖੇਤੀ ਆਰਥਿਕਤਾ ਵਾਲੇ ਪੇਂਡੂ ਸਮਾਜਚਾਰੇ ਵਿੱਚੋਂ ਤਲਾਸ਼ਦਾ ਹੈ। ਖੇਤੀ ਮਾਡਲ ਵਿਚੋਂ ਉਪਜਿਆ ਆਰਥਿਕ ਸੰਕਟ ਨਵੇਂ ਆਰਥਿਕ ਸੰਬੰਧਾਂ ਵਿੱਚੋਂ ਰਾਹਤ ਤਲਾਸ਼ਦਾ ਹੈ, ਪ੍ਰੰਤੂ ਨਵਾਂ ਪ੍ਰਬੰਧ ਉਸ ਦੇ ਗੰਭੀਰ ਸੰਕਟ ਲਈ ਰਾਹ ਪੱਧਰਾ ਕਰਦਾ ਹੈ। ਇਹ ਸੰਕਟ ਆਰਥਿਕਤਾ ਤੋਂ ਫੈਲ ਕੇ ਮਨੁੱਖੀ ਰਿਸ਼ਤਿਆਂ ਦੀ ਹੰਢਣਸਾਰਤਾ ਉੱਤੇ ਵੀ ਪ੍ਰਸ਼ਨ ਚਿੰਨ੍ਹ ਲਾ ਦਿੰਦਾ ਹੈ। ਰਿਸ਼ਤਿਆਂ ਦਾ ਸੰਕਟ ਨਾਵਲ ਦੇ ਸਮੁੱਚੇ ਸੰਗਠਨ ਉੱਤੇ ਫੈਲਿਆ ਹੋਇਆ ਹੈ। ਪਰਵਾਨਾ ਇਸ ਨਾਵਲ ਦੇ ਕਲਾਤਮਿਕ ਸੰਗਠਨ ਅਤੇ ਥੀਮੈਟਿਕ ਪੈਟਰਨਾਂ ਰਾਹੀਂ ਨਾਵਲ ਦੇ ਪ੍ਰੰਪਰਾਗਤ ਬਿਰਤਾਂਤ ਵਿਧੀ ਉੱਤੇ ਵੀ ਪ੍ਰਸ਼ਨ ਚਿੰਨ੍ਹ ਲਾ ਦਿੰਦਾ ਹੈ।" ( "ਨਾਵਲ ਦੇ ਸਰੋਕਾਰ" , *ਐਤਵਾਰਤਾ, ਜਲੰਧਰ: ਨਵਾਂ ਜ਼ਮਾਨਾ*, 29 ਦਸੰਬਰ 2013, 5)

ਨਾਵਲਕਾਰ ਪਰਵਾਨਾ ਪ੍ਰਗਤੀਵਾਦੀ ਵਿਚਾਰਧਾਰਾ ਸਮੁੱਚੇ ਆਰਥਿਕ, ਸਮਾਜਿਕ ਅਤੇ ਵਿਸ਼ਵੀਕਰਨ ਪੂੰਜੀਵਾਦੀ ਕਾਰਪੋਰੇਟ ਮਾਡਲ ਦੇ ਵਰਤਾਰੇ ਨੂੰ ਸਮਝਣ ਲਈ ਮੂਲ ਨਾਵਲੀ ਬਿਰਤਾਂਤ ਦੇ ਨਾਲ-ਨਾਲ ਉਪ-ਕਥਾ ਪ੍ਰਸੰਗ ਨੂੰ ਵੀ ਰੂਪਮਾਨ ਕਰਦਾ ਹੈ। ਉਹ ਪਾਠਕ ਵਰਗ ਦੀ ਚੇਤਨਾ ਨੂੰ ਹਲੂਣਦਾ ਵਿਸ਼ਵੀਕਰਨ ਪੂੰਜੀਵਾਦੀ ਦੌਰ ਦੇ ਮਾਰੂ ਪ੍ਰਭਾਵਾਂ ਪ੍ਰਤੀ ਜਾਗਰੂਕ ਵੀ ਕਰਦਾ ਹੈ। ਇਹ ਵਿਸ਼ਵੀਕਰਨ ਪੂੰਜੀਵਾਦੀ ਮਾਡਲ ਵਿਕਾਸ ਦਾ ਮਾਰਗ ਨਹੀਂ ਸਗੋਂ ਮੱਧ ਵਰਗੀ ਲੋਕਾਂ ਦਾ ਆਰਥਿਕ, ਸਮਾਜਿਕ, ਸਰੀਰਕ, ਮਾਨਸਿਕ ਅਤੇ ਸਭਿਆਚਾਰਕ ਪੱਖੋਂ ਸ਼ੋਸ਼ਣ ਵੀ ਕੀਤਾ ਜਾਂਦਾ ਹੈ। ਇਹ ਦੌਰ ਇੱਕ ਅਜਿਹਾ ਮੱਕੜ ਜਾਲ ਹੈ ਜਿਸ ਵਿੱਚ ਹਰ ਮਨੁੱਖ ਨੂੰ ਰਾਤੋਂ-ਰਾਤ ਅਮੀਰ ਬਣਦੇ ਦਿਖਾਉਂਦਾ ਹੈ।

, , , , ,

# ਅਧਿਆਇ ਸੱਤਵਾਂ

# ਬਲਬੀਰ ਪਰਵਾਨਾ ਦੇ ਨਾਵਲਾਂ ਦਾ ਕਲਾਤਮਿਕ ਅਧਿਐਨ

## 7.1 ਬਲਬੀਰ ਪਰਵਾਨਾ ਦੇ ਨਾਵਲਾਂ ਦੀ ਭਾਸ਼ਾ ਸ਼ੈਲੀ

ਬਲਬੀਰ ਪਰਵਾਨਾ ਨੇ ਪੰਜਾਬੀ ਸਾਹਿਤਕ ਖੇਤਰ ਨੂੰ ਜਿੱਥੇ ਖ਼ੂਬਸੂਰਤ ਚਰਚਿਰ ਕਿਰਤਾਂ ਪ੍ਰਦਾਨ ਕੀਤੀਆਂ ਉੱਥੇ ਪਰਵਾਨਾ ਨੇ ਪੰਜਾਬੀ ਨਾਵਲ ਖੇਤਰ 'ਚ ਵੀ ਸਲਾਹੁਣਯੋਗ, ਅਮਿੱਟ ਅਤੇ ਠੋਸ ਯੋਗਦਾਨ ਪਾਇਆ ਹੈ। ਭਾਵੇਂ ਉਸ ਨੇ ਸਾਹਿਤ ਸਫ਼ਰ ਬਤੌਰ ਕਵੀ ਦੇ ਤੌਰ 'ਤੇ ਆਰੰਭ ਕੀਤਾ ਪਰ ਪਰਵਾਨਾ ਨੇ ਨਾਵਲਕਾਰ ਦੇ ਤੌਰ 'ਤੇ ਵੀ ਚੰਗਾ ਨਾਮਣਾ ਖੱਟਿਆ ਹੈ। ਬਲਬੀਰ ਪਰਵਾਨਾ ਨੇ ਕਵਿਤਾ ਅਤੇ ਨਾਵਲ ਤੋਂ ਬਿਨਾਂ ਕਹਾਣੀ, ਮਿੰਨੀ ਕਹਾਣੀ, ਨਾਵਲੈੱਟ, ਵਾਰਤਕ, ਮੁਲਾਕਾਤਾਂ, ਅਨੁਭਵ ਅਤੇ ਸੰਪਾਦਨਾ ਦੇ ਖੇਤਰ 'ਚ ਵੀ ਵਿਸ਼ੇਸ਼ ਯੋਗਦਾਨ ਪਾਇਆ ਹੈ। ਉਹ ਵਧੇਰੇ ਕਰ ਕੇ ਆਪਣੇ ਨਾਵਲਾਂ ਵਿੱਚ ਕਿਸਾਨੀ ਸੰਕਟ ਅਤੇ ਪੂੰਜੀਵਾਦੀ ਦੌਰ ਦੇ ਘਾਤਕ ਪ੍ਰਭਾਵਾਂ, ਬਦਲ ਰਹੇ ਰਿਸ਼ਤੇ ਨਾਤਿਆਂ, ਕਿਸਾਨੀ ਧੰਦੇ 'ਚੋਂ ਤੇਜ਼ੀ ਨਾਲ ਬਾਹਰ ਹੋ ਰਹੇ ਕਿਸਾਨ, ਬਦਲ ਚੁੱਕੀਆਂ ਪ੍ਰੰਪਰਾਵਾਂ, ਜ਼ਿੰਦਗੀ ਜਿਊਣ ਦਾ ਢੰਗ ਆਦਿ ਵਿਸ਼ਿਆਂ ਨੂੰ ਆਧਾਰ ਬਣਾਉਂਦਾ ਹੈ। ਉਹ ਨਾਵਲਾਂ ਨੂੰ ਕੇਵਲ ਵਿਸ਼ੇ ਪੱਖੋਂ ਨਹੀਂ ਨਿਖਾਰਦਾ ਸਗੋਂ ਕਲਾ ਪੱਖੋਂ ਵੀ ਵਿਸ਼ੇਸ਼ ਧਿਆਨ ਦਿੰਦਾ ਹੈ। ਕਿਉਂਕਿ ਹਰ ਸਾਹਿਤਕਾਰ/ਨਾਵਲਕਾਰ ਆਪਣੀ ਰਚਨਾ ਦੀ ਪੇਸ਼ਕਾਰੀ ਸਮੇਂ ਪਾਤਰਾਂ, ਘਟਨਾਵਾਂ, ਪਰਿਸਥਿਤੀਆਂ ਦੀ ਚੋਣ ਕਰਦਾ ਹੈ ਜੋ ਰਚਨਾ 'ਚ ਅਹਿਮ ਅੰਗ ਬਣਦੇ ਹਨ। ਜਿਵੇਂ ਮਨੁੱਖੀ ਹੋਂਦ ਰੀੜ੍ਹ ਦੀ ਹੱਡੀ ਤੋਂ ਬਿਨਾਂ ਅਸੰਭਵ ਹੈ। ਬਿਲਕੁਲ ਇਸੇ ਤਰ੍ਹਾਂ ਹੀ ਹਰ ਕਿਰਤ 'ਚ ਪਾਤਰ ਪਰਿਸਥਿਤੀਆਂ, ਘਟਨਾਵਾਂ, ਪਾਤਰਾਂ ਦਾ ਨਿਭਾਓ ਆਦਿ ਪ੍ਰਮੁੱਖ ਹਿੱਸਾ ਹੈ ਜਿਨ੍ਹਾਂ ਦੀ ਚੋਣ ਕਰ ਕੇ ਸਾਹਿਤਕਾਰ ਸਾਹਿਤਕ ਕਿਰਤ ਦੀ ਸਿਰਜਣਾ ਕਰਦਾ ਹੈ।

ਖੋਜ ਕਾਰਜ ਦੇ ਹੱਥਲੇ ਅਧਿਆਇ ਵਿੱਚ ਬਲਬੀਰ ਪਰਵਾਨਾ ਦੁਆਰਾ ਰਚਿਤ ਛੇ ਨਾਵਲਾਂ *(ਗਹਿਰ ਚੜ੍ਹੀ ਅਸਮਾਨ, ਨਿੱਕੇ ਨਿੱਕੇ ਯੁੱਧ, ਆਪਣੇ ਆਪਣੇ ਮੋਰਚੇ, ਕਥਾ ਇਸ ਯੁੱਗ ਦੀ, ਅੰਬਰ ਵੱਲ ਉਡਾਣ, ਖੇਤਾਂ ਦਾ ਰੁਦਨ)* ਦਾ ਕਲਾਤਮਿਕ ਅਧਿਐਨ ਕਰਦੇ ਹੋਏ ਵਿਚਾਰ ਚਰਚਾ ਕਰਾਂਗੇ।

ਭਾਸ਼ਾ ਸੰਚਾਰ ਦਾ ਮੁੱਖ ਸਾਧਨ ਹੈ। ਸਾਹਿਤਕ ਕਿਰਤਾਂ ਵੀ ਭਾਸ਼ਾ ਦੇ ਮਾਧਿਅਮ ਰਾਹੀਂ ਹੀ ਉਸਾਰੀਆਂ ਜਾਂਦੀਆਂ ਹਨ। ਇਸ ਤਰ੍ਹਾਂ ਸਾਹਿਤ ਇੱਕ ਪ੍ਰਕਾਰ ਦੀ ਦੁਜੈਲੀ ਭਾਸ਼ਾਈ ਰਚਨਾ ਹੈ ਜੋ ਭਾਸ਼ਾਈ ਸੰਚਾਰ ਕਰਨ ਦੇ ਨਾਲ-ਨਾਲ ਸੁਹਜ ਸੰਚਾਰ ਦਾ ਅੰਗ ਵੀ ਬਣਦੀ ਹੈ। ਇਨ੍ਹਾਂ ਸੰਚਾਰ ਸਾਧਨਾਂ ਕਾਰਨ ਹੀ ਵਕਤਾ ਆਪਣਾ ਸੁਨੇਹਾ ਦੂਸਰਿਆਂ ਤੱਕ ਪਹੁੰਚਾਉਂਦਾ ਹੈ। ਪਰਵਾਨਾ ਆਪਣੇ ਨਾਵਲਾਂ ਵਿੱਚ ਇਨ੍ਹਾਂ ਦੋਵੇਂ ਕਿਸਮਾਂ ਦੀ ਭਾਸ਼ਾ ਦੀ ਵਰਤੋਂ ਕਰਦਾ ਬੇ ਅਰਥੇ ਸ਼ਬਦਾਂ ਨੂੰ ਵਰਤਣ ਤੋਂ ਗੁਰੇਜ਼ ਕਰਦਾ ਹੈ। ਉਹ ਪਾਠਕ ਮਨ 'ਚ ਭਾਸ਼ਾ ਰਾਹੀਂ ਉਤਸੁਕਤਾ, ਹੈਰਾਨੀ, ਬੇਸਬਰੀ ਅਤੇ ਜਗਿਆਸਾ ਪੈਦਾ ਕਰਦਾ ਹੈ। ਪਰਵਾਨਾ ਆਪਣੇ ਨਾਵਲਾਂ ਵਿੱਚ ਭਾਸ਼ਾ ਦੀ ਵਰਤੋਂ ਕਰਨ ਪ੍ਰਤੀ ਸੰਪੂਰਨ ਰੂਪ ਵਿੱਚ ਸੁਚੇਤ ਜਾਪਦਾ ਹੈ।

ਸਾਕ ਮੁਹੰਮਦ ਦੇ ਸ਼ਬਦਾਂ ਵਿੱਚ, "ਪਰਵਾਨਾ ਦੇ ਨਾਵਲਾਂ ਵਿੱਚ ਬੀਬੀ ਭਾਸ਼ਾ ਦਾ ਪ੍ਰਭਾਵ ਵਧੇਰੇ ਹੈ। ਇਹ ਇਹੋ ਜਿਹੀ ਇਸ ਕਰ ਕੇ ਰੂਪਾਂਤਰਿਤ ਹੋਈ ਦ੍ਰਿਸ਼ਟੀਗਤ ਹੁੰਦੀ ਹੈ ਕਿ ਪੰਜਾਬੀ ਕਾਮਰੇਡ ਕਿਸੇ ਪ੍ਰਤੀ ਨਿੰਦਣਯੋਗ, ਵਡਿਆਉਣ ਜਾਂ ਮਾੜੀ ਸ਼ਬਦਾਵਲੀ ਵਰਤਣ ਤੋਂ ਅਕਸਰ ਗੁਰੇਜ਼ ਕਰਦੇ ਰਹੇ ਹਨ। ਪਰਵਾਨੇ ਦੀ ਅਜਿਹੀ ਭਾਸ਼ਾ ਦਾ ਸਰੂਪ ਇੱਕ ਇਹ ਵੀ ਹੈ ਕਿ ਵਰਨਣੀ ਤੇ ਬਿਰਤਾਂਤਕ ਕਾਰਜ ਵਾਲੀ ਭਾਸ਼ਾ ਵਿੱਚ ਬੌਧਿਕਤਾ ਭਾਰੂ ਹੈ।" ("ਬਲਬੀਰ ਪਰਵਾਨਾ ਦੇ ਨਾਵਲਾਂ ਦਾ ਯਥਾਰਥ ਬੋਧ", *ਹਾਸ਼ੀਆ ਲੋਕ, ਜਨਵਰੀ 13-ਮਾਰਚ 14 ਅੰਕ* , 232)

ਪਰਵਾਨਾ ਆਪਣੇ ਨਾਵਲਾਂ ਵਿੱਚ ਕਿਤੇ ਵੀ ਕਿਸੇ ਨੂੰ ਨਿੰਦਣਯੋਗ ਸ਼ਬਦ ਵਰਤਣ ਤੋਂ ਗੁਰੇਜ਼ ਕਰਦਾ ਹੈ। ਉਸ ਦੀ ਭਾਸ਼ਾ ਵਿੱਚ ਬੌਧਿਕਤਾ ਵਧੇਰੇ ਵੇਖਣ ਨੂੰ ਮਿਲਦੀ ਹੈ। ਇਸ ਦਾ ਇੱਕ ਨਮੂਨਾ ਹੇਠ ਲਿਖੇ ਟੂਕ ਰਾਹੀਂ ਦੇਖ ਸਕਦੇ ਹਾਂ ਜਿਵੇਂ:

"ਬਚਨੀ ਨੇ ਦੀਵਾ ਬਾਲ ਕੇ ਸਵਾਤ 'ਚ ਬਣੇ ਹੋਏ ਆਲ਼ੇ 'ਚ ਰੱਖਿਆ ਤੇ ਫਿਰ ਮਟੀ 'ਚੋਂ ਆਟਾ ਕੱਢ ਕੇ ਪਰਾਤ 'ਚ ਪਾਇਆ। ਗਿੰਦਰ ਤੇ ਪਰਮੋ ਦੋਵੇਂ ਚੁੱਲ੍ਹੇ ਮੂਹਰੇ ਬੈਠੇ, ਅੱਗ ਸੇਕਦੇ, ਰੋਟੀ ਬਣਨ ਦੀ ਉਡੀਕ ਕਰ ਰਹੇ ਸਨ। ਜਦੋਂ ਬਚਨੀ ਪਰਾਤ 'ਚ ਪਾਣੀ ਪਾ ਕੇ ਆਟਾ ਮਲਣ ਲੱਗੀ ਤਾਂ ਗਿੰਦਰ ਨੇ ਕਿਹਾ, "ਮਾਂ, ਤੂੰ ਆਟਾ ਦੂਜੀ ਤਰ੍ਹਾਂ ਕਿਉਂ ਨਹੀਂ ਗੁੰਨ੍ਹਦੀ ਇੱਦਾਂ ਨਈ ਰੋਟੀ ਚੰਗੀ ਬਣਦੀ...ਮੈਂ ਨਹੀਂ ਇਹ ਖਾਣੀ।"

"ਪੁੱਤ, ਚੋਲ੍ਹਾਂ ਦਾ ਆਟਾ ਉੱਦਾਂ ਨਹੀਂ ਗੁੰਨ੍ਹ ਹੁੰਦਾ। ਇਹਦੀ ਰੋਟੀ ਇੱਦਾਂ ਹੀ ਪਕਾਈ ਦੀ ਐ ਆਟਾ ਮਲ ਕੇ...ਕਣਕ ਦਾ ਆਟਾ ਗੁੰਨ੍ਹੀਦਾ...।"

"ਮੈਂ ਨਹੀਂ ਖਾਣਾ ਇਹ ਥਾਪਾ...ਰੋਜ਼ ਰੋਜ਼ ਹੀ ਇਹ! ਮੈਨੂੰ ਨਹੀਂ ਸੁਆਦ ਲਗਦੀ ਇਹ ਰੋਟੀ।"

"ਫਿਰ ਤੂੰ ਚੌਲ ਖਾਲੈ!"

"ਚੌਲ ਤਾਂ ਉੱਕੇ ਨਹੀਂ ਖਾਣੇ। ਕਣਕ ਦੀ ਰੋਟੀ ਖਾਣੀ ਐ!"

"ਕਣਕ ਦਾ ਆਟਾ ਸੁੱਟਿਆ ਹੋਇਆ...ਪਿਹਾ ਕੇ ਲਿਆਉਣ ਵਾਲਾ। ਅਜੇ ਪਿਹਾ ਨਹੀਂ ਹੋਇਆ।" ਬਚਨੀ ਉਸ ਨੂੰ ਆਲ਼ੇ ਟਾਲੇ ਪਾਉਣ ਲੱਗੀ, ਪਰ ਜਦੋਂ ਉਸ ਦੀ ਰਿਹਾੜ ਨਾ ਹਟੀ ਤਾਂ ਉਸ ਨੇ ਕਾੜ ਕਰਦੀ ਚਪੇੜ ਉਸ ਦੇ ਮੂੰਹ 'ਤੇ ਜੜ ਦਿੱਤੀ, "ਹੁਣ ਮੈਂ ਕਿੱਥੋਂ ਲਿਆ ਦਿਆਂ ਤੈਨੂੰ ਕਣਕ ਦੀ ਰੋਟੀ? ਆਪਣੇ ਪਿਓ ਨੂੰ ਕਹਿ, ਜਿਹੜਾ ਖਾਣ ਜੋਗੀ ਕਣਕ ਵੀ ਘਰ ਨਹੀਂ ਰੱਖਦਾ!"

ਪਰ ਉਸ ਦਾ ਗ਼ੁੱਸਾ ਛੇਤੀ ਹੀ ਪਛਤਾਵੇ 'ਚ ਬਦਲ ਗਿਆ ਤੇ ਉਹ ਖ਼ੁਦ ਵੀ ਰੋਣਹੱਕੀ ਜਿਹੀ ਹੋ ਗਈ।"(ਪਰਵਾਨਾ, "ਗਹਿਰ ਚੜ੍ਹੀ ਅਸਮਾਨ" 75)

ਪਰਵਾਨਾ ਆਪਣੇ ਨਾਵਲਾਂ ਵਿਚਲੀ ਭਾਸ਼ਾ ਵਿਚ ਵਾਧੂ ਤੁਕ ਬੰਦੀ ਤੋਂ ਗੁਰੇਜ਼ ਕਰਦਾ ਹੈ। ਨਾ ਹੀ ਕਿਤੇ ਬੇ ਅਰਥੇ ਸ਼ਬਦਾਂ ਦੀ ਵਰਤੋਂ ਕਰਦਾ ਹੈ। ਉਸ ਦੁਆਰਾ ਵਰਤੀ ਭਾਸ਼ਾ ਸੌਖੀ ਤਰ੍ਹਾਂ ਪਾਠਕਾਂ ਦੇ ਸਮਝ ਆ ਜਾਂਦੀ ਹੈ।

ਗੁਰਮੇਜ਼ ਦਾ ਲਿਖਣਾ ਹੈ ਕਿ ਪਰਵਾਨਾ "ਆਪਣੇ ਨਾਵਲਾਂ ਦੀ ਭਾਸ਼ਾ ਪ੍ਰਤੀ ਕਾਫ਼ੀ ਸੁਚੇਤ ਜਾਪਦਾ ਹੈ। ਉਸ ਦੇ ਨਾਵਲਾਂ ਦੀ ਭਾਸ਼ਾ ਇਕਹਿਰੀ ਵਾਰਤਕ ਨੁਮਾ ਨਹੀਂ। ਉਸ ਦੇ ਦਿਹਾਤੀ ਜੀਵਨ ਨਾਲ ਸਬੰਧਿਤ ਨਾਵਲਾਂ ਦੇ ਪਾਤਰ ਆਮ ਜੀਵਨ ਵਿੱਚ ਬੋਲੀ ਜਾਂਦੀ ਦੁਆਬੀ ਭਾਸ਼ਾ ਬੋਲਦੇ ਹਨ। ਸ਼ਹਿਰੀ ਜੀਵਨ ਪ੍ਰਤੀ ਰਚਿਤ ਨਾਵਲਾਂ ਵਿਚੋਂ ਸ਼ਹਿਰੀ ਲਹਿਜ਼ੇ ਦੀ ਝਲਕ ਪੈਂਦੀ ਹੈ।"(“ਗੁਰਦਿਆਲ ਸਿੰਘ ਦਾ ਨਾਵਲ ਸੰਸਾਰ” 61)

ਪਰਵਾਨਾ ਆਪਣੇ ਨਾਵਲਾਂ 'ਚ ਕਿਸੇ ਪਰਿਸਥਿਤੀਆਂ ਘਟਨਾਵਾਂ ਦਾ ਬਿਆਨ ਕਰਦਾ ਹੈ ਤਾਂ ਭਾਸ਼ਾ ਤਕਰੀਬਨ ਪੜ੍ਹਿਆਂ ਲਿਖਿਆਂ ਵਾਲੀ ਵਰਤਦਾ ਹੈ। ਪੇਂਡੂ ਕਿਸਾਨੀ ਅਤੇ ਸ਼ਹਿਰੀ ਜੀਵਨ ਦੀ ਪੇਸ਼ਕਾਰੀ ਸਮੇਂ ਮੁੱਖ ਰੂਪ 'ਚ ਕੇਂਦਰੀ ਪੰਜਾਬੀ ਦੀ ਸੁਰ ਉੱਭਰਦੀ ਹੈ। ਦੁਆਬੀ ਭਾਸ਼ਾ ਦੀ ਰੰਗਤ ਵੀ ਦਿਖਾਈ ਦਿੰਦੀ ਹੈ। ਪਰਵਾਨਾ ਬੱਚਿਆਂ ਦੇ ਮੂੰਹੋਂ ਤੋਤਲੀ ਭਾਸ਼ਾ ਬੁਲਾਉਂਦਾ ਹੈ। ਇਸ ਦੀ ਉਦਾਹਰਨ ਗਿੰਦਰ ਅਤੇ ਉਸ ਦੇ ਸਾਥੀਆਂ ਵਿਚਕਾਰ ਆਪਸੀ ਗੱਲਬਾਤ ਨੂੰ ਹੇਠ ਦਿੱਤੇ ਟੂਕ 'ਚੋਂ ਦੇਖ ਸਕਦੇ ਹਾਂ। ਜਿਵੇਂ:

"ਉਸ ਨੂੰ ਕਾਲਾ ਸੂਟ ਬਹੁਤ ਸੁਹਣਾ ਲੱਗਦਾ ਐ...ਦੇਖ, ਅੱਜ ਕਿਵੇਂ ਪਰੀ ਜਿਹੀ ਲਗਦੀ ਐ!"

"ਇਸ ਨੂੰ ਦੋ ਗੁੱਤਾਂ ਵੀ ਬੜੀਆਂ ਸੁਹਣੀਆਂ ਲਗਦੀਆਂ।"

"ਕਲਾਸ 'ਚ ਸਭ ਤੋਂ ਸੁਹਣੀ ਐ, ਇਹ।"

"ਨਹੀਂ, ਜਿੰਦੋ ਇਸ ਤੋਂ ਜ਼ਿਆਦਾ ਸੁਹਣੀ ਲਗਦੀ ਹੈ।"

"ਉਹ ਮੋਟੀ ਕਿੰਨੀ ਐ!"

ਗਿੰਦਰ ਨੂੰ ਮਨ ਹੀ ਮਨ ਲੱਗਦਾ, ਪ੍ਰੀਤ ਉਸ ਦੀ ਕੁੱਝ ਹੈ।"(ਪਰਵਾਨਾ, “ਗਹਿਰ ਚੜ੍ਹੀ ਅਸਮਾਨ” 102)

ਇਸ ਤਰ੍ਹਾਂ ਪਰਵਾਨਾ ਬੱਚਿਆਂ ਦੀ ਆਪਸੀ ਗੱਲਬਾਤ ਨੂੰ ਤੋਤਲੀ ਭਾਸ਼ਾ ਵਿੱਚ ਪੇਸ਼ ਕਰਦਾ ਹੈ। ਜਿਵੇਂ ਨਿੱਕੇ ਤਾਤੇ, ਲੋਟੀ, ਐਥੋ, ਪਚੈਤ, ਅਨਸਾਫ਼ ਆਦਿ। ਪਾਤਰਾਂ ਦੀ ਆਪਸੀ ਗੱਲਬਾਤ ਵਿੱਚ ਵੀ ਆਮ ਬੋਲ ਚਾਲ ਵਾਲੀ ਭਾਸ਼ਾ ਦੀ ਵਰਤੋਂ ਕਰਦਾ ਹੈ। ਇਸ ਦੇ ਨਾਲ ਹੀ ਪਰਵਾਨਾ ਨਾਵਲਾਂ ਵਿਚ ਅਨਪੜ੍ਹ ਵਰਗ ਵੱਲੋਂ ਉਚਾਰੀ ਜਾਂਦੀ ਆਮ ਭਾਸ਼ਾ ਦੀ ਵੀ ਵਰਤੋਂ ਕਰਦਾ ਹੈ ਜਿਵੇਂ:

"ਹੁੱਲੀ ਹੁੱਲੀ, ਕਰਦਿਆਂ ਉਨ੍ਹਾਂ ਸ਼ਿਕਾਰੀ ਨੂੰ ਪਿੱਛੋਂ ਜਾ ਛੂਹਿਆ, ਪਹਿਲਾ ਤਾਂ ਉਹ ਬਾਗ਼ ਦੇ ਨਾਲ ਵਾਲੀ ਝੰਗੀ 'ਚ ਝਾੜ ਬੁਝਿਆ ਤੇ ਹਿਲਾਉਂਦੇ ਢੀਮਾ ਮਾਰ ਦੇ ਰੌਲਾ ਪਾਉਂਦੇ ਰਹੇ।"(ਪਰਵਾਨਾ, “ਗਹਿਰ ਚੜ੍ਹੀ ਅਸਮਾਨ” 66)

ਪਰਵਾਨਾ ਨੇ ਉਪਰੋਕਤ ਵਾਕ ਵਿੱਚ ਹੁੱਲੀ ਹੁੱਲੀ, ਝੰਗੀ, ਢੀਮਾਂ ਆਦਿ ਆਮ ਭਾਸ਼ਾ ਦੇ ਸ਼ਬਦਾਂ ਦੀ ਵਰਤੋਂ ਕੀਤੀ ਹੈ। ਪਰਵਾਨਾ ਆਪਣੇ ਨਾਵਲ ਵਿੱਚ ਦੁਆਬੀ ਉਪ ਭਾਸ਼ਾ ਦਾ ਪ੍ਰਭਾਵ ਵਧੇਰੇ ਕਬੂਲਦਾ ਹੈ। ਪਰਵਾਨਾ ਦੇ ਸਾਰੇ ਨਾਵਲ "ਦੁਆਬੀ ਉਪਭਾਸ਼ਾ ਨੂੰ ਸਮਰਪਿਤ ਹਨ।" (ਜਗਬੀਰ ਸਿੰਘ, “ਬਿਰਤਾਂਤਕ ਗਲਪ ਸਿਧਾਂਤ ਤੇ ਸਮੀਖਿਆ” 11)

ਉਪ ਭਾਸ਼ਾਈ ਖੇਤਰ ਨੂੰ ਮੁੱਖ ਰੱਖਦਿਆਂ ਬਲਬੀਰ ਪਰਵਾਨਾ ਆਪਣੇ ਨਾਵਲਾਂ 'ਚ 'ਵ' ਨੂੰ 'ਬ' ਬੋਲਦਾ ਹੈ। ਜਿਵੇਂ,

"ਵੀਰ ਨੂੰ ਬੀਰ, ਵੇਚਣ ਨੂੰ ਬੇਚਣ, ਵਾਲ ਨੂੰ ਬਾਲ, ਵਿਹਲ ਨੂੰ ਬਿਹਲ, ਵਿਜੈ ਨੂੰ ਬਿਜੈ, ਵਾਰ ਨੂੰ ਬਾਰ ਆਦਿ। ਇਸ ਤੋਂ ਇਲਾਵਾ ਦੁਆਬੀ ਲੋਕਾਂ ਨੂੰ ਸ਼ਬਦ ਦੁਹਰਾਉਣ ਦੀ ਆਦਤ ਹੈ ਜੋ ਉਨ੍ਹਾਂ ਦੀ ਬੋਲ ਚਾਲ ਵਿਚੋਂ ਸਪਸ਼ਟ ਹੋ ਜਾਂਦੀ ਹੈ ਜਿਵੇਂ ਕਿ ਚਾਹ-ਚੂਹ, ਸੌਣਾ-ਸੁਣਾ, ਪੈਸਾ-ਧੈਲਾ, ਰਾਮ-ਰੂਮ, ਰੋਟੀ-ਰੂਟੀ, ਲੱਟ-ਲੁੱਟ ਆਦਿ।" (ਢਿੱਲੋਂ, "ਪੰਜਾਬੀ ਨਾਵਲ ਤੇ ਦੁਆਬੀ ਸਭਿਆਚਾਰ" 184)

ਹਰ ਖੇਤਰ ਵਿੱਚ ਅੰਗਰੇਜ਼ੀ ਸ਼ਬਦਾਵਲੀ ਦੀ ਵਰਤੋਂ ਹੋਣ ਲੱਗ ਪਈ ਹੈ। ਬਲਬੀਰ ਪਰਵਾਨਾ ਵੀ ਆਪਣੇ ਨਾਵਲਾਂ ਵਿੱਚ ਅੰਗਰੇਜ਼ੀ ਸ਼ਬਦਾਂ ਦੀ ਵਰਤੋਂ ਕਰਦਾ ਹੈ ਜਿਵੇਂ ਰੈਸਟੋਰੈਂਟ, ਕੈਫ਼ੇ, ਐਡਜਸਟ, ਸੋਲਫ, ਚਿਊਇੰਗਮ, ਬਿਊਟੀ ਪਾਰਲਰ, ਬੈਂਕ, ਆਈ ਲਵ ਯੂ, ਟਵਿਸਟ, ਹੈਲਪ, ਬਰੇਕਫ਼ਾਸਟ, ਬੈੱਡਰੂਮ, ਡਰਾਇੰਗ ਰੂਮ, ਸਰਵਿਸ ਦੀ ਸਫਲਤਾ ਪੂਰਵਕ ਵਰਤੋਂ ਕਰਦਾ ਹੈ।

ਹਰਵਿੰਦਰ ਕੌਰ ਢਿੱਲੋਂ ਦੇ ਅਨੁਸਾਰ ਪਰਵਾਨਾ, "ਸੰਸਕ੍ਰਿਤੀ ਦੇ ਪੱਧਰ 'ਤੇ ਸਟੇਜ, ਸਿਨੇਮਾ, ਫ਼ਿਲਮ, ਐਕਟਰ, ਫੋਟੋਗ੍ਰਾਫ, ਪਿਆਨੋ, ਆਰਕੈਸਟਰਾ, ਜਟਿਲ" ("ਪੰਜਾਬੀ ਨਾਵਲ ਤੇ ਦੁਆਬੀ ਸਭਿਆਚਾਰ" 44) ਆਦਿ ਸ਼ਬਦਾਂ ਦੀ ਵਰਤੋਂ ਕਰਦਾ ਹੈ।

ਇਸ ਤੋਂ ਇਲਾਵਾ ਪਰਵਾਨਾ ਰਾਜਨੀਤਿਕ ਸ਼ਬਦ ਕਾਨਫ਼ਰੰਸ, ਐਡੀਟੇਸ਼ਨ, ਪਾਰਟੀ ਲੀਡਰ, ਅੰਜੀਰ, ਸੋਸ਼ਲਿਸਟ ਆਦਿ ਸ਼ਬਦਾਂ ਦੀ ਵਰਤੋਂ ਕੀਤੀ ਮਿਲਦੀ ਹੈ।

ਸ਼ੈਲੀ ਨਾਵਲਕਾਰ ਦੇ ਲਿਖਣ ਢੰਗ ਦੀ ਵੱਖਰਤਾ ਨੂੰ ਕਿਹਾ ਜਾਂਦਾ ਹੈ। ਮੁੱਖ ਰੂਪ ਵਿੱਚ ਨਾਵਲਕਾਰ ਆਪਣੇ ਮਨ ਅੰਦਰ ਉਤਪੰਨ ਹੋਏ ਵਿਚਾਰਾਂ/ਭਾਵਾਂ ਨੂੰ ਜਿਸ ਆਧਾਰ 'ਤੇ ਲਿਖਤੀ ਰੂਪ ਦਿੰਦਾ ਹੈ। ਉਹ ਲਿਖਤ ਸ਼ੈਲੀ ਰੂਪ ਧਾਰਨ ਕਰਦੀ ਹੈ। ਲੇਖਕ ਦੀ ਦੂਜਿਆਂ ਨਾਲੋਂ ਵੱਖਰੀ ਕਿਸਮ ਦੀ ਸ਼ੈਲੀ ਹੁੰਦੀ ਹੈ ਜੋ ਉਸ ਦੇ ਵਿਅਕਤੀਗਤ ਵਿਚਾਰਾਂ ਨੂੰ ਪੇਸ਼ ਕਰਦੀ ਹੈ। ਹਰ ਨਾਵਲਕਾਰ ਧੁਨੀ, ਵਾਕ, ਸ਼ਬਦ, ਰੂਪ, ਪ੍ਰਕਿਰਤੀ ਦੀ ਚੋਣ ਆਪਣੀ ਰੁਚੀ ਅਤੇ ਸਮਝ ਅਨੁਸਾਰ ਕਰਦਾ ਹੈ। ਸ਼ੈਲੀ ਰਾਹੀਂ ਨਾਵਲਕਾਰ ਆਪਣੇ ਭਾਵਾਂ ਵਿਚਾਰਾਂ ਨੂੰ ਨਿਸ਼ਚਿਤ ਅਤੇ ਨਿਯਮਿਤ ਢੰਗ ਨਾਲ ਸੰਚਾਰ ਪ੍ਰਦਾਨ ਕਰਦਾ ਹੈ। ਸ਼ੈਲੀ ਦਾ ਸੰਬੰਧ ਲਿਖਣ ਢੰਗ ਅਤੇ ਸਵੈ ਪ੍ਰਗਟਾਓ ਨਾਲ ਹੈ।

ਪਰਵਾਨਾ ਵੀ ਆਪਣੇ ਨਿੱਜੀ ਅਨੁਭਵ ਅਤੇ ਵਿਚਾਰਾਂ ਨੂੰ ਨਾਵਲਾਂ ਵਿੱਚ ਪੇਸ਼ ਕਰਨ ਲਈ ਪੱਤਰਕਾਰੀ ਸ਼ੈਲੀ ਦੇ ਨਾਲ ਨਾਲ ਪਰਵਾਨਾ ਜੀਵਨ ਸ਼ੈਲੀ ਅਤੇ ਸੰਜਮ ਸ਼ੈਲੀ ਦੀ ਵੀ ਵਰਤੋਂ ਕਰਦਾ ਹੈ।

ਹਰਵਿੰਦਰ ਕੌਰ ਢਿੱਲੋਂ ਦੀ ਰਾਇ ਹੈ ਕਿ, "*ਨਿੱਕੇ ਨਿੱਕੇ ਯੁੱਧ* ਵਿੱਚ ਜੀਵਨ ਸ਼ੈਲੀ ਅਤੇ ਸੰਜਮ ਸ਼ੈਲੀ ਦਾ ਪ੍ਰਯੋਗ ਕੀਤਾ ਗਿਆ ਹੈ। *'ਗਹਿਰ ਚੜ੍ਹੀ ਆਸਮਾਨ'* ਅਨਯ ਪੁਰਖ ਸ਼ੈਲੀ ਦੇ ਮਾਧਿਅਮ ਨਾਲ ਲੇਖਕ ਕਥਾ ਕਲਾ ਦੇ ਸਮਾਜਿਕ ਸੰਦਰਭਾਂ ਨੂੰ ਫੋਕਸੀਕ੍ਰਿਤ ਕਰਦਾ ਹੈ। ਇਸ ਨਾਵਲ ਵਿੱਚ ਰੌਚਿਕ ਸ਼ੈਲੀ ਦਾ ਪ੍ਰਯੋਗ ਕੀਤਾ ਗਿਆ ਹੈ।

*'ਕਥਾ ਇਸ ਯੁੱਗ ਦੀ'* ਨਾਵਲ ਵਿੱਚ ਪੈਲੀ ਦ੍ਰਿਸ਼ਟੀ ਅਤੇ ਸੰਜਮ ਸ਼ੈਲੀ ਦੀ ਵਰਤੋਂ ਕੀਤੀ ਗਈ ਹੈ।" ("ਪੰਜਾਬੀ ਨਾਵਲ ਤੇ ਦੁਆਬੀ ਸਭਿਆਚਾਰ" 193)

ਹਰਮੀਤ ਸਿੰਘ ਅਟਵਾਲ ਦੇ ਸ਼ਬਦਾਂ ਵਿੱਚ ਪਰਵਾਨਾ ਦੀ, "ਸ਼ੈਲੀ ਦੀ ਸਭ ਤੋਂ ਵੱਡੀ ਖ਼ਾਸੀਅਤ ਇਹ ਹੈ ਕਿ ਉਹ ਕਿਧਰੇ ਵੀ ਪਾਠਕ ਨੂੰ ਅਕਾਉਂਦਾ ਨਹੀਂ। ਉਸ ਦੇ ਕਿਸੇ ਵੀ ਨਾਵਲ ਨੂੰ ਇੱਕ ਵਾਰ ਪੜ੍ਹਨਾ ਸ਼ੁਰੂ ਕਰੋ ਪੜ੍ਹਨੋਂ ਨਹੀਂ ਹਟ ਸਕਦੇ। ਅੱਗੋਂ ਨਾਵਲਾਂ ਵਿੱਚ ਦੁਹਰਾਅ ਕਿਧਰੇ ਵੀ ਨਹੀਂ। ਜਿੱਥੇ ਵਿਸ਼ਿਆਂ ਦੀ ਵਿਸ਼ਾਲਤਾ ਹੈ, ਖੁੱਲ੍ਹਾਪਣ ਹੈ, ਸੱਚ ਦਾ ਸੰਸਾਰ ਵੱਡਾ ਹੈ, ਧਰਾਤਲ ਲੰਮਾ-ਚੌੜਾ ਹੈ, ਉੱਥੇ ਵਿਸ਼ਿਆਂ ਦੀ ਵੰਨ-ਸੁਵੰਨਤਾ ਵੀ ਬਰਾਬਰ ਬਰਕਰਾਰ ਹੈ।" ("ਪੰਜਾਬੀ ਨਾਵਲ ਦੀਆਂ ਨਵੀਆਂ ਬੁਲੰਦੀਆਂ ਦੀ ਨਿਸ਼ਾਨਦੇਹੀ",*ਐਤਵਾਰਤਾ ਜਲੰਧਰ: ਨਵਾਂ ਜ਼ਮਾਨਾ*, 6 ਜੁਲਾਈ, 2014, 3)

ਪਰਵਾਨਾ ਸੰਜਮੀ ਸ਼ੈਲੀ, ਜੀਵਨ ਸ਼ੈਲੀ, ਅਨਯ ਪੁਰਖ ਸ਼ੈਲੀ ਦੀ ਵਰਤੋਂ ਬਹੁਤ ਹੀ ਸੁਚੱਜੇ ਢੰਗ ਨਾਲ ਕਰਦਾ ਹੈ। ਇਨ੍ਹਾਂ ਸ਼ੈਲੀਆਂ ਦੀ ਵਰਤੋਂ ਕਰਦਾ ਉਹ ਕਿਤੇ ਵੀ ਨਿੰਦਣਯੋਗ ਸ਼ਬਦਾਂ ਦੀ ਵਰਤੋਂ ਨਹੀਂ ਕਰਦਾ।

ਸਾਕ ਮੁਹੰਮਦ ਦਾ ਵਿਚਾਰ ਹੈ ਕਿ, "ਪਰਵਾਨੇ ਦੀ ਗਲਪ ਸ਼ੈਲੀ ਦੀ ਇਹ ਖ਼ੂਬੀ ਹੈ ਕਿ ਪਾਠਕ ਰਚਨਾ ਜਿਉਂ ਹੀ ਪੜ੍ਹਨ ਲੱਗੇਗਾ, ਤਿਉਂ ਹੀ ਉਹ ਬਿਰਤਾਂਤ ਦੇ ਵਹਿਣ ਵਿੱਚ ਵਹਿ ਤੁਰੇਗਾ। ਨਾਵਲੀ ਪੁਸਤਕ ਦੇ ਪੰਨੇ ਖ਼ਤਮ ਹੁੰਦੇ ਜਾਪਦੇ ਹਨ ਅਤੇ ਪਾਠਕ ਦੇ ਜ਼ਿਹਨ ਵਿੱਚ ਇਹ ਗੱਲ ਵੀ ਆਉਣ ਲੱਗ ਜਾਂਦੀ ਹੈ ਕਿ ਨਾਵਲੀ ਬਿਰਤਾਂਤ ਸਮਾਪਤ ਕਿਵੇਂ ਹੋਵੇਗਾ; ਬਿਰਤਾਂਤ ਤੇਜ਼ ਗਤੀ 'ਚ ਚੱਲਦਾ ਹੋਇਆ ਇੱਕ ਦਮ ਝਟਕਾ ਦੇ ਕੇ ਖ਼ਤਮ ਹੋ ਜਾਂਦਾ ਹੈ। ਪੰਜਾਬ ਦੇ ਕਾਮਰੇਡਾਂ ਦੇ ਭਾਸ਼ਣ ਹੀ ਨਹੀਂ ਸਗੋਂ ਕਾਮਰੇਡੀ ਲੋਕ ਕਹਾਣੀਆਂ ਦੀ ਮੁੱਖ ਸ਼ੈਲੀ ਇਹੋ ਰਹੀ ਹੈ। ਇੰਝ ਪਰਵਾਨਾ ਦੀ ਨਾਵਲ ਸਿਰਜਣਾ ਆਪਣੀ ਵਿਚਾਰਧਾਰਕ ਲਗਾਨ ਤੋਂ ਪੂਰਨ ਪ੍ਰਭਾਵਿਤ ਦ੍ਰਿਸ਼ਟੀਗੋਚਰ ਹੁੰਦੀ ਹੈ।" ("ਬਲਬੀਰ ਪਰਵਾਨਾ ਦੇ ਨਾਵਲਾਂ ਦਾ ਯਥਾਰਥ ਬੋਧ", *ਹਾਸ਼ੀਆ ਲੋਕ,* ਜਨਵਰੀ 13-ਮਾਰਚ 14 ਅੰਕ, 232)

ਪਰਵਾਨਾ ਕੋਲ ਨਾਵਲੀ ਸ਼ੈਲੀ ਲਈ ਡੂੰਘਾ ਅਤੇ ਵਿਸ਼ਾਲ ਜੀਵਨ ਅਨੁਭਵ ਅਤੇ ਜ਼ਿੰਦਗੀ ਦਾ ਲੰਮਾ ਤਜਰਬਾ ਹੈ। ਸ਼ੈਲੀ ਦੀ ਵਰਤੋਂ ਕਰਦਾ ਅਜਿਹੇ ਖ਼ੂਬਸੂਰਤ ਢੰਗ ਨਾਲ ਪਾਤਰਾਂ ਦੀ ਆਪਸੀ ਗੱਲਬਾਤ ਨੂੰ ਪੇਸ਼ ਕਰਦਾ ਹੈ ਜਿਸ ਚੋਂ ਅੱਧ ਕਹਿ ਸ਼ੈਲੀ ਦੀ ਵਰਤੋਂ ਵਧੇਰੇ ਕਰਦਾ ਨਜ਼ਰ ਆਉਂਦੀ ਹੈ। ਜਿਵੇਂ:

"ਗ਼ੁੱਸੇ 'ਚ ਖੌਲਦਾ ਉਹ ਘਰ ਆਇਆ ਤੇ ਕੋਠੜੀ 'ਚ ਲੰਘ ਮੰਜੇ 'ਤੇ ਪੈ ਗਿਆ

'ਵਿਹੜੇ 'ਚ ਖੜੀ ਮਾਂ ਨੇ ਉਸ ਦਾ ਭਖਿਆ ਚਿਹਰਾ ਦੇਖਿਆ ਤਾਂ ਆਹੁਲ ਕੇ ਉਸ ਮਗਰ ਆਈ, "ਵੇ ਕੀ ਗੱਲ ਹੋ ਗਈ...ਆਪਣੇ ਪਿਓ ਨਾਲ ਤਾਂ ਨਹੀਂ ਲੜ ਆਇਆ?"

"ਉਸ ਕੰਜਰ ਨਾਲ ਕੀ ਲੜਨਾ! ਨਾ ਮਰੇ, ਨਾ ਖਹਿੜਾ ਛੁੱਟੇ! "ਉਸ ਨੇ ਮੂੰਹ ਮਾਂ ਵਲ ਨਾ ਕੀਤਾ। ਕੰਧ ਵਲ ਮੂੰਹ ਕੀਤੀ ਉਹ ਉਵੇਂ ਅਹਿਲ ਪਿਆ ਰਿਹਾ!

ਹੁਣ ਕੀ ਚੰਦ ਚਾੜ ਆਇਆ ਹੈ ਉਹ!" (ਪਰਵਾਨਾ, "ਗਹਿਰ ਚੜ੍ਹੀ ਅਸਮਾਨ" 144)

ਇਸੇ ਦੀ ਇੱਕ ਹੋਰ ਉਦਾਹਰਨ *'ਕਥਾ ਇਸ ਯੁੱਧ ਦੀ'* ਨਾਵਲ ਦੇ ਟੂਕ 'ਚੋ ਦੇਖ ਸਕਦੇ ਹਾਂ ਜਿਵੇਂ:

"ਪੱਤਰਕਾਰਤਾ, ਪੱਤਰਕਾਰ ਭਾਈਚਾਰੇ ਤੇ ਅਖ਼ਬਾਰਾਂ ਰਸਾਲਿਆਂ ਬਾਰੇ ਚੱਲਦੀਆਂ ਗੱਲਾਂ 'ਚ, ਜਦੋਂ ਪਰਮ ਨੇ ਇਹ ਦੱਸਿਆ ਕਿ ਉਹ ਦਸੂਹੇ ਤੋਂ ਹੈ ਤਾਂ ਜਗਵਿੰਦਰ ਨੇ ਇਕਦਮ ਪੁੱਛਿਆ, "ਖ਼ਾਸ ਦਸੂਹਾ ਕਿ ਨੇੜੇ ਕੋਈ ਪਿੰਡ?"

"ਖ਼ਾਸ ਦਸੂਹਾ ਹੀ।"

"ਫਿਰ ਤਾਂ ਤੂੰ ਸਾਡੇ ਇਲਾਕੇ ਦਾ ਹੈ!"

"ਤੁਸੀਂ ਕਿੱਥੋਂ ਹੋ?"

"ਮੈਂ ਭੰਗਾਲੇ ਨੇੜਿਓ ਹਾਂ।"

"ਕਿਹੜਾ ਪਿੰਡ?"

"ਉੱਥੇ ਢਾਈ ਤਿੰਨ ਕਿਲੋਮੀਟਰ 'ਤੇ ਹੈ ਛੋਟਾ ਜਿਹਾ ਪਿੰਡ ਦੌਲਤਪੁਰ।"

"ਉਹ ਦੌਲਤਪੁਰ, ਜਿਹੜਾ ਭੰਗਾਲਾ-ਬੁੱਢਾਬੜ ਲਿੰਕ ਰੋਡ 'ਤੇ ਹੈ।"

"ਹਾਂ।"

"ਫਿਰ ਤਾਂ ਤੁਸੀਂ ਮਾਸਟਰ ਦਲਜੀਤ ਸਿੰਘ ਹੋਰਾਂ ਨੂੰ ਵੀ ਜਾਣਦੇ ਹੋਵੋਗੇ?"

"ਜਿਹੜਾ ਕਾਂਗਰਸੀ ਆਗੂ ਐ...ਹਾਂ ਉਹ ਮੇਰੇ ਨਾਲੋਂ ਦੋ ਸਾਲ ਅੱਗੇ ਪੜ੍ਹਦਾ ਰਿਹਾ।"

"ਪ੍ਰਿਯੰਕਾ ਨੂੰ ਵੀ ਜਾਣਦੇ ਹੋਣਗੇ ?"

"ਪ੍ਰਿਯੰਕਾ ਕੌਣ?"

"ਉਨ੍ਹਾਂ ਦੀ ਬੇਟੀ...ਇੱਥੇ ਲੈਕਚਰਾਰ ਐ।"

"ਛੋਟੀ ਹੁੰਦੀ ਵੇਖੀ ਸੀ...ਪਰ ਹੁਣ ਜ਼ਿਹਨ 'ਚ ਨਾ ਤਾਂ ਉਸ ਦੀ ਸ਼ਕਲ ਉੱਭਰਦੀ ਹੈ ਤੇ ਨਾ ਹੀ ਨਾ...ਅਸਲ 'ਚ ਪਿੰਡ ਮੈਂ ਪਿਛਲੇ ਅਠਾਰਾਂ ਵੀਹਾਂ ਸਾਲਾਂ ਤੋਂ, ਇੱਕ ਤਰ੍ਹਾਂ ਛੱਡਿਆ ਹੀ ਹੋਇਆ ਹੈ...।" (ਪਰਵਾਨਾ, "ਕਥਾ ਇਸ ਯੁੱਧ ਦੀ" 52)

ਇਸ ਤਰ੍ਹਾਂ ਉਪ੍ਰੋਕਤ ਟੂਕ ਤੋਂ ਪਤਾ ਚੱਲਦਾ ਹੈ ਕਿ ਪਰਵਾਨਾ ਆਪਣੇ ਨਾਵਲਾਂ ਵਿੱਚ ਅੱਧ ਕਹਿ ਸ਼ੈਲੀ ਦੀ ਵਰਤੋਂ ਬਹੁਤ ਹੀ ਸੁਚੱਜੇ ਢੰਗ ਨਾਲ ਕਰਦਾ ਹੈ। ਪਾਠਕ ਇਨ੍ਹਾਂ ਵਾਰਤਾਲਾਪਾਂ ਨੂੰ ਪੜ੍ਹ ਕੇ ਇਹ ਜਾਣਨ ਦੇ ਇੱਛਤ ਹੁੰਦੇ ਹਨ ਕਿ ਇਸ ਤੋਂ ਅੱਗੇ ਕੀ ਹੋਵੇਗਾ। ਨਾਵਲੀ ਕਥਾ ਅੱਗੇ ਕੀ ਰੂਪ ਧਾਰਨ ਕਰੇਗੀ। ਪਰਵਾਨਾ ਨਾਵਲੀ ਕਥਾ ਦੇ ਕਈ ਪੱਤੇ ਖੋਲ੍ਹੇ ਬਿਨਾਂ ਹੀ ਨਾਵਲ ਦਾ ਅੰਤ ਕਰ ਦਿੰਦਾ ਹੈ। ਪਰਵਾਨਾ ਦੀ ਨਾਵਲੀ ਸ਼ੈਲੀ ਤਰਕ ਪ੍ਰਧਾਨ ਹੈ।

ਨਾਵਲਕਾਰ ਵੱਲੋਂ ਮੁਹਾਵਰਿਆਂ ਦਾ ਪ੍ਰਯੋਗ ਕਰਨਾ ਮਹੱਤਵਪੂਰਨ ਵਿਧੀ ਹੈ। ਮੁਹਾਵਰਿਆਂ ਦਾ ਪ੍ਰਯੋਗ ਸਾਹਿਤਕ ਵਿਧਾਵਾ ਵਿੱਚ ਵੀ ਮਿਲਦਾ ਹੈ।

ਹਰਵਿੰਦਰ ਕੌਰ ਢਿੱਲੋਂ ਦਾ ਮੰਨਣਾ ਹੈ ਕਿ, "ਮੁਹਾਵਰਾ ਸ਼ਬਦ ਅਰਬੀ ਭਾਸ਼ਾ ਤੋਂ ਲਿਆ ਗਿਆ ਹੈ। ਜਿਸ ਦਾ ਅਰਥ ਅਭਿਆਸ ਹੋਣਾ ਜਾਂ ਆਦੀ ਹੋਣਾ ਤੋਂ ਲਿਆ ਜਾਂਦਾ ਹੈ। ਮੁਹਾਵਰਾ ਸ਼ਬਦ ਆਪਣੇ ਆਪ ਵਿੱਚ ਹੀ ਮੁਹਾਵਰਾ ਹੈ। ਇਸ ਦਾ ਕਾਰਨ ਇਹ ਲਿਆ ਜਾਂਦਾ ਹੈ ਕਿ ਇਹ ਆਪਣੇ ਸਾਧਾਰਨ ਅਰਥ ਨੂੰ ਛੱਡ ਕੇ ਅਸਾਧਾਰਨ ਅਰਥ ਪ੍ਰਗਟ ਕਰਦਾ ਹੈ।" ("ਪੰਜਾਬ ਨਾਵਲ ਤੇ ਦੁਆਬੀ ਸਭਿਆਚਾਰ" 203)

ਮੁਹਾਵਰਾ ਭਾਵੇਂ ਥੋੜ੍ਹੇ ਸ਼ਬਦਾਂ ਵਿੱਚ ਲਿਖਿਆ ਜਾਂਦਾ ਹੈ ਪਰ ਇਸ ਦੇ ਅਰਥ ਵਿਸ਼ਾਲ ਹੁੰਦੇ ਹਨ। ਮੁਹਾਵਰੇ ਦੀ ਕਿਰਿਆ ਲਿੰਗ, ਕਾਲ, ਪੁਰਖ ਦੀ ਲੋੜ ਮੁਤਾਬਿਕ ਤਬਦੀਲ ਹੋ ਜਾਂਦੀ ਹੈ। ਦੁਆਬੀ ਭਾਸ਼ਾ ਦੇ ਪ੍ਰਭਾਵ ਨੂੰ ਕਬੂਲਦਿਆਂ ਹੋਇਆ ਪਰਵਾਨਾ ਵੀ ਨਾਵਲੀ ਬਿਰਤਾਂਤ ਵਿੱਚ ਮੁਹਾਵਰਿਆਂ ਦਾ ਪ੍ਰਯੋਗ ਕਰਦਾ ਹੈ। ਉਨ੍ਹਾਂ ਨੇ ਆਪਣੇ ਨਾਵਲ 'ਚ ਮੁਹਾਵਰੇਦਾਰ ਭਾਸ਼ਾ ਰਾਹੀਂ ਦੁਆਬੇ ਦੇ ਜਨ-ਜੀਵਨ ਨੂੰ ਬਹੁਤ ਹੀ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤਾ ਹੈ। ਨਾਵਲਾਂ ਵਿੱਚ ਪ੍ਰਯੋਗ ਕੀਤੇ ਗਏ ਮੁਹਾਵਰੇ: ਮੋਢੇ ਨਾਲ ਮੋਢਾ ਡਾਹ ਕੇ ਖੜ੍ਹਨਾ, ਟੱਸ ਤੋਂ ਮੱਸ ਨਾ ਹੋਣਾ, ਅੱਕੀ ਪਲਾਹੀ ਹੱਥ ਮਾਰਨਾ, ਸਿੰਗ ਫਸਾਈ ਰੱਖਣਾ, ਮਿੱਟੀ ਨਾਲ ਮਿੱਟੀ ਹੋਣਾ, ਭਾਣੇ ਨੂੰ ਮਿੱਠਾ ਕਰ ਕੇ ਮੰਨਣਾ, ਪਲ 'ਚ ਤੋਲਾ ਪਲ 'ਚ ਮਾਸਾ, ਸਬਰ ਦਾ ਘੁੱਟ ਭਰਨਾ ਆਦਿ ਮੁਹਾਵਰਿਆਂ ਦੀ ਵਰਤੋਂ ਬਹੁਤ ਹੀ ਸੁਚੱਜੇ ਢੰਗ ਨਾਲ ਕੀਤੀ ਹੈ।

ਮੁਹਾਵਰੇ ਨੂੰ ਸ਼ਬਦਾਵਲੀ ਅਰਥ ਹੀ ਨਹੀਂ ਮੰਨਿਆ ਜਾਂਦਾ ਸਗੋਂ ਇਸ ਦੇ ਗੁੱਝੇ ਅਰਥ ਵੀ ਹੁੰਦੇ ਹਨ। ਪਰਵਾਨਾ ਨੇ ਮੁਹਾਵਰਿਆਂ ਦੀ ਵਰਤੋਂ ਕਰ ਕੇ ਆਪਣੇ ਵਿਸ਼ੇਸ਼ ਉਦੇਸ਼ ਦੀ ਪੂਰਤੀ ਕੀਤੀ ਹੈ।

ਅਖਾਣ ਤੋਂ ਭਾਵ ਜਿਹੇ ਸ਼ਬਦਾਂ ਦਾ ਸਮੂਹ ਸਾਧਾਰਨ ਜ਼ਿੰਦਗੀ 'ਚ ਕੋਈ ਕੰਮ ਆਉਣ ਵਾਲਾ ਵਿਚਾਰ, ਭਾਵ ਅਟੱਲ ਸਚਾਈ, ਸਿਧਾਂਤ, ਸੰਖੇਪ ਜਾਂ ਭਾਵ ਪੂਰਤ ਸ਼ਬਦਾਂ 'ਚ ਬੰਦ ਹੁੰਦਾ ਹੈ। ਜਿਸ ਦੇ ਅਰਥ ਡੂੰਘੇ, ਸੱਚੇ ਅਤੇ ਵਿਚਾਰ ਸਹਿਤ ਹੁੰਦੇ ਹਨ। ਨਾਵਲਾਂ ਵਿੱਚ ਅਖਾਣ ਦੀ ਵਰਤੋਂ ਬਹੁਤ ਹੀ ਸੁਚੱਜੇ ਢੰਗ ਨਾਲ ਕੀਤੀ ਜਾਂਦੀ ਹੈ।

ਪਰਵਾਨਾ ਦੁਆਬੀ ਇਲਾਕੇ ਨਾਲ ਸਬੰਧਿਤ ਹੋਣ ਕਾਰਨ ਅਖਾਣਾਂ ਦੀ ਨਾਵਲਾਂ ਵਿਚ ਝੜੀ ਲਾ ਦਿੰਦਾ ਹੈ। ਇਸ ਦੀ ਉਦਾਹਰਨ ਉਸ ਦੇ ਨਾਵਲਾਂ ਵਿੱਚੋਂ ਦੇਖ ਸਕਦੇ ਹਾਂ ਜਿਵੇਂ:

"ਕੌਣ ਆਖੇ ਰਾਣੀਏ ਅੱਗਾ ਢੱਕ" (ਪਰਵਾਨਾ, "ਕਥਾ ਇਸ ਯੁੱਗ ਦੀ" 94)

"ਹਿੰਗ ਲੱਗੇ ਨਾ ਫਟਕੜੀ, ਰੰਗ ਚੋਖਾ..." (ਪਰਵਾਨਾ, "ਕਥਾ ਇਸ ਯੁੱਗ ਦੀ" 156)

"ਇੱਕ ਨੂੰ ਕੀ ਰੋਨੀਏਂ, ਉਤ ਗਿਆ ਈ ਆਵਾਂ" (ਪਰਵਾਨਾ, "ਆਪਣੇ ਆਪਣੇ ਮੋਰਚੇ" 62)

ਇਸ ਤਰ੍ਹਾਂ ਪਰਵਾਨਾ ਨੇ ਉਪਰੋਕਤ ਅਖਾਣਾਂ ਦੀ ਵਰਤੋਂ ਕਰ ਕੇ ਨਾਵਲੀ ਬਿਰਤਾਂਤ ਨੂੰ ਵਿਸ਼ੇਸ਼ ਆਕਾਰ ਦਿੱਤਾ ਹੈ। ਪਰਵਾਨਾ ਨੇ, "ਅਖਾਣਾਂ ਦੀ ਵਰਤੋਂ ਬੜੇ ਹੀ ਢੁਕਵੇਂ ਢੰਗ ਨਾਲ ਕੀਤੀ ਹੈ ਜਿਸ ਨਾਲ ਰਚਨਾਵਾਂ ਨੂੰ ਪ੍ਰਭਾਵਸ਼ਾਲੀ ਬਣਾਉਂਦਾ ਹੈ। ਅਖਾਣ ਦੁਆਬੇ ਦੇ ਇਲਾਕੇ ਦੀ ਭਾਸ਼ਾਈ ਭਿੰਨਤਾ ਨੂੰ ਦ੍ਰਿਸ਼ਟਮਾਨ ਕਰਨ ਲਈ ਆਪਣਾ ਵਿਸ਼ੇਸ਼ ਯੋਗਦਾਨ" (ਢਿੱਲੋਂ, "ਪੰਜਾਬੀ ਨਾਵਲ ਤੇ ਦੁਆਬੀ ਸਭਿਆਚਾਰ" 205) ਪਾਇਆ ਹੈ।

ਹਰ ਨਾਵਲਕਾਰ ਆਪਣੀ ਰਚਨਾ ਵਿੱਚ ਨਾਵਲੀ ਬਿੰਬ ਦੀ ਸਿਰਜਣਾ ਕਰਦਾ ਹੈ। ਜਿਸ ਦੇ ਰਾਹੀਂ ਮਨੁੱਖ ਜ਼ਿੰਦਗੀ ਵਿਚਲੀ ਤ੍ਰਾਸਦੀ ਅਤੇ ਤ੍ਰਾਸਦੀ ਦੇ ਵਿਵੇਕ ਨੂੰ ਉਸਾਰਦਾ ਹੈ। ਨਾਵਲ ਦੇ ਅਰਥਾਂ 'ਚ ਇਹੀ ਵਿਵੇਕ ਭਵਿੱਖਮੁਖੀ ਬਣਦਾ ਹੈ। ਨਾਵਲ ਦੇ ਪ੍ਰਵਾਹ ਰਾਹੀਂ ਨਾਵਲਕਾਰ ਜੀਵਨ ਦਾ ਫੈਲਾਅ ਪੇਸ਼ ਕਰਦਾ ਹੈ। ਇਸ ਫੈਲਾਅ ਦਾ ਚਰਿੱਤਰ ਲਕੀਰੀ ਨਹੀਂ ਸਗੋਂ ਵਿਭਿੰਨ ਪ੍ਰਕਾਰ ਦੇ ਬਿੰਦੂਆਂ ਤੋਂ ਅਨੇਕਾਂ ਪ੍ਰਕਾਰ ਦੇ ਬਿੰਦੂਆਂ ਤੱਕ ਫੈਲਦਾ ਹੈ।

ਬਲਬੀਰ ਪਰਵਾਨਾ ਵੀ ਆਪਣੇ ਨਾਵਲੀ ਸੰਗਠਨ ਵਿੱਚ ਬਿੰਬ ਦੀ ਵਰਤੋਂ ਕਰਦਾ ਹੈ। ਉਸ ਦੇ ਨਾਵਲੀ ਬਿੰਬ ਇਤਿਹਾਸਿਕ ਰੁਮਾਂਸ ਧਾਰਮਿਕ ਹੋਣ ਦੀ ਥਾਂ ਲੋਕ ਮੁੱਖੀ ਹਨ। ਉਹ ਸਿਆਸੀ ਸਰੋਕਾਰਾਂ ਵਿੱਚ ਆਏ ਪਰਿਵਰਤਨਾਂ ਨੂੰ ਅਤੇ ਮਨੁੱਖ ਦੇ ਆਪਸੀ ਸੰਬੰਧਾਂ ਤੋਂ ਉਤਪੰਨ ਹੋਈ ਕਾਮਨਾ ਦੇ ਵੇਗ ਨੂੰ ਵਰਤਮਾਨ ਦੇ ਪ੍ਰਸੰਗ ਵਿੱਚ ਰੱਖ ਕੇ ਚਿਤਰਦਾ ਹੈ। ਪਰਵਾਨਾ ਕਿਸਾਨ ਖ਼ੁਦਕੁਸ਼ੀਆਂ, ਔਰਤ ਮਰਦ ਦਾ ਰਿਸ਼ਤਾ, ਭਵਿੱਖ ਪ੍ਰਤੀ ਚਿੰਤਾ, ਅੰਤਹੀਣ ਤ੍ਰਾਸਦੀ, ਆਰਥਿਕ ਅਤੇ ਸਮਾਜਿਕ ਪ੍ਰਬੰਧ ਨਿਰਾਸ਼ ਜ਼ਿੰਦਗੀ ਦੇ ਬਿੰਬ ਨਾਵਲ 'ਚ ਨੇਮ ਵਾਂਗ ਹਾਜ਼ਰ ਹਨ।

> ਸੁਰਜੀਤ ਸਿੰਘ ਦੇ ਅਨੁਸਾਰ, "ਨਾਵਲ *ਨਿੱਕੇ ਨਿੱਕੇ ਯੁੱਧ* ਦੇ ਬਿਰਤਾਂਤਕ ਜਗਤ ਵਿੱਚ ਵੀਹਵੀਂ ਸਦੀ ਦੇ ਅੱਠਵੇਂ ਦਹਾਕੇ ਤੋਂ ਸ਼ੁਰੂ ਕਰ ਕੇ ਪੰਜਾਬ ਦੀ ਇਤਿਹਾਸਕ ਗਤੀ ਦੀ ਪ੍ਰਕਿਰਿਆ ਦੇ ਨਾਲ-ਨਾਲ ਤੁਰ ਰਹੇ ਅਜਿਹੇ ਬੰਦੇ ਦੀ ਹੋਣੀ ਦਾ ਬਿੰਬ ਉਸਾਰਿਆ ਗਿਆ ਹੈ ਜੋ ਇਸ ਇਤਿਹਾਸ ਵਿੱਚ ਦਖ਼ਲ ਦੇਣਾ ਚਾਹੁੰਦਾ ਹੈ ਅਤੇ ਇਸ ਨੂੰ ਅਜਿਹੀ ਨੁਹਾਰ ਪ੍ਰਦਾਨ ਕਰਨਾ ਚਾਹੁੰਦਾ ਹੈ ਜਿਸ ਵਿੱਚ ਇੱਕ ਸਾਧਾਰਨ ਬੰਦੇ ਦੀਆਂ ਮੂਲ ਮਾਨਵੀ ਲੋੜਾਂ ਅਤੇ ਚਾਹਤਾਂ ਦੀ ਪੂਰਤੀ ਸੰਭਵ ਹੋਵੇ। ਉਹ ਇਸ ਵਿੱਚ ਸਮੂਹਕ ਦਖ਼ਲ ਰਾਹੀਂ ਕੁੱਝ ਬਦਲਣ ਦਾ ਇੱਛਕ ਹੈ ਪਰ ਅੰਤ ਨੂੰ ਸਥਿਤੀਆਂ ਇਤਿਹਾਸਕ ਗਤੀ ਦੇ ਵੇਗ ਅਨੁਸਾਰ ਬਦਲਦੀਆਂ ਹਨ ਅਤੇ ਉਸ ਵਿਅਕਤੀ ਦੇ ਕਿਰਦਾਰ ਅਤੇ ਰੁਝਾਨ ਨੂੰ ਵੀ ਬਦਲ ਦਿੰਦੀਆਂ ਹਨ। ਉਹ ਸਮੂਹਕ ਸੰਘਰਸ਼ ਦੀ ਬਜਾਇ ਵਿਅਕਤੀਗਤ ਚਾਹਤਾਂ ਦੀ ਪੂਰਤੀ ਵਿੱਚ ਹੀ ਸੰਤੁਸ਼ਟ ਨਜ਼ਰ ਆਉਣ ਲੱਗਦਾ ਹੈ ਅਤੇ ਸਥਾਪਿਤ ਰਾਜਸੀ-ਆਰਥਿਕ ਸੱਤਾ ਦੇ ਅਨੁਰੂਪ ਸਭਿਆਚਾਰ ਵਿੱਚ ਪ੍ਰਭਾਵਿਤ ਸੁਪਨੇ ਸਜਾਉਣ ਲੱਗਦਾ ਹੈ। ਪਰ ਵਿਚਾਰਨ ਵਾਲਾ ਮਸਲਾ ਇਹ ਹੈ ਕਿ ਉਹ ਕਿਨ੍ਹਾਂ ਬਾਹਰਮੁਖੀ ਪਰਿਸਥਿਤੀਆਂ ਅਤੇ ਆਪਣੀਆਂ ਵਿਅਕਤੀਗਤ ਦੁਸ਼ਵਾਰੀਆਂ ਅਤੇ ਅੰਤਰ ਵਿਰੋਧਤਾਵਾਂ
>
> ਲ"। ਕਰ ਕੇ, ਇਸ ਰੂਪਾਂਤਰਨ ਨੂੰ ਪ੍ਰਾਪਤ ਹੁੰਦਾ ਹੈ। ਇਸ ਨਾਵਲ ਵਿੱਚ ਉਸ ਵਿਚਲੀ ਇਸ ਤਬਦੀਲੀ ਦੇ ਬਹੁਤ ਸਾਰੇ ਪ੍ਰਸੰਗ ਉਸਾਰੇ ਗਏ ਹਨ।" ("ਪੰਜਾਬੀ ਨਾਵਲ ਦ੍ਰਿਸ਼ ਤੇ ਦ੍ਰਿਸ਼ਟੀ" 219)

ਇਸ ਤਰ੍ਹਾਂ ਪਰਵਾਨਾ ਆਪਣੇ ਨਾਵਲਾਂ ਵਿੱਚ ਮਨੁੱਖੀ ਜ਼ਿੰਦਗੀ ਦੀ ਤ੍ਰਾਸਦੀ ਦਾ ਬਿੰਬ ਉਜਾਗਰ ਕਰਦਾ ਹੈ। ਗਿੰਦਰ ਆਪਣੀਆਂ ਪਰਿਵਾਰਕ ਸਥਿਤੀਆਂ ਕਾਰਨ ਉਪਜੀ ਹੀਣ ਭਾਵਨਾ ਤੋਂ ਉੱਭਰ ਕੇ ਪਿੰਡ ਵਿੱਚ ਖੱਬੇ ਪੱਖੀ ਲਹਿਰ ਦੀਆਂ ਸਰਗਰਮੀਆਂ ਨਾਲ ਜੁੜਦਾ ਹੈ। ਮਨੁੱਖੀ ਤ੍ਰਾਸਦੀ, ਸੁਪਨਿਆਂ, ਆਧੁਨਿਕੀਕਰਨ ਸ਼ਹਿਰੀ ਜੀਵਨ ਜਾਂਚ, ਖੇਤੀਬਾੜੀ ਦੇ ਪ੍ਰਬੰਧ, ਕਿਸਾਨੀ ਜੀਵਨ ਦੀਆਂ ਸਮੱਸਿਆਵਾਂ ਦੇ ਬਿੰਬ ਦੀ ਸਫਲ ਪੇਸ਼ਕਾਰੀ ਕੀਤੀ ਹੈ।

ਨਾਵਲ 'ਚ ਪ੍ਰਤੀਕ ਨੂੰ ਮਨੁੱਖੀ ਮਨ ਦੀ ਇੱਕ ਮੂਲ ਪ੍ਰਵਿਰਤੀ ਨਾਲ ਜੋੜਿਆ ਜਾਂਦਾ ਹੈ। ਕਿਉਂਕਿ ਇਹ ਨਾਵਲਕਾਰ ਦੀ ਪ੍ਰਵਿਰਤੀ ਦਾ ਇੱਕ ਹਿੱਸਾ ਹੈ। ਪ੍ਰਤੀਕ ਦਾ ਇਤਿਹਾਸ ਬਹੁਤ ਹੀ ਪੁਰਾਣਾ ਹੈ। ਮਨੁੱਖੀ ਮਨ ਆਪਣੇ ਜਟਿਲ ਭਾਵਾਂ ਵਿਚਾਰਾਂ ਅਤੇ ਗੁੰਝਲਦਾਰ ਸੰਵੇਦਨਾਵਾਂ ਨੂੰ ਪ੍ਰਗਟਾਉਣ ਲਈ ਪ੍ਰਤੀਕਾਂ ਦੀ ਵਰਤੋਂ ਕਰਦਾ ਹੈ। ਪ੍ਰਤੀਕ ਰਾਹੀਂ ਪਾਠਕ ਮਨ ਦੀਆਂ ਸੁੱਤੀਆਂ ਭਾਵਨਾਵਾਂ ਨੂੰ ਜਗਾਇਆ ਜਾਂਦਾ ਹੈ।

> ਹਰਵਿੰਦਰ ਕੌਰ ਢਿੱਲੋਂ ਦਾ ਵਿਚਾਰ ਹੈ ਕਿ, "ਪ੍ਰਤੀਕ ਪ੍ਰਤੀਕੂਲ, ਵਿਰੁੱਧ, ਵਿਪਰੀਤ, ਉਲਟਾ। ਉਹ ਅੰਸ਼ ਭਾਗ, ਜਿਸ ਉੱਤੇ ਕਿਸੇ ਦਾ ਆਰੋਪ ਕੀਤਾ ਗਿਆ ਹੋਵੇ। ਪ੍ਰਤਿਰੂਪ, ਪ੍ਰਤਿਮਾ, ਉਹ ਦ੍ਰਿਸ਼ ਵਸਤੂ ਜਾਂ ਤੱਥ ਜੋ ਕਿਸੇ ਅਦ੍ਰਿਸ਼ ਵਸਤੂ ਅਨੁਰੂਪ ਹੋਣ ਦੇ ਕਾਰਨ ਉਸ ਦੇ ਪ੍ਰਤਿਨਿਧ ਜਾਂ ਪ੍ਰਤਿਰੂਪ ਦੇ ਰੂਪ ਵਿੱਚ ਮੰਨ ਲਿਆ ਜਾਵੇ। ਕਿਸੇ ਵਾਕ, ਪਦ, ਮੰਤਰ ਆਦਿ ਦੇ ਕੁੱਝ ਅੱਖਰ ਜਿਸ ਤੋਂ ਪੂਰਨ ਬੱਧ ਹੋਵੇ, ਮੂੰਹ ਚਿਹਰਾ, ਕਿਸੇ ਚੀਜ਼ ਦਾ ਅੱਗੇ ਦਾ ਹਿੱਸਾ।" ("ਪੰਜਾਬੀ ਨਾਵਲ ਤੇ ਦੁਆਬੀ ਸਭਿਆਚਾਰ" 198)

ਪ੍ਰਤੀਕ ਇੱਕ ਅਜਿਹੀ ਵਸਤੂ ਜੋ ਸੰਪੂਰਨ ਰੂਪ ਵਿੱਚ ਕਿਸੇ ਹੋਰ ਵਸਤੂ ਵੱਲ ਸੰਕੇਤ/ਇਸ਼ਾਰਾ ਕਰਦੀ ਹੋਵੇ। ਇਸ ਨਾਲ ਹੀ ਪ੍ਰਸਤੁਤੀਕਰਨ ਦੇ ਰੂਪ 'ਚ ਉਸ ਦੇ ਆਪਣੇ ਸਰੂਪ ਵੱਲ ਖ਼ਾਸ ਧਿਆਨ ਦੇਣ ਦੀ ਜ਼ਰੂਰਤ ਹੁੰਦੀ ਹੈ। ਪਰਵਾਨਾ ਵੀ ਆਪਣੇ ਨਾਵਲਾਂ ਵਿੱਚ ਪ੍ਰਤੀਕਾਂ ਦੀ ਵਰਤੋਂ ਕਰਦਾ ਹੈ। ਉਸ ਨੇ ਜ਼ਿਲ੍ਹੇ ਜਲੰਧਰ ਦੇ ਪਿੰਡ ਦੌਲਤਪੁਰ ਭੰਗਾਣੇ ਬਾਰੇ ਝਾਤ ਪਵਾਈ ਹੈ। ਪਰਵਾਨਾ ਪੂੰਜੀਵਾਦੀ ਦੌਰ ਵਿਚਲੇ ਔਰਤ ਮਰਦ ਦੇ ਰਿਸ਼ਤੇ ਦੀ ਪੇਸ਼ਕਾਰੀ ਵੀ ਪ੍ਰਤੀਕ ਦੀ ਵਰਤੋਂ ਨਾਲ ਕਰਦਾ ਹੈ।

> ਸਾਕ ਮੁਹੰਮਦ ਦਾ ਵਿਚਾਰ ਹੈ ਕਿ, "ਨਾਵਲ *'ਕਥਾ ਇਸ ਯੁੱਗ ਦੀ'* ਦਾ ਪਾਤਰ ਪਰਮਪਾਲ ਅਚਲਾ ਵੱਲੋਂ ਉਸ ਨੂੰ ਸਰੀਰਕ ਸੰਬੰਧਾਂ ਵਾਲਾ ਹੁੰਗਾਰਾ ਨਾ ਮਿਲਣ ਦੀ ਹਾਲਤ ਵਿੱਚ ਉਸ ਨੂੰ ਮਹਿਜ਼ 'ਚਿਊਂਗਮ' ਆਖਦਾ ਹੈ। ਜੇਕਰ ਚਿਊਂਗਮ ਦਾ ਅਰਥ ਵੇਖਿਆ ਜਾਵੇ ਤਾਂ ਮਹਿਜ਼ ਚਬਾ ਕੇ ਥੁੱਕਣ ਵਾਲੀ ਚੀਜ਼ ਹੈ ਅਤੇ ਅੰਦਰ ਨਿਘਾਰਨ ਵਾਲੀ ਨਹੀਂ। ਅਰਥਾਤ ਉਹ ਅਚਲਾ ਨਾਲ ਨਾਜਾਇਜ਼ ਸੰਬੰਧ ਸਥਾਪਿਤ ਕਰ ਕੇ ਉਸ ਨੂੰ ਭੋਗਣਾ ਤਾਂ ਚਾਹੁੰਦਾ ਹੈ ਪਰ ਘਰ ਗ੍ਰਹਿਸਤੀ ਅਰਥਾਤ ਘਰ ਅੰਦਰ (ਮੂੰਹ ਅੰਦਰ) ਲੈ ਕੇ ਜਾਣਾ ਹੀ ਨਹੀਂ ਚਾਹੁੰਦਾ। ਇਹ ਸੰਕਲਪ ਜਦੋਂ ਉਸ ਦੇ ਜ਼ਿਹਨ ਵਿੱਚ ਸੀ ਤਾਂ ਉਸ ਪ੍ਰਤੀ ਗ਼ੁੱਸਾ ਜਾਹਰ ਕਰ ਕੇ ਚਿਊਂਗਮ ਦਾ ਪ੍ਰਤੀਕ ਵਰਤਦਾ ਹੈ।" ("ਬਲਬੀਰ ਪਰਵਾਨਾ ਦੇ ਨਾਵਲਾਂ ਦਾ ਯਥਾਰਥ ਬੋਧ", *ਹਾਸ਼ੀਆ ਲੋਕ,* ਜਨਵਰੀ 13-ਮਾਰਚ 14 ਅੰਕ, 232)

ਇਸ ਤਰ੍ਹਾਂ ਪਰਵਾਨਾ ਅਚਲਾ ਲਈ ਚਿਊਂਗਮ ਇੱਕ ਪ੍ਰਤੀਕ ਵਰਤਦਾ ਹੈ। ਜੋ ਮੂੰਹ ਦੇ ਅੰਦਰ ਲੈ ਕੇ ਜਾਣ ਵਾਲੀ ਵਸਤੂ ਨਹੀਂ ਬਾਹਰ ਸਿੱਟਣ ਵਾਲੀ ਵਸਤੂ ਹੈ। ਔਰਤ ਨੂੰ ਚਿਊਂਗਮ ਵਜੋਂ ਵਰਤ ਕੇ ਪਰਵਾਨਾ ਨੇ ਸਫਲ ਪ੍ਰਤੀਕ ਦੀ ਪੇਸ਼ਕਾਰੀ ਕਰਦਾ ਹੈ।

ਨਾਵਲ ਵਿੱਚ ਅਲੰਕਾਰ ਦਾ ਮਹੱਤਵਪੂਰਨ ਸਥਾਨ ਹੈ। ਅਲੰਕਾਰਾਂ ਦੀ ਵਰਤੋਂ ਕਰ ਕੇ ਨਾਵਲਕਾਰ ਆਪਣੇ ਵਿਚਾਰਾਂ ਭਾਵਾਂ ਦਾ ਪ੍ਰਗਟਾਵਾ ਕਰਦਾ ਹੋਇਆ ਪਾਠਕਾਂ ਦੇ ਮਨ ਅੰਦਰ ਉਤਸੁਕਤਾ ਪੈਦਾ ਕਰਦਾ ਹੈ।

"ਅਲੰਕਾਰ ਸ਼ਬਦ ਦੀ ਵਿਉਤਪਤੀ "ਅਲੇ (ਗਹਿਣ)+ਕ੍ਰਿ (ਕਰਨਾ, ਪਾਉਣਾ) ਤੋਂ ਹੋਈ ਮੰਨੀ ਜਾਂਦੀ ਹੈ।" (ਢਿੱਲੋਂ, "ਪੰਜਾਬੀ ਨਾਵਲ ਤੇ ਦੁਆਬੀ ਸਭਿਆਚਾਰ" 196)

ਅਲੰਕਾਰ ਦੀ ਵਰਤੋਂ ਉਸ ਨੂੰ ਆਮ ਬੋਲ ਚਾਲ ਦੀ ਭਾਸ਼ਾ ਤੋਂ ਵੱਖਰਤਾ ਪ੍ਰਦਾਨ ਕਰਦੀ ਹੈ। ਅਲੰਕਾਰ ਦਾ ਸਬੰਧ ਰਚਨਾ ਦੀ ਬਾਹਰਲੀ ਸਜਾਵਟ ਅਤੇ ਨਾਵਲਕਾਰ ਦੇ ਅਰਥ ਉਤਸ਼ਾਹ ਨੂੰ ਪ੍ਰਗਟਾਉਣ ਨਾਲ ਹੈ। ਅਲੰਕਾਰਾਂ ਦਾ ਸਬੰਧ ਰਚਨਾ ਦੀ ਅਰਥ ਅਤਿ-ਵਿਅਕਤੀ ਵਿੱਚ ਸਹਾਇਕ ਰਚਨਾ ਕਰਨੀ ਅਤੇ ਰਚਨਾ ਨੂੰ ਵਧੇਰੇ ਅਨੰਦਮਈ ਬਣਾਉਣਾ ਹੈ।

ਪਰਵਾਨਾ ਆਪਣੇ ਨਾਵਲਾਂ ਵਿੱਚ ਅਲੰਕਾਰਾਂ ਦੀ ਵਰਤੋਂ ਕਰਦਾ ਹੈ ਜੋ ਦੁਆਬੀ ਭਾਸ਼ਾ ਦਾ ਹਿੱਸਾ ਬਣਦੇ ਹਨ। ਜਿਵੇਂ ਵਿਸ਼ਵ ਅਲੰਕਾਰ 'ਚ ਪਿਓ ਨੂੰ 'ਪੇ', ਰੂਪਕ ਅਲੰਕਾਰ 'ਚ ਇਗਦਾ ਨੂੰ 'ਗਦਾ' ਆਦਿ ਸ਼ਬਦਾਂ ਦੀ ਵਰਤੋਂ ਕੀਤੀ ਹੈ। ਇਸ ਤੋਂ ਇਲਾਵਾ ਘਿਓ ਨੂੰ ਘੇ, ਚਾਰ ਰੁਪਈਏ ਨੂੰ ਚੋ ਰੁਪਈਏ, ਨਕਸਲਵਾੜੀ ਨੂੰ ਨਕਸਲਬਾੜੀਏ ਆਦਿ ਸਫਲ ਅਲੰਕਾਰਾਂ ਦੀ ਵਰਤੋਂ ਕੀਤੀ ਹੈ।

ਪੰਜਾਬੀ ਨਾਵਲ ਵਿੱਚ ਚਿਹਨ ਦੀ ਵਰਤੋਂ ਮਹੱਤਵਪੂਰਨ ਮੰਨੀ ਜਾਂਦੀ ਹੈ। ਇਸ ਦੀ ਵਰਤੋਂ ਨਾਵਲਕਾਰ ਕਿਸੇ ਚਿੰਨ੍ਹ ਦੀ ਪੇਸ਼ਕਾਰੀ ਕਰਨ ਲਈ ਕਰਦਾ ਹੈ। ਪਰਵਾਨਾ ਵੀ ਆਪਣੇ ਨਾਵਲਾਂ ਵਿੱਚ ਚਿਹਨ ਦੀ ਵਰਤੋਂ ਕਰਦਾ ਹੈ। ਸਮਾਜਿਕ ਚਿਹਨਾਂ ਦੀ ਥਾਂ ਸਭਿਆਚਾਰਕ ਚਿਹਨਾਂ ਦੀ ਵਰਤੋਂ ਕਰਦਾ ਵਧੇਰੇ ਨਜ਼ਰ ਆਉਂਦਾ ਹੈ।

ਜਿਵੇਂ:

> "ਟਿਕ ਹੋਈ ਹਾੜ ਦੀ ਸਿਖਰ ਦੁਪਹਿਰ ਸੀ। ਗਰਮੀ ਤੇ ਵੱਟ ਨਾਲ ਕਾਂ ਦੀ ਅੱਖ ਨਿਕਲਦੀ ਲਗਦੀ ਪਰ ਗੁਰਦੁਆਰੇ, ਸੜਕ ਦੇ ਨਾਲ-ਨਾਲ ਜਾਮਣਾਂ ਦੀ ਝਿੜੀ ਹੇਠਾਂ, ਬਾਹਰ ਨਾਲੋਂ ਕੁੱਝ ਠੰਢ-ਠਹਾ ਸੀ। ਸੜਕ ਦੇ ਦੋਹੀਂ ਪਾਸੀਂ ਇੱਥੋ ਪੰਜ-ਪੰਜ, ਸੱਤ-ਸੱਤ ਕਰਮਾਂ ਦੇ ਫ਼ਾਸਲੇ 'ਤੇ ਪੰਦਰਾਂ ਵੀਹ ਜਾਮਣਾਂ ਦੇ ਰੁੱਖ ਸਨ। ਬੁੱਢ ਪੁਰਾਣੀਆਂ ਜਾਮਣਾਂ, ਜਿਨ੍ਹਾਂ ਦੇ ਤਣੇ ਬੀਂਦਿਆਂ ਦੀਆਂ ਬਾਂਹਾਂ ਇੱਕ ਪਾਸਿਓਂ ਹੱਥ ਫੜ ਕੇ ਦੂਸਰੇ ਸਿਰੇ 'ਤੇ ਹੱਥ ਆਪਸ 'ਚ ਛੂਹ ਨਾ ਸਕਣ। ਉੱਪਰ ਜਾ ਕੇ ਉਨ੍ਹਾਂ ਦੀਆਂ ਟਹਿਣੀਆਂ ਆਪਸ 'ਚ ਇੰਜ ਉਲਝੀਆਂ ਪਈਆਂ ਸਨ ਕਿ ਸੜਕ ਦੇ ਉਸ ਟੋਟੇ ਤੇ ਧੁੱਪ ਦੀ ਲਿਸ਼ਕੋਰ ਹੇਠਾਂ ਤੱਕ ਨਾ ਪਹੁੰਚ ਸਕਦੀ। ਪੱਤਿਆਂ 'ਚ ਹੀ ਉਲਝ ਕੇ ਰਹਿ ਜਾਂਦੀਆਂ ਸਨ ਸੂਰਜ ਦੀਆਂ ਕਿਰਨਾਂ। ਇਨ੍ਹਾਂ ਵਿੱਚ ਦਸ ਬਾਰਾਂ ਅੰਬਾਂ ਦੇ ਰੁੱਖ ਵੀ ਸਨ, ਚਾਰ ਪੰਜ ਟਾਹਲੀਆਂ ਵੀ। ਇਸ ਛਾਂ ਹੇਠਾਂ ਪਿੰਡ ਦੇ ਪਰਿਵਾਰਕ ਜ਼ਿੰਮੇਵਾਰੀਆਂ ਤੋਂ ਫ਼ਾਰਗ ਹੋਏ ਬਜ਼ੁਰਗ ਤਾਂ ਛਾਹ ਕੁ ਵੇਲੇ ਹੀ ਜੁੜਨੇ ਸ਼ੁਰੂ ਹੋ ਜਾਂਦੇ ਸਨ। ਅੱਧਖੜ, ਗੱਭਰੂ ਤੇ ਗਭਰੀਟ ਮੁੰਡੇ ਕੰਮ-ਧੰਦਿਆਂ ਤੋਂ ਵਿਹਲੇ ਹੋ ਦੁਪਹਿਰ ਦਾ ਰੋਟੀ ਪਾਣੀ ਛੱਕ ਕੇ ਆਉਂਦੇ ਜਾਂਦੇ। ਸਿਖ਼ਰ-ਦੁਪਹਿਰ ਹੋਣ ਤੱਕ ਰੌਣਕ ਚੰਗੀ ਭਰ ਜਾਂਦੀ। ਤਾਸ਼ ਦੀਆਂ ਢਾਣੀਆਂ ਵੀ ਲੱਗ ਜਾਂਦੀਆਂ ਤੇ ਬਾਰ੍ਹਾਂ ਟਹਿਣੀ ਦੀਆਂ ਵੀ। ਕੁੱਝ ਗਭਰੀਟ ਗੁਰਦੁਆਰੇ ਦੀ ਝਿੜੀ ਵਾਲੀਆਂ ਟਾਹਲੀਆਂ, ਡੇਕਾਂ, ਤੂਤ, ਅੰਬਾਂ 'ਤੇ 'ਜਦੋਂ-ਬ੍ਰਾਹਮਣ' ਖੇਡਣ ਲੱਗਦੇ।" (ਪਰਵਾਨਾ, "ਗਹਿਰ ਚੜ੍ਹੀ ਅਸਮਾਨ" 9)

ਇਸ ਤਰ੍ਹਾਂ ਪਰਵਾਨਾ ਨਾਵਲੀ ਬਿਰਤਾਂਤ 'ਚ ਸੱਥ, ਝਿੜੀ, ਟੱਪ ਆਦਿ ਚਿਹਨ ਦਾ ਪ੍ਰਯੋਗ ਕਰਦਾ ਹੈ।

ਕੁਲਵੰਤ ਸਿੰਘ ਸੰਧੂ ਅਨੁਸਾਰ ਪਰਵਾਨਾ ਨੇ ਆਪਣੇ ਨਾਵਲ *ਗਹਿਰ ਚੜ੍ਹੀ ਅਸਮਾਨ* 'ਚ, "ਪਿੰਡ ਦੇ ਉਸ ਦੌਰ ਨੂੰ ਪੇਸ਼ ਕਰਨ ਨਾਲ ਜੁੜਿਆ ਹੋਇਆ ਹੈ, ਜਦੋਂ ਤਬਦੀਲੀਆਂ ਦੀ ਤੋਰ ਬਹੁਤ ਧੀਮੀ ਸੀ, ਇਤਨੀ ਧੀਮੀ ਕਿ ਤਬਦੀਲੀਆਂ ਦੇ ਸਾਹਮਣੇ ਆਉਣ ਤੱਕ ਪੀੜ੍ਹੀਆਂ ਬਦਲ ਜਾਂਦੀਆਂ ਸਨ। ਪਿੰਡਾਂ ਦੇ ਲੋਕਾਂ ਕੋਲ ਖੇਤੀ ਦੇ ਕੰਮ ਤੋਂ ਬਚਦੀ ਵਿਹਲ ਵਿੱਚ, ਪਿੰਡ ਦੀ ਸੱਥ, 'ਟੱਪ' ਜਾਂ ਝਿੜੀ ਇੱਕ ਅਜਿਹਾ ਸਾਂਝਾ ਚਿਹਨ ਹੈ, ਜੋ ਪੰਜਾਬੀ ਦੇ ਬਹੁਤ ਸਾਰੇ ਗਲਪਕਾਰਾਂ ਨੇ ਆਪਣੀ ਰਚਨਾਵਾਂ ਵਿੱਚ ਚਿਤਰਿਆ ਹੈ। ਗੁਰਦਿਆਲ ਸਿੰਘ ਦੇ ਨਾਵਲਾਂ ਵਿੱਚ ਸੱਥ ਇੱਕ ਗਤੀਸ਼ੀਲ ਚਿਹਨ ਦੇ ਰੂਪ ਵਿੱਚ ਪੇਸ਼ ਹੁੰਦੀ ਹੈ, ਵਿਰਕ ਦੀਆਂ ਕਹਾਣੀਆਂ ਵਿੱਚ 'ਟੱਪ' ਵੀ ਬਦਲ ਰਹੇ ਸਮਾਜਿਕ ਵਰਤਾਰਿਆਂ ਦੇ ਪੈਮਾਨੇ ਵੱਜੋ ਹਾਜ਼ਰ ਹੁੰਦਾ ਹੈ ਤੇ ਪਰਵਾਨਾ ਦੇ ਨਾਵਲ ਵਿਚ 'ਝਿੜੀ' ਦਾ ਚਿਹਨ ਵੀ ਪੰਜਾਬੀ ਮਾਨਸਿਕਤਾ ਨੂੰ ਸਮਝਣ ਦਾ ਇੱਕ ਆਧਾਰ ਮੁਹੱਈਆ ਕਰਦਾ ਹੈ, ਜਿਸ ਤੋਂ ਪਿੰਡ ਵਿਚ ਵਾਪਰ ਰਹੇ ਸਮਾਚਾਰਾਂ ਦੇ ਮਾਧਿਅਮ ਰਾਹੀਂ ਪਿੰਡ ਤੋਂ ਅੱਗੇ ਵਧ ਕੇ ਪੂਰੇ ਖ਼ਿੱਤੇ ਵਿਚਲੀਆਂ ਤਬਦੀਲੀਆਂ ਨੂੰ ਸਮਝਿਆ ਜਾ ਸਕਦਾ ਹੈ।"("ਬਦਲ ਰਹੇ ਪੰਜਾਬ ਦੀ ਪੇਸ਼ਕਾਰੀ", *ਐਤਵਾਰਤਾ, ਜਲੰਧਰ: ਨਵਾਂ ਜ਼ਮਾਨਾ,* 22 ਮਾਰਚ, 2015, 3)

ਉਪਰੋਕਤ ਵਿਚਾਰ ਤੋਂ ਝਿੜੀ ਸੱਥ ਸਭਿਆਚਾਰ ਦਾ ਸੰਪੂਰਨ ਰੂਪ ਵਿਚ ਦ੍ਰਿਸ਼ ਸਾਕਾਰ ਹੁੰਦਾ ਹੈ। ਪਰਵਾਨਾ ਨਾਵਲਾਂ ਵਿੱਚ ਝਿੜੀ, ਸੱਥ ਸਭਿਆਚਾਰ ਦੀ ਸਫਲ ਪੇਸ਼ਕਾਰੀ ਕਰਦਾ ਸੱਥ ਸਭਿਆਚਾਰ ਨੂੰ ਚਿਹਨ ਦੇ ਰੂਪ ਵਿੱਚ ਵਰਤਦਾ ਹੈ।

ਟੈਬੂ ਇੱਕ ਸਮਾਜਿਕ ਵਰਜਣਾ ਹੈ। ਭਾਵ ਕਿ ਕੋਈ ਅਜਿਹਾ ਕਾਰਜ ਜੋ ਸਮਾਜਿਕ ਮਰਿਆਦਾ ਤੋਂ ਬਾਹਰ ਜਾਂ ਵਿਰੁੱਧ ਹੋਵੇ। ਪੰਜਾਬੀ ਦੇ ਪਹਿਲੇ ਨਾਵਲਾਂ ਵਿੱਚ ਟੈਬੂ ਦੀ ਪੇਸ਼ਕਾਰੀ ਸੰਪੂਰਨ ਭਾਂਤ ਉਸੇ ਮਰਿਆਦਾ ਵਿੱਚ ਕੀਤੀ ਜਾਂਦੀ ਸੀ। ਇੱਥੇ ਪਰਵਾਨਾ ਦੀ ਵੱਖਰਤਾ ਇਹ ਹੈ ਕਿ ਉਸ ਦੇ ਨਾਵਲਾਂ ਵਿਚਲੀਆਂ ਇਸਤਰੀ ਪਾਤਰ ਟੈਬੂ ਨੂੰ ਪਿੱਛੇ ਧੱਕ ਕੇ ਪੂੰਜੀਵਾਦੀ ਦੌਰ 'ਚ ਬੇ-ਝਿਜਕ ਅੱਗੇ ਵੱਲ ਕਦਮ ਚੁੱਕਦੀਆਂ ਦਿਖਾਈ ਦਿੰਦੀਆਂ ਹਨ। ਕਿਤੇ ਵੀ ਆਪਣੀ ਰਵਾਇਤ, ਸਭਿਆਚਾਰ, ਪ੍ਰੰਪਰਾਵਾਂ, ਮਰਿਆਦਾ ਦੀ ਪ੍ਰਵਾਹ ਨਹੀਂ ਕਰਦੀਆਂ। ਇਸ ਦੀ ਉਦਾਹਰਨ 'ਆਪਣੇ ਆਪਣੇ ਮੋਰਚੇ' ਨਾਵਲ ਵਿੱਚ ਦੀਪੀ ਅਤੇ ਰਾਣੇ ਦੇ ਆਪਸੀ ਸੰਬੰਧਾਂ 'ਚੋਂ ਦੇਖ ਸਕਦੇ ਹਾਂ ਜਿਵੇਂ:

"...ਉਹ ਅਜੇ ਦੀਪੀ ਹੋਰਾਂ ਦੇ ਘਰ ਜਾਣ ਬਾਰੇ ਸੋਚ ਹੀ ਰਿਹਾ ਸੀ ਕਿ ਉਸ ਨੂੰ ਚੁਬਾਰੇ ਨਾਲ ਦੇ ਵਾਗਲੇ ਤੋਂ, ਕਿਸੇ ਦੇ ਟੱਪਣ ਦੀ ਆਵਾਜ਼ ਸੁਣੀ। ਚੂੜੀਆਂ ਛਣਕਦੀਆਂ ਤੇ ਅਗਲੇ ਪੱਲ ਦੀਪੀ ਉਸ ਦੇ ਸਾਹਮਣੇ ਸੀ। ਬਿਨਾਂ ਝਿਜਕ ਉਹ ਚੁਬਾਰੇ ਦੇ ਅੰਦਰ ਲੰਘ ਆਈ।

"ਦੀਪੀ, ਤੇਰੇ ਲਈ ਬਹੁਤ ਵੱਡੀ ਖ਼ੁਸ਼ਖ਼ਬਰੀ ਹੈ।" ਉਸ ਨੇ ਉਸ ਦੀਆਂ ਹੱਸਦੀਆਂ ਅੱਖਾਂ 'ਚ ਤੱਕ, ਉਸ ਵੱਲ ਪੈਰ ਪੁੱਟਿਆ।

"ਮੇਰੇ ਲਈ...ਕੀ?" ਉਹ ਕਮਰੇ ਦੇ ਅੱਧ-ਵਿਚਕਾਰ ਆ ਕੇ ਖੜ੍ਹ ਗਈ ਸੀ। ਮਸਾਂ ਦੋ ਕਦਮਾਂ ਦਾ ਫ਼ਾਸਲਾ ਰਹਿ ਗਿਆ ਸੀ ਉਨ੍ਹਾਂ ਵਿਚਾਲੇ।"

"ਪੰਝੀ ਹਜ਼ਾਰ ਦਾ ਚੈੱਕ ਬਣ ਗਿਆ ਐ। ਸਵੇਰੇ ਮਿਲ ਜਾਣਾ।" ਉਸ ਨੇ ਵਿਚਾਲੇ ਦਾ, ਉਹ ਦੋ ਕਦਮਾਂ ਦਾ ਫ਼ਾਸਲਾ ਮੁਕਾਉਣ ਦਾ ਫ਼ੈਸਲਾ ਕਰ ਲਿਆ ਸੀ। ਪਲ ਵੀ ਨਾ ਲੱਗਿਆ ਤੇ ਉਸ ਦੇ ਹੱਥ ਉਸ ਦੇ ਮੋਢਿਆਂ 'ਤੇ ਸਨ।

"ਸੱਚ!" ਦੀਪੀ ਬਹੁਤ ਖ਼ੁਸ਼ ਸੀ।

"ਦੀਪੀ! ਛੁਹ ਦੇ ਸੰਗ ਨਾਲ ਨਿੰਵ ਦੀ ਜਾਂਦੀ ਉਸ ਦੀ ਧੌਣ ਨੂੰ, ਉਸ ਨੇ ਉਤਾਂਹ ਚੁੱਕਿਆ ਤੇ ਉਸ ਦੇ ਫਰਕਦੇ ਬੁੱਲ੍ਹਾਂ 'ਤੇ ਆਪਣੇ ਬੁੱਲ੍ਹ ਰੱਖ ਦਿੱਤੇ। ਫਿਰ ਗਲਵੱਕੜੀ ਦੀ ਕਸ ਪੀਢੀ ਹੁੰਦੀ ਗਈ। ਉਸ ਦੇ ਬੁੱਲ੍ਹਾਂ 'ਤੇ ਉਸ ਦੀਆਂ ਗੱਲਾਂ 'ਤੇ ਚੁੰਮਣ ਦੇਂਦੇ ਉਸ ਦੇ ਬੁੱਲ੍ਹ। ਪਿੱਠ ਨੂੰ ਸਹਿਲਾਉਂਦੇ ਹੱਥ, ਪਿੱਠ ਤੋਂ ਹੇਠਾਂ ਉਸ ਦੇ ਕੁਲ੍ਹਿਆਂ 'ਤੇ ਫਿਰ ਪੱਟਾਂ ਤੱਕ ਪੁੱਜੇ ਤਾਂ ਦੀਪੀ ਹੜਬੜਾਈ, "ਰਾਣੇ, ਛੱਡ ਦੇ! ਕੋਈ ਦੇਖ ਲਵੇਗਾ।"

"ਕੋਈ ਨਈਂ ਆਉਂਦਾ।" ਉਸ ਨੂੰ ਇੱਕ ਪਲ ਛੱਡ ਕੇ, ਉਸ ਨੇ ਦਰਵਾਜ਼ੇ ਦੀ ਅੰਦਰੋਂ ਕੁੰਡੀ ਲਾ ਲਈ ਤੇ ਮੁੜ ਉਸ ਨੂੰ ਦੁੱਗਣੇ ਵੇਗ ਨਾਲ ਆ ਕੇ ਘੁੱਟ ਲਿਆ।" (ਪਰਵਾਨਾ, "ਆਪਣੇ ਆਪਣੇ ਮੋਰਚੇ" 22)

ਉਪਰੋਕਤ ਵਾਰਤਾਲਾਪ ਤੋਂ ਦੀਪੀ ਦੁਆਰਾ ਬੇਝਿਜਕ ਰਾਣੇ ਨਾਲ ਵਰਜਿਤ ਸੰਬੰਧ ਸਥਾਪਿਤ ਕਰਨ ਬਾਰੇ ਜਾਣਕਾਰੀ ਮਿਲਦੀ ਹੈ। ਪੂੰਜੀਵਾਦੀ ਦੌਰ ਦੀ ਔਰਤ ਦੀਪੀ ਕੇਵਲ ਰਾਣੇ ਨਾਲ ਹੀ ਨਹੀਂ ਸਗੋਂ ਪਿੰਡ ਅਤੇ ਸ਼ਹਿਰ ਦੇ ਹੋਰ ਕਈ ਮਰਦਾਂ ਨਾਲ ਨਾਜਾਇਜ਼ ਸੰਬੰਧ ਸਥਾਪਿਤ ਕਰਦੀ ਸਮਾਜਿਕ ਮਰਿਆਦਾ ਨੂੰ ਉਲੰਘ ਜਾਂਦੀ ਹੈ।

ਡਾ. ਮਿਨਾਕਸ਼ੀ ਰਾਠੌਰ ਦਾ ਵਿਚਾਰ ਹੈ ਕਿ ਪਰਵਾਨਾ ਦੇ ਨਾਵਲਾਂ ਦੀਆਂ, "ਨਾਇਕਾ ਸਮਾਜਿਕ ਟੈਬੂ ਦੀ ਪਰਵਾਹ ਨਾ ਕਰਦੀ ਸਭ ਕੁੱਝ ਤੋਂ ਨਾਬਰ ਹੋ ਮਨਮਰਜ਼ੀ ਦਾ ਜੀਵਨ ਜਿਊਣਾ ਲੋਚਦੀ ਮਨਚਾਹੇ ਅੰਬਰ ਦੀਆਂ ਉਡਾਰੀਆਂ ਮਾਰਨਾ ਚਾਹੁੰਦੀ ਹੈ। ਪਰ ਇਸ ਸਮੁੱਚੇ ਵਿਵਹਾਰ ਵਿਚੋਂ ਕੀ ਖੱਟਿਆ ਤੇ ਕੀ ਪਾਇਆ? ਦਾ ਜੋੜ ਤੋੜ ਮਾਨਸਿਕ ਪੀੜਾ ਦਾ ਸਿਰਜਕ ਬਣਦਾ ਹੈ।" ("ਨਾਰੀ ਹੋਂਦ ਤੇ ਨਾਰੀ ਪਛਾਣ ਦਾ ਪ੍ਰਚਨ", *ਐਤਵਾਰਤਾ*, *ਜਲੰਧਰ: ਨਵਾਂ ਜ਼ਮਾਨਾ*, 15 ਮਾਰਚ 2015, 3)

ਪਰਵਾਨਾ ਦੀਆਂ ਨਾਇਕਾਵਾਂ, ਟੈਬੂ (ਸਮਾਜਿਕ ਮਰਿਆਦਾ) ਦੀ ਪ੍ਰਵਾਹ ਨਾ ਕਰਦੀਆਂ ਹੋਈਆਂ ਅੰਬਰ ਵੱਲ ਉਡਾਰੀ ਮਾਰਦੀਆਂ ਹਨ। ਚਾਹੇ ਉਹ *'ਖੇਤਾਂ ਦਾ ਰੁਦਨ'* ਨਾਵਲ ਦੀ ਮਾਲਤੀ ਸ਼ਰਮਾ, *'ਆਪਣੇ ਆਪਣੇ ਮੋਰਚੇ'* ਦੀ ਦੀਪੀ, ਅਚਲਾ, *'ਨਿੱਕੇ ਨਿੱਕੇ ਯੁੱਧ'* ਦੀ ਗਾਮੋ, *'ਕਥਾ ਇਸ ਯੁੱਧ ਦੀ'* ਵਿਚਲੀ ਪ੍ਰਿਯੰਕਾ, *'ਅੰਬਰ ਵੱਲ ਉਡਾਣ'* ਦੀ ਹਰਪਾਲ ਪਾਲੀ ਹੋਵੇ।

ਸਲੈਂਗ ਕਿਸੇ ਭਾਸ਼ਾ 'ਚ ਉਨ੍ਹਾਂ ਸ਼ਬਦਾਂ ਨੂੰ ਆਖਿਆ ਜਾਂਦਾ ਹੈ ਜੋ ਕਿਸੇ ਖ਼ਾਸ ਬੋਲੀ ਦੇ ਆਪਣੇ ਨਿੱਜੀ ਸ਼ਬਦ ਹੁੰਦੇ ਹਨ। ਇਹ ਸ਼ਬਦ ਦੂਸਰੀ ਬੋਲੀ ਵਿਚ ਨਹੀਂ ਮਿਲਦੇ। ਹਰ ਇੱਕ ਭਾਸ਼ਾ ਦੇ ਆਪਣੇ ਅੱਡਰੇ ਅਤੇ ਨਿਆਰੇ ਅਰਥਾਂ ਵਿਚ ਵਰਤੋਂ

ਕੀਤੀ ਜਾਂਦੀ ਹੈ। ਪਰਵਾਨਾ ਵੀ ਦੁਆਬੇ ਦੇ ਇਲਾਕੇ ਦੀ ਉਪਭਾਸ਼ਾ ਵਿੱਚੋਂ ਕਈ ਅਜਿਹੇ ਸ਼ਬਦਾਂ ਦੀ ਵਰਤੋਂ ਕਰਦਾ ਹੈ ਜੋ ਕਿਸੇ ਹੋਰ ਉਪਭਾਸ਼ਾ 'ਚ ਨਹੀਂ ਮਿਲਦੇ ਜਿਵੇਂ: ਚੋਅ, ਭੜੋਲੀ, ਤੋੜੀ, ਮਿਆਣੀ ਆਦਿ। ਇਹ ਸ਼ਬਦ ਦੁਆਬੀ ਉਪਭਾਸ਼ਾ ਦੀ ਵਿਸ਼ੇਸ਼ਤਾ ਨੂੰ ਦਰਸਾਉਂਦੇ ਹਨ।

## 7.2 ਬਲਬੀਰ ਪਰਵਾਨਾ ਦੀਆਂ ਨਾਵਲੀ ਜੁਗਤਾਂ

ਮਨੋਬਚਨੀ ਜੁਗਤ ਤੋਂ ਭਾਵ (ਪਾਤਰ ਆਪਣੇ ਬਾਹਰੀ ਕਾਰਜ ਦੀ ਬਜਾਇ ਮਾਨਸਿਕ ਸਥਿਤੀਆਂ ਦਾ ਚਿਤਰਨ) ਪਾਤਰਾਂ ਨੂੰ ਵਸਤੂ ਸਥਿਤੀ ਵਿੱਚ ਵਿਚਰਦਿਆਂ ਦਿਖਾਉਣ ਦੀ ਬਜਾਇ ਉਸ ਦੀ ਥਾਂ ਮਾਨਸਿਕ ਪ੍ਰਤਿਕਰਮਾ ਨੂੰ ਚਿਤਰਿਆ ਜਾਂਦਾ ਹੈ। ਉਨ੍ਹਾਂ ਦੇ ਦੁੱਖਾਂ-ਸੁੱਖਾਂ, ਇੱਛਾਵਾਂ ਸੁਪਨੇ ਅਤੇ ਅਨੁਭਵ ਨੂੰ ਉੱਘੜਵੇਂ ਰੂਪ ਵਿੱਚ ਪੇਸ਼ ਕਰਨਾ। ਪਰਵਾਨਾ ਵੀ ਆਪਣੇ ਨਾਵਲਾਂ ਵਿੱਚ ਮਨੋਬਚਨੀ ਵਿਧੀ ਦੀ ਵਰਤੋਂ ਕਰਦਾ ਹੈ। ਪਾਤਰਾਂ ਦੇ ਮਨ ਅੰਦਰ ਜੋ ਕੁੱਝ ਵਾਪਰਦਾ ਹੈ ਪਰਵਾਨਾ ਉਸ ਨੂੰ ਹੂ-ਬ-ਹੂ ਚਿਤਰਦਾ ਅਤੇ ਪਾਤਰਾਂ ਦੇ ਅਚੇਤ ਮਨ ਨੂੰ ਮਨੋਬਚਨੀ ਜੁਗਤ ਨਾਲ ਜੋੜਦਾ ਹੈ। ਜਿਵੇਂ:

> "ਪਾਲੀ ਨੇ ਬਾਹਰ ਸੜਕ 'ਤੇ ਨਿਕਲ ਕੇ ਗੇਟ ਢੋਅ ਦਿੱਤਾ ਪਰ ਤਾਂ ਵੀ ਮੀਤੋ ਬਰਾਂਡੇ 'ਚ ਉੱਥੇ ਹੀ ਖੜ੍ਹੀ ਗੇਟ ਵੱਲ ਤੱਕਦੀ ਰਹੀ, ਜਿਸ 'ਚੋਂ ਹੁਣੈ-ਹੁਣੈ ਪਾਲੀ ਬਾਹਰ ਨਿਕਲੀ ਸੀ। ਉਸ ਦੇ ਨਿਕਲਣ ਵੇਲੇ ਕੁੱਝ ਪਲ ਉਸ ਨੂੰ ਬਾਹਰ ਸੜਕ ਦੀ ਝਲਕ ਦਿਸੀ ਸੀ ਤੇ ਉਸ ਦੇ ਗੇਟ ਢੋਅ ਦੇਣ 'ਤੇ ਮੁੜ ਨਜ਼ਰਾਂ ਉਸ ਦੇ ਲੋਹੇ ਦੇ ਪੱਲਿਆਂ ਤੱਕ ਸਿਮਟ ਕੇ ਰਹਿ ਗਈਆਂ। 'ਇਹ ਇਸ ਨੂੰ ਕੀ ਹੋਈ ਜਾ ਰਿਹਾ ਹੈ। ਕਿਸੇ ਦੀ ਕੋਈ ਪਰਵਾਹ ਹੀ ਨਹੀਂ!' ਸੋਚਦੀ ਉਹ ਕੁੱਝ ਪਲ ਤਾਂ ਉੱਥੇ ਖੜ੍ਹੀ ਰਹੀ ਤੇ ਫਿਰ ਨਾਲ ਪਏ ਫੋਲਡਿੰਗ ਮੰਜੇ 'ਤੇ ਬਹਿ ਗਈ। ਇਹ ਰਿਸ਼ਤਾ ਉਂਜ ਉਸ ਨੂੰ ਵੀ ਢਿੱਡੋਂ ਪਸੰਦ ਨਹੀਂ ਸੀ, ਖ਼ਾਸ ਕਰ ਕੇ ਰਮਨਦੀਪ ਦਾ ਦਹਾਜੂ ਹੋਣਾ ਤੇ ਉੱਪਰੋਂ ਇੱਕ ਧੀ ਦਾ ਹੋਣਾ ਵੀ। ਉਹ ਇਹ ਵੀ ਜਾਣਦੀ ਸੀ ਕਿ ਜੇ ਉਹ ਦਹਾਜੂ ਨਾ ਹੁੰਦਾ ਤਾਂ ਮੰਜਪੁਰੀਆਂ ਨੇ ਉਨ੍ਹਾਂ ਦੇ ਘਰ ਵੱਲ ਮੂੰਹ ਨਹੀਂ ਸੀ ਕਰਨਾ।" (ਪਰਵਾਨਾ, "ਅੰਬਰ ਵੱਲ ਉਡਾਣ" 12)

ਇਸ ਸਥਿਤੀ ਵਿੱਚ ਮੀਤੋ ਆਪਣੀ ਧੀ ਪਾਲੀ ਦੀ ਜ਼ਿੰਦਗੀ, ਉਸ ਦੇ ਕਾਰ-ਵਿਹਾਰ, ਰਿਸ਼ਤੇ ਬਾਰੇ ਮਨ ਹੀ ਮਨ ਸੋਚਦੀ ਹੈ। ਆਪਣੀ ਧੀ ਦਾ ਅਜਿਹੇ ਦਹਾਜੂ ਵਿਅਕਤੀ ਨਾਲ ਰਿਸ਼ਤਾ ਕਰਨ ਬਾਰੇ ਆਪਣੇ ਮਨ ਵਿੱਚ ਹੀ ਝੂਰਦੀ ਹੈ।

ਉਪਰੋਕਤ ਵਿਚਾਰ ਤੋਂ ਸਾਨੂੰ ਪਰਵਾਨਾ ਦੁਆਰਾ ਮਨੋਬਚਨੀ ਜੁਗਤ ਦੀ ਖ਼ੂਬਸੂਰਤੀ ਨਾਲ ਵਰਤੋਂ ਕਰਨ ਬਾਰੇ ਪਤਾ ਚੱਲਦਾ ਹੈ।

> ਪਰਮਜੀਤ ਕੌਰ ਸਿੱਧੂ ਦੀ ਰਾਇ ਹੈ ਕਿ ਪਰਵਾਨਾ ਆਪਣੇ ਨਾਵਲਾਂ ਵਿੱਚ, "ਯਥਾਰਥ ਪ੍ਰਵਿਰਤੀ ਨੇ ਘਟਨਾਵਾਂ ਦੇ ਸੰਘਣੇਪਣ ਨੂੰ ਕਮਜ਼ੋਰ ਕਰ ਕੇ ਨਾਵਲੀ ਪਰਤਾਂ ਵਿੱਚੋਂ ਗਿਆਨ ਉਪਜਣ ਦੀਆਂ ਸੰਭਾਵਨਾਵਾਂ ਨੂੰ ਜਨਮ ਦਿੱਤਾ। ਦੋ ਘਟਨਾਵਾਂ ਵਿਚਲੀ ਸਪੇਸ ਸਭਿਆਚਾਰ, ਰਾਜਸੀ ਅਤੇ ਇਤਿਹਾਸਕ ਚੇਤਨਾ ਪ੍ਰਤੀ ਗਿਆਨ ਦਾ ਸਰੋਤ ਬਣੀ। ਇਸ ਨਾਲ ਪਾਤਰਾਂ ਵਿਚਕਾਰ ਵਾਰਤਾਲਾਪ ਅਤੇ ਮਨੋਬਚਨੀ ਦੀ ਜੁਗਤ ਲਈ ਨਾਵਲੀ ਸੰਗਠਨ" ("ਪੰਜਾਬੀ ਨਾਵਲ: ਸਿਧਾਂਤ ਤੇ ਸਮੀਖਿਆ" 33) ਨੂੰ ਪੇਸ਼ ਕਰਦਾ ਹੈ।

ਪਰਵਾਨਾ ਯਥਾਰਥਕ ਪ੍ਰਵਿਰਤੀ ਨਾਲ ਨਾਵਲ ਵਿਚਲੀਆਂ ਘਟਨਾਵਾਂ ਨੂੰ ਭਾਵੇਂ ਕਿਤੇ ਕਮਜ਼ੋਰੀ ਨਾਲ ਪੇਸ਼ ਕਰਦਾ ਹੈ ਪਰ ਇਸ ਵਿੱਚੋਂ ਪਾਠਕਾਂ ਨੂੰ ਗਿਆਨ ਦੇਣ ਦੇ ਨਾਲ-ਨਾਲ ਮਨੋਬਚਨੀ ਵਿਧੀ ਦੀ ਸਫਲਤਾਪੂਰਵਕ ਵਰਤੋਂ ਕਰਦਾ ਦਿਖਾਈ ਦਿੰਦਾ ਹੈ।

ਨਾਵਲ ਰਚਨਾ ਵਿੱਚ ਚਿੱਠੀ ਪੱਤਰ ਦਾ ਵਿਸ਼ੇਸ਼ ਸਥਾਨ ਹੈ। ਚਿੱਠੀਆਂ ਰਾਹੀਂ ਪਾਤਰ ਇੱਕ ਦੂਸਰੇ ਨਾਲ ਸੰਵਾਦ ਰਚਾਉਣ ਦੇ ਨਾਲ ਉਨ੍ਹਾਂ ਅੰਦਰਲੀਆਂ ਸਮੱਸਿਆਵਾਂ, ਗੁੰਝਲਾਂ, ਡਰ, ਸਾਜ਼ਿਸ਼ਾਂ, ਸੁਨੇਹਾ, ਸ਼ੱਕ, ਤੌਖਲੇ ਨੂੰ ਪ੍ਰਗਟਾਉਂਦੇ ਹਨ। ਚਿੱਠੀ ਪੱਤਰ ਦੀ ਜੁਗਤ ਨਾਵਲੀ ਬਿਰਤਾਂਤ ਵਿੱਚ ਪ੍ਰੇਮ ਸੰਬੰਧਾਂ ਨੂੰ ਵੀ ਉਜਾਗਰ ਕਰਦੀ ਹੈ। ਚਿੱਠੀ ਪੱਤਰ ਜੁਗਤ ਦੀ ਵਰਤੋਂ ਪਰਵਾਨਾ ਆਪਣੇ ਨਾਵਲਾਂ ਵਿੱਚ ਕਰਦਾ ਹੈ। ਇਸ ਰਾਹੀਂ ਇੱਕ ਥਾਂ ਤੋਂ ਦੂਸਰੀ ਥਾਂ ਸੁਨੇਹਾ ਭੇਜਣ ਲਈ ਕਰਦਾ ਹੈ। ਇਹ ਜੁਗਤ ਪਾਠਕਾਂ ਨੂੰ ਵਧੇਰੇ ਪ੍ਰਭਾਵਿਤ ਕਰਦੀ ਹੈ। ਇਸ ਦੀ ਉਦਾਹਰਨ ਨਾਵਲ *'ਨਿੱਕੇ ਨਿੱਕੇ ਯੁੱਧ'* ਵਿੱਚੋਂ ਦੇਖ ਸਕਦੇ ਹਾਂ ਜਿਵੇਂ:

> "ਗੁਰਮੇਲ ਨੇ ਜ਼ਿੱਲ੍ਹਾ ਸਕੱਤਰ ਕਾਮਰੇਡ ਰੁਲਦਾ ਸਿੰਘ ਦੇ ਨਾਂਅ, ਉਸ ਨੂੰ ਚਿੱਠੀ ਵੀ ਦਿੱਤੀ ਸੀ। ਉਸ ਨੇ ਲਿਖਿਆ:
>
> ਕਾਮਰੇਡ ਰੁਲਦਾ ਸਿੰਘ ਜੀ,
>
> ਲਾਲ ਸਲਾਮ।
>
> ਜਗਵਿੰਦਰ ਦੀਆਂ ਸਰਗਰਮੀਆਂ ਤੋਂ ਤਾਂ ਤੁਸੀਂ ਜਾਣੂ ਹੀ ਹੋ। ਮੈਂ ਸਿਰਫ਼ ਇਹੀ ਦੱਸਣਾ ਚਾਹੁੰਦਾ ਹਾਂ ਕਿ ਜਿਵੇਂ ਉਸ ਨੇ ਪਿੰਡ ਤੇ ਇਲਾਕੇ 'ਚ ਨੌਜਵਾਨਾਂ ਨੂੰ ਪਾਰਟੀ ਨਾਲ ਜੋੜਿਆ ਹੈ, ਤੇ ਇੱਕ ਟੀਮ ਉਭਾਰੀ ਹੈ ਉਸ ਦੇ ਮੱਦੇਨਜ਼ਰ ਜੇ ਇਹ ਮਾਰਕਸਵਾਦ ਦੇ ਡੂੰਘੇ ਅਧਿਐਨ ਨਾਲ ਲੈਸ ਹੋ ਗਿਆ ਤਾਂ ਹੋਰ ਵੀ ਪ੍ਰਤੀਬੱਧਤਾ ਨਾਲ ਕੰਮ ਕਰ ਸਕੇਗਾ।
>
> ਤੁਹਾਡਾ ਸਾਥੀ
>
> ਗੁਰਮੇਲ

ਤੇ ਚਿੱਠੀ ਦਿੰਦਿਆਂ ਉਸ ਨੂੰ ਕਿਹਾ, "ਇਹ ਚਿੱਠੀ ਮੀਟਿੰਗ ਤੋਂ ਪਹਿਲਾ ਜ਼ਿਲ੍ਹਾ ਸਕੱਤਰ ਨੂੰ ਦੇ ਦੇਵੀਂ।" (ਪਰਵਾਨਾ, "ਨਿੱਕੇ ਨਿੱਕੇ ਯੁੱਧ" 48)

ਗੁਰਮੇਲ ਕਾਮਰੇਡ ਚਿੱਠੀ ਪੱਤਰ ਜ਼ਰੀਏ ਰੁਲਦਾ ਸਿੰਘ ਨੂੰ ਇਹ ਸੁਨੇਹਾ ਭੇਜਦਾ ਹੈ ਕਿ ਜਗਵਿੰਦਰ ਨੂੰ ਮਾਰਕਸਵਾਦ ਦੀ ਪੜ੍ਹਾਈ ਲਈ ਭੇਜਿਆ ਜਾਵੇ। ਉਹ ਪਾਰਟੀ ਲਈ ਇਲਾਕੇ ਵਿੱਚ ਬਹੁਤ ਸਰਗਰਮ ਰਿਹਾ ਹੈ। ਇਸ ਤਰ੍ਹਾਂ ਪਰਵਾਨਾ ਚਿੱਠੀ ਪੱਤਰ ਜੁਗਤ ਦੀ ਸਫਲ ਵਰਤੋਂ ਕਰਦਾ ਨਜ਼ਰ ਆਉਂਦਾ ਹੈ।

ਪਰਵਾਨਾ ਕੇਵਲ ਚਿੱਠੀ ਪੱਤਰ ਜੁਗਤ ਦੀ ਹੀ ਨਹੀਂ ਸਗੋਂ ਆਧੁਨਿਕ ਸਮੇਂ 'ਚ ਵਿਗਿਆਨਕ ਯੁੱਗ ਦੀ ਦੇਣ ਇੰਟਰਨੈੱਟ ਦੀ ਵਰਤੋਂ ਆਪਣੇ ਨਾਵਲਾਂ ਵਿੱਚ ਇੱਕ ਜੁਗਤ ਵਜੋਂ ਕਰਦਾ ਹੈ। ਅੱਜ ਸਾਰਾ ਸੰਸਾਰ ਇੰਟਰਨੈੱਟ ਦੇ ਪ੍ਰਭਾਵ ਨੂੰ ਕਬੂਲ ਰਿਹਾ ਹੈ। ਹਰ ਵਪਾਰ ਇੰਟਰਨੈੱਟ ਉੱਪਰੋਂ ਹੋ ਰਿਹਾ ਹੈ। ਨੌਜਵਾਨ ਪੀੜ੍ਹੀ ਵੀ ਇੰਟਰਨੈੱਟ ਤੇ ਫੇਸਬੁੱਕ ਦੀ ਵਰਤੋਂ ਕਰ ਰਹੀ ਹੈ। ਇਸੇ ਤਰ੍ਹਾਂ ਹੀ ਪਰਵਾਨਾ ਦੇ ਪਾਤਰ ਵੀ ਇੰਟਰਨੈੱਟ, ਫੇਸਬੁੱਕ ਦੀ ਵਰਤੋਂ ਕਰਦੇ ਦਿਖਾਈ ਦਿੰਦੇ ਹਨ ਜਿਵੇਂ:

"ਤੇ ਫਿਰ ਸ਼ੁਰੂ ਹੋ ਗਏ ਉਸ ਦੇ ਮਾਲਤੀ ਨਾਲ ਫ਼ੋਨ, ਫੇਸਬੁੱਕ 'ਤੇ ਚੈਟਿੰਗ। ਮਾਲਤੀ ਨੇ ਆਪਣੀਆਂ ਕੁੱਝ ਚੋਣਵੀਂਆਂ ਤਸਵੀਰਾਂ ਦੀ ਐਲਬਮ ਫੇਸਬੁੱਕ 'ਤੇ ਪਾ ਦਿੱਤੀ ਸੀ, ਤੇ ਉਸ ਨੂੰ ਵੀ ਟੈਗ ਕਰ ਦਿੱਤੀਆਂ। ਕਈ ਵਾਰ ਦੋ-ਦੋ, ਢਾਈ ਢਾਈ ਘੰਟੇ ਵੀ ਉਹ ਲੱਗੇ ਰਹਿੰਦੇ ਚੈਟਿੰਗ 'ਤੇ। ਇੱਕ ਚਾਹਤ ਪਨਪ ਰਹੀ ਸੀ ਮਾਲਤੀ ਦੇ ਮਨ 'ਚ, ਘਰ ਨਾਲ ਜੁੜੀ ਹੋਈ ਚਾਹਤ।" (ਪਰਵਾਨਾ, "ਖੇਤਾਂ ਦਾ ਰੁਦਨ" 108)

ਉਪਰੋਕਤ ਟੂਕ ਤੋਂ ਮਾਲਤੀ ਸ਼ਰਮਾ ਦਾ ਅਵਿਨਾਸ਼ ਨਾਲ ਫੇਸਬੁੱਕ 'ਤੇ ਚੈਟਿੰਗ ਕਰਨ ਬਾਰੇ ਪਤਾ ਚੱਲਦਾ ਹੈ। ਇਸ ਤਰ੍ਹਾਂ ਪਰਵਾਨਾ ਕੇਵਲ ਚਿੱਠੀ ਪੱਤਰ ਦੀ ਜੁਗਤ ਦੇ ਨਾਲ ਨਾਲ ਆਧੁਨਿਕ ਸਮੇਂ 'ਚ ਪ੍ਰਚਲਿਤ ਇੰਟਰਨੈੱਟ ਦੀ ਵਰਤੋਂ ਕਰਦੇ ਆਪਣੇ ਪਾਤਰਾਂ ਨੂੰ ਦਿਖਾਉਂਦਾ ਹੈ।

ਭਾਸ਼ਣੀ ਸੁਰ ਤੋਂ ਭਾਵ ਕਿ ਨਾਵਲਕਾਰ ਕਿਤੇ ਸੂਚਨਾ ਮਾਤਰ ਵਿਸ਼ੇ ਨੂੰ ਅੱਗੇ ਤੋਰਦਾ ਹੈ ਅਤੇ ਕਿਤੇ ਵਿਸਤ੍ਰਿਤ ਭਾਸ਼ਣਾਂ, ਬਹਿਸਾਂ, ਪ੍ਰਵਚਨਾਂ ਨਾਲ ਨਾਵਲ ਸਿਰਜਦਾ ਹੈ। ਇਸ ਨਾਲ ਕਥਾ ਵਿਕਾਸ ਵਿੱਚ ਖੜੋਤ ਆਉਂਦੀ ਹੈ। ਪਰਵਾਨਾ ਵੀ ਭਾਸ਼ਣੀ ਸੁਰ ਦੀ ਵਰਤੋਂ ਆਪਣੇ ਨਾਵਲਾਂ 'ਚ ਕਰਦਾ ਹੈ। ਨਾਵਲਾਂ ਵਿੱਚ ਘਟਨਾਵਾਂ ਅਤੇ ਪਰਿਸਥਿਤੀਆਂ ਦੀ ਬਜਾਇ ਭਾਸ਼ਣਾਂ ਅਤੇ ਬਿਆਨਾਂ ਦੀ ਭਰਮਾਰ ਵਧੇਰੇ ਜਾਪਦੀ ਹੈ। ਸਥਿਤੀਆਂ ਵਿੱਚ ਸੰਤੁਲਨ ਕਰਨ ਲਈ ਨਾਵਲ ਕਥਾ ਵਿਉਂਤ ਦਾ ਇੱਕ ਭਾਗ ਵੀ ਹੈ। ਇਸ ਦੀ ਉਦਾਹਰਨ *'ਖੇਤਾਂ ਦਾ ਰੁਦਨ'* ਨਾਵਲ ਦੇ ਟੂਕ ਵਿਚੋਂ ਦੇਖ ਸਕਦੇ ਹਾਂ ਜਿਵੇਂ:

"ਸਮਾਜਵਾਦ ਦੀ ਜਿੱਤ ਨਿਸ਼ਚਿਤ ਹੈ।"

ਉਸ ਦੇ ਟੋਕਣ 'ਤੇ ਰਵੀ ਨੇ ਕਿਤਾਬ ਬਾਰੇ ਚਰਚਾ ਰੋਕ ਕੇ ਉਸ ਨੂੰ ਜਵਾਬ ਦਿੱਤਾ, "ਮਾਰਕਸਵਾਦ ਨਿਸ਼ਚਿਤਤਾਵਾਦੀ ਦਰਸ਼ਨ ਨਹੀਂ ਹੈ, ਕਾਮਰੇਡ ਸ਼ਿਵ!"

'ਵਿਸ਼ਵੀਕਰਨ ਦਾ ਆਰਥਕ ਵਰਤਾਰਾ ਪੰਜਾਬ ਤੇ ਕਿਸਾਨੀ' ਵਾਲਾ ਚੈਪਟਰ ਲਿਖਦਿਆਂ ਉਹ ਰਿਗਵੇਦ ਤੱਕ ਪੁੱਜ ਗਿਆ ਸੀ। ਇਹ ਠੀਕ ਹੈ ਕਿ ਮੌਜੂਦਾ ਪ੍ਰਸੰਗ 'ਚ ਇਹ ਵੀਹਵੀਂ ਸਦੀ ਦਾ ਵਰਤਾਰਾ ਹੈ ਪਰ ਇਸ ਦੀਆਂ ਜੜ੍ਹਾਂ ਬਹੁਤ ਪਿੱਛੇ ਹਨ। ਜਾਇਦਾਦ ਦੀ ਸ਼ੁਰੂਆਤ ਕਦੋਂ ਤੇ ਕਿਵੇਂ ਹੋਈ, ਬਦਲ ਦੇ ਸਮਾਜਿਕ ਹਾਲਾਤਾਂ 'ਚ ਇਸ ਦੇ ਰੂਪ ਕਿਵੇਂ ਤਬਦੀਲ ਹੋਏ ਤੇ ਇਸ ਨੇ ਮੌਜੂਦਾ ਸੱਤਾ-ਤੰਤਰ ਨੂੰ ਕਿਵੇਂ ਦਾ ਆਧਾਰ ਮੁਹੱਈਆ ਕੀਤਾ, ਜਿੰਨਾ ਚਿਰ ਇਨ੍ਹਾਂ ਜੜ੍ਹਾਂ ਬਾਰੇ ਤਲਾਸ਼ ਨਹੀਂ ਹੁੰਦੀ, ਉਨ੍ਹਾਂ ਚਿਰ ਉਸਾਰ ਨੂੰ ਵੀ ਸਹੀ ਰੂਪ 'ਚ ਸਮਝਿਆ ਨਹੀਂ ਜਾ ਸਕੇਗਾ, ਕਿਉਂਕਿ ਇਸ ਦੀ ਜੜ੍ਹ ਜਾਇਦਾਦ ਦੀ ਚਾਹਤ 'ਚ ਹੈ। ਇਸ ਦਾ ਅਜੋਕਾ ਰੂਪ ਹੈ ਕਾਰਪੋਰੇਟ ਪੂੰਜੀ, ਜਿਹੜੀ ਆਪਣੀ ਜਕੜ ਵਿੱਚ ਸਮੁੱਚੇ ਰਾਜ-ਤੰਤਰ ਨੂੰ ਜਕੜ ਰਹੀ ਹੈ। ਅਸੀਂ ਮੁੱਢਲੇ ਕਬਾਇਲੀ ਗੁਲਾਮਦਾਰੀ, ਜਾਗੀਰਦਾਰੀ, ਸਰਮਾਏਦਾਰੀ ਤੇ ਹੁਣ ਕਾਰਪੋਰੇਟ ਪੂੰਜੀ ਦੇ ਯੁੱਗ ਨੂੰ ਵੱਖ-ਵੱਖ ਦੌਰਾਂ 'ਚ ਵੰਡ ਕੇ ਹੀ ਜਾਇਦਾਦ ਦੇ ਬਦਲਦੇ ਅਜੋਕੇ ਸਰੂਪ ਨੂੰ ਸਮਝ ਸਕਦੇ ਹਾਂ। ਇਹ ਵੀ ਕਿ ਇਸ ਨੇ ਕੁਦਰਤੀ ਖ਼ਜ਼ਾਨਿਆਂ ਦੀ ਲੁੱਟ ਲਈ ਕਿਵੇਂ ਤਬਾਹੀ ਮਚਾਈ। ਧਰਤੀ ਇਸ ਲਈ ਮਾਂ ਨਹੀਂ, ਪੂੰਜੀ ਪੈਦਾ ਕਰਨ ਵਾਲਾ ਯੰਤਰ ਮਾਤਰ ਹੈ। ਪਰ...ਇਹ ਵੀ ਇਸ ਦਾ ਉੱਚਤਮ ਤੇ ਆਖ਼ਰੀ ਰੂਪ ਨਹੀਂ ਹੈ! ਭਲਕ ਨੂੰ ਇਹ ਮੁਹਾਣ ਹੋਰ ਵੀ ਹਾੜਬੂੰ ਭਰੇ ਰਾਹ ਮੁੜ ਸਕਦਾ। ਬਹੁਤ ਸਾਰੀਆਂ ਮਲਟੀਨੈਸ਼ਨਲ ਕੰਪਨੀਆਂ ਦੀ ਬਜਾਏ ਕਿਤੇ ਦੋ ਚਾਰ ਹੀ ਏਨਾ ਧੜਵੈਲ ਰੂਪ ਅਖ਼ਤਿਆਰ ਕਰ ਲੈਣ ਕਿ ਸਾਰੇ ਸੰਸਾਰ ਦੀ ਆਰਥਿਕਤਾ ਤੇ ਰਾਜ-ਤੰਤਰ ਨੂੰ ਕਾਬੂ ਹੇਠ ਲੈ ਆਉਣ ਜਾਂ ਕੋਈ ਹੋਰ ਰੂਪ ਵੀ ਪੂੰਜੀ ਦੇ ਇਹ ਬਦਲਦੇ ਸਰੂਪ, ਸਮਾਜ ਦੀ ਸੰਰਚਨਾ ਨੂੰ ਵੀ ਨਾਲੋਂ ਨਾਲ ਬਦਲ ਰਹੇ ਹਨ। ਇਸ ਬਦਲ ਦੀ ਹੋਈ ਸੰਰਚਨਾ ਨੂੰ ਸਮਝਣ ਦੀ ਬੇਹੱਦ ਲੋੜ ਹੈ।" (ਪਰਵਾਨਾ, "ਖੇਤਾਂ ਦਾ ਰੁਦਨ" 29)

ਉਪਰੋਕਤ ਚਰਚਾ 'ਚੋਂ ਸਾਨੂੰ ਮਾਰਕਸਵਾਦ ਦੇ ਪ੍ਰਭਾਵ ਬਾਰੇ ਜਾਣਕਾਰੀ ਮਿਲਣ ਦੇ ਨਾਲ-ਨਾਲ ਪੂੰਜੀਵਾਦੀ ਦੌਰ ਦੇ ਘਾਤਕ ਹਮਲਿਆਂ ਬਾਰੇ ਵੀ ਪਤਾ ਚੱਲਦਾ ਹੈ। ਉਪਰੋਕਤ ਵਿਚਾਰ ਚਰਚਾ ਤੋਂ ਨਾਵਲਕਾਰ ਵੱਲੋਂ ਦਿੱਤੇ ਭਾਸ਼ਣ ਦਾ ਅਹਿਸਾਸ ਹੁੰਦਾ ਹੈ। ਜਿਸ ਵਿੱਚ ਰਵੀ, ਅਵਿਨਾਸ਼ ਅਤੇ ਸ਼ਿਵ ਨੂੰ ਬਹਿਸ ਕਰਦੇ ਦਿਖਾਇਆ ਗਿਆ ਹੈ।

ਪਰਮਜੀਤ ਕੌਰ ਸਿੱਧੂ ਦੀ ਰਾਇ ਹੈ ਕਿ, "ਪਰਵਾਨਾ ਦੇ ਨਾਵਲਾਂ ਦਾ ਫੋਕਸ ਜਿਨ੍ਹਾਂ ਮੁੱਦਿਆਂ 'ਤੇ ਕੇਂਦਰਤ ਹੈ, ਉਹ ਵਸਤੂ ਸਥਿਤੀ ਹੈ ਜਿਹੜੀ ਜੀਵੰਤ ਰੂਪ ਵਿੱਚ ਪਾਠਕਾਂ ਸਾਹਮਣੇ ਸਾਕਾਰ ਹੁੰਦੀ ਹੈ। ਪਰ ਵਾਸਤਵਿਕ ਜੀਵਨ ਨਾਲੋਂ ਗਲਪੀ ਜੀਵਨ ਵਿੱਚ ਇਹ ਅੰਤਰ ਹੈ ਕਿ ਉਹ ਲੇਖਕ ਦੁਆਰਾ ਸਿਰਜਤ ਹੈ। ਇਸ ਸਿਰਜਤ ਜੀਵਨ ਦੇ ਪਿੱਛੇ ਕਰਤਾ ਦਾ ਦ੍ਰਿਸ਼ਟੀਕੋਣ ਹੁੰਦਾ ਹੈ। ਨਾਵਲਕਾਰ ਦੀ ਸਮਰੱਥਾ ਇਸ ਗੱਲ ਵਿਚ ਹੈ ਕਿ ਵਿਚਾਰ ਕਿਤੇ ਵੀ ਬਿਰਤਾਂਤ ਉੱਤੇ ਹਾਵੀ ਨਾ ਹੋਵੇ, ਸਗੋਂ ਸੂਖਮ ਰੂਪ ਵਿੱਚ ਕਈ ਥਾਂ ਭਾਸ਼ਣੀ ਸੁਰ ਨਜ਼ਰ ਆਉਂਦੀ ਹੈ।" ("ਪੰਜਾਬੀ ਨਾਵਲ: ਸਿਧਾਂਤ ਤੇ ਸਮੀਖਿਆ" 113)

ਪਰਵਾਨਾ ਭਾਸ਼ਣੀ ਸੁਰ ਦੀ ਵਰਤੋਂ ਕਰਦਾ ਨਾਵਲੀ ਬਿਰਤਾਂਤ ਨੂੰ ਸਿਰਜਦਾ ਹੈ। ਉਹ ਇਸ ਯੁੱਗ ਦੇ ਜੀਵਨ ਚੋ ਕਈ ਨਵੇਂ ਮੁੱਲਾਂ ਦੀ ਤਲਾਸ਼ ਕਰਦਾ ਹੋਇਆ ਇੱਕ ਜਟਿਲ ਦਰਸ਼ਨ ਦੀ ਘਾੜਤ ਕਰਦਾ ਹੈ। ਉਹ ਭਾਸ਼ਣੀ ਸੁਰ ਜਾਂ ਬਹਿਸ ਜੀਵਨ ਦੇ ਵਾਸਤਵਿਕ ਹਿੱਸਿਆ ਉੱਪਰ ਕਰਦਾ ਹੈ। ਜੋ ਪਾਠਕਾਂ ਸਾਹਮਣੇ ਜੀਵੰਤ ਰੂਪ ਵਿਚ ਸਾਕਾਰ ਤਾਂ ਹੁੰਦੀ ਹੀ ਹੈ ਪਰ ਇਸ ਦੇ ਨਾਲ ਹੀ ਪਰਤਵੇਂ ਰੂਪ ਵਿੱਚ ਸੁਝਾਅ ਵੀ ਦਿੰਦਾ ਹੈ।

ਜਦੋਂ ਕਿਸੇ ਚੀਜ਼ ਦੀ ਪੂਰਤੀ ਨਾ ਹੋ ਸਕੇ ਵਿਅਕਤੀ ਉਸ ਨੂੰ ਕਲਪਨਾ ਜਾ ਸੁਪਨੇ ਵਿੱਚ ਪੂਰਾ ਹੁੰਦਾ ਦੇਖਦਾ ਹੈ, ਉਸ ਨੂੰ ਸੁਪਨ ਦ੍ਰਿਸ਼ਟੀ ਆਖਿਆ ਜਾਂਦਾ ਹੈ। ਹਰ ਵਿਅਕਤੀ ਆਪਣੀ ਜ਼ਿੰਦਗੀ ਵਿੱਚ ਕਿਸੇ ਨਾ ਕਿਸੇ ਚੀਜ਼ ਦੀ ਪੂਰਤੀ ਲਈ ਸੁਪਨਾ ਜ਼ਰੂਰ ਦੇਖਦਾ ਹੈ। ਇਸੇ ਤਰ੍ਹਾਂ ਹੀ ਪਰਵਾਨਾ ਦੇ ਪਾਤਰਾਂ ਨੂੰ ਜਦੋਂ ਕੋਈ ਵਸਤੂ ਜ਼ਿੰਦਗੀ ਵਿੱਚੋਂ ਪ੍ਰਾਪਤ ਨਹੀਂ ਹੁੰਦੀ ਤਾਂ ਉਸ ਨੂੰ ਸੁਪਨੇ ਵਿੱਚ ਪੂਰੀ ਹੁੰਦੀ ਦੇਖਦੇ ਹਨ। ਇਸ ਦੀ ਉਦਾਹਰਨ *'ਨਿੱਕੇ ਨਿੱਕੇ ਯੁੱਧ'* ਨਾਵਲ ਚੋਂ ਦੇਖ ਸਕਦੇ ਹਾਂ ਜਿਵੇਂ:

> "ਆਪਣੇ ਘਰ ਸਾਹਮਣੀ ਗਲੀ 'ਚ ਆ ਕੇ, ਉਸ ਦਾ ਉੱਧਰ ਮੁੜਨ ਨੂੰ ਜੀਅ ਨਾ ਕੀਤਾ ਤੇ ਸਿੱਧਾ ਹੀ ਬਾਹਰ ਖੇਤਾਂ ਵੱਲ ਨਿਕਲ ਗਿਆ। ਅਸਮਾਨ 'ਤੇ ਪੁੰਨਿਆ ਤੋਂ ਬਾਅਦ ਤੀਜੀ ਜਾਂ ਚੌਥੀ ਰਾਤ ਦਾ ਚੰਨ, ਅਜੇ ਸਿਖਰ ਨਹੀਂ ਸੀ ਆਇਆ। ਕਣਕ ਅਜੇ ਉੱਗੀ ਨਹੀਂ ਸੀ। ਵਾਹੇ-ਸੰਵਾਰੇ ਖੇਤਾਂ ਤੇ ਬੰਨ੍ਹਿਆਂ 'ਤੇ ਸੁਪਨਈ ਜਿਹੇ ਚਾਨਣੇ-ਹਨ੍ਹੇਰੇ 'ਚ ਤੁਰਿਆ, ਉਹ ਪਰਾਲੀ ਦੇ ਦੰਦੇ ਕੋਲ ਆ ਉਸ ਨਾਲ ਢਾਸਣਾ ਲਾ ਕੇ ਬਹਿ ਗਿਆ, ਤੇ ਸਾਹਮਣੇ ਆਕਾਸ਼ 'ਤੇ ਪਲੋ-ਪਲੀ ਸਿਖਰ ਵੱਲ ਵਧੀ ਆਉਂਦੇ ਚੰਨ ਨੂੰ ਤੱਕਣ ਲੱਗਾ। ਚੰਨ ਕਦੋਂ ਪ੍ਰੀਤ ਦੇ ਚਿਹਰੇ 'ਚ ਵੱਟ ਗਿਆ ਸੀ ਇਹਦਾ ਉਸ ਨੂੰ ਅਹਿਸਾਸ ਹੀ ਨਾ ਰਿਹਾ। ਫਿਰ ਪ੍ਰੀਤ ਦੀ ਮੱਚਦੀ ਜੁਆਨੀ ਦੇ ਸੇਕ 'ਚ ਗੁਆਚਦਿਆਂ ਉਸ ਦੇ ਅੰਗਾਂ 'ਚ ਤਣਾਅ ਪਸਰਨ ਲੱਗਾ। ਤਣਾਅ ਜਿਉਂ-ਜਿਉਂ ਸਿਖਰ ਵੱਲ ਵਧਦਾ ਗਿਆ, ਪ੍ਰੀਤ ਦੇ ਜਿਸਮ ਦਾ ਨੰਗੇਜ ਉਵੇਂ-ਉਵੇਂ ਉਸ ਦੇ ਜ਼ਿਹਨ 'ਚ ਆਕਾਰ ਫੈਲਾਉਂਦਾ ਗਿਆ। ਉਸ ਦੇ ਹੱਥ ਆਪਣੇ ਹੀ ਅੰਗਾਂ ਨੂੰ ਕਿਸੇ ਪਰਾਈ-ਛੋਹ ਵਾਂਗ ਸਹਿਲਾਉਣ ਲੱਗੇ। ਉਹ ਜਿਵੇਂ ਆਪਣੇ ਹਾਲਾਤ ਤੋਂ, ਆਪਣੇ ਚੁਫੇਰੇ ਤੋਂ ਮੁਕਤ ਹੁੰਦਾ ਜਾ ਰਿਹਾ ਸੀ। ਪ੍ਰੀਤ ਦੀ ਦੇਹ ਜਿਵੇਂ ਉਸ ਦੇ ਆਸ-ਪਾਸ ਲਿਪਟਦੀ ਜਾ ਰਹੀ ਸੀ! 'ਹਾਏ ਪ੍ਰੀਤ' ਨਸਾਂ ਦਾ ਤਣਾਅ ਜਿਉਂ ਹੀ ਢਿੱਲਾ ਪਿਆ, ਉਹ ਨਿਢਾਲ ਜਿਹਾ ਹੋ ਕੇ ਪੈ ਗਿਆ। ਚੁਫੇਰੇ ਫੈਲੀ ਸੁਪਨਈ ਚਾਨਣੀ, ਵਾਹੇ ਸੁਹਾਗੇ ਹੋਏ ਖੇਤ, ਕਿਤੇ-ਕਿਤੇ ਖੜ੍ਹਾ ਦਿਸਦਾ ਕੋਈ ਕਮਾਦ ਦਾ ਟੱਕ ਤੇ ਦੂਰ ਦਿਸਹੱਦਿਆਂ 'ਤੇ ਸਭ ਕੁੱਝ ਧੁੰਦਲੇ ਦੀ ਚਾਦਰ 'ਚ ਲਿਪਟਿਆ ਅਦਿੱਸ ਹੋਇਆ।" (ਪਰਵਾਨਾ, "ਨਿੱਕੇ ਨਿੱਕੇ ਯੁੱਧ" 14)

*'ਨਿੱਕੇ ਨਿੱਕੇ ਯੁੱਧ'* ਨਾਵਲ ਦਾ ਪਾਤਰ ਗਿੰਦਰ ਘਰ ਦੀ ਮਾੜੀ ਆਰਥਿਕਤਾ ਕਾਰਨ ਪ੍ਰੀਤ ਨਾਲ ਵਿਆਹ ਨਹੀਂ ਕਰਵਾ ਸਕਿਆ ਪਰ ਉਸ ਨੂੰ ਸੁਪਨੇ ਵਿੱਚ ਹੀ ਪ੍ਰਾਪਤ ਕਰ ਕੇ ਆਨੰਦ ਮਾਣ ਦਾ ਹੈ।

ਇੱਥੇ ਹੀ ਇੱਕ ਉਦਾਹਰਨ *'ਖੇਤਾਂ ਦਾ ਰੁਦਨ'* ਨਾਵਲ 'ਚੋਂ ਦੇਖ ਸਕਦੇ ਹਾਂ ਜਿਵੇਂ:

"ਬਹਾਨਾ ਇਹ ਨਾ ਹੁੰਦਾ ਤਾਂ ਕੋਈ ਹੋਰ ਬਣ ਜਾਂਦਾ! ਸਥਿਤੀ ਇਹ ਨਾ ਉਪਜਦੀ ਤਾਂ ਕਿਸੇ ਹੋਰ ਤਰ੍ਹਾਂ ਦੇ ਟਕਰਾਅ ਦੀ ਬਣ ਜਾਂਦੀ, ਕਿ ਬਾਪ ਦੇ ਸੁਪਨਿਆਂ 'ਤੇ ਪੂਰਾ ਨਹੀਂ ਸੀ ਉਤਰ ਸਕਿਆ।

"ਪਿੰਡੋਂ ਨਿਕਲ ਕੇ ਫਿਰਨੀ ਕੰਢਲੀ ਆਬਾਦੀ 'ਚ ਪਾਉਣੀ; 'ਕਾਰ ਲੈਣੀ', "ਮੈਰ੍ਹੇ ਵਾਲੇ ਟੱਕ 'ਚ ਮੋਟਰ ਲਾਉਣੀ' ਵਰਗੀਆਂ ਕਿੰਨੀਆਂ ਗੱਲਾਂ ਉਹ ਕਲਪਦਾ ਰਿਹਾ ਸੀ। ਜੋ ਕੁੱਝ ਉਹ ਆਪ ਨਹੀਂ ਸੀ ਕਰ ਸਕਿਆ, ਉਹ ਸਾਰਾ ਕੁੱਝ ਉਸ ਰਾਹੀਂ ਪੂਰਾ ਹੁੰਦਾ ਤੱਕਦਾ ਰਿਹਾ ਸੀ।" (ਪਰਵਾਨਾ, "ਖੇਤਾਂ ਦਾ ਰੁਦਨ" 45)

ਰਵੀ ਦਾ ਪਿਤਾ ਆਪਣੀਆਂ ਇੱਛਾਵਾਂ ਜੋ ਆਪ ਪੂਰੀਆਂ ਨਹੀਂ ਸੀ ਕਰ ਸਕਿਆ, ਉਸ ਨੂੰ ਰਵੀ ਦੁਆਰਾ ਪੂਰੀਆਂ ਕਰਨਾ ਚਾਹੁੰਦਾ ਹੈ। ਆਪਣੀ ਆਰਥਿਕ ਸਥਿਤੀ ਨੂੰ ਸੁਪਨੇ ਵਿੱਚ ਹੀ ਚੰਗੇਰਾ ਹੁੰਦਾ ਦੇਖਦਾ ਹੈ।

ਪਰਵਾਨਾ ਦੇ ਪਾਤਰ ਵਾਸਤਵਿਕ ਪ੍ਰਾਪਤੀ ਦੀ ਥਾਂ ਸੁਪਨੇ ਲੈਂਦੇ ਹਨ। ਉਨ੍ਹਾਂ ਨੂੰ ਜੂਝਣ ਅਤੇ ਸੰਘਰਸ਼ ਰਾਹੀਂ ਹਕੀਕਤੀ ਜੀਵਨ ਵਿੱਚ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਦੇ ਹਨ। ਜੋ ਬਾਹਰਮੁਖੀ ਯਥਾਰਥ ਅਤੇ ਇਸ ਦੇ ਮਾਨਸਿਕ ਪ੍ਰਤਿਕਰਮਾਂ ਦਾ ਵਿਸ਼ਲੇਸ਼ਣ ਨਾਵਲੀ ਬਿਰਤਾਂਤ ਦਾ ਮੁੱਖ ਮੰਤਵ ਹੈ।

ਮੌਕਾ ਮੇਲ ਦੀ ਜੁਗਤ ਨਾਵਲ ਦਾ ਸਥਾਈ ਲੱਛਣ ਹੈ ਇਸ ਨੂੰ ਨਾਵਲੀ ਬਿਰਤਾਂਤ ਵਿੱਚ ਨਿਯਮਿਤ ਵਰਤੋਂ ਵਜੋਂ ਗਿਣਿਆ ਜਾਂਦਾ ਹੈ। ਇਸ ਜੁਗਤ ਰਾਹੀਂ ਸਥਿਤੀਆਂ ਬਦਲਣ ਲਈ ਕਿਸੇ ਪਾਤਰ ਦੀ ਮੌਤ ਹੁੰਦੀ ਦਿਖਾਈ ਦਿੰਦੀ ਹੈ। ਜਿਸ ਨਾਲ ਸਥਿਤੀ ਸੱਜੇ ਤੋਂ ਖੱਬੇ ਹੋ ਜਾਂਦੀ ਹੈ।

ਸੁਰਜੀਤ ਸਿੰਘ ਦਾ ਮੰਨਣਾ ਹੈ ਕਿ, "ਨਾਵਲ ਦੇ ਬਿਰਤਾਂਤ ਨੂੰ ਫ਼ੈਸਲਾਕੁਨ ਮੋੜ ਅਕਸਰ ਹੀ ਕਿਸੇ ਪਾਤਰ ਦੀ ਮੌਤ ਦੀ ਘਟਨਾ ਨਾਲ ਦਿੱਤਾ ਜਾਂਦਾ ਹੈ।" ("ਪੰਜਾਬੀ ਨਾਵਲ: ਦ੍ਰਿਸ਼ ਤੇ ਦ੍ਰਿਸ਼ਟੀ" 37)

ਪਾਤਰ ਦੀ ਮੌਤ ਹੁੰਦੀ ਦਿਖਾ ਕੇ ਨਾਵਲਕਾਰ ਨਾਵਲੀ ਬਿਰਤਾਂਤ ਨੂੰ ਅਹਿਮ ਮੋੜ ਦਿੰਦਾ ਹੈ। ਨਾਵਲਕਾਰ ਚੱਲ ਰਹੀ ਘਟਨਾ ਨੂੰ ਕੋਈ ਮੋੜ ਦੇਣ ਦੀ ਕਾਹਲ ਲਈ ਮੌਕਾ ਮੇਲ ਦੀ ਜੁਗਤ ਦੀ ਵਰਤੋਂ ਕਰਦਾ ਹੈ। ਪਰਵਾਨਾ ਵੀ ਆਪਣੇ ਨਾਵਲ ਵਿੱਚ ਮੌਕਾ ਮੇਲ ਦੀ ਜੁਗਤ ਦੀ ਵਰਤੋਂ ਕਰਦਾ ਨਜ਼ਰ ਆਉਂਦਾ ਹੈ। ਮੌਕਾ ਮੇਲ ਦੀ ਵਰਤੋਂ ਕਥਾ ਰਸ ਨੂੰ ਉਪਜਾਉਣ ਵਾਲੇ ਬਿਰਤਾਂਤਕ ਵੇਰਵਿਆਂ ਨੇ ਨਾਵਲ ਨੂੰ ਗਲਪੀ ਕਿਰਤ ਬਣਾ ਦਿੱਤਾ ਹੈ। ਇਸ ਦਾ ਨਮੂਨਾ *'ਗਹਿਰ ਚੜ੍ਹੀ ਅਸਮਾਨ'* ਨਾਵਲ ਵਿੱਚੋਂ ਦੇਖ ਸਕਦੇ ਹਾਂ ਜਿਵੇਂ:

"ਸਮਾਂ ਲੰਘਦਾ ਗਿਆ। ਲੱਖੂ ਸੁਧਰਨ ਦੀ ਬਜਾਏ ਹੋਰ ਵਿਗੜਦਾ ਗਿਆ। ਆਪਣੇ ਸਹੁਰੇ ਦੀ ਮੌਤ ਤੱਕ, ਉਸ ਨੂੰ ਇਹ ਸੁੱਖ ਰਿਹਾ ਕਿ ਘਰ ਭਰਿਆ ਭਰਾਇਆ ਸੀ। ਸੱਸ-ਸਹੁਰਾ ਉਸ ਨੂੰ ਕਿਸੇ ਚੀਜ਼ ਦੀ ਤੋਟ ਨਾ ਆਉਣ ਦਿੰਦੇ। ਫ਼ਸਲ ਰੱਜਵੀਂ ਘਰ ਆਉਂਦੀ ਸੀ, ਕਿ ਕਰਮਾ ਬਹੁਤ ਮਿਹਨਤੀ ਸੀ। ਨਾਲ ਹਿੱਸੇ 'ਤੇ ਰੱਖਿਆ ਦੌਲਾ ਵੀ ਦੇਹ ਤੋੜ ਕੇ ਕੰਮ ਕਰਨ ਵਾਲਾ ਬੰਦਾ ਸੀ।" (ਪਰਵਾਨਾ, "ਗਹਿਰ ਚੜ੍ਹੀ ਅਸਮਾਨ" 40)

ਇਸ ਤਰ੍ਹਾਂ *'ਗਹਿਰ ਚੜ੍ਹੀ ਅਸਮਾਨ'* ਵਿੱਚ ਲੱਖਾ ਸਿੰਘ ਦੇ ਪਿਤਾ ਦੀ ਮੌਤ ਹੋ ਜਾਣ ਨਾਲ ਘਰ ਦੀ ਸਥਿਤੀ ਹੋਰ ਵੀ ਬਦਲ ਜਾਂਦੀ ਹੈ। ਆਰਥਿਕ ਸਥਿਤੀ ਮਾੜੀ ਹੋ ਜਾਂਦੀ ਹੈ। ਲੱਖਾ ਸਿੰਘ ਵਧੇਰੇ ਸ਼ਰਾਬ ਪੀਣ ਲੱਗਦਾ ਅਤੇ ਬਚਨੀ ਦੀ ਜ਼ਿੰਦਗੀ ਵਿੱਚ ਹਨ੍ਹੇਰਾ ਆਉਣ ਲੱਗਦਾ ਹੈ। ਬਚਨੀ ਦੀ ਜ਼ਿੰਦਗੀ ਸੱਜੇ ਤੋਂ ਖੱਬੇ ਪਾਸੇ ਖੜ੍ਹੀ ਹੋ ਜਾਂਦੀ ਹੈ।

ਮੌਕਾ ਮੇਲ ਦੀ ਜੁਗਤ ਦੀ ਵਰਤੋਂ ਦੀ ਇੱਕ ਹੋਰ ਉਦਾਹਰਨ *'ਖੇਤਾਂ ਦਾ ਰੁਦਨ'* ਨਾਵਲ ਚੋਂ ਦੇਖ ਸਕਦੇ ਹਾਂ ਜਿਵੇਂ:

"ਸਵੇਰੇ ਲਖਵੀਰ ਚਾਹ ਲੈ ਕੇ ਗਿਆ ਤਾਂ 'ਵਾਜ਼ ਮਾਰਨ 'ਤੇ ਵੀ ਜਦੋਂ ਨਾ ਉੱਠਿਆ ਤਾਂ ਉਸ ਨੇ ਹਿਲਾਇਆ...ਗਰਦਨ ਪਾਸੇ ਲੁੜ੍ਹਕ ਗਈ...ਰਾਤ ਦੇ ਕਿਸੇ ਵੇਲੇ ਦੇ ਪ੍ਰਾਣ ਨਿਕਲੇ ਹੋਏ ਸਨ...। "ਭਰਾ ਨੇ ਹੰਝੂ ਭਰੀਆਂ ਅੱਖਾਂ ਨਾਲ ਰੁੱਕ-ਰੁੱਕ ਕੇ ਦੱਸਿਆ। ਆਖ਼ਰੀ ਰਸਮਾਂ ਦੀ ਤਿਆਰੀ ਜਾਰੀ ਰਹੀ ਤੇ ਉਸ ਦੇ ਪੁੱਜਣ ਤੋਂ ਦੋ ਘੰਟੇ ਬਾਅਦ ਸਿੜ੍ਹੀ ਲੈ ਕੇ ਸਿਵਿਆਂ ਨੂੰ ਤੁਰ ਪਏ ਸਨ। ਭਰਾ ਨਾਲ ਉਸ ਦੀ ਚਿਖਾ ਨੂੰ ਅੱਗ ਦਿੰਦਿਆਂ ਉਸ ਦਾ ਮਨ ਭਰ ਆਇਆ ਜੇ ਕੁੱਝ ਲੇਟ ਹੋ ਜਾਂਦਾ, ਉਸ ਨੂੰ ਸ਼ਾਇਦ ਉਹ ਉਡੀਕਦੇ ਵੀ ਨਾ! ਕੀ ਉਹ ਮੇਰਾ ਬਾਪ ਨਹੀਂ ਸੀ?" ਵੱਡੇ ਭਰਾ ਦਾ ਰਵੱਈਆ ਉਸ ਨੂੰ ਚੁੱਭਿਆ। ਰਾਤ ਨੂੰ ਵੀ ਭੈਣ-ਭੂਆ ਤੇ ਕੁੱਝ ਹੋਰ ਨੇੜਲੇ ਰਿਸ਼ਤੇਦਾਰਾਂ ਦਾ ਰਸ਼ ਜਿਹਾ ਸੀ।" (ਪਰਵਾਨਾ, "ਖੇਤਾਂ ਦਾ ਰੁਦਨ" 83)

ਰਵਿੰਦਰ ਰਵੀ ਦੇ ਪਿਤਾ ਨੇ ਪਹਿਲਾ ਹੀ ਰਵੀ ਨੂੰ ਆਪਣੀ ਜ਼ਮੀਨ 'ਚੋਂ ਬੇਦਖ਼ਲ ਕਰ ਦਿੱਤਾ ਸੀ। ਅਚਾਨਕ ਪਿਤਾ ਦੀ ਮੌਤ ਹੋ ਜਾਣ ਕਾਰਨ ਉਸ ਦੀ ਆਰਥਿਕ ਸਥਿਤੀ ਹੋਰ ਵੀ ਮਾੜੀ ਹੋ ਜਾਂਦੀ ਹੈ ਕਿਉਂਕਿ ਉਸ ਦਾ ਭਰਾ ਸਾਰੀ ਜ਼ਮੀਨ ਆਪਣੇ ਨਾਂ ਕਰਵਾ ਲੈਂਦਾ ਹੈ। ਰਵੀ ਸਿਰਫ਼ ਐਡਹਾਕ ਬੇਸ ਵਾਲੀ ਨੌਕਰੀ 'ਤੇ ਗੁਜ਼ਾਰਾ ਕਰਦਾ ਹੈ। ਘਰ ਵਿਚੋਂ ਰਵੀ ਨੂੰ ਉਸ ਦੇ ਹਿੱਸੇ ਦਾ ਕੁੱਝ ਵੀ ਪ੍ਰਾਪਤ ਨਹੀਂ ਹੁੰਦਾ। ਸਗੋਂ ਰਵੀ ਦੀ ਜ਼ਿੰਦਗੀ ਹੋਰ ਵੀ ਮੁਸ਼ਕਿਲਾਂ ਤਕਲੀਫ਼ਾਂ ਨਾਲ ਭਰ ਜਾਂਦੀ ਹੈ।

ਉਪਰੋਕਤ ਚਰਚਾ ਦੇ ਆਧਾਰ 'ਤੇ ਕਹਿ ਸਕਦੇ ਹਾਂ ਕਿ ਪਰਵਾਨਾ ਆਪਣੇ ਨਾਵਲਾਂ ਵਿੱਚ ਮੌਕਾ ਮੇਲ ਦੀ ਜੁਗਤ ਦੀ ਸਫਲ ਵਰਤੋਂ ਕਰਦਾ ਹੈ। ਇਸ ਜੁਗਤ ਦੀ ਵਰਤੋਂ ਕਰਦਾ ਕਿਤੇ ਵੀ ਥਿੜਕਦਾ ਦਿਖਾਈ ਨਹੀਂ ਦਿੰਦਾ। ਮੌਕਾ ਮੇਲ ਦੀ ਜੁਗਤ ਦੀ ਵਰਤੋਂ ਨਾਵਲ ਵਿੱਚ ਉਤਸੁਕਤਾ ਪੈਦਾ ਕਰਦੀ ਨਾਵਲੀ ਬਿਰਤਾਂਤ ਨੂੰ ਰਸ, ਅਚੰਭਾ ਭਰਪੂਰ ਬਣਾਉਂਦੀ ਹੈ।

ਪਰਵਾਨਾ ਆਪਣੇ ਨਾਵਲਾਂ ਵਿੱਚ ਕੇਵਲ ਭਾਸ਼ਣ, ਬਹਿਸ ਜਾਂ ਸੰਵਾਦ ਦੀ ਵਿਧੀ ਦੀ ਵਰਤੋਂ ਹੀ ਨਹੀਂ ਕਰਦਾ ਸਗੋਂ ਨਾਵਲਾਂ ਵਿੱਚ ਕਾਵਿਕ ਅੰਸ਼ਾਂ ਦੀ ਵਰਤੋਂ ਵੀ ਕਰਦਾ ਹੈ। ਚਾਹੇ ਉਹ ਕਿੱਸਾ, ਕਵਿਤਾ, ਗ਼ਜ਼ਲ ਆਦਿ ਦੇ ਰੂਪ ਵਿੱਚ ਹੋਵੇ। ਇਸ ਦੇ ਹਵਾਲੇ ਰਵਾਲ ਵੱਲੋਂ ਕਿੱਸਾ ਪੜ੍ਹਨ ਉਪਰੰਤ ਮਿਲਦੇ ਹਨ ਜਿਵੇਂ:

"ਡੋਲੀ ਚੜ੍ਹਦਿਆਂ ਮਾਰੀਆਂ ਹੀਰ ਚੀਕਾਂ
ਮੈਨੂੰ ਲੈ ਚੱਲੇ ਬਾਬਲਾ ਲੈ ਚੱਲੇ ਵੇ।
ਮੈਨੂੰ ਰੱਖ ਲੈ ਅੱਜ ਦੀ ਰਾਤ ਬਾਬਲ...।" (ਪਰਵਾਨਾ, "ਗਹਿਰ ਚੜ੍ਹੀ ਅਸਮਾਨ" 9)

"ਡੋਲੀ ਘੱਤ ਕਹਾਰ ਵੈ ਲੈ ਚੱਲੇ।

ਮੇਰਾ ਆਖਿਆ ਕਦੀ ਨਾ ਮੋੜਦਾ ਸੈਂ,

ਉਹ ਸਮੇਂ ਬਾਬਲ ਵੇ...।" (ਪਰਵਾਨਾ, "ਗਹਿਰ ਚੜ੍ਹੀ ਅਸਮਾਨ" 10)

ਇਸ ਤੋਂ ਇਲਾਵਾ ਧਾਰਮਿਕ ਸ਼ਬਦ ਵੀ ਇਸ ਦੇ ਨਮੂਨੇ ਵਜੋਂ ਦੇਖੇ ਜਾ ਸਕਦੇ ਹਨ ਜਿਵੇਂ:

"ਚਿੱਟੀਆਂ ਪੁਣੀਆਂ ਤੰਦ ਲੈਣ ਹੁਲਾਰੇ

ਪਾਪੀ ਬੰਦਿਆਂ ਨੂੰ

ਅੱਜ ਮਾਤਾ ਰਾਣੀ ਤਾਰੇ...।" (ਪਰਵਾਨਾ, "ਗਹਿਰ ਚੜ੍ਹੀ ਅਸਮਾਨ" 38)

"ਉੱਚੇ ਉੱਚੇ ਭਵਨਾਂ 'ਚੋਂ,

ਮਾਤਾ ਵਾਜਾਂ ਮਾਰਦੀ,

ਪਾਪੀਆਂ ਨੂੰ ਤਾਰਦੀ ਜੀ,

ਜੱਗ ਨੂੰ ਹੈ ਤਾਰਦੀ...।" (ਪਰਵਾਨਾ, "ਗਹਿਰ ਚੜ੍ਹੀ ਅਸਮਾਨ" 42)

ਤੁਕ ਬੰਦੀ:

"ਐਵੇਂ ਭਰਮ ਹੈ ਸਾਡਿਆਂ ਕਾਤਲਾਂ ਨੂੰ

ਅਸੀਂ ਹੋਵਾਂਗੇ ਦੋ ਜਾਂ ਚਾਰ ਲੋਕੋ

ਕਤਲ ਹੋਇਆਂ ਵੀ ਜਿਹੜੀ ਮੁਕਣੀ ਨਾ

ਏਡੀ ਲੰਬੀ ਹੈ ਸਾਡੀ ਕਤਾਰ ਲੋਕੋ...।" (ਪਰਵਾਨਾ, "ਨਿੱਕੇ ਨਿੱਕੇ ਯੁੱਧ" 35)

ਇਸ ਤੋਂ ਇਲਾਵਾ ਪਰਵਾਨਾ ਨੇ ਪੰਜਾਬੀ ਗੀਤਾਂ ਦੀ ਵੀ ਆਪਣੇ ਨਾਵਲਾਂ 'ਚ ਅੰਸ਼ਕ ਵਰਤੋਂ ਕੀਤੀ ਹੈ ਜਿਵੇਂ:

"ਉਮਰ ਦਾ ਕੀ ਹੁੰਦਾ! ਗੱਲ ਤਾਂ ਦਿਲ ਦੀ ਹੁੰਦੀ ਐ, ਸਰ...ਗੁਰਦਾਸ ਮਾਨ ਗਾਉਂਦਾ ਨਹੀਂ ਹੁੰਦਾ!

'ਉਮਰਾਂ 'ਚ ਕੀ ਰੱਖਿਆ, ਦਿਲ ਹੋਣਾ ਚਾਹੀਦਾ ਜਵਾਨ...।" (ਪਰਵਾਨਾ, "ਕਥਾ ਇਸ ਯੁੱਗ ਦੀ" 70)

ਕਹਿ ਸਕਦੇ ਹਾਂ ਕਿ ਪਰਵਾਨਾ ਆਪਣੇ ਨਾਵਲਾਂ ਵਿੱਚ ਕਿੱਸਾ, ਕਵਿਤਾ, ਤੁਕ ਬੰਦੀ, ਗੀਤਾਂ ਦੀ ਅੰਸ਼ਕ ਵਰਤੋਂ ਕਰ ਕੇ ਦ੍ਰਿਸ਼ ਨੂੰ ਸਾਕਾਰ ਕਰਦਾ ਹੈ। ਇਨ੍ਹਾਂ ਕਾਵਿਕ ਅੰਸ਼ਾਂ ਦੀ ਵਰਤੋਂ ਨਾਲ ਨਾਵਲੀ ਬਿਰਤਾਂਤ ਕਿਤੇ ਵੀ ਧੁੰਦਲਾ ਨਹੀਂ ਪੈਂਦਾ ਸਗੋਂ ਪਾਠਕ ਇਸ ਨੂੰ ਹੋਰ ਵੀ ਰੋਚਕਤਾ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਗ੍ਰਹਿਣ ਕਰਦੇ ਹਨ।

ਆਂਚਲਿਕਤਾ ਸ਼ਬਦ ਮੂਲ ਰੂਪ ਵਿੱਚ ਹਿੰਦੀ ਭਾਸ਼ਾ ਦਾ ਸ਼ਬਦ ਹੈ ਜਿਸ ਦਾ ਅਰਥ ਹੈ ਕੋਈ ਖ਼ਾਸ ਖੇਤਰ ਜਾਂ ਖੇਤਰ ਵਿਸ਼ੇਸ਼।

ਮਾਨ ਸਿੰਘ ਢੀਂਡਸਾ ਅਨੁਸਾਰ, "ਹਿੰਦੀ ਦੇ ਸ਼ਬਦ 'ਅੰਚਰਾ' ਦਾ ਵੀ ਅੰਚਲ ਦੇ ਅਰਥਾਂ ਵਿੱਚ ਪ੍ਰਯੋਗ ਕੀਤਾ ਗਿਆ ਹੈ ਤੇ ਇਸ ਸੰਸਕ੍ਰਿਤ ਦੇ 'ਅੰਚਲ' ਸ਼ਬਦ ਦਾ ਵਿਕਸਤ ਰੂਪ ਅੰਚਲ ਦੇ ਸਮਾਨ ਮੰਨਿਆ ਗਿਆ ਹੈ। 'ਭਾਸ਼ਾ ਸ਼ਬਦ

ਕੋਸ਼' ਵਿੱਚ ਅੰਚਲ ਦਾ ਅਰਥ 'ਸਾੜ੍ਹੀ ਦਾ ਕਿਨਾਰਾ' ਹੈ ਜੋ ਸਾਹਮਣੇ ਰਹਿੰਦਾ ਹੈ, ਪੱਲਾ, ਆਂਚਲ, ਕਿਨਾਰਾ, ਸੀਮਾ ਦਾ ਸਮੀਪ ਵਰਤੀ ਭਾਗ।" ("ਆਂਚਲਿਕਤਾ ਤੇ ਪੰਜਾਬੀ ਨਾਵਲ" 11)

ਇਸ ਤਰ੍ਹਾਂ ਆਂਚਲਿਕਤਾ ਤੋਂ ਭਾਵ ਸਾੜ੍ਹੀ ਦਾ ਪੱਲੂ ਜਾਂ ਕਿਨਾਰਾ। ਸਾਹਿਤਕ ਖੇਤਰ ਵਿੱਚ ਇਸ ਨੂੰ ਕਿਸੇ ਖ਼ਾਸ ਖੇਤਰ ਦੇ ਕਿਸੇ ਭਾਗ ਨੂੰ ਕਿਹਾ ਜਾਂਦਾ ਹੈ ਜੋ ਆਪਣੇ ਖ਼ਾਸ ਸਭਿਆਚਾਰ, ਰਹਿਣ-ਸਹਿਣ, ਰੀਤੀ-ਰਿਵਾਜ, ਕਦਰਾਂ-ਕੀਮਤਾਂ, ਤਿਉਹਾਰ, ਮੇਲੇ ਆਦਿ ਬਾਰੇ ਕਿਸੇ ਖ਼ਾਸ ਸੰਦਰਭ ਵਿੱਚ ਜਾਣਕਾਰੀ ਦੇਵੇ। ਬਲਬੀਰ ਪਰਵਾਨਾ ਵੀ ਨਾਵਲਾਂ ਵਿੱਚ ਦੁਆਬੇ ਦੇ ਜ਼ਿਲ੍ਹੇ ਹੁਸ਼ਿਆਰਪੁਰ ਦੇ ਕੰਡੀਦਾਰ ਪਹਾੜੀ ਇਲਾਕੇ ਦੇ ਰਹਿਣ-ਸਹਿਣ, ਢੰਗ-ਤਰੀਕੇ, ਧੰਦੇ, ਤਿਉਹਾਰ, ਜੀਵਨ ਜੀਊਣ ਦੇ ਢੰਗ ਆਦਿ ਦੀ ਪੇਸ਼ਕਾਰੀ ਕਰਦਾ ਹੈ। ਜਿਵੇਂ:

> "ਇਹ ਜ਼ਮੀਨ ਉੱਨੀ ਸੌ ਪਚਵੰਜਾ ਦੇ ਹੜ੍ਹਾਂ ਦੀ ਮਾਰ ਹੇਠ ਆ ਕੇ ਬੰਜਰ ਹੋਈ ਸੀ ਪੂਰਬ 'ਚ, ਠਾਕਰਦੁਆਰੇ ਕੋਲੋਂ ਬਿਆਸ ਦਰਿਆ ਦਾ ਇੱਕ ਛਰਾ ਆਪਣੇ ਵਹਿਣ 'ਚ ਪਾੜ ਪਾ ਕੇ, ਇੱਧਰ ਨੂੰ ਵਗ ਤੁਰਿਆ ਸੀ। ਬਸੰਤਪੁਰ, ਤਿਓੜੇ, ਭੁੰਬਲੇ, ਉਲੈਹੜੀਆਂ, ਟਾਂਡਾ, ਪੰਡੋਰੀ, ਧਰਮਪੁਰ ਤੇ ਜ਼ਾਹਰਕੋਟ ਆਦਿ ਕਿੰਨੇ ਹੀ ਪਿੰਡਾਂ ਦੀ ਜ਼ਮੀਨ, ਇਸ ਹੜ੍ਹਾਂ ਦੇ ਵਹਿਣ ਮੂਹਰੇ ਰੁੜ੍ਹ ਗਈ ਸੀ। ਭੁੰਬਲੇ ਤਾਂ ਪੂਰਾ ਪਿੰਡ ਹੀ ਰੁੜ੍ਹ ਗਿਆ ਸੀ ਸਮੇਤ ਉਸ ਦੇ ਸਾਰੇ ਘਰਾਂ ਦੇ ਕਿਧਰੇ ਕਿਸੇ ਘਰ ਦੀ ਨੀਂਹ ਤੱਕ ਦੀਆਂ ਇੱਟਾਂ ਨਾ ਬਚੀਆਂ। ਢਾਈ ਤਿੰਨ ਕਿੱਲੋਮੀਟਰ ਚੌੜੀ ਤੇ ਦਸ ਬਾਰਾਂ ਕਿੱਲੋਮੀਟਰ ਲੰਮੀ ਪੱਟੀ, ਇਸ ਵਹਿਣ ਦੇ ਧਰਮਪੁਰਾ ਕੋਲ ਮੁੜ ਦਰਿਆ 'ਚ ਜਾ ਕੇ ਰਲਣ ਤੱਕ, ਜ਼ਮੀਨ ਪੂਰੀ ਤਰ੍ਹਾਂ ਤਬਾਹ ਹੋ ਗਈ ਸੀ।" (ਪਰਵਾਨਾ, "ਅੰਬਰ ਵੱਲ ਉਡਾਣ" 28)

ਉਪਰੋਕਤ ਹਵਾਲੇ ਤੋਂ ਦੁਆਬੇ ਦੇ ਇਲਾਕੇ ਦੇ ਪਿੰਡਾਂ ਦਾ ਹੜ੍ਹ ਦੀ ਲਪੇਟ ਵਿੱਚ ਆ ਜਾਣ ਬਾਰੇ ਪਤਾ ਚੱਲਦਾ ਹੈ। ਉਸ ਖੇਤਰ ਦੇ ਖੇਤੀਬਾੜੀ ਦੇ ਧੰਦੇ ਬਾਰੇ ਜਾਣਕਾਰੀ ਮਿਲਦੀ ਹੈ। ਇਸ ਦਾ ਇੱਕ ਹੋਰ ਨਮੂਨਾ *'ਨਿੱਕੇ ਨਿੱਕੇ ਯੁੱਧ'* ਨਾਵਲ ਵਿੱਚੋਂ ਦੇਖ ਸਕਦੇ ਹਾਂ ਜਿਵੇਂ:

> "ਖੂਹ ਵਾਲਾ ਮੋੜ ਮੁੜਿਆ ਤਾਂ ਸਾਹਮਣੇ ਗਲੀ 'ਚ ਪੈ ਰਹੀ ਚਾਨਣ ਦੀ ਲਿਸ਼ਕੋਰ, ਰੌਲਾ ਤੇ ਸਪੀਕਰ ਤੇ ਵੱਜਦੇ ਗੀਤ ਵਿਆਹ ਵਾਲੇ ਘਰ ਦੀ ਦੱਸ ਪਾ ਰਹੇ ਸਨ। ਉਹ ਬੂਹਾ ਲੰਘ ਕੇ ਅੰਦਰ ਹੋਇਆ ਤਾਂ ਬੂਹੇ ਦੇ ਨਾਲੋਂ ਥੋੜ੍ਹਾ ਜਿਹਾ ਥਾਂ ਜਾਣ ਆਉਣ ਵਾਸਤੇ ਛੱਡ ਕੇ, ਕਈ ਖਾਣ ਵਾਲਿਆਂ ਦੀਆਂ ਪੰਗਤਾਂ ਲੱਗੀਆਂ ਹੋਈਆਂ ਸਨ। ਵਿਚਾਲੇ ਕੁੱਝ ਥਾਂ ਖ਼ਾਲੀ ਛੱਡ ਕੇ, ਦੋ ਟਾਟ ਬਰੋ-ਬਰਾਬਰ, ਗਲੀ ਵੱਲ ਦੀ ਕੰਧ ਦੇ ਨਾਲ-ਨਾਲ ਸੁਫ਼ੇ ਦੇ ਮੂਹਰੇ ਤੱਕ ਵਿਛੇ ਸਨ। ਦੋਹਾਂ 'ਤੇ ਇੱਕ ਦੂਸਰੇ ਵੱਲ ਮੂੰਹ ਕਰ, ਪੰਗਤ 'ਚ ਬੈਠੇ ਪਿੰਡ ਦੇ ਲੋਕ ਰੋਟੀ ਖਾ ਰਹੇ ਸਨ। ਦਾਲ, ਚੌਲ, ਪਾਣੀ, ਫੁਲਕੇ ਵਰਤਾਏ ਜਾ ਰਹੇ ਸਨ।" (ਪਰਵਾਨਾ, "ਨਿੱਕੇ ਨਿੱਕੇ ਯੁੱਧ" 14)

ਨਾਵਲੀ ਬਿਰਤਾਂਤ 'ਚ ਦੁਆਬੇ ਦੇ ਇਲਾਕੇ ਦੇ ਵਿਆਹਾਂ ਸਮੇਂ ਦੇ ਕਾਰ ਵਿਹਾਰ, ਖਾਣ ਪੀਣ, ਪ੍ਰਾਹੁਣਚਾਰੀ, ਰਸਮਾਂ-ਰਿਵਾਜਾਂ, ਰੋਟੀ ਵਰਤਾਉਣ ਦੇ ਢੰਗ ਤਰੀਕੇ ਆਦਿ ਬਾਰੇ ਭਰਪੂਰ ਜਾਣਕਾਰੀ ਮਿਲਦੀ ਹੈ। ਇਸ ਆਧਾਰ 'ਤੇ ਕਹਿ

ਸਕਦੇ ਹਾਂ ਕਿ ਪਰਵਾਨਾ ਆਪਣੇ ਨਾਵਲਾਂ 'ਚ ਦੁਆਬੀ ਆਂਚਲਿਕਤਾ ਨੂੰ ਆਧਾਰ ਬਣਾ ਕੇ ਸਫਲ ਨਾਵਲੀ ਬਿਰਤਾਂਤ ਸਿਰਜਦਾ ਹੈ।

ਚੇਤਨਾ ਪ੍ਰਵਾਹ ਵਿਧੀ ਰਾਹੀਂ ਨਾਵਲਕਾਰ ਪਾਤਰਾਂ ਦੇ ਮਨ ਉੱਪਰ ਪਏ ਪ੍ਰਭਾਵਾਂ ਨੂੰ ਚਿਤਰਨ ਉੱਪਰ ਵਧੇਰੇ ਬਲ ਦਿੰਦੇ ਹਨ। ਪਰਵਾਨਾ ਵੀ ਚੌ-ਲੜੀ ਦੇ ਮੁੱਖ ਪਾਤਰ ਗਿੰਦਰ ਦੀ ਮਾਨਸਿਕ ਸਥਿਤੀ ਦਾ ਪ੍ਰਗਟਾਅ ਕਰਦਾ ਹੋਇਆ ਚੇਤਨਾ ਪ੍ਰਵਾਹ ਵਿਧੀ ਦੀ ਸਫਲ ਵਰਤੋਂ ਕਰਦਾ ਹੈ। ਜਿਵੇਂ:

> "ਬਰਸੀਮ ਲੈਣ ਗਏ ਨੇ ਜਦੋਂ ਦੇਖਿਆ ਤਾਂ ਉਸ ਦਾ ਹੇਠਲਾ ਸਾਹ ਹੇਠਾਂ 'ਤੇ ਉੱਪਰਲਾ ਉੱਤੇ ਰਹਿ ਗਿਆ ਸੀ। ਚਾਰ ਟਾਹਲੀਆਂ ਵੱਡੀਆਂ ਪਈਆਂ ਸਨ ਤੇ ਪੰਜਵੀਂ ਦੇ ਮੁੱਢ ਨੂੰ ਆਰਾ ਧਰਿਆ ਹੋਇਆ ਸੀ। ਮੱਦੀ ਤੇ ਇੱਕ ਹੋਰ ਜਣਾ ਵੱਢੀਆਂ ਪਈਆਂ ਟਾਹਲੀਆਂ ਦੀ ਛਾਂਗ ਲਾਹ ਕੇ ਉਨ੍ਹਾਂ ਦੇ ਮੋਛੇ ਪਾ ਰਹੇ ਸਨ। ਉਸ ਨੇ ਰਿੱਝਦੇ ਮਨ ਨਾਲ ਬਰਸੀਮ ਦੀ ਭਰੀ ਵੱਢੀ ਰਿੱਝਦੇ ਮਨ ਨਾਲ ਘਰ ਆਇਆ। ਰਾਹ 'ਚ ਜੇ ਕਿਸੇ ਨੇ ਉਸ ਨੂੰ ਬੁਲਾਇਆ ਤਾਂ ਹੂੰ ਹਾਂ ਜਿਹਾ ਕਰ ਪਿੱਛਾ ਛੁਡਾ ਲਿਆ ਸੀ।" (ਪਰਵਾਨਾ, "ਗਹਿਰ ਚੜ੍ਹੀ ਅਸਮਾਨ" 140)

ਪਰਵਾਨਾ ਦੇ ਗਿੰਦਰ ਦੇ ਮਨ ਅਤੇ ਮਾਨਸਿਕਤਾ ਦੇ ਪ੍ਰਭਾਵ ਨੂੰ ਚਿਤਰ ਕੇ ਚੇਤਨਾ ਪ੍ਰਵਾਹ ਦੀ ਜੁਗਤ ਦੀ ਸਫਲ ਵਰਤੋਂ ਕੀਤੀ ਹੈ। ਇਹ ਘਟਨਾ ਪਾਤਰ ਗਿੰਦਰ ਦੇ ਚੇਤਨ ਮਨ ਨਾਲ ਟਕਰਾ ਕੇ ਪਾਠਕਾਂ ਤੱਕ ਪਹੁੰਚ ਦੀ ਹਨ।

ਵਰਤਮਾਨ ਵਿਚ ਚੱਲ ਰਹੀ ਘਟਨਾ ਦੇ ਵਰਣਨ ਦੇ ਨਾਲ ਅਤੀਤ ਵਿੱਚ ਪਈ ਕਿਸੇ ਵੀ ਘਟਨਾ ਦਾ ਵਰਣਨ ਕੀਤਾ ਜਾਵੇ ਉਸ ਨੂੰ ਪਿਛਲ-ਝਾਤ ਵਿਧੀ ਕਿਹਾ ਜਾਂਦਾ ਹੈ।

> ਸੁਰਜੀਤ ਸਿੰਘ ਦਾ ਮੱਤ ਹੈ ਕਿ, "ਕਈ ਵਾਰ ਮੁੱਖ ਘਟਨਾਤਮਕ-ਬਿਰਤਾਂਤ ਨੂੰ ਰੋਕ ਕੇ ਪਿਛਲ-ਝਾਤ ਰਾਹੀਂ ਕਿਸੇ ਪੂਰਣਕਾਲੀ ਘਟਨਾ ਵਲ ਰੂਪ ਮੋੜਿਆ ਜਾਂਦਾ ਹੈ। ਅਜਿਹਾ ਕਰਨ ਨਾਲ ਕਾਰਜਸ਼ੀਲਤਾ ਪਾਤਰਾਂ ਦੇ ਕਿਰਦਾਰ ਨੂੰ ਉਭਾਰਨ ਦੇ ਨਾਲ-ਨਾਲ ਘਟਨਾਤਮਕ ਵੇਰਵਿਆਂ ਦੇ ਸਮੁੱਚੇ ਸੰਦਰਭਾਂ ਨੂੰ ਵੀ ਉਘਾੜਿਆ ਜਾਂਦਾ ਹੈ।" ("ਪੰਜਾਬੀ ਨਾਵਲ: ਦ੍ਰਿਸ਼ ਤੇ ਦ੍ਰਿਸ਼ਟੀ" 62)

ਪਿਛਲ-ਝਾਤ ਵਿਧੀ ਵਿੱਚ ਅਤੀਤ 'ਚ ਪਈ ਕਿਸੇ ਘਟਨਾ ਦਾ ਬਿਆਨ ਕੀਤਾ ਜਾਂਦਾ ਹੈ। ਪਰਵਾਨਾ ਵੀ ਪਾਤਰਾਂ ਦੇ ਅਤੀਤ 'ਚ ਪਈ ਘਟਨਾ ਦਾ ਬਿਆਨ ਪਿਛਲ-ਝਾਤ ਵਿਧੀ ਰਾਹੀਂ ਕਰਦਾ ਹੈ। ਜਿਵੇਂ:

> "ਪੰਜਵੀਂ 'ਚ ਪੜ੍ਹਨ ਵੇਲੇ ਦੀ ਇੱਕ ਘਟਨਾ ਤਾਂ ਉਸ ਨੂੰ ਅਜੇ ਵੀ ਹੂ-ਬ-ਹੂ ਯਾਦ ਸੀ। ਉਸ ਦਾ ਬਾਪ ਅੱਧਾ ਕੁ ਡੋਲੂ ਰਿੱਝਿਆਂ ਹੋਇਆ ਮਾਸ ਲਈ ਘਰ ਵੜਿਆ, ਸ਼ਰਾਬ ਨਾਲ ਰੱਜਿਆ। ਉਸ ਜਦੋਂ ਆਪਣੇ ਬਾਪ ਦੀਆਂ ਲਾਲ ਸੁਰਖ਼ ਹੋਈਆਂ ਅੱਖਾਂ ਵੱਲ ਦੇਖਿਆ ਤਾਂ ਉਸ ਨੂੰ ਫੱਟ ਪਤਾ ਲੱਗ ਗਿਆ ਸੀ ਕਿ ਉਸ ਨੇ ਸ਼ਰਾਬ ਪੀਤੀ ਹੋਈ ਹੈ। ਉਸ ਨੇ ਰਸੋਈ ਮੂਹਰੇ ਚੌਂਕੇ 'ਚ ਘੀਆ ਚੀਰਦੀ ਬਚਨੀ ਨੂੰ ਕਿਹਾ, "ਆਹ ਲੈ ਮਾਸ...ਅੱਜ ਸਬਜ਼ੀ ਬਣਾਉਣ ਦੀ ਲੋੜ ਨਹੀਂ?"

"ਇਹ ਰਿੱਝਿਆਂ ਮਾਸ ਕਿਥੋਂ ਲੈ ਆਇਆ? ਪਿੰਡ 'ਚ ਨਾ ਕਿਸੇ ਦੇ ਵਿਆਹ, ਨਾ ਮੰਗਣਾ।" ਉਸ ਨੇ ਡੋਲੂ ਦਾ ਢੱਕਣ ਲਾਹੁੰਦਿਆਂ ਪੁੱਛਿਆ।

"ਸ਼ਾਹਾਂ ਦਿਓ।"

"ਸ਼ਾਹਾਂ ਦਿਓ? ਉਨ੍ਹਾਂ ਮੱਖੀ-ਚੂਸਾਂ ਨੇ ਮਾਸ ਕਿਵੇਂ ਦੇ ਦਿੱਤਾ?"

ਬਚਨੀ ਦਾ ਮੱਥਾ ਠਣਕਿਆ।

"ਸਵੇਰੇ ਉਨ੍ਹਾਂ ਦੇ ਬੱਕਰਾ ਵੱਢਿਆ ਸੀ। ਮੈਂ ਕਿੱਲੋ ਲੈ ਤੁਰਨ ਲੱਗਾ ਤਾਂ ਲੱਛੂ ਕਹਿੰਦਾ, "ਬਣਿਆ ਹੋਇਆ ਹੀ ਲੈ ਜਾਵੀਂ, ਲੱਖਾ ਸਿੰਹਾਂ! ਅਸੀਂ ਆਪਣੇ ਘਰ ਲਈ ਵੀ ਤਾਂ ਬਣਾਉਣਾ ਹੀ ਹੈ, ਉਸ ਨਾਲ ਹੀ ਤੇਰਾਂ ਵੀ ਰਿੱਝ ਜਾਵੇਗਾ। ਉਨ੍ਹਾਂ ਚਿਰ ਬਹਿ ਕੇ ਲਾਉਂਦੇ ਆ ਛਿੱਟ-ਛਿੱਟ...।"

"ਤੇਰੇ ਕੋਲ ਤਾਂ ਸਵੇਰੇ ਪੈਸੇ ਨਹੀਂ ਸੀ। ਪੈਸੇ ਕਿੱਥੋਂ ਲਏ?"

"ਜੱਟ ਦੀ ਪਿੰਡ 'ਚ ਬਣੀ ਹੋਈ ਐ। ਪੰਜ ਮੰਗੋ ਪੰਜਾਹ ਦੇਂਦੇ ਐ ਲੋਕ।"

"ਲੋਕਾਂ ਤਾਂ ਦੇਣੇ ਹੀ ਐ! ਛੇ ਮਹੀਨਿਆਂ ਬਾਅਦ ਚਾਰ ਕਨਾਲ਼ਾਂ ਜ਼ਮੀਨ ਜੁ ਲਿਖਾਉਣੀ ਹੁੰਦੀ ਐ ਅਗਲੇ ਨੇ...ਹੁਣ ਕਿੰਨੇ ਉਧਾਰ ਕਰ ਆਇਆ?"

"ਤੈਨੂੰ ਕੀ? ਕੁੱਤੀ ਭੌਂਕਣੋਂ ਈ ਨਈਂ ਹੱਟਦੀ, ਨੰਗਾ ਦੀ ਧੀ...ਤੇਰੀ ਜ਼ਮੀਨ ਵੇਚਦਾ ਜਾਂ ਤੇਰਾ ਪਿਓ ਕੰਜਰ ਆ ਕੇ ਮੇਰੇ ਕਰਜ਼ੇ ਲਾਹੁੰਦਾ।"

"ਚੌਰਿਆ, ਆਹ ਦੇਖ! ਪਾਣੀ ਵਰਗੀ ਪਤਲੀ ਤਰੀ ਅੱਧਾ ਡੋਲੂ ਕਰ ਤੇਰੇ ਮੱਥੇ ਮਾਰਿਆ। ਵਿੱਚ ਗਿਣਤੀ ਦੀਆਂ ਚਾਰ ਡੂੰਗਾਂ...ਪਾਈਆ ਵੀ ਨਈਂ ਹੋਣੀਆਂ।" ਡੋਲੂ 'ਚ ਕੜਛੀ ਮਾਰਦਿਆਂ ਬਚਨੀ ਨੂੰ ਅੱਗ ਲੱਗ ਗਈ ਸੀ, "ਲੋਕ ਵੀ ਕਿੰਨੇ ਹਰਾਮਖ਼ੋਰ ਐ...ਪਈ ਜੇ ਤੁਹਾਨੂੰ ਖਵਾਉਣ ਦਾ ਸ਼ੌਂਕ ਐ, ਆਪਣੇ ਘਰੋਂ ਖਵਾਓ।"

"ਕੁੱਤੀ ਕਿਸੇ ਥਾਂ ਦੀ ਟਉਂ-ਟਉਂ ਕਰਨੋਂ ਹਟਦੀ ਈ ਨਈ।" ਲੱਖੇ ਦੇ ਦਿਮਾਗ਼ ਨੂੰ ਗੁੱਸਾ ਚੜ੍ਹਨ ਲੱਗ ਪਿਆ ਸੀ।

"ਕੁੱਤੀ ਮੈਂ ਆ ਕਿ ਤੂੰ ਕੁੱਤਾ, ਜਿਹੜਾ ਜੀਭ ਦੇ ਸੁਆਦ ਲਈ ਥਾਂ-ਥਾਂ ਮੂੰਹ ਮਾਰਦਾ ਫਿਰਦਾ...ਇਹ ਵੀ ਨਈ ਪਤਾ ਕਿ ਘਰ ਰੋਟੀ ਜੋਗਾ ਆਟਾ ਹੈ ਕਿ ਨਈਂ ...?"

ਲੱਖੇ ਨੇ ਗੁੱਤੋਂ ਫੜ ਉਸ ਨੂੰ ਧੱਕਾ ਦਿੱਤਾ ਤੇ ਡਿੱਗ ਪਈ ਦੇ ਫਿਰ ਠੁੱਡ ਮਾਰਨ ਲੱਗ ਪਿਆ ਸੀ।" (ਪਰਵਾਨਾ, "ਨਿੱਕੇ ਨਿੱਕੇ ਯੁੱਧ" 24)

ਉਪਰੋਕਤ ਹਵਾਲੇ ਤੋਂ ਪਿਛਲ-ਝਾਤ ਵਿਧੀ ਰਾਹੀਂ ਇਹ ਪਤਾ ਚੱਲਦਾ ਹੈ ਕਿ ਕਿਵੇਂ ਗਿੰਦਰ ਦਾ ਪਿਤਾ ਉਸ ਦੀ ਮਾਂ ਬਚਨੀ ਦੀ ਕੁੱਟ ਮਾਰ ਕਰਦਾ ਹੈ। ਸ਼ਾਹਾਂ ਦੇ ਘਰੋਂ ਪੈਸੇ ਲੈ ਕੇ ਆਪਣੇ ਲਈ ਮੀਟ ਦੀ ਤਰੀ ਲੈ ਕੇ ਆਉਂਦਾ ਹੈ। ਪਰਵਾਨਾ ਨੇ ਆਪਣੇ ਨਾਵਲ ਵਿੱਚ ਗਿੰਦਰ ਦੇ ਅਤੀਤ ਬਾਰੇ ਜਾਣਕਾਰੀ ਦੇਣ ਲਈ ਪਿਛਲ-ਝਾਤ ਜੁਗਤ ਦੀ ਸਫਲ ਵਰਤੋਂ ਕੀਤੀ ਹੈ।

ਨਾਵਲਕਾਰ ਇੱਕੋ ਸਮੇਂ ਇੱਕ ਅਨੁਭਵ/ਸੱਚ ਨੂੰ ਪੇਸ਼ ਕਰਨ ਦਾ ਮੂਲ ਪੈਰਾਡਾਈਮ ਬਣਾਉਂਦਾ ਹੈ ਪਰ ਜਦੋਂ ਰਚਨਾ ਆਪਣੇ ਸਮੇਂ ਦੇ ਪ੍ਰਵਾਹਮਾਨਤਾ 'ਚੋਂ ਗੁਜ਼ਰਦੀ ਹੈ ਤਾਂ ਹੋਰ ਲਘੂ ਸਚਾਈ ਨੂੰ ਪੇਸ਼ ਕਰਦੀ ਹੈ। ਇਨ੍ਹਾਂ ਲਘੂ ਸੋਚਾਂ ਦੇ ਅਨੁਭਵ ਨੂੰ ਮੂਲ ਪੈਰਾਡਾਈਮ ਨਾਲ ਜੋੜਿਆ ਜਾਂਦਾ ਹੈ ਜੋ ਗਲਪ ਪੈਰਾਡਾਈਮ ਬਣਦਾ ਹੈ।

> ਨਰਵਿੰਦਰ ਸਿੰਘ ਦਾ ਮੰਨਣਾ ਹੈ ਕਿ, "ਸਾਹਿਤਕ-ਗਲਪ ਇੱਕ ਸੰਕਲਪਿਤ ਰਚਨਾ ਹੈ, ਜਿਸ ਦੀ ਆਪਣੀ ਭਾਸ਼ਾ ਹੈ। ਇਹ ਭਾਸ਼ਾ ਵਿਅਕਤੀਆਂ, ਵਸਤਾਂ, ਘਟਨਾਵਾਂ, ਬਿਰਤਾਂਤਾਂ 'ਤੇ ਵਾਤਾਵਰਨ ਆਦਿ ਦੀ ਭਾਸ਼ਾ ਹੈ। ਇਸ ਲਈ ਸਾਡਾ ਯਤਨ ਉਸ ਵਿਸ਼ੇਸ਼ ਬਿੰਦੂ ਉੱਤੇ ਧਿਆਨ ਲਗਾਉਣ ਵਿਚ ਜੁੜਦਾ ਹੈ ਜੋ ਇਸ ਸਾਰੀ ਭਾਸ਼ਾ ਰਾਹੀਂ ਆਪਣਾ ਪ੍ਰਗਟਾਵਾ ਲੈਂਦਾ ਹੈ। ਇਸੇ ਵਿਸ਼ੇਸ਼ ਸੰਕਲਪਨਾ ਬਿੰਦੂ ਜਾਂ ਅਰਥਸ਼ੀਲ-ਦ੍ਰਿਸ਼ਟੀ ਨੂੰ ਅਸੀਂ ਆਪਣਾ ਗਲਪੀ-ਪੈਰਾਡਾਇਮ ਆਖਦੇ ਹਾਂ।" (ਨਹਿਰ, "ਨਾਵਲ ਦੀ ਵਿਧਾ" 112)

ਸਾਹਿਤਕਾਰ ਦਾ ਟੀਚਾ ਘਟਨਾਵਾਂ ਦੀ ਚੋਣ ਕਰ ਕੇ ਭਾਸ਼ਾ ਵਾਰਤਾਲਾਪ, ਵਾਤਾਵਰਨ ਰਾਹੀਂ ਪਾਠਕਾਂ ਸਾਹਮਣੇ ਸਮੱਸਿਆਵਾਂ ਨੂੰ ਰੂਪਮਾਨ ਕਰਨਾ ਹੈ। ਇਹ ਰੂਪਮਾਨ ਹੋਈਆਂ ਸਮੱਸਿਆਵਾਂ ਪਾਠਕਾਂ ਨੂੰ ਕੋਈ ਸਾਰਥਕ ਸੇਧ ਦੇਣ।

ਪਰਵਾਨਾ ਵੀ ਆਪਣੇ ਨਾਵਲਾਂ ਵਿੱਚ ਜਿਸ ਪੈਰਾਡਾਈਮ ਦੀ ਪੇਸ਼ਕਾਰੀ ਕਰਦਾ ਹੈ। ਉਹ ਗਲਪ ਅਤੇ ਯਥਾਰਥ ਦੇ ਦਵੈਤ ਉੱਪਰ ਸਿਰਜਿਆ ਗਿਆ ਹੈ। ਪਰਵਾਨਾ ਰੁਮਾਂਸਵਾਦ ਤੋਂ ਮਾਰਕਸਵਾਦ ਆਦਰਸ਼ ਯਥਾਰਥ ਨੂੰ ਚਿਤਰਨ ਲਈ ਮੱਧ ਵਰਗੀ ਕਿਸਾਨੀ ਜੀਵਨ ਦੀਆਂ ਪਰਿਸਥਿਤੀਆਂ ਨੂੰ ਆਧਾਰ ਬਣਾਉਂਦਾ ਹੈ। ਗਿੰਦਰ ਜੋ ਕਿ ਚੌ-ਲੜੀ ਨਾਵਲਾਂ ਦਾ ਮੁੱਖ ਪਾਤਰ ਹੈ। ਜਿਸ ਰਾਹੀਂ ਕਿਸਾਨੀ ਜੀਵਨ ਦੀ ਮਾੜੀ ਆਰਥਿਕ ਸਥਿਤੀ ਕਾਰਨ ਸਮਾਜਿਕ ਸਥਿਤੀ ਨਿਘਾਰ ਵੱਲ ਜਾਣਾ, ਦਿਨ ਪ੍ਰਤੀ ਦਿਨ ਸਿਰ ਚੜ੍ਹ ਰਹੇ ਕਰਜ਼ੇ ਆਦਿ ਪਰਿਸਥਿਤੀਆਂ ਨੂੰ ਪੇਸ਼ ਕੀਤਾ ਗਿਆ ਹੈ। ਪਰਵਾਨਾ ਨੇ ਦੁਆਬੀ ਸਭਿਆਚਾਰ ਨੂੰ ਆਪਣੇ ਵਿਸ਼ੇਸ਼ ਸੰਕਲਪੀ ਦ੍ਰਿਸ਼ਟੀਕੋਣ ਨੂੰ ਪੇਸ਼ ਕਰਨ ਲਈ ਵਰਤਿਆ ਹੈ। ਪਰਵਾਨਾ ਦਾ ਜੋ ਗਲਪ ਪੈਰਾਡਾਈਮ ਸਾਡੇ ਸਾਹਮਣੇ ਆਉਂਦਾ ਹੈ ਉਹ ਮੱਧ ਵਰਗੀ ਕਿਸਾਨਾਂ ਨੂੰ ਸਮੱਸਿਆਵਾਂ ਗ੍ਰਸਤ ਜ਼ਿੰਦਗੀ, ਸਮੁੱਚੇ ਸਮਾਜ ਅੱਗੇ ਸੰਕਲਪਤ ਕਰਦਾ ਹੈ। ਕਿਸਾਨੀ ਜੀਵਨ ਦੀਆਂ ਥੁੜ੍ਹਾਂ, ਲੋੜ੍ਹਾਂ ਅਤੇ ਸਮੱਸਿਆਵਾਂ ਨੂੰ ਸਮੁੱਚੇ ਸਮਾਜ ਦੇ ਸੰਦਰਭ ਵਿੱਚ ਚਿਤਰਿਆ ਹੈ ਜਿਵੇਂ:

> "ਉਂਜ ਇਸ ਨਵੀਂ ਤਕਨੀਕ ਤੋਂ ਬਿਨਾਂ ਗੁਜ਼ਾਰਾ ਵੀ ਕਿਥੇ ਸੀ? ਦੋ ਕਿਲਿਆਂ 'ਚ, ਜੇ ਨਵੇਂ ਬੀਜ ਖਾਂਦਾ ਦਵਾਈਆਂ ਨਾ ਹੋਣ ਤਾਂ ਮਸਾਂ ਖਾਣ ਜੋਗੇ ਦਾਣੇ ਹੀ ਹੋਣ ਤੇ ਫਿਰ ਹੋਰ ਖ਼ਰਚੇ ਕਿਥੋਂ ਤੁਰਨ! ਜੇ ਨਵੇਂ ਢੰਗ ਸਨ ਤਾਂ ਉਨ੍ਹਾਂ ਨਾਲ ਆ ਰਹੀਆਂ ਸਮੱਸਿਆਵਾਂ ਨਵੀਆਂ ਹੀ ਹੋਣਗੀਆਂ।" (ਪਰਵਾਨਾ, "ਨਿੱਕੇ ਨਿੱਕੇ ਯੁੱਧ" 63)

ਪਰਵਾਨਾ ਮੱਧ ਵਰਗੀ ਕਿਸਾਨੀ ਜੀਵਨ ਦੀਆਂ ਸਮੱਸਿਆਵਾਂ ਨੂੰ ਪੇਸ਼ ਕਰਦਾ ਗਲਪੀ ਪੈਰਾਡਾਈਮ ਸਿਰਜਦਾ ਹੈ। ਇਸ ਸਾਰੀ ਪ੍ਰਕਿਰਿਆ 'ਚ ਸਮਾਜਿਕ ਯਥਾਰਥ 'ਚੋਂ ਉੱਘੜਦੇ ਕਿਸਾਨੀ ਬਿੰਬ ਨੂੰ ਪ੍ਰਗਟਾਉਣ ਦਾ ਸਫਲ ਯਤਨ ਕੀਤਾ ਹੈ। ਸਮੁੱਚਾ ਨਾਵਲੀ ਪੈਰਾਡਾਈਮ ਕਿਸਾਨੀ ਜੀਵਨ ਦੀਆਂ ਸਮੱਸਿਆਵਾਂ ਦੇ ਦੁਆਲੇ ਘੁੰਮਦਾ ਹੈ।

ਸਿੰਨਟੈਮ ਤੋਂ ਭਾਵ ਰਚਨਾ ਨੂੰ ਛੋਟੀਆਂ-ਛੋਟੀਆਂ ਇਕਾਈਆਂ ਵਿੱਚ ਪੇਸ਼ ਕਰਨਾ ਤਾਂ ਕਿ ਰਚਨਾ ਆਪਣਾ ਕਾਰਜ ਨਿਭਾ ਸਕੇ। ਰਚਨਾ ਕਾਲ ਦੇ ਪ੍ਰਸੰਗ 'ਚੋਂ ਲੰਘਕੇ ਪਾਠਕ ਦੇ ਪ੍ਰੱਤਖੀ ਅਨੁਭਵ ਤੱਕ ਪੁੱਜਣ ਦੇ ਯੋਗ ਬਣਦੀ ਹੈ। ਬਿਲਕੁਲ ਇਸੇ ਤਰ੍ਹਾਂ ਹੀ ਪਰਵਾਨਾ ਵੀ ਸਿੰਨਟੈਮ ਦੀ ਵਰਤੋਂ ਆਪਣੇ ਨਾਵਲਾਂ ਵਿੱਚ ਕਰਦਾ ਹੈ ਉਹ ਛੋਟੀਆਂ-ਛੋਟੀਆਂ ਪਰਿਸਥਿਤੀਆਂ ਨੂੰ ਆਧਾਰ ਬਣਾ ਕੇ ਕਿਸਾਨੀ ਜੀਵਨ ਦੀ ਯਥਾਰਥਕ ਸਥਿਤੀ ਦੀ ਪੇਸ਼ਕਾਰੀ ਕਰਦਾ ਹੈ ਜਿਵੇਂ ਆੜ੍ਹਤੀਆਂ ਵੱਲੋਂ ਲੁੱਟ, ਸਰਕਾਰ ਦੀਆਂ ਮਾੜੀਆਂ ਨੀਤੀਆਂ, ਸਮਾਜਿਕ ਕਦਰਾਂ-ਕੀਮਤਾਂ, ਰੂੜ੍ਹੀਵਾਦੀ ਸੋਚ, ਹਰੇ ਇਨਕਲਾਬ ਦੇ ਮਾਰੂ ਪ੍ਰਭਾਵ, ਖਾੜਕੂ ਨੀਤੀਆਂ, ਔਰਤ ਦੀ ਸਥਿਤੀ, ਆਧੁਨਿਕਤਾ 'ਤੇ ਪ੍ਰਸ਼ਨ ਚਿੰਨ੍ਹ, ਮੰਡੀ ਸਭਿਆਚਾਰ ਆਦਿ ਇਕਾਈਆਂ ਨੂੰ ਆਧਾਰ ਬਣਾ ਕੇ ਨਾਵਲ ਦੀ ਸਿਰਜਣਾ ਕਰਦਾ ਹੈ। ਇਸ ਤਰ੍ਹਾਂ ਪਰਵਾਨਾ ਨਾਵਲ ਵਿੱਚ ਛੋਟੀਆਂ-ਛੋਟੀਆਂ ਇਕਾਈਆਂ ਦੀ ਸਿਰਜਣਾ ਕਰਦਾ ਹੋਇਆ ਸਿੰਨਟੈਮ ਦੀ ਪੇਸ਼ਕਾਰੀ ਕਰਦਾ ਸੰਪੂਰਨ ਇਕਾਈ ਪੈਰਾਡਾਈਮ ਨੂੰ ਚਿਤਰਦਾ ਹੈ।

ਮੋਟਿਫ਼ ਤੋਂ ਭਾਵ ਕਥਾਨਕ ਦੇ ਵਿਧਾਨ ਵਿੱਚ ਵਿਉਂਤਬੰਦੀ ਦੇ ਪ੍ਰੇਰਕ ਨਿਯਮਾਂ ਨੂੰ ਵਸਤੂ ਯਥਾਰਥ ਅਤੇ ਸਾਹਿਤਕ ਪ੍ਰੰਪਰਾ ਵਿਚਕਾਰ ਸੰਧੀ ਮੰਨੀ ਗਈ ਹੈ। ਵਸਤੂ ਯਥਾਰਥ ਦੀ ਅੰਸ਼ਕ ਵਿਉਂਤਬੰਦੀ 'ਚ ਯਥਾਰਥ ਦਾ ਭਰਮ ਸਿਰਜਦਾ ਹੈ। ਵਸਤੂ ਸਮਗੱਰੀ 'ਚ ਕੋਈ ਕਲਾਤਮਕ ਸੰਗਠਨ ਨਹੀਂ ਸਗੋਂ ਕਲਾਤਮਕ ਸੰਗਠਨ ਦੀ ਰੂਪਬੰਦੀ ਦਾ ਇੱਕ ਤਕਾਜ਼ਾ ਹੈ।

ਪਰਵਾਨਾ ਵੀ ਆਪਣੇ ਨਾਵਲਾਂ ਵਿੱਚ ਗਤੀਸ਼ੀਲ ਮੋਟਿਫ਼ ਦੀ ਵਰਤੋਂ ਕਰਦਾ ਹੈ। ਗਤੀਸ਼ੀਲ ਮੋਟਿਫ਼ ਦੀ ਸਿਰਜਣਾ ਪਰਵਾਨਾ ਦੀ ਗਲਪ ਸ਼ਕਤੀ ਉੱਪਰ ਆਧਾਰਿਤ ਹਨ।

> ਡਾ. ਜਸਪਾਲ ਕੌਰ ਕਾਂਗ ਦੇ ਅਨੁਸਾਰ ਪਰਵਾਨਾ ਦੀ ਦਿਲਚਸਪ ਗੱਲ ਇਹ ਹੈ ਕਿ, "ਅਜਿਹੇ ਪ੍ਰਸੰਗ ਵੀ ਮੂਲ ਬਿਰਤਾਂਤ ਨਾਲ ਜੋੜ ਦੇਂਦਾ ਹੈ, ਜੋ ਉਸ ਨੇ ਵਸਤੂ-ਜਗਤ 'ਚੋਂ ਪ੍ਰਾਪਤ ਨਹੀਂ ਕੀਤੇ ਹੁੰਦੇ, ਪਰ ਇਹ ਪ੍ਰਸੰਗ ਰਚਨਾ ਆਪਣੀ ਤਾਰਕਿਕਤਾ ਸਦਕਾ ਯਥਾਰਥ ਦਾ ਭਰਮ ਸਿਰਜਦੇ ਹਨ।" ("ਗਲਪ ਚੇਤਨਾ ਤੋਂ ਗਲਪ ਸ਼ਾਸਤਰ ਤੱਕ" 11)

ਇਸ ਤਰ੍ਹਾਂ ਪਰਵਾਨਾ ਵਸਤੂ ਯਥਾਰਥ ਦਾ ਭਰਮ ਸਿਰਜ ਕੇ ਕਥਾਨਕ ਦੀ ਅਜਿਹੇ ਵਿਉਂਤਬੰਦੀ ਢੰਗ ਨਾਲ ਪੇਸ਼ਕਾਰੀ ਕਰਦਾ ਹੈ ਕਿ ਪਾਠਕ ਹੈਰਾਨ ਰਹਿ ਜਾਂਦੇ ਹਨ। ਮੋਟਿਫ਼ਾਂ ਦੀ ਲੜੀ ਰਾਹੀਂ ਨਾਵਲਾਂ ਵਿਚਲੇ ਪ੍ਰਕਾਰਜ ਦੀ ਪਛਾਣ ਹੁੰਦੀ ਹੈ। ਕਥਾਨਕ ਦੀ ਵਿਉਂਤਬੰਦੀ ਕਿਤੇ ਵੀ ਥਿੜਕਦੀ ਨਜ਼ਰ ਨਹੀਂ ਆਉਂਦੀ। ਇਸੇ ਕਰ ਕੇ ਪਰਵਾਨਾ ਮੋਟਿਫ਼ਾਂ ਦੀ ਇੱਕ ਲੜੀ ਬਣਾ ਕੇ ਕਿਸੇ ਨਾ ਕਿਸੇ ਰੂਪ 'ਚ ਨਾਵਲ ਦੀ ਸਿਰਜਣਾ ਕਰਦਾ ਹੈ।

ਗਿੰਦਰ ਦਾ ਪ੍ਰੀਤ ਦੇ ਵਿਆਹ ਸਮੇਂ ਚਾਨਣੀ ਰਾਤ ਵਿੱਚ ਬੈਠ ਕੇ ਆਪਣੇ ਪ੍ਰੇਮ ਬਾਰੇ ਸੋਚਣਾ ਅਤੇ ਮਾਨਸਿਕ ਤਣਾਓ ਹੰਢਾਉਣ ਬਾਰੇ ਕਈ ਸਵਾਲ-ਜਵਾਬ ਖੜ੍ਹੇ ਹੁੰਦੇ ਹਨ। ਪਰਵਾਨੇ ਨੇ ਚਾਨਣੀ ਰਾਤ ਅਤੇ ਮਾਨਸਿਕ ਤਣਾਓ ਨੂੰ ਸਥਿਤੀ ਮੂਲਕ ਮੋਟਿਫ਼ ਦੇ ਰੂਪ 'ਚ ਵਰਤਿਆ ਹੈ। ਤਣਾਅ ਅਤੇ ਚਾਨਣੀ ਰਾਤ ਦੀ ਸਥਿਤੀ ਪ੍ਰਤੀਕਾਤਮਕ ਸਾਰਥਕ ਜਾਪਦੀ ਹੈ। ਗਿੰਦਰ ਦਾ ਸ਼ਹਿਰ ਵਿੱਚ ਰਹਿਣ ਅਤੇ ਇਨਸਾਨੀਅਤ ਦਾ ਮੋਹ ਭੰਜਕ ਹੋਣਾ ਅਤੇ ਫਿਰ ਲਆਨ ਵਿੱਚ ਬੈਠ ਕੇ ਕੁਦਰਤੀ ਸਥਿਤੀਆਂ ਬਾਰੇ

ਸੋਚਣਾ ਆਦਿ ਪਰਵਾਨਾ ਨੇ ਸਫਲ ਮੋਟਿਫ਼ ਵਰਤੇ ਹਨ। ਇਸ ਤਰ੍ਹਾਂ ਥੀਮੈਟਿਕ ਮੋਟਿਫ਼ ਦੇ ਰੂਪ 'ਚ ਗ੍ਰਹਿਣ ਕਰਦਾ ਅਤੇ ਆਧੁਨਿਕ ਮਨੁੱਖੀ ਚਿੰਤਨ ਦੀ ਸਿਰਜਣਾ ਵੀ ਕਰਦਾ ਹੈ।

ਜਦੋਂ ਨਾਵਲ ਖੇਤਰ ਵਿੱਚ ਕੋਈ ਨਵਾਂ ਪ੍ਰਯੋਗ ਹੁੰਦਾ ਹੈ ਜਾਂ ਪੁਰਾਤਨ ਲੀਹਾਂ ਨੂੰ ਛੱਡ ਕੇ ਕੋਈ ਨਵੀਂ ਪ੍ਰੰਪਰਾ ਨੂੰ ਤੋਰਦਾ ਹੈ ਉਸ ਨੂੰ ਐਂਟੀ ਨਾਵਲ ਆਖਦੇ ਹਨ। ਪੰਜਾਬੀ ਵਿੱਚ ਵਧੇਰੇ ਕਰ ਕੇ ਨਾਵਲ ਪਿੰਡ ਜਾਂ ਸ਼ਹਿਰੀ ਜੀਵਨ ਨਾਲ ਸਬੰਧਿਤ ਲਿਖੇ ਗਏ ਹਨ। ਜੇਕਰ ਜੀਵਨ ਜਾਂਚ ਸੰਪੂਰਨ ਰੂਪ ਵਿੱਚ ਪਿੰਡ ਵਾਲੀ ਹੈ ਤਾਂ ਸ਼ਹਿਰ ਦਾ ਇੱਕ ਵੀ ਪਾਤਰ ਇਸ ਵਿੱਚ ਦਾਖ਼ਲ ਨਹੀਂ ਹੁੰਦਾ। ਜੇਕਰ ਕਥਾਨਕ ਪੂਰਨ ਰੂਪ ਵਿੱਚ ਸ਼ਹਿਰੀ ਹੈ ਤਾਂ ਪਿੰਡ ਦਾ ਕੋਈ ਪਾਤਰ ਉਸ ਵਿੱਚ ਦਾਖ਼ਲ ਨਹੀਂ ਹੁੰਦਾ।

> ਸੁਰਜੀਤ ਸਿੰਘ ਦਾ ਮੰਨਣਾ ਹੈ ਕਿ ਨਾਵਲ ਦਾ ਕਥਾਨਕ, "ਪਿੰਡ ਦੇ ਜੀਵਨ ਨਾਲ ਸੰਬੰਧਿਤ ਹੈ ਤਾਂ ਉਸ ਵਿੱਚ ਸ਼ਹਿਰ ਤੋਂ ਪੂਰੀ ਤਰ੍ਹਾਂ ਨਾਲ ਵਿਛੁੰਨੇ ਹੋਏ ਪਿੰਡ ਦੀ ਅਕਾਸੀ ਹੁੰਦੀ ਹੈ ਅਤੇ ਜੇ ਇਸ ਦਾ ਬਿਰਤਾਂਤ ਸ਼ਹਿਰ ਦੇ ਜੀਵਨ ਵਿੱਚ ਸਥਿਤ ਹੈ ਤਾਂ ਇਸ ਵਿੱਚ ਪਿੰਡ ਦੇ ਪਿਛੋਕੜ ਵਾਲਾ ਕੋਈ ਪਾਤਰ ਪ੍ਰਵੇਸ਼ ਨਹੀਂ ਕਰਦਾ।" ("ਪੰਜਾਬੀ ਨਾਵਲ: ਦ੍ਰਿਸ਼ ਅਤੇ ਦ੍ਰਿਸ਼ਟੀ" 32)

ਇੱਥੇ ਵਿਚਾਰਨ ਵਾਲੀ ਗੱਲ ਇਹ ਹੈ ਕਿ ਪਰਵਾਨਾ ਨਾ ਕੇਵਲ ਸ਼ਹਿਰੀ ਜਾਂ ਕੇਵਲ ਪਿੰਡ ਨੂੰ ਹੀ ਕਥਾਨਕ ਨਹੀਂ ਬਣਾਉਂਦਾ ਸਗੋਂ ਪੁਰਾਤਨ ਪ੍ਰੰਪਰਾ ਨੂੰ ਤੋੜਦਾ ਹੋਇਆ ਪਿੰਡ ਅਤੇ ਸ਼ਹਿਰੀ ਦੋਵਾਂ ਪੱਖਾਂ ਨੂੰ ਆਪਣੇ ਕਥਾਨਕ ਦਾ ਹਿੱਸਾ ਬਣਾਉਂਦਾ ਹੈ। ਉਸ ਦੇ ਪਾਤਰ ਸ਼ਹਿਰੀ ਅਤੇ ਪੇਂਡੂ ਦੋਵਾਂ ਕਿਸਮ ਦੇ ਹਨ। ਸੋ ਇਸ ਤਰ੍ਹਾਂ ਪਰਵਾਨਾ ਪੁਰਾਤਨ ਪ੍ਰੰਪਰਾ ਨੂੰ ਤੋੜਦਾ ਐਂਟੀ ਨਾਵਲ ਦੀ ਸਫਲ ਸਿਰਜਣਾ ਕਰਦਾ ਹੈ।

ਵਿਡੰਬਣਾ ਤੋਂ ਭਾਵ ਮਨੁੱਖ ਦੇ ਸੁਪਨਿਆਂ ਅਤੇ ਹਕੀਕਤ ਵਿਚਕਾਰ ਤਨਜ਼ ਹੈ। ਵਿਡੰਬਣਾ ਨੂੰ ਜਾਣਨਾ ਜ਼ਿੰਦਗੀ ਵਿਚਲੀ ਹਕੀਕਤ ਨੂੰ ਪਛਾਣਨਾ ਹੈ। ਨਾਵਲ ਜ਼ਿੰਦਗੀ ਦੀ ਹਕੀਕਤ ਨੂੰ ਨੇੜਿਓਂ ਜਾਣਨਾ, ਮਿਲਣਾ ਜਾਂ ਪਛਾਣਨ ਵਾਲਾ ਰੂਪ ਹੈ। ਮਨੁੱਖ ਸੁਪਨੇ ਭਰਪੂਰ ਜ਼ਿੰਦਗੀ ਜਿਊਂਦਾ ਹੈ ਜੋ ਉਹ ਕਲਪਨਾ ਕਰਦਾ ਹੈ ਪਰ ਉਹ ਸਥਿਤੀ ਜ਼ਿੰਦਗੀ ਦੀ ਹਕੀਕਤ ਦਾ ਹਿੱਸਾ ਨਹੀਂ ਬਣਦੀ।

> ਸੁਰਿੰਦਰ ਕੁਮਾਰ ਦਵੇਸ਼ਵਰ ਦਾ ਮੰਨਣਾ ਹੈ ਕਿ, "ਨਾਵਲ ਸਮਾਜਿਕ ਤੌਰ 'ਤੇ ਸਥਾਪਿਤ ਤੇ ਪ੍ਰਭਾਵਿਤ ਮਨੁੱਖੀ ਰਿਸ਼ਤਿਆਂ ਤੇ ਮੁੱਲਾਂ ਦੇ ਪ੍ਰਸੰਗ ਵਿੱਚ ਆਧੁਨਿਕ ਮਨੁੱਖ ਨੂੰ ਤਣਾਉ ਤੇ ਵਿਡੰਬਣਾ ਦੇ ਜਾਵੀਏ ਤੋਂ ਪੇਸ਼ ਕਰਦਾ ਹੈ। ਇਸ ਤਣਾਉ ਤੇ ਵਿਡੰਬਣਾ ਦੀ ਪੇਸ਼ਕਾਰੀ ਹੀ ਨਾਵਲ ਦੀ ਵਿਧਾਮੂਲਕ ਲੋੜ ਹੈ ਤੇ ਵਿਲੱਖਣਤਾ ਵੀ।" ("ਨਾਵਲ ਸ਼ਾਸਤਰ ਤੇ ਪੰਜਾਬੀ ਨਾਵਲ" 82)

ਵਿਡੰਬਣਾ ਮਨੁੱਖੀ ਰਿਸ਼ਤਿਆਂ ਦੀ ਸਥਿਤੀ ਅਤੇ ਸੁਪਨਿਆਂ ਵਿਚਕਾਰਲੀ ਸਥਿਤੀ ਹੈ। ਬਲਬੀਰ ਪਰਵਾਨਾ ਵੀ ਆਪਣੇ ਨਾਵਲਾਂ ਵਿੱਚ ਵਿਡੰਬਣਾ ਦੀ ਪੇਸ਼ਕਾਰੀ ਕਰਦਾ ਹੈ ਜੋ ਕਿ ਨਾਵਲਾਂ ਦਾ ਅਟੁੱਟ ਹਿੱਸਾ ਅਤੇ ਨਾਵਲੀ ਬਿਰਤਾਂਤ ਨੂੰ ਪ੍ਰਭਾਵਸ਼ਾਲੀ ਬਣਾਉਂਦੀ ਹੈ। ਚੌ-ਲੜੀ ਨਾਵਲਾਂ ਦਾ ਪਾਤਰ ਗਿੰਦਰ ਇੱਕ ਪਾਸੇ ਪ੍ਰੀਤ ਨਾਲ ਵਿਆਹ ਕਰਵਾਉਣਾ ਚਾਹੁੰਦਾ ਹੈ

ਜੋ ਬਹੁਤ ਹੀ ਅਮੀਰ ਘਰ ਦੀ ਕੁੜੀ ਹੈ ਅਤੇ ਦੂਸਰੇ ਪਾਸੇ ਉਸ ਦੇ ਘਰ ਦੀ ਮਾੜੀ ਆਰਥਿਕਤਾ ਕਾਰਨ ਉਸ ਨਾਲ ਵਿਆਹ ਨਾ ਹੋਣਾ (ਪ੍ਰੀਤ ਨਾਲ) ਗਿੰਦਰ ਦੀ ਵਿਡੰਬਨਾ ਬਣ ਜਾਂਦੀ ਹੈ।

ਸਤਿੰਦਰਪਾਲ ਸਿੰਘ ਬਾਵਾ *'ਖੇਤਾਂ ਦਾ ਰੁਦਨ'* ਨਾਵਲ ਦੇ ਮੁੱਖ ਪਾਤਰ ਰਵਿੰਦਰ ਰਵੀ ਬਾਰੇ ਲਿਖਦਾ ਹੈ ਕਿ "ਰਵਿੰਦਰ ਸਿੰਘ ਸਹੋਤਾ ਵਰਗੇ ਲਿਆਕਤ ਭਰਪੂਰ ਸੁਹਿਰਦ ਚਿੰਤਕ ਨੂੰ ਵਿੱਦਿਅਕ ਯੋਗਤਾ ਪੱਖੋਂ ਨਿਪੁੰਨ ਹੋਣ ਦੇ ਬਾਵਜੂਦ ਕਾਲਜ ਵਿੱਚ ਦਸ ਜਾਂ ਬਾਰਾਂ ਹਜ਼ਾਰ ਦੀ ਅਸਥਾਈ ਨੌਕਰੀ ਕਰਨੀ ਪੈ ਰਹੀ ਹੈ। ਇਸ ਦੇ ਮੁਕਾਬਲੇ ਪ੍ਰੋਫ਼ੈਸਰ ਉੱਪਲ ਵਰਗੇ ਅਕਾਦਮਿਕ ਅਤੇ ਨਿੱਜੀ ਵਪਾਰ ਨੂੰ ਤਦਰੂਪ ਕਰ ਵੇਖਣ ਵਾਲੇ ਨੂੰ ਇੱਕ ਲੱਖ ਤਨਖ਼ਾਹ ਮਿਲ ਰਹੀ ਹੈ। ਸਥਿਤੀ ਦੀ ਵਿਡੰਬਨਾ ਇਹ ਹੈ ਕਿ ਇੱਕ ਲੱਖ ਤਨਖ਼ਾਹ ਲੈਣ ਵਾਲਾ ਅਧਿਆਪਕ ਆਪਣਾ ਪੀਰੀਅਡ ਲੈਣ ਦਾ ਜ਼ਿੰਮਾ ਅਸਥਾਈ ਨੌਕਰੀ ਕਰਨ ਵਾਲੇ ਅਧਿਆਪਕ 'ਤੇ ਲਾਉਂਦਾ ਹੈ ਅਤੇ ਉਸ ਸਮੇਂ ਦੌਰਾਨ ਪੂੰਜੀ ਇਕੱਤਰ ਕਰਨ ਦੇ ਵਪਾਰੀ ਢੰਗਾਂ ਜਾਂ ਕਾਰਜਾਂ ਨੂੰ ਨੇਪਰੇ ਚਾੜ੍ਹਦਾ ਹੈ।" ( "ਖੇਤਾਂ ਦਾ ਰੁਦਨ (ਨਾਵਲ) ਬਲਬੀਰ ਪਰਵਾਨਾ" ,*ਸਿਰਜਣਾ-171,* ਜਨਵਰੀ -ਮਾਰਚ 2014, 84)

ਰਵਿੰਦਰ ਰਵੀ ਦੀ ਦੋਵੇਂ ਪਾਸਿਉਂ ਲੁੱਟ ਕੀਤੀ ਜਾਂਦੀ ਹੈ ਇੱਕ ਪਾਸੇ ਘੱਟ ਤਨਖ਼ਾਹ ਦੇ ਕੇ ਅਤੇ ਦੂਸਰੇ ਪਾਸੇ ਪੱਕੇ ਤੌਰ 'ਤੇ ਨੌਕਰੀ ਕਰਦੇ ਅਧਿਆਪਕਾਂ ਵੱਲੋਂ ਆਪਣੇ ਕੰਮ ਦਾ ਭਾਰ ਰਵੀ 'ਤੇ ਪਾਉਣਾ। ਜਿਸ ਕਾਰਨ ਰਵਿੰਦਰ ਰਵੀ ਵਧੇਰੇ ਮਾਨਸਿਕ ਅਤੇ ਆਰਥਿਕ ਸੰਤਾਪ ਭੋਗਣ ਕਾਰਨ ਵਿਡੰਬਨਾ ਦਾ ਸ਼ਿਕਾਰ ਹੁੰਦਾ ਹੈ।

ਰਵੀ ਮਾਲਤੀ ਸ਼ਰਮਾ ਨਾਲ ਪ੍ਰੇਮ ਕਰਦਾ ਹੈ। ਪ੍ਰੇਮ ਸੰਬੰਧਾਂ ਕਰ ਕੇ ਹੀ ਉਸ ਨਾਲ ਵਿਆਹ ਕਰਵਾਉਣਾ ਚਾਹੁੰਦਾ ਹੈ ਪਰ ਪਰਿਵਾਰਕ ਹਾਲਾਤ ਚੰਗੇ ਨਾ ਹੋਣ ਕਾਰਨ ਵਿਆਹ ਨਹੀਂ ਕਰਵਾ ਸਕਿਆ। ਪੂੰਜੀਵਾਦੀ ਦੌਰ ਨਾਲ ਸੰਬੰਧਿਤ ਮਾਲਤੀ ਸ਼ਰਮਾ ਸਾਰੇ ਸੁੱਖ ਆਰਾਮ ਦੀ ਪ੍ਰਾਪਤੀ ਲਈ ਐਨ.ਆਰ.ਆਈ ਅਵਿਨਾਸ਼ ਨਾਲ ਵਿਆਹ ਕਰਵਾਉਂਦੀ ਹੈ ਇਸ ਸਮੇਂ ਅਤੇ ਸਥਿਤੀ 'ਚ ਰਵੀ ਵਿਡੰਬਨਾ ਦਾ ਸ਼ਿਕਾਰ ਹੁੰਦਾ ਹੈ।

ਬਲਬੀਰ ਪਰਵਾਨਾ ਆਪਣੇ ਨਾਵਲਾਂ ਵਿੱਚ ਪ੍ਰਕਿਰਤੀ ਨੂੰ ਭਰਪੂਰ ਹੋ ਕੇ ਚਿਤਰਦਾ ਹੈ। ਪੂੰਜੀਵਾਦੀ ਵਰਤਾਰੇ ਕਾਰਨ ਬਦਲੀ ਜੀਵਨ ਜਾਂਚ ਜਿਸ ਦੇ ਸਾਨੂੰ ਘਾਤਕ ਹਮਲੇ ਵੇਖਣੇ ਪੈ ਰਹੇ ਹਨ। ਪਰਵਾਨਾ ਦਾ ਦ੍ਰਿਸ਼ਟੀਗਤ ਮਾਡਲ ਪੂੰਜੀਵਾਦੀ ਵਰਤਾਰੇ 'ਚ ਪ੍ਰਕ੍ਰਿਤੀ ਤੇ ਵਿਕਾਸ ਵਿਚਕਾਰ ਸੰਤੁਲਨ ਨਾਲ ਜੁੜਿਆ ਹੈ। ਨਾਵਲਾਂ ਦੇ ਪਾਤਰ ਚਾਹੇ ਕਿੰਨੇ ਵੀ ਪੂੰਜੀਵਾਦੀ ਦੌਰ ਨਾਲ ਸੰਬੰਧਿਤ ਹਨ ਪਰ ਆਪਣੇ ਮਨ ਦੀ ਸ਼ਾਂਤੀ ਲਈ ਪ੍ਰਕਿਰਤੀ ਦੀ ਗੋਦ ਮਾਣਦੇ ਦਿਖਾਈ ਦਿੰਦੇ ਹਨ ਜਿਵੇਂ:

"ਅੰਕਿਤਾ ਨੂੰ ਸਕੂਲ ਬੱਘੀ 'ਚ ਚੜ੍ਹਾ ਕੇ ਪ੍ਰਿਯੰਕਾ ਨੇ ਘਰ ਦਾ ਗੇਟ ਢੋਇਆ ਤੇ ਸਾਹਮਣੇ ਪਾਰਕ 'ਚ ਲੰਘ ਗਈ। ਪਾਰਕ 'ਚ ਰੁੱਖਾਂ ਬੂਟਿਆਂ 'ਤੇ ਵਾਧੇ ਪਈਆਂ ਹੋਈਆਂ ਨਵੀਆਂ ਲਗਰਾਂ ਦੇ ਰੁਮਕਦੇ ਪੱਤੇ, ਖਿੜ੍ਹੇ ਹੋਏ ਫੁੱਲਾਂ ਦੀ ਬਹਾਰ ਸੀ। ਸਾਰੀ ਪਾਰਕ ਘਾਹ ਦੀ ਹਰੀ-ਕਚੂਰ ਪਰਤ ਨਾਲ ਢੱਕੀ ਹੋਈ ਸੀ। ਚੁਫੇਰੇ ਪਸਰੀ ਹੋਈ ਚੁੱਪ, ਸ਼ਾਂਤ

ਮਾਹੌਲ, ਬਿਲਕੁਲ ਸ਼ਾਂਤ ਸਿਵਾਏ ਤਿੰਨ ਬੁੱਢਿਆਂ ਦੇ ਜਿਹੜੇ ਪੱਛਮੀ ਨੁੱਕਰੇ ਸਾਗਵਾਨ ਦੇ ਰੁੱਖ ਹੇਠਲੇ ਬੈਂਚ 'ਤੇ ਬੈਠੇ ਗੁਫ਼ਤਗੂ ਕਰ ਰਹੇ ਹਨ। ਹੋਰ ਕੋਈ ਸੈਰ ਕਰਨ ਵਾਲਾ ਵੀ ਨਹੀਂ ਸੀ। ਮਾਲੀ ਫੁੱਲਾਂ ਦੀਆਂ ਕਿਆਰੀਆਂ ਨੂੰ ਪਾਣੀ ਲਾਉਂਦਾ, ਪਾਣੀ ਵਾਲੀ ਪਾਇਪ ਇੱਧਰ ਉੱਧਰ ਘੁੰਮ ਰਿਹਾ ਸੀ।" (ਪਰਵਾਨਾ, "ਕਥਾ ਇਸ ਯੁੱਧ ਦੀ" 15)

ਪਰਵਾਨਾ ਦੇ ਪਾਤਰ ਪ੍ਰਕਿਰਤੀ ਨੂੰ ਭਰਪੂਰ ਹੋ ਕੇ ਮਾਣਦੇ ਦਿਖਾਈ ਦਿੰਦੇ ਹਨ। ਆਪਣੀ ਮਾਨਸਿਕਤਾ ਨੂੰ ਵੀ ਤਾਜ਼ਾ ਕਰਦੇ ਪ੍ਰਕਿਰਤੀ ਦੀ ਗੋਦ ਦਾ ਆਨੰਦ ਲੈਂਦੇ ਹਨ।

ਪਰਵਾਨਾ ਆਪਣੇ ਨਾਵਲਾਂ ਪੰਜਾਬੀ ਸਭਿਆਚਾਰ ਨੂੰ ਕੇਂਦਰਿਤ ਕਰਦਾ ਹੈ। ਦੁਆਬੇ ਦੇ ਇਲਾਕੇ ਦੇ ਰੀਤੀ ਰਿਵਾਜ, ਵਿਆਹ ਦੀਆਂ ਰਸਮਾਂ, ਗੀਤ, ਘੋੜੀਆਂ, ਸਿੱਠਣੀਆਂ, ਬਰਾਤ ਦਾ ਸਵਾਗਤ, ਫੇਰਿਆ ਦੀ ਰਸਮ, ਪਹਿਰਾਵਾ, ਕੰਮਕਾਜ, ਮੇਲੇ ਤਿਉਹਾਰ, ਨੋਕ-ਝੋਕ ਆਦਿ ਦੀ ਸਫਲ ਪੇਸ਼ਕਾਰੀ ਕਰਦਾ ਹੈ। ਪਰ ਇਸ ਦੇ ਨਾਲ ਹੀ ਪੂੰਜੀਵਾਦੀ ਦੌਰ ਕਾਰਨ ਨਵੀਂ ਜੀਵਨ ਜਾਂਚ ਨੂੰ ਅਪਨਾਉਂਦੇ ਪਾਤਰ ਪਰਮਪਾਲ, ਆਸ਼ਾ ਚੰਦਨ, ਕਾਂਤਾ, ਮਾਲਤੀ ਸ਼ਰਮਾ ਸਭਿਆਚਾਰ ਅੰਸ਼ਾਂ ਨੂੰ ਪਿੱਛੇ ਧੱਕਦੇ ਨਜ਼ਰ ਆਉਂਦੇ ਹਨ।

ਪਰਵਾਨਾ ਦੇ ਨਾਵਲਾਂ ਵਿੱਚ ਦੁਆਬੇ ਦੇ ਜ਼ਿਲ੍ਹਾ ਹੁਸ਼ਿਆਰਪੁਰ ਇਲਾਕੇ ਦੇ ਉਪ ਸਭਿਆਚਾਰ ਦੀ ਪਛਾਣ ਦੇ ਰੂਪ 'ਚ ਸਾਹਮਣੇ ਆਉਂਦੇ ਹਨ। ਇਹ ਸਭਿਆਚਾਰ ਭਾਵੇਂ ਕੇਂਦਰੀ ਸਭਿਆਚਾਰ ਦੀ ਇੱਕ ਲੜੀ ਵਜੋਂ ਉੱਭਰਦੇ ਹਨ ਪਰ ਇਸ ਦੀ ਵੱਖਰਤਾ ਕੇਂਦਰੀ ਸਭਿਆਚਾਰ 'ਚ ਆਪਣੀ ਵੱਖਰੀ ਦਿੱਖ ਰੱਖਦੀਆਂ ਹਨ। ਪਰਵਾਨਾ ਨੇ ਪਹਿਲੀ ਵਾਰ ਨੀਮ ਪਹਾੜੀ ਇਲਾਕੇ ਦੇ ਭਾਸ਼ਾਈ ਅਤੇ ਸਭਿਆਚਾਰਕ ਵੱਖਰਤਾ ਨੂੰ ਆਪਣੇ ਨਾਵਲੀ ਜਗਤ ਦਾ ਹਿੱਸਾ ਬਣਾਇਆ ਹੈ।

ਪਰਮਜੀਤ ਕੌਰ ਸਿੱਧੂ ਦੀ ਰਾਇ ਹੈ ਕਿਵੇਂ ਪਰਵਾਨਾ ਦੇ ਨਾਵਲਾਂ 'ਚ, "ਕੰਢੀ ਦੇ ਖੇਤਰ ਦੀ ਜੀਵਨ ਜਾਂਚ ਅਤੇ ਉਸ ਵਿੱਚੋਂ ਉਪਜੇ ਸਭਿਆਚਾਰ ਨੂੰ ਕੇਂਦਰ ਵਿੱਚ ਰੱਖਦੇ ਹਨ। ਅਜਿਹਾ ਕਰਦੇ ਹੋਏ ਉਹ ਕਿਤੇ ਵੀ ਸਭਿਆਚਾਰਕ ਸ਼ਾਨਵਵਾਦ ਦਾ ਸ਼ਿਕਾਰ ਨਹੀਂ ਹੁੰਦਾ। ਉਹ ਇੱਕ ਵਾਰੀ ਫਿਰ ਵਸਤੂਗਤ ਪਾਸਾਰ ਅਤੇ ਦ੍ਰਿਸ਼ਟੀਗਤ ਪਰਤਾਂ ਸਮੇਤ ਵਿਧਾਗਤ ਸੀਮਾ ਨੂੰ ਨਾਵਲ ਦੀ ਵਿਧਾ ਤੱਕ ਫੈਲਾਅ ਦਿੰਦਾ ਹੈ।" ("ਪੰਜਾਬੀ ਨਾਵਲ: ਸਿਧਾਂਤ ਤੇ ਸਮੀਖਿਆ" 105)

ਇਸ ਤਰ੍ਹਾਂ ਪਰਵਾਨਾ ਦੁਆਬੇ ਦੇ ਉਪ ਸਭਿਆਚਾਰ ਨੂੰ ਆਧਾਰ ਬਣਾ ਕੇ ਉੱਥੋਂ ਦੇ ਰਸਮ-ਰਿਵਾਜ, ਬੋਲੀ, ਪਹਿਰਾਵਾ, ਰਹਿਣ-ਸਹਿਣ, ਖਾਣ-ਪੀਣ, ਗਹਿਣੇ, ਹਾਰ-ਸ਼ਿੰਗਾਰ, ਕਾਵਿਕ ਅੰਸ਼ਾਂ ਦੀ ਵਰਤੋਂ ਨਾਵਲਾਂ 'ਚ ਕਰਦਾ ਹੈ। ਉਪ ਸਭਿਆਚਾਰ ਦੀ ਵਰਤੋਂ ਨਾਲ ਦੁਆਲੇ ਦੇ ਜ਼ਿਲ੍ਹਾ ਹੁਸ਼ਿਆਰਪੁਰ ਨੂੰ ਨਾਵਲੀ ਵਿਧਾ ਤੱਕ ਫੈਲਾਇਆ ਹੈ।

ਹਰ ਨਾਵਲਕਾਰ ਨੇ ਨਾਵਲ ਵਿੱਚ ਸਮਕਾਲ ਨੂੰ ਪੇਸ਼ ਕਰਨਾ ਹੁੰਦਾ ਹੈ। ਪੰਜਾਬੀ ਸਮਾਜ ਫਿਊਡਲ ਸਭਿਆਚਾਰ ਨਾਲ ਗ੍ਰਸਤ ਹੈ ਤਾਂ ਸਮਕਾਲੀ ਨਾਵਲਕਾਰ ਇਸ ਦੀ ਪੇਸ਼ਕਾਰੀ ਤੋਂ ਕਿਵੇਂ ਬਚ ਸਕਦਾ ਹੈ। ਪਰ ਹੁਣ ਫਿਊਡਲ ਤੋਂ ਅਗਾਂਹ ਕਾਰਪੋਰੇਟ ਜੀਵਨ ਜਾਂਚ ਆਪਣੇ ਪੰਜੇ ਪਿੰਡਾਂ 'ਤੇ ਵੀ ਫੈਲਾਅ ਰਿਹਾ ਹੈ। ਪਰਵਾਨਾ ਨੇ ਵੀ ਫਿਊਡਲ ਸਭਿਆਚਾਰ ਦੀ ਪੇਸ਼ਕਾਰੀ ਨਾਵਲ *ਅੰਬਰ ਵੱਲ ਉਡਾਣ, ਖੇਤਾਂ ਦਾ ਰੁਦਨ, ਕਥਾ ਇਸ ਯੁੱਗ ਦੀ* 'ਚ ਨਵੀਂ ਜੀਵਨ ਜਾਂਚ ਦੇ ਸੰਕੇਤ ਵਜੋਂ ਕੀਤੀ

ਹੈ। ਫਿਊਡਲ ਸਭਿਆਚਾਰ ਵਿੱਚ ਸਮਕਾਲੀ ਔਰਤ ਬੁਰੀ ਤਰ੍ਹਾਂ ਸ਼ੋਸ਼ਣ ਦਾ ਸ਼ਿਕਾਰ ਹੈ ਉਸ ਨੂੰ ਆਪਣੇ ਕੰਮ ਕਢਵਾਉਣ ਲਈ ਨਾਜਾਇਜ਼ ਢੰਗਾਂ ਨੂੰ ਅਪਣਾਉਣਾ ਪੈਂਦਾ ਹੈ। ਚਾਹੇ ਇਸ ਦਾ ਢੰਗ ਕੋਈ ਵੀ ਹੋਵੇ। ਇਸ ਬਾਰੇ ਜਾਣਕਾਰੀ *'ਅੰਬਰ ਵੱਲ ਉਡਾਣ'* ਨਾਵਲ ਵਿੱਚ ਪਾਲੀ ਅਤੇ ਰੌਬਿਨ ਦੀ ਮੁਲਾਕਾਤ 'ਚੋਂ ਮਿਲਦੀ ਹੈ। ਜਿਵੇਂ:

> "ਮੈਂ ਬੀਅਰ ਨਹੀਂ ਪੀਂਦੀ, ਪਲੀਜ਼!"
>
> ਕੋਈ ਨਾ...ਕਦੀ ਨਾ ਕਦੇ ਤਾਂ ਬੰਦੇ ਨੇ ਸ਼ੁਰੂਆਤ ਕਰਨੀ ਹੀ ਹੁੰਦੀ ਹੈ!
>
> ਨਾ ਟੇਸਟ ਬਣਿਆ ਤਾਂ ਛੱਡ ਦੇਵੀ...।"
>
> "ਨਹੀਂ ਪਲੀਜ਼...ਮੈਂ ਸੁੰਘ ਵੀ ਨਹੀਂ ਸਕਦੀ ਸ਼ਰਾਬ" ਉਸ ਨੇ ਝੁਣਝੁਣੀ ਇੰਜ ਲਈ, ਜਿਵੇਂ ਉਸ ਨੂੰ ਸੁਣਦਿਆਂ ਹੀ ਕੁੱਝ ਹੋ ਰਿਹਾ ਹੋਵੇ, ਹਾਲਾਂਕਿ ਸੰਘੇ ਨਾਲ ਉਹ ਕਈ ਵਾਰ ਪੀ ਚੁੱਕੀ ਸੀ।
>
> "ਇਹ ਸ਼ਰਾਬ ਕਿੱਥੇ ਹੈ?...ਕੋਲਡ ਡਰਿੰਕ ਹੀ ਹੈ ਇੱਕ ਤਰ੍ਹਾਂ ਦੀ...ਬਸ ਕੁੱਝ ਹਾਰਡ...।"
>
> ਰੌਬਿਨ ਨੇ ਪਹਿਲੀ ਮੁਕਾ ਕੇ ਦੂਸਰੀ ਮੰਗਵਾ ਲਈ, ਫਿਰ ਤੀਸਰੀ। ਨਾਲ ਰੋਸਟਿਡ ਮੱਛੀ। ਉਸ ਨੇ ਉਹੋ ਇੱਕ ਬੀਅਰ ਸਿੱਪ ਕਰਦਿਆਂ ਮੁਕਾਈ। ਦਸ ਕੁ ਵਜੇ ਰੌਬਿਨ ਨੇ ਆਪਣੀ ਮਾਂ ਨੂੰ ਫ਼ੋਨ ਕਰ ਦਿੱਤਾ, "ਮੋਮ, ਅਸੀਂ ਡਿਨਰ ਕਰ ਕੇ ਆਵਾਂਗੇ, ਪਲੀਜ਼...ਡੌਂਟ ਵੇਟ ਫੋਰ ਅਸ..."ਉੱਥੋਂ ਉੱਠ ਕੇ ਉਹ ਇੱਕ ਹੋਰ ਹੋਟਲ ਦੇ ਡਾਇਨਿੰਗ ਹਾਲ 'ਚ ਜਾ ਬੈਠੇ। ਉੱਥੇ ਬਹੁਤੇ ਨੌਜਵਾਨ ਮੁੰਡੇ ਕੁੜੀਆਂ ਹੀ ਭਰੇ ਹੋਏ ਸਨ ਹਾਲ 'ਚ। ਕੁੱਝ ਸੰਗੀਤ ਦੀਆਂ ਧੁਨਾਂ ਨਾਲ ਥਿਰਕਦੇ ਹੋਏ ਵੀ। ਬੀਅਰ ਵਿਸਕੀ ਦੇ ਛਲਕਦੇ ਜਾਮ, ਸਿਗਰਟਾਂ ਦਾ ਧੂੰਆਂ। ਉੱਥੇ ਰੌਬਿਨ ਨੇ ਦੋ ਪੈੱਗ ਵਿਸਕੀ ਮੰਗਵਾ ਲਈ, "ਨਹੀਂ ਜੀਅ ਕਰਦਾ ਨਾ ਪੀਵੀਂ ਸਾਰੀ...ਪਲੀਜ਼ ਸਿੱਪ ਇੱਟ...।" ਉਸ ਨੇ ਆਸੇ ਪਾਸੇ ਦੇਖਿਆ, ਕੁੜੀਆਂ ਮੁੰਡਿਆਂ ਵਾਂਗ ਹੀ ਪੀ ਰਹੀਆਂ ਸਨ, ਉਨ੍ਹਾਂ ਦੇ ਬਰਾਬਰ। ਵਿਚ ਤੀਸਰਾ ਹਿੱਸਾ ਜੋੜੇ ਤਾਂ ਬਦੇਸ਼ੀ ਹੋਣਗੇ। ਫਿਰ ਥਿਰਕਦੇ ਜੋੜਿਆ 'ਚ ਉਹ ਵੀ ਜਾ ਰਲੇ। ਇੱਕ ਦੂਸਰੇ ਦੇ ਸਰੀਰ ਨੂੰ ਛੂੰਹਦੇ ਹੱਥ, ਥਿਰਕਦੀਆਂ ਬਾਂਹਾਂ, ਲਰਜ਼ਦੇ ਅੰਗ। ਉਹ ਜਿਵੇਂ ਕਿਸੇ ਹੋਰ ਦੁਨੀਆ 'ਚ ਪੁੱਜ ਗਈ ਸੀ।" (ਪਰਵਾਨਾ, "ਅੰਬਰ ਵੱਲ ਉਡਾਣ" 61)

ਪਾਲੀ ਪੈਸੇ ਕਮਾਉਣ ਦੇ ਲਈ ਰੌਬਿਨ, ਸੰਘਾ, ਅਵਿਨਾਸ਼ ਨਾਲ ਸ਼ਰਾਬ ਪੀਂਦੀ ਹੈ। ਉਹ ਨਾਜਾਇਜ਼ ਸਰੀਰਕ ਸੰਬੰਧ ਬਣਾਉਂਦੀ ਹੈ ਜੋ ਕਿ ਪੂਰਨ ਰੂਪ ਵਿੱਚ ਫਿਊਡਲ ਸਭਿਆਚਾਰ ਤੋਂ ਗ੍ਰਸਤ ਹੈ।

> ਬਲਬੀਰ ਪਰਵਾਨਾ ਦੀ ਧਾਰਨਾ ਹੈ ਕਿ, "ਹਰ ਫਿਊਲਡ ਸਭਿਆਚਾਰ 'ਚ ਔਰਤ ਸ਼ੋਸ਼ਣ ਦਾ ਬੁਰੀ ਤਰ੍ਹਾਂ ਸ਼ਿਕਾਰ ਹੁੰਦੀ ਹੈ ਇੱਥੋਂ ਤੱਕ ਕਿ ਪੂੰਜੀਵਾਦ ਵਿੱਚ ਵੀ...ਭਾਵੇਂ ਉਸ ਸ਼ੋਸ਼ਣ ਦਾ ਰੂਪ ਬਦਲ ਜਾਂਦਾ ਹੈ। ਸੋ ਪੰਜਾਬੀ ਨਾਵਲ ਵਿੱਚ ਨਵੀਂ ਔਰਤ ਦੇ ਨਕਸ਼ ਸ਼ੋਸ਼ਣ ਮੁਕਤ ਔਰਤ ਕਿਹੋ ਜਿਹੀ ਹੋਵੇ, ਦੇ ਸੰਕੇਤ ਹੀ ਫੜੇ ਜਾ ਸਕਦੇ ਹਨ। ਮੈਂ ਆਪਣੇ ਨਾਵਲ 'ਕਥਾ ਇਸ ਯੁੱਗ ਦੀ' ਵਿੱਚ ਅਚਲਾ ਪਾਂਡੇ ਨੂੰ ਇਸ ਤਰ੍ਹਾਂ ਦੀ ਪਾਤਰ ਵਜੋਂ ਪੇਸ਼ ਕੀਤਾ ਹੈ। ਉਹ ਆਪਣੀਆਂ ਸ਼ਰਤਾਂ ਤੇ ਜਿਉਂਦੀ ਹੈ, ਆਪਣੀ ਮਰਜ਼ੀ ਅਨੁਸਾਰ ਸਬੰਧ ਸਿਰਜਦੀ ਹੈ। ਇਹ ਉਸ ਆਹਟ ਦੀ

ਕਨਸੋਅ ਹੈ ਜਿਸ ਵਲ ਨਵੀਂ ਪੀੜੀ ਕਦਮ ਪੁੱਟ ਰਹੀ ਹੈ। 'ਅੰਬਰ ਵੱਲ ਉਡਾਣ' ਦੀ ਪਾਲੀ ਵੀ ਮੁਕਤ-ਸੰਸਾਰ ਵਲ ਵਧਣਾ ਲੋਚਦੀ ਹੈ ਪਰ ਉਸ ਦੀ ਫੜਫੜਾਹਟ ਕਾਰਪੋਰੇਟ ਪੂੰਜੀ 'ਚ ਉਲਝ ਜਾਂਦੀ ਹੈ।" ("ਮੈਨੂੰ ਇਤਿਹਾਸਕ ਨਾਵਲ ਨੇ ਬਹੁਤਾ ਪ੍ਰਭਾਵਿਤ ਨਹੀਂ ਕੀਤਾ", *ਕਹਾਣੀ ਧਾਰਾ, ਅਪ੍ਰੈਲ-ਜੂਨ 2013* 69)

ਪਰਵਾਨਾ ਖਪਤ ਸਭਿਆਚਾਰ ਦੀ ਸਥਿਤੀ ਰਾਹੀਂ ਇੱਕ ਪਾਸੇ ਸਮਕਾਲ ਦੀ ਸਥਿਤੀ ਪੇਸ਼ ਕਰ ਰਿਹਾ ਹੈ ਅਤੇ ਦੂਸਰਾ ਇਸ ਦੀ ਪੇਸ਼ਕਾਰੀ ਨਾਲ ਇਨ੍ਹਾਂ ਸਥਿਤੀਆਂ ਵਿੱਚੋਂ ਔਰਤ ਨੂੰ ਕੱਢਣਾ ਚਾਹੁੰਦਾ ਹੈ। ਸਮਕਾਲੀ ਪੂੰਜੀਵਾਦੀ ਦੌਰ ਦੀ ਔਰਤ ਨਵੇਂ ਰਸਤੇ ਤਲਾਸ਼ ਰਹੀ ਹੈ।

ਬਲਬੀਰ ਪਰਵਾਨਾ ਨਾਵਲ ਨੂੰ ਦੁਮੇਲਮੁਖੀ ਰੂਪ 'ਚ ਫੈਲਾਉਣ ਦੀ ਸਮਰੱਥਾ ਰੱਖਦਾ ਹੈ। ਉਹ ਨਾਵਲ ਦੇ ਆਰੰਭ 'ਚ ਦੁਮੇਲਮੁਖਤਾ ਨੂੰ ਫੈਲਾਉਂਦਾ ਹੈ। ਦ੍ਰਿਸ਼ਾਂ ਦਾ ਚਿਤਰਨ ਪੇਸ਼ ਕਰਦਾ ਹੈ ਅਤੇ ਜਿਉਂ ਜਿਉਂ ਨਾਵਲ ਦਾ ਵਿਸਥਾਰ ਹੁੰਦਾ ਹੈ। ਦੁਮੇਲਮੁਖਤਾ ਦੀਆਂ ਪਰਤਾਂ ਖੁੱਲ੍ਹਣੀਆਂ ਸ਼ੁਰੂ ਹੁੰਦੀਆਂ ਹਨ। ਪਰਵਾਨਾ ਅਜਿਹੇ ਦ੍ਰਿਸ਼ਾਂ ਨੂੰ ਨਾਵਲੀ ਬਿਰਤਾਂਤ ਦਾ ਹਿੱਸਾ ਵੀ ਬਣਾਉਂਦਾ ਹੈ ਜਿਵੇਂ:

"ਸ਼ਿੱਬੂ ਲੁਹਾਰ ਦੇ ਅਹਿਰਨ ਦੀ ਥਾਂ ਪੱਕੀ ਕੋਠੀ ਪੈ ਚੁੱਕੀ ਸੀ। ਜੱਸੀ ਮਹਿਤੇ ਦੀ ਪੁਰਾਣੀ ਦੁਕਾਨ ਦੀ ਥਾਂ ਵੀ ਨਵੀਂ ਦੁਕਾਨ ਉੱਸਰੀ ਹੋਈ ਸੀ। ਮਾਡਰਨ ਸ਼ੀਸ਼ੇ, ਪਲਾਈ ਦੀ ਫਿਟਿੰਗ ਵਾਲੀ ਤੇ ਬਾਹਰ ਬੋਰਡ ਲੱਗਾ ਹੋਇਆ ਸੀ, 'ਮਹਿਤਾ ਜਨਰਲ ਸਟੋਰ'। ਅੰਦਰ ਕਾਊਂਟਰ ਮੂਹਰੇ 20-22 ਸਾਲ ਦਾ ਮੁੰਡਾ ਸਟੂਲ ਡਾਹੀ ਬੈਠਾ ਸੀ। ਸ਼ਾਇਦ ਜੱਸੀ ਦਾ ਮੁੰਡਾ ਹੋਵੇ। ਗਲੀ 'ਚ ਤੁਰਿਆ ਉਹ ਥਾਂ-ਥਾਂ ਤੋਂ ਪੁਰਾਣੇ ਦਿਨ ਲੱਭਣ ਦਾ ਯਤਨ ਕਰਦਾ ਰਿਹਾ। ਥਾਂ ਤਾਂ ਉਹੀ ਸਨ, ਗਲੀਆਂ ਦੇ ਮੋੜ ਵੀ, ਪਰ ਉਨ੍ਹਾਂ ਨਾਲ ਲੱਗਦੇ ਘਰਾਂ ਦੀ ਦਿੱਖ ਬਹੁਤ ਬਦਲ ਚੁੱਕੀ ਸੀ।" (ਪਰਵਾਨਾ, "ਕਥਾ ਇਸ ਯੁੱਗ ਦੀ" 141)

ਸਮੇਂ ਦੇ ਬਦਲਣ ਨਾਲ ਤਬਦੀਲੀਆਂ ਆਉਂਦੀਆਂ ਰਹਿੰਦੀਆਂ ਹਨ। ਪ੍ਰੰਤੂ ਇਸ ਦੇ ਸਮਾਂਤਰ ਆਰੋਪਿਤ ਵਿਕਾਸ ਜਿਸ ਲਈ ਕੁਦਰਤ ਨੂੰ ਤਬਾਹ ਕੀਤਾ ਜਾ ਰਿਹਾ ਹੈ। ਪਰਵਾਨਾ ਵੀ ਉਸੇ ਵੱਲ ਇਸ਼ਾਰਾ ਕਰਦਾ ਹੈ। ਸਮਕਾਲੀ ਅਤੇ ਭਵਿੱਖ ਦੇ ਮਨੁੱਖੀ ਜੀਵਨ ਲਈ ਬਹੁਤ ਵੱਡਾ ਖ਼ਤਰਾ ਬਣ ਸਕਦਾ ਹੈ। ਸੋ ਇਨ੍ਹਾਂ ਪ੍ਰਕਿਰਿਆਵਾਂ ਰਾਹੀਂ ਪਰਵਾਨਾ ਦੁਮੇਲਮੁਖਤਾ ਵਿਧੀ ਨੂੰ ਨਾਵਲੀ ਬਿਰਤਾਂਤ ਦਾ ਹਿੱਸਾ ਬਣਾਉਂਦਾ ਹੈ।

ਜਕੜਬੰਦੀ ਤੋਂ ਭਾਵ ਕਿ ਪਾਤਰ ਇੱਕੋ ਸਮੇਂ ਬਹੁਤ ਸਾਰੀਆਂ ਪਰਿਸਥਿਤੀਆਂ ਵਿੱਚ ਘਿਰੇ ਹੋਣ। ਪਰਵਾਨਾ ਦੇ ਪਾਤਰ ਵੀ ਬਹੁਤ ਵਾਰ ਨਾਵਲ ਵਿੱਚ ਜਕੜਬੰਦੀ ਵਿੱਚ ਘਿਰੇ ਮਹਿਸੂਸ ਹੁੰਦੇ ਹਨ ਜਿਵੇਂ:

"ਪਰ ਉਦੋਂ ਵਾਲੇ ਦਿਨ ਕਿਥੇ ਗੁਆਚ ਗਏ! ਮੋਹ ਨਾਲ ਉੱਛਲਦੇ ਉੱਛਲਦੇ ਦਿਨ, ਤੜਪ ਤੇ ਤਪਸ ਨਾਲ ਭਰੇ ਹੋਏ ਦਿਨ...ਯਾਦਾਂ 'ਚ ਗੁਆਚੇ ਜਿਹੇ ਨੇ ਚਾਹ ਪੀਤੀ। ਫਿਰ ਬੈੱਡਰੂਮ 'ਚ ਲੰਘ, ਬੈੱਡ ਉੱਪਰਲੀ ਚਾਦਰ ਝਾੜ ਕੇ, ਪੱਖਾ ਫ਼ੁਲ-ਸਪੀਡ 'ਤੇ ਛੱਡ ਕੇ ਪੈ ਗਿਆ। ਸਫ਼ਰ ਦਾ ਥਕੇਵਾਂ, ਬੇਆਰਾਮੀ ਤੇ ਕੁੱਝ ਮਨ 'ਚ ਆਈ ਉਤਸ਼ਾਹ

ਹੀਣਤਾ ਜਿਹੀ...ਉਸ ਨੂੰ ਛੇਤੀ ਹੀ ਨੀਂਦ ਆ ਗਈ। ਪਤਾ ਨਹੀਂ ਕਿੰਨਾ ਚਿਰ ਸੁੱਤਾ ਰਹਿੰਦਾ-ਜੇ ਫ਼ੋਨ ਦੀ ਘੰਟੀ ਉਸ ਨੂੰ ਉਠਾ ਨਾ ਦਿੰਦੀ।

"ਹਾਂ ਜੀ, "ਉਸ ਨੇ ਰਿਸੀਵਰ ਕੰਨ ਨਾਲ ਲਾਉਂਦਿਆਂ ਕਿਹਾ।" ਦੂਸਰੇ ਪਾਸਿਓਂ ਕਾਂਤਾ ਦੀ ਆਵਾਜ਼ ਸੁਣੀ, "ਜਗਵਿੰਦਰ ਆ ਗਏ ਕਦੋਂ ਮੁੜੇ?"

"ਬੱਸ ਥੋੜ੍ਹਾ ਹੀ ਚਿਰ ਹੋਇਆ। ਤੂੰ ਕਿੱਥੋਂ ਬੋਲ ਰਹੀ ਐਂ?"

"ਮੈਂ ਤਾਂ ਪਿੰਡੋਂ ਹੀ ਬੋਲ ਰਹੀ ਹਾਂ। ਮੈਂ ਦੱਸਣਾ ਸੀ ਕਿ ਮੈਂ ਅੱਜ ਨਹੀਂ ਆਉਣਾ ਕੱਲ੍ਹ ਸ਼ਾਮੀ ਮੁੜਾਂਗੀ।"

"ਕਿਉਂ, ਕੀ ਗੱਲ ਹੋ ਗਈ? ਕੱਲ੍ਹ ਤਾਂ ਤੇਰਾ ਸਕੂਲ ਵੀ ਹੈ।"

"ਉੱਥੇ ਤਾਂ ਮੈਂ ਪ੍ਰਿੰਸੀਪਲ ਨੂੰ ਫ਼ੋਨ ਕਰ ਦਿੱਤਾ ਐ। ਮੇਰੀ ਕੈਜ਼ੂਅਲ ਲੀਵ ਲਾ ਦੇਣ...ਭਲਕੇ ਨੁਪੀ ਦੇ ਹੋਣ ਵਾਲੇ ਸਹੁਰੇ ਆ ਰਹੇ ਐ ਚੁੰਨੀ ਦੀ ਰਸਮ ਕਰਨ। ਭਾਅ ਜੀ ਤੇ ਭਾਬੀ ਜ਼ੋਰ ਦੇ ਰਹੈ ਐ ਮੈਂ ਜ਼ਰੂਰ ਰੁਕਾਂ।" ਫਿਰ ਕੁੱਝ ਪਲ ਰੁਕ ਕੇ ਉਸ ਨੇ ਕਿਹਾ,

"ਤੁਸੀਂ ਵੀ ਆ ਜਾਓ ਨਹੀਂ ਤਾਂ...ਨਾਲੇ ਸਾਰੇ ਮਿਲ ਗਿਲ ਲੈਣਗੇ ਤੇ ਸ਼ਾਮ ਨੂੰ ਬੱਸ ਫੜ ਲਵਾਂਗੇ।"

"ਨਾ, ਮੈਥੋਂ ਨਈਂ ਆ ਹੋਣਾ...ਤੈਨੂੰ ਪਤਾ ਤਾਂ ਹੈ, ਮੈਂ ਮਨਮਰਜ਼ੀ ਨਾਲ ਛੁੱਟੀ ਨਹੀਂ ਕਰ ਸਕਦਾ!" ਉਸ ਨੇ ਕੁੱਝ ਕੁ ਗ਼ੁੱਸੇ 'ਚ ਕਿਹਾ, 'ਫਿਰ ਉਧਰੋਂ ਫ਼ੋਨ ਕਾਂਤਾ ਦੇ ਭਰਾ ਨੇ ਫੜ ਲਿਆ। ਉਸ ਨਾਲ ਰਸਮੀ ਸੁੱਖ ਸਾਂਦ ਦੀਆਂ ਗੱਲਾਂ ਹੋਈਆਂ, ਫਿਰ ਘਰਦੇ ਹੋਰ ਜੀਆਂ ਨਾਲ ਵੀ, ਜਿਨ੍ਹਾਂ 'ਚ ਉਸ ਦੀ ਸਾਲੇਹਾਰ ਵੀ ਸੀ ਤੇ ਸੱਸ ਵੀ। ਪਰ ਜਦੋਂ ਉਹ ਆਉਣ ਲਈ ਜ਼ੋਰ ਦਿੰਦੇ ਤਾਂ ਸਭ ਕੋਲ ਪਹਿਲਾ ਕਾਂਤਾ ਨੂੰ ਆਖੀ ਗੱਲ ਦੁਹਰਾਈ ਗਿਆ। ਉਧਰੋਂ ਫ਼ੋਨ ਰੱਖ ਕੇ ਉਸ ਨੇ ਦਫ਼ਤਰ ਫ਼ੋਨ ਕੀਤਾ। ਤਰਸੇਮ ਚੰਦੀ ਬੈਠਾ ਹੋਇਆ ਸੀ। ਪਹਿਲਾ ਉਸ ਦਾ ਹਾਲਚਾਲ ਪੁੱਛਿਆ ਤੇ ਫਿਰ ਕਿਹਾ, "ਯਾਰ, ਸੇਵਾਦਾਰ ਨੂੰ ਕਹਿ ਦੇਈਂ, ਅੱਜ ਨਾ ਆਏ ਘਰ ਪੈਣ ਲਈ...ਅਸੀਂ ਆ ਗਏ ਹਾਂ।"

"ਠੀਕ ਹੈ ਜੀ!"

"ਮੈਂ ਸਵੇਰੇ ਆਵਾਂਗਾ ਦਫ਼ਤਰ...ਤੂੰ ਭਲਕੇ ਤਾਂ ਹੈ ਨਾ।"

"ਹਾਂ ਜੀ।" ਉਧਰੋਂ ਫ਼ੋਨ ਰੱਖ ਕੇ ਉਹ ਰੋਟੀ ਦਾ ਜੁਗਾੜ ਕਰਨ ਬਾਰੇ ਸੋਚਣ ਲੱਗ ਪਿਆ।" (ਪਰਵਾਨਾ, "ਆਪਣੇ ਆਪਣੇ ਮੋਰਚੇ" 118)

ਜਗਵਿੰਦਰ ਇੱਕੋ ਸਮੇਂ ਕਿੰਨੀਆਂ ਪਰਿਸਥਿਤੀਆਂ ਵਿੱਚ ਘਿਰਿਆ ਅਤੇ ਸੋਚਦਾ ਦਿਖਾਈ ਦਿੰਦਾ। ਇੱਥੇ ਪਰਵਾਨਾ ਨੇ ਜਕੜਬੰਦੀ ਵਿੱਚ ਘਿਰੇ ਪਾਤਰ ਦੀ ਸਫਲ ਪੇਸ਼ਕਾਰੀ ਕਰਦਾ ਹੈ।

ਪਰਵਾਨਾ ਨਾਵਲਾਂ ਵਿਚਲੀ ਕਹਾਣੀ ਦਾ ਬਿਆਨ ਢੰਗ ਵਧੇਰੇ ਪ੍ਰਭਾਵਸ਼ਾਲੀ, ਰੋਚਕ, ਉਤਸੁਕ, ਅਚੰਭਾ ਭਰਪੂਰ ਕਰਦਾ ਹੈ। ਪਾਠਕ ਇੱਕੋ ਲੈਅ 'ਚ ਪੜ੍ਹਦੇ ਤੁਰੇ ਜਾਂਦੇ ਹਨ। ਉਚੇਰੇ ਬਿਆਨ ਢੰਗ ਰਾਹੀਂ ਹੀ ਉਹ ਸਮਾਜ ਦੀਆਂ ਡੂੰਘੀਆਂ

ਪਰਤਾਂ ਨੂੰ ਇੱਕ-ਇੱਕ ਕਰ ਕੇ ਖੋਲ੍ਹਦਾ ਕਿਤੇ-ਕਿਤੇ ਬਹਿਸ ਜਾਂ ਭਾਸ਼ਣੀ ਸੁਰ ਨੂੰ ਅਪਣਾਉਂਦਾ ਹੈ। ਕਿਤੇ ਬਿਆਨ ਢੰਗ ਜੋਸ਼ੀਲਾ ਵੀ ਹੁੰਦਾ ਨਜ਼ਰ ਆਉਂਦਾ ਹੈ।

ਪਰਵਾਨਾ ਆਪਣੇ ਨਾਵਲਾਂ ਵਿੱਚ ਪਰਾ ਗਲਪੀ ਭਾਵ ਦਾਰਸ਼ਨਿਕ ਵਿਆਖਿਆਵਾਂ ਨੂੰ ਪੇਸ਼ ਕਰਦਿਆਂ ਬਹਿਸ, ਸੰਵਾਦ ਅਤੇ ਵਿਚਾਰਧਾਰਾਈ ਦੀ ਵਰਤੋਂ ਕਰਦਾ ਹੈ। ਅਗਲਪੀ ਜੁਗਤਾਂ 'ਚ ਡਾਇਰੀ, ਪੱਤਰ, ਪੱਤਰਕਾਰੀ ਦੀ ਵਰਤੋਂ ਕਰਦਾ ਨਜ਼ਰ ਆਉਂਦਾ ਹੈ। *'ਨਿੱਕੇ ਨਿੱਕੇ ਯੁੱਧ'* ਨਾਵਲ ਵਿੱਚ ਦੇਖਦੇ ਹਾਂ ਕਿ ਗਿੰਦਰ ਆਪਣੇ ਪਾਰਟੀ ਦੇ ਵਰਕਰਾਂ ਨਾਲ ਮਾਰਕਸਵਾਦ ਅਤੇ ਸਮਾਜਵਾਦ ਬਾਰੇ ਸੰਵਾਦ/ਬਹਿਸ ਕਰਦਾ ਹੈ। *'ਖੇਤਾਂ ਦਾ ਰੁਦਨ'* ਨਾਵਲ 'ਚ ਰਵਿੰਦਰ ਰਵੀ ਆਪਣੇ ਦੋਸਤ ਸ਼ਿਵ, ਸਰਬਜੀਤ ਨਾਲ ਸਰਕਾਰ ਵੱਲੋਂ ਵਰਕਰਾਂ ਦੀ ਕੀਤੀ ਜਾਂਦੀ ਲੁੱਟ ਬਾਰੇ ਬਹਿਸ ਕਰਦੇ ਹਨ। ਅਗਲਪੀ ਜੁਗਤ 'ਚ *'ਨਿੱਕੇ ਨਿੱਕੇ ਯੁੱਧ'* ਨਾਵਲ ਵਿਚ ਉਦੋਂ ਕੀਤੀ ਗਈ ਹੈ ਜਦੋਂ ਮਾਰਕਸਵਾਦ ਦੀ ਪੜ੍ਹਾਈ ਲਈ ਕੁੱਝ ਵਿਦਿਆਰਥੀਆਂ ਦੀ ਚੋਣ ਕਰਨੀ ਸੀ ਅਤੇ ਗਿੰਦਰ ਦੀ ਸਿਫ਼ਾਰਸ਼ ਲਈ ਗੁਰਮੇਲ ਸਿੰਘ ਜ਼ਿਲ੍ਹਾ ਸਕੱਤਰ ਕਾਮਰੇਡ ਰੁਲਦਾ ਸਿੰਘ ਨੂੰ ਚਿੱਠੀ ਲਿਖਦਾ ਹੈ।

ਪਰਵਾਨਾ ਨੇ ਅਗਲਪੀ ਜੁਗਤ ਤਹਿਤ ਪੱਤਰਕਾਰੀ ਜੁਗਤ ਦੀ ਸਫਲ ਪੇਸ਼ਕਾਰੀ ਕੀਤੀ ਹੈ। ਚੌ-ਲੜੀ ਨਾਵਲਾਂ ਦਾ ਮੁੱਖ ਪਾਤਰ ਗਿੰਦਰ ਇੱਕ ਪੱਤਰਕਾਰ ਹੈ ਜੋ ਪੱਤਰਕਾਰੀ ਦੀ ਸਥਿਤੀ, ਕੰਮਕਾਜ ਅਤੇ ਕੋਝੀਆਂ ਚਾਲਾਂ ਤੋਂ ਵਾਕਫ਼ ਹੈ। ਹੇਠ ਲਿਖੇ ਟੂਕ ਤੋਂ ਇਸ ਬਾਰੇ ਜਾਣਕਾਰੀ ਮਿਲਦੀ ਹੈ ਜਿਵੇਂ:

> "ਪਰ...ਉਹ ਆਪਣੇ ਅੰਦਰੋਂ ਭਾਵੁਕਤਾ ਨੂੰ ਤੋੜ ਕੇ ਵਗਾਹ ਨਾ ਸਕਦਾ। ਉਸ ਨੇ ਅਖ਼ਬਾਰ ਨੂੰ ਇਲਾਕੇ 'ਚ ਸਥਾਪਤ ਕਰਨ 'ਚ ਦਿਨ-ਰਾਤ ਇੱਕ ਕੀਤਾ ਸੀ। ਸਮੱਸਿਆਵਾਂ, ਲੋਕ ਲਹਿਰਾਂ, ਹਾਦਸਿਆਂ, ਰਾਜਨੀਤੀ ਦੇ ਖੇਤਰਾਂ 'ਚ ਫਿਰਕੀ ਵਾਂਗ ਘੁੰਮਦਾ ਰਿਹਾ ਸੀ। ਹਰ ਖ਼ਬਰ ਨੂੰ ਪੂਰੀ ਸ਼ਿੱਦਤ ਨਾਲ ਪੂਰੀ ਰੂਹ ਲਾ ਕੇ ਲਿਖ ਕੇ ਭੇਜਦਾ ਰਿਹਾ ਸੀ। ਇਸ ਨੂੰ ਇਲਾਕੇ 'ਚ ਨੰਬਰ ਇੱਕ ਅਖ਼ਬਾਰ ਬਣਾਉਣ 'ਚ ਉਸ ਨੇ ਆਪਣਾ ਬਹੁਤ ਖ਼ੂਨ ਵਹਾਇਆ ਸੀ। ਉਦੋਂ ਸੰਪਾਦਕ ਵੀ ਕਿੰਨੀ ਕਦਰ ਕਰਦਾ ਸੀ। ਸਬ-ਆਫ਼ਿਸ ਖੋਲ੍ਹਣ ਲਈ ਮੁਕੇਰੀਆਂ ਨੂੰ ਚੁਣਿਆ ਹਾਲਾਂਕਿ ਬਹੁਤੇ ਸਬ-ਆਫ਼ਿਸ ਜ਼ਿਲ੍ਹਾ ਕੇਂਦਰਾਂ 'ਤੇ ਹੀ ਖੋਲ੍ਹੇ ਗਏ ਸਨ। ਹਫ਼ਤੇ 'ਚ ਇੱਕ ਅੱਧੀ ਵਾਰ ਉਸ ਨਾਲ ਫ਼ੋਨ 'ਤੇ ਗੱਲ ਜ਼ਰੂਰ ਕਰਦਾ। ਉਹ ਦਫ਼ਤਰ ਜਾਂਦਾ ਤਾਂ ਉਸ ਨੂੰ ਉਚੇਚ ਨਾਲ ਮਿਲਦਾ। ਨਿਊਜ਼-ਟੇਬਲ 'ਤੇ ਵੀ ਉਸ ਦੀ ਭੇਜੀ ਖ਼ਬਰ ਵੱਲ ਉਚੇਚੀ ਤਵੱਜੋ ਦਿੱਤੀ ਜਾਂਦੀ ਸੀ। ਪਰ ਹੁਣ...ਉਸ ਦਫ਼ਤਰ 'ਚ ਉਸ ਪ੍ਰਤੀ ਰਵੱਈਆ ਬਦਲ ਚੁੱਕਾ ਸੀ। ਪਿਛਲੇ ਚਾਰ ਮਹੀਨਿਆਂ 'ਚ, ਉਸ ਨੇ ਦੋ ਵਾਰ ਸੰਪਾਦਕ ਨਾਲ ਗੱਲ ਕਰਨ ਦੀ ਕੋਸ਼ਿਸ਼ ਕੀਤੀ ਪਰ ਹਰ ਵਾਰ ਹੀ ਉਸ ਦੇ ਪੀ.ਏ. ਦਾ ਜੁਆਬ ਹੁੰਦਾ, "ਸਰ ਮੀਟਿੰਗ 'ਚ ਹਨ। ਤੁਸੀਂ ਆਪਣਾ ਮੈਸਿਜ਼ ਦੇ ਦਿਓ, ਮੈਂ ਕਰ ਦਿਆਂਗੀ, "ਨਿਊਜ਼-ਟੇਬਲ 'ਤੇ ਉਸ ਦੀ ਭੇਜੀ ਖ਼ਬਰ ਨੂੰ ਅਕਸਰ ਅੰਡਰ-ਪਲੇਅ ਕੀਤਾ ਜਾਂਦਾ।" (ਪਰਵਾਨਾ, "ਆਪਣੇ ਆਪਣੇ ਮੋਰਚੇ" 131)

ਪੱਤਰਕਾਰੀ ਵਿੱਚ ਕੀਤੀ ਜਾਂਦੀ ਧੱਕੇਸ਼ਾਹੀ ਨੂੰ ਪਰਵਾਨਾ ਨੇ ਬੇਝਿਜਕ ਬਿਆਨ ਕੀਤਾ ਹੈ। ਕਿਵੇਂ ਕਿਸੇ ਦੀ ਚੰਗੀ ਖ਼ਬਰ ਨੂੰ ਕੱਟ ਕੇ ਪਿਛਲੇ ਪੰਨੇ 'ਤੇ ਛਾਪਿਆ ਜਾਂਦਾ ਹੈ। ਇਸ ਤਰ੍ਹਾਂ ਕਹਿ ਸਕਦੇ ਹਾਂ ਕਿ ਪਰਵਾਨਾ ਆਪਣੇ ਨਾਵਲ 'ਚ ਅਗਲਪੀ ਜੁਗਤਾਂ ਦੀ ਸਫਲ ਵਰਤੋਂ ਕਰਦਾ ਹੈ।

ਪਰਵਾਨਾ ਸਭਿਆਚਾਰਕ ਹਾਲਾਤ ਵਿੱਚੋਂ ਸਹਿਜੇ ਹੀ ਗਿੰਦਰ ਦੀ ਮਨੋਵਿਗਿਆਨਕ ਅਵਸਥਾ ਨੂੰ ਪੇਸ਼ ਕਰਦਾ ਹੈ। ਬਚਪਨ ਤੋਂ ਜਵਾਨੀ ਤੱਕ ਦੇ ਸਮੇਂ ਨੇ ਹੀ ਮਨੋਵਿਗਿਆਨ ਮਨੁੱਖ ਦੀ ਸਾਰੀ ਜ਼ਿੰਦਗੀ ਤੈਅ ਕਰਨੀ ਹੁੰਦੀ ਹੈ। ਪਰਵਾਨਾ ਚੌ-ਲੜੀ ਨਾਵਲਾਂ ਦਾ ਮੁੱਖ ਪਾਤਰ ਗਿੰਦਰ ਇਸੇ ਰੂਪ 'ਚ ਭਵਿੱਖ ਵੱਲ ਅੱਗੇ ਵੱਧਦਾ ਹੈ। ਨਾਵਲ ਦੇ ਮੁੱਢ ਵਿੱਚ ਰਾਜਨੀਤਕ ਚੇਤਨਾ ਤੋਂ ਸਿੱਖਦਾ ਦਿਖਾਈ ਦਿੰਦਾ ਹੈ ਪਰ ਜਿਵੇਂ-ਜਿਵੇਂ ਨਾਵਲ ਅੱਗੇ ਵਧਦਾ ਹੈ ਤਾਂ ਪਿੰਡ ਰਾਜਨੀਤਕ ਚੇਤਨਾ ਵੱਲ ਕਦਮ ਪੁੱਟਦਾ ਹੈ। ਗਿੰਦਰ ਦੀ ਮਨੋਵਿਗਿਆਨਕ ਨਿੱਜੀ ਪੀੜਾ ਨੂੰ ਮਾਰਕਸਵਾਦੀ ਦਰਸ਼ਨ ਅਨੁਸਾਰ ਸਮਝਿਆ ਜਾ ਸਕਦਾ ਹੈ। ਗਿੰਦਰ ਦੇ ਸਵਾਲਾਂ ਦਾ ਜੁਆਬ ਸਮਕਾਲੀ ਸਭਿਆਚਾਰ ਅਤੇ ਪਾਰਟੀ ਸਭਿਆਚਾਰ ਕੋਲ ਨਹੀਂ ਕਿਉਂਕਿ ਸਭਿਆਚਾਰ 'ਚ ਨਿੱਜੀ ਆਜ਼ਾਦੀ ਪੂੰਜੀ ਦੇ ਹਿਤਾਂ ਦਾ ਭੁਗਤਾਨ ਕਰਦੀ ਹੈ ਪਰ ਪਾਰਟੀ ਸਭਿਆਚਾਰ 'ਚ ਨਿੱਜ ਹੁੰਦਾ ਹੀ ਨਹੀਂ ਸਾਰਾ ਕੁੱਝ ਸਮੂਹਿਕ ਹੁੰਦਾ ਹੈ। ਪਰਵਾਨਾ ਨੇ ਦੇਸ਼ ਅਤੇ ਸਮਾਜ ਦਾ ਹਵਾਲਾ ਦੇ ਕੇ ਗਿੰਦਰ ਦੀ ਮਨੋਵਿਗਿਆਨਕ ਅਵਸਥਾ ਨੂੰ ਪੇਸ਼ ਕੀਤਾ ਹੈ।

ਪਰਵਾਨਾ ਸਮੱਸਿਆਵਾਂ ਨੂੰ ਮਨੋਵਿਗਿਆਨਕ ਢੰਗ ਨਾਲ ਹੀ ਨਹੀਂ ਸਗੋਂ ਹਰ ਸਮੱਸਿਆ ਨੂੰ ਨਾਵਲ ਵਿਚ ਵਿਗਿਆਨਕ ਢੰਗ ਨਾਲ ਪੇਸ਼ ਕਰਦਾ ਹੈ। ਪਹਿਲਾ ਸਮੱਸਿਆ ਦੀ ਪੇਸ਼ਕਾਰੀ ਕਰਦਾ ਹੈ। ਪਾਠਕ ਉਸ ਬਾਰੇ ਸੋਚਦਾ ਦੁਚਿੱਤੀ ਵਿਚ ਪੈਂਦਾ ਹੈ ਕਿ ਨਾਵਲਕਾਰ ਕੀ ਪੇਸ਼ ਕਰ ਰਿਹਾ ਹੈ ਪਰ ਅੱਗੇ ਚੱਲਕੇ ਉਸੇ ਸਮੱਸਿਆ 'ਚੋਂ ਵਿਗਿਆਨਕ ਢੰਗ ਨਾਲ ਬਾਹਰ ਕੱਢਦਾ ਨਜ਼ਰ ਆਉਂਦਾ ਹੈ। ਪਰਵਾਨਾ ਮਨੋਵਿਗਿਆਨ ਨੂੰ ਸਿਰਜਣ ਦੇ ਨਾਲ-ਨਾਲ ਵਿਗਿਆਨਕ ਦ੍ਰਿਸ਼ਟੀਕੋਣ ਤੋਂ ਸਮੱਸਿਆ ਦੇ ਹੱਲ ਨੂੰ ਪੇਸ਼ ਵੀ ਕਰਦਾ ਹੈ।

ਪਰਵਾਨਾ ਨੇ ਦ੍ਰਿਸ਼ਟੀ ਬਿੰਦੂ ਦੀ ਜੁਗਤ ਨੂੰ ਜ਼ਰੀਆਂ ਬਣਾ ਕੇ ਨਾਵਲਾਂ 'ਚ ਕਿਸਾਨੀ ਜੀਵਨ ਉੱਪਰ ਪੈ ਰਹੇ ਪੂੰਜੀਵਾਦੀ ਕਾਰਪੋਰੇਟ ਮਾਡਲ ਦੇ ਪ੍ਰਭਾਵ ਅਤੇ ਬਦਲ ਰਹੀ ਜੀਵਨ ਜਾਂਚ ਨੂੰ ਆਧਾਰ ਬਣਾ ਕੇ ਗਾਲਪਨਿਕ ਬਿੰਬ ਦੀ ਉਸਾਰੀ ਸਫਲਤਾਪੂਰਵਕ ਕਰਦਾ ਹੈ। ਨਾਵਲਕਾਰ ਪਾਤਰਾਂ ਦੇ ਸੁਭਾਅ, ਜੀਵਨ ਮੁੱਲਾਂ, ਉਨ੍ਹਾਂ ਦੀਆਂ ਆਦਤਾਂ, ਪਰਿਸਥਿਤੀਆਂ ਅਤੇ ਘਟਨਾਵਾਂ ਦੀ ਸਰਲ ਵਿਆਖਿਆ ਕਰਨ ਦੀ ਥਾਂ ਵਸਤੂ ਪੂਰਕ ਪਹੁੰਚ ਨੂੰ ਅਪਣਾ ਕੇ ਪਾਠਕ ਸਾਹਮਣੇ ਸਥਿਤੀ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕਰਦਾ ਹੈ।

ਪਰਵਾਨਾ ਦੇ ਨਾਵਲਾਂ ਵਿਚਲੇ ਪਾਤਰ ਨਾਵਲੀ ਜ਼ਿੰਦਗੀ 'ਚ ਵਿਚਰਦੇ ਹੋਏ ਪਾਤਰ (ਜੋ ਇੱਕ ਖ਼ਾਸ ਕਿਸਮ ਦਾ ਅਨੁਭਵ ਅਤੇ ਦ੍ਰਿਸ਼ਟੀ ਗ੍ਰਹਿਣ ਕਰਦੇ ਹਨ) ਪਾਠਕ ਨੂੰ ਆਪਣੇ ਵੱਲੋਂ ਨਿਰਦੇਸ਼ ਦਿੰਦਾ ਤਰਕ ਦੇ ਆਧਾਰ ਤੇ ਗੱਲ ਕਰਦਾ

ਹੈ। ਪਰਵਾਨਾ ਦ੍ਰਿਸ਼ਟੀ ਬਿੰਦੂ ਦੀ ਜੁਗਤ ਦੀ ਵਰਤੋਂ ਕਰਦਿਆਂ ਪਾਤਰਾਂ ਦੀ ਬਾਹਰੀ ਪ੍ਰਕਿਰਿਆ, ਸਥਿਤੀਆਂ ਨੂੰ ਹੀ ਨਹੀਂ ਚਿਤਰਦਾ ਸਗੋਂ ਪਾਤਰਾਂ ਦੀ ਮਨੋਸਥਿਤੀ ਦੀ ਸਿਰਜਣਾ ਵੀ ਕਰਦਾ ਹੈ।

ਸਹਾਨੁਭੂਤੀ ਦਾ ਅਰਥ ਪਾਤਰਾਂ ਦੇ ਪ੍ਰਤਿਕਰਮਾਂ ਭਾਵਾਂ, ਵਿਚਾਰਾਂ ਪ੍ਰਤੀ ਹਮਦਰਦੀ ਨਹੀਂ ਸਗੋਂ ਪ੍ਰਤਿਕਰਮ ਪ੍ਰਤੀ ਕਿਸੇ ਹੋਰ ਵਿਅਕਤੀ ਦਾ ਉਸ ਪਾਤਰ ਦੇ ਹੱਕ 'ਚ ਪ੍ਰਤਿਕਰਮ ਕਰਨਾ। ਪਰਵਾਨਾ ਵੀ ਆਪਣੇ ਨਾਵਲਾਂ ਵਿਚ ਸਹਾਨੁਭੂਤੀ ਦੀ ਵਿਧੀ ਦੀ ਵਰਤੋਂ ਕਰਦਾ ਹੈ। ਉਹ ਸਹਾਨੁਭੂਤੀ ਮੁੱਖ ਪਾਤਰ ਦੇ ਮੂੰਹੋਂ ਨਹੀਂ ਸਗੋਂ ਇਸ ਦੀ ਵਰਤੋਂ ਸਹਾਇਕ ਪਾਤਰ ਦੇ ਮੂੰਹੋਂ ਬੁਲਾ ਕੇ ਕਰਦਾ ਹੈ। *'ਖੇਤਾਂ ਦਾ ਰੁਦਨ'* ਨਾਵਲ ਦਾ ਮੁੱਖ ਪਾਤਰ ਰਵਿੰਦਰ ਰਵੀ ਦੇ ਪਿਤਾ ਦੀ ਮੌਤ ਹੋ ਜਾਣ ਸਮੇਂ ਰਵੀ ਦੇ ਭਰਾ ਵੱਲੋਂ ਸਾਰੀ ਜ਼ਮੀਨ ਜਾਇਦਾਤ ਦੀ ਵਸੀਅਤ ਆਪਣੇ ਨਾਮ ਕਰਵਾਉਣ 'ਤੇ ਰਵੀ ਅੰਦਰਲੇ ਮਨੋਂ ਦੁਖੀ ਹੁੰਦਾ ਹੈ। ਜਿਵੇਂ:

> "ਇਸ ਉਪਰੇਪਣ ਦਾ ਰਾਜ ਉਸ ਦੇ ਜਲੰਧਰ ਮੁੜ ਆਉਣ ਤੋਂ ਅਗਲੇ ਦਿਨ ਹੀ ਖੁੱਲ੍ਹ ਗਿਆ ਜਦੋਂ ਦੀਪੋ ਦੇ ਘਰਵਾਲੇ ਚੰਨਣ ਨੇ ਆ ਕੇ ਦੱਸਿਆ, "ਰਵੀ, ਨਰਿੰਦਰ ਨੇ ਤਾਂ ਵਸੀਅਤ ਕਰਾ ਲਈ ਹੋਈ ਐ ਆਪਣੇ ਨਾਂ......ਮੈਨੂੰ ਵੀ ਇਸ ਗੱਲ ਦਾ ਰਾਤੀਂ ਹੀ ਪਤਾ ਲੱਗਿਆ ਤੇ ਤੇਰੀ ਭੈਣ ਨੇ ਭੇਜਿਆ ਐ ਤੇਰੇ ਵੱਲ.........ਅਸੀਂ ਆਪਣੇ ਪਿੰਡ ਦੇ ਪਟਵਾਰੀ ਤੋਂ ਪਤਾ ਕੀਤਾ ਸੀ। ਉਹ ਕਹਿੰਦਾ,
>
> "ਜੱਦੀ ਜ਼ਮੀਨ ਇੰਜ ਉਹ ਇੱਕ ਨੂੰ ਦੇ ਹੀ ਨਹੀਂ ਸਕਦਾ। ਤੂੰ ਚੁੱਪ ਕਰ ਕੇ ਦਰਖ਼ਾਸਤ ਦੇ ਦੇ ਤਸੀਲੇ ਜਾ ਕੇ...ਵੱਡੀ ਗੱਲ ਐ ਤੇਰੀ ਭੈਣ ਵੀ ਤੇਰੇ ਨਾਲ ਜਾ ਵੜੂ...।" (ਪਰਵਾਨਾ, "ਖੇਤਾਂ ਦਾ ਰੁਦਨ" 84-85)

ਰਵੀ ਪ੍ਰਤੀ ਉਸ ਦੀ ਭੈਣ ਦੀਪੋ ਅਤੇ ਉਸ ਦਾ ਘਰਵਾਲਾ ਚੰਨਣ ਹਮਦਰਦੀ ਦਿਖਾਉਂਦੇ ਹਨ। ਇਸ ਤਰ੍ਹਾਂ ਆਖ ਸਕਦੇ ਹਾਂ ਕਿ ਪਰਵਾਨਾ ਨੇ ਸਹਾਨਭੂਤੀ ਜੁਗਤ ਦੀ ਸਫਲ ਵਰਤੋਂ ਕੀਤੀ ਹੈ।

ਮਹਿਦੂਦ ਚੇਤਨ ਦਾ ਅਰਥ ਕਮਜ਼ੋਰੀਆਂ ਗਿਣਾਉਣਾ ਨਹੀਂ ਇਸ ਦਾ ਅਰਥ ਨਾਵਲ ਦੀ ਸ਼ਿਲਪਕਾਰੀ 'ਚ ਪੈਦਾ ਹੋ ਰਹੀ ਤਾਕਤ ਵੱਲ ਧਿਆਨ ਕੇਂਦਰਿਤ ਕਰਨਾ ਹੈ। ਮਹਿਦੂਦ ਚੇਤਨਾ ਦਾ ਸੰਕਲਪ ਦ੍ਰਿਸ਼ਟੀ ਬਿੰਦੂ Point of view ਨਾਲ ਸਬੰਧ ਰੱਖਦਾ ਹੈ।

ਪਰਵਾਨਾ ਮਹਿਦੂਦ ਚੇਤਨਾ ਵਿਧੀ ਦੀ ਵਰਤੋਂ ਕਰ ਕੇ ਪਾਠਕਾਂ ਵਿੱਚ ਚੇਤਨਾ ਪੈਦਾ ਕਰਦਾ ਹੈ। ਪਰਵਾਨਾ ਪੂੰਜੀਵਾਦੀ ਦੌਰ ਦੀਆਂ ਨਵੀਆਂ ਸਥਿਤੀਆਂ ਦੀ ਪੇਸ਼ਕਾਰੀ ਕਰ ਕੇ ਨਵੀਆਂ ਲੱਭਤਾਂ ਲਈ ਦਰਵਾਜ਼ਾ ਖੋਲ੍ਹਦਾ ਹੈ। ਸਮਾਜ ਵਿੱਚ ਪੈਦਾ ਹੋਏ ਝੂਠੇ ਰੀਤੀ ਰਿਵਾਜ਼ਾਂ, ਵਹਿਮਾਂ-ਭਰਮਾ, ਕਦਰਾਂ-ਕੀਮਤਾਂ ਅਤੇ ਤੰਗ-ਨਜ਼ਰੀਏ ਦੀਆਂ ਦੀਵਾਰਾਂ ਤੋੜਦਾ ਹੈ। *'ਨਿੱਕੇ ਨਿੱਕੇ ਯੁੱਧ'* ਨਾਵਲ ਵਿੱਚ ਗਿੰਦਰ ਦੀ ਭੈਣ ਦਾ ਵਿਆਹ ਪੁਰਾਣੀਆਂ ਪ੍ਰੰਪਰਾਵਾਂ, ਰੀਤੀ-ਰਿਵਾਜਾਂ ਨੂੰ ਤੋੜਦਾ ਨਵੀਂ ਪਰਿਸਥਿਤੀਆਂ ਦੀ ਪੇਸ਼ਕਾਰੀ ਕਰਦਾ ਹੈ ਜਿਵੇਂ:

> "ਗਿੰਦਰੋ ਦਾ ਵਿਆਹ ਕਈ ਗੱਲਾਂ ਕਰ ਕੇ ਪਿੰਡ 'ਚ ਚਰਚਾ 'ਚ ਆ ਗਿਆ। ਇੱਕ ਤਾਂ ਵਿਆਹ 'ਤੇ ਆਏ ਗਿੰਦਰ ਦੇ ਕਾਮਰੇਡ ਦੋਸਤ ਮੁੰਡਿਆਂ ਨੇ ਇੰਨੇ ਸਲੀਕੇ ਨਾਲ ਬਰਾਤ ਦੀ ਸੇਵਾ ਤੇ ਹੋਰ ਦੂਸਰੇ ਕੰਮਾਂ ਨੂੰ ਸੰਭਾਲਿਆ ਕਿ ਕਿਤੇ

ਕੋਈ ਅਣਗਹਿਲੀ ਹੋਈ ਹੀ ਨਾ। ਤੇ ਦੂਸਰੇ ਗਿੰਦਰੋ ਨੇ ਫੇਰੇ ਨੰਗੇ ਮੂੰਹ ਲਏ ਸਨ। ਇਸ ਲਈ ਗਿੰਦਰ ਨੇ ਭਾਵੇਂ ਪਹਿਲਾ ਉਸ ਦੇ ਸਹੁਰਿਆਂ ਨਾਲ ਸਲਾਹ ਕਰ ਕੇ ਉਨ੍ਹਾਂ ਦੀ ਰਜ਼ਾਮੰਦੀ ਲੈ ਲਈ ਸੀ। ਗਿੰਦਰੋ ਦਾ ਸਹੁਰਾ ਰਿਟਾਇਰਡ ਫ਼ੌਜੀ ਸੀ ਤੇ ਉਸ ਦਾ ਹੋਣ ਵਾਲਾ ਘਰਵਾਲਾ ਪੌਂਗ ਡੈਮ ਤੇ ਸਟੋਰ-ਕੀਪਰ। ਦੋਹਾਂ ਨੂੰ ਕੁੱਝ-ਕੁੱਝ ਬਾਹਰ ਦੀ ਹਵਾ ਲੱਗੀ ਹੋਈ ਸੀ। ਸਹੁਰੇ ਨੇ ਸਗੋਂ ਖ਼ੁਸ਼ੀ ਨਾਲ ਸਵੀਕਾਰ ਕੀਤਾ।

'ਬਹੁਤ ਸਾਰੀਆਂ ਰਸਮਾਂ ਤਾਂ ਹੁਣ ਫ਼ਜ਼ੂਲ ਦੀਆਂ ਬਣ ਗਈਆਂ ਹੋਈਆਂ...ਚੰਗਾ ਹੀ ਹੈ, ਇਨ੍ਹਾਂ ਤੋਂ ਖਹਿੜਾ ਛੁਡਾਇਆ ਜਾਵੇ।" (ਪਰਵਾਨਾ, "ਨਿੱਕੇ ਨਿੱਕੇ ਯੁੱਧ" 32)

ਇਸ ਤਰ੍ਹਾਂ ਪਰਵਾਨਾ ਪੁਰਾਤਨ ਰਸਮਾਂ ਰਿਵਾਜ਼ਾਂ ਦਾ ਵਿਰੋਧ ਕਰ ਕੇ ਪਾਠਕਾਂ ਵਿੱਚ ਇਨ੍ਹਾਂ ਪ੍ਰਤੀ ਚੇਤਨਾ ਪੈਦਾ ਕਰਦਾ ਹੈ। ਇਨ੍ਹਾਂ ਪਰਿਸਥਿਤੀਆਂ ਵਿੱਚ ਪਾਤਰ ਡਿਗਦੇ ਵੀ ਹਨ, ਹਾਰਦੇ ਵੀ ਹਨ, ਮਾਨਸਿਕ ਤੌਰ 'ਤੇ ਟੁੱਟਦੇ ਵੀ ਹਨ, ਮਰਦੇ ਵੀ ਹਨ ਪਰ ਕਿਤੇ ਵੀ ਰੁਕਦੇ/ਥੱਕਦੇ ਦਿਖਾਈ ਨਹੀਂ ਦਿੰਦੇ। ਗਿੰਦਰ, ਰਵਿੰਦਰ, ਰਵੀ, ਪਾਲੀ, ਬਲਕਾਰ ਆਦਿ ਇਸੇ ਤਰ੍ਹਾਂ ਦੇ ਪ੍ਰਮਾਣ ਹਨ। ਨਾਵਲਾਂ ਵਿੱਚ ਮਹਿਦੂਦ ਚੇਤਨਾ ਬੰਦਗੀ ਦੁਖਾਂਤ ਬਣਦੀ ਹੈ ਪਰ ਇਨ੍ਹਾਂ ਬੰਦਨਾਂ ਨੂੰ ਤੋੜ੍ਹਨ ਦੀ ਲਗਾਤਾਰ ਕੋਸ਼ਿਸ਼ ਕਰਦੇ ਨਜ਼ਰ ਆਉਂਦੇ ਹਨ।

ਸਰਬੱਗ ਦੀ ਜੁਗਤ 'ਚ ਆਮ ਤੌਰ 'ਤੇ ਨਾਵਲਕਾਰ ਖ਼ੁਦ ਹੀ ਨਾਵਲ ਦੇ ਬਿਰਤਾਂਤਕਾਰ ਵਜੋਂ ਕੰਮ ਕਰਦਾ ਹੈ। ਪਰਵਾਨਾ ਨੇ ਜ਼ਿੰਦਗੀ ਦੇ ਹਰ ਪੱਖ ਸਬੰਧੀ ਸਰਬਪੱਖੀ ਜਾਣਕਾਰੀ ਹੋਣ ਦੇ ਦਾਅਵੇ ਨਾਲ ਨਾਵਲੀ ਬਿਰਤਾਂਤ ਦਾ ਬਿਆਨ ਕੀਤਾ ਹੈ।

ਸੁਰਿੰਦਰ ਕੁਮਾਰ ਦਵੇਸ਼ਵਰ ਅਨੁਸਾਰ ਪਰਵਾਨਾ ਜਦੋਂ ਚਾਹੁੰਦਾ ਹੈ, "ਨਾਵਲ ਵਿਚਲੀਆਂ ਵੱਖ-ਵੱਖ ਘਟਨਾਵਾਂ ਅਤੇ ਸਥਿਤੀਆਂ ਦੀ ਭਾਸ਼ਣੀ ਸ਼ੈਲੀ ਵਿੱਚ ਸਿੱਧੀ ਵਿਆਖਿਆ ਕਰਨ ਲੱਗ ਪੈਂਦਾ ਹੈ। ਪਾਤਰਾਂ ਸਬੰਧੀ ਵੀ ਉਹ ਅਜਿਹਾ ਵਤੀਰਾ ਹੀ ਅਪਣਾਉਂਦਾ ਹੈ। ਕਦੇ ਉਹ ਪਾਤਰਾਂ ਦੇ ਮਨ ਅੰਦਰ ਚੁੱਭੀ ਮਾਰ ਕੇ ਉਨ੍ਹਾਂ ਦੀ ਮਾਨਸਿਕਤਾ ਦੀ ਜਾਣਕਾਰੀ ਦਿੰਦਾ ਹੈ ਅਤੇ ਕਦੇ ਉਨ੍ਹਾਂ ਦੀਆਂ ਬਾਹਰੀ ਕਿਰਿਆਵਾਂ ਦਾ ਵਿਸ਼ਲੇਸ਼ਣ ਅਤੇ ਮੁਲਾਂਕਣ ਕਰਨ ਦੇ ਰਸਤੇ ਪੈ ਜਾਂਦਾ ਹੈ।" ("ਨਾਵਲ ਸ਼ਾਸਤਰ ਤੇ ਪੰਜਾਬੀ ਨਾਵਲ" 110)

ਇਸ ਤਰ੍ਹਾਂ ਪਰਵਾਨਾ ਪਾਤਰਾਂ ਦੇ ਵਿਚਾਰਾਂ ਅਤੇ ਅਨੁਭਵਾਂ ਨੂੰ ਪੇਸ਼ ਕਰਨ ਦੇ ਨਾਲ ਨਾਲ ਆਪਣੇ ਵਿਚਾਰਾਂ ਅਤੇ ਅਨੁਭਵਾਂ ਨੂੰ ਬਰਾਬਰ ਪੇਸ਼ ਕਰਦਾ ਹੈ। ਉਹ ਪਰਿਸਥਿਤੀਆਂ ਦਾ ਫ਼ੈਸਲਾ ਪਾਠਕਾਂ ਤੇ ਸੁੱਟਣ ਦੀ ਬਜਾਇ ਆਪ ਕਰਦਾ ਹੈ। ਨਾਵਲ ਦੇ ਕਥਾਨਕ ਵਿੱਚ ਜਦੋਂ ਚਾਹੁੰਦਾ ਹੈ ਪਿਛਲ-ਝਾਤ ਵਿਧੀ ਦੀ ਵਰਤੋਂ ਕਰਦਾ ਜ਼ਿੰਦਗੀ ਦੇ ਕਈ ਪੱਖਾਂ ਬਾਰੇ ਜਾਣਕਾਰੀ ਦੇਣ ਲੱਗਦਾ ਹੈ। ਨਾਵਲੀ ਕਹਾਣੀ ਦੀ ਚਾਲ 'ਚ ਵਾਰ-ਵਾਰ ਵਿਘਨ ਪੈਣ ਕਾਰਨ ਪਰਵਾਨਾ ਉੱਥੇ ਨਾਵਲ ਦੀ ਖ਼ੁਦਮੁਖ਼ਤਾਰ ਹੋਂਦ ਨੂੰ ਠੇਸ ਪਹੁੰਚਾਦਿਆਂ ਯਥਾਰਥਕ ਨੂੰ ਗਾਲਪਨਿਕ ਬਿੰਬ ਵਿੱਚ ਢਾਲ ਕੇ ਕਹਾਣੀ ਦੀ ਪੇਸ਼ਕਾਰੀ ਕਰਦਾ ਹੈ। ਪਾਠਕ ਵਰਗ ਨੂੰ ਖ਼ੁਦ ਕੁੱਝ ਸੋਚਣ ਦਾ ਮੌਕਾ ਹੀ ਨਹੀਂ ਦਿੰਦਾ।

ਪੰਜਾਬੀ ਨਾਵਲ 'ਚ ਬੂਮਰਿੰਗ ਵਿਧੀ ਦੀ ਵਰਤੋਂ ਕੀਤੀ ਜਾਣ ਲੱਗ ਪਈ ਹੈ। ਬੂਮਰਿੰਗ ਵਿਧੀ ਨਾਵਲੀ ਬਿਰਤਾਂਤਕ ਸੰਰਚਨਾ ਦੀ ਇੱਕ ਜੁਗਤ ਹੈ।

> ਟੀ. ਆਰ. ਵਿਨੋਦ ਦਾ ਪੁਸਤਕ *'ਨਾਵਲ ਆਲੋਚਨਾ ਸ਼ਬਦਾਵਲੀ ਕੋਸ਼'* ਵਿੱਚ ਲਿਖਣਾ ਹੈ ਕਿ, "ਬੂਮਰਿੰਗ ਬਿਰਤਾਂਤ-ਰਚਨਾ ਦੀ ਇੱਕ ਜੁਗਤ। ਬੂਮਰਿੰਗ ਇੱਕ ਕਮਾਨੀਦਾਰ ਛੜੀ ਹੁੰਦੀ ਹੈ ਜਿਸ ਨੂੰ ਆਸਟ੍ਰੇਲੀਆ ਦੇ ਆਦਿਵਾਸੀ ਸ਼ਿਕਾਰ ਕਰਦੇ ਸਮੇਂ ਕੁੱਝ ਇਸ ਤਰ੍ਹਾਂ ਸੁੱਟਦੇ ਹਨ ਕਿ ਇਹ ਇੱਕ ਲੰਮਾ ਘੇਰਾ ਬਣਾਉਂਦੀ ਹੋਈ ਵਾਪਸ ਉਸ ਥਾਂ ਆ ਡਿਗਦੀ ਹੈ ਜਿੱਥੋਂ ਇਹ ਸੁੱਟੀ ਜਾਂਦੀ ਹੈ। ਨਾਵਲ ਦੇ ਬਿਰਤਾਂਤ ਦੀ ਉਸਾਰੀ ਵਿੱਚ ਵੀ ਇਹ ਜੁਗਤ ਵਰਤੀ ਜਾਂਦੀ ਹੈ। ਨਾਵਲ ਦੀ ਕਹਾਣੀ ਨੂੰ ਕਿਤੋਂ ਵਿਚਾਲਿਉਂ ਸ਼ੁਰੂ ਕਰ ਕੇ ਬਾਅਦ ਵਿਚ ਉਸ ਦਾ ਪਿਛੋਕੜ ਚਿਤਰਿਆ ਜਾਂਦਾ ਹੈ ਅਤੇ ਉਸ ਤੋਂ ਬਾਅਦ ਉਹ ਪਿਛੋਕੜ ਮੁੜ ਪਹਿਲੀ ਕਹਾਣੀ ਨਾਲ ਆ ਜੁੜਦਾ ਹੈ ਜਿੱਥੋਂ ਕਹਾਣੀ ਅੱਗੇ ਤੋਰੀ ਜਾਂਦੀ ਹੈ।" (13)

ਬੂਮਰਿੰਗ ਵਿਧੀ ਤੋਂ ਭਾਵ ਨਾਵਲ ਵਿਚਲੀ ਕਹਾਣੀ ਦਾ ਇੱਕ ਥਾਂ ਤੋਂ ਆਰੰਭ ਹੋ ਕੇ ਵਾਪਸ ਉਸੇ ਥਾਂ ਤੇ ਆਉਣਾ ਹੈ। ਬਲਬੀਰ ਪਰਵਾਨਾ ਵੀ ਆਪਣੇ ਚੋ-ਲੜੀ ਨਾਵਲਾਂ 'ਚ ਬੂਮਰਿੰਗ ਵਿਧੀ ਦੀ ਵਰਤੋਂ ਕਰਦਾ ਦਿਖਾਈ ਦਿੰਦਾ ਹੈ। *'ਗਹਿਰ ਚੜ੍ਹੀ ਅਸਮਾਨ'* ਨਾਵਲ ਵਿਚ ਗਿੰਦਰ ਦੀ ਜ਼ਿੰਦਗੀ ਪਿੰਡ ਤੋਂ ਆਰੰਭ ਹੋ ਕੇ *ਨਿੱਕੇ ਨਿੱਕੇ ਯੁੱਧ, ਆਪਣੇ ਆਪਣੇ ਮੋਰਚੇ* 'ਚੋਂ ਹੁੰਦੀ ਹੋਈ *ਕਥਾ ਇਸ ਯੁੱਗ ਦੀ* ਰਾਹੀਂ ਵਾਪਸ ਪਿੰਡ ਪਰਤਦੀ ਹੈ।

> ਸਾਕ ਮੁਹੰਮਦ ਦਾ ਵਿਚਾਰ ਹੈ ਕਿ, "ਉਸ ਨੇ *ਗਹਿਰ ਚੜ੍ਹੀ ਅਸਮਾਨ* ਨਾਵਲ ਵਿੱਚ ਬੂਮਰਿੰਗ ਵਿਧੀ ਰਾਹੀਂ ਵੀਹਵੀਂ ਸਦੀ ਦੇ ਮੁੱਢਲੇ ਦਹਾਕਿਆਂ ਦੇ ਕਿਸਾਨੀ ਯਥਾਰਥ ਦੀ ਥਾਹ ਪਵਾਉਣ ਦਾ ਹਲਕਾ ਯਤਨ ਵੀ ਕੀਤਾ ਹੈ, ਪਰ ਉਸ ਨੇ ਨਾਵਲਾਂ ਦਾ ਜ਼ਿਆਦਾ ਸਬੰਧ ਸੁਤੰਤਰਤਾ ਉਪਰੰਤ ਪੂਰਵ ਹਰੀ ਕ੍ਰਾਂਤੀ ਕਾਲ, ਹਰੀ ਕ੍ਰਾਂਤੀ ਕਾਲ ਅਤੇ ਉੱਤਰ ਹਰੀ ਕ੍ਰਾਂਤੀ ਕਾਲ ਵਿਚ ਪਿੰਡ, ਕਸਬੇ ਅਤੇ ਸ਼ਹਿਰੀ ਮਹਾਂ ਨਗਰੀ ਜੀਵਨ ਵਿੱਚ ਆਏ ਪਰਿਵਰਤਨਾਂ ਨਾਲ ਹੈ। ਇੱਥੇ ਇਹ ਜ਼ਿਕਰਯੋਗ ਹੈ ਕਿ *'ਗਹਿਰ ਚੜ੍ਹੀ ਅਸਮਾਨ'* ਨਾਵਲ ਵਿਚ ਜਿਹੜਾ ਸੁਤੰਤਰਤਾ ਮੌਕੇ ਤੋਂ ਬਿਰਤਾਂਤ ਆਰੰਭ ਹੁੰਦਾ ਹੈ, ਉਹ ਜਗਵਿੰਦਰ/ਗਿੰਦਰ ਨਾਂ ਦੇ ਪਾਤਰ ਰਾਹੀਂ *ਨਿੱਕੇ ਨਿੱਕੇ ਯੁੱਧ, ਆਪਣੇ ਆਪਣੇ ਮੋਰਚੇ* ਅਤੇ *ਕਥਾ ਇਸ ਯੁੱਧ ਦੀ* ਰਾਹੀਂ ਤਿੰਨ ਨਾਵਲਾਂ ਦੁਆਰਾ ਵਿਸ਼ਵੀਕਰਨ, ਇੱਕੀਵੀਂ ਸਦੀ ਦੇ ਪਹਿਲੇ ਦਹਾਕੇ ਵਾਲੇ ਦੌਰ ਵਿੱਚ ਆ ਕੇ ਸੰਪੂਰਕ ਹੁੰਦਾ ਹੈ।" ("ਬਲਬੀਰ ਪਰਵਾਨਾ ਦੇ ਨਾਵਲਾਂ ਦਾ ਯਥਾਰਥ ਬੋਧ", *ਹਾਸ਼ੀਆ ਲੋਕ,* ਜੁਲਾਈ-13/ਮਾਰਚ-14 ਅੰਕ, 226)
>
> ਇਸੇ ਤਰ੍ਹਾਂ ਪਰਵਾਨਾ ਦੁਆਰਾ ਵਰਤੀ ਬੂਮਰਿੰਗ ਵਿਧੀ ਬਾਰੇ ਡਾ. ਰਜਨੀਸ਼ ਬਹਾਦਰ ਦਾ ਵਿਚਾਰ ਹੈ ਕਿ ਪਰਵਾਨਾ ਦਾ, "ਨਾਵਲ ਬੂਮਰਿੰਗ ਬਿਰਤਾਂਤ ਵਿਧੀ ਅਨੁਸਾਰ ਪਿੰਡ ਤੋਂ ਫੈਲ ਕੇ ਪਿੰਡ ਵੱਲ ਪਰਤ ਆਉਂਦਾ ਹੈ। ਇਹ ਪਿੰਡ ਤੋਂ ਪਿੰਡ ਤੱਕ ਦਾ ਸਫ਼ਰ-ਕੁ ਦਰ ਤੋਂ ਮਾਇਆ ਅਤੇ ਫਿਰ ਕੁਦਰਤ ਕੋਲ ਆ ਕੇ ਭਵਿੱਖੀ ਸਵਾਲਾਂ ਨਾਲ

ਦੋ ਚਾਰ ਹੋਣ ਲਈ ਪਾਠਕ ਦੇ ਮਨ ਮਸਤਕ ਨੂੰ ਕਈ ਸਵਾਲਾਂ ਦੇ ਸਨਮੁੱਖ ਖੜ੍ਹਾ ਕਰ ਦਿੰਦਾ ਹੈ। ਨਾਵਲ ਦਾ ਘਟਨਾਕ੍ਰਮ ਕੰਢੀ ਦੇ ਖੇਤਰ ਤੋਂ ਹੁੰਦਾ ਹੋਇਆ ਸ਼ਹਿਰ ਵੱਲ ਫੈਲਦਾ ਹੈ ਅਤੇ ਸ਼ਹਿਰ ਤੋਂ ਵਾਪਸ ਪਿੰਡ ਵੱਲ। ਇਸ ਬਿਰਤਾਂਤ ਦੇ ਕੇਂਦਰ ਵਿੱਚ ਮੁੱਖ ਪਾਤਰ ਜਗਵਿੰਦਰ ਹੈ। ਇਸ ਪਾਤਰ ਰਾਹੀਂ ਪਰਵਾਨਾ ਪੇਂਡੂ ਸਮਾਜਚਾਰੇ ਅੰਦਰ ਹੋਏ ਪੂੰਜੀਵਾਦੀ ਦੇ ਦਖ਼ਲ ਤੋਂ ਲੈ ਕੇ ਕਾਰਪੋਰੇਟ ਸੈਕਟਰ ਦੇ ਪੰਜਾਬੀ ਸਮਾਜ ਵਿੱਚ ਦਹਾਕੇ ਨੂੰ ਚਿਤਰਦਾ ਹੋਇਆ ਮਨੁੱਖੀ ਵਿਹਾਰ ਦੇ ਪਰਿਵਰਤਨ ਨੂੰ ਕੇਂਦਰ ਵਿੱਚ ਰੱਖਦਾ ਹੈ। ਅਜਿਹਾ ਕਰਦੇ ਹੋਏ ਉਸ ਦੇ ਜ਼ਿਹਨ ਵਿੱਚ ਬਦਲ ਰਿਹਾ ਪਿੰਡ, ਵਿਕਾਸ ਕਰਦਾ ਸ਼ਹਿਰ, ਇਸ ਤੋਂ ਪ੍ਰਭਾਵਿਤ ਹੁੰਦੇ ਮਨੁੱਖੀ ਰਿਸ਼ਤੇ, ਨੈਤਿਕਤਾ ਦੇ ਪ੍ਰਤਿਮਾਨ, ਦੇਹਵਾਦੀ ਨਾਰੀ ਦੀ ਸੋਚ, ਰਿਸ਼ਤਿਆਂ ਦੀ ਅਸਥਿਰਤਾ, ਪ੍ਰਕ੍ਰਿਤੀ ਦੇ ਅਸਤੁੰਲਤ ਪ੍ਰਤੀ ਫ਼ਿਕਰਮੰਦ, ਜੀਵਨ ਦੇ ਹਰ ਖੇਤਰ ਵਿੱਚ ਖ਼ਪਤਵਾਦ ਦਾ ਪ੍ਰਵੇਸ਼, ਰਾਜਨੀਤਕ ਪਤਨ, ਪੈਸੇ ਦੀ ਦੌੜ ਵਰਗੇ ਸਰੋਕਾਰ ਨਾਵਲੀ ਬਿਰਤਾਂਤ ਉੱਤੇ ਫੈਲੇ ਹੋਏ ਹਨ।" ( *"ਪੰਜਾਬੀ ਨਾਵਲ", ਐਤਵਾਰਤਾ, ਜਲੰਧਰ: ਨਵਾਂ ਜ਼ਮਾਨਾਂ,* 28 ਦਸੰਬਰ 2014, 4)

ਇਸ ਤਰ੍ਹਾਂ ਆਖ ਸਕਦੇ ਹਾਂ ਕਿ ਪਰਵਾਨਾ ਆਪਣੇ ਚੋ-ਲੜੀ ਨਾਵਲਾਂ 'ਚ ਨਾਵਲੀ ਬਿਰਤਾਂਤ ਨੂੰ ਉਚੇਰੇ ਢੰਗ ਨਾਲ ਪਰੋਣ ਲਈ ਬੂਮਰਿੰਗ ਵਿਧੀ ਜੋ ਬਿਰਤਾਂਤਕ ਰਚਨਾ ਦੀ ਇੱਕ ਜੁਗਤ ਹੈ ਉਸ ਦੀ ਸਫਲ ਵਰਤੋਂ ਕਰਦਾ ਦਿਖਾਈ ਦਿੰਦਾ ਹੈ। ਚੌ-ਲੜੀ ਨਾਵਲਾਂ ਦਾ ਬਿਰਤਾਂਤ ਪਿੰਡ ਤੋਂ ਆਰੰਭ ਹੋ ਕੇ ਵੱਖ-ਵੱਖ ਥਾਵਾਂ ਤੋਂ ਗੁਜ਼ਰਦਾ ਹੋਇਆ ਵਾਪਸ ਪਿੰਡ ਵੱਲ ਪਰਤਦਾ ਹੈ। ਚੌ-ਲੜੀ ਨਾਵਲਾਂ ਦਾ ਪਾਤਰ ਗਿੰਦਰ ਨਾਵਲੀ ਬਿਰਤਾਂਤਕ ਰਚਨਾ ਦੀ ਪ੍ਰਮੁੱਖ ਕੜੀ ਹੈ ਆਰੰਭ ਤੋਂ ਲੈ ਕੇ ਅੰਤ ਤੱਕ ਇਸ ਕੜੀ ਦੀ ਨੁਮਾਇੰਦਗੀ ਕਰਦਾ ਹੈ।

ਇਨ੍ਹਾਂ ਜੁਗਤਾਂ ਤੋਂ ਇਲਾਵਾ ਬਲਬੀਰ ਪਰਵਾਨਾ ਨਾਵਲੀ ਬਿਰਤਾਂਤ 'ਚ ਠਹਿਰਾਓ, ਲਟਕਾਓ, ਵਿਸ਼ਿਆਂ ਦੀ ਵੱਖਰਤਾ ਅਤੇ ਸਾਰਥਕਤਾ ਦੇ ਨਾਲ ਨਾਲ ਪਾਤਰਾਂ ਦਾ ਪਹਿਰਾਵਾ, ਰਹਿਣ ਸਹਿਣ, ਸਰੀਰਕ ਡੋਲ, ਬਣਤਰ, ਬੋਲੀ ਬਾਰੇ ਭਰਪੂਰ ਜਾਣਕਾਰੀ ਮਿਲਦੀ ਹੈ।

ਹੱਥਲੇ ਅਧਿਆਇ ਵਿਚ ਪਰਵਾਨਾ ਦੁਆਰਾ ਨਾਵਲਾਂ 'ਚ ਵਰਤੀਆਂ ਗਈਆਂ ਜੁਗਤਾਂ ਵਿੱਚ ਕਿਤੇ ਨਾ ਕਿਤੇ ਕੋਈ ਕਮੀ/ਘਾਟ ਜਾਪਦੀ ਹੈ। ਜਿਨ੍ਹਾਂ ਵੱਲ ਸੰਕੇਤ ਕਰਨਾ ਉਚਿੱਤ ਹੋਵੇਗਾ। ਉਹ ਵਿਸ਼ੇ ਪੱਖ ਤੇ ਵਧੇਰੇ ਜ਼ੋਰ ਦੇਣ ਕਾਰਨ ਕਲਾਤਮਿਕ ਪੱਖੋਂ ਪਛੜਦਾ ਮਹਿਸੂਸ ਹੁੰਦਾ ਹੈ। ਉਸ ਦੇ ਪਾਤਰ ਲੋੜ ਨਾਲੋਂ ਵੱਧ ਪਰਿਸਥਿਤੀਆਂ ਨਾਲ ਸੰਘਰਸ਼ ਕਰਦੇ ਮਾਨਸਿਕ ਅਤੇ ਆਰਥਿਕ ਸਥਿਤੀਆਂ ਵਿਚ ਘਿਰੇ ਕੋਈ ਠੋਸ ਨਿਰਣਾ ਨਹੀਂ ਲੈਂਦੇ। ਦੁਆਬੀ ਆਂਚਲਿਕਤਾ, ਭਾਸ਼ਣੀ ਅਤੇ ਬਹਿਸ ਜੁਗਤ ਦੀ ਵਰਤੋਂ ਕਰਦੇ ਸਮੇਂ ਪਰਵਾਨਾ ਇਸ ਦਾ ਇਨ੍ਹਾਂ ਵਿਸਥਾਰ ਅਤੇ ਤਿੱਖੇ ਸ਼ਬਦਾਂ ਦੀ ਵਰਤੋਂ ਕਰਦਾ ਹੈ ਜਿਸ ਕਾਰਨ ਕਹਾਣੀ ਆਪਣੇ ਅੰਸ਼ ਤੋਂ ਪਿੱਛੇ ਹੱਟ ਕੇ ਇੱਕ ਬਹਿਸ ਦਾ ਰੂਪ ਧਾਰਦੀ ਹੈ। ਦੁਹਰਾਓ ਦੀਆਂ ਸਥਿਤੀਆਂ ਲਗਭਗ ਮਿਲਦੀਆਂ ਜੁਲਦੀਆਂ ਹੀ ਹਨ ਜਿਸ ਕਾਰਨ ਨਾਵਲੀ ਬਿਰਤਾਂਤਕ ਢਾਂਚਾ ਕਮਜ਼ੋਰ ਪੈਂਦਾ ਜਾਪਦਾ ਹੈ।

ਸਮੁੱਚੇ ਖੋਜ ਕਾਰਜ ਉਪਰੰਤ ਕਹਿ ਸਕਦੇ ਹਾਂ ਕਿ ਬਲਬੀਰ ਪਰਵਾਨਾ ਨਾਵਲੀ ਬਿਰਤਾਂਤ/ਕਥਾਨਕ ਸਿਰਜਣਾ 'ਚ ਕਿਤੇ ਵੀ ਕਾਹਲ ਨਹੀਂ ਕਰਦਾ, ਕਿਤੇ ਵੀ ਪਾਤਰ ਜਾਂ ਘਟਨਾ ਮਨਘੜਤ ਨਹੀਂ ਜਾਪਦੀਆਂ। ਨਾਵਲਕਾਰ ਦੀ ਪ੍ਰਾਪਤੀ ਸਹਿਜਤਾ 'ਚ ਹੈ। ਉਸ ਦੇ ਬਿਆਨ ਢੰਗ 'ਚ ਰਵਾਨਗੀ ਅਤੇ ਰੋਚਿਕਤਾ ਹੈ। ਉਸ ਨੇ ਸਮਾਜਿਕ ਪਰਤਾਂ ਨੂੰ ਤਹਿ ਤੀਕ ਤੱਕ ਉਧੇੜਿਆ ਹੈ। ਬਲਬੀਰ ਪਰਵਾਨਾ ਪੱਤਰਕਾਰੀ ਅਤੇ ਰਾਜਸੀ ਸੂਝ ਨੂੰ ਹੀ ਪੇਸ਼ ਨਹੀਂ ਕਰਦਾ ਸਗੋਂ ਸਭਿਆਚਾਰਕ ਜੀਵਨ ਦੀ ਵੀ ਪੇਸ਼ਕਾਰੀ ਕਰਦਾ ਹੈ। ਉਹ ਰੂੜ੍ਹੀਵਾਦੀ ਸੋਚ ਨੂੰ ਪੇਸ਼ ਕਰ ਕੇ ਉਸ ਤੋਂ ਮੁਕਤ ਹੋਣ ਲਈ ਪ੍ਰੇਰਦਾ ਹੈ। ਵੱਖ-ਵੱਖ ਜੁਗਤਾਂ ਦੀ ਵਰਤੋਂ ਕਰਦਾ ਕਿਤੇ ਵੀ ਥਿੜਕਦਾ ਨਹੀਂ ਜਾਪਦਾ। ਨਾਵਲ ਮਨੋਰੰਜਨ ਭਰਪੂਰ ਹੋਣ ਦੇ ਨਾਲ-ਨਾਲ ਪਾਠਕ ਵਰਗ ਨੂੰ ਉਦੇਸ਼ ਵੀ ਦਿੰਦੇ ਹਨ। ਉਸ ਦੇ ਪਾਤਰ ਅਨੇਕਾਂ ਪਰਿਸਥਿਤੀਆਂ 'ਚ ਘਿਰੇ ਹੋਣ ਕਾਰਨ ਵੀ ਹਾਰਦੇ ਦਿਖਾਈ ਨਹੀਂ ਦਿੰਦੇ ਸਗੋਂ ਹੋਰ ਸਾਹਸ ਅਤੇ ਮਿਹਨਤ ਨਾਲ ਸੰਘਰਸ਼ ਕਰਦੇ ਹਨ। ਨਾਵਲੀ ਕਥਾਨਕ ਇਨ੍ਹਾਂ ਰੋਚਕ ਹੈ ਕਿ ਪਾਠਕ ਆਨੰਦ ਮਈ ਪੜ੍ਹਦਾ ਤੁਰਿਆ ਜਾਂਦਾ ਹੈ ਅਤੇ ਨਾਵਲੀ ਪੰਨੇ ਖ਼ਤਮ ਹੁੰਦੇ ਜਾਂਦੇ ਹਨ। ਸੋ ਪਰਵਾਨਾ ਨਾਵਲੀ ਸਿਰਜਣਾ ਕਲਾਤਮਿਕ ਪੱਖੋਂ ਸਫਲ ਅਤੇ ਅਣਥੱਕ ਮਿਹਨਤ ਕਰਦਾ ਹੈ।

ਸੋ ਸਮੁੱਚੇ ਖੋਜ ਕਾਰਜ ਤੋਂ ਬਾਅਦ ਆਖ ਸਕਦੇ ਹਾਂ ਕਿ ਬਲਬੀਰ ਪਰਵਾਨਾ ਨਾਵਲ ਦੀ ਕਲਾਤਮਿਕ ਸਿਰਜਣਾ ਪੱਖੋਂ ਬਹੁਤ ਅੱਗੇ ਲੰਘ ਗਿਆ ਹੈ। ਉਸ ਦੀ ਭਾਸ਼ਾ ਸ਼ੈਲੀ, ਬੋਲੀ ਦੀ ਰਵਾਨੀ, ਘਟਨਾਵਾਂ, ਪਰਿਸਥਿਤੀਆਂ ਦਾ ਸਹਿਜਤਾ ਨਾਲ ਵਰਣਨ, ਸਮਾਜਿਕ ਜ਼ਿੰਦਗੀ ਦਾ ਡੂੰਘਾ ਵਿਸ਼ਲੇਸ਼ਣ ਪਰਵਾਨਾ ਨੂੰ ਨਾਵਲਕਾਰਾਂ ਦੀ ਮੂਹਰਲੀ ਕਤਾਰ 'ਚ ਲਿਆ ਖੜ੍ਹਾ ਕਰਦਾ ਹੈ।

, , , , ,

## ਸਿੱਟੇ ਅਤੇ ਸੰਭਾਵਨਾਵਾਂ

ਪ੍ਰਕਿਰਤੀ 'ਚ ਮਿਲਣ ਵਾਲੇ ਸਾਰੇ ਜੀਵਾਂ ਵਿਚੋਂ ਇੱਕ ਮਾਨਵ ਹੀ ਅਜਿਹਾ ਪ੍ਰਾਣੀ ਹੈ ਜੋ ਵਿਕਾਸ ਦਰ ਵਿਕਾਸ ਕਰਨ ਦੀ ਸ਼ਕਤੀ ਰੱਖਦਾ ਹੈ। ਮਾਨਵ ਆਰੰਭ ਤੋਂ ਹੀ ਪ੍ਰਕਿਰਤੀ/ਕੁਦਰਤ ਨਾਲ ਸੰਘਰਸ਼ ਕਰਦਾ ਆਇਆ ਹੈ। ਇਸੇ ਸੰਘਰਸ਼ ਕਾਰਨ ਹੀ ਮਾਨਵ ਨੇ ਕੁਦਰਤ ਦੇ ਕਾਨੂੰਨ ਬਾਰੇ ਡੂੰਘਾ ਗਿਆਨ ਪ੍ਰਾਪਤ ਕੀਤਾ ਹੈ। ਮਨੁੱਖ ਇਸ ਪ੍ਰਕਿਰਿਆ 'ਚ ਸਦੀਵੀ ਹੋਣ ਕਾਰਨ ਹੀ ਸਮਾਜ ਵਿਚ ਬੱਝਦਾ ਹੈ। ਮਾਨਵ ਜਾਤ ਦੀ ਸਾਂਝੀ ਕਿਰਤ ਇੱਕ ਸੰਪੂਰਨ ਸਭਿਅਤਾ ਸਥਾਪਿਤ ਕਰਦੀ ਹੈ। ਇਸ ਸਭਿਅਤਾ ਦਾ ਲੰਮੇਰਾ ਇਤਿਹਾਸਕ ਸਫ਼ਰ ਹੈ। ਸਮਕਾਲੀ ਦੌਰ ਤਕਨਾਲੋਜੀ, ਉਦਯੋਗਿਕ, ਵਿਸ਼ਵੀਕਰਨ, ਉਤਰ ਆਧੁਨਿਕੀਕਰਨ, ਪੂੰਜੀਵਾਦ, ਕੰਪਿਊਟਰੀਕਰਨ, ਬਹੁ ਰਾਸ਼ਟਰੀ ਕੰਪਨੀਆਂ, ਬਹੁ-ਤਕਨੀਕੀ ਮੀਡੀਆ ਅਤੇ ਅੰਤਰ ਸਭਿਆਚਾਰ ਹੋਣ ਕਾਰਨ ਕਲਾ, ਸਾਹਿਤ, ਜੀਵਨ ਸ਼ੈਲੀ, ਸਭਿਅਤਾ, ਨੈਤਿਕ ਮੁੱਲ, ਸਭਿਆਚਾਰ, ਪਹਿਰਾਵਾ ਅਤੇ ਪ੍ਰਤਿਮਾਨਾਂ ਨੂੰ ਪਰਿਵਰਤਿਤ ਕਰ ਰਿਹਾ ਹੈ। ਇਨ੍ਹਾਂ ਪਰਿਵਰਤਿਤ ਪਰਿਸਥਿਤੀਆਂ ਕਾਰਨ ਨਵੇਂ ਪੈਦਾ ਹੋਏ ਰੁਝਾਨਾਂ ਨੇ ਮਾਨਵੀ ਸਰੋਕਾਰਾਂ, ਆਰਥਿਕਤਾ, ਸਮਾਜਿਕਤਾ ਅਤੇ ਮਾਨਸਿਕਤਾ ਨੂੰ ਅੰਦਰੂਨੀ ਤੌਰ 'ਤੇ ਖੋਖਲਾ ਕਰ ਦਿੱਤਾ ਹੈ। ਪੂੰਜੀਵਾਦੀ ਦੌਰ ਨੇ ਮਨੁੱਖ ਨੂੰ ਇੱਕ ਉਪਜੀਵਿਕਾ ਕਮਾਉਣ ਵਾਲਾ ਪੁਰਜ਼ਾ ਬਣਾ ਦਿੱਤਾ ਹੈ।

### ਉਦੇਸ਼ ਪਹਿਲਾ, ਪੰਜਾਬ ਦੇ ਕਿਸਾਨੀ ਜੀਵਨ ਦਾ ਇਤਿਹਾਸਕ ਦ੍ਰਿਸ਼ਟੀਕੋਣ ਤੋਂ ਅਧਿਐਨ ਕਰਨਾ:

ਕਿਸਾਨੀ ਸੰਕਟ ਇੱਕ ਅਜਿਹਾ ਵਰਤਾਰਾ ਹੈ ਜੋ ਕਿਸਾਨੀ ਜੀਵਨ ਦੀਆਂ ਚਿੰਤਾਜਨਕ ਪਰਿਸਥਿਤੀਆਂ ਨਾਲ ਸੰਬੰਧਿਤ ਹੈ। ਅਠਾਰ੍ਹਵੀਂ ਸਦੀ ਤੋਂ ਪਹਿਲਾ ਸੰਕਟ ਸ਼ਬਦ ਦੀ ਵਰਤੋਂ ਰੋਗ ਵਿਗਿਆਨ ਤੱਕ ਹੀ ਸੀਮਿਤ ਸੀ ਪਰ ਅਠਾਰ੍ਹਵੀਂ ਸਦੀ ਤੋਂ ਬਾਅਦ ਇਸ ਦੀ ਵਰਤੋਂ ਵੱਖਰੇ-ਵੱਖਰੇ ਖੇਤਰਾਂ ਵਿੱਚ ਕੀਤੀ ਜਾਣ ਲੱਗੀ। ਰੋਗ ਵਿਗਿਆਨ ਅਨੁਸਾਰ ਸੰਕਟ ਇੱਕ ਅਜਿਹਾ ਰੋਗ ਹੈ ਜੋ ਮਾੜੀਆਂ ਅਤੇ ਚੰਗੀਆਂ ਪਰਿਸਥਿਤੀਆਂ ਬਾਰੇ ਜਾਣਕਾਰੀ ਦਿੰਦਾ ਹੈ। ਇਸ ਨਾਲ ਮਰੀਜ਼ ਤੰਦਰੁਸਤ ਵੀ ਹੋ ਸਕਦਾ ਹੈ ਅਤੇ ਮਰ ਵੀ ਸਕਦਾ ਹੈ। ਮਾਨਸਿਕ ਪਰਿਸਥਿਤੀਆਂ ਅਨੁਸਾਰ 'ਸੰਕਟ' ਬਹੁਤ ਹੀ ਦਬਾਉ/ਤਣਾਅ ਭਰਪੂਰ ਪ੍ਰਕਿਰਿਆ ਹੈ। ਸਾਧਾਰਨ ਸ਼ਬਦਾਂ ਵਿੱਚ ਮਨੁੱਖੀ ਪਰਿਸਥਿਤੀਆਂ 'ਚ ਸੰਕਟ ਕਿਸੇ ਅਜਿਹੀ ਗਤੀਵਿਧੀ ਦੀ ਅਵਸਥਾ ਹੈ; ਜਦੋਂ ਯਕੀਨੀ ਤੌਰ 'ਤੇ ਕੋਈ ਫ਼ੈਸਲਾਕੁਨ ਪਰਿਵਰਤਨ ਹੋਣ ਵਾਲਾ ਹੁੰਦਾ ਹੈ। ਸਾਹਿਤ ਦੇ ਖੇਤਰ 'ਚ ਸੰਕਟ ਨਾਟਕੀ ਕਥਾ ਵਿਕਾਸ ਦਾ ਉਹ ਬਿੰਦੂ ਹੈ, ਜਦੋਂ ਨਾਟਕ ਜਾਂ ਕਥਾ ਵਿਚਕਾਰਲੇ ਵਿਰੋਧੀ ਤੱਤਾਂ ਦਾ ਆਪਸ 'ਚ ਟਕਰਾਉ/ਤਣਾਉ ਪੂਰੇ ਸਿਖਰ 'ਤੇ ਹੁੰਦਾ ਹੈ। ਕਾਰਲ ਮਾਰਕਸ ਅਤੇ ਫ੍ਰੇਡਰਿਕ ਏਗਲਜ਼ ਨੇ ਆਪਣੀਆਂ ਦਾਰਸ਼ਨਿਕ ਲਿਖਤਾਂ ਵਿੱਚ ਪਹਿਲੀ ਵਾਰ ਆਰਥਿਕ ਸੰਕਟ ਸ਼ਬਦ ਦੀ ਵਰਤੋਂ ਕੀਤੀ ਹੈ। ਸੰਕਟ ਨੂੰ ਬੁਰਜ਼ੂਆ ਸ਼੍ਰੇਣੀ ਦਾ ਸਥਾਈ ਲੱਛਣ ਮੰਨਦਿਆਂ ਕਿਸੇ ਸਮਾਜ/ਸ਼੍ਰੇਣੀ ਦੇ ਆਰਥਿਕ ਅਤੇ ਸਮਾਜਿਕ ਆਪਸੀ ਵਿਰੋਧਾਂ ਦੀ ਪੇਸ਼ਕਾਰੀ ਕਰਨ ਵਾਲਾ ਵਰਤਾਰਾ ਕਿਹਾ ਹੈ। ਸੰਕਟ; ਕੇਵਲ ਆਰਥਿਕ ਅਤੇ ਸਮਾਜਿਕ

ਪਰਿਸਥਿਤੀਆਂ ਨੂੰ ਹੀ ਨਹੀਂ ਸਗੋਂ ਉਸ ਸਮੇਂ ਮਨੁੱਖ ਦੀਆਂ ਸਭਿਅਕ ਪ੍ਰਕਿਰਿਆਵਾਂ ਵਿਚਲੇ ਅਜਿਹੇ ਬਿੰਦੂਆਂ/ਦ੍ਰਿਸ਼ਟੀਕੋਣਾਂ ਨੂੰ ਅਭਿਵਿਅਕਤ ਕਰਦਾ ਹੈ, ਜਦੋਂ ਮਨੁੱਖ 'ਤੇ ਮਾਨਸਿਕ, ਆਰਥਿਕ ਅਤੇ ਸਮਾਜਿਕ ਦਬਾਉ ਪੂਰੇ ਸਿਖਰ ਉੱਪਰ ਹੁੰਦਾ ਹੈ। ਸੰਕਟ ਬਹੁ-ਦਿਸ਼ਾਵੀ, ਬਹੁ ਪਰਤੀ ਵਰਤਾਰੇ ਦੇ ਰੂਪ 'ਚ ਕਿਰਿਆਸ਼ੀਲ ਹੁੰਦਾ ਹੋਇਆ ਮਨੁੱਖੀ ਜ਼ਿੰਦਗੀ ਦੀਆਂ ਵਿਭਿੰਨ ਪਰਤਾਂ ਨੂੰ ਪ੍ਰਭਾਵਿਤ ਕਰਦਾ ਹੈ।

ਹੜੱਪਾ ਸਭਿਅਤਾ ਸਮੇਂ ਲੋਕ ਕਬੀਲਿਆਂ ਵਿੱਚ ਰਹਿੰਦੇ ਸਨ ਅਤੇ ਉਨ੍ਹਾਂ ਦਾ ਮੁੱਖ ਧੰਦਾ ਖੇਤੀਬਾੜੀ ਸੀ। ਹੜੱਪਾ ਸਭਿਅਤਾ ਦੇ ਪਤਨ ਤੋਂ ਬਾਅਦ ਆਰੀਆ ਸਭਿਅਤਾ (ਆਰੀਆ ਕਾਲ) ਵਿਕਸਿਤ ਹੁੰਦੀ ਹੈ। ਇਹ ਸਭਿਅਤਾ ਚਾਰ ਵਰਣਾਂ ਵਿੱਚ ਵੰਡੀ ਹੋਈ ਸੀ। ਚੌਥਾ ਵਰਣ ਕਾਸ਼ਤਕਾਰ ਦੇ ਰੂਪ ਵਜੋਂ ਉੱਭਰ ਕੇ ਸਾਡੇ ਸਾਹਮਣੇ ਆਉਂਦਾ ਹੈ। ਕ੍ਰਿਸ਼ੀਦਾਰ ਆਪਣੀ ਭੂਮੀ ਦਾ ਮਾਲਕ ਹੁੰਦਾ ਸੀ। ਇਸ ਨਾਤੇ ਉਹ ਆਪਣੇ ਮਾਲਕ ਨੂੰ ਕਰ (ਟੈਕਸ) ਦਿੰਦਾ ਅਤੇ ਖੇਤਾਂ ਵਿੱਚ ਫ਼ਸਲਾਂ ਪੈਦਾ ਕਰਦਾ ਸੀ। ਉਸ ਸਮੇਂ ਕਿਸਾਨ ਆਪਣੀ ਕਿਰਤ ਕਰ ਕੇ ਰੱਜਵੀਂ ਰੋਟੀ ਖਾਂਦਾ ਸੀ। ਪੰਜਾਬ ਉੱਪਰ ਸਭ ਤੋਂ ਪਹਿਲਾ ਹਮਲਾ ਸੁਬਕਤਮੀਨ ਨੇ 986-87 ਈ. ਵਿੱਚ ਕੀਤਾ। ਇਸ ਸਮੇਂ ਦੌਰਾਨ ਜੰਗਾਂ ਜਾਰੀ ਰਹੀਆਂ। ਮੁਹੰਮਦ ਗ਼ੌਰੀ ਨੇ 1170 ਈ. ਵਿੱਚ ਗ਼ਜ਼ਨੀ ਦੀ ਸਲਤਨਤ ਖੋਹ ਲਈ। 1526 ਈ. ਵਿੱਚ ਬਾਬਰ ਨੇ ਇਬਰਾਹੀਮ ਲੋਧੀ ਨੂੰ ਹਰਾ ਕੇ ਪੰਜਾਬ ਅਤੇ ਫਿਰ ਦਿੱਲੀ ਉੱਪਰ ਆਪਣੀ ਸੱਤਾ ਸਥਾਪਿਤ ਕੀਤੀ। ਮੁਗ਼ਲ ਸਾਮਰਾਜ 'ਚ ਜਾਗੀਰਦਾਰ ਭੂਮੀ ਦੇ ਮਾਲਕ ਹੁੰਦੇ ਸਨ। ਇਹ ਕਿਸਾਨਾਂ ਤੋਂ ਕਰ ਇਕੱਠਾ ਕਰਨ ਸਮੇਂ ਉਨ੍ਹਾਂ ਨੂੰ ਤੰਗ ਕਰਦੇ ਸਨ ਭਾਵੇਂ ਮੁਗ਼ਲ ਸਲਤਨਤ ਦੇ ਬਾਦਸ਼ਾਹ ਅਕਬਰ ਨੇ ਕਿਸਾਨਾਂ ਦੀਆਂ ਸਮੱਸਿਆਵਾਂ ਵੱਲ ਧਿਆਨ ਦਿੱਤਾ ਪਰ ਕਿਸਾਨਾਂ ਤੋਂ ਟੈਕਸ ਵੀ ਵਧੇਰੇ ਲਏ ਗਏ। ਫ਼ਸਲ ਦੀ ਖ਼ਰਾਬੀ ਹੋਣ ਸਮੇਂ ਉਹ ਸ਼ਾਹੂਕਾਰਾਂ ਤੋਂ ਕਰਜ਼ਾ ਲੈ ਕੇ ਭੂਮੀ ਕਰ ਦਿੰਦੇ ਸਨ। ਇਸ ਸਮੇਂ ਦੌਰਾਨ ਪੰਜਾਬ ਵਿੱਚ ਸਿੱਖ ਲਹਿਰ ਹੋਂਦ ਵਿੱਚ ਆਈ। ਗੁਰੂ ਨਾਨਕ ਦੇਵ ਜੀ ਨੇ ਸਵੈ ਮਾਨਵ ਦਾ ਸੰਕਲਪ ਪੈਦਾ ਕੀਤਾ। ਉੱਥੇ ਹੀ ਹਿੰਦੂ ਅਤੇ ਮੁਸਲਿਮ ਸਾਮੰਤੀ ਵਿਵਸਥਾ ਦੀ ਪਕੜ ਨੂੰ ਪੰਜਾਬੀ ਲੋਕਾਂ ਉੱਪਰੋਂ ਢਿੱਲਾ ਕੀਤਾ। ਇਹ ਸ਼ਕਤੀਸ਼ਾਲੀ ਲਹਿਰ ਮੁਗ਼ਲ ਸਾਮਰਾਜ ਦੇ ਪਤਨ ਦਾ ਕਾਰਨ ਬਣੀ। ਸਿੱਖਾਂ ਦੇ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਨੇ 1699 ਈ. ਨੂੰ ਖ਼ਾਲਸਾ ਪੰਥ ਦੀ ਸਥਾਪਨਾ ਕੀਤੀ ਅਤੇ ਸਿੱਖਾਂ ਨੂੰ ਵੱਖਰਾ ਰੂਪ ਦਿੱਤਾ। ਗੁਰੂ ਗੋਬਿੰਦ ਸਿੰਘ ਜੀ ਨੇ ਮੁਗ਼ਲਾਂ ਨਾਲ ਲੜਾਈਆਂ ਸਮੇਂ ਪੰਜਾਬ ਦੀ ਜਨਤਾ ਨੂੰ ਉਨ੍ਹਾਂ ਦੀ ਕਮਾਈ ਦਾ ਦਸਵਾਂ ਹਿੱਸਾ ਦੇਣ ਲਈ ਕਿਹਾ। ਇਹ ਦਸਵਾਂ ਹਿੱਸਾ ਕਿਸਾਨਾਂ ਜਾਂ ਆਮ ਜਨਤਾ ਨੂੰ ਦੇਣਾ ਔਖਾ ਨਹੀਂ ਲੱਗਿਆ ਕਿਉਂਕਿ ਇਸ ਨੂੰ ਪ੍ਰਾਪਤ ਕਰਨ ਲਈ ਕੋਈ ਧੱਕੇਸ਼ਾਹੀ ਨਹੀਂ ਕੀਤੀ ਜਾਂਦੀ ਸੀ ਅਤੇ ਲੋੜ ਅਨੁਸਾਰ ਮੁਆਫ਼ ਵੀ ਕਰ ਦਿੱਤਾ ਜਾਂਦਾ ਸੀ। 1708 ਈ. ਵਿੱਚ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਉਨ੍ਹਾਂ ਨੇ ਮਾਧੋ ਦਾਸ ਬੈਰਾਗੀ ਨੂੰ ਗੁਰਬਖ਼ਸ਼ ਸਿੰਘ ਬਹਾਦਰ ਦੇ ਰੂਪ ਵਿੱਚ ਪੰਜਾਬ ਭੇਜਿਆ। ਪੰਜਾਬ ਵਿੱਚ ਜ਼ਿਮੀਂਦਾਰ ਢੰਗ ਹਟਾ ਦਿੱਤਾ ਅਤੇ ਭੂਮੀ ਦੀ ਵਾਹੀ ਕਰਨ ਵਾਲਿਆਂ ਨੂੰ ਭੂਮੀ ਦੇ ਮਾਲਕ ਥਾਪਿਆ ਅਤੇ ਉਨ੍ਹਾਂ ਤੋਂ ਕਰ ਲੈਣਾ ਆਰੰਭ ਕਰ ਦਿੱਤਾ। ਇਸ ਢੰਗ ਤਰੀਕੇ ਨੂੰ ਮਿਸਲਾਂ ਅਤੇ ਅੱਗੋਂ ਮਹਾਰਾਜਾ ਰਣਜੀਤ ਸਿੰਘ ਨੇ ਵੀ ਅਪਣਾਇਆ। ਇਸ ਦਾ ਲਾਭ ਸਮਕਾਲੀ ਦੌਰ ਵਿੱਚ ਪੰਜਾਬ ਅੰਦਰ ਹਰ ਜੱਟ ਕਿਸਾਨ ਮਾਣ ਰਿਹਾ ਹੈ

ਕਿਉਂਕਿ ਉਹ ਹੁਣ ਭੂਮੀ ਦਾ ਮਾਲਕ ਹੈ। 1768 ਈ. ਤੋਂ 1798 ਈ. ਤੱਕ ਪੰਜਾਬ 'ਚ 12 ਮਿਸਲਾਂ ਸਥਾਪਿਤ ਹੋਈਆਂ। ਇਹ ਸਰਦਾਰ ਆਪਣੀ ਸਰਦਾਰੀ ਕਾਇਮ ਕਰਨ ਲਈ ਆਪਸੀ ਝਗੜੇ ਕਰਦੇ ਸਨ। ਮਹੱਤਵਪੂਰਨ ਗੱਲ ਇਹ ਹੈ ਕਿ ਅਠਾਰ੍ਹਵੀਂ ਸਦੀ ਦੇ ਆਰੰਭਲੇ ਦਹਾਕਿਆਂ 'ਚ ਮਹਾਰਾਜਾ ਰਣਜੀਤ ਸਿੰਘ ਨੇ ਵੱਖ-ਵੱਖ ਮਿਸਲਾਂ ਨੂੰ ਇਕੱਤਰ ਕਰ ਕੇ 1807 ਈ. ਵਿੱਚ ਸਾਂਝਾ ਸਿੱਖ ਰਾਜ ਪ੍ਰਬੰਧ ਕਾਇਮ ਕੀਤਾ। ਇਹ ਮੋੜ ਇੱਕ ਇਤਿਹਾਸਕ ਮੋੜ ਸੀ। ਮਹਾਰਾਜਾ ਰਣਜੀਤ ਸਿੰਘ ਦੇ ਕਾਲ ਵਿੱਚ ਜਾਗੀਰਦਾਰ ਕਰ ਇਕੱਠਾ ਕਰਨ ਸਮੇਂ ਕਿਸਾਨਾਂ ਨਾਲ ਬਹੁਤ ਸਖ਼ਤੀ ਨਹੀਂ ਕਰਦੇ ਸਨ। ਉਸ ਸਮੇਂ ਟੈਕਸ ਇਕੱਤਰ ਕਰਨ ਦੀਆਂ ਮੁੱਖ ਵਿਧੀਆਂ ਜਿਵੇਂ ਕਣਕੂਤ ਪ੍ਰਣਾਲੀ, ਬਟਾਲੀ ਪ੍ਰਣਾਲੀ, ਨਕਦੀ ਉਗਰਾਹੀ ਪ੍ਰਣਾਲੀ ਆਦਿ ਸਨ। ਮਹਾਰਾਜਾ ਰਣਜੀਤ ਸਿੰਘ ਦੀ ਮੌਤ ਬਾਅਦ 1849 ਈ. 'ਚ ਪੰਜਾਬ ਉੱਤੇ ਅੰਗਰੇਜ਼ਾਂ ਦਾ ਕਬਜ਼ਾ ਹੋ ਗਿਆ। ਅੰਗਰੇਜ਼ੀ ਸਾਮਰਾਜ ਨੇ ਪੰਜਾਬ ਉੱਪਰ ਆਪਣੀ ਸਥਿਤੀ ਮਜ਼ਬੂਤ ਕਰਨ ਲਈ ਧਨੀ ਜਾਗੀਰਦਾਰਾਂ ਨਾਲ ਸਾਂਝ ਪਾ ਲਈ। ਇਸੇ ਕਰ ਕੇ ਹੀ 1857 ਈ. ਦੇ ਵਿਦਰੋਹ 'ਚ ਜਾਗੀਰਦਾਰਾਂ ਨੇ ਅੰਗਰੇਜ਼ੀ ਸਰਕਾਰ ਦਾ ਸਾਥ ਦਿੱਤਾ। ਅੰਗਰੇਜ਼ਾਂ ਨੇ ਆਪਣੇ ਅਨੁਸਾਰ ਕਰ ਇਕੱਤਰ ਕਰਨ ਦੀਆਂ ਨੀਤੀਆਂ ਲਾਗੂ ਕੀਤੀਆਂ। ਕਰ ਇਕੱਤਰ ਕਰਨ ਦੀਆਂ ਨੀਤੀਆਂ ਬਹੁਤ ਸਖ਼ਤ ਹੋਣ ਕਾਰਨ ਨਿਮਨ ਕਿਸਾਨੀ ਵਰਗ ਨੂੰ ਬਹੁਤ ਨੁਕਸਾਨ ਝੱਲਣਾ ਪਿਆ। ਕਿਸਾਨ ਕਰ ਦੀ ਰਕਮ ਨੂੰ ਉਤਾਰਨ ਲਈ ਸ਼ਾਹੂਕਾਰਾਂ ਕੋਲ ਆਪਣੀ ਵਾਹੀ ਯੋਗ ਜ਼ਮੀਨ ਗਹਿਣੇ ਰੱਖ ਕੇ ਕਰਜ਼ਾ ਚੁੱਕਦੇ ਸਨ। ਸ਼ਾਹੂਕਾਰ ਵਧੇਰੇ ਮਾਤਰਾ ਵਿੱਚ ਵਿਆਜ ਲਗਾ ਕੇ ਨਿਮਨ ਕਿਸਾਨਾਂ ਦੀ ਆਰਥਿਕ ਲੁੱਟ ਕਰਦੇ ਸਨ। ਸ਼ਾਹੂਕਾਰਾਂ ਨੂੰ ਕੁਰਕੀ ਅਤੇ ਜ਼ਬਤ ਕਰਨ ਦੇ ਕਾਨੂੰਨੀ ਹੱਕ ਵੀ ਪ੍ਰਾਪਤ ਸਨ। ਇਸ ਤਰ੍ਹਾਂ ਕਿਸਾਨਾਂ ਦੀ ਭੂਮੀ ਉੱਪਰ ਸ਼ਾਹੂਕਾਰਾਂ ਦਾ ਕਬਜ਼ਾ ਹੋਣ ਲੱਗਾ। ਅੰਗਰੇਜ਼ਾਂ ਨੇ ਕਿਸਾਨਾਂ ਨੂੰ ਭੂਮੀਹੀਣ ਹੋਣ ਤੋਂ ਬਚਾਉਣ ਲਈ 'ਭੋਇੰ ਇੰਤਕਾਲ ਐਕਟ' ਨੂੰ ਲਾਗੂ ਕੀਤਾ। ਇਸ ਦੇ ਤਹਿਤ ਗ਼ੈਰ ਕਾਸ਼ਤਕਾਰ, ਜਾਤ ਕਾਸ਼ਤਕਾਰ ਦੀ ਭੂਮੀ ਨਹੀਂ ਖ਼ਰੀਦ ਸਕਦੇ ਸਨ ਪਰ ਕਿਸਾਨਾਂ ਦੀ ਆਰਥਿਕ ਸਥਿਤੀ ਪਹਿਲਾ ਵਰਗੀ ਹੀ ਰਹੀ। ਕਿਉਂਕਿ ਨਿਮਨ ਕਿਸਾਨਾਂ ਨੂੰ ਆਪਣੀਆਂ ਆਰਥਿਕ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਸ਼ਾਹੂਕਾਰਾਂ ਤੋਂ ਕਰਜ਼ਾ ਲੈਣਾ ਪੈਂਦਾ ਸੀ। ਜਾਗੀਰਦਾਰ ਅਤੇ ਸ਼ਾਹੂਕਾਰ ਮਿਲ ਕੇ ਕਿਸਾਨਾਂ ਦੀ ਆਰਥਿਕ ਪੱਖੋਂ ਲੁੱਟ ਕਰਦੇ ਸਨ। ਅੰਗਰੇਜ਼ਾਂ ਨੇ ਭਾਰਤ ਸਥਿਤ ਪੰਜਾਬ ਦੀ ਖੇਤੀਬਾੜੀ ਨੂੰ ਵਿਸ਼ਵ ਮੰਡੀ ਨਾਲ ਜੋੜਨ ਦੇ ਯਤਨ ਕੀਤੇ। ਅੰਗਰੇਜ਼ਾਂ ਨੇ ਕਿਸਾਨਾਂ ਨੂੰ ਅਜਿਹੀਆਂ ਫ਼ਸਲਾਂ ਬੀਜਣ ਲਈ ਪ੍ਰੇਰਿਤ ਕੀਤਾ ਜੋ ਵਪਾਰਕ ਪੱਧਰ 'ਤੇ ਮੰਡੀ ਵਿੱਚ ਵੇਚੀਆਂ ਜਾ ਸਕਣ। ਤਜਾਰਤੀ ਫ਼ਸਲਾਂ ਬੀਜਣ ਉਪਰੰਤ (ਜਿਸ ਨਾਲ ਫ਼ਸਲ ਦਾ ਨੁਕਸਾਨ ਹੁੰਦਾ ਹੈ) ਕਿਸਾਨ ਕਾਲ ਅਤੇ ਭੁੱਖਮਰੀ ਦਾ ਸ਼ਿਕਾਰ ਹੋਏ। ਉਨ੍ਹਾਂ ਸਿਰ ਕਰਜ਼ੇ ਦੀ ਪੰਡ ਹੋਰ ਭਾਰੀ ਹੋ ਗਈ। ਅੰਗਰੇਜ਼ਾਂ ਦੀਆਂ ਨੀਤੀਆਂ ਨੇ ਪੇਂਡੂ ਅਰਥਚਾਰੇ ਨੂੰ ਬੁਰੀ ਤਰ੍ਹਾਂ ਨਾਲ ਨੁਕਸਾਨ ਪਹੁੰਚਾਇਆ। ਪੰਜਾਬ ਵਿਚਲੇ ਜੱਦੀ ਪੁਸ਼ਤੀ ਕਿੱਤੇ ਤਬਾਹ ਹੋ ਗਏ। ਇਸ ਆਰਥਿਕ ਮੰਦਹਾਲੀ ਕਾਰਨ ਬਹੁਤ ਸਾਰੀਆਂ ਕਿਸਾਨ ਲਹਿਰਾਂ ਵੀ ਹੋਂਦ ਵਿੱਚ ਆਈਆਂ। 1947 ਈ. ਵਿੱਚ ਦੇਸ਼ ਦੀ ਵੰਡ ਹੋਣ ਕਾਰਨ ਪੰਜਾਬ ਦੀ ਉਪਜਾਊ ਭੂਮੀ ਦਾ ਵਧੇਰੇ ਹਿੱਸਾ ਪਾਕਿਸਤਾਨ ਵਿੱਚ ਚਲਾ ਗਿਆ। ਇਸ ਉਪਰੰਤ ਕਹਿ ਸਕਦੇ ਹਾਂ

ਕਿ ਕਿਸਾਨੀ ਜੀਵਨ ਇਤਿਹਾਸਿਕ ਸਮੇਂ ਤੋਂ ਹੀ ਜ਼ੋਖਮ ਭਰੀਆਂ ਪਰਸਥਿਤੀਆਂ ਵਿਚੋਂ ਗੁਜ਼ਰਦਾ ਹੋਇਆ ਅਜੋਕੇ ਦੌਰ ਵਿਚ ਪਹੁੰਚਿਆ ਹੈ।

## ਉਦੇਸ਼ ਦੂਜਾ, ਕਿਸਾਨ ਖੁਦਕੁਸ਼ੀਆਂ ਦੇ ਕਾਰਨਾਂ ਅਤੇ ਪ੍ਰਭਾਵਾਂ ਨੂੰ ਤਲਾਸ਼ਣਾ:

ਦੇਸ਼ ਦੇ ਆਜ਼ਾਦ ਹੋਣ ਉਪਰੰਤ ਖੇਤੀਬਾੜੀ ਸੰਬੰਧੀ ਸਮੱਸਿਆਵਾਂ ਦਾ ਹੱਲ ਅਮਰੀਕੀ ਸਾਮਰਾਜ ਦੀ ਸਹਾਇਤਾ ਨਾਲ ਉਤਪੰਨ ਹੋਏ ਹਰੇ ਇਨਕਲਾਬ ਰਾਹੀਂ ਲੱਭਣ ਦੇ ਯਤਨ ਕੀਤੇ ਗਏ। ਹਰੇ ਇਨਕਲਾਬ ਰਾਹੀਂ ਉਤਪੰਨ ਬੀਜਾਂ, ਮੰਡੀਕਰਨ, ਨਵੀਂ ਤਕਨਾਲੋਜੀ, ਰਸਾਇਣਿਕ ਖਾਦਾਂ, ਖੋਜ ਕੇਂਦਰ ਆਦਿ ਸਹੂਲਤਾਂ ਨਾਲ ਖੇਤੀਬਾੜੀ ਉਤਪਾਦਨ ਵਿੱਚ ਵਾਧਾ ਕੀਤਾ ਗਿਆ ਪਰ ਇਸ ਦਾ ਲਾਭ ਕੇਵਲ ਧਨੀ ਕਿਸਾਨੀ ਨੂੰ ਹੀ ਵਧੇਰੇ ਮਿਲਿਆ। ਨਿਮਨ ਕਿਸਾਨੀ ਨੂੰ ਇਸ ਦੇ ਨੁਕਸਾਨ ਉਠਾਉਣੇ ਪਏ। ਹਰੇ ਇਨਕਲਾਬ ਦੇ ਅਸੰਤੁਲਿਤ ਵਿਕਾਸ ਦੇ ਅਸਾਂਵੇਪਣ ਸਦਕਾ ਕਿਸਾਨੀ ਅੰਤਰ ਵਿਰੋਧਾਂ ਦਾ ਸ਼ਿਕਾਰ ਰਹੀ। ਖੇਤੀ ਅਰਥਚਾਰੇ 'ਚ ਨਵੇਂ ਪੈਦਾਵਾਰੀ ਰਿਸ਼ਤੇ ਨਾਤੇ ਕਾਇਮ ਕੀਤੇ ਗਏ। ਇਸ ਨਵੇਂ ਅਰਥਚਾਰੇ ਦੇ ਪ੍ਰਭਾਵ ਕਾਰਨ ਦਰਮਿਆਨੀ ਭੂਮੀ ਵਾਲੇ ਕਿਸਾਨ ਜੋ ਕਈ ਵਾਰ ਅਮੀਰ ਕਿਸਾਨੀ ਨਾਲ ਆਪਣਾ ਦਰਜਾ ਮੇਚਣ ਕਾਰਨ ਹੀ ਸੰਕਟਮਈ ਸਥਿਤੀਆਂ ਵਿੱਚ ਫਸੇ ਹਨ। ਆਪਣੀ ਆਰਥਿਕ ਸਥਿਤੀ ਨੂੰ ਚੰਗਾ ਕਰਨ ਲਈ ਇਹ ਸ਼੍ਰੇਣੀ ਭੂਮੀ ਠੇਕੇ ਉੱਪਰ ਵੀ ਲੈਂਦੀ ਹੈ ਅਤੇ ਖੇਤੀ ਦੇ ਨਾਲ-ਨਾਲ ਹੋਰ ਸਹਾਇਕ ਕਿੱਤਿਆਂ ਨੂੰ ਵੀ ਅਪਣਾਇਆ ਹੈ। ਨਿਮਨ ਕਿਸਾਨੀ ਵਰਗ ਅਮੀਰ ਕਿਸਾਨਾਂ, ਆੜ੍ਹਤੀਆਂ, ਸ਼ਾਹੂਕਾਰਾਂ ਦੀ ਲੁੱਟ-ਖਸੁੱਟ ਦਾ ਵੀ ਸ਼ਿਕਾਰ ਹੈ। ਇਸ ਖੋਜ ਕਾਰਜ ਦੌਰਾਨ ਕਈ ਪ੍ਰਕਾਰ ਦੀਆਂ ਸਰਕਾਰੀ ਨੀਤੀਆਂ ਨੂੰ ਵਾਚਣ ਦਾ ਉਪਰਾਲਾ ਵੀ ਕੀਤਾ ਗਿਆ ਜਿਵੇ ਹਰੀ ਕ੍ਰਾਂਤੀ, ਵਿਸ਼ਵ ਵਪਾਰ ਸੰਸਥਾ (W.T.O.), ਵਿਸ਼ਵੀਕਰਨ ਉਦਾਰੀਕਰਨ, ਨਿੱਜੀਕਰਨ ਦੀਆਂ ਨੀਤੀਆਂ, ਐੱਫ. ਡੀ. ਆਈ. ਵਿਦੇਸ਼ ਨੀਤੀ, ਖ਼ੁਰਾਕ ਸੁਰੱਖਿਆ ਕਾਨੂੰਨ, ਮਾਰਚ 2015 'ਚ ਭੌਂ-ਪ੍ਰਾਪਤੀ ਕਾਨੂੰਨ, 2015 ਅਤੇ 2016 ਦਾ ਬਜਟ। ਨਿਘਾਰ ਵੱਲ ਜਾ ਰਹੀ ਨਿਮਨ ਕਿਸਾਨੀ ਜੀਵਨ ਨੂੰ ਦੇਖਦਿਆਂ ਖੇਤੀ ਬਾੜੀ ਮਹਿਰਾਂ ਵੱਲੋਂ ਕੀਤੇ ਸਰਵੇਖਣ ਅਤੇ ਐਲਾਨਨਾਮੇ ਦਾ ਅਧਿਐਨ ਕੀਤਾ ਗਿਆ। ਜਿਵੇਂ ਨੈਸ਼ਨਲ ਅਪਰਾਧ ਰਿਕਾਰਡ ਬਿਊਰੋ, ਖੇਤਿ ਖੋਜ ਸੰਸਥਾ, 22 ਮਾਰਚ 2001 ਦਾ ਐਲਾਨਨਾਮਾ, ਸਾਲ 2003 ਦਾ ਸਰਵੇਖਣ ਅਤੇ ਗਰੀਨ ਬਾਕਸ, ਸਤਲੁਜ-ਯਮੁਨਾ ਲਿੰਕ ਨਹਿਰ, ਇੰਡੀਅਨ ਕੌਂਸਲ ਆਫ਼ ਸੋਸ਼ਲ ਸਾਇੰਸ ਰਿਸਰਚ, ਸਰਕਾਰੀ ਯੋਜਨਾਵਾਂ ਦਾ ਸਾਂਝਾ ਸੂਤਰ ਇਹ ਹੈ ਕਿ ਵਿਕਸਿਤ ਅਮੀਰ ਅਤੇ ਸਨਅਤੀ ਦੇਸ਼ ਬਹੁਤ ਘੱਟ ਖ਼ਰਚ ਨਾਲ ਵਧੇਰੇ ਮੁਨਾਫ਼ਾ ਕਮਾਉਣਾ ਚਾਹੁੰਦੇ ਸਨ। ਸਾਡੀ ਸਰਕਾਰ ਕੋਲ ਵਸਤੂ ਉਤਪਾਦਨ ਦੀਆਂ ਤਕਨੀਕਾਂ ਵੀ ਰਵਾਇਤੀ ਹਨ। ਪੰਜਾਬ ਅੰਦਰ ਖੇਤੀ ਵਿਭਿੰਨਤਾ ਦੀ ਵੀ ਕਮੀ, ਵਧੇਰੇ ਖ਼ਰਚ, ਪਾਣੀ ਦਾ ਪੱਧਰ ਨੀਵਾਂ ਹੋਣਾ, ਬਿਜਲੀ ਦੀ ਘਾਟ ਅਤੇ ਕਿਸਾਨਾਂ ਨੂੰ ਯੋਗ ਅਗਵਾਈ ਦੀ ਘਾਟ ਹੈ। ਸਰਕਾਰ ਦੁਆਰਾ ਜੋ ਯੋਜਨਾਵਾਂ ਖੇਤੀ ਬਾੜੀ ਸੰਬੰਧਿਤ ਬਣਾਈਆਂ ਜਾਂਦੀਆਂ ਹਨ ਉਨ੍ਹਾਂ ਨੂੰ ਨਾ ਹੀ ਸਹੀ ਢੰਗ ਨਾਲ ਲਾਗੂ ਕੀਤਾ ਜਾਂਦਾ ਹੈ ਅਤੇ ਨਾ ਹੀ ਉਨ੍ਹਾਂ ਯੋਜਨਾਵਾਂ ਉੱਪਰ ਮੁੜ ਵਿਚਾਰ ਚਰਚਾ ਕੀਤੀ ਜਾਂਦੀ ਹੈ।

ਕਿਸਾਨਾਂ ਦੀਆਂ ਫ਼ਸਲਾਂ ਨੂੰ ਮੰਡੀਆਂ ਵਿਚ ਮੀਂਹ ਹਨੇਰੀ ਤੋਂ ਬਚਾਉਣ ਲਈ ਕੋਈ ਪੁਖਤਾ ਇੰਤਜ਼ਾਮ ਨਹੀਂ ਕੀਤੇ ਜਾਂਦੇ। ਇਨ੍ਹਾਂ ਕਾਰਨਾਂ ਕਰ ਕੇ ਹੀ ਭਾਰਤ ਸਥਿਤ ਪੰਜਾਬ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਮੰਡੀ ਦੇ ਮਿਆਰਾਂ ਅਨੁਸਾਰ ਖੇਤੀ ਫ਼ਸਲਾਂ ਨੂੰ ਢਾਲਣ ਤੋਂ ਅਸਮਰੱਥ ਹੈ। ਕਿਸਾਨੀ ਸੰਕਟ ਦੇ ਚੱਲਦਿਆਂ ਮਾੜੀਆਂ ਆਰਥਿਕ, ਸਮਾਜਿਕ ਸਥਿਤੀਆਂ ਕਾਰਨ ਪੰਜਾਬ ਵਿੱਚ ਬਹੁਤ ਸਾਰੇ ਕਿਸਾਨਾਂ ਨੇ ਆਤਮ ਹੱਤਿਆਵਾਂ ਦਾ ਰਾਹ ਅਪਣਾਇਆ। ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ ਦੇ ਅੰਕੜਿਆਂ ਮੁਤਾਬਿਕ ਸਾਲ 1995 ਤੋਂ 2014 ਤੱਕ ਕਰਜ਼ੇ ਦੇ ਭਾਰ ਕਾਰਨ ਦੇਸ਼ 'ਚ 301,116 ਕਿਸਾਨਾਂ ਨੇ ਆਤਮ ਹੱਤਿਆਵਾਂ ਕੀਤੀਆਂ ਹਨ। ਸਾਡਾ ਦੇਸ਼ ਬਾਹਰਲੇ ਮੁਲਕਾਂ ਵਾਂਗ ਵਿਸ਼ਵੀਕਰਨ ਉਦਾਰੀਕਰਨ ਦੀਆਂ ਨੀਤੀਆਂ ਨੂੰ ਆਪਣਾ ਕੇ ਤੱਰਕੀ ਕਰਨ ਦੀ ਗੱਲ ਕਰਦਾ ਹੈ। ਫਿਰ ਸਾਡੀਆਂ ਸਰਕਾਰਾਂ ਖੇਤੀ ਬਾੜੀ ਖੇਤਰ ’ਚ ਵਿਦੇਸ਼ਾਂ ਵਾਂਗ ਉੱਚ ਨੀਤੀਆਂ ਕਿਉ ਨਹੀਂ ਲਾਗੂ ਕਰ ਰਹੀਆਂ। ਜਦੋਂ ਕਿ ਸਾਲ 2017 ਦੇ ਅਨੁਸਾਰ ਦੁਨੀਆਂ ਦੇ ਦਸ ਵਿਕਸਿਤ ਦੇਸ਼ ਚੀਨ, ਭਾਰਤ, ਅਮਰੀਕਾ, ਇੰਡੋਨੇਸ਼ੀਆਂ, ਬਰਾਜ਼ਿਲ, ਨਾਜੀਰੀਆ, ਤੁਰਕੀ, ਜਪਾਨ, ਅਰਜਨਟੀਨਾ, ਥਾਈਲੈਂਡ ਜੋ ਖੇਤੀ ਬਾੜੀ ਖੇਤਰ ’ਚ ਵੀ ਬਹੁਤ ਤੱਰਕੀ ਕਰ ਰਹੇ ਹਨ। ਇਥੋਂ ਤੱਕ ਕਿ ਪੰਜਾਬ ਦੇ ਗੁਆਂਢੀ ਰਾਜ ਜਿਵੇਂ ਪੰਜਾਬ, ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼, ਹਰਿਆਣਾ, ਬਿਹਾਰ, ਆਂਧਰਾ ਪ੍ਰਦੇਸ਼ ਮਹਾਂ ਰਾਸ਼ਟਰ ਅਤੇ ਗੁਜਰਾਤ ਵੀ ਖੇਤੀ ਬਾੜੀ ਖੇਤਰ ਵਿਚ ਪੰਜਾਬ ਵਾਂਗ ਵਿਕਸਿਤ ਹੋ ਰਹੇ ਹਨ। ਘੋਖ ਨਾਲ ਦੇਖਿਆ ਜਾਵੇ ਤਾਂ ਭਾਰਤ ਅਤੇ ਪੰਜਾਬ ਵਿਚ ਬਾਕੀ ਦੇਸ਼ਾਂ ਅਤੇ ਰਾਜਾਂ ਨਾਲੋਂ ਫ਼ਸਲਾਂ ਦੀ ਪੈਦਾਵਾਰ ਵਧੇਰੇ ਹੋ ਰਹੀ ਹੈ, ਫਿਰ ਪੰਜਾਬ ਦਾ ਕਿਸਾਨ ਆਤਮਹੱਤਿਆ ਕਿਉਂ ਕਰ ਰਿਹਾ ਹੈ। ਇਸ ਖੋਜ ਕਾਰਜ ਦੌਰਾਨ ਇਹ ਪਤਾ ਚੱਲਦਾ ਹੈ ਕਿ ਪੰਜਾਬ ਦਾ ਕਿਸਾਨ ਹੱਡ ਤੋੜਵੀਂ ਮਿਹਨਤ ਤਾਂ ਕਰਦਾ ਹੈ ਪਰ ਸਾਡੀਆਂ ਸਰਕਾਰਾਂ ਦੀਆਂ ਗਲਤ ਨੀਤੀਆਂ ਕਿਸਾਨੀ ਜੀਵਨ ਨੂੰ ਬਰਬਾਦ ਕਰ ਰਹੀਆਂ ਹਨ। ਕਿਸਾਨ ਜੱਥੇਬੰਦੀਆਂ ਸਵਾਮੀਨਾਥਨ ਦੀ ਰਿਪੋਰਟ ਨੂੰ ਲਾਗੂ ਕਰਨ ਉਪਰ ਜ਼ੋਰ ਪਾ ਰਹੀਆਂ ਹਨ ਪਰ ਵਿਚਾਰਨ ਯੋਗ ਮੁੱਦਾ ਇਹ ਹੈ ਕਿ ਸਵਾਮੀਨਾਥਨ ਦੀ ਰਿਪੋਰਟ ਅਨੁਸਾਰ ਜੋ ਮੁੱਲ ਫ਼ਸਲਾਂ ਦੇ ਤਹਿ ਕਰਨ ਲਈ ਕਿਹਾ ਜਾ ਰਿਹਾ ਹੈ ਉਹ ਸਮਕਾਲੀ ਦੌਰ ’ਚ ਵਾਜਬ ਮੁੱਲ ਨਹੀਂ ਹਨ। ਕਿਉਂਕਿ ਫ਼ਸਲ ਉੱਪਰ ਪ੍ਰਾਪਤ ਮੁੱਲ ਨਾਲੋਂ ਲਾਗਤ ਵਧੇਰੇ ਆਉਂਦੀ ਹੈ। ਸਰਕਾਰ ਨੂੰ ਫ਼ਸਲਾਂ ਦੇ ਮੁੱਲ ਸੂਚਕ ਅੰਕ ਨਾਲ ਜੋੜ ਕੇ ਦੇਣੇ ਅਤਿ ਜ਼ਰੂਰੀ ਹਨ। ਪੰਜਾਬ ਸਰਕਾਰ ਟਰੈਕਟਰ ਉੱਪਰ 28 ਫੀਸਦੀ, ਖੇਤੀ ਸੰਦਾਂ ਉੱਪਰ 28 ਫੀਸਦੀ, ਖੇਤੀ ਬਾੜੀ ਲਈ ਵਰਤੀਆਂ ਜਾਂਦੀਆਂ ਦਵਾਈਆਂ ਉੱਪਰ 18 ਫੀਸਦੀ, ਖੇਤੀ ਬੀਜਾਂ ਉੱਪਰ 12 ਫੀਸਦੀ GST ਲੱਗਾ ਰਹੀ ਹੈ। ਜੇਕਰ ਕਣਕ ਦੇ ਮੁੱਲ 1735 ਰੁਪਏ ਨਾਲ 28 ਫੀਸਦੀ GST ਜੋੜੀਏ ਤਾਂ ਕਣਕ ਦਾ ਮੁੱਲ 2215 ਰੁਪਏ ਬਣਦਾ ਹੈ। ਇਹ ਬਣਦਾ ਹੱਕ ਸਾਡੀ ਸਰਕਾਰ ਕਿਸਾਨਾਂ ਨੂੰ ਨਾ ਦੇ ਕੇ ਕਿਸਾਨਾਂ ਦੀ ਲੁੱਟ ਕਰ ਰਹੀ ਹੈ। ਸਰਕਾਰ W..T.O ਦੇ ਪ੍ਰਭਾਵ ਨੂੰ ਘੱਟ ਕਰੇ ਅਤੇ ਖੇਤੀ ਬਾੜੀ, ਸਿਹਤ ਸਬੰਧੀ ਨਵੀਆਂ ਯੋਜਨਾਵਾਂ ਤਿਆਰ ਕਰੇ। ਚੋਣਾਂ ਸਮੇਂ ਕੀਤੇ ਵੱਡੇ-ਵੱਡੇ ਵਾਧਿਆਂ ਨੂੰ ਪੂਰਾ ਕਰੇ। ਸਰਕਾਰ ਕਰਜ਼ੇ ਦੇ ਭਾਰ ਹੇਠ ਦੱਬੇ ਕਿਸਾਨਾਂ ਲਈ ਵਿਸ਼ੇਸ਼ ਆਰਥਿਕ ਪੈਕੇਜ ਤਿਆਰ ਕਰੇ। ਪੈੱਨ ਕਾਰਡ ਸਖ਼ਤੀ ਨਾਲ ਲਾਗੂ ਕਰੇ। ਜਪਾਨ ਅਤੇ ਚੀਨ ਵਾਂਗ ਕੁਦਰਤੀ ਆਫ਼ਤਾਂ ਤੋਂ ਬਚਣ ਲਈ ਫ਼ਸਲਾਂ ਦਾ ਬੀਮਾ ਕਰੇ। ਸੰਯੁਕਤ ਰਾਸ਼ਟਰ ਅਮਰੀਕਾ ਵਾਂਗ ਨਿਮਨ ਕਿਸਾਨਾਂ

ਲਈ ਵਿਸ਼ੇਸ਼ ਸਬਸਿਡੀਆਂ (ਗਰੀਨ ਬਾਕਸ ਤਹਿਤ) ਵਾਲੇ ਪੈਕੇਜ ਤਿਆਰ ਕਰੇ। ਪੇਂਡੂ ਅਤੇ ਕਿਸਾਨੀ ਖੇਤੀ ਖੇਤਰ ਲਈ ਉਚੇਰਾ ਵਿੱਦਿਅਕ ਢਾਂਚਾ ਅਪਣਾਵੇ। ਸੁਸਾਇਟੀ ਅਤੇ ਸਹਿਕਾਰੀ ਬੈਂਕਾਂ 'ਚ ਖੇਤੀ ਬਾੜੀ ਸਬੰਧਿਤ ਸੰਦ ਮੁਹੱਈਆਂ ਕਰਵਾਏ ਜਾਣ ਤਾਂ ਕਿ ਕਿਸਾਨ ਵੱਡੇ-ਵੱਡੇ ਖ਼ਰਚਿਆਂ ਤੋਂ ਬਚ ਸਕਣ। ਕਿਸਾਨੀ ਜੀਵਨ ਨੂੰ ਇਸ ਤ੍ਰਾਸਦੀ ਤੋਂ ਬਚਾਉਣ ਲਈ ਆੜ੍ਹਤੀਆਂ ਪ੍ਰਬੰਧ ਨੂੰ ਨੱਥ ਪਾਵੇ ਅਤੇ ਇਸ ਦੁਖਾਂਤ ਤੋਂ ਗ੍ਰਸਤ ਪਰਿਵਾਰਾਂ ਦੇ ਬੱਚਿਆਂ ਨੂੰ ਸਰਕਾਰੀ ਨੌਕਰੀ ਦਾ ਪ੍ਰਬੰਧ ਕਰੇ। ਕਿਸਾਨੀ ਸੰਕਟ ਦਾ ਦੁਖਾਂਤ ਕੇਵਲ ਕਿਸਾਨ ਹੀ ਨਹੀਂ ਹੰਢਾ ਰਿਹਾ ਸਗੋਂ ਉਸ ਦਾ ਪਰਿਵਾਰ ਵੀ ਇਸ ਅੱਤ ਦਰਜੇ ਦੀਆਂ ਦੁਖਾਂਤਕ ਪਰਸਥਿਤੀਆਂ ਦਾ ਸਾਹਮਣਾ ਕਰ ਰਿਹਾ ਹੈ। ਇਸ ਦੌਰਾਨ ਇਸ ਸੰਕਟ ਦੀ ਤ੍ਰਾਸਦੀ ਕਿਸਾਨ ਔਰਤਾਂ ਵੀ ਹੰਢਾ ਰਹੀਆਂ ਹਨ। ਕਿਸਾਨ ਔਰਤਾਂ ਆਪਣੇ ਪਤੀ ਦੇ ਆਤਮਹੱਤਿਆਂ ਕਰਨ ਉਪਰੰਤ ਆਰਥਿਕ ਮਾਨਸਿਕ ਸੰਤਾਪ ਹੀ ਨਹੀਂ ਸਗੋਂ ਸਮਾਜਿਕ ਹੀਣਤਾ ਦਾ ਵੀ ਸ਼ਿਕਾਰ ਹੋ ਰਹੀਆਂ ਹਨ। ਆਰਥਿਕ ਹੀਣਤਾ ਦੇ ਚੱਲਦਿਆਂ ਕਿਸਾਨਾਂ ਦੇ ਬੱਚੇ ਉੱਚ ਦਰਜੇ ਦੀ ਪੜ੍ਹਾਈ ਪ੍ਰਾਪਤ ਨਹੀਂ ਕਰ ਪਾਉਂਦੇ। ਆਮਦਨ ਦਾ ਕਈ ਹੋਰ ਸਾਧਨ ਨਾ ਹੋਣ ਕਾਰਨ ਜਾਂ ਸਮਾਜਿਕ ਹੀਣਤਾ ਦੇ ਚੱਲਦਿਆਂ ਨਸ਼ਿਆਂ ਵਰਗੀ ਲਾਹਣਤ ਦਾ ਸ਼ਿਕਾਰ ਵੀ ਹੁੰਦੇ ਹਨ। ਸਰਕਾਰ ਦੁਆਰਾ ਕੀਤੀਆਂ ਗਈਆਂ ਅਨੇਕਾਂ ਪ੍ਰਕਾਰ ਦੀਆਂ ਤਬਦੀਲੀਆਂ, ਆਪਣਾਈਆਂ ਗਈਆਂ ਨੀਤੀਆਂ ਕਿਸਾਨੀ ਸੰਕਟ ਨੂੰ ਹੋ ਡੂੰਘਾ/ਵਿਕਰਾਲ ਕਰ ਰਹੀਆਂ ਹਨ।

## ਉਦੇਸ਼ ਤੀਜਾ, ਬਲਬੀਰ ਪਰਵਾਨਾ ਦੇ ਨਾਵਲਾਂ 'ਚ ਪ੍ਰਸਤੁਤ ਕਿਸਾਨੀ ਸੰਕਟ ਦੇ ਪ੍ਰਭਾਵਾਂ ਦਾ ਅਧਿਐਨ ਕਰਨਾ:

ਸੰਕਟਮਈ ਪਰਿਸਥਿਤੀਆਂ ਨੂੰ ਪ੍ਰਗਟਾਉਣ ਲਈ ਨਾਵਲ ਇੱਕ ਮਹੱਤਵਪੂਰਨ ਸਾਹਿਤਕ ਵਿਧਾ ਹੈ। ਲੰਮੀ ਗੱਦ ਕਥਾ ਦੇ ਰੂਪ 'ਚ ਵਿਸ਼ਾਲਤਾ ਅਤੇ ਵਿਲੱਖਣ ਅਸਤਿਤਵ ਦਾ ਧਾਰਨੀ ਅਜਿਹਾ ਬਿਰਤਾਂਤਕ ਮਾਡਲ ਰੂਪ ਹੈ ਜਿਸ ਨੂੰ ਸਮਕਾਲੀ ਦੌਰ ਦੇ ਸੰਕ੍ਰਾਂਤੀ ਕਾਲ ਦੀ ਪੈਦਾਵਾਰ ਮੰਨਿਆ ਗਿਆ। ਪੰਜਾਬੀ ਨਾਵਲ ਦੀ ਸੰਭਾਵਨਾ ਜਾਗੀਰਦਾਰੀ ਯੁੱਗ ਦੇ ਪਤਨ ਅਤੇ ਪੂੰਜੀਵਾਦੀ ਦੌਰ ਦੇ ਉਥਾਨ ਨਾਲ ਹੁੰਦੀ ਹੈ। ਨਾਵਲ ਆਧੁਨਿਕ ਦੌਰ ਦੀ ਮਹੱਤਵਪੂਰਨ ਸਾਹਿਤ ਵਿਧਾ ਹੈ। ਭਾਵੇਂ ਨਾਵਲ ਦਾ ਜਨਮ ਪੂੰਜੀਵਾਦੀ ਮੁੱਲ ਪ੍ਰਬੰਧ ਦੇ ਵਿਗਸਣ ਨਾਲ ਮੰਨਦੇ ਹਾਂ, ਪਰ ਨਾਵਲ ਸੰਰਚਨਾਤਮਕ ਢਾਂਚੇ ਵਜੋਂ ਨਵਾਂ ਨਹੀਂ, ਇਹ ਪੂਰਵ ਪ੍ਰਚਲਿਤ ਬਿਰਤਾਂਤਕ ਰੂਪਾਂ ਨਾਲ ਸੰਬੰਧ ਰੱਖਦਾ ਹੈ ਅਤੇ ਉਨ੍ਹਾਂ ਦੇ ਅਨੁਰੂਪੀ ਹੀ ਸੰਗਠਿਤ ਰੂਪਾਕਾਰ ਹੈ। ਨਾਵਲ ਦੇ ਬੀਜ ਬਸਤੀਵਾਦੀ ਦੌਰ ਵਿੱਚ ਪੁੰਗਰਨੇ ਅਤੇ ਪ੍ਰਫੁੱਲਿਤ ਹੋਣੇ ਆਰੰਭ ਹੋਏ। ਸਾਮੰਤਵਾਦੀ ਯੁੱਗ ਦੇ ਅੰਤਲੇ ਦਹਾਕਿਆਂ ਵਿੱਚ ਸਨਅਤੀ ਵਿਕਾਸ ਦੇ ਨਾਲ ਸਮਾਜ 'ਚ ਅਨੇਕਾਂ ਪ੍ਰਕਾਰ ਦੇ ਕ੍ਰਾਂਤੀਕਾਰੀ ਪਰਿਵਰਤਨ ਵੀ ਆਏ। 20 ਵੀਂ ਸਦੀ ਦੇ ਅਖੀਰਲੇ ਦਹਾਕਿਆਂ ਅਤੇ 21 ਵੀਂ ਸਦੀ ਦੇ ਆਰੰਭਲੇ ਦਹਾਕਿਆਂ 'ਚ ਪੰਜਾਬੀ ਵਿੱਚ ਕੁੱਝ ਅਜਿਹੇ ਨਾਵਲਾਂ ਦੀ ਸਿਰਜਣਾ ਵੀ ਹੋਈ ਜੋ ਪ੍ਰਮੁੱਖ ਤੌਰ 'ਤੇ ਕਿਸਾਨੀ, ਕਿਸਾਨੀ ਸੰਕਟ, ਪੂੰਜੀਵਾਦ ਦੇ ਕਠੋਰ ਯਥਾਰਥ ਦਾ ਸਿੱਧਾ ਵਰਣਨ ਕਰਦੇ ਹਨ। ਪੰਜਾਬੀ ਨਾਵਲ ਇਨ੍ਹਾਂ ਪਰਿਸਥਿਤੀਆਂ ਨੂੰ ਵਿਅੰਗਮਈ ਅਤੇ ਵਿਡੰਬਣਾ ਦੀ ਦ੍ਰਿਸ਼ਟੀ ਤੋਂ ਪੇਸ਼ ਕਰਦਾ ਹੈ। ਜਿਸ 'ਚ

ਪੂੰਜੀਵਾਦੀ ਵਰਤਾਰਾ ਬਹੁਤ ਹੀ ਮਹੱਤਵਪੂਰਨ ਰੂਪ ਵਿੱਚ ਪੇਸ਼ ਹੁੰਦਾ ਹੈ। ਬਲਬੀਰ ਪਰਵਾਨਾ ਕਿਸਾਨੀ ਜੀਵਨ ਦੀਆਂ ਰਾਜਸੀ, ਸਮਾਜਿਕ, ਮਾਨਸਿਕ, ਆਰਥਿਕ ਅਤੇ ਸਭਿਆਚਾਰਕ ਸੰਕਟਮਈ ਪਰਿਸਥਿਤੀਆਂ ਨੂੰ ਆਪਣੇ ਨਾਵਲਾਂ ਵਿੱਚ ਰੂਪਮਾਨ ਕਰਦਾ ਹੈ। ਬਲਬੀਰ ਪਰਵਾਨਾ ਦੀ ਰਚਨਾਤਮਕ ਦ੍ਰਿਸ਼ਟੀ ਤੋਂ ਇਸ ਰਹੱਸ ਦੀ ਪ੍ਰਾਪਤੀ ਹੁੰਦੀ ਹੈ ਕਿ ਉਸ ਦੀ ਸਿਰਜਣ ਯਾਤਰਾ ਇੱਕ ਲੰਬੇ ਕਾਲ ਖੰਡ 'ਚ ਫੈਲੀ ਹੋਈ ਹੈ। ਪਰਵਾਨਾ ਨੇ ਨਾਵਲ ਸਿਰਜਣਾ ਤੋਂ ਪਹਿਲਾ ਨਾਵਲੈਟ, ਕਵਿਤਾ, ਕਹਾਣੀ, ਮਿੰਨੀ ਕਹਾਣੀ ਆਦਿ ਖੇਤਰਾਂ ਵਿੱਚ ਆਪਣੀ ਪਹਿਚਾਣ ਬਣਾਈ ਹੈ। ਉਹ ਲਗਾਤਾਰ ਵਿਕਾਸ ਕਰ ਰਿਹਾ ਗਤੀਸ਼ੀਲ ਨਾਵਲਕਾਰ ਹੈ। ਜਿਸ ਨੇ ਪਰਿਸਥਿਤੀਆਂ ਦੇ ਪਰਿਵਰਤਨ ਨਾਲ ਯਥਾਰਥਬੋਧ ਦੇ ਨਵੇਂ ਪਾਸਾਰਾਂ ਨੂੰ ਦ੍ਰਿਸ਼ਟੀਮਾਨ ਕੀਤਾ ਹੈ। ਆਰਥਿਕ, ਸਮਾਜਿਕ ਅਤੇ ਰਾਜਸੀ ਤਬਦੀਲੀਆਂ ਵਾਪਰਨ ਕਾਰਨ ਜਿੱਥੇ ਹਰੇ ਇਨਕਲਾਬ ਨਾਲ ਕਿਸਾਨੀ ਜੀਵਨ ਵਿੱਚ ਅਨੇਕਾਂ ਪ੍ਰਕਾਰ ਦੇ ਬਦਲਾਓ ਆਉਂਦੇ ਹਨ, ਉੱਥੇ ਪਿੰਡਾਂ 'ਚ ਨਵੀਆਂ-ਨਵੀਆਂ ਸਕੀਮਾਂ, ਆਵਾਜਾਈ ਦੇ ਸਾਧਨ, ਸਕੂਲ ਖੁੱਲ੍ਹਣੇ, ਰਵਾਇਤੀ ਖੇਤੀ ਦੀ ਪ੍ਰਕਿਰਿਆ ਨੂੰ ਪਿੱਛੇ ਧੱਕਣ ਕਾਰਨ ਖੇਤੀ ਦੇ ਧੰਦੇ ਵਿੱਚ ਨਵੀਆਂ ਤਕਨੀਕਾਂ ਦੀ ਵਰਤੋਂ ਹੋਣ ਲੱਗੀ ਹੈ। ਜਿੱਥੇ ਪਿੰਡਾਂ ਦਾ ਸ਼ਹਿਰੀਕਰਨ ਹੁੰਦਾ ਹੈ ਉੱਥੇ ਆਮ ਜਨਤਾ 'ਚ ਵਿਗਿਆਨਕ ਸੂਝ ਵੀ ਪੈਦਾ ਹੁੰਦੀ ਹੈ। ਜਿਵੇਂ ਨਾਵਲ *'ਨਿੱਕੋ ਨਿੱਕੋ ਯੁੱਧ'* ਦਾ ਪਾਤਰ ਗਿੰਦਰ ਅਤੇ ਉਸ ਦੇ ਸਾਥੀ ਵਿਗਿਆਨਕ ਸੂਝ ਕਾਰਨ ਹੀ ਸੋਢੀ ਸਰਦਾਰ ਵੱਲੋਂ ਧਰਮ-ਕਰਮ ਦੇ ਨਾਮ ਉੱਪਰ ਕੀਤੀ ਜਾਂਦੀ ਲੁੱਟ ਦਾ ਵਿਰੋਧ ਕਰਦੇ ਹਨ। ਲੋਕਾਂ ਦੀ ਮਾਨਸਿਕਤਾ ਧਰਮ-ਕਰਮ, ਜਾਦੂ-ਟੂਣਿਆਂ, ਸਾਧਾਂ ਅਤੇ ਡੇਰਿਆਂ ਦੁਆਲਿਓਂ ਢਿੱਲੀ ਹੁੰਦੀ ਹੈ। ਹਰੇ ਇਨਕਲਾਬ ਦੀ ਆਮਦ ਨਾਲ ਖੇਤੀਬਾੜੀ ਦੇ ਧੰਦੇ ਵਿੱਚ ਤਬਦੀਲੀ ਆਉਂਦੀ ਹੈ ਉੱਥੇ ਹੀ ਪੁਰਾਤਨ ਪ੍ਰੰਪਾਰਿਕ ਪ੍ਰਬੰਧ, ਸਮਾਜਿਕ ਕੀਮਤਾਂ ਢਹਿ-ਢੇਰੀ ਹੁੰਦੀਆਂ ਹਨ। ਇਨ੍ਹਾਂ ਨਵੀਆਂ ਪੁੰਗਰ ਰਹੀਆਂ ਸੰਭਾਵਨਾਵਾਂ ਕਾਰਨ ਹੀ ਪੇਂਡੂ ਲੋਕਾਂ ਦੀ ਮਾਨਸਿਕਤਾ, ਪਿੰਡਾਂ, ਸ਼ਹਿਰਾਂ, ਸਭਿਆਚਾਰਕ ਸੋਚ, ਪਿੰਡ ਦੀ ਸੱਥ 'ਚ ਪੰਜਾਬ ਦੀ ਰਾਜਨੀਤੀ ਬਾਰੇ ਡੂੰਘੀ ਵਿਚਾਰ ਚਰਚਾ ਹੁੰਦੀ ਹੈ। ਇਹ ਨਵੀਆਂ ਸੰਭਾਵਨਾਵਾਂ, ਨਵੀਂ ਪੀੜ੍ਹੀ ਦੀ ਆਜ਼ਾਦੀ ਵੱਲ ਕਦਮ ਪੁੱਟ ਰਹੀਆਂ ਹਨ। ਪਰਵਾਨਾ ਨੇ ਪੂੰਜੀਵਾਦ ਪਦਾਰਥਵਾਦੀ ਸੋਚ ਵਿਚ ਪਿਸ ਰਹੀ ਨਿਮਨ ਕਿਸਾਨੀ ਜੀਵਨ ਵਿਚਲੀਆਂ ਤੰਗੀਆਂ ਤਰੁੱਸ਼ੀਆਂ, ਮਾੜੀ ਆਰਥਿਕਤਾ, ਨਿਮਨ ਸਮਾਜਿਕ ਪੱਧਰ, ਰਾਜਨੀਤੀਵਾਨਾਂ ਦੀਆਂ ਕੋਝੀਆਂ ਚਾਲਾਂ, ਦਿਨ ਪ੍ਰਤੀ ਦਿਨ ਕਰਜ਼ੇ ਦੀ ਪ੍ਰਕਿਰਿਆ ਵਿਚ ਫਸਣਾ, ਆਤਮਹੱਤਿਆ ਵਰਗੇ ਰਾਹ ਅਪਣਾਉਣਾ ਅਤੇ ਤ੍ਰਾਸਦੀ ਭਰਿਆ ਜੀਵਨ ਜੀਉਣ, ਉਨ੍ਹਾਂ ਦੇ ਦੁੱਖਾਂ ਦੀ ਪੇਸ਼ਕਾਰੀ ਸਫਲਤਾ ਸਹਿਤ ਕੀਤੀ ਹੈ। ਫ਼ਸਲ ਉੱਪਰ ਅੱਤ ਦਰਜ਼ੇ ਦੀਆਂ ਮਹਿੰਗੀਆਂ ਦਵਾਈਆਂ, ਖਾਦਾਂ ਦੀ ਵਰਤੋਂ ਉਪਰੰਤ ਵੀ ਕਿਸਾਨਾਂ ਨੂੰ ਆਪਣੀਆਂ ਫ਼ਸਲਾਂ ਦਾ ਵਾਜਬ ਮੁੱਲ ਪ੍ਰਾਪਤ ਨਹੀਂ ਹੁੰਦਾ। ਸਰਕਾਰ ਦੀ ਅਣਦੇਖੀ ਅਤੇ ਵਿਰੋਧੀ ਨੀਤੀਆਂ ਕਾਰਨ ਕਿਸਾਨਾਂ ਦੀਆਂ ਫ਼ਸਲਾਂ ਮੰਡੀਆਂ ਵਿਚ ਰੁਲਦੀਆਂ ਹਨ। ਬਲਬੀਰ ਪਰਵਾਨਾ ਨੇ ਕਿਸਾਨੀ ਸੰਕਟ ਅਤੇ ਸੰਕਟ ਦੇ ਕਿਸਾਨਾਂ ਅਤੇ ਕਿਸਾਨਾਂ ਦੇ ਪਰਿਵਾਰਾਂ ਉੱਪਰ ਪੈਂਦੇ ਪ੍ਰਭਾਵਾਂ ਨੂੰ ਅਭਿਵਿਅਕਤ ਕੀਤਾ ਹੈ। ਉਹ ਹੱਡ ਤੋੜਵੀਂ ਮਿਹਨਤ ਮੁਸ਼ੱਕਤ ਤੋਂ ਬਾਅਦ ਵੀ ਆਪਣੇ ਆਰਥਿਕ ਅਤੇ ਸਮਾਜਿਕ ਪੱਖ ਨੂੰ ਉਚੇਰਾ ਨਹੀਂ ਕਰ ਸਕਦੇ। ਪੰਜਾਬ ਦਾ ਹਰ ਨਿਮਨ/ਮੱਧਲਾ ਕਿਸਾਨ ਆੜ੍ਹਤੀਆਂ, ਬੈਂਕ, ਬਾਣੀਆਂ, ਸ਼ਾਹੂਕਾਰਾਂ ਦੇ ਕਰਜ਼ੇ ਦੇ ਭਾਰ ਕਾਰਨ ਗ਼ੁਲਾਮ

ਬਣਿਆ ਹੋਇਆ ਹੈ। ਬਲਬੀਰ ਪਰਵਾਨਾ ਆਪਣੇ ਨਾਵਲਾਂ ਵਿਚ ਨਵੇਂ ਪ੍ਰਤਿਮਾਨ ਸਿਰਜਦਾ ਹੋਇਆ ਕਿਸਾਨੀ ਜੀਵਨ ਨਾਲ ਸੰਬੰਧਤ ਅਨੇਕਾਂ ਪ੍ਰਕਾਰ ਦੀਆਂ ਪਰਿਸਥਿਤੀਆਂ ਨੂੰ ਨਾਵਲੀ ਬਿਰਤਾਂਤ ਵਿਚ ਸੰਗਠਿਤ ਕਰਦਾ ਹੈ। ਪਰਵਾਨਾ ਦੇ ਨਾਵਲ *ਗਹਿਰ ਚੜ੍ਹੀ ਅਸਮਾਨ, ਨਿੱਕੇ ਨਿੱਕੇ ਯੁੱਧ, ਆਪਣੇ ਆਪਣੇ ਮੋਰਚੇ, ਅੰਬਰ ਵੱਲ ਉਡਾਣ,* ਵਿਚ ਕੇਵਲ ਨਿਮਨ ਕਿਸਾਨੀ ਜੀਵਨ ਦੀਆਂ ਪਰਿਸਥਿਤੀਆਂ ਨੂੰ ਹੀ ਰੂਪਮਾਨ ਨਹੀਂ ਕੀਤਾ ਸਗੋਂ ਨਾਵਲ *ਕਥਾ ਇਸ ਯੁੱਗ ਦੀ, ਖੇਤਾਂ ਦਾ ਰੁਦਨ* 'ਚ ਇਸ ਵਿਚਲੇ ਤਣਾਓ, ਟੱਕਰ, ਸੰਘਰਸ਼ ਨੂੰ ਵੀ ਬਿਆਨ ਕੀਤਾ ਹੈ।

## ਉਦੇਸ਼ ਚੌਥਾ, ਕਿਸਾਨੀ ਜੀਵਨ ਵਿਚ ਨਿਰਧਾਰਿਤ ਹੋ ਰਹੇ ਨਵੇਂ ਨੈਤਿਕ ਮੁੱਲਾਂ ਦਾ ਮੁਲਾਂਕਣ ਕਰਨਾ:

ਨਾਵਲਕਾਰ ਦੀ ਰਚਨਾ ਉੱਪਰ ਉਸ ਦੇ ਬਚਪਨ, ਜੀਵਨ, ਇਲਾਕੇ, ਰਹਿਣ-ਸਹਿਣ ਦਾ ਵਧੇਰੇ ਪ੍ਰਭਾਵ ਹੁੰਦਾ ਹੈ। ਪਰਵਾਨਾ ਨੇ ਆਪਣਾ ਬਚਪਨ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਚਨੌਰ 'ਚ ਨਿਮਨ ਕਿਸਾਨੀ ਪਰਿਵਾਰ 'ਚ ਗੁਜ਼ਾਰਿਆ ਹੈ। ਪਰਵਾਨਾ ਖ਼ੁਦ ਪੇਂਡੂ ਕਿਸਾਨੀ ਜੀਵਨ ਨਾਲ ਸੰਬੰਧਿਤ ਹੋਣ ਕਾਰਨ ਨਾਵਲਾਂ ਦੇ ਵਿਸ਼ੇ ਪੇਂਡੂ ਕਿਸਾਨੀ ਜੀਵਨ ਵਿੱਚੋਂ ਹੀ ਲਏ ਹਨ। ਕਿਸਾਨੀ ਜੀਵਨ ਦਾ ਡੂੰਘਾ ਅਨੁਭਵ ਹੋਣ, ਪੇਂਡੂ ਲੋਕਾਂ ਦੀਆਂ ਸਮੱਸਿਆਵਾਂ, ਤਕਲੀਫ਼ਾਂ, ਦੁੱਖਾਂ ਤੋਂ ਜਾਣੂ ਹੋਣ ਕਰ ਕੇ ਉਨ੍ਹਾਂ ਦੀਆ ਸਮੱਸਿਆਵਾਂ ਨੂੰ ਨਾਵਲਾਂ ਵਿੱਚ ਪੇਸ਼ ਕਰਦਾ ਹੈ। ਪਰਵਾਨਾ ਨੇ ਨਾਵਲਾਂ ਵਿੱਚ ਔਰਤ-ਮਰਦ ਦੇ ਨਾਜਾਇਜ਼ ਸੰਬੰਧ, ਪਤੀ-ਪਤਨੀ ਦਾ ਰਿਸ਼ਤਾ, ਪੂੰਜੀਵਾਦੀ ਪ੍ਰਬੰਧ ਕਾਰਨ ਰਿਸ਼ਤੇ-ਨਾਤਿਆਂ ਵਿੱਚ ਪੈਦਾ ਹੋ ਰਿਹਾ ਸਵਾਰਥੀਪਣ, ਰਿਵਾਇਤੀ ਅਤੇ ਸਮਕਾਲੀ ਔਰਤ ਦੀ ਸਥਿਤੀ, ਨਿਮਨ ਕਿਸਾਨੀ ਜੀਵਨ ਵਿੱਚ ਪੈਦਾ ਹੋਣ ਵਾਲੀਆਂ ਸਮੱਸਿਆਵਾਂ, ਨਵੀਂ ਪੀੜ੍ਹੀ ਦੀ ਉਦਾਸ ਮਾਨਸਿਕਤਾ, ਉਲਾਰੂ ਸੋਚ ਅਤੇ ਪਿੰਡਾਂ ਦੀ ਬਦਲਦੀ ਨੁਹਾਰ ਆਦਿ ਨੂੰ ਨਾਵਲਾਂ ਦਾ ਵਿਸ਼ਾ ਬਣਾਇਆ ਹੈ। ਨਿਰਸੰਦੇਹ ਪਰਵਾਨਾ ਦਾ ਰਚਨਾਤਮਕ ਵਿਕਾਸ ਬਹੁਤ ਹੀ ਭਵਿੱਖ ਮੁਖੀ ਹੈ। ਸਮਕਾਲੀ ਦੌਰ ਵਿੱਚ ਵਿਕਸਿਤ ਪੂੰਜੀਵਾਦੀ ਪ੍ਰਬੰਧ ਨੇ ਪੂਰੇ ਸੰਸਾਰ ਨੂੰ ਇੱਕ ਵਿਸ਼ਵੀ ਪ੍ਰਸੰਗ ਦੇ ਸਮੁੱਚੇ ਰਾਜਸੀ, ਸਮਾਜਿਕ, ਆਰਥਿਕ ਅਤੇ ਸਭਿਆਚਾਰਕ ਪ੍ਰਤੀਮਾਨਾਂ ਨੂੰ ਨਵੇਂ ਸਿਰਿਓਂ ਵਾਚਿਆ ਹੈ। ਪਰਵਾਨਾ ਦੇ ਨਾਵਲ ਸਮਕਾਲੀ ਸਮਾਜ ਦੇ ਇਨ੍ਹਾਂ ਕੋਝੇ ਵਰਤਾਰਿਆਂ ਦੁਆਲੇ ਉੱਸਰੇ ਹੋਏ ਹਨ। ਜਿਵੇਂ ਪ੍ਰੰਪਰਿਕ ਕਿਸਾਨੀ, ਕਿਸਾਨੀ ਸੰਕਟ, ਕਿਸਾਨੀ ਕਿੱਤੇ ਵਿੱਚ ਘੁਸਪੈਠ, ਆਧੁਨਿਕਤਾ ਦਾ ਆਉਣਾ, ਨਵੀਂ ਜੀਵਨ ਜਾਚ ਦੇ ਨਾਂ ਉੱਪਰ ਰਵਾਇਤੀ ਜੜ੍ਹਾਂ ਨਾਲੋਂ ਟੁੱਟਣਾ, ਨਵਾਂਪਣ, ਸਭਿਆਚਾਰਕ ਕਦਰਾਂ-ਕੀਮਤਾਂ, ਰਵਾਇਤਾਂ, ਪ੍ਰੰਪਰਾਵਾਂ ਨੂੰ ਤਬਾਹੀ ਵੱਲ ਧੱਕ ਰਹੇ ਹਨ। ਖੇਤੀਬਾੜੀ ਵਿੱਚ ਆਧੁਨਿਕ ਸੰਦਾਂ, ਖਾਦਾਂ, ਕੀਟਨਾਸ਼ਕ ਦਵਾਈਆਂ, ਸਪਰੇਅ ਦੀ ਆਮਦ ਨਾਲ ਖੇਤੀ ਕਿਰਤ ਭਰਪੂਰ ਹੋਣ ਦੀ ਥਾਂ ਪੈਸਾ ਕੇਂਦਰਿਤ ਹੋ ਗਈ। ਹਰੇ ਇਨਕਲਾਬ ਨੇ ਕੇਵਲ ਖੇਤੀਬਾੜੀ ਨੂੰ ਹੀ ਪ੍ਰਭਾਵਿਤ ਨਹੀਂ ਕੀਤਾ ਸਗੋਂ ਰਿਸ਼ਤੇ ਨਾਤਿਆਂ, ਸਲੀਕੇ, ਹਰ ਵਰਤਾਰੇ, ਯੋਗਤਾ, ਸੁਹੱਪਣ ਇੱਥੋਂ ਤੱਕ ਕਿ ਮਨੁੱਖੀ ਪਿਆਰ ਦਾ ਆਧਾਰ ਵੀ ਪੈਸਾ ਬਣ ਗਿਆ ਹੈ। ਇਸੇ ਪ੍ਰਭਾਵ ਅਧੀਨ ਕੇਵਲ ਮਨੁੱਖ ਹੀ ਨਹੀਂ ਸਗੋਂ ਪ੍ਰਕਿਰਤੀ ਅਤੇ ਵਾਤਾਵਰਨ ਵੀ ਪ੍ਰਭਾਵਿਤ ਹੋਏ ਹਨ। ਸਮਾਜਿਕ ਸਥਿਤੀ ਨੂੰ ਨਿਰਧਾਰਿਤ ਕਰਨ ਵਾਲਾ ਮੁੱਖ ਤੱਤ

ਆਰਥਿਕਤਾ ਹੈ। ਨਿਮਨ ਕਿਸਾਨੀ ਦੀ ਉਤਪਾਦਨ ਵਿਧੀ ਵਧੇਰੇ ਕਰ ਕੇ ਖੇਤੀਬਾੜੀ ਉੱਪਰ ਨਿਰਭਰ ਹੈ। ਪੂੰਜੀਵਾਦੀ ਦੌਰ ਵਿੱਚ ਦਰਮਿਆਨੀ ਕਿਸਾਨੀ ਆਪਣੀਆਂ ਆਰਥਿਕ ਸਮੱਸਿਆਵਾਂ ਅਤੇ ਮਨਚਾਹੀ ਜ਼ਿੰਦਗੀ ਜਿਊਣ ਲਈ ਖੇਤੀਬਾੜੀ ਦਾ ਧੰਦਾ ਛੱਡ ਕੇ ਹੋਰ ਕਿੱਤਿਆਂ ਵੱਲ ਰੁਚਿਤ ਹੋ ਰਹੀ ਹੈ। ਅਜੋਕੀ ਨੌਜਵਾਨ ਪੀੜ੍ਹੀ ਘਾਟੇ ਦਾ ਧੰਦਾ ਖੇਤੀ ਛੱਡ ਕੇ ਵਿਦੇਸ਼ ਜਾਣ ਵੱਲ ਵਧੇਰੇ ਰੁਚਿਤ ਹੈ। ਪੂੰਜੀ ਦਾ ਸੰਚਾਲਨ ਕਰਨ ਵਾਲੀਆਂ ਵੱਡੀਆਂ ਕੰਪਨੀਆਂ ਕਿਸਾਨਾਂ ਦੀ ਜ਼ਮੀਨ ਘੱਟ ਰੇਟ ਉੱਪਰ ਖ਼ਰੀਦ ਕੇ ਵੱਡੇ ਸਟੋਰ ਖੋਲ੍ਹ ਰਹੀਆਂ ਹਨ। ਵਿਕਾਸਸ਼ੀਲ ਦੇਸ਼ਾਂ ਵੱਲੋਂ ਨਿਮਨ ਵਰਗ ਦੇ ਲੋਕਾਂ ਨੂੰ ਇੱਕ ਨਵੀਂ ਕਿਸਮ ਦੀ ਗ਼ੁਲਾਮੀ ਦਾ ਸ਼ਿਕਾਰ ਬਣਾਇਆ ਜਾ ਰਿਹਾ ਹੈ। ਜਿਸ ਦਾ ਮੁੱਖ ਆਧਾਰ ਪੂੰਜੀ ਹੈ। ਵਿਸ਼ਵੀਕਰਨ ਦੇ ਘਾਤਕ ਵਰਤਾਰੇ ਵਿੱਚ ਮਨੁੱਖ ਘਰ, ਪਰਿਵਾਰ ਨਹੀਂ ਸਗੋਂ ਬਾਜ਼ਾਰੀ-ਵਸਤੂ ਲਈ ਜੀਅ ਰਿਹਾ ਹੈ। ਇਸ ਖੋਜ ਕਾਰਜ ਦੇ ਅਧਿਐਨ ਤਹਿਤ ਲਏ ਗਏ ਪਰਵਾਨਾ ਦੇ ਛੇ ਨਾਵਲਾਂ *ਗਹਿਰ ਚੜ੍ਹੀ ਅਸਮਾਨ, ਨਿੱਕੇ ਨਿੱਕੇ ਯੁੱਧ, ਆਪਣੇ ਆਪਣੇ ਮੋਰਚੇ, ਕਥਾ ਇਸ ਯੁੱਗ ਦੀ, ਅੰਬਰ ਵੱਲ ਉਡਾਣ, ਖੇਤਾਂ ਦਾ ਰੁਦਨ* ਵਿਚ ਵਿੱਚ ਹਰੇ ਇਨਕਲਾਬ, ਪੂੰਜੀਵਾਦੀ ਕਾਰਪੋਰੇਟ ਮਾਡਲ ਦੇ ਕਿਸਾਨੀ ਧੰਦੇ ਅਤੇ ਕਿਸਾਨੀ ਜੀਵਨ ਉੱਪਰ ਪਏ ਘਾਤਕ ਬਦਲਾਵਾਂ ਅਤੇ ਪ੍ਰਭਾਵਾਂ ਦੀ ਪੇਸ਼ਕਾਰੀ ਕੀਤੀ ਹੈ। ਇਸ ਲੜੀ ਦਾ ਪਹਿਲਾ ਨਾਵਲ *'ਗਹਿਰ ਚੜ੍ਹੀ ਅਸਮਾਨ'* ਵਿੱਚ ਹਰੇ ਇਨਕਲਾਬ ਤੋਂ ਪਹਿਲਾ ਦੇ ਕਿਸਾਨੀ ਜੀਵਨ ਵਿਚਲੀ ਵਿਚਾਰਧਾਰਾ ਨੂੰ ਮੂਰਤੀਮਾਨ ਕੀਤਾ ਹੈ। *'ਨਿੱਕੇ ਨਿੱਕੇ ਯੁੱਧ'* ਨਾਵਲ ਵਿੱਚ ਹਰੇ ਇਨਕਲਾਬ ਦੀ ਆਮਦ ਨਾਲ ਕਿਵੇਂ ਕਿਸਾਨ ਆਪਣੇ ਪ੍ਰੰਪਰਿਕ/ਰਵਾਇਤੀ ਢੰਗ ਨਾਲੋਂ ਟੁੱਟਣਾ ਆਰੰਭ ਹੁੰਦੇ ਹਨ ਅਤੇ ਲੋਕਾਂ ਦੀ ਵਿਚਾਰਧਾਰਾ ਕਰਮ ਧਰਮ ਨਾਲੋਂ ਟੁੱਟ ਕੇ ਵਿਗਿਆਨਕ ਸੋਚ ਉਤਪੰਨ ਹੁੰਦੀ ਹੈ। *'ਆਪਣੇ ਆਪਣੇ ਮੋਰਚੇ'* ਨਾਵਲ ਵਿੱਚ ਪਰਵਾਨਾ ਨੇ ਖੇਤੀ ਦੇ ਧੰਦੇ ਵਿੱਚੋਂ ਬਾਹਰ ਹੁੰਦੀ ਨਿਮਨ ਕਿਸਾਨੀ ਦਾ ਚਿਤਰਨ ਪੇਸ਼ ਕੀਤਾ ਹੈ। *'ਕਥਾ ਇਸ ਯੁੱਗ ਦੀ'* ਨਾਵਲ ਵਿੱਚ ਪੂੰਜੀਵਾਦੀ ਕਾਰਪੋਰੇਟ ਮਾਡਲ ਦੇ ਪ੍ਰਭਾਵ ਕਾਰਨ ਕਿਸਾਨੀ ਜੀਵਨ, ਕੁਦਰਤੀ ਸ੍ਰੋਤ, ਵਾਤਾਵਰਨ ਉੱਤੇ ਪੈਂਦੇ ਮਾੜੇ ਪ੍ਰਭਾਵਾਂ ਨੂੰ ਬਿਆਨ ਕੀਤਾ ਹੈ। ਇਨ੍ਹਾਂ ਚਾਰੇ ਨਾਵਲਾਂ ਨਾਲ ਚੋ-ਲੜੀ ਸੰਪੂਰਨ ਹੋ ਜਾਂਦੀ ਹੈ। *'ਅੰਬਰ ਵੱਲ ਉਡਾਣ'* ਨਾਵਲ 'ਚ ਨਿਮਨ ਕਿਸਾਨੀ ਦਾ ਜ਼ਮੀਨ ਵੇਚ ਕੇ ਖੇਤੀ ਦੀ ਪ੍ਰਕਿਰਿਆ 'ਚੋਂ ਬਾਹਰ ਹੋਣਾ ਅਤੇ ਪੂੰਜੀਵਾਦੀ ਪ੍ਰਬੰਧ ਦਾ ਹਿੱਸਾ ਬਣਦੇ ਪਰਿਵਾਰ ਦੀਆਂ ਪਰਿਸਥਿਤੀਆਂ ਨੂੰ ਬਿਆਨ ਕੀਤਾ ਹੈ। *'ਖੇਤਾਂ ਦਾ ਰੁਦਨ'* ਨਾਵਲ ਪੂੰਜੀਵਾਦੀ ਕਾਰਪੋਰੇਟ ਮਾਡਲ ਵਿੱਚ ਧੱਕੇਸ਼ਾਹੀ ਅਤੇ ਕਿਸਾਨਾਂ ਦੁਆਰਾ ਕੀਤੀਆਂ ਜਾਂਦੀਆਂ ਖ਼ੁਦਕੁਸ਼ੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ 'ਤੇ ਪੈਂਦੇ ਪ੍ਰਭਾਵਾਂ ਨੂੰ ਵਿਅਕਤ ਕੀਤਾ ਹੈ। ਪਰਵਾਨਾ ਨੇ ਪ੍ਰੇਮ ਦੇ ਪ੍ਰਸੰਗ 'ਚ ਮਨੁੱਖੀ ਰਿਸ਼ਤੇ-ਨਾਤਿਆਂ ਦੀ ਸਭਿਆਚਾਰਕ ਸਥਿਤੀ ਅਤੇ ਜਾਗੀਰਦਾਰ/ਸ਼ਾਹੂਕਾਰਾਂ ਦੁਆਰਾ ਲੁੱਟ-ਖਸੁੱਟ ਦੀ ਸ਼ਿਕਾਰ ਹੁੰਦੀ ਛੋਟੀ ਕਿਸਾਨੀ ਦੀਆਂ ਪਰਿਸਥਿਤੀਆਂ ਨੂੰ ਪ੍ਰਗਟਾਇਆ ਹੈ। ਕਿਸਾਨੀ ਜੀਵਨ ਵਿਚ ਜੋ ਵਾਪਰ ਚੁੱਕਾ ਹੈ, ਜੋ ਵਾਪਰ ਰਿਹਾ ਹੈ, ਕਿਸਾਨੀ ਜੀਵਨ ਦੇ ਨਿਘਾਰ ਵੱਲ ਜਾਣ ਦੇ ਕਾਰਨ ਅਤੇ ਆਤਮ ਹੱਤਿਆਵਾਂ ਦੇ ਕਿਸਾਨੀ ਜੀਵਨ ਉੱਪਰ ਪੈਂਦੇ ਪ੍ਰਭਾਵਾਂ ਨੂੰ ਨਾਵਲੀ ਬਿਰਤਾਂਤ ਨਾਲ ਜੋੜਿਆ ਹੈ। ਸਮਕਾਲੀ ਦੌਰ ਦਾ ਸਭ ਤੋਂ ਵੱਡਾ ਯਥਾਰਥ ਨਿਮਨ ਕਿਸਾਨੀ ਹੱਥੋਂ ਜ਼ਮੀਨ ਦਾ ਖੁੱਸਣਾ ਹੈ। ਨਾਵਲ *ਨਿੱਕੇ ਨਿੱਕੇ ਯੁੱਧ'* ਦਾ ਕੇਂਦਰੀ ਪਾਤਰ ਗਿੰਦਰ ਨਿਮਨ ਕਿਸਾਨੀ ਜੀਵਨ ਦੇ ਨਿਘਾਰ ਵੱਲ ਜਾਣ, ਜ਼ਮੀਨ ਦਾ ਵਿਕਣਾ, ਆਰਥਿਕ,

ਸਮਾਜਿਕ, ਸਭਿਆਚਾਰਕ, ਰਾਜਨੀਤਿਕ, ਮਾਨਸਿਕ, ਰੀਤੀ-ਰਿਵਾਜ, ਨੈਤਿਕ ਮੁੱਲਾਂ, ਰਵਾਇਤਾਂ, ਕਦਰਾਂ-ਕੀਮਤਾਂ, ਔਰਤ ਦੀ ਚਿੰਤਾ ਜਨਕ ਸਥਿਤੀ ਵਿਚ ਜੋ ਤਬਦੀਲੀ ਆਉਂਦੀ ਹੈ ਉਸ ਦਾ ਪ੍ਰਤੀਕ ਬਣਦਾ ਹੈ। ਪਰ ਗਿੰਦਰ ਲੱਖਾਂ ਮੁਸੀਬਤਾਂ ਵਿਚ ਘਿਰਿਆ ਹੋਣ ਕਾਰਨ ਆਪਣੇ ਆਪ ਨੂੰ ਧੁਰ ਅੰਦਰੋਂ ਸੰਯੁਕਤ ਰੱਖਣ ਵਿਚ ਸਫਲ ਹੁੰਦਾ ਹੈ। ਪਰਵਾਨਾ ਕਿਸਾਨੀ ਦੇ ਵਿਦਰੋਹ ਵਜੋਂ ਕਮਿਊਨਿਸਟ, ਨਕਸਲਵਾੜੀ ਲਹਿਰਾਂ ਅਤੇ ਸਾਕਾ ਨੀਲਾ ਸਾਕਾ ਤਾਰਾ ਦੀਆਂ ਦੁਖਾਂਤਕ ਪਰਿਸਥਿਤੀਆਂ ਨੂੰ ਵੀ ਬਿਆਨ ਕਰਦਾ ਹੈ। ਉਹ ਪੇਂਡੂ ਕਿਸਾਨੀ ਦੀ ਖਹਿਬਾਜ਼ੀ, ਕਤਲ, ਮੁਕੱਦਮੇਬਾਜ਼ੀ, ਪੁਲਿਸ ਵਧੀਕੀਆਂ, ਕਰਜ਼ੇ ਦੀ ਪੰਡ ਹੇਠ ਦੱਬੇ ਕਿਸਾਨਾਂ ਦੀ ਤ੍ਰਾਸਦਿਕ ਸਥਿਤੀ ਨੂੰ ਬਿਆਨ ਕਰਦਾ ਹੈ। ਇਸ ਦੇ ਨਾਲ ਹੀ ਸਰਮਾਏਦਾਰੀ ਪ੍ਰਬੰਧ ਵੱਲੋਂ ਕਿਸਾਨਾਂ ਨਾਲ ਕੀਤੇ ਜਾਂਦੇ ਸ਼ੋਸ਼ਣ ਨੂੰ ਪੇਸ਼ ਕੀਤਾ ਹੈ। ਵਿਸ਼ਵੀਕਰਨ ਉਦਯੋਗੀਕਰਨ ਦੀ ਆਮਦ ਕਾਰਨ ਪਿੰਡਾਂ ਦੇ ਸਵੈ-ਨਿਰਭਰਤਾ ਵਾਲੇ ਅਰਥਚਾਰੇ ਨੂੰ ਢਾਹ ਲੱਗੀ ਹੈ। ਹਰੇ ਇਨਕਲਾਬ ਦੀ ਆਮਦ ਨਾਲ ਜਿੱਥੇ ਫ਼ਸਲਾਂ ਦਾ ਉਤਪਾਦਨ ਵਧਿਆ, ਉੱਥੇ ਹੀ ਨਿਮਨ ਕਿਸਾਨੀ ਜੀਵਨ ਆਖ਼ਰੀ ਸਾਹਾਂ 'ਤੇ ਆ ਗਿਆ ਹੈ। ਇਸ ਦੇ ਨਾਲ ਹੀ ਡੇਰਿਆਂ, ਅਖੌਤੀ ਸਾਧਾਂ ਦੁਆਰਾ ਕੀਤੇ ਜਾਂਦੇ ਸ਼ੋਸ਼ਣ ਬਾਰੇ ਵੀ ਪਤਾ ਚੱਲਦਾ ਹੈ। ਕਿਸਾਨੀ ਧੰਦੇ ਨਾਲ ਸੰਬੰਧਿਤ ਵਿਅਕਤੀਆਂ ਨੇ ਬਹੁਤ ਸਾਰੇ ਸਹਾਇਕ ਧੰਦੇ ਵੀ ਅਪਣਾਏ ਪਰ ਉਨ੍ਹਾਂ ਵਿੱਚ ਵੀ ਸਫਲਤਾ ਨਹੀਂ ਮਿਲਦੀ। ਸਮਕਾਲੀ ਦੌਰ ਵਿੱਚ ਆਈਆਂ ਪਦਾਰਥਵਾਦੀ ਕਦਰਾਂ-ਕੀਮਤਾਂ ਦੇ ਪ੍ਰਭਾਵ ਨਾਲ ਆਰਥਿਕਤਾ ਨੇ ਨਿੱਜੀ ਰਿਸ਼ਤਿਆਂ ਨੂੰ ਵੀ ਪ੍ਰਭਾਵਿਤ ਕੀਤਾ ਹੈ। ਨਿਮਨ ਕਿਸਾਨਾਂ ਕੋਲ ਜ਼ਮੀਨ ਨਾ ਹੋਣ ਕਾਰਨ ਵਿਆਹ ਨਾ ਹੋਣਾ, ਆਰਥਿਕ ਮੰਦਹਾਲੀ, ਘਰ ਵਿੱਚ ਬਿਮਾਰੀ, ਕਲੇਸ਼ ਅਤੇ ਜਾਗੀਰੂ ਸਭਿਆਚਾਰਕ ਪਰਿਪੇਖ ਵਿੱਚ ਨਾਵਲੀ ਬਿਰਤਾਂਤ ਦੀ ਸਿਰਜਣਾ ਕੀਤੀ ਹੈ। ਵਿਸ਼ਵੀਕਰਨ ਪੂੰਜੀਵਾਦੀ ਪ੍ਰਬੰਧ ਨੇ ਸਾਡੀ ਜੀਵਨ-ਜਾਂਚ ਨੂੰ ਹਰ ਪੱਖੋਂ ਖਾਣ-ਪੀਣ, ਮਨੋਰੰਜਨ, ਸੋਚ, ਪਹਿਰਾਵੇ, ਸਿੱਖਿਆ ਆਦਿ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਇਹ ਵਿਦੇਸ਼ੀ ਜੀਵਨ-ਜਾਂਚ ਪੇਂਡੂ ਸਮਾਜ ਦੀਆਂ ਰਵਾਇਤੀ ਸਭਿਆਚਾਰਕ ਕਦਰਾਂ-ਕੀਮਤਾਂ ਨੂੰ ਢਾਹ ਲਾ ਰਹੀ ਹੈ। ਮਨੁੱਖ ਅਤੇ ਸਮਾਜ ਦੋਵਾਂ ਦਾ ਆਪਸ 'ਚ ਦਵੰਦਾਤਮਕ ਰਿਸ਼ਤਾ ਹੈ। ਮਨੁੱਖੀ ਸੋਚ ਪਦਾਰਥਕ ਰੂਪ ਧਾਰਨ ਕਰ ਚੁੱਕੀ ਹੈ। ਇਸ ਪਦਾਰਥਕ ਵਿਕਾਸ ਕਾਰਨ ਹੀ ਮਨੁੱਖੀ ਰਿਸ਼ਤਿਆਂ ਦਾ ਮੁਹਾਂਦਰਾ ਵੀ ਤਬਦੀਲ ਹੋ ਗਿਆ ਹੈ। ਸਮਾਜਿਕ, ਆਰਥਿਕ ਤਬਦੀਲੀਆਂ ਕਾਰਨ ਸਾਡੇ ਰਿਸ਼ਤੇ-ਨਾਤਿਆਂ ਵਿਚਲੀ ਪ੍ਰੰਪਾਰਿਕ ਸਾਂਝ ਵੀ ਨਾ ਮਾਤਰ ਹੀ ਰਹਿ ਗਈ ਹੈ। *'ਨਿੱਕੇ ਨਿੱਕੇ ਯੁੱਧ'* ਨਾਵਲ ਦਾ ਪਾਤਰ ਗਿੰਦਰ ਨੂੰ ਪਾਰਟੀ ਦਾ ਮੈਂਬਰ ਬਣਾਉਣਾ ਜੋ ਪਾਰਟੀ ਲਈ ਇੱਕ ਵਫ਼ਾਦਾਰ ਕਾਮਾ ਹੈ ਨਾ ਕਿ ਆਰਥਿਕ ਰਾਜਸੀ ਪ੍ਰਮੁੱਖਤਾ ਰੱਖਣ ਵਾਲਾ ਵਿਅਕਤੀ ਹੈ। ਉੱਥੇ ਹੀ ਨਾਵਲ *'ਖੇਤਾਂ ਦਾ ਰੁਦਨ'* ਦੀ ਪਾਤਰ ਮਾਲਤੀ ਰਵੀ ਨੂੰ ਕੇਵਲ ਦੇਹੀ ਸੁੱਖ ਲਈ ਵਰਤਦੀ ਹੈ। ਪੂੰਜੀ ਨੂੰ ਅਹਿਮੀਅਤ ਦਿੰਦੀ ਰਵੀ ਨੂੰ ਪਿੱਛੇ ਧੱਕ ਕੇ ਐਨ. ਆਰ. ਆਈ. ਅਵਿਨਾਸ਼ ਨਾਲ ਵਿਆਹ ਕਰਵਾਉਂਦੀ ਹੈ। ਇਸੇ ਤਰ੍ਹਾਂ ਹੀ ਪਾਲੀ, ਕਾਂਤਾ, ਆਂਚਲਾ, ਪ੍ਰਿਯੰਕਾ ਰਿਸ਼ਤੇ-ਨਾਤਿਆਂ ਨੂੰ ਪਿੱਛੇ ਧੱਕਦੀਆਂ ਪੂੰਜੀ ਨੂੰ ਅਹਿਮੀਅਤ ਦਿੰਦੀਆਂ ਹਨ। ਇਨ੍ਹਾਂ ਨਾਵਲਾਂ ਵਿਚਲੇ ਹਰ ਰਿਸ਼ਤੇ ਨਾਤੇ ਗਰਜ਼ ਉੱਪਰ ਆਧਾਰਿਤ ਹੋ ਰਹੇ ਹਨ। ਮਨੁੱਖ ਨੇ ਵਿਸ਼ਵੀਕਰਨ ਪੂੰਜੀਵਾਦੀ ਪ੍ਰਭਾਵ ਤਹਿਤ ਆਪਣੀਆਂ ਜ਼ਰੂਰਤਾਂ ਇੰਨੀਆਂ ਵਧਾ ਲਈਆਂ ਹਨ ਕਿ ਮਨੁੱਖ ਖ਼ੁਦ ਹੀ ਸਮੱਸਿਆ ਦਾ ਕਰਤਾ ਕੇਂਦਰ ਬਣ ਗਿਆ

ਹੈ। ਪਰਵਾਨਾ ਦੇ ਨਾਵਲਾਂ 'ਚੋਂ ਔਰਤ ਦਾ ਇੱਕ ਨਵਾਂ/ਵੱਖਰਾ ਰੂਪ ਸਾਹਮਣੇ ਆਉਂਦਾ ਦਿਸਦਾ ਹੈ। ਨਾਵਲਾਂ ਵਿਚਲੀਆਂ ਔਰਤਾਂ ਸਵੈ-ਚੇਤਨ ਤਾਂ ਹੋਈਆਂ ਦਿਸਦੀਆਂ ਹਨ ਪਰ ਉਨ੍ਹਾਂ ਦੇ ਦਿਮਾਗ਼ 'ਚ ਪੂੰਜੀ ਘਰ ਕਰ ਚੁੱਕੀ ਹੈ। ਸਮਕਾਲੀ ਦੌਰ ਦੀ ਔਰਤ ਕੋਲ ਜ਼ਿੰਦਗੀ ਜਿਊਣ ਲਈ ਕੋਈ ਵਿਕਸਿਤ ਮਾਡਲ ਨਹੀਂ। ਗਲੈਮਰੀ ਦੁਨੀਆ ਵਿੱਚ ਵਿਚਰਦੀ ਔਰਤ ਰਾਤੋਂ-ਰਾਤ ਗ਼ਰੀਬੀ ਦੀਆਂ ਕੰਧਾਂ ਟੱਪ ਕੇ ਅਮੀਰ ਬਣਨਾ ਚਾਹੁੰਦੀ ਹੈ। ਅਮੀਰ ਬਣਨ ਲਈ ਉਹ ਨੀਚ ਕਦਮ ਚੁੱਕਣ ਤੋਂ ਗੁਰੇਜ਼ ਨਹੀਂ ਕਰਦੀ। ਇਸੇ ਕਰ ਕੇ ਆਧੁਨਿਕ ਦੌਰ ਦੀ ਔਰਤ ਵਿਆਹ ਵਰਗੀ ਸੰਸਥਾ ਤੋਂ ਇਨਕਾਰੀ ਸੁਤੰਤਰ ਜੀਵਨ ਜੀਉਣ ਨੂੰ ਪਹਿਲ ਦੇ ਰਹੀ ਹੈ। ਪਰਵਾਨਾ ਨੇ ਚੋ-ਲੜੀ ਨਾਵਲਾਂ ਵਿੱਚ ਜਗਵਿੰਦਰ ਉਰਫ਼ ਗਿੰਦਰ ਪਾਤਰ ਰਾਹੀਂ ਅਜੋਕੀਆਂ ਪਦਾਰਥਵਾਦੀ ਯੁੱਗ ਦੀਆਂ ਫੋਕੀਆਂ ਕੀਮਤਾਂ ਨੂੰ ਅਪਣਾਉਣ ਦੇ ਢੰਗ ਤੋਂ ਜਾਣੂ ਕਰਵਾਇਆ ਹੈ। ਉੱਥੇ ਹੀ ਨਾਵਲਾਂ ਵਿਚਲੀਆਂ ਔਰਤ ਪਾਤਰਾਂ ਪਾਲੀ, ਪ੍ਰਿਯੰਕਾ, ਮਾਲਤੀ ਰਾਹੀਂ ਪੂੰਜੀਵਾਦੀ ਰਿਸ਼ਤੇ-ਨਾਤਿਆਂ, ਰਵਾਇਤੀ ਕਦਰਾਂ-ਕੀਮਤਾਂ, ਨੈਤਿਕ ਸੰਬੰਧਾਂ ਨੂੰ ਤੋੜਦਿਆਂ ਵੀ ਦਿਖਾਇਆ ਹਨ। ਜਿਸ ਕਾਰਨ ਮਨੁੱਖੀ ਜੀਵਨ ਪੂੰਜੀ ਇਕੱਤਰ ਕਰਨ ਦੀ ਦੌੜ 'ਚ ਆਈਲੈਟਸ ਦੀ ਪੜ੍ਹਾਈ ਰਾਹੀਂ ਵਿਦੇਸ਼ ਜਾਣਾ, ਮਾਨਸਿਕ-ਸਮਾਜਿਕ ਨਮੋਸ਼ੀ ਕਾਰਨ ਨਸ਼ਿਆਂ ਦਾ ਸੇਵਨ ਕਰਨਾ, ਨੌਜਵਾਨ ਮੁੰਡੇ ਕੁੜੀਆਂ ਦਾ ਏਜੰਟਾਂ ਦੁਆਰਾ ਨਾਜਾਇਜ਼ ਢੰਗ ਨਾਲ ਵਿਦੇਸ਼ ਜਾਣਾ, ਪੂੰਜੀ ਦਰ ਨੂੰ ਉੱਚਾ ਚੁੱਕਣ ਲਈ ਕੁਦਰਤੀ ਵਾਤਾਵਰਨ ਨਾਲ ਖਿਲਵਾੜ, ਐਨ. ਆਰ. ਆਈ ਪੂੰਜੀ ਦੁਆਰਾ ਖੇਤੀ ਵਿੱਚ ਘੁਸਪੈਠ, ਉਦਾਸੀਨ, ਬੇਗਾਨਗੀ, ਇਕੱਲਤਾ, ਉਪਰਾਮਤਾ ਵਰਗੀਆਂ ਅਲਾਮਤਾਂ ਦਾ ਸ਼ਿਕਾਰ ਹੋ ਰਿਹਾ ਹੈ। ਸਮਕਾਲੀ ਦੌਰ ਵਿਚ ਨਿਮਨ ਕਿਸਾਨੀ ਦੀ ਤ੍ਰਾਸਦੀ ਜ਼ਮੀਨ ਦਾ ਘੱਟ ਜਾਣਾ ਹੈ। ਉਹ ਜ਼ਮੀਨ ਪੀੜ੍ਹੀ ਦਰ ਪੀੜ੍ਹੀ ਵੰਡੀ ਜਾਣ ਕਾਰਨ ਖ਼ਤਮ ਹੋਣ ਤੱਕ ਦੀ ਤ੍ਰਾਸਦੀ ਨੂੰ ਸਿਰਜਦਾ ਹੈ। ਨਿਮਨ ਕਿਸਾਨੀ ਲਈ ਜ਼ਮੀਨ ਮਾਂ ਨਹੀਂ ਰਹੀ ਸਗੋਂ ਪੂੰਜੀ ਇਕੱਤਰ ਕਰਨ ਵਾਲਾ ਸਾਧਨ ਬਣ ਚੁੱਕੀ ਹੈ। ਮਨੁੱਖ ਜ਼ਿੰਦਗੀ ਬਤੀਤ ਕਰਨ ਦਾ ਢੰਗ ਆਪਣੀ ਰਵਾਇਤ ਤੋਂ ਨਹੀਂ ਮੀਡੀਆ ਤੋਂ ਲੈ ਰਿਹਾ ਹੈ। ਕਿਸਾਨੀ ਵਰਗ ਹੱਥੀ ਮਿਹਨਤ ਕਰਨ ਤੋਂ ਪਾਸਾ ਵੱਟਦਾ ਹੈ। ਸਰਕਾਰ ਵੱਲੋਂ ਇਹ ਕਹਿਣਾ ਕਿ ਕਿਸਾਨ ਆਪਣੇ ਘਰ ਪਰਿਵਾਰ ਉੱਪਰ ਬੇਲੋੜਾ ਖ਼ਰਚ ਕਰਦੇ ਹਨ ਅਜਿਹਾ ਕਹਿਣਾ ਸਰਕਾਰ ਦੁਆਰਾ ਆਪਣੀਆਂ ਗ਼ਲਤੀਆਂ ਉੱਪਰ ਪਰਦਾ ਪਾਉਣਾ ਹੈ। ਆਧੁਨਿਕੀਕਰਨ ਦੇ ਪ੍ਰਭਾਵ ਕਾਰਨ ਰੱਬ ਸਮਾਨ ਵਾਤਾਵਰਨ ਦੂਸ਼ਿਤ ਹੋ ਚੁੱਕਾ ਹੈ। ਪਰਵਾਨਾ ਨੇ ਦੁਆਬੇ ਦੇ ਇੱਕ ਖ਼ਿੱਤੇ ਮੁਕੇਰੀਆਂ ਤਹਿਸੀਲ ਦੇ ਬਚਵਾਈ ਇਲਾਕੇ ਵਿਚ ਪੂੰਜੀਵਾਦੀ ਵਿਕਾਸ ਦੇ ਵਹਿਣ ਵਿਚ ਆ ਕੇ ਹੋਏ ਵਾਤਾਵਰਨ ਦੇ ਵਿਨਾਸ਼ ਨੂੰ ਚਿਤਰਿਆ ਹੈ। ਪਰਵਾਨਾ ਨੇ ਬਚਵਾਈ ਖੇਤਰ ਵਿਚਲੀਆਂ ਵਾਪਰੀਆਂ ਤਬਦੀਲੀਆਂ ਨੂੰ ਕੇਵਲ ਦੇਖਿਆ ਹੀ ਨਹੀਂ ਸਗੋਂ ਭੁਗਤਿਆ ਵੀ ਹੈ, ਇਸੇ ਕਾਰਨ ਪਰਵਾਨਾ ਨੇ ਬਹੁਤ ਹੀ ਸੁਹਿਰਦਤਾ ਨਾਲ ਇਸ ਖ਼ਿੱਤੇ ਵਿਚਲੀ ਜੀਵਨ ਜਾਂਚ ਵਿਚਲੇ ਰੁਝਾਨਾਂ ਵਿਚ ਆਈਆਂ ਤਬਦੀਲੀਆਂ ਨੂੰ ਫੜਨ ਦਾ ਯਤਨ ਕੀਤਾ ਹੈ। ਪਰਵਾਨਾ ਦੀ ਬਾਕੀ ਪੰਜਾਬੀ ਨਾਵਲਕਾਰਾਂ ਨਾਲੋਂ ਇਹ ਖ਼ਾਸੀਅਤ ਹੈ ਕਿ ਉਹ ਕੇਵਲ ਇੱਕ ਧਰਾਤਲ ਨੂੰ ਨਹੀਂ ਸਗੋਂ ਪੇਂਡੂ ਅਤੇ ਸ਼ਹਿਰੀ ਦੋਹਾਂ ਧਰਾਤਲਾਂ ਨੂੰ ਨਾਵਲੀ ਸਿਰਜਣਾ ਦਾ ਆਧਾਰ ਬਣਾਉਂਦਾ ਹੋਇਆ ਬੜੀ ਸ਼ਿੱਦਤ ਨਾਲ ਪੇਸ਼ ਕਰਦਾ ਹੈ। ਨਿਮਨ ਕਿਸਾਨੀ ਵਰਗ ਜ਼ਮੀਨੀ ਪ੍ਰਕਿਰਿਆ ਤੋਂ ਵਾਂਝੇ ਹੋ ਕੇ ਜਾਇਜ਼-ਨਾਜਾਇਜ਼ ਢੰਗ ਨਾਲ ਵਿਦੇਸ਼ ਜਾਣ ਵੱਲ ਰੁਚੀ ਦਿਖਾ ਰਿਹਾ

ਹੈ। ਪਰਵਾਨਾ ਆਪਣੇ ਨਾਵਲੀ ਬਿਰਤਾਂਤ ਰਾਹੀਂ ਸਮਕਾਲੀ ਦੌਰ ਦੀ ਨੌਜੁਆਨ ਪੀੜ੍ਹੀ ਨੂੰ ਨਵੇਂ ਕਦਮ ਚੁੱਕਣ ਲਈ ਪ੍ਰੇਰਦਾ ਹੈ। ਪਰਵਾਨਾ ਪੂੰਜੀਵਾਦੀ ਦੌਰ ਵਿਚ ਬਦਲ ਰਹੀ ਔਰਤ ਦੀ ਸੋਚ, ਰਹਿਣ-ਸਹਿਣ, ਕਦਰਾਂ-ਕੀਮਤਾਂ, ਰਵਾਇਤੀ ਜੀਵਨ-ਜਾਂਚ, ਵਿਆਹ ਰਹਿਤ ਜ਼ਿੰਦਗੀ, ਟੈਬੂ ਸਮਾਜਿਕ ਮਰਿਆਦਾ ਨੂੰ ਪਿੱਛੇ ਧੱਕ ਆਧੁਨਿਕਤਾ ਦੇ ਚਿੰਨ੍ਹ ਨੂੰ ਅਪਣਾਉਣ ਦੀ ਤਰਜਮਾਨੀ ਨਾਵਲੀ ਬਿਰਤਾਂਤ ਵਿਚ ਕਰਦਾ ਹੈ। ਸਮਕਾਲੀ ਦੌਰ ਦੀ ਔਰਤ ਭਾਵੇਂ ਪੜ੍ਹ ਲਿਖ ਕੇ ਨੌਕਰੀ ਕਰਨ ਲੱਗੀ ਹੈ ਪਰ ਪੂੰਜੀ ਕਮਾਉਣ ਲਈ ਸਮਾਜਿਕ ਮਰਿਆਦਾ ਵਿਰੋਧੀ ਕਦਰਾਂ ਕੀਮਤਾਂ ਨੂੰ ਅਪਣਾ ਰਹੀ ਹੈ। ਬਲਬੀਰ ਪਰਵਾਨਾ ਆਪਣੇ ਨਾਵਲਾਂ ਵਿਚ ਪੂੰਜੀਵਾਦੀ ਕਾਰਪੋਰੇਟ ਮਾਡਲ ਅਤੇ ਖਪਤ ਸਭਿਆਚਾਰ ਦੇ ਕੋਝੇ ਵਰਤਾਰੇ ਨਾਲ ਸੁਚੇਤ ਤੌਰ 'ਤੇ ਸੰਵਾਦ ਰਚਾਉਂਦਾ ਹੈ। ਉਹ ਪੂੰਜੀਵਾਦੀ ਕਾਰਪੋਰੇਟ ਮਾਡਲ ਅਤੇ ਖਪਤ ਸਭਿਆਚਾਰ ਦੇ ਪ੍ਰਭਾਵ ਕਾਰਨ ਸਾਡੇ ਨੈਤਿਕ ਮੁੱਲਾਂ ਵਿਚਲੇ ਪਰਿਵਰਤਨਾਂ ਨੂੰ ਚਿਤਰਨ ਵਿਚ ਕਿਤੇ ਵੀ ਕੁਤਾਹੀ ਨਹੀਂ ਕਰਦਾ। ਇਨ੍ਹਾਂ ਪਰਿਵਰਤਨਾਂ ਨੂੰ ਪਰਵਾਨਾ ਕਾਂਤਾ, ਆਂਚਲਾ, ਪ੍ਰਿਯੰਕਾ, ਰਾਣਾ, ਮਾਲਤੀ, ਪਰਮਪਾਲ ਪਾਤਰਾਂ ਰਾਹੀਂ ਰੂਪਾਂਤਰਨ ਕਰਦਾ ਹੈ। ਪੂੰਜੀ ਇਕੱਤਰ ਕਰਨ ਦੀ ਦੌੜ ਵਿਚ ਮਨੁੱਖ ਨਿਰਾਸ਼ਾ ਬੇਗਾਨਗੀ ਵਾਲਾ ਜੀਵਨ ਜਿਉਂ ਰਿਹਾ ਹੈ। ਇਸੇ ਦੀ ਤਰਜ਼ਮਾਨੀ ਕਰਦੇ ਪਾਤਰ ਹਨ ਪ੍ਰਿਯੰਕਾ, ਪਰਮਪਾਲ, ਆਂਚਲਾ, ਕਾਂਤਾ, ਮਾਲਤੀ ਸ਼ਰਮਾ, ਪਾਲੀ, ਦੀਪੀ, ਰਾਣਾ ਆਦਿ। ਮਨੁੱਖ ਮਾਨਸਿਕ ਅਤੇ ਆਰਥਿਕ ਸੰਤਾਪ ਕਾਰਨ ਨਸ਼ਿਆਂ ਦਾ ਸੇਵਨ ਕਰਨ ਵੱਲ ਰੁਚਿਤ ਹੋ ਰਿਹਾ ਹੈ। ਇੱਕੀਵੀ ਸਦੀ ਦਾ ਮਨੁੱਖ ਵਧੇਰੇ ਪੂੰਜੀ ਕਮਾਉਣ ਦੇ ਚੱਕਰ ਵਿਚ ਫਸਕੇ ਰੱਬ ਵਰਗੇ ਰਿਸ਼ਤੇ ਨਾਤਿਆਂ ਨੂੰ ਵੀ ਭੁੱਲ ਚੁੱਕੇ ਹਨ। ਆਂਚਲਾ ਅਤੇ ਕਾਂਤਾ ਆਪਣੀਆਂ ਭਾਣਜੀਆਂ ਨੂੰ ਉਚੇਰੀ ਪੜਾਈ ਲਈ ਆਪਣੇ ਘਰ ਰੱਖਣ ਤੋਂ ਇਨਕਾਰ ਕਰ ਦਿੰਦੀਆਂ ਹਨ। ਹਰੀ ਕ੍ਰਾਂਤੀ ਦੇ ਪ੍ਰਭਾਵ ਕਾਰਨ ਕਿਸਾਨੀ ਜੀਵਨ ਪੈਸੇ ਦੀ ਦੌੜ ਅਤੇ ਬੇਲੋੜੇ ਮਸ਼ੀਨੀਕਰਨ ਦੀ ਪ੍ਰਕਿਰਿਆ ਵਿਚ ਸ਼ਾਮਿਲ ਹੋਇਆ। ਹਰੀ ਕ੍ਰਾਂਤੀ ਦੇ ਪ੍ਰਭਾਵ ਕਾਰਨ ਪਿੰਡਾਂ ਵਿਚ ਵੀ ਅਨੇਕਾਂ ਪ੍ਰਕਾਰ ਦੀਆਂ ਤਬਦੀਲੀਆਂ ਦੇ ਨਾਲ ਨਾਲ ਕਰਮ–ਧਰਮ ਦਾ ਟੁੱਟਣਾ ਅਤੇ ਰਵਾਇਤੀ ਰਸਮਾਂ–ਰਿਵਾਜਾਂ ਵਿਚ ਵੀ ਪਰਿਵਰਤਨ ਆਏ ਹਨ।

## ਉਦੇਸ਼ ਪੰਜਵਾਂ, ਬਲਬੀਰ ਪਰਵਾਨਾ ਦੀ ਨਾਵਲ ਸਾਹਿਤਕ ਵਿਧਾ ਪ੍ਰਤੀ ਪਹੁੰਚ ਦ੍ਰਿਸ਼ਟੀ ਦਾ ਅਧਿਐਨ ਕਰਨਾ:

ਚੋ-ਲੜੀ ਨਾਵਲ ਪੰਜਾਬ ਦੇ ਲੋਕਾਂ ਦੀ ਨੁਮਾਇੰਦਗੀ ਕਰਦੇ ਹਨ। ਇਹ ਪਰਵਾਨਾ ਦੀ ਕਲਾਤਮਿਕ ਪ੍ਰਤਿਭਾ ਦਾ ਕਮਾਲ ਹੈ। ਇਹ ਹੀ ਚੋ-ਲੜੀ ਨਾਵਲਾਂ ਦੀ ਵੱਡੀ ਅਤੇ ਵਰਨਣਯੋਗ ਪ੍ਰਾਪਤੀ ਹੈ। ਹਰੇ ਇਨਕਲਾਬ ਦੀ ਆਮਦ ਨਾਲ ਕਿਸਾਨੀ ਧੰਦੇ ਅਤੇ ਜੀਵਨ ਦੀ ਮਾਨਸਿਕ, ਸਮਾਜਿਕ, ਆਰਥਿਕ, ਸਭਿਆਚਾਰਕ ਪਰਿਵਰਤਨਾਂ ਨੂੰ ਚਿਤਰਨ ਦੇ ਨਾਲ-ਨਾਲ ਪਰਵਾਨਾ ਆਪਣੇ ਨਾਵਲਾਂ ਵਿੱਚ ਭਾਸ਼ਣੀ, ਬੂਮਰਿੰਗ ਵਿਧੀ, ਸਹਾਨੁਭੂਤੀ, ਪਿਛਲ-ਝਾਤ ਵਿਧੀ, ਮੌਕਾ ਮੇਲ ਦੀ ਜੁਗਤ ਦੀ ਸਫਲਤਾ ਪੂਰਵਕ ਵਰਤੋਂ ਕਰਦਾ ਹੈ। ਇਸ ਦੇ ਨਾਲ ਹੀ ਪਰਵਾਨਾ ਸਮੱਸਿਆ ਦੀ ਪੇਸ਼ਕਾਰੀ ਦੇ ਨਾਲ-ਨਾਲ ਸਮੱਸਿਆ

ਦੇ ਹੱਲ ਵੀ ਪੇਸ਼ ਕਰਦਾ ਹੈ। ਪਰਵਾਨਾ ਦੇ ਨਾਵਲਾਂ ਵਿੱਚ ਮੌਲਿਕਤਾ, ਸੰਭਾਵਿਕਤਾ ਅਤੇ ਰੋਚਿਕਤਾ ਦੇ ਗੁਣ ਕੁੱਟ-ਕੁੱਟ ਕੇ ਭਰੇ ਹੋਏ ਦਿਖਾਈ ਦਿੰਦੇ ਹਨ। ਪਰਵਾਨਾ ਦੇ ਇਸਤਰੀ-ਮਰਦ ਪਾਤਰ ਪ੍ਰੰਪਰਿਕ ਪਰਿਵਾਰਕ ਸੰਬੰਧਾਂ ਵਿਚ ਬੱਝੇ ਰਹਿਣ ਅਤੇ ਕਿਤੇ ਨਾ ਕਿਤੇ ਪ੍ਰੰਪਰਾਵਾਂ ਨੂੰ ਤੋੜਦੇ ਪੂੰਜੀਵਾਦੀ ਸੋਚ ਦੀ ਵਕਾਲਤ ਕਰਦੇ ਨਜ਼ਰ ਆਉਂਦੇ ਹਨ। ਪਰਵਾਨਾ ਪਾਤਰਾਂ ਦੀ ਲਕੀਰੀ ਵੰਡ ਨਹੀਂ ਕਰਦਾ ਸਗੋਂ ਨਾਵਲਾਂ ਵਿਚਲੇ ਪਾਤਰ ਚੰਗਿਆਈਆਂ ਦਾ ਮਿਲਗੋਭਾ ਹਨ। ਗਿੰਦਰ ਅਤੇ ਰਵੀ ਵਰਗੇ ਪਾਤਰ ਆਪਣੀਆਂ ਜ਼ਿੰਮੇਵਾਰੀਆਂ ਪ੍ਰਤੀ ਸੁਚੇਤ ਹਨ ਜਦੋਂ ਕਿ ਮਾਲਤੀ, ਕਾਂਤਾ, ਪ੍ਰਿਯੰਕਾ ਗ਼ੈਰ ਜ਼ਿੰਮੇਵਾਰ ਰੁਚੀਆਂ ਨੂੰ ਪਹਿਲ ਦਿੰਦੀਆਂ ਹਨ। ਉਹ ਵਾਰਤਾਲਾਪਾਂ ਰਾਹੀਂ ਵਿਸ਼ੇ ਦੀ ਉਸਾਰੀ ਇਸ ਤਰ੍ਹਾਂ ਕਰਦਾ ਹੈ ਜਿਵੇਂ ਘਰ ਬਣਾਉਣ ਵਾਲਾ ਮਿਸਤਰੀ ਇੱਕ ਇੱਕ ਇੱਟ ਕਰ ਕੇ ਕੰਧ ਦੀ ਉਸਾਰੀ ਕਰਦਾ ਹੈ ਉਸੇ ਤਰ੍ਹਾਂ ਪਰਵਾਨਾ ਇਕੱਲੇ-ਇਕੱਲੇ ਸ਼ਬਦਾਂ ਰਾਹੀਂ ਨਾਵਲ ਵਿਚਲੇ ਵਾਰਤਾਲਾਪਾਂ ਦੀ ਉਸਾਰੀ ਕਰਦਾ ਹੈ। ਪਰਵਾਨਾ ਨਾਵਲੀ ਬਿਰਤਾਂਤ ਦੀ ਉਸਾਰੀ ਕਰਦਾ ਕੁੱਝ 'ਅਣਕਿਹਾ' ਛੱਡ ਜਾਂਦਾ ਹੈ ਤਾਂ ਜੋ ਪਾਠਕ ਆਪਣੇ ਅਨੁਭਵਾਂ, ਸਮਕਾਲੀ ਸਰੋਕਾਰਾਂ ਨੂੰ ਇਸ 'ਅਣਕਿਹੇ' ਨੂੰ ਪੂਰਦਾ ਰਹੇ। ਇਸ ਤਰ੍ਹਾਂ ਸਾਹਿਤ ਕਾਲ ਤੋਂ ਪਾਰ ਅਰਥਸ਼ੀਲ ਬਣਿਆਂ ਰਹਿੰਦਾ ਹੈ। ਔਰਤ ਮਰਦ ਦੇ ਦਵੰਦਾਤਮਕ ਰਿਸ਼ਤੇ ਦੀ ਅਭਿਵਿਅਕਤੀ ਨੂੰ ਸਿਰਜਣਾ 'ਪਰਵਾਨਾ' ਦਾ ਮੋਟਿਫ਼ ਹੈ। ਪਰ ਲੋਕ ਪੱਖੀ ਦ੍ਰਿਸ਼ਟੀ ਨੂੰ ਤਿਲਾਂਜਲੀ ਨਹੀਂ ਦਿੰਦਾ। ਪਰਵਾਨਾ ਕਿਸਾਨੀ ਵਰਗ ਨਾਲ ਸਿੱਧਾ ਜਾਂ ਅਸਿੱਧਾ ਨਹੀਂ ਸਗੋਂ ਪੇਂਡੂ ਜੀਵਨ ਅਤੇ ਧਰਾਤਲ ਨਾਲ ਵੀ ਸੰਬੰਧ ਰੱਖਦਾ ਹੈ। ਪਰਵਾਨਾ ਨੂੰ ਸ਼ਹਿਰੀ ਅਤੇ ਪੇਂਡੂ ਜਨ-ਜੀਵਨ ਦਾ ਦੀਰਘ ਅਤੇ ਵਿਸ਼ਾਲ ਅਨੁਭਵ ਹੈ। ਇਨ੍ਹਾਂ ਪਰਿਸਥਿਤੀਆਂ ਨੂੰ ਅਲੰਕਾਰਾਂ ਅਤੇ ਚਿੰਨ੍ਹਾਂ ਰਾਹੀਂ ਪੇਸ਼ ਕਰਦਾ ਹੈ। ਪਰਵਾਨਾ ਦੇ ਨਾਵਲਾਂ 'ਚ ਨਾਟਕੀ ਮੋੜ ਵੇਖਣ ਨੂੰ ਮਿਲਦੇ ਹਨ। ਇਸੇ ਕਾਰਨ ਨਾਵਲ ਸਰਲਤਾ ਦੀ ਥਾਂ ਨਾਵਲੀ ਪਰਿਸਥਿਤੀਆਂ ਪੇਚੀਦਾਰ ਬਣਦੀਆਂ ਹਨ। ਪੇਚੀਦਗੀ ਨਾਲ ਨਾਵਲ ਦੀ ਸੁਹਜਤਾ ਵਿੱਚ ਭਰਪੂਰ ਵਾਧਾ ਹੁੰਦਾ ਹੈ। ਪਰਵਾਨਾ ਦੀ ਨਾਵਲੀ ਸਿਰਜਣਾ ਦੀ ਇਹ ਵਿਲੱਖਣਤਾ ਹੈ ਕਿ ਨਾਵਲਾਂ ਵਿੱਚ ਨੈਤਿਕ ਫ਼ਤਵਾ ਲਾਗੂ ਕਰਨ ਦੀ ਥਾਂ ਉਹ ਕਿਸਾਨੀ ਮੱਧ-ਸ਼੍ਰੇਣੀ ਦੇ ਮਾਨਸਿਕ, ਆਰਥਿਕ ਯਥਾਰਥ ਦਾ ਇੱਕ ਪ੍ਰਮਾਣ ਬਣਾ ਕੇ ਪੇਸ਼ ਕਰਦਾ ਹੈ। ਪਰਵਾਨਾ ਆਪਣੇ ਨਾਵਲਾਂ 'ਚ ਮਾਰਕਸਵਾਦੀ/ਮਨੋਵਿਗਿਆਨਕ ਯਥਾਰਥਵਾਦ ਦਾ ਸਹਾਰਾ ਲੈਂਦਾ ਹੋਇਆ ਸਮਕਾਲੀ ਪ੍ਰਬੰਧ ਦੇ ਕੋਝੇ ਵਰਤਾਰਿਆਂ, ਉਲਾਰੂ ਮਨੁੱਖੀ ਸੋਚ, ਹਰ ਰਿਸ਼ਤਾ ਜੋ ਪੂੰਜੀ ਕੀਮਤਾਂ ਉੱਪਰ ਆਧਾਰਿਤ, ਤਿੜਕ ਰਿਹਾ ਪਤੀ ਪਤਨੀ ਦਾ ਰਿਸ਼ਤਾ, ਕਿਸਾਨੀ ਜੀਵਨ ਦੇ ਨਿਘਾਰ ਵੱਲ ਜਾਣ ਦੇ ਕਾਰਨਾਂ ਦੀ ਜੜ੍ਹ ਤੱਕ ਜਾਣ ਦੀ ਸਮਰੱਥਾ ਰੱਖਦਾ ਹੈ। ਪਰਵਾਨਾ ਦੁਆਰਾ ਨਾਵਲਾਂ ਵਿਚ ਬੂਮਰਿੰਗ ਵਿਧੀ, ਮੌਕਾ ਮੇਲ ਦੀ ਜੁਗਤ, ਦੁਮੇਲਮੁਖਤਾ, ਪਿਛਲ-ਝਾਤ, ਵਿਡੰਬਣਾ, ਦੁਆਬੇ ਖ਼ਿੱਤੇ ਨਾਲ ਸਬੰਧੰਤ ਮੁਹਾਵਰੇ, ਅਖਾਣਾਂ, ਭਾਸ਼ਾ, ਸ਼ੈਲੀ, ਚਿਹਨ, ਪ੍ਰਤੀਕ, ਕਾਵਿਕ ਅੰਸ਼ ਆਦਿ ਵਿਧੀਆਂ ਦੀ ਵਰਤੋਂ ਨਾਵਲੀ ਬਿਰਤਾਂਤ ਨੂੰ ਵਧੇਰੇ ਰੋਚਿਕ ਬਣਾਉਂਦਾ ਹੋਇਆ ਦੁਆਬੇ ਦੇ ਕੰਡੀ ਖੇਤਰ ਦੀ ਆਂਚਲਿਕਤਾ ਤੋਂ ਪਾਠਕਾਂ ਨੂੰ ਜਾਣੂ ਕਰਵਾਉਂਦਾ ਹੈ।

ਸੋ ਸਮੁੱਚੇ ਅਧਿਐਨ ਉਪਰੰਤ ਕਹਿ ਸਕਦੇ ਹਾਂ ਕਿ ਬਲਬੀਰ ਪਰਵਾਨਾ ਦੇ ਨਾਵਲਾਂ 'ਚੋਂ ਹਰੀ ਕ੍ਰਾਂਤੀ, ਪੂੰਜੀਵਾਦੀ ਕਾਰਪੋਰੇਟ ਮਾਡਲ ਦੇ ਪ੍ਰਭਾਵ ਕਾਰਨ ਡਾਵਾਂਡੋਲ ਹੋਈ ਨਿਮਨ ਕਿਸਾਨੀ, ਸਭਿਆਚਾਰਕ ਜੀਵਨ ਜਾਂਚ ਵਿੱਚ ਪਰਿਵਰਤਨ, ਰਿਸ਼ਤੇ-ਨਾਤਿਆਂ ਦਾ ਤਿੜਕਣਾ, ਨੌਜਵਾਨ ਪੀੜੀ ਦੀ ਦਿਸ਼ਾਹੀਣਤਾ, ਪੈਸਾ ਕੇਂਦਰਿਤ ਰੁਚੀਆਂ, ਸਵੈ ਕੇਂਦਰਿਤ, ਜਾਇਜ਼-ਨਾਜਾਇਜ਼ ਢੰਗ ਅਤੇ ਔਰਤ ਨਾਲ ਸੰਬੰਧਿਤ ਮਸਲਿਆਂ ਰਾਹੀਂ ਨਵੇਂ ਯਥਾਰਥ ਨੂੰ ਪਾਠਕਾਂ ਸਾਹਮਣੇ ਖੋਲ੍ਹਿਆ ਹੈ। ਇਹ ਯਥਾਰਥ ਕਿਸਾਨੀ ਪੇਂਡੂ ਸਮਾਜ ਦੇ ਸੰਕਟਮਈ ਵਰਤਾਰਿਆਂ ਦੀ ਥਾਹ ਪਾਉਂਦਾ ਹੈ। ਇਨ੍ਹਾਂ ਨਾਵਲਾਂ ਰਾਹੀਂ ਪੰਜਾਬ ਦੀ ਨਿਮਨ ਕਿਸਾਨੀ ਦੀ ਤ੍ਰਾਸਦਿਕ ਪੇਸ਼ਕਾਰੀ ਆਰਥਿਕ, ਮਾਨਸਿਕ, ਸਮਾਜਿਕ, ਸਭਿਆਚਾਰਕ ਅਤੇ ਰਾਜਸੀ ਆਦਿ ਪਰਿਪੇਖ ਨੂੰ ਵਾਸਤਵਿਕ ਢੰਗ ਰਾਹੀਂ ਚਿਤਰਿਆ ਹੈ। ਕਿਸੇ ਵੀ ਸੰਕਟ ਦੀਆਂ ਕਈ ਤਰ੍ਹਾਂ ਪੇਸ਼ਕਾਰੀਆਂ ਹੁੰਦੀਆਂ ਹਨ ਇਹ ਪੇਸ਼ਕਾਰੀਆਂ ਜਾਣਕਾਰੀ ਵਜੋਂ ਪੱਤਰਕਾਰਤਾਂ ਰਾਹੀਂ ਪੇਸ਼ ਹੁੰਦੀਆਂ ਹਨ। ਤੱਥਾਂ ਵਜੋਂ ਇਤਿਹਾਸ ਰਾਹੀਂ ਪੇਸ਼ ਹੁੰਦੀਆਂ ਹਨ। ਜਾਣਕਾਰੀਆਂ ਅਤੇ ਤੱਥਾਂ ਦੀ ਆਪਣੀ ਮੱਹਤਤਾ ਹੋਣ ਦੇ ਵਾਬਜੂਦ ਵਿਸਥਾਰ ਅਤੇ ਅਨੁਭਵ ਦੀ ਸੀਮਾ ਵੀ ਹੁੰਦੀ ਹੈ। ਜਦੋਂ ਕਿ ਇਹ ਸੀਮਾਵਾਂ ਸਾਹਿਤ ਦੀ ਸੰਭਾਵਨਾ ਬਣ ਜਾਂਦੀਆਂ ਹਨ ਤੇ ਬਲਬੀਰ ਪਰਵਾਨਾ ਦੇ ਨਾਵਲਾਂ ਵਿਚ ਕਿਸਾਨੀ ਸੰਕਟ ਦਾ ਵਿਸਥਾਰ ਵੀ ਹੈ ਤੇ ਅਨੁਭਵ ਵੀ। ਪੱਤਰਕਾਰਾ ਜਾਂ ਇਤਿਹਾਸ ਦੇ ਹਵਾਲੇ ਨਾਲ ਕਿਸਾਨੀ ਸੰਕਟ ਨੂੰ ਆਰਥਿਕ ਕਾਰਣਾਂ ਨਾਲ ਮਹਿਦੂਦ ਰੱਖਿਆਂ ਜਾਂਦਾ ਹੈ। ਜਦੋਂ ਕਿ ਨਾਵਲਾਂ ਰਾਹੀਂ ਇਸ ਸੰਕਟ ਦੀਆਂ ਸਭਿਆਚਾਰਕ, ਸਮਾਜਿਕ, ਰਾਜਸੀ, ਮਾਨਸਿਕ ਪਰਤਾਂ ਵੀ ਸਾਹਮਣੇ ਆਈਆਂ ਹਨ। ਇਸ ਨਾਲ ਅਸੀ ਕਹਿ ਸਕਦੇ ਹਾਂ ਕਿ ਕਿਸਾਨੀ ਸੰਕਟ ਦੀਆਂ ਇਨ੍ਹਾਂ ਤਮਾਮ ਪਰਤਾਂ ਨੂੰ ਸਮਝਣਾ ਪਵੇਗਾ ਅਤੇ ਕਿਸਾਨੀ ਸੰਕਟ ਦਾ ਹੱਲ ਇਨ੍ਹਾਂ ਸਾਰੀਆਂ ਪਰਤਾਂ ਦੇ ਨਾਲ ਵੀ ਜੁੜਿਆ ਹੈ। ਕੇਵਲ ਆਰਥਿਕ ਸੰਕਟ ਨਾਲ ਹੀ ਨਹੀਂ।

, , , , ,

# ਪੁਸਤਕ ਸੂਚੀ

## ਪੰਜਾਬੀ ਪੁਸਤਕਾਂ

ਅਜੀਤ ਸਿੰਘ (ਡਾ.), *ਪੰਜਾਬੀ ਗਲਪ ਵਿੱਚ ਯਥਾਰਥਵਾਦ*, ਪਟਿਆਲਾ: ਭਾਸ਼ਾ ਵਿਭਾਗ, 1997. ਪ੍ਰਿੰਟ

ਅਤਰ ਸਿੰਘ (ਡਾ.), *ਦ੍ਰਿਸ਼ਟੀਕੋਣ*, ਲੁਧਿਆਣਾ: ਲਾਹੌਰ ਬੁੱਕ ਸ਼ਾਪ, 1963. ਪ੍ਰਿੰਟ

ਅਜੀਤਪਾਲ ਸਿੰਘ ਐਮ. ਡੀ. (ਡਾ.), *ਭੁੱਖਾ-ਕਿਸਾਨ, ਆਰਥਿਕ ਗ਼ੁਲਾਮੀ ਅਤੇ ਸਿਆਸਤ*, ਚੰਡੀਗੜ੍ਹ: ਲੋਕਗੀਤ ਪ੍ਰਕਾਸ਼ਨ, 2009. ਪ੍ਰਿੰਟ

ਅਜੀਤਪਾਲ ਸਿੰਘ ਐਮ. ਡੀ. (ਡਾ.), *ਜਲ, ਜੰਗਲ ਅਤੇ ਜ਼ਮੀਨ ਦਾ ਸੰਕਟ*, ਬਰਨਾਲਾ: ਤਰਕ ਭਾਰਤੀ ਪ੍ਰਕਾਸ਼ਨ, 2013. ਪ੍ਰਿੰਟ

ਅਣਖੀ, ਰਾਮ ਸਰੂਪ, *ਪੰਜਾਬ ਦੀ ਕਿਰਸਾਨੀ ਦੀਆਂ ਬੋਲੀਆਂ*, ਮਨਮੋਹਨ ਸਿੰਘ ਦਾਊਂ (ਸੰਪਾ.), ਚੰਡੀਗੜ੍ਹ: ਲੋਕਗੀਤ ਪ੍ਰਕਾਸ਼ਨ, 2013. ਪ੍ਰਿੰਟ

ਅਣਖੀ, ਰਾਮ ਸਰੂਪ, *ਜ਼ਮੀਨਾਂ ਵਾਲੇ*, ਚੰਡੀਗੜ੍ਹ: ਲੋਕਗੀਤ ਪ੍ਰਕਾਸ਼ਨ, 2014. ਪ੍ਰਿੰਟ

ਆਜ਼ਾਦ, ਕਿਰਪਾਲ ਸਿੰਘ, *ਸਿੱਖ ਮੂਲਵਾਦ ਬਾਰੇ*, ਚੰਡੀਗੜ੍ਹ: ਪੰਜਾਬ ਬੁੱਕ ਸੈਂਟਰ, ਮਿਤੀਹੀਣ. ਪ੍ਰਿੰਟ

ਆਜ਼ਾਦ, ਨਿਰਮਲ ਸਿੰਘ (ਸੰਪਾ.), *ਪੰਜਾਬ ਦੀ ਆਰਥਿਕਤਾ*, ਪਟਿਆਲਾ: ਪੰਜਾਬੀ ਯੂਨੀਵਰਸਿਟੀ ਪਬਲੀਕੇਸ਼ਨ ਬਿਊਰੋ, 1983. ਪ੍ਰਿੰਟ

ਅਰੋੜਾ, ਏ. ਸੀ. (ਸੰਪਾ.), *ਪੰਜਾਬ ਦੀਆਂ ਲੋਕ ਲਹਿਰਾਂ (1849-1947),* ਪਟਿਆਲਾ: ਪੰਜਾਬੀ ਯੂਨੀਵਰਸਿਟੀ ਪਬਲੀਕੇਸ਼ਨ ਬਿਊਰੋ, 1989. ਪ੍ਰਿੰਟ

ਏਂਗਲਜ਼ ਫ੍ਰੈਡਰਿਕ, *ਟੱਬਰ, ਨਿੱਜੀ ਜਾਇਦਾਦ ਅਤੇ ਰਾਜ ਦੀ ਉਤਪਤੀ,* ਮਾਸਕੋ: ਪ੍ਰਗਤੀ ਪ੍ਰਕਾਸ਼ਨ, 1978. ਪ੍ਰਿੰਟ

ਸਤਵੰਤ ਕੌਰ (ਪ੍ਰੋ.), *ਆਧੁਨਿਕ ਪੰਜਾਬੀ ਗਲਪ ਮੁੱਲ ਤੇ ਮੁਲਾਂਕਣ,* ਸਮਾਣਾ: ਸੰਗਮ ਪਬਲੀਕੇਸ਼ਨਜ਼, 2013. ਪ੍ਰਿੰਟ

ਸੁਖਦਿਆਲ ਸਿੰਘ (ਡਾ.), *ਸ਼ਿਰੋਮਣੀ ਸਿੱਖ ਇਤਿਹਾਸ (1708-1799),* ਪਟਿਆਲਾ: ਸੰਗਮ ਪਬਲੀਕੇਸ਼ਨਜ਼, 2015. ਪ੍ਰਿੰਟ

ਸੁਰਜੀਤ ਸਿੰਘ, *ਪੰਜਾਬੀ ਨਾਵਲ ਦ੍ਰਿਸ਼ ਅਤੇ ਦ੍ਰਿਸ਼ਟੀ,* ਲੁਧਿਆਣਾ: ਚੇਤਨਾ ਪ੍ਰਕਾਸ਼ਨ, 2012. ਪ੍ਰਿੰਟ

ਸਰਬਜੀਤ ਸਿੰਘ, *ਪਰੰਪਰਾ ਤੇ ਪ੍ਰਵਾਹ,* ਲੁਧਿਆਣਾ: ਚੇਤਨਾ ਪ੍ਰਕਾਸ਼ਨ, 2001. ਪ੍ਰਿੰਟ

ਸਰਬਜੋਤ ਸਿੰਘ, *ਵਿਸ਼ਵੀਕਰਨ ਸਭਿਆਚਾਰਕ ਬਦਲਾਅ ਅਤੇ ਪੰਜਾਬੀ ਨਾਵਲ,* ਚੰਡੀਗੜ੍ਹ: ਲੋਕਗੀਤ

ਪ੍ਰਕਾਸ਼ਨ, 2005. ਪ੍ਰਿੰਟ

ਸਿੱਧੂ, ਸੁਰਿੰਦਰ ਸਿੰਘ (ਡਾ.), *ਕਿਸਾਨ ਖ਼ੁਦਕੁਸ਼ੀਆਂ,* ਜਲੰਧਰ: 5 ਆਬ ਪ੍ਰਕਾਸ਼ਨ, 2009. ਪ੍ਰਿੰਟ

ਸੰਧੂ, ਗੁਰਪਾਲ ਸਿੰਘ, *ਪੰਜਾਬੀ ਨਾਵਲ ਚਿਹਨ-ਵਿਗਿਆਨਿਕ ਅਧਿਐਨ*, ਸਰਹੰਦ: ਲੋਕਗੀਤ ਪ੍ਰਕਾਸ਼ਨ, 1995. ਪ੍ਰਿੰਟ

ਸੰਧੂ, ਗੁਰਪਾਲ ਸਿੰਘ, *ਪੰਜਾਬੀ ਨਾਵਲ ਦਾ ਇਤਿਹਾਸ*, ਦਿੱਲੀ: ਪੰਜਾਬੀ ਅਕਾਦਮੀ, (ਐਡੀਸ਼ਨ ਦੂਜਾ) 2013. ਪ੍ਰਿੰਟ

ਸਿੱਧੂ, ਪਰਮਜੀਤ ਕੌਰ, *ਪੰਜਾਬੀ ਨਾਵਲ: ਸਿਧਾਂਤ ਤੇ ਸਮੀਖਿਆ,* ਲੁਧਿਆਣਾ: ਚੇਤਨਾ ਪ੍ਰਕਾਸ਼ਨ, 2013. ਪ੍ਰਿੰਟ

ਸੋਹਲ, ਹਰਿੰਦਰ ਕੌਰ, *ਪੰਜਾਬੀ ਗਾਇਕੀ: ਵਿਭਿੰਨ ਪਾਸਾਰ,* ਅੰਮ੍ਰਿਤਸਰ: ਨਾਨਕ ਸਿੰਘ ਪੁਸਤਕ ਮਾਲਾ, 2012. ਪ੍ਰਿੰਟ

ਸੁਰਦਰਸ਼ਨ ਸਿੰਘ, *ਪੰਜਾਬ ਦਾ ਇਤਿਹਾਸ (1849-1947),* ਪਟਿਆਲਾ: ਪੰਜਾਬੀ ਯੂਨੀਵਰਸਿਟੀ ਪਬਲੀਕੇਸ਼ਨ ਬਿਊਰੋ, 1991. ਪ੍ਰਿੰਟ

ਸ਼ਰਮਾ, ਰਾਧਾ, *ਰਣਜੀਤ ਸਿੰਘ ਕਾਲ ਦੀ ਕਿਸਾਨੀ ਦਾ ਸਮਾਜ-ਸ਼ਾਸਤਰੀ ਅਧਿਐਨ,* ਪਟਿਆਲਾ: ਪੰਜਾਬੀ ਯੂਨੀਵਰਸਿਟੀ ਪਬਲੀਕੇਸ਼ਨ ਬਿਊਰੋ, 1999. ਪ੍ਰਿੰਟ

ਸੈਮੂਅਲ ਕੋਇਨਿਗ, *ਸਮਾਜ-ਵਿਗਿਆਨ (ਅਨੁ.),* ਪਟਿਆਲਾ: ਪੰਜਾਬੀ ਯੂਨੀਵਰਸਿਟੀ ਪਬਲੀਕੇਸ਼ਨ ਬਿਊਰੋ, 1984. ਪ੍ਰਿੰਟ

ਹਰਕੀਰਤ ਸਿੰਘ, *ਯਾਦਾਂ ਗੰਜੀ ਬਾਰ ਦੀਆਂ,* ਪਟਿਆਲਾ: ਪੰਜਾਬੀ ਯੂਨੀਵਰਸਿਟੀ ਪਬਲੀਕੇਸ਼ਨ ਬਿਊਰੋ, 1995. ਪ੍ਰਿੰਟ

ਹਰਦਰਸ਼ਨ ਸਿੰਘ, *ਪੰਜਾਬੀ ਨਾਵਲ ਵਿਚ ਨਾਇਕ ਦਾ ਵਿਗਠਨ,* ਲੁਧਿਆਣਾ: ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੋਸਾਇਟੀ ਲਿਮਟਿਡ, 1994. ਪ੍ਰਿੰਟ

ਹਰਮੀਤ ਸਿੰਘ, *ਪੰਜਾਬੀ ਨਾਵਲਾਂ ਵਿੱਚ ਸਿੱਖ ਇਤਿਹਾਸ,* ਦਿੱਲੀ: ਆਰਸੀ ਪਬਲਿਸ਼ਰਜ਼, 1993. ਪ੍ਰਿੰਟ

ਹਰਿਭਜਨ ਸਿੰਘ, *ਸਾਹਿਤ ਸ਼ਾਸਤਰ,* ਅੰਮ੍ਰਿਤਸਰ: ਨਵਚੇਤਨ ਪਬਲਿਸ਼ਰਜ਼, 1973. ਪ੍ਰਿੰਟ

ਹੁਸੈਨ, ਐਸ. ਆਬਿਦ (ਅਨੁ. ਗੁਰਬਖ਼ਸ਼ ਸਿੰਘ ਫਰੈਂਕ), *ਭਾਰਤ ਦਾ ਕੌਮੀ ਸਭਿਆਚਾਰ,* ਦਿੱਲੀ: ਨੈਸ਼ਨਲ ਬੁੱਕ ਟਰੱਸਟ, 1992. ਪ੍ਰਿੰਟ

ਹੁੰਦਲ, ਹਰਭਜਨ ਸਿੰਘ, *ਪੰਜਾਬ ਸੰਕਟ ਤੇ ਪੰਜਾਬੀ ਕਵਿਤਾ,* ਦਿੱਲੀ: ਮਨਪ੍ਰੀਤ ਪ੍ਰਕਾਸ਼ਨ, 2000. ਪ੍ਰਿੰਟ

ਕੇਸਰ, ਕੇਸਰ ਸਿੰਘ (ਡਾ.), *ਵਰਗ-ਸੰਘਰਸ਼ ਤੇ ਗਲਪ ਸਾਹਿਤ,* ਚੰਡੀਗੜ੍ਹ: ਰਘਬੀਰ ਰਚਨਾ ਪ੍ਰਕਾਸ਼ਨ,

1992. ਪ੍ਰਿੰਟ

ਕੇਸਰ, ਕੇਸਰ ਸਿੰਘ (ਡਾ.), *ਖੋਜ ਚਿੰਤਨ*, ਚੰਡੀਗੜ੍ਹ: ਲੋਕਗੀਤ ਪ੍ਰਕਾਸ਼ਨ, (ਐਡੀਸ਼ਨ ਦੂਜਾ) 2013. ਪ੍ਰਿੰਟ

ਕਮਲਜੀਤ ਕੌਰ (ਡਾ.), *ਰਾਮ ਸਰੂਪ ਅਣਖੀ ਦੇ ਨਾਵਲ 'ਕੋਠੇ ਖੜਕ ਸਿੰਘ' ਵਿੱਚ ਮਨੁੱਖੀ ਰਿਸ਼ਤਿਆਂ ਦਾ ਅਧਿਐਨ,* ਚੰਡੀਗੜ੍ਹ: ਤਰਲੋਚਨ ਪਬਲਿਸ਼ਰਜ਼, 2015. ਪ੍ਰਿੰਟ

ਕੁੱਕੜਪਿੰਡੀਆ, ਮੋਹਨ ਸਿੰਘ, *ਖ਼ੂਨ ਗ਼ਰੀਬਾਂ ਦਾ,* ਦਿੱਲੀ: ਆਰਸੀ ਪਬਲਿਸ਼ਰਜ਼, 1973. ਪ੍ਰਿੰਟ

ਕਿਸ਼ਨ ਸਿੰਘ, *ਗੁਰਦਿਆਲ ਸਿੰਘ ਦੀ ਨਾਵਲ ਚੇਤਨਾ,* ਚੰਡੀਗੜ੍ਹ: ਲੋਕਗੀਤ ਪ੍ਰਕਾਸ਼ਨ, 2007. ਪ੍ਰਿੰਟ

ਕਿਸ਼ਨ ਸਿੰਘ, *ਕਲਚਰਲ ਇਨਕਲਾਬ ਦੀ ਲੋੜ,* ਸਰਹਿੰਦ: ਲੋਕਗੀਤ ਪ੍ਰਕਾਸ਼ਨ, 1987. ਪ੍ਰਿੰਟ

ਕੰਬੋਜ, ਰਾਜਿੰਦਰ, *ਪੰਜਾਬੀ ਕਹਾਣੀ: ਕਿਸਾਨੀ ਦੇ ਹੋਂਦਮੂਲਕ ਸਰੋਕਾਰ,* ਚੰਡੀਗੜ੍ਹ: ਲੋਕਗੀਤ ਪ੍ਰਕਾਸ਼ਨ, 2006. ਪ੍ਰਿੰਟ

ਕਾਂਗ, ਜਸਪਾਲ ਕੌਰ (ਡਾ.), ਅਤੇ ਕਾਂਗ, ਅਮਰਜੀਤ ਸਿੰਘ (ਡਾ.), *ਗਲਪ ਚੇਤਨਾ ਤੋਂ ਗਲਪ ਸ਼ਾਸਤਰ ਤੱਕ,* ਅੰਮ੍ਰਿਤਸਰ: ਨਾਨਕ ਸਿੰਘ ਪੁਸਤਕਮਾਲਾ, 2005. ਪ੍ਰਿੰਟ

ਖਹਿਰਾ, ਸੁਖਦੇਵ ਸਿੰਘ (ਡਾ.), *ਪੰਜਾਬੀ ਨਾਵਲ ਵਿੱਚ ਸਾਂਸਕ੍ਰਿਤਿਕ ਚੇਤਨਾ*, ਅੰਮ੍ਰਿਤਸਰ: ਗੁਰੂ ਨਾਨਕ ਦੇਵ ਯੂਨੀਵਰਸਿਟੀ, 1988. ਪ੍ਰਿੰਟ

ਗਿਆਨ ਸਿੰਘ (ਸੰਪਾ), *ਪੰਜਾਬ ਦੀ ਪੇਂਡੂ ਆਰਥਿਕਤਾ,* ਪਟਿਆਲਾ: ਪੰਜਾਬੀ ਯੂਨੀਵਰਸਿਟੀ ਪਬਲੀਕੇਸ਼ਨ ਬਿਊਰੋ, 2014. ਪ੍ਰਿੰਟ

ਗੁਰਚਰਨ ਸਿੰਘ, *ਪੰਜਾਬੀ ਗਲਪ ਦਾ ਇਤਿਹਾਸ,* ਲੁਧਿਆਣਾ: ਲਾਹੌਰ ਬੁੱਕ ਸ਼ਾਪ, 1986. ਪ੍ਰਿੰਟ

ਗੁਰਮੇਜ, *ਗੁਰਦਿਆਲ ਸਿੰਘ ਦਾ ਨਾਵਲ ਸੰਸਾਰ,* ਚੰਡੀਗੜ੍ਹ: ਲੋਕਾਇਤ ਪ੍ਰਕਾਸ਼ਨ, 1993. ਪ੍ਰਿੰਟ

ਗੁਰਦੀਪ ਕੌਰ (ਡਾ.), *ਪੰਜਾਬੀ ਨਾਵਲ ਅਤੇ ਕਿਸਾਨੀ ਜੀਵਨ,* ਅੰਮ੍ਰਿਤਸਰ: ਰਵੀ ਸਾਹਿਤ ਪ੍ਰਕਾਸ਼ਨ, 2008. ਪ੍ਰਿੰਟ

ਗਿੱਲ, ਸੁਰਜੀਤ, *ਮਾਰਕਸਵਾਦ ਤੇ ਪੰਜਾਬੀ ਨਾਵਲ,* ਲੁਧਿਆਣਾ: ਚੇਤਨਾ ਪ੍ਰਕਾਸ਼ਨ, 2008. ਪ੍ਰਿੰਟ

ਗੰਡਾ ਸਿੰਘ (ਸੰਪਾ.), *ਪੰਜਾਬ,* ਲੁਧਿਆਣਾ: ਪੰਜਾਬੀ ਸਾਹਿਤ ਅਕਾਦਮੀ, 1962. ਪ੍ਰਿੰਟ

ਜਸਪਾਲ ਸਿੰਘ (ਡਾ.), *ਪੰਜਾਬੀ ਨਾਵਲ ਅਤੇ ਸਭਿਆਚਾਰਕ ਰੂਪਾਂਤਰ,* ਚੰਡੀਗੜ੍ਹ, ਲੋਕਗੀਤ ਪ੍ਰਕਾਸ਼ਨ, 2010. ਪ੍ਰਿੰਟ

ਜਗਬੀਰ ਸਿੰਘ (ਡਾ.), *ਬਿਰਤਾਂਤਕ ਗਲਪ ਸਿਧਾਂਤ ਤੇ ਸਮੀਖਿਆ,* ਦਿੱਲੀ: ਆਰਸੀ ਪਬਲਿਸ਼ਰਜ਼, 1992. ਪ੍ਰਿੰਟ

ਜਗਮੋਹਨ ਸਿੰਘ (ਸੰਪਾ.), *ਪੱਗੜੀ ਸੰਭਾਲ ਜੱਟਾ ਤੋਂ ਆਜ਼ਾਦੀ ਵੱਲ,* ਲੁਧਿਆਣਾ: ਚੇਤਨਾ ਪ੍ਰਕਾਸ਼ਨ, 2007. ਪ੍ਰਿੰਟ

ਜੋਸ਼ੀ, ਜੀਤ ਸਿੰਘ, *ਪੰਜਾਬੀ ਅਧਿਐਨ ਤੇ ਅਧਿਆਪਨ ਬਦਲਦੇ ਪਰਿਪੇਖ,* ਅੰਮ੍ਰਿਤਸਰ: ਵਾਰਿਸ ਸ਼ਾਹ ਫਾਊਂਡੇਸ਼ਨ, 2006. ਪ੍ਰਿੰਟ

ਜੌਹਲ, ਸਰਦਾਰਾ ਸਿੰਘ, *ਮੇਰਾ ਭਾਰਤ ਮਹਾਨ,* ਪਟਿਆਲਾ: ਸੰਗਮ ਪਬਲੀਕੇਸ਼ਨਜ਼, 2014. ਪ੍ਰਿੰਟ

ਜੰਮੂ, ਪ੍ਰਕਾਸ਼ ਸਿੰਘ (ਸੰਪਾ.), *ਵਿਸ਼ਵੀਕਰਨ, ਉਦਾਰੀਕਰਨ ਅਤੇ ਪੰਜਾਬ,* ਪਟਿਆਲਾ: ਪੰਜਾਬੀ ਯੂਨੀਵਰਸਿਟੀ ਪਬਲੀਕੇਸ਼ਨ ਬਿਊਰੋ, 1999. ਪ੍ਰਿੰਟ

ਢਿੱਲੋਂ, ਹਰਵਿੰਦਰ ਕੌਰ, *ਪੰਜਾਬੀ ਨਾਵਲ ਤੇ ਦੁਆਬੀ ਸਭਿਆਚਾਰ,* ਚੰਡੀਗੜ੍ਹ: ਲੋਕਗੀਤ ਪ੍ਰਕਾਸ਼ਨ, 2015. ਪ੍ਰਿੰਟ

ਢੀਂਡਸਾ, ਮਾਨ ਸਿੰਘ, *ਆਂਚਲਿਕਤਾ ਤੇ ਪੰਜਾਬੀ ਨਾਵਲ,* ਲੁਧਿਆਣਾ: ਨਿਸ਼ਾਂਤ ਪ੍ਰਕਾਸ਼ਨ, 1987. ਪ੍ਰਿੰਟ

ਤਕਸੀਨ, *ਵਿਚਾਰਧਾਰਾ ਅਤੀਤ ਤੇ ਵਰਤਮਾਨ,* ਲੁਧਿਆਣਾ: ਚੇਤਨਾ ਪ੍ਰਕਾਸ਼ਨ, 2014. ਪ੍ਰਿੰਟ

ਤਰਸੇਮ ਸਿੰਘ, *ਸ਼੍ਰੇਣੀ ਸਮਾਜ ਅਤੇ ਪੰਜਾਬੀ ਨਾਵਲ,* ਅੰਮ੍ਰਿਤਸਰ: ਰੂਹੀ ਪ੍ਰਕਾਸ਼ਨ, 1997. ਪ੍ਰਿੰਟ

ਤੇਜਾ ਸਿੰਘ (ਪ੍ਰਿੰ.), ਗੰਡਾ ਸਿੰਘ (ਡਾ), (ਅਨੁ. ਭਗਤ ਸਿੰਘ), *ਸਿੱਖ ਇਤਿਹਾਸ (1469-1765),* ਪਟਿਆਲਾ: ਪੰਜਾਬੀ ਯੂਨੀਵਰਸਿਟੀ ਪਬਲੀਕੇਸ਼ਨ ਬਿਊਰੋ, 2016. ਪ੍ਰਿੰਟ

ਥਾਪਰ, ਰੋਮਿਲਾ (ਅਨੁ. ਕਰਮਿੰਦਰ ਸਿੰਘ), *ਪ੍ਰਾਚੀਨ ਭਾਰਤ ਮੁੱਢ ਤੋਂ 1300 ਈਸਈ ਤੱਕ,* ਚੰਡੀਗੜ੍ਹ: ਯੂਨੀ ਸਟਾਰ ਬੁੱਕ, 2013. ਪ੍ਰਿੰਟ

ਥਿੰਦ, ਕਰਨੈਲ ਸਿੰਘ, *ਪੰਜਾਬੀ ਦਾ ਲੋਕ ਵਿਰਸਾ (ਭਾਗ ਪਹਿਲਾ),* ਪਟਿਆਲਾ: ਪੰਜਾਬੀ ਯੂਨੀਵਰਸਿਟੀ ਪਬਲੀਕੇਸ਼ਨ ਬਿਊਰੋ, 2002. ਪ੍ਰਿੰਟ

ਦੂਬੇ, ਐੱਸ. ਸੀ., (ਅਨੁ. ਗੁਰਚਰਨ ਸਿੰਘ ਅਰਸ਼ੀ*), ਭਾਰਤੀ ਸਮਾਜ,* ਦਿੱਲੀ: ਨੈਸ਼ਨਲ ਬੁੱਕ ਟਰੱਸਟ ਇੰਡੀਆ, 1990. ਪ੍ਰਿੰਟ

ਦਵੇਸ਼ਵਰ, ਸੁਰਿੰਦਰ ਕੁਮਾਰ (ਡਾ.), *ਪੰਜਾਬੀ ਗਲਪ ਚਿੰਤਨ,* ਚੰਡੀਗੜ੍ਹ: ਰਘਵੀਰ ਰਚਨਾ ਪ੍ਰਕਾਸ਼ਨ, 1997. ਪ੍ਰਿੰਟ

ਦਵੇਸ਼ਵਰ, ਸੁਰਿੰਦਰ ਕੁਮਾਰ (ਡਾ.), *ਨਾਵਲ ਸ਼ਾਸਤਰ ਤੇ ਪੰਜਾਬੀ ਨਾਵਲ,* ਚੰਡੀਗੜ੍ਹ: ਲੋਕਗੀਤ ਪ੍ਰਕਾਸ਼ਨ, 2002. ਪ੍ਰਿੰਟ

ਦਵੇਸ਼ਵਰ, ਸੁਰਿੰਦਰ ਕੁਮਾਰ (ਡਾ.), *ਆਧੁਨਿਕ ਸਾਹਿਤ ਆਲੋਚਨਾ: ਸਿਧਾਂਤ ਤੇ ਵਿਸ਼ਲੇਸ਼ਣ*, ਚੰਡੀਗੜ੍ਹ:

ਲੋਕਗੀਤ ਪ੍ਰਕਾਸ਼ਨ, 2005. ਪ੍ਰਿੰਟ

ਦਵੇਸ਼ਵਰ, ਸੁਰਿੰਦਰ ਕੁਮਾਰ (ਡਾ.), *ਸਮਾਜ ਸੱਤਾ ਤੇ ਸਮਕਾਲੀ ਨਾਵਲ,* ਚੰਡੀਗੜ੍ਹ: ਲੋਕਗੀਤ ਪ੍ਰਕਾਸ਼ਨ, 2006. ਪ੍ਰਿੰਟ

ਦੁਸਾਂਝ, ਸੁਰਿੰਦਰ ਸਿੰਘ, *ਪੰਜਾਬੀ ਇਤਿਹਾਸਕ ਨਾਵਲ,* ਲੁਧਿਆਣਾ: ਲਾਹੌਰ ਬੁੱਕ ਸ਼ਾਪ, 2005. ਪ੍ਰਿੰਟ

ਧਨਵੰਤ ਕੌਰ, *ਪੰਜਾਬੀ ਨਾਵਲਕਾਰ ਸੰਦਰਭ ਕੋਸ਼,* ਪਟਿਆਲਾ: ਪਬਲੀਕੇਸ਼ਨ ਬਿਊਰੋ, 1999. ਪ੍ਰਿੰਟ

ਧਨਵੰਤ ਕੌਰ, *ਪ੍ਰੋ. ਮੋਹਨ ਸਿੰਘ ਰਚਨਾਵਲੀ,* ਪਟਿਆਲਾ: ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, 2005. ਪ੍ਰਿੰਟ

ਧਾਲੀਵਾਲ, ਬਲਦੇਵ ਸਿੰਘ, *ਇੰਦਰ ਸਿੰਘ ਖ਼ਾਮੋਸ਼ ਦਾ ਨਾਵਲ ਕਾਫ਼ਰ ਮਸੀਹਾ ਬਿਰਤਾਂਤਕ ਚੇਤਨਾ ਅਤੇ ਇਤਿਹਾਸਕ ਸੰਦਰਭ,* ਸਮਾਣਾ: ਸੰਗਮ ਪਬਲੀਕੇਸ਼ਨਜ਼, 2013. ਪ੍ਰਿੰਟ

ਧਾਲੀਵਾਲ, ਬੂਟਾ ਸਿੰਘ (ਪ੍ਰੋ.), *ਆਧੁਨਿਕ ਪੰਜਾਬੀ ਗਲਪ ਅਧਿਐਨ,* ਸਮਾਣਾ: ਸੰਗਮ ਪਬਲੀਕੇਸ਼ੰਜ਼, 2013. ਪ੍ਰਿੰਟ

ਧਾਲੀਵਾਲ, ਪ੍ਰੇਮ ਪ੍ਰਕਾਸ਼ ਸਿੰਘ (ਡਾ.), *ਪ੍ਰਵਾਸੀ ਪੰਜਾਬੀ ਸਾਹਿਤ: ਮੁੱਲ ਤੇ ਮੁਲਾਂਕਣ*, ਪਟਿਆਲਾ: ਮਦਾਨ ਪਬਲੀਕੇਸ਼ਨਜ਼ ਪੰਜਾਬੀ ਯੂਨੀਵਰਸਿਟੀ ਕੈਂਪਸ, 1999.ਪ੍ਰਿੰਟ

ਨਹਿਰੂ, ਜੁਗਿੰਦਰ ਸਿੰਘ (ਡਾ.), *ਸੰਤ ਸਿੰਘ ਸੇਖੋਂ ਦੀ ਨਾਵਲ ਕਲਾ,* ਚੰਡੀਗੜ੍ਹ: ਲੋਕਗੀਤ ਪ੍ਰਕਾਸ਼ਨ, 1984. ਪ੍ਰਿੰਟ

ਨਹਿਰੂ, ਜੁਗਿੰਦਰ ਸਿੰਘ (ਡਾ.), *ਕੈਨੇਡਾ ਦਾ ਪੰਜਾਬੀ ਸਭਿਆਚਾਰ,* ਚੰਡੀਗੜ੍ਹ: ਲੋਕਗੀਤ ਪ੍ਰਕਾਸ਼ਨ, 1998. ਪ੍ਰਿੰਟ

ਨਹਿਰੂ, ਜੁਗਿੰਦਰ ਸਿੰਘ (ਡਾ.), *ਬਿਰਤਾਂਤਕ ਗਲਪ: ਆਧੁਨਿਕ ਦ੍ਰਿਸ਼ਟੀ,* ਲੁਧਿਆਣਾ: ਚੇਤਨਾ ਪ੍ਰਕਾਸ਼ਨ, 2006. ਪ੍ਰਿੰਟ

ਨਹਿਰੂ, ਜੁਗਿੰਦਰ ਸਿੰਘ (ਡਾ.), *ਨਾਵਲ ਦੀ ਵਿਧਾ,* ਚੰਡੀਗੜ੍ਹ: ਲੋਕਗੀਤ ਪ੍ਰਕਾਸ਼ਨ, 2013. ਪ੍ਰਿੰਟ

ਨੂਰ, ਸਤਿੰਦਰ ਸਿੰਘ (ਡਾ.), *ਪੰਜਾਬੀ ਗਲਪ ਚੇਤਨਾ,* ਲੁਧਿਆਣਾ: ਚੇਤਨਾ ਪ੍ਰਕਾਸ਼ਨ, 2005. ਪ੍ਰਿੰਟ

ਪਰਵਾਨਾ, ਬਲਬੀਰ, *ਭੂਰਿਆਂ ਵਾਲੇ,* ਜਲੰਧਰ: ਦਸਤਕ ਪ੍ਰਕਾਸ਼ਨ, 2000. ਪ੍ਰਿੰਟ

ਪਰਵਾਨਾ, ਬਲਬੀਰ, *ਪੰਜਾਬ ਦੀ ਨਕਸਲਵਾੜੀ ਲਹਿਰ,* ਬਰਨਾਲਾ: ਤਰਕਭਾਰਤੀ ਪ੍ਰਕਾਸ਼ਨ, 2003. ਪ੍ਰਿੰਟ

ਪਰਵਾਨਾ, ਬਲਬੀਰ, *ਕਲਾ, ਜ਼ਿੰਦਗੀ ਤੇ ਨਕਸਲੀ ਸਰੋਕਾਰ*, ਬਰਨਾਲਾ: ਤਰਕਭਾਰਤੀ ਪ੍ਰਕਾਸ਼ਨ, 2004. ਪ੍ਰਿੰਟ

ਪਰਵਾਨਾ, ਬਲਬੀਰ, *ਧੂੰਆਂ,* ਲੁਧਿਆਣਾ: ਚੇਤਨਾ ਪ੍ਰਕਾਸ਼ਨ, 2004. ਪ੍ਰਿੰਟ

ਪਰਵਾਨਾ, ਬਲਬੀਰ, *ਬੇਗਾਨੇ ਪਿੰਡ ਦੀ ਜੂਹ,* ਲੁਧਿਆਣਾ: ਚੇਤਨਾ ਪ੍ਰਕਾਸ਼ਨ, 2006. ਪ੍ਰਿੰਟ

ਪਰਵਾਨਾ, ਬਲਬੀਰ, *ਵਾ-ਵਰੋਲਿਆਂ 'ਚ ਘਿਰੀ ਹੋਂਦ,* ਲੁਧਿਆਣਾ: ਚੇਤਨਾ ਪ੍ਰਕਾਸ਼ਨ, 2006. ਪ੍ਰਿੰਟ

ਪਰਵਾਨਾ, ਬਲਬੀਰ, *ਨਿੱਕੇ ਨਿੱਕੇ ਯੁੱਧ,* ਚੰਡੀਗੜ੍ਹ: ਲੋਕਗੀਤ ਪ੍ਰਕਾਸ਼ਨ, 2008. ਪ੍ਰਿੰਟ

ਪਰਵਾਨਾ, ਬਲਬੀਰ, *ਆਪਣੇ ਆਪਣੇ ਮੋਰਚੇ,* ਚੰਡੀਗੜ੍ਹ: ਲੋਕਗੀਤ ਪ੍ਰਕਾਸ਼ਨ, 2009. ਪ੍ਰਿੰਟ

ਪਰਵਾਨਾ, ਬਲਬੀਰ, *ਗਹਿਰ ਚੜ੍ਹੀ ਅਸਮਾਨ,* ਚੰਡੀਗੜ੍ਹ: ਲੋਕਗੀਤ ਪ੍ਰਕਾਸ਼ਨ, 2010. ਪ੍ਰਿੰਟ

ਪਰਵਾਨਾ, ਬਲਬੀਰ, *ਕਥਾ ਇਸ ਯੁੱਗ ਦੀ,* ਚੰਡੀਗੜ੍ਹ: ਲੋਕਗੀਤ ਪ੍ਰਕਾਸ਼ਨ, 2011. ਪ੍ਰਿੰਟ

ਪਰਵਾਨਾ, ਬਲਬੀਰ, *ਅੰਬਰ ਵੱਲ ਉਡਾਣ,* ਚੰਡੀਗੜ੍ਹ: ਲੋਕਗੀਤ ਪ੍ਰਕਾਸ਼ਨ, 2012. ਪ੍ਰਿੰਟ

ਪਰਵਾਨਾ, ਬਲਬੀਰ, *ਖੇਤਾਂ ਦਾ ਰੁਦਨ,* ਚੰਡੀਗੜ੍ਹ: ਲੋਕਗੀਤ ਪ੍ਰਕਾਸ਼ਨ, 2013. ਪ੍ਰਿੰਟ

ਪਰਵਾਨਾ, ਬਲਬੀਰ, *ਬਹੁਤ ਸਾਰੇ ਚੁਰੱਸਤੇ,* ਚੰਡੀਗੜ੍ਹ: ਲੋਕਗੀਤ ਪ੍ਰਕਾਸ਼ਨ, 2014. ਪ੍ਰਿੰਟ

ਪਰਵਾਨਾ, ਬਲਬੀਰ, *ਸਿਮਟ ਦਾ ਆਕਾਸ਼,* ਲੋਕਗੀਤ ਪ੍ਰਕਾਸ਼ਨ, 2016. ਪ੍ਰਿੰਟ

ਪਰਵਾਨਾ, ਬਲਬੀਰ (ਸੰਪਾ.), *ਲਿਖਤਾਂ: ਗ਼ਦਰੀ ਬਾਬਾ ਜਵਾਲਾ ਸਿੰਘ,* ਬਰਨਾਲਾ: ਤਰਕਭਾਰਤੀ ਪ੍ਰਕਾਸ਼ਨ, 2007. ਪ੍ਰਿੰਟ

ਪਰਵਾਨਾ, ਬਲਬੀਰ (ਸੰਪਾ.), ਰਾਏ, ਅਰੁੰਧਤੀ, ਹੁੰਦਲ, ਸੁਖਵੰਤ ਅਤੇ ਰੈਫ਼ ਕਾਰਮੇਨ, *ਕਾਰਪੋਰੇਟ ਵਿਕਾਸ ਮਾਡਲ ਅਤੇ ਖਪਤ ਸਭਿਆਚਾਰ,* ਜਲੰਧਰ: ਪੰਜ ਆਬ ਪ੍ਰਕਾਸ਼ਨ, 2012. ਪ੍ਰਿੰਟ

ਪਰਵਾਨਾ, ਬਲਬੀਰ, (ਸੰਪਾ.), *ਗ਼ਦਰ ਲਹਿਰ ਦੇ ਸਰੋਕਾਰ,* ਜਲੰਧਰ: ਪੰਜ ਆਬ ਪ੍ਰਕਾਸ਼ਨ, 2013. ਪ੍ਰਿੰਟ

ਪਰਵਾਨਾ, ਬਲਬੀਰ, (ਸੰਪਾ.), *ਪੰਜਾਬ ਦੀ ਕਮਿਊਨਿਸਟ ਲਹਿਰ ਦਾ ਭਵਿੱਖ,* ਜਲੰਧਰ: ਪੰਜ ਆਬ ਪ੍ਰਕਾਸ਼ਨ,2014. ਪ੍ਰਿੰਟ

ਪਰਮਜੀਤ ਕੌਰ ਤੇ ਵਿਨੋਦ ਮਿੱਤਲ, *ਨਾਰੀਵਾਦ ਤੇ ਸਾਹਿਤ ਸਮੀਖਿਆ,* ਸਮਾਣਾ: ਆਬ ਪਬਲੀਕੇਸ਼ਨਜ਼, 2013. ਪ੍ਰਿੰਟ

ਪਾਂਢੀ, ਰੰਜਨਾ, ਬੂਟਾ ਸਿੰਘ (ਅਨੁ.), *ਪੰਜਾਬ ਦੇ ਖੇਤੀ ਸੰਕਟ ਦੀ ਕਹਾਣੀ ਔਰਤਾਂ ਦੀ ਆਪਣੀ ਜ਼ਬਾਨੀ,* ਬਰਨਾਲਾ: ਤਰਕਭਾਰਤੀ ਪ੍ਰਕਾਸ਼ਨ, 2012. ਪ੍ਰਿੰਟ

ਪ੍ਰਭਜੋਤ ਕੌਰ, *ਪੰਜਾਬੀ ਨਾਵਲੀ ਯਥਾਰਥ,* ਚੰਡੀਗੜ੍ਹ: ਲੋਕਗੀਤ ਪ੍ਰਕਾਸ਼ਨ, 2008. ਪ੍ਰਿੰਟ

ਫਾਸਟ, ਹਾਰਵਰਡ (ਅਨੁ.), *ਸਾਹਿਤ ਅਤੇ ਯਥਾਰਥ,* ਦਲਬੀਰ, ਚੰਡੀਗੜ੍ਹ: ਲੋਕਗੀਤ ਪ੍ਰਕਾਸ਼ਨ, 1985. ਪ੍ਰਿੰਟ

ਫਾਕਸ, ਰੈਲਫ (ਅਨੁ.), *ਨਾਵਲ ਅਤੇ ਲੋਕ ਜੀਵਨ,* ਗੁਰਦੀਪ, ਚੰਡੀਗੜ੍ਹ: ਲੋਕਾਇਤ ਪ੍ਰਕਾਸ਼ਨ, 1986. ਪ੍ਰਿੰਟ

ਬਰਾੜ, ਸੁਰਜੀਤ, *ਪੰਜਾਬੀ ਨਾਵਲ: ਸਮਾਜ ਸ਼ਾਸਤਰੀ ਪਰਿਪੇਖ,* ਲੁਧਿਆਣਾ: ਚੇਤਨਾ ਪ੍ਰਕਾਸ਼ਨ, 2005. ਪ੍ਰਿੰਟ

ਬਲਦੇਵ ਸਿੰਘ, *ਖਾਕੂ ਜੇਡੁ ਨ ਕੋਇ*, ਚੰਡੀਗੜ੍ਹ: ਲੋਕਗੀਤ ਪ੍ਰਕਾਸ਼ਨ, 2013. ਪ੍ਰਿੰਟ

ਬੀ. ਅਲੈਕਸੇਈ (ਡਾ.), *ਪੈਪਸੂ ਦੀ ਮੁਜ਼ਾਰਾ ਲਹਿਰ ਸੰਘਰਸ਼ ਦਾ ਇਤਿਹਾਸ*, ਸਮਾਣਾ: ਸੰਗਮ ਪਬਲੀਕੇਸ਼ਨਜ਼, 2013. ਪ੍ਰਿੰਟ

ਬੇਦੀ ਵਣਜਾਰਾ, ਸੋਹਿੰਦਰ ਸਿੰਘ, *ਪੰਜਾਬ ਦੀ ਲੋਕਧਾਰਾ,* ਦਿੱਲੀ: ਨੈਸ਼ਨਲ ਬੁੱਕ ਟਰੱਸਟ ਇੰਡੀਆ, 1999. ਪ੍ਰਿੰਟ

ਬਿਰਦੀ, ਮਹਿੰਦਰ ਸਿੰਘ, *ਮਾਲਵੇ ਦਾ ਲੋਕ ਸਾਹਿਤ ਇੱਕ ਆਲੋਚਨਾਤਮਕ ਅਧਿਐਨ,* ਪਟਿਆਲਾ: ਪੰਜਾਬੀ ਯੂਨੀਵਰਸਿਟੀ ਪਬਲੀਕੇਸ਼ਨ ਬਿਊਰੋ, 2000. ਪ੍ਰਿੰਟ

ਬਿਲਿੰਗ, ਅਵਤਾਰ ਸਿੰਘ, *ਨਿਰੰਜਣ ਮਸ਼ਾਲਚੀ,* ਅੰਮ੍ਰਿਤਸਰ: ਰਵੀ ਸਾਹਿਤ ਪ੍ਰਕਾਸ਼ਨ, 2010. ਪ੍ਰਿੰਟ

ਬਿਲਿੰਗ, ਅਵਤਾਰ ਸਿੰਘ, *ਦੀਵੇ ਜਗਦੇ ਰਹਿਣਗੇ*, ਚੰਡੀਗੜ੍ਹ: ਲੋਕਗੀਤ ਪ੍ਰਕਾਸ਼ਨ, 2011. ਪ੍ਰਿੰਟ

ਬੂਟਾ ਸਿੰਘ (ਸੰਪਾ.), *ਖੱਬੀ ਲਹਿਰ ਦੇ ਵਿਚਾਰਨ ਲਈ ਕੁੱਝ ਸਵਾਲ,* ਜਲੰਧਰ: ਪੰਜ ਆਬ ਪ੍ਰਕਾਸ਼ਨ, 2013. ਪ੍ਰਿੰਟ

ਭੀਮ ਇੰਦਰ ਸਿੰਘ (ਡਾ.), *ਮਾਰਕਸਵਾਦ ਨਵ-ਮਾਰਕਸਵਾਦ ਅਤੇ ਉਤਰ-ਆਧੁਨਿਕਤਾਵਾਦ,* ਬਰਨਾਲਾ: ਤਰਕਭਾਰਤੀ ਪ੍ਰਕਾਸ਼ਨ, 2004. ਪ੍ਰਿੰਟ

ਭੀਮ ਇੰਦਰ ਸਿੰਘ (ਡਾ.), *ਦਲਿਤ ਚਿੰਤਨ: ਮਾਰਕਸੀ ਪਰਿਪੇਖ,* ਜਲੰਧਰ: ਕੁਕਨੂਸ ਪ੍ਰਕਾਸ਼ਨ 2005. ਪ੍ਰਿੰਟ

ਭੱਠਲ, ਰਵਿੰਦਰ ਤੇ ਡਾ. ਸੁਖਦੇਵ ਸਿੰਘ (ਸੰਪਾ.), *ਮਾਰਕਸਵਾਦੀ ਸਾਹਿਤ ਚਿੰਤਨ ਸਮਕਾਲੀ ਸਰੋਕਾਰ,* ਲੁਧਿਆਣਾ: ਪੰਜਾਬੀ ਸਾਹਿਤ ਅਕਾਦਮੀ, 2003. ਪ੍ਰਿੰਟ

ਭੱਟੀ, ਸੁਰਜੀਤ, *ਵਾਦ ਚਿੰਤਨ,* ਲੁਧਿਆਣਾ: ਚੇਤਨਾ ਪ੍ਰਕਾਸ਼ਨ, 2010. ਪ੍ਰਿੰਟ

ਭੱਟੀ, ਸੁਰਜੀਤ, *ਵਿਸ਼ਵੀਕਰਨ ਅਤੇ ਸਾਹਿਤ ਚੇਤਨਾ,* ਲੁਧਿਆਣਾ: ਚੇਤਨਾ ਪ੍ਰਕਾਸ਼ਨ, 2011. ਪ੍ਰਿੰਟ

ਮਜੂਮਦਾਰ, ਆਰ. ਸੀ, ਰੇਚੌਧਰੀ, ਐਚ. ਸੀ., ਦੱਤ, ਕੇ. ਕੇ. (ਅਨੁ. ਸਤਿਬੀਰ ਸਿੰਘ), *ਭਾਰਤ ਦਾ ਬ੍ਰਿਹਤ ਇਤਿਹਾਸ,* ਪਟਿਆਲਾ: ਪੰਜਾਬੀ ਯੂਨੀਵਰਸਿਟੀ ਪਬਲੀਕੇਸ਼ਨ ਬਿਊਰੋ, 2000. ਪ੍ਰਿੰਟ

ਮਨਮੋਹਨ, *ਸੰਵਾਦਕੀ,* ਲੁਧਿਆਣਾ: ਚੇਤਨਾ ਪ੍ਰਕਾਸ਼ਨ, 2014. ਪ੍ਰਿੰਟ

ਮਨਜੀਤ ਸਿੰਘ (ਡਾ.), *ਵਿਸ਼ਵੀਕਰਨ: ਸਾਹਿਤਕ ਪ੍ਰਤਿ ਉੱਤਰ,* ਦਿੱਲੀ: ਆਰਸੀ ਪਬਲਿਸ਼ਰਜ਼, 2007.

ਮਾਦਪੁਰੀ, ਸੁਖਦੇਵ, *ਮਹਿਕ ਪੰਜਾਬ ਦੀ,* ਚੰਡੀਗੜ੍ਹ: ਲੋਕ ਗੀਤ ਪ੍ਰਕਾਸ਼ਨ, 2014. ਪ੍ਰਿੰਟ

ਮਾਨ, ਸਤਿੰਦਰ ਸਿੰਘ, *ਪੰਜਾਬ ਦੇ ਡਾਕੂਆਂ ਦੇ ਚਰਿੱਤਰ ਅਤੇ ਵਿਵਹਾਰ,* ਪਟਿਆਲਾ: ਸੰਗਮ ਪਬਲੀਕੇਸ਼ਨਜ਼, 2014. ਪ੍ਰਿੰਟ

ਰਜਨੀਸ਼ ਬਹਾਦਰ ਸਿੰਘ, *ਪੰਜਾਬੀ ਕਹਾਣੀ ਦੇ ਪਾਤਰ (ਵਿਧੀ ਤੇ ਵਿਹਾਰ),* ਲੁਧਿਆਣਾ: ਚੇਤਨਾ ਪ੍ਰਕਾਸ਼ਨ, 2013. ਪ੍ਰਿੰਟ

ਰਜਨੀਸ਼ ਬਹਾਦਰ ਸਿੰਘ, *ਅਜੋਕੀ ਪੰਜਾਬੀ ਕਹਾਣੀ: ਕਥਾ ਪ੍ਰਵਚਨ,* ਲੁਧਿਆਣਾ: ਚੇਤਨਾ ਪ੍ਰਕਾਸ਼ਨ, 2014. ਪ੍ਰਿੰਟ

ਰਣਜੀਤ ਸਿੰਘ, *ਪੰਜਾਬੀ ਕਿਸਾਨ: ਜੀਵਨ ਤੇ ਸਭਿਆਚਾਰ,* ਪਟਿਆਲਾ: ਪੰਜਾਬੀ ਯੂਨੀਵਰਸਿਟੀ ਪਬਲੀਕੇਸ਼ਨ ਬਿਊਰੋ, 1991. ਪ੍ਰਿੰਟ

ਰਵੀ, ਰਵਿੰਦਰ, *ਵਿਰਸਾ ਤੇ ਵਰਤਮਾਨ,* ਚੰਡੀਗੜ੍ਹ: ਪੰਜਾਬ ਪ੍ਰਕਾਸ਼ਨ, 1986. ਪ੍ਰਿੰਟ

ਰਾਹੀਂ, ਜੋਗਿੰਦਰ ਸਿੰਘ, *ਮਸਲੇ ਗਲਪ ਦੇ,* ਅੰਮ੍ਰਿਤਸਰ: ਨਾਨਕ ਸਿੰਘ ਪੁਸਤਕਮਾਲਾ, 2004. ਪ੍ਰਿੰਟ

ਰੰਧਾਵਾ, ਮਹਿੰਦਰ ਸਿੰਘ, *ਰਾਖ 'ਚੋਂ ਉੱਗੇ,* ਲੁਧਿਆਣਾ: ਚੇਤਨਾ ਪ੍ਰਕਾਸ਼ਨ, 2012. ਪ੍ਰਿੰਟ

ਵਿਨੋਦ, ਟੀ. ਆਰ, *ਪੰਜ ਨਾਵਲ-ਇੱਕ ਮੁਲਾਂਕਣ,* ਅੰਮ੍ਰਿਤਸਰ: ਰਵੀ ਸਾਹਿਤ ਪ੍ਰਕਾਸ਼ਨ, 1982. ਪ੍ਰਿੰਟ

ਵਿਨੋਦ, ਟੀ. ਆਰ, *ਸੰਸਕ੍ਰਿਤੀ ਅਤੇ ਪੰਜਾਬੀ ਸੰਸਕ੍ਰਿਤੀ,* ਸਰਹਿੰਦ: ਲੋਕਗੀਤ ਪ੍ਰਕਾਸ਼ਨ, 1991. ਪ੍ਰਿੰਟ

ਵਿਨੋਦ, ਟੀ. ਆਰ, *ਆਓ ਨਾਵਲ ਪੜ੍ਹੀਏ,* ਲੁਧਿਆਣਾ: ਚੇਤਨਾ ਪ੍ਰਕਾਸ਼ਨ, 1999. ਪ੍ਰਿੰਟ

ਵਿਨੋਦ, ਟੀ. ਆਰ, *ਨਾਵਲ ਆਲੋਚਨਾ ਸ਼ਬਦਾਵਲੀ ਕੋਸ਼,* ਪਟਿਆਲਾ: ਪੰਜਾਬੀ ਯੂਨੀਵਰਸਿਟੀ ਪਬਲੀਕੇਸ਼ਨ ਬਿਊਰੋ, 1999. ਪ੍ਰਿੰਟ

ਵਿਨੋਦ, ਟੀ. ਆਰ, *ਸੰਸਕ੍ਰਿਤੀ ਸਿਧਾਂਤ ਅਤੇ ਵਿਹਾਰ,* ਚੰਡੀਗੜ੍ਹ, ਲੋਕਗੀਤ ਪ੍ਰਕਾਸ਼ਨ, 2004. ਪ੍ਰਿੰਟ

ਵਿਨੋਦ, ਟੀ. ਆਰ, *ਪੰਜਾਬੀ ਆਲੋਚਨਾ ਸ਼ਾਸਤਰ,* ਲੁਧਿਆਣਾ: ਚੇਤਨਾ ਪ੍ਰਕਾਸ਼ਨ, 2007. ਪ੍ਰਿੰਟ

ਵੀਰਪਾਲ ਕੌਰ (ਡਾ.), *ਨਾਵਲ ਦਾ ਭਾਸ਼ਾਈ ਅਧਿਐਨ (ਜਸਵੰਤ ਸਿੰਘ ਕੰਵਲ, ਗੁਰਦਿਆਲ ਸਿੰਘ ਅਤੇ ਦਲੀਪ ਕੌਰ ਟਿਵਾਣਾ ਦੇ ਪ੍ਰਸੰਗ ਵਿੱਚ),* ਲੁਧਿਆਣਾ: ਚੇਤਨਾ ਪ੍ਰਕਾਸ਼ਨ, 2015. ਪ੍ਰਿੰਟ

## ਅੰਗਰੇਜ਼ੀ ਪੁਸਤਕ

Fast , Howard, *Literature and Reality,* New Delhi: people's Publishing House, 1995.print

Hari Singh (Master): *Agriculture Worker's Sturggle in Punjab,* New Delhi:

people's Publishing House, 1980.print

Ahlawat, S.R, *Green Revolution and Agricultural Labour*, New Delhi: Deep & Deep publication, 1960. print

## ਹਿੰਦੀ ਪੁਸਤਕਾਂ

ਗੁਪਤ, ਗਿਆਨ ਚੰਦ, *ਆਂਚਲਿਕ ਉਪਨਿਆਸ ਸੰਵੇਦਨਾ ਔਰ ਸ਼ਿਲਪ,* ਦਿੱਲੀ: ਅਭਿਨਵ ਪ੍ਰਕਾਸ਼ਨ, 1975. ਪ੍ਰਿੰਟ

ਗੁਪਤਾ, ਵੀ.ਡੀ. (ਸੰਪਾ.), *ਸਾਹਿੱਤਯ ਸਮਾਜ ਸ਼ਾਸਤ੍ਰੀਯ ਸੰਦਰਭ,* ਹਾਥਰਸ: ਸੀਤਾ ਪ੍ਰਕਾਸ਼ਨ, 1987. ਪ੍ਰਿੰਟ

ਜੈਨ, ਨਿਰਮਲ (ਸੰਪਾ.), *ਸਾਹਿਤੱਯ ਕਾ ਸਮਾਜ-ਸ਼ਾਸਤ੍ਰੀਯ ਚਿੰਤਨ,* ਦਿੱਲੀ: ਹਿੰਦੀ ਮਾਧਿਅਮ ਕਾਰਯਾਲ ਨਿਰਦੇਸ਼ਾਲਯ, 1992. ਪ੍ਰਿੰਟ

ਫੌਸਟਰ. ਈ. ਐਮ., *ਉਪਨਯਾਸ ਕੇ ਪਰਸ਼,* ਜਯਪੁਰ: ਰਾਜਸਥਾਨ ਹਿੰਦੀ ਗ੍ਰੰਥ ਅਕਾਦਮੀ, 1982. ਪ੍ਰਿੰਟ

## ਸੰਦਰਭ ਗ੍ਰੰਥ

ਨਾਭਾ, ਭਾਈ ਕਾਨ੍ਹ ਸਿੰਘ, *ਗੁਰ ਸ਼ਬਦ ਰਤਨਾਕਰ ਮਹਾਨਕੋਸ਼,* ਪਟਿਆਲਾ: ਭਾਸ਼ਾ ਵਿਭਾਗ, 1981. ਪ੍ਰਿੰਟ

ਨਾਭਾ, ਭਾਈ ਕਾਨ੍ਹ ਸਿੰਘ, *ਮਹਾਨ ਕੋਸ਼,* ਦਿੱਲੀ: ਨੈਸ਼ਨਲ ਬੁੱਕ ਸ਼ਾਪ, 2000. ਪ੍ਰਿੰਟ

## ਮੈਗਜ਼ੀਨ

*ਅਜੋਕੇ ਸ਼ਿਲਾਲੇਖ,* ਮਾਰਚ-ਅਪ੍ਰੈਲ 2016. ਪ੍ਰਿੰਟ

*ਸੰਵਾਦ,* ਜਨਵਰੀ-ਜੂਨ, 2016. ਪ੍ਰਿੰਟ

*ਸ਼ਬਦ-74*, ਅਪ੍ਰੈਲ-ਜੂਨ, 2016. ਪ੍ਰਿੰਟ

*ਸਿਰਜਣਾ-171,* ਜਨਵਰੀ-ਮਾਰਚ 2016. ਪ੍ਰਿੰਟ

*ਸਿਰਜਣਾ,* ਜਨਵਰੀ-ਮਾਰਚ 2016. ਪ੍ਰਿੰਟ

*ਹਾਸ਼ੀਆ ਲੋਕ,* ਜੁਲਾਈ 13-ਮਾਰਚ 14. ਪ੍ਰਿੰਟ

*ਕਹਾਣੀ ਧਾਰਾ,* ਅਪ੍ਰੈਲ-ਜੂਨ, 2015,  ਅਕਤੂਬਰ-ਦਸੰਬਰ, 2016. ਪ੍ਰਿੰਟ

*ਖੇਤੀ ਦੁਨੀਆ,* 30 ਨਵੰਬਰ 2013. ਪ੍ਰਿੰਟ

*ਪ੍ਰਤਿਮਾਨ,* ਅਕਤੂਬਰ-ਦਸੰਬਰ 2015, ਜੂਨ-ਜੁਲਾਈ 2016. ਪ੍ਰਿੰਟ

*ਪ੍ਰਵਚਨ,* ਜਨਵਰੀ-ਮਾਰਚ 2016. ਪ੍ਰਿੰਟ

### ਅਖ਼ਬਾਰ

*ਐਤਵਾਰਤਾ,* ਨਵਾਂ ਜ਼ਮਾਨਾ: ਜਲੰਧਰ, ਜੁਲਾਈ 28.2013, ਦਸੰਬਰ 21.2014, ਅਪ੍ਰੈਲ 19.2015, ਮਾਰਚ 25.2016. ਪ੍ਰਿੰਟ

*ਰੋਜ਼ਾਨਾ ਅਜੀਤ,* ਜਲੰਧਰ, ਜਨਵਰੀ 28.2015, ਫਰਵਰੀ, 11.2016. ਪ੍ਰਿੰਟ

*ਪੰਜਾਬੀ ਟ੍ਰਿਬਿਊਨ,* ਚੰਡੀਗੜ੍ਹ, ਮਾਰਚ 13.2014, ਮਈ 25.2015, ਅਗਸਤ 16.2015. ਪ੍ਰਿੰਟ

### ਮੁਲਾਕਾਤ

*ਅਵਤਾਰ ਬਿਲਿੰਗ।*

*ਸਿਮਰਨ ਕੰਗ ਸਿੱਧੂ,* ਅਰਥ-ਸ਼ਾਸਤਰ ਵਿਭਾਗ, ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ।

*ਸੁਖਦੇਵ ਸਿੰਘ*, ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ।

*ਸੁਖਪਾਲ ਸਿੰਘ,* ਅਰਥ-ਸ਼ਾਸਤਰ ਵਿਭਾਗ, ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ।

*ਗਿਆਨ ਸਿੰਘ,* ਅਰਥ-ਸ਼ਾਸਤਰ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

*ਨੇਤਰ ਸਿੰਘ ਇਕੋਲਾਹੀ*, ਭਾਰਤੀ ਕਿਸਾਨ ਯੂਨੀਅਨ।

*ਪਾਲਾ ਰਾਜੇਵਾਲ,* ਭਾਰਤੀ ਕਿਸਾਨ ਯੂਨੀਅਨ।

*ਬਲਬੀਰ ਪਰਵਾਨਾ* ।

*ਰਜਨੀਸ਼ ਬਹਾਦਰ ਸਿੰਘ* ।

*ਰਣਜੀਤ ਸਿੰਘ ਚੌਹਾਨ*, ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ।

### ਸ਼ੋਧ-ਪ੍ਰਬੰਧ

ਇੰਦਰਜੀਤ ਸਿੰਘ, *ਪੰਜਾਬੀ ਕਿਰਸਾਨੀ ਨਾਲ ਸੰਬੰਧਿਤ ਤਿਉਹਾਰਾਂ ਦਾ ਮਾਨਵ ਵਿਗਿਆਨਕ ਅਧਿਐਨ,* ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1988. ਪ੍ਰਿੰਟ

ਹਰਜੀਤ ਕੌਰ, *ਪੰਜਾਬੀ ਨਾਵਲ ਵਿਚ ਕਿਸਾਨੀ ਸੰਕਟ ਦਾ ਪ੍ਰਗਟਾਅ (1960-1999),* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2005. ਪ੍ਰਿੰਟ

ਕੁਲਵੰਤ ਸਿੰਘ, *ਪੰਜਾਬੀ ਨਾਵਲ ਵਿੱਚ ਕਿਸਾਨੀ ਜੀਵਨ,* ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1990. ਪ੍ਰਿੰਟ

ਗੁਰਦੀਪ ਕੌਰ, *ਪੰਜਾਬੀ ਨਾਵਲ ਵਿੱਚ ਕਿਰਸਾਨੀ ਸਮਾਜ (ਗੁਰਦਿਆਲ ਸਿੰਘ ਤੇ ਕਰਮਜੀਤ ਸਿੰਘ ਕੁੱਸਾ ਦੇ ਨਾਵਲਾਂ ਦੇ ਸੰਦਰਭ ਵਿੱਚ),* ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 2005. ਪ੍ਰਿੰਟ

ਪ੍ਰਭਜੀਤ ਕੌਰ, *ਰਾਮ ਸਰੂਪ ਅਣਖੀ ਦੇ ਨਾਵਲਾਂ ਵਿੱਚ ਪੇਸ਼ ਕਿਸਾਨੀ ਦਾ ਸਮਾਜ ਇਤਿਹਾਸਮੂਲਕ ਅਧਿਐਨ,* ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, 1992. ਪ੍ਰਿੰਟ

## ਖੋਜ ਨਿਬੰਧ

ਮਨਪ੍ਰੀਤ ਕੌਰ, *ਬਲਬੀਰ ਪਰਵਾਨਾ ਦੇ ਨਾਵਲ 'ਅੰਬਰ ਵੱਲ ਉਡਾਣ' ਦੇ ਮੂਲ ਸਰੋਕਾਰ*, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 2014. ਪ੍ਰਿੰਟ

ਮੋਹਨ ਸਿੰਘ, *ਪੰਜਾਬੀ ਨਾਵਲ ਵਿੱਚ ਨਵੇਂ ਪ੍ਰਯੋਗ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1985. ਪ੍ਰਿੰਟ

## WEBSITES

- http://www.apnaorg.com
- http://panjabialochana.com

, , , , ,